
ਕਰਕ ਕਲੇਜੇ ਮਾਹਿ



ਗਿ. ਭਜਨ ਸਿੰਘ

ਇਹ ਨਾਵਲ ਅਠ੍ਹਾਰਵੀਂ ਸਦੀ ਦੇ ਸਿਖ ਇਤਿਹਾਸ ਦੇ ਮੁੱਢਲੇ ਚਾਰ ਦਹਾਕਿਆਂ ਦੇ ਲਹੂ-ਵੀਟਵੇਂ ਇਤਿਹਾਸ ਨੂੰ ਚਿਤਰਨ ਦਾ ਇਕ ਨਿਵੇਕਲਾ ਉੱਦਮ ਹੈ। ਇਹ ਨਾਵਲ ਇਤਿਹਾਸ ਦੇ ਉਨ੍ਹਾਂ ਵੇਰਵਿਆਂ ਨੂੰ ਚਿਤਰਦਾ ਹੈ, ਜੋ ਇਤਿਹਾਸ-ਰਚਨਾਵਾਂ ਵਿਚ ਉਪਲਬਧ ਨਹੀਂ ਹੁੰਦੇ। ਇਸ ਨਾਵਲੀ ਬਿਰਤਾਂਤ ਵਿਚ ਕੋਮਲ ਅਹਿਸਾਸ ਹਨ, ਜਜ਼ਬੇ ਹਨ, ਜੋਸ਼ ਹੈ, ਕੁਰਬਾਨੀ ਹੈ; ਪਰ ਸਭ ਤੋਂ ਵੱਧ ਅਹਿਮ ਗੱਲ, ਸੰਕਟ-ਗ੍ਰਸਤ ਸਥਿਤੀਆਂ ਵਿਚੋਂ ਬਾਹਰ ਨਿਕਲਣ ਲਈ ਗੰਭੀਰ ਤੇ ਸੂਝਮਈ ਅੰਤਰ-ਦ੍ਰਿਸ਼ਟੀ ਹੈ।

ਇਸ ਰਚਨਾ ਦਾ ਗਾਲਪਨਿਕ ਸੱਚ ਅਜੋਕੇ ਸਿਖ ਸੰਕਟ ਦੀ ਤ੍ਰਾਸਮਈ ਸਥਿਤੀ ਦੇ ਯਥਾਰਥ ਨਾਲ ਵੀ ਕਾਫ਼ੀ ਮੇਲ ਖਾਂਦਾ ਹੈ। ਕਈ ਵੇਰ ਤਾਂ ਇੰਜ ਜਾਪਦਾ ਹੈ ਕਿ ਅਤੀਤ ਦੀਆਂ ਇਹ ਸੰਕਟ-ਸਥਿਤੀਆਂ ਅਜੋਕੇ ਸੰਕਟਮਈ ਕਾਲ ਵਿਚ ਵੀ ਉਸੇ ਤਰ੍ਹਾਂ ਵਿਦਮਾਨ ਹਨ। ਰਚਨਾ ਦੇ ਆਰ-ਪਾਰ ਫੈਲਿਆ ਤਨਾਓ ਇਸ ਨੂੰ ਵਧੀਆ ਗਲਪ-ਰਚਨਾ ਬਣਾਉਂਦਾ ਹੈ। ਨਾਇਕ (ਕਰਮ ਸਿੰਘ) ਦੀ ਤਿਖੇਰੀ ਸੂਝ ਤੇ ਹਰ ਸੰਕਟ-ਸਥਿਤੀ ਵਿਚ ਯੋਗ ਤੇ ਤਰਕ-ਯੁਕਤ ਫੈਸਲੇ ਲੈਣ ਦੀ ਯੋਗਤਾ ਅਜੋਕੇ ਸਿਖ ਸੰਕਟ ਦੌਰਾਨ ਕਿਸੇ ਸੂਝਵਾਨ ਨੇਤਾ ਦੀ ਜ਼ਰੂਰਤ ਦੇ ਅਹਿਸਾਸ ਨੂੰ ਹੋਰ ਤਿਖੇਰਾ ਕਰਦੀ ਹੈ।

ਡਾ. ਭਜਨ ਸਿੰਘ ਗਿਆਨੀ

ਪਿਤਾ	: ਸ: ਰਵੇਲ ਸਿੰਘ ਘਈ
ਜਨਮ	: 14 ਫ਼ਰਵਰੀ, 1934
ਜਨਮ-ਸਥਾਨ	: ਪਿੰਨਨਵਾਲ, ਜ਼ਿਲ੍ਹਾ ਜਿਹਲਮ (ਪਾਕਿਸਤਾਨ)
ਵਿਦਿਆ	: ਐਮ.ਏ., ਪੀ-ਐਚ.ਡੀ.
ਕਾਰਜ-ਖੇਤਰ	: ਪੱਤਰਕਾਰੀ, ਸਾਹਿਤ-ਰਚਨਾ, ਅਧਿਆਪਨ
ਹੁਣ ਤਕ ਛਪੀਆਂ ਪੁਸਤਕਾਂ	: 34
ਇਤਿਹਾਸਕ ਨਾਵਲ	: ਅਸੀਂ ਦੂਣ ਸਵਾਏ ਹੋਇ, ਯਾਰੜੇ ਦਾ ਸੱਥਰ, ਗਗਨ ਦਮਾਮਾ ਬਾਜਿਓ, ਸੂਹੀਆ, ਮਰਜੀਵੜਾ, ਚੜ੍ਹਦੀ ਕਲਾ, ਸੂਰਮਾ, ਬਲੀਦਾਨ, ਸੂਰਾ ਸੋ ਪਹਿਚਾਨੀਐ, ਆਦਿ।
ਸਮਾਜਿਕ ਨਾਵਲ	: ਕੰਧ ਓਹਲੇ, ਪੀਡੀ ਗੰਢ।
ਇਤਿਹਾਸ	: ਸਾਡੇ ਸ਼ਹੀਦ, ਸਾਡੇ ਜਰਨੈਲ, ਅਨੋਖਾ ਇਤਿਹਾਸ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਜਗਤ ਗੁਰ ਬਾਬਾ, ਸ੍ਰੀ ਹਰਿਮੰਦਰ ਸਾਹਿਬ, ਭਾਰਤ ਪਾਕਿਸਤਾਨ ਜੰਗ।
ਸਫ਼ਰਨਾਮਾ	: ਮੇਰੀ ਵਿਦੇਸ਼ ਯਾਤਰਾ।
ਸਾਹਿਤਕ ਅਧਿਐਨ	: ਬਾਵਨ ਅੱਖਰੀ
ਫ਼ਿਲਮਾਂ ਦੀਆਂ ਕਹਾਣੀਆਂ	: ਸਵਾ ਲਾਖ ਸੇ ਏਕ ਲੜਾਊਂ, ਸਭ ਤੋਂ ਵੱਡਾ ਸਤਿਗੁਰ ਨਾਨਕ, ਹਿੰਦ ਦੀ ਚਾਦਰ–ਗੁਰੂ ਤੇਗ ਬਹਾਦਰ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ।
ਸਨਮਾਨ	: • ਸ਼੍ਰੋਮਣੀ ਪੱਤਰਕਾਰ ਪੰਜਾਬ (1981) • ਸ਼੍ਰੋਮਣੀ ਪੱਤਰਕਾਰ ਦਿੱਲੀ (1988) • ਆਨਰੇਰੀ ਸਿਟੀਜ਼ਨਸ਼ਿਪ ਸੁਸਿੱਟੀ, ਆਇਓਵਾ, ਅਮਰੀਕਾ।

ਕਰਕ ਕਲੇਜੇ ਮਾਹਿ

ਗਿਆਨੀ ਭਜਨ ਸਿੰਘ

ਸਿੰਘ ਬ੍ਰਦਰਜ਼

ਅੰਮ੍ਰਿਤਸਰ

KARAK KALEJE MAHE

A Novel based on Sikh History

by

GIANI BHAJAN SINGH

ISBN 81-7205-032-1

ਪਹਿਲੀ ਵਾਰ ਜੁਲਾਈ 1991
ਦੂਜੀ ਵਾਰ ਫ਼ਰਵਰੀ 1997

ਮੁੱਲ : 150-00

ਪ੍ਰਕਾਸ਼ਕ :
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਟਾਈਪ-ਸੈੱਟਰ :
ਕੇ.ਜੀ. ਗ੍ਰਾਫ਼ਿਕਸ, 98-ਸਿਟੀ ਸੈਂਟਰ, ਅੰਮ੍ਰਿਤਸਰ

ਪ੍ਰਿੰਟਰ :
ਪ੍ਰਿੰਟਵੈੱਲ, 146-ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

ਮੇਰਾ ਇਹ ਨਾਵਲ

1974 ਦੀ ਗੱਲ ਹੈ, ਇਕ ਦਿਨ ਮੈਂ ਜਲੰਧਰ ਆਪਣੇ ਘਰ ਬੈਠਾ ਸਵੇਰੇ ਅਖ਼ਬਾਰ ਪੜ੍ਹ ਰਿਹਾ ਸਾਂ, ਜਦੋਂ ਅਚਾਨਕ ਦਾਰਾ ਸਿੰਘ (ਪਹਿਲਵਾਨ ਤੇ ਫ਼ਿਲਮ ਸਟਾਰ) ਮੇਰੇ ਇਕ ਮਿੱਤਰ ਨੂੰ ਲੈ ਕੇ ਆ ਗਿਆ। ਉਹਦੇ ਹੱਥ ਵਿਚ ਮੇਰਾ ਇਕ ਨਾਵਲ *ਗਗਨ ਦਮਾਮਾ ਬਾਜਿਓ* ਸੀ, ਜੋ ਉਨ੍ਹਾਂ ਦਿਨਾਂ ਵਿਚ ਮੈਟ੍ਰਿਕ ਦੇ ਕੋਰਸ ਵਿਚ ਲੱਗਾ ਹੋਇਆ ਸੀ। ਦਾਰਾ ਸਿੰਘ ਨੇ ਬੈਠਦਿਆਂ ਤੁਰਤ ਆਉਣ ਦਾ ਮਨੋਰਥ ਦੱਸ ਦਿੱਤਾ ਤੇ ਪੁਛਿਆ ਕਿ ਕੀ ਮੈਂ ਇਸ ਨਾਵਲ ਦੇ ਆਧਾਰ 'ਤੇ ਫ਼ਿਲਮ ਬਣਾਉਣ ਦੀ ਆਗਿਆ ਦੇ ਸਕਦਾ ਹਾਂ ? ਮੈਨੂੰ ਹੋਰ ਕੀ ਚਾਹੀਦਾ ਸੀ ? ਤੁਰਤ ਪ੍ਰਵਾਨਗੀ ਦੇ ਦਿੱਤੀ ਪਰ ਪ੍ਰਸ਼ਨ ਕੀਤਾ ਕਿ ਤੁਹਾਨੂੰ ਇਹ ਨਾਵਲ ਕਿਥੋਂ ਮਿਲਿਆ ਤੇ ਕਿਉਂ ਪਸੰਦ ਆਇਆ ? ਦਾਰਾ ਸਿੰਘ ਦਾ ਉੱਤਰ ਸੀ ਕਿ ਉਹ ਸਿਖ ਇਤਿਹਾਸ ਤੇ ਪੰਜਾਬ ਦੇ ਲੋਕ-ਜੀਵਨ-ਵਿਕਾਸ ਨੂੰ ਵਰਣਨ ਕਰਨ ਵਾਲੀ ਕਿਸੇ ਕਹਾਣੀ ਦੀ ਭਾਲ ਵਿਚ ਸੀ। ਉਹਨੇ ਕਈ ਇਤਿਹਾਸਕ ਨਾਵਲ ਅਖਵਾਉਂਦੀਆਂ ਰਚਨਾਵਾਂ ਪੜ੍ਹੀਆਂ ਪਰ ਉਨ੍ਹਾਂ ਵਿਚੋਂ ਜਾਂ ਤਾਂ ਸਿੱਧੀ ਇਤਿਹਾਸਕ ਸਮੱਗਰੀ ਨਹੀਂ ਮਿਲੀ ਤੇ ਜਾਂ ਫਿਰ ਉਹਨਾਂ ਵਿਚ ਗਲਪ ਸਾਹਿਤਕ ਰੂਪ ਦੀ ਅਣਹੋਂਦ ਸੀ। ਉਹਦੀ ਲੋੜ ਤੇ ਕਸਵੱਟੀ 'ਤੇ *ਗਗਨ ਦਮਾਮਾ ਬਾਜਿਓ* ਹੀ ਪੂਰਾ ਉਤਰਿਆ ਹੈ। ਉਹਨੇ ਫ਼ਿਲਮ ਦਾ ਨਾਮ ਪਹਿਲਾਂ *ਰਾਜ ਕਰੇਗਾ ਖ਼ਾਲਸਾ* ਤਜਵੀਜ਼ ਕੀਤਾ ਪਰ ਸੈਂਸਰ ਬੋਰਡ ਨੇ ਇਸ ਨਾਮ ਦੀ ਪ੍ਰਵਾਨਗੀ ਨਾ ਦਿੱਤੀ। ਇਸ ਲਈ ਫ਼ਿਲਮ ਦਾ ਨਾਮ *ਸਵਾ ਲਾਖ ਸੇ ਏਕ ਲੜਾਊਂ* ਰੱਖਿਆ ਗਿਆ।

ਦਾਰਾ ਸਿੰਘ ਨੇ ਇੱਛਾ ਪ੍ਰਗਟ ਕੀਤੀ ਕਿ ਉਹ ਤਿੰਨ ਸੌ ਸਾਲ ਦੇ ਸਿਖ ਇਤਿਹਾਸ ਨੂੰ ਫ਼ਿਲਮ ਦੇ ਮਾਧਿਅਮ ਰਾਹੀਂ ਰੂਪਮਾਨ ਕਰਨਾ ਚਾਹੁੰਦਾ ਹੈ, ਇਸ ਲਈ ਉਹਦਾ ਸੁਝਾਅ ਸੀ ਕਿ ਮੈਂ ਤਿੰਨ ਸੌ ਸਾਲ ਦੇ ਇਤਿਹਾਸ, ਇਸ ਸਮੇਂ ਦੇ ਪੰਜਾਬੀ ਲੋਕ-ਜੀਵਨ ਦੇ ਵਿਕਾਸ, ਲੋਕ-ਸੰਘਰਸ਼ ਦੀਆਂ ਪ੍ਰਾਪਤੀਆਂ ਤੇ ਤਰੁੱਟੀਆਂ, ਪੰਜਾਬੀ ਜੀਵਨ ਦੀ ਵਿਲੱਖਣਤਾ ਤੇ ਸੁਭਾਅ ਨੂੰ ਵਰਣਨ ਕਰਨ ਵਾਲੇ ਨਾਵਲ ਲਿਖਾਂ। ਮੈਂ ਉਸ ਸਮੇਂ ਤਕ 18 ਇਤਿਹਾਸਕ ਤੇ ਦੋ ਸਮਾਜਕ ਨਾਵਲ ਲਿਖ ਚੁੱਕਿਆ ਸਾਂ ਪਰ ਉਹਨਾਂ ਵਿਚੋਂ ਕੁਝ ਅਠਾਰ੍ਹਵੀਂ ਸਦੀ, ਕੁਝ ਉਨੀਵੀਂ ਸਦੀ ਤੇ ਕੁਝ ਵੀਹਵੀਂ ਸਦੀ ਦੇ ਇਤਿਹਾਸ ਨੂੰ ਪਿੱਠ-ਭੂਮੀ ਵਿਚ ਰੱਖ ਕੇ ਲਿਖੇ ਗਏ ਸਨ ਜੋ ਤਿੰਨ ਸੌ ਸਾਲ ਦੇ ਸਮਾਜਕ, ਇਤਿਹਾਸਕ ਤੇ ਆਰਥਕ ਵਿਕਾਸ ਨੂੰ ਲੜੀਵਾਰ ਬਿਆਨ ਨਹੀਂ ਸਨ ਕਰਦੇ। ਦਾਰਾ ਸਿੰਘ ਦਾ ਪ੍ਰਾਜੈਕਟ ਤਾਂ ਹੋਰ ਕਈ ਕਾਰਨਾਂ ਕਰਕੇ ਅਗੇ ਨਾ ਵਧ ਸਕਿਆ ਪਰ ਮੇਰੇ ਮਨ ਵਿਚ ਉਹਦਾ ਸੁਝਾਅ ਘਰ ਕਰ ਗਿਆ।

14 ਸਾਲ ਇਸ ਗੱਲ ਨੂੰ ਬੀਤ ਗਏ। ਅਕਤੂਬਰ 1988 ਨੂੰ ਰੋਜ਼ਾਨਾ 'ਅਜੀਤ' ਦੇ ਮੈਨੇਜਿੰਗ ਐਡੀਟਰ ਸ. ਬਰਜਿੰਦਰ ਸਿੰਘ ਦੀ ਇਕ ਚਿੱਠੀ ਮੈਨੂੰ ਮਿਲੀ, ਜਿਸ ਵਿਚ ਲਿਖਿਆ ਸੀ—"ਮੇਰੀ ਇੱਛਾ ਹੈ ਕਿ ਅਸੀਂ ਤੁਹਾਡਾ ਕੋਈ ਇਤਿਹਾਸਕ ਨਾਵਲ (ਸਿਖ ਇਤਿਹਾਸ ਸੰਬੰਧੀ)

'ਅਜੀਤ' ਵਿਚ ਲੜੀਵਾਰ ਛਾਪਣਾ ਸ਼ੁਰੂ ਕਰੀਏ। ਜੇਕਰ ਤੁਸੀਂ ਕੋਈ ਨਵਾਂ ਨਾਵਲ ਲਿਖਿਆ ਹੋਵੇ ਜਾਂ ਲਿਖਣ ਦੀ ਯੋਜਨਾ ਹੋਵੇ ਤਾਂ ਸਾਨੂੰ ਸੂਚਿਤ ਕਰੋ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਬਾਰੇ ਤੁਹਾਡੀ ਲੇਖ ਲੜੀ ਪੂਰੀ ਹੋਣ ਤੋਂ ਬਾਅਦ ਇਸ ਨੂੰ 'ਅਜੀਤ' ਦੇ 'ਧਰਮ ਤੇ ਵਿਰਸਾ ਅੰਕ' ਵਿਚ ਛਾਪਣ ਬਾਰੇ ਯੋਜਨਾ ਬਣਾ ਲਵਾਂਗੇ।"

ਇਹ ਸੱਚ ਹੈ ਕਿ ਭਾਵੇਂ 1957 ਤੋਂ 1974 ਤਕ ਮੈਂ 20 ਨਾਵਲ ਲਿਖ ਲਏ ਪਰ ਅਗਲੇ 14 ਸਾਲਾਂ ਵਿਚ ਇਕ ਵੀ ਨਾਵਲ ਨਹੀਂ ਸੀ ਲਿਖ ਸਕਿਆ। ਮੇਰਾ ਬਹੁਤਾ ਝੁਕਾਅ ਇਨ੍ਹਾਂ ਸਾਲਾਂ ਵਿਚ ਪੱਤਰਕਾਰੀ ਦੇ ਖੇਤਰ ਵਿਚ ਜਾਂ ਇਤਿਹਾਸ ਲਿਖਣ ਵਲ ਵਧੇਰੇ ਰਿਹਾ ਹੈ। ਸ. ਬਰਜਿੰਦਰ ਸਿੰਘ ਦੀ ਪ੍ਰੇਰਨਾ ਤੇ ਸੁਝਾਅ ਨੇ ਮੁੜ ਦਾਰਾ ਸਿੰਘ ਦੀ ਰਾਏ ਨੂੰ ਪਰਬਲ ਕਰ ਦਿੱਤਾ। ਮੈਂ ਫ਼ੈਸਲਾ ਕਰ ਲਿਆ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਖ਼ਾਲਸਾ ਪੰਥ ਦੀ ਸਾਜਨਾ ਤੋਂ ਲੈ ਕੇ ਤਿੰਨ ਸੌ ਸਾਲ ਦੇ ਇਤਿਹਾਸ ਨੂੰ ਪਿਛੋਕੜ ਵਿਚ ਰੱਖ ਕੇ ਪੰਜਾਬੀ ਜੀਵਨ ਦੇ ਵਿਕਾਸ, ਸੋਚਣੀ, ਰਸਮੋ-ਰਿਵਾਜ ਤੇ ਉਹਨਾਂ ਪੱਖਾਂ ਨੂੰ ਗਲਪ ਦਾ ਰੂਪ ਦੇਣਾ ਹੈ, ਜਿਨ੍ਹਾਂ 'ਤੇ ਇਤਿਹਾਸ ਚਾਨਣਾ ਨਹੀਂ ਪਾਂਦਾ, ਪਰ ਇਤਿਹਾਸ ਬਣਾਉਣ ਵਿਚ ਜਿਹੜੇ ਜੀਵਨ ਦਾ ਯੋਗਦਾਨ ਮਹੱਤਵਪੂਰਨ ਹੈ। ਇਉਂ *ਕਰਕ ਕਲੇਜੇ ਮਾਹਿ* ਨਾਵਲ ਦੀ ਰਚਨਾ ਸ਼ੁਰੂ ਹੋਈ।

ਬਚਪਨ ਤੋਂ ਮੈਂ ਇਤਿਹਾਸ ਪੜ੍ਹਨ ਤੇ ਸਮਝਣ ਦੀ ਰੁਚੀ ਰੱਖਦਾ ਹਾਂ। ਜਦ ਵੀ ਕਿਸੇ ਸਿਖ ਵਿਰੋਧੀ ਦਾ ਲਿਖਿਆ ਗ਼ਲਤ ਇਤਿਹਾਸ ਘਟਨਾਵਾਂ ਜਾਂ ਵੇਰਵਾ ਮੇਰੇ ਸਾਹਮਣੇ ਆਇਆ ਤਾਂ ਝਟ ਮੇਰੇ ਮਨ ਵਿਚ ਪ੍ਰਸ਼ਨ ਚਿੰਨ੍ਹ ਉਠ ਪਏ। ਇਤਿਹਾਸਕਾਰ ਜਿਥੇ ਚੁੱਪ ਹੋ ਜਾਂਦੇ ਨੇ, ਉਥੇ ਵੀ ਮੈਂ ਬੇਚੈਨ ਹੋ ਜਾਂਦਾ ਹਾਂ। ਬੰਦਾ ਸਿੰਘ ਬਹਾਦਰ ਬਾਰੇ ਕਿਤਨਾ ਕੁ ਗ਼ਲਤ ਪਰਚਾਰ ਇਤਿਹਾਸ ਦਾ ਹਿੱਸਾ ਬਣਾ ਕੇ ਪੇਸ਼ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 'ਤੇ ਕਿਥੇ ਕਿਥੇ ਰੋਸ ਪ੍ਰਗਟ ਹੋਇਆ? ਦੁਆਬੇ ਦੇ ਲੋਕਾਂ ਨੇ ਸਿਖ ਲੋਕ-ਲਹਿਰ ਵਿਚ ਕੀ ਯੋਗਦਾਨ ਪਾਇਆ ਹੈ? ਕਲਗੀਧਰ ਦੇ ਅਨੰਦਪੁਰ ਛੱਡਣ (1704 ਈ.) ਤੋਂ ਪਿੱਛੋਂ ਮੁੜ ਖ਼ਾਲਸੇ ਨੇ ਅਨੰਦਪੁਰ ਕਦੋਂ ਜਾ ਵਾਸਾ ਕੀਤਾ? ਮਾਤਾ ਗੁਜਰੀ ਦੇ ਪੇਕਿਆਂ ਨੇ ਕਿਸ ਤਰ੍ਹਾਂ ਦੁਆਬੇ ਵਿਚ ਸਿਖ ਲੋਕ-ਲਹਿਰ ਦੀ ਅਗਵਾਈ ਕੀਤੀ? ਧੀਰ ਮੱਲ ਦੇ ਪਰਵਾਰ ਨੇ ਕਦੋਂ ਪੰਥ ਨਾਲ ਟੁੱਟੀ ਮੁੜ ਗੰਢੀ? ਇਹਨਾਂ ਸਾਰੇ ਪ੍ਰਸ਼ਨਾਂ 'ਤੇ ਚਾਨਣਾ ਪਾਂਦੀ ਹੈ, ਮੇਰੇ ਇਸ ਨਾਵਲ ਦੀ ਕਹਾਣੀ।

ਖ਼ਾਲਸਾ ਪੰਥ ਤਿੰਨ ਸੌ ਸਾਲਾਂ ਵਿਚ ਬੜੇ ਵੱਡੇ ਵੱਡੇ ਸੰਕਟਾਂ 'ਚੋਂ ਲੰਘਿਆ ਹੈ। ਬੜੀਆਂ ਗੰਭੀਰ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਆਪਣੇ ਆਦਰਸ਼ ਤੇ ਟੀਚੇ ਲਈ ਅਜਿਹੀਆਂ ਕੁਰਬਾਨੀਆਂ ਕਰਨੀਆਂ ਪਈਆਂ ਹਨ, ਜਿਨ੍ਹਾਂ ਵਰਗੀ ਮਿਸਾਲ ਦੁਨੀਆਂ ਦੀ ਹੋਰ ਕਿਸੇ ਕੌਮ ਪਾਸ ਨਹੀਂ ਪਰ ਖ਼ਾਲਸਾ ਪੰਥ ਸਦਾ ਚੜ੍ਹਦੀ ਕਲਾ ਵਿਚ ਰਿਹਾ, ਹਰ ਮੁਸੀਬਤ ਨੂੰ ਖਿੜੇ ਮੱਥੇ ਸਹਾਰਿਆ। ਇਉਂ ਖ਼ਤਮ ਕਰਨ ਦੀ ਯੋਜਨਾ ਬਣਾਉਣ ਵਾਲੇ ਤਾਂ ਆਪ ਮੁੱਕ-ਮਰ ਗਏ ਪਰ ਖ਼ਾਲਸਾ ਪੰਥ ਦਾ ਕਾਫ਼ਲਾ ਅੱਗੇ ਵਧਦਾ ਹੀ ਗਿਆ ਹੈ ਤੇ ਵਧਦਾ ਹੀ ਜਾਏਗਾ।

ਕੋਈ ਸਿਖ ਨਹੀਂ ਰਹਿਣ ਦੇਣਾ, ਕੋਈ ਸਿਖ ਨਹੀਂ ਰਿਹਾ, ਸਭ ਖ਼ਤਮ ਕਰ ਦਿੱਤੇ ਗਏ ਹਨ, ਦੇ ਐਲਾਨ ਕਈ ਹਕੂਮਤਾਂ ਨੇ ਕਈ ਵਾਰ ਕੀਤੇ ਹਨ ਪਰ ਖ਼ਾਲਸਾ ਪੰਥ ਕਿਉਂ ਖ਼ਤਮ ਨਹੀਂ ਹੋਇਆ? ਕਿਹੜੇ ਗੁਣ, ਕਿਹੜੇ ਆਦਰਸ਼, ਕਿਹੜੇ ਆਚਰਨ ਤੇ ਕਿਹੜੀ ਗੁੜ੍ਹਤੀ ਨੇ ਪੰਥ ਨੂੰ ਮੁੱਕਣ ਨਹੀਂ ਦਿੱਤਾ। ਆਖ਼ਰ ਕਿਹੜੀ ਜੀਵਨ-ਜਾਚ ਸੀ ਜਿਸ ਸਦਕਾ ਹਰ ਪ੍ਰੀਖਿਆ 'ਚੋਂ ਖ਼ਾਲਸਾ ਪੰਥ ਸਫਲ ਹੋਇਆ। ਜਦ ਵੀ ਮੁਸੀਬਤ ਦੀ ਭੱਠੀ ਵਿਚ ਪਿਆ, ਉਸ 'ਚੋਂ ਕੁੰਦਨ

ਹੋ ਕੇ ਨਿਕਲਿਆ। ਇਹ ਵੀ ਮੇਰੇ ਇਸ ਨਾਵਲ ਦੇ ਪਲਾਟ 'ਚੋਂ ਪਾਠਕ ਅਨੁਭਵ ਕਰ ਸਕਦੇ ਹਨ।

ਕੌਮਾਂ ਦੇ ਬੇੜੇ ਕਈ ਵਾਰ ਪਾਣੀ 'ਤੇ ਤਰਦਿਆਂ ਘੁੰਮਣ-ਘੇਰ ਵਿਚ ਫਸ ਜਾਂਦੇ ਹਨ, ਪਰ ਸੁਚੱਜੇ ਮਲਾਹ ਦੀ ਸਿਆਣਪ, ਹੁਸ਼ਿਆਰੀ ਤੇ ਦੂਰ-ਦ੍ਰਿਸ਼ਟੀ ਬੇੜੇ ਨੂੰ ਘੁੰਮਣ-ਘੇਰ ਵਿਚ ਡੁੱਬਣ ਨਹੀਂ ਦਿੰਦੀ, ਸਗੋਂ ਕੰਢੇ ਜਾ ਲਾਉਂਦੀ ਹੈ। ਇਹੀ ਹਾਲ ਸੁਘੜ ਸਿਆਣੇ ਲੀਡਰਾਂ ਤੇ ਨੇਤਾਵਾਂ ਦਾ ਹੈ। ਜਨ-ਸਾਧਾਰਨ ਨੇ ਰਾਹ ਤੇ ਵਸੀਲੇ ਨਹੀਂ ਲੱਭਣੇ, ਲੀਡਰਾਂ ਤੇ ਆਗੂਆਂ ਨੇ ਹੀ ਅਜਿਹੀ ਸਥਿਤੀ ਵਿਚ ਠੀਕ ਅਗਵਾਈ ਦੇਣੀ ਹੁੰਦੀ ਹੈ। ਮੇਰਾ ਵਿਸ਼ਵਾਸ ਹੈ ਕਿ ਅਠਾਰ੍ਹਵੀਂ ਸਦੀ ਦੀ ਪਹਿਲੀ ਚੌਥਾਈ ਬੀਤਣ ਪਿੱਛੋਂ ਜਦ ਭਾਈ ਤਾਰਾ ਸਿੰਘ ਵਾਂ ਸ਼ਹੀਦ ਹੋ ਗਏ ਤਾਂ ਕੌਮ ਸਾਹਮਣੇ ਵੱਡਾ ਸਵਾਲ ਸੀ ਕਿ ਜ਼ਾਲਮ ਹਾਕਮਾਂ ਦਾ ਕਿਵੇਂ ਟਾਕਰਾ ਕਰੀਏ ? ਜ਼ੁਲਮ ਨੂੰ ਕਿਸ ਤਰ੍ਹਾਂ ਠੱਲ੍ਹ ਪਾਈਏ ? ਨੌਜਵਾਨ ਕਪੂਰ ਸਿੰਘ ਨੇ ਇਸ ਸਮੇਂ ਇਕ ਅਜਿਹਾ ਹੱਲ ਲੱਭਿਆ, ਟਾਕਰੇ ਦਾ ਅਜਿਹਾ ਤਰੀਕਾ ਕੱਢ ਲਿਆ ਕਿ ਆਕੜਖ਼ਾਨ ਜ਼ਕਰੀਆ ਖ਼ਾਨ ਦੀਆਂ ਪੰਥ ਨੇ ਗੋਡੀਆਂ ਲਵਾ ਦਿੱਤੀਆਂ। ਹਕੂਮਤ ਨੂੰ ਖ਼ਾਲਸਾ ਪੰਥ ਨਾਲ ਅਮਨ-ਸੰਧੀ ਕਰਨੀ ਪਈ। ਇਹ ਵੱਖਰੀ ਗੱਲ ਹੈ ਕਿ ਇਹ ਸੰਧੀ ਇਕ ਸਾਲ ਪਿੱਛੋਂ ਖ਼ਤਮ ਹੋ ਗਈ ਪਰ ਇਕ ਸਾਲ ਵਿਚ ਹੀ ਲੋਕਾਂ ਦਾ ਵਿਸ਼ਵਾਸ ਬੱਝ ਗਿਆ ਕਿ ਸਿਖ ਲੋਕ-ਲਹਿਰ ਹੰਕਾਰੀ ਹਾਕਮਾਂ ਦੇ ਨਾਸੀਂ ਧੂੰਅ ਦੇ ਸਕਦੀ ਹੈ। ਬੱਸ ਇਥੋਂ ਤਕ ਪੰਜਾਬ ਦੇ ਇਤਿਹਾਸ ਤੇ ਲੋਕ-ਜੀਵਨ ਨੂੰ ਮੇਰਾ ਇਹ ਨਾਵਲ ਬਿਆਨ ਕਰਦਾ ਹੈ।

ਰੋਜ਼ਾਨਾ 'ਅਜੀਤ' ਵਿਚ ਨਾਵਲ ਕਿਸ਼ਤਵਾਰ ਛਪਣਾ ਸ਼ੁਰੂ ਹੋਇਆ ਤੇ ਸੈਂਕੜੇ ਪਾਠਕਾਂ ਦੀਆਂ ਪ੍ਰਸੰਸਾ ਦੀਆਂ ਚਿੱਠੀਆਂ ਅਖ਼ਬਾਰ ਦੇ ਦਫ਼ਤਰ ਆਉਣ ਲੱਗ ਪਈਆਂ। ਕੋਈ ਤਿੰਨ ਦਰਜਨ ਚਿੱਠੀਆਂ ਤਾਂ ਅਖ਼ਬਾਰ ਵਿਚ ਵੀ ਸਮੇਂ ਸਮੇਂ ਸਿਰ ਛਪੀਆਂ। ਜਦ 'ਅਜੀਤ' ਦੇ ਪ੍ਰਬੰਧਕਾਂ ਨੇ ਮੇਰਾ ਪਤਾ ਛਾਪ ਦਿੱਤਾ ਤਾਂ ਮੈਨੂੰ ਵੀ ਪੱਤਰ ਆਉਣ ਲੱਗ ਪਏ। ਬਹੁਤ ਸਾਰੇ ਪਾਠਕ ਪੁਸਤਕ ਰੂਪ ਵਿਚ ਇਸ ਨਾਵਲ ਦੀ ਮੰਗ ਕਰਨ ਲੱਗ ਪਏ। ਮੇਰੀ ਇਤਨੀ ਹੌਸਲਾ-ਵਧਾਈ ਹੋਈ ਕਿ ਇਸ ਨਾਵਲ ਨੂੰ ਮੁਕੰਮਲ ਕਰਦਿਆਂ, ਇਨ੍ਹਾਂ ਪਾਤਰਾਂ ਨਾਲ ਹੀ ਨਾਵਲ ਦੀ ਅਗਲੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਵੀਹਵੀਂ ਸਦੀ ਦੇ ਮੁੱਕਣ ਤੱਕ ਅਗਲੇ 9 ਸਾਲਾਂ ਵਿਚ, ਮੈਂ ਇਸ ਲੜੀ ਵਿਚ ਦਸ ਨਾਵਲ ਲਿਖਣਾ ਚਾਹੁੰਦਾ ਹਾਂ। ਅੱਗੋਂ ਜਿਵੇਂ ਵਾਹਿਗੁਰੂ ਨੂੰ ਮਨਜ਼ੂਰ ਹੋਵੇ !

ਲੋਕਾਂ ਨੇ *ਕਰਕ ਕਲੇਜੇ ਮਾਹਿ* ਨਾਵਲ ਨੂੰ ਪੁਸਤਕ ਰੂਪ ਵਿਚ ਪ੍ਰਾਪਤ ਕਰਨ ਲਈ ਪੁਸਤਕਾਂ ਵੇਚਣ ਵਾਲਿਆਂ ਦੀਆਂ ਦੁਕਾਨਾਂ 'ਤੇ ਚੱਕਰ ਕੱਟਣੇ ਸ਼ੁਰੂ ਕਰ ਦਿੱਤੇ, ਪਰ ਉਹਨਾਂ ਨੂੰ ਨਿਰਾਸਤਾ ਹੁੰਦੀ ਜਦੋਂ ਅਗੋਂ ਉੱਤਰ ਮਿਲਦਾ ਕਿ ਨਾਵਲ ਅਜੇ ਪੁਸਤਕ ਰੂਪ ਵਿਚ ਨਹੀਂ ਛਪਿਆ। ਮੈਂ ਧੰਨਵਾਦੀ ਹਾਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਾਲਿਆਂ ਦਾ, ਜਿਨ੍ਹਾਂ ਨੇ ਲੋਕਾਂ ਦੀ ਇੱਛਾ ਤੇ ਮੰਗ ਦਾ ਸਤਿਕਾਰ ਕਰਦਿਆਂ ਇਹ ਨਾਵਲ ਛਾਪਣ ਦਾ ਬੀੜਾ ਚੁੱਕ ਲਿਆ। ਅੱਜ ਦੇ ਮਹਿੰਗਾਈ ਦੇ ਯੁਗ ਵਿਚ, ਇਤਨੀ ਵੱਡੀ ਰਚਨਾ ਪ੍ਰਕਾਸ਼ਤ ਕਰਨਾ ਦਿਲ-ਗੁਰਦੇ ਦਾ ਕੰਮ ਹੈ। ਸਿੰਘ ਬ੍ਰਦਰਜ਼ ਨੇ ਆਪਣੇ ਗੋਲਡਨ ਜੁਬਲੀ ਵਰ੍ਹੇ ਸਮੇਂ 50 ਪੁਸਤਕਾਂ ਪ੍ਰਕਾਸ਼ਤ ਕਰਨ ਦੀ ਯੋਜਨਾ ਅਧੀਨ ਮੇਰੀ ਪੁਸਤਕ *ਸਾਡੇ ਸ਼ਹੀਦ* ਪ੍ਰਕਾਸ਼ਤ ਕਰਦਿਆਂ ਤੁਰਤ ਹੀ ਇਸ ਨਾਵਲ ਨੂੰ ਛਾਪਣ ਦੀ ਯੋਜਨਾ ਬਣਾ ਲਈ ਤੇ ਉਨ੍ਹਾਂ ਵੱਲੋਂ ਘੱਟ ਤੋਂ ਘੱਟ ਸਮੇਂ ਵਿਚ ਇਹ ਨਾਵਲ ਪਾਠਕਾਂ ਤਕ ਪਹੁੰਚਾਣ ਦਾ ਸਫਲ ਯਤਨ ਹੋਇਆ ਹੈ।

ਮੈਂ ਚਾਹਵਾਂਗਾ ਕਿ ਇਸ ਨਾਵਲ ਦੇ ਪਾਠਕ ਇਸ ਨੂੰ ਪੜ੍ਹ ਕੇ ਆਪਣੇ ਸੁਝਾਅ, ਪ੍ਰਭਾਵ ਤੇ ਪ੍ਰਤੀਕਰਮ ਤੋਂ ਸਾਨੂੰ ਜਾਣੂੰ ਕਰਾਉਣ ਤਾਕਿ ਅਸੀਂ ਉਹਨਾਂ ਤੋਂ ਲਾਭ ਉਠਾ ਕੇ ਇਸ ਲੜੀ ਦੇ ਅਗਲੇ ਨਾਵਲਾਂ ਨੂੰ ਹੋਰ ਰੌਚਿਕ ਤੇ ਹਰ ਪੱਖ ਤੋਂ ਸਫਲ ਬਣਾਉਣ ਦਾ ਯਤਨ ਕਰ ਸਕੀਏ।

ਮੈਂ ਵਿਸ਼ੇਸ਼ ਤੌਰ 'ਤੇ ਸ੍ਰੀ ਦਾਰਾ ਸਿੰਘ, 'ਅਜੀਤ' ਦੇ ਐਡੀਟਰ ਸ. ਬਰਜਿੰਦਰ ਸਿੰਘ ਤੇ ਸਿੰਘ ਬ੍ਰਦਰਜ਼ ਦਾ ਰਿਣੀ ਹਾਂ, ਜਿਨ੍ਹਾਂ ਦੇ ਸੁਝਾਅ, ਸਹਿਯੋਗ ਤੇ ਉਤਸ਼ਾਹ ਸਦਕਾ ਇਹ ਨਾਵਲ ਪਾਠਕਾਂ ਦੇ ਭੇਟ ਕਰ ਸਕਿਆ ਹਾਂ।

ਭਜਨ ਸਿੰਘ

C-8/151
ਲਾਰੰਸ ਰੋਡ, ਦਿੱਲੀ-35

9.7.91

1

ਸਰਦੀਆਂ ਦਾ ਮੌਸਮ ਸ਼ੁਰੂ ਹੋ ਗਿਆ ਤੇ ਸੂਰਜ ਵੀ ਛੇਤੀ ਹੀ ਡੁੱਬਣ ਲੱਗ ਪਿਆ। ਜਿੱਥੇ ਅੱਗੇ ਗਰਮੀਆਂ ਵਿਚ ਸਾਢੇ ਸੱਤ ਵਜੇ ਜਾ ਕੇ ਹਨੇਰਾ ਹੁੰਦਾ ਸੀ, ਉੱਥੇ ਹੁਣ ਸਾਢੇ ਪੰਜ ਵਜੇ ਹੀ ਮੂੰਹ-ਹਨੇਰਾ ਹੋਣ ਲੱਗਾ। ਨਗਰ ਵਿਚ ਲੋਕੀਂ ਦਿਨ ਦਾ ਚਾਨਣ ਹੁੰਦਿਆਂ ਹੀ ਰੋਟੀ-ਟੁੱਕ ਖਾ ਕੇ ਵਿਹਲੇ ਹੋ ਜਾਂਦੇ। ਭੱਠੀ 'ਤੇ ਦਾਣੇ ਭੁੰਨਣ ਵਾਲੇ ਵੀ ਦਿਨ ਦੇ ਚਾਨਣ ਵਿਚ ਹੀ ਦਾਣੇ ਭੁੰਨਦੇ ਤੇ ਮੂੰਹ-ਹਨੇਰਾ ਹੋਣ ਤੋਂ ਪਹਿਲਾਂ ਹੀ ਆਪਣਾ ਕੰਮ ਸਮੇਟ ਲੈਂਦੇ। ਆਸੇ ਪਾਸੇ ਦੇ ਗੱਭਰੂ ਮੁੰਡਿਆਂ ਦਾ ਇਸੇ ਭੱਠੀ 'ਤੇ ਇਕੱਠ ਹੋ ਜਾਂਦਾ ਤੇ ਉਹ ਕਾਫ਼ੀ ਰਾਤ ਗਏ ਤਕ ਬੈਠੇ ਗੱਪਾਂ ਮਾਰਦੇ, ਸੁਣੀਆਂ-ਸੁਣਾਈਆਂ ਗੱਲਾਂ ਇਕ ਦੂਜੇ ਨੂੰ ਦੱਸਦੇ। ਇਕ ਦੂਜੇ ਦੀ ਚੁਗਲੀ ਨਿੰਦਾ ਵੀ ਹੁੰਦੀ ਤੇ ਜਿਹੜਾ ਇਥੇ ਹਾਜ਼ਰ ਨਾ ਹੁੰਦਾ, ਉਹਦੇ ਬਾਰੇ ਦੂਜੇ ਕਈ ਸੱਚੀਆਂ ਝੂਠੀਆਂ ਅਫ਼ਵਾਹਾਂ ਉਡਾਂਦੇ। ਕਿਸੇ ਦੇ ਕਿਸੇ ਕੁੜੀ ਨਾਲ ਪਿਆਰ ਦੀਆਂ ਗੱਲਾਂ ਦੱਸ-ਸੁਣ ਕੇ ਖ਼ੁਸ਼ ਹੁੰਦੇ। ਭੱਠੀ 'ਤੇ ਆਉਣ ਵਾਲੇ ਸਭ ਮੁੰਡਿਆਂ ਨੂੰ ਇਕ ਦੂਜੇ ਬਾਰੇ ਪੂਰੀ ਜਾਣਕਾਰੀ ਮਿਲ ਜਾਂਦੀ। ਜਿਹੜੇ ਸਾਰਾ ਦਿਨ ਖੇਤਾਂ ਵਿਚ ਕੰਮ ਲੱਗੇ ਰਹਿੰਦੇ ਜਾਂ ਸਾਰਾ ਦਿਨ ਹੱਟੀ 'ਤੇ ਬੱਝੇ ਰਹਿੰਦੇ, ਉਨ੍ਹਾਂ ਨੂੰ ਵੀ ਪਤਾ ਲੱਗ ਜਾਂਦਾ ਕਿ ਕਿਸ ਬਾਰੇ ਕੀ ਕੀ ਚਰਚਾ ਚੱਲ ਰਹੀ ਹੈ।

ਕਈਆਂ ਲਈ ਸਾਰੇ ਦਿਨ ਦਾ ਥਕੇਵਾਂ ਲਾਹੁਣ ਲਈ ਇਹ ਇਕੱਠ ਵਧੀਆ ਵਸੀਲਾ ਸੀ। ਗਾਣ ਵਾਲਿਆਂ ਤੇ ਸੁਣਨ ਵਾਲਿਆਂ ਲਈ ਇਸ ਮਹਿਫ਼ਲ ਦੀ ਖ਼ਾਸ ਵਿਸ਼ੇਸ਼ਤਾ ਸੀ। ਭਗਤੂ ਨੂੰ ਮਿਰਜ਼ਾ ਗਾਣ ਦੀ ਖ਼ਾਸ ਮੁਹਾਰਤ ਸੀ ਤੇ ਉਹ ਜਦੋਂ ਵੀ ਨਗਰ ਵਿਚ ਹੁੰਦਾ, ਮੁੰਡੇ ਉਹਨੂੰ ਘੇਰ ਕੇ ਜ਼ਰੂਰ ਭੱਠੀ 'ਤੇ ਲੈ ਆਉਂਦੇ ਤੇ ਉਹ ਲੰਮੀ ਹੇਕ ਨਾਲ ਪੀਲੂ ਦਾ ਮਿਰਜ਼ਾ ਗਾ ਕੇ ਰੰਗ ਬੰਨ੍ਹ ਦਿੰਦਾ। ਕਈ ਵਾਰ ਨਗਰ ਦੇ ਵਡੇਰੀ ਉਮਰ ਦੇ ਬੰਦੇ ਵੀ ਭਗਤੂ ਦੀ ਆਵਾਜ਼ ਸੁਣ ਕੇ ਭੱਠੀ 'ਤੇ ਆ ਜਾਂਦੇ। ਉਂਝ ਵਡੇਰੀ ਉਮਰ ਦੇ ਆਦਮੀ ਇਸ ਇਕੱਠ ਵਿਚ ਨਹੀਂ ਸਨ ਆਉਂਦੇ ਕਿਉਂਕਿ ਮੁੰਡੇ ਇਥੇ ਅਜਿਹੀਆਂ ਮਸ਼ਕਰੀਆਂ ਕਰਦੇ ਤੇ ਫੱਕੜ ਤੋਲਦੇ ਕਿ ਵੱਡੇ ਬੰਦਿਆਂ ਨੂੰ ਸ਼ਰਮ ਆ ਜਾਂਦੀ। ਮੁੰਡੇ ਵੀ ਆਦਮੀਆਂ ਦਾ ਇਥੇ ਆਉਣਾ ਪਸੰਦ ਨਹੀਂ ਸਨ ਕਰਦੇ ਕਿਉਂਕਿ ਸ਼ਰਮ ਕਰਕੇ ਉਹ ਖੁੱਲ੍ਹ ਕੇ ਗੱਲਾਂ ਨਹੀਂ ਸਨ ਕਰ ਸਕਦੇ।

"ਲਉ ਬਈ ਭਗਤੂ ਆ ਗਿਆ ਏ," ਇਕ ਮੁੰਡੇ ਨੇ ਦੂਰੋਂ ਹੀ ਭਗਤੂ ਨੂੰ ਵੇਖ ਕੇ ਕਹਿਣਾ ਸ਼ੁਰੂ ਕਰ ਦਿੱਤਾ, "ਅੱਜ ਤੇ ਅਸੀਂ ਇਸ ਤੋਂ 'ਚੜ੍ਹਦੇ ਮਿਰਜ਼ੇ ਖ਼ਾਨ ਨੂੰ' ਵਾਲਾ ਹਿੱਸਾ ਪਹਿਲਾਂ ਸੁਣਨਾ ਏਂ।" ਕਈਆਂ ਹੋਰਾਂ ਨੇ ਮਿਰਜ਼ਾ-ਸਾਹਿਬਾਂ ਦੇ ਕਿੱਸੇ ਦੇ ਕੁਝ ਹੋਰ ਟੋਟੇ ਸੁਣਨ ਦੀ ਫ਼ਰਮਾਇਸ਼ ਕਰ ਦਿੱਤੀ। ਭਗਤੂ ਨੇ ਆ ਕੇ ਬੈਠਦਿਆਂ ਕੰਨਾਂ 'ਤੇ ਹੱਥ ਧਰ ਕੇ ਲੰਮੀ ਹੇਕ ਨਾਲ ਗਾਣਾ ਸ਼ੁਰੂ ਕਰ ਦਿੱਤਾ :

ਉਦੇ ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਜੱਟ ਵੰਝਲ ਦਿੰਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।
ਹੱਸ ਹੱਸ ਲਾਂਦੀਆਂ ਯਾਰੀਆਂ, ਪਿੱਛੋਂ ਰੋ ਕੇ ਦਿੰਦੀਆਂ ਦੱਸ।

ਫਿਰ ਦੂਜੀ ਫ਼ਰਮਾਇਸ਼ 'ਤੇ ਉਹਨੇ ਗਾਇਆ:

ਮੰਦਾ ਕੀਤਾ ਈ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ, ਦਿਆਂ ਸਿਆਲਾਂ ਨੂੰ ਵੰਡ।
ਪਹਿਲੀ ਮਾਰਾਂ ਵੀਰ ਸਮੀਰ ਦੇ, ਦੂਜੀ ਕੁਲੇ ਦੇ ਤੰਗ।
ਤੀਜੀ ਮਾਰਾਂ ਜੋੜ ਕੇ, ਜਿਸ ਦੀ ਹੈਂ ਤੂੰ ਮੰਗ।

"ਵਾਹ ਬਈ ਵਾਹ, ਮਜ਼ਾ ਆ ਗਿਆ," ਕਈ ਆਵਾਜ਼ਾਂ ਇਕੱਠੀਆਂ ਆ ਗਈਆਂ, "ਜਿੱਦਣ ਤੂੰ ਨਾ ਇਥੇ ਹੋਵੇਂ, ਮਹਿਫ਼ਲ ਦਾ ਸਵਾਦ ਹੀ ਨਹੀਂ ਆਉਂਦਾ। ਇਕੱਠ ਦਾ ਨੁੱਕ ਹੀ ਨਹੀਂ ਬੱਝਦਾ। ਤੇਰੀ ਟੱਲੀ ਵਰਗੀ 'ਵਾਜ ਏ। ਹੋਰ ਵੀ ਕਈ ਗਾ ਲੈਂਦੇ ਨੇ ਪਰ ਉਹ ਸਵਾਦ ਨਹੀਂ, ਉਹ ਧੂਹ ਨਹੀਂ ਜੋ ਤੇਰੇ ਗਾਣ ਵਿਚ ਏ।" ਇਹ ਦੂਜੇ ਜਵਾਨ ਦੇ ਸ਼ਬਦ ਸਨ ਤੇ ਭਗਤੂ ਅਜਿਹੇ ਪ੍ਰਸੰਸਾ ਦੇ ਸ਼ਬਦ ਸੁਣ ਕੇ ਹੋਰ ਜੋਸ਼ ਵਿਚ ਆ ਜਾਂਦਾ ਤੇ ਹੋਰ ਉੱਚੀ ਤੇ ਲੰਮੀ ਹੇਕ ਨਾਲ ਕਿੱਸੇ ਦੇ ਕਈ ਹੋਰ ਬੰਦ ਬੋਲ ਦਿੰਦਾ। ਜਿਸ ਦਿਨ ਭਗਤੂ ਨਾ ਆਉਂਦਾ, ਉਸ ਦਿਨ ਰੁਲਦੂ ਬੁਝਾਰਤਾਂ ਪਾ ਕੇ ਮੁੰਡਿਆਂ ਦਾ ਦਿਲ ਲਾ ਦਿੰਦਾ। ਅੱਜ ਭਗਤੂ ਅਚਾਨਕ ਆ ਗਿਆ ਤੇ ਰੁਲਦੂ ਦੀ ਕੀਤੀ ਤਿਆਰੀ ਵਿਚੇ ਰਹਿ ਗਈ। ਫਿਰ ਵੀ ਉਹਦੇ ਯਾਰਾਂ ਨੇ ਕਹਿ ਕੇ ਦੋ ਬੁਝਾਰਤਾਂ ਪੁਆ ਹੀ ਲਈਆਂ। ਰੁਲਦੂ ਦੋ ਸਵਾਲ ਕਰਦਾ ਤੇ ਉਨ੍ਹਾਂ ਦਾ ਇਕ ਉੱਤਰ ਮੰਗਦਾ, ਉਹ ਕੋਈ ਨਾ ਦੇ ਸਕਦਾ ਤੇ ਮੁੜ ਉਹ ਆਪ ਹੀ ਉੱਤਰ ਦੇ ਦਿੰਦਾ। ਉਹਨੇ ਪ੍ਰਸ਼ਨ ਕੀਤੇ—"ਕੱਟਾ ਕਿਉਂ ਅੜਾਇਆ? ਖੰਡਾ ਕਿਉਂ ਨਾ ਵਾਹਿਆ?" ਫਿਰ ਆਪ ਹੀ ਉੱਤਰ ਦੱਸਿਆ—"ਧਾਰ ਬਿਨਾ"। ਉਹਨੇ ਦੂਜੀ ਵਾਰ ਕਵਿਤਾ ਰੂਪ ਵਿਚ ਹੀ ਮੁੜ ਪਹਿਲਾਂ ਵਾਂਗ ਸਵਾਲ ਕੀਤੇ—"ਕੋਠੇ ਉੱਤੇ ਚੜ੍ਹੀ ਕਿਉਂ? ਖੂਹ ਉੱਤੇ ਖੜੀ ਕਿਉਂ?" ਦੂਜੀ ਵਾਰ ਵੀ ਜਦ ਕੋਈ ਉੱਤਰ ਨਾ ਦੇ ਸਕਿਆ ਤਾਂ ਉਹਨੇ ਦੱਸਿਆ—"ਲੱਜ ਬਿਨਾ"। ਸਾਰੇ ਹੈਰਾਨ ਹੋ ਗਏ। ਉੱਤਰ ਠੀਕ ਸੀ। ਕੋਠੇ 'ਤੇ ਚੜ੍ਹ ਕੇ ਝਾਕਣ ਵਾਲੀ ਔਰਤ ਬਾਰੇ ਸਮਝਿਆ ਜਾਂਦਾ ਹੈ ਕਿ ਇਹਨੂੰ ਲੱਜ (ਸ਼ਰਮ) ਨਹੀਂ। ਖੂਹ 'ਤੇ ਇਸ ਲਈ ਖੜੀ ਹੈ ਕਿ ਖੂਹ 'ਚੋਂ ਪਾਣੀ ਕੱਢਣ ਲਈ ਲੱਜ ਨਹੀਂ, ਉਡੀਕ ਰਹੀ ਏ ਕਿ ਕੋਈ ਰੱਸਾ ਲਿਆਏ ਤੇ ਉਹ ਵੀ ਪਾਣੀ ਕੱਢ ਲਏ।

ਰੁਲਦੂ ਦੀਆਂ ਅਨੋਖੀਆਂ ਬੁਝਾਰਤਾਂ ਦਾ ਦੌਰ ਅਜੇ ਖ਼ਤਮ ਹੀ ਹੋਇਆ ਸੀ ਕਿ ਉਤੋਂ ਰੇਸ਼ਮ ਆ ਗਿਆ ਤੇ ਆਉਂਦਿਆਂ ਕਹਿਣ ਲੱਗਾ, "ਸੁਣਿਆ ਜੇ ਕੁਝ? ਆਪਣਾ ਕਰਮਾ ਕਹਿੰਦਾ ਏ, ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਆਇਆ ਹਾਂ। ਬੜੀ ਸੋਹਣੀ ਘੋਟਵੀਂ ਪਗੜੀ ਬੰਨ੍ਹ ਕੇ ਤੇ ਕਿੱਡੀ ਲੰਮੀ ਤਲਵਾਰ ਗੱਲ ਪਾ ਕੇ ਆ ਗਿਆ ਏ। ਸਹੁੰ ਤੁਹਾਡੀ, ਉਹ ਤੇ ਪਛਾਣਿਆ ਹੀ ਨਹੀਂ ਜਾਂਦਾ। ਦੋ-ਤਿੰਨ ਮਹੀਨਿਆਂ ਵਿਚ ਹੀ ਉਹਦੀ ਤਾਂ ਨੁਹਾਰ ਹੀ ਬਦਲ ਗਈ ਏ।"

"ਅੰਮ੍ਰਿਤ ਕੀ ਹੁੰਦਾ ਏ?" ਭਗਤੂ ਨੇ ਉਹਦੀ ਗੱਲ ਟੋਕਦਿਆਂ ਪੁੱਛਿਆ।

"ਪਤਾ ਤਾਂ ਸਾਨੂੰ ਵੀ ਬਹੁਤਾ ਨਹੀਂ," ਰੇਸ਼ਮ ਕਹਿਣ ਲੱਗਾ, "ਕਹਿੰਦੇ ਨੇ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਕੋਈ ਅੰਮ੍ਰਿਤ ਤਿਆਰ ਕੀਤਾ ਸੀ, ਜੋ ਪਿਲਾ ਕੇ ਸਿੱਖਾਂ ਨੂੰ ਸਿੰਘ ਬਣਾਈ ਜਾਂਦੇ ਨੇ। ਸੁਣਿਆ ਏ ਕਿ ਉਹ ਅੰਮ੍ਰਿਤ ਪੀ ਕੇ ਗਿੱਦੜੋਂ ਮਨੁੱਖ ਸ਼ੇਰ ਬਣ ਜਾਂਦੇ ਨੇ। ਗੁਰੂ ਦਾ ਇਹ ਵੀ ਦਾਅਵਾ ਏ ਕਿ ਉਹਦੇ ਖੰਡੇ ਬਾਟੇ ਦਾ ਅੰਮ੍ਰਿਤ ਪੀ ਕੇ ਚਿੜੀਆਂ ਬਾਜ਼ਾਂ ਦਾ ਟਾਕਰਾ ਕਰ ਸਕਦੀਆਂ ਨੇ। ਇਕ ਇਕ ਬੰਦਾ ਸਵਾ ਸਵਾ ਲੱਖ ਨਾਲ ਲੜਨ ਦੇ ਕਾਬਲ ਹੋ ਜਾਂਦਾ ਏ।"

"ਬੱਸ ਕਰ ਓਏ, ਬੱਸ ਕਰ," ਨੱਥੂ ਨੇ ਉਹਦੀ ਗੱਲ ਤੋਂ ਖਿਝ ਕੇ ਆਖਿਆ, "ਐਵੇਂ ਨਾ ਟਾਹਰਾਂ ਮਾਰੀ ਜਾ। ਭਲਾ ਕਦੇ ਚਿੜੀਆਂ ਵੀ ਬਾਜ਼ਾਂ ਦਾ ਟਾਕਰਾ ਕਰ ਸਕਦੀਆਂ ਨੇ।

ਕਦੋਂ ਗਿੱਦੜ ਵੀ ਸ਼ੇਰ ਬਣੇ ਨੇ।"

"ਮੈਨੂੰ ਕੀ ਪਤਾ, ਮੈਂ ਥੋੜ੍ਹਾ ਆਪਣੇ ਕੋਲੋਂ ਗੱਲ ਬਣਾਈ ਏ," ਰੇਸ਼ਮ ਨੇ ਦੱਸਿਆ, "ਮੈਂ ਤਾਂ ਉਹੀ ਕੁਝ ਦੱਸ ਰਿਹਾ ਹਾਂ ਜੋ ਕਰਮੇ ਨੇ ਆ ਕੇ ਦੱਸਿਆ ਏ। ਉਹ ਕਹਿੰਦਾ ਏ ਕਿ ਮੈਨੂੰ ਹੁਣ ਕਰਮਾ ਕੋਈ ਨਾ ਸੱਦੇ। ਮੇਰਾ ਨਾਂ ਕਰਮ ਸਿੰਘ ਏ। ਉਹਦੀਆਂ ਗੱਲਾਂ ਤਾਂ ਸੁਣੋ ਜਾ ਕੇ, ਫਿਰ ਫ਼ੈਸਲਾ ਕਰਿਆ ਜੇ, ਮੈਂ ਠੀਕ ਕਹਿੰਦਾ ਹਾਂ ਕਿ ਗੱਪਾਂ ਮਾਰਦਾ ਹਾਂ।"

"ਤੂੰ ਉਹਨੂੰ ਇਥੇ ਹੀ ਬੁਲਾ ਲੈਣਾ ਸੀ, ਅਸੀਂ ਵੀ ਸੁਣ ਲੈਂਦੇ ਉਹਦੀਆਂ ਗੱਲਾਂ," ਲਛਮਣ ਦਾਸ ਨੇ ਕੋਲੋਂ ਸੁਝਾਅ ਦੇ ਦਿੱਤਾ, "ਗੁਰੂ ਗੋਬਿੰਦ ਸਿੰਘ ਤਾਂ ਆਪ ਅਨੰਦਪੁਰ ਛੱਡ ਕੇ ਪਤਾ ਨਹੀਂ ਕਿਧਰ ਨਿਕਲ ਗਏ ਨੇ। ਕਹਿੰਦੇ ਨੇ ਕਿ ਉਨ੍ਹਾਂ ਦਾ ਕੁਝ ਪਤਾ ਹੀ ਨਹੀਂ। ਦਿੱਲੀ ਦੀਆਂ ਫ਼ੌਜਾਂ ਇਥੋਂ ਸਭ ਪਾਸਿਉਂ ਵਹੀਰਾਂ ਲੈ ਕੇ ਉਹਨਾਂ ਮਗਰ ਨੇ। ਕਰਮਾ ਉਨ੍ਹਾਂ ਨੂੰ ਕਿਥੇ ਜਾ ਮਿਲਿਆ। ਚਲੋ ਉਹਦਾ ਹਾਲ-ਚਾਲ ਤਾਂ ਪੁੱਛ ਆਈਏ।"

"ਹੁਣ ਨਹੀਂ ਜਾਣਾ, ਤੜਕੇ ਹੀ ਉਹਨੂੰ ਜਾ ਮਿਲਾਂਗੇ। ਹੁਣ ਤਾਂ ਰੋਟੀ-ਪਾਣੀ ਖਾ ਕੇ ਉਹ ਸੌਂ ਗਿਆ ਹੋਏਗਾ," ਕਿਸੇ ਹੋਰ ਨੇ ਫ਼ੈਸਲਾ ਹੀ ਕਰ ਦਿੱਤਾ। ਸਾਰਿਆਂ ਮੰਨ ਲਿਆ ਕਿ ਸਵੇਰੇ ਉਹਦੇ ਘਰ ਮਿਲਣ ਚੱਲਾਂਗੇ।

ਇਹ ਉਹੀ ਕਰਤਾਰਪੁਰ ਨਗਰ ਏ, ਜਿਸ ਨੂੰ ਗੁਰੂ ਅਰਜਨ ਦੇਵ ਨੇ ਦੁਆਬੇ ਵਿਚ ਸਿੱਖੀ ਦੇ ਪ੍ਰਚਾਰ ਲਈ ਜਲੰਧਰ ਤੋਂ ਛੇ ਕੁ ਕੋਹ ਦੂਰ ਜ਼ਮੀਨ ਖ਼ਰੀਦ ਕੇ ਵਸਾਇਆ ਸੀ ਤੇ ਇਥੇ ਗੁਰਦੁਆਰਾ ਥੰਮ੍ਹ ਸਾਹਿਬ ਦੀ ਨੀਂਹ ਰੱਖੀ ਸੀ। ਉਦੋਂ ਇਥੇ ਦੂਰੋਂ ਦੂਰੋਂ ਸੱਦ ਕੇ ਨਾਨਕ ਨਾਮ-ਲੇਵਾ ਕਿਰਤੀ ਲੋਕਾਂ ਨੂੰ ਵਸਾਇਆ ਸੀ। ਇਹ ਦੁਆਬੇ ਵਿਚ ਗੁਰੂ ਕੀ ਨਗਰੀ ਜਾਣੀ ਜਾਣ ਲੱਗ ਪਈ ਸੀ। ਫਿਰ ਇਥੇ ਹੀ ਗੁਰੂ ਹਰਿਗੋਬਿੰਦ ਸਾਹਿਬ ਕਈ ਵਾਰ ਆਏ, ਕਈ ਕਈ ਮਹੀਨੇ ਠਹਿਰਦੇ ਰਹੇ। ਇਥੇ ਹੀ ਉਨ੍ਹਾਂ ਨੇ ਸਮੇਂ ਦੇ ਜ਼ਾਲਮ ਹਾਕਮਾਂ ਨਾਲ ਇਕ ਲੜਾਈ ਲੜੀ ਸੀ। ਕਰਤਾਰਪੁਰ ਦੇ ਲੋਕਾਂ ਨੂੰ ਬਜ਼ੁਰਗ ਸੁਣਾਂਦੇ ਨੇ ਕਿ ਕਰਤਾਰਪੁਰ ਵਾਲੀ ਲੜਾਈ ਸਮੇਂ ਗੁਰੂ ਕੀ ਫ਼ੌਜ ਦੀ ਕਮਾਨ, ਗੁਰੂ ਹਰਿਗੋਬਿੰਦ ਦੇ ਛੋਟੇ ਸਾਹਿਬਜ਼ਾਦੇ ਸ੍ਰੀ ਤੇਗ ਬਹਾਦਰ ਨੇ ਸੰਭਾਲੀ ਸੀ। ਇਸ ਨਗਰ ਨਾਲ ਤੇਗ ਬਹਾਦਰ ਜੀ ਦਾ ਰਿਸ਼ਤਾ ਹੋਰ ਵਧੇਰੇ ਨੇੜੇ ਦਾ ਹੋ ਗਿਆ, ਜਦੋਂ ਕਰਤਾਰਪੁਰ ਦੇ ਵਸਨੀਕ ਲਾਲ ਚੰਦ ਦੀ ਸਪੁੱਤਰੀ ਗੁਜਰੀ ਨਾਲ ਉਨ੍ਹਾਂ ਦਾ ਵਿਆਹ ਹੋ ਗਿਆ। ਸ੍ਰੀ ਤੇਗ ਬਹਾਦਰ ਦਾ ਸਹੁਰਾ ਨਗਰ ਇਹੀ ਕਰਤਾਰਪੁਰ ਬਣ ਗਿਆ। ਲੋਕਾਂ ਦੀ ਗੁਰੂ-ਘਰ ਨਾਲ ਇਤਨੀ ਸਾਂਝ ਤੇ ਨੇੜਤਾ ਹੋ ਗਈ ਕਿ ਉਨ੍ਹਾਂ ਨੇ ਲਾਲ ਚੰਦ ਦੇ ਘਰ ਨੇੜੇ ਉਹ ਥਾਂ ਪਵਿੱਤਰ ਯਾਦਗਾਰ ਵਜੋਂ ਸੰਭਾਲ ਲਈ ਜਿਥੇ ਲਾਵਾਂ ਹੋਈਆਂ ਸਨ। ਇਹ ਥਾਂ ਥੰਮ੍ਹ ਸਾਹਿਬ ਦੇ ਬਹੁਤ ਹੀ ਨੇੜੇ ਕਰਕੇ ਪਿਛਲੇ ਪਾਸੇ ਹੈ। ਲਾਲ ਚੰਦ ਦੇ ਘਰ ਨੇੜੇ ਹੀ ਸੌ ਕੁ ਗਜ਼ ਦੀ ਵਿੱਥ 'ਤੇ ਕਰਮ ਸਿੰਘ ਦੇ ਪਿਤਾ ਦਾ ਘਰ ਸੀ। ਕਰਮ ਸਿੰਘ ਦਾ ਪਿਤਾ, ਮਾਤਾ ਗੁਜਰੀ ਦਾ ਦਾਦੇ-ਪੋਤਰਾ ਭਰਾ ਹੀ ਲੱਗਦਾ ਸੀ ਤੇ ਕਰਮ ਸਿੰਘ ਇਸੇ ਕਰਕੇ ਮਾਤਾ ਗੁਜਰੀ ਨੂੰ ਭੂਆ ਕਰਕੇ ਬੁਲਾਂਦਾ ਹੁੰਦਾ ਸੀ। ਭਾਵੇਂ ਮਿਲਣ ਤਾਂ ਇਕੋ ਵੇਰ ਪਿਤਾ ਨਾਲ ਅਨੰਦਪੁਰ ਗਿਆ ਸੀ ਪਰ ਉਂਝ ਕਰਤਾਰਪੁਰ ਵਿਚ ਉਨ੍ਹਾਂ ਦਾ ਚਰਚਾ ਆਮ ਹੁੰਦਾ ਰਹਿੰਦਾ ਸੀ।

ਜਦੋਂ ਦੇ ਕਰਤਾਰਪੁਰੀਏ ਸੋਢੀ ਗੁਰੂ-ਘਰ ਨਾਲੋਂ ਟੁੱਟ ਕੇ ਆਪਣੀ ਵੱਖਰੀ ਗੱਦੀ ਚਲਾਣ ਦੇ ਯਤਨ ਕਰਨ ਲੱਗੇ ਸਨ ਤਾਂ ਉਸ ਸਮੇਂ ਕਰਤਾਰਪੁਰ ਦੀ ਸਿਖ ਸੰਗਤ ਵੀ ਦੋ ਹਿੱਸਿਆਂ ਵਿਚ ਵੰਡੀ ਗਈ ਸੀ। ਕੁਝ ਸੋਢੀਆਂ ਦੇ ਘਰ, ਉਨ੍ਹਾਂ ਦੇ ਨੌਕਰ-ਚਾਕਰ ਤੇ ਗੁਰੂ-ਘਰ ਦੇ ਵਿਰੋਧੀ ਇਕ ਪਾਸੇ ਹੋ ਗਏ ਸਨ ਪਰ ਮਾਤਾ ਗੁਜਰੀ ਦੇ ਪੇਕਿਆਂ ਦੇ ਸਾਰੇ ਘਰ ਪਹਿਲਾਂ ਵਾਂਗ ਹੀ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ ਤੇ ਇਸੇ ਸੰਗਤ ਨਾਲ

ਕਰਮ ਸਿੰਘ ਦਾ ਪਿਤਾ ਲਾਭ ਚੰਦ ਵੀ ਦੋ ਕੁ ਵਾਰ ਅਨੰਦਪੁਰ ਗੁਰੂ ਗੋਬਿੰਦ ਸਿੰਘ ਪਾਸ ਹੋ ਆਇਆ ਸੀ ਤੇ ਇਕ ਵਾਰ ਕਰਮੇ ਬਾਲਕ ਨੂੰ ਵੀ ਲੈ ਗਿਆ ਸੀ।

ਅਨੰਦਪੁਰ ਵਿਚ ਕਰਮੇ ਬਾਲਕ ਨੇ ਸੀਸਗੰਜ ਵਾਲੀ ਉਸ ਥਾਂ ਦੇ ਵੀ ਦਰਸ਼ਨ ਕੀਤੇ ਸਨ, ਜਿਥੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਹੋਇਆ ਸੀ। ਉਦੋਂ ਲਾਭ ਚੰਦ ਨੇ ਆਪਣੇ ਪੁੱਤਰ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਸਾਰੇ ਸਮਾਚਾਰ ਵੀ ਦੱਸੇ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿੱਛੋਂ ਮਾਤਾ ਗੁਜਰੀ ਨੂੰ ਪਰਚਾਉਣੀ ਲਈ ਕਰਤਾਰਪੁਰ ਤੋਂ ਉਹਦੇ ਪੇਕਿਆਂ ਦੇ ਕਈ ਪਰਵਾਰ ਆਏ ਸਨ ਤੇ ਲਾਭ ਚੰਦ ਵੀ ਉਸ ਸਮੇਂ ਅਨੰਦਪੁਰ ਆਇਆ ਸੀ। ਬਾਲਕ ਕਰਮੇ ਦੇ ਮਨ 'ਤੇ ਉਦੋਂ ਹੀ ਕੁਝ ਅਜਿਹਾ ਪ੍ਰਭਾਵ ਪਿਆ ਕਿ ਗੁਰੂ ਨੂੰ ਸ਼ਹੀਦ ਕਰਨ ਵਾਲਿਆਂ ਵਿਰੁੱਧ ਉਹਦੇ ਬਾਲੜੇ ਮਨ 'ਤੇ ਅਮਿੱਟ ਛਾਪ ਲੱਗ ਗਈ।

ਉਦੋਂ ਉਹ ਬਾਲਪਨ 'ਚੋਂ ਨਿਕਲ ਕੇ ਜਵਾਨੀ ਵਿਚ ਪੈਰ ਰੱਖ ਰਿਹਾ ਸੀ, ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡ ਕੇ ਨਿਕਲ ਤੁਰੇ ਤੇ ਸਰਸਾ ਨਦੀ ਪਾਰ ਕਰਦਿਆਂ ਪਰਵਾਰ ਕਈ ਹਿੱਸਿਆਂ ਵਿਚ ਵੰਡਿਆ ਗਿਆ। ਕੁਝ ਦਿਨਾਂ ਪਿੱਛੋਂ ਸੂਹ ਲੱਗੀ ਕਿ ਚਮਕੌਰ ਵਿਚ ਜੰਗ ਲੜਦਿਆਂ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ ਹਨ। ਮੁੜ ਕਿਸੇ ਆ ਕੇ ਦੱਸਿਆ ਕਿ ਗੁਰੂ ਜੀ ਆਪ ਮਾਲਵੇ ਵਿਚ ਇਕੱਲੇ ਆ ਨਿਕਲੇ ਤੇ ਸਿੰਘਾਂ ਨੂੰ ਇਕੱਠੇ ਕਰ ਕੇ ਖਿਦਰਾਣੇ ਦੀ ਢਾਬ 'ਤੇ ਮੁਗ਼ਲ ਸਰਕਾਰ ਦੀ ਲੱਖਾਂ ਵਿਚ ਇਕੱਠੀ ਹੋਈ ਫ਼ੌਜ ਨੂੰ ਹਾਰ ਦੇ ਕੇ ਮਾਲਵੇ ਵਿਚ ਹੀ ਕਿਧਰੇ ਟਿਕੇ ਹੋਏ ਹਨ। ਫਿਰ ਕਿਸੇ ਦਿਨ ਇਹ ਵੀ ਪਤਾ ਲੱਗ ਗਿਆ ਕਿ ਮਾਤਾ ਗੁਜਰੀ ਤੇ ਦੋਵੇਂ ਛੋਟੇ ਪੋਤਰੇ ਸਰਹੰਦ ਵਿਚ ਸ਼ਹੀਦ ਹੋ ਗਏ ਹਨ। ਇਸ ਖ਼ਬਰ ਨੇ ਬੁੱਢਿਆਂ ਨੂੰ ਉਦਾਸ ਤੇ ਨਿਰਾਸ਼ ਕਰ ਦਿੱਤਾ, ਪਰ ਜਵਾਨ ਮੁੰਡਿਆਂ ਦਾ ਲਹੂ ਖੌਲਣ ਲੱਗ ਪਿਆ। ਆਸੇ-ਪਾਸੇ ਦੇ ਪਿੰਡਾਂ ਦੇ ਕੁਝ ਨੌਜਵਾਨ ਕਰਤਾਰਪੁਰ ਵਿਚ ਇਕੱਠੇ ਹੋਏ। ਉਨ੍ਹਾਂ ਫ਼ੈਸਲਾ ਕੀਤਾ ਕਿ ਮਾਲਵੇ ਵਿਚ ਗੁਰੂ ਗੋਬਿੰਦ ਸਿੰਘ ਦਾ ਪਤਾ ਕੀਤਾ ਜਾਏ। ਚਾਰੇ ਬੱਚਿਆਂ ਤੇ ਮਾਤਾ ਗੁਜਰੀ ਦੇ ਸ਼ਹੀਦ ਹੋਣ ਦੀ ਗੱਲ ਤਸਦੀਕ ਕੀਤੀ ਜਾਏ। ਜੇ ਇਹ ਕਹਿਰ ਵਰਤ ਗਿਆ ਏ ਤਾਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਆਪਣੇ ਆਪ ਨੂੰ ਹਾਜ਼ਰ ਕਰ ਦੇਣਾ ਚਾਹੀਦਾ ਹੈ।

ਕਈ ਮਾਪਿਆਂ ਨੇ ਮੁੰਡਿਆਂ ਨੂੰ ਸਮਝਾਇਆ ਕਿ ਉਹ ਨਾ ਜਾਣ। ਆਪਣੀ ਜਾਨ ਨੂੰ ਖ਼ਤਰੇ ਵਿਚ ਨਾ ਪਾਣ। ਉਹ ਜਾ ਕੇ ਗੁਰੂ ਜੀ ਦੀ ਕੋਈ ਮਦਦ ਨਹੀਂ ਕਰ ਸਕਦੇ। ਕਿਸੇ ਬਜ਼ੁਰਗ ਨੇ ਕਿਹਾ, "ਮੁਗ਼ਲਾਂ ਨਾਲ ਮੱਥਾ ਨਹੀਂ ਲਾਣਾ ਚਾਹੀਦਾ। ਉਹ ਪਹਾੜ ਏ। ਉਹਦੇ ਨਾਲ ਟਕਰਾਇਆਂ ਆਪਣਾ ਸਿਰ ਹੀ ਪਾਟੇਗਾ, ਪਹਾੜ 'ਤੇ ਉਸ ਟੱਕਰ ਦਾ ਕੋਈ ਅਸਰ ਨਹੀਂ।" ਕਿਸੇ ਨੇ ਡਰਾਇਆ ਕਿ ਸਥਾਨਕ ਸੋਢੀਆਂ ਨਾਲ ਵਿਗੜ ਜਾਏਗੀ। ਇਹ ਤਾਂ ਸਮੇਂ ਦੀ ਹਕੂਮਤ ਦਾ ਸਾਥ ਦੇ ਰਹੇ ਹਨ। ਜਿਨ੍ਹਾਂ ਮੁੰਡਿਆਂ ਨੇ ਜਾਣ ਲਈ ਮਨ ਬਣਾ ਲਿਆ ਸੀ, ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ। ਸਭ ਤੋਂ ਵੱਡੀ ਗੱਲ ਇਹ ਕਿ ਕਰਮੇ ਨੂੰ ਉਹਦੇ ਪਿਤਾ ਲਾਭ ਚੰਦ ਨੇ ਬਿਲਕੁਲ ਨਾ ਰੋਕਿਆ, ਸਗੋਂ ਉਹਨੇ ਆਖਿਆ, "ਮੈਂ ਬਹੁਤ ਬੁੱਢਾ ਹੋ ਗਿਆ ਹਾਂ, ਹੁਣ ਮੈਥੋਂ ਲੰਮਾ ਸਫ਼ਰ ਨਹੀਂ ਹੁੰਦਾ। ਮੈਂ ਵੀ ਗੁਰੂ ਜੀ ਪਾਸ ਆਪਣੀ ਭੈਣ ਤੇ ਉਹਦੇ ਪੋਤਰਿਆਂ ਦੀ ਸ਼ਹੀਦੀ 'ਤੇ ਰਜ਼ਾ ਬੁਲਾਣ ਜਾਂਦਾ। ਤੂੰ ਜਵਾਨ ਏਂ ਤੇ ਮੇਰੀ ਥਾਂ ਹੁਣ ਤੂੰ ਹੀ ਹੋ ਆ।"

ਇਹ ਮੁੰਡਿਆਂ ਦੀ ਟੋਲੀ, ਕੁਝ ਖਾਣ ਪੀਣ ਦਾ ਸਾਮਾਨ ਚੁੱਕ ਕੇ ਤੁਰ ਪਈ ਤੇ ਸੁਲਤਾਨਪੁਰ ਲੋਧੀ ਤੋਂ ਅੱਗੇ ਜਾ ਕੇ ਇਨ੍ਹਾਂ ਦਰਿਆ ਪਾਰ ਕਰ ਕੇ ਮਾਲਵੇ ਵਿਚ ਜਾ ਕੇ ਗੁਰੂ ਜੀ ਦਾ ਪਤਾ ਕੀਤਾ। ਪਹਿਲਾਂ ਤਾਂ ਕਈ ਥਾਵਾਂ ਤੋਂ ਨਿਰਾਸ਼ਾਜਨਕ ਉੱਤਰ ਮਿਲਿਆ। ਪਰ ਅਖ਼ੀਰ ਕੋਈ ਗੁਰੂ ਕਾ ਸਿੰਘ ਮਿਲ ਪਿਆ ਤੇ ਉਹਨੇ ਦੱਸਿਆ ਕਿ ਬਠਿੰਡੇ ਤੋਂ ਅੱਗੇ

ਸਾਬੋ ਕੀ ਤਲਵੰਡੀ ਗੁਰੂ ਜੀ ਠਹਿਰੇ ਹੋਏ ਹਨ। ਉਹ ਪੁੱਛਦੇ ਪੁਛਾਂਦੇ ਸਾਬੋ ਕੀ ਤਲਵੰਡੀ ਜਾ ਪਹੁੰਚੇ। ਗੁਰੂ ਜੀ ਦੇ ਦਰਸ਼ਨ ਕਰ ਕੇ ਉਨ੍ਹਾਂ ਦੇ ਮਨ ਦੀ ਸਾਰੀ ਢਹਿੰਦੀ ਕਲਾ ਦੂਰ ਹੋ ਗਈ। ਉਹ ਸੋਚਦੇ ਸਨ ਕਿ ਚਾਰੇ ਪੁੱਤਰ ਸ਼ਹੀਦ ਹੋਣ ਤੇ ਮਾਤਾ ਗੁਜਰੀ ਦੇ ਸਰਹੰਦ ਵਿਚ ਸ਼ਹਾਦਤ ਪਾਣ ਪਿੱਛੋਂ ਗੁਰੂ ਜੀ ਦੇ ਮਨ ਤੇ ਚਿਹਰੇ 'ਤੇ ਦੁੱਖ ਤੇ ਵਿਜੋਗ ਦੇ ਭਾਵ ਸਾਫ਼ ਦਿਖਾਈ ਦਿੰਦੇ ਹੋਣਗੇ ਪਰ ਉਨ੍ਹਾਂ ਦੇਖਿਆ ਕਿ ਰੋਜ਼ਾਨਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਦੀਵਾਨ ਸੱਜਦੇ ਹਨ। ਗੁਰੂ ਜੀ ਸੰਗਤਾਂ ਨੂੰ ਧੀਰਜ ਦਿੰਦੇ ਤੇ ਚੜ੍ਹਦੀ ਕਲਾ ਵਿਚ ਰਹਿਣ ਦਾ ਉਪਦੇਸ਼ ਦਿੰਦੇ ਹਨ। ਸਾਰਾ ਦਿਨ ਲਿਖਾਰੀਆਂ ਨੂੰ ਬਿਠਾ ਕੇ ਲਿਖਾਈ ਜਾ ਰਹੇ ਹਨ। ਸ਼ਾਮ ਨੂੰ ਢਾਡੀ ਬੀਰ-ਰਸੀ ਵਾਰਾਂ ਸੁਣਾ ਰਹੇ ਹਨ ਤੇ ਧੜਾ-ਧੜ ਲੋਕ ਗੁਰੂ ਜੀ ਦੇ ਦਰਸ਼ਨਾਂ ਲਈ ਆ ਰਹੇ ਹਨ। ਆਪਣਾ ਆਪ ਗੁਰੂ ਜੀ ਦੇ ਹਵਾਲੇ ਕਰ ਰਹੇ ਹਨ। ਗੁਰੂ ਜੀ ਉਨ੍ਹਾਂ ਨੂੰ ਪੂਰਨ ਗੁਰਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਕਰ ਰਹੇ ਹਨ ਤੇ ਜਿਹੜੇ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਪਰਪੱਕ ਹੋ ਰਹੇ ਹਨ, ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਵਾ ਕੇ ਤਿਆਰ-ਬਰ-ਤਿਆਰ ਸੰਤ-ਸਿਪਾਹੀ ਬਣਾਈ ਜਾ ਰਹੇ ਹਨ।

ਕਰਮੇ ਹੋਰੀਂ ਵੀ ਦੋ ਮਹੀਨੇ ਸਾਬੋ ਕੀ ਤਲਵੰਡੀ ਟਿਕੇ ਰਹੇ। ਇਥੇ ਸ਼ਸਤਰ-ਵਿਦਿਆ ਵੀ ਪ੍ਰਾਪਤ ਕੀਤੀ ਤੇ ਨਿਤਨੇਮ ਦੀਆਂ ਬਾਣੀਆਂ ਵੀ ਕੰਠ ਕਰ ਲਈਆਂ। ਅਖ਼ੀਰ ਇਕ ਦਿਨ ਇਨ੍ਹਾਂ ਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ ਦਿੱਤੀ। ਗੁਰੂ ਗ੍ਰੰਥ ਸਾਹਿਬ ਦੀ ਜਿਹੜੀ ਬੀੜ ਗੁਰੂ ਜੀ ਨੇ ਇਥੇ ਬੈਠ ਕੇ ਲਿਖਵਾਈ, ਉਹਦੇ 'ਤੋਂ ਵਾਕ ਲਿਆ ਗਿਆ। 'ਕ' ਅੱਖਰ ਪਹਿਲੀ ਤੁਕ ਦੇ ਪਹਿਲੇ ਸ਼ਬਦ ਦਾ ਸੀ, ਇਸ ਲਈ ਕਰਮੇ ਦਾ ਨਾਮ ਕਰਮ ਸਿੰਘ ਹੀ ਰੱਖ ਦਿੱਤਾ। ਇਵੇਂ ਸਾਥੀਆਂ ਦੇ ਨਾਮ ਵੀ 'ਕ' ਅੱਖਰ ਤੋਂ ਕਰਤਾਰ ਸਿੰਘ, ਕੁਲਜੀਤ ਸਿੰਘ, ਕਿੱਕਰ ਸਿੰਘ, ਕਿਸ਼ਨ ਸਿੰਘ, ਕਪੂਰ ਸਿੰਘ, ਕਸਤੂਰ ਸਿੰਘ ਆਦਿ ਰੱਖੇ ਗਏ।

ਕੁਝ ਦਿਨਾਂ ਪਿੱਛੋਂ ਗੁਰੂ ਜੀ ਨੇ ਇਨ੍ਹਾਂ ਨੂੰ ਕਰਤਾਰਪੁਰ ਵਾਪਸ ਚਲੇ ਜਾਣ ਲਈ ਕਹਿ ਦਿੱਤਾ ਤੇ ਕਿਹਾ ਕਿ ਸਾਰੇ ਦੁਆਬੇ ਵਿਚ ਨਾਨਕ ਨਾਮ-ਲੇਵਾ ਸਿਖ ਸੰਗਤ ਨੂੰ ਸਾਰੀ ਗੱਲ ਅੱਖੀਂ ਦੇਖੀ ਦੱਸਣ। ਸੰਗਤਾਂ ਨੂੰ ਚੜ੍ਹਦੀ ਕਲਾ ਵਿਚ ਰਹਿਣ ਤੇ ਆਪਣਾ ਜੀਵਨ ਉੱਚਾ ਤੇ ਸੁੱਚਾ ਰੱਖਣ ਦੀ ਪ੍ਰੇਰਨਾ ਕਰਨ। ਜਦੋਂ ਤਕ ਸਿਖ ਆਪਣੇ ਜੀਵਨ ਵਿਚ ਪੂਰਨ ਸੰਤ-ਸਿਪਾਹੀ ਬਣ ਕੇ ਰਹਿਣਗੇ, ਗੁਰੂ ਉਨ੍ਹਾਂ ਦੇ ਅੰਗ-ਸੰਗ ਹੋਏਗਾ। ਜਦੋਂ ਸਿੱਖੀ ਜੀਵਨ ਵਿਚ ਕਮਜ਼ੋਰੀ ਆਈ, ਫਿਰ ਨਾ ਤਾਂ ਦੁਸ਼ਮਣ ਦਾ ਵਾਰ ਝੱਲ ਸਕਣਗੇ ਤੇ ਨਾ ਹੀ ਮੰਦ-ਸ਼ਕਤੀਆਂ ਨਾਲੋਂ ਟੱਕਰ ਵਿਚ ਸਫਲ ਹੋਣਗੇ।

ਗੁਰੂ ਜੀ ਦੇ ਆਦੇਸ਼ ਅਨੁਸਾਰ ਹੀ ਕਰਮ ਸਿੰਘ ਹੁਣ ਕਰਤਾਰਪੁਰ ਵਾਪਸ ਆ ਗਿਆ। ਘਰ ਦੇ ਜੀਆਂ ਨੂੰ ਪਿੱਛੋਂ ਥੋੜ੍ਹੀ ਜਿਹੀ ਚਿੰਤਾ ਲੱਗੀ ਸੀ ਕਿ ਪਤਾ ਨਹੀਂ ਉਹ ਗੁਰੂ ਜੀ ਤਕ ਪਹੁੰਚੇ ਵੀ ਹਨ ਕਿ ਨਹੀਂ। ਪ੍ਰਦੇਸ ਵਿਚ ਮੁੰਡਿਆਂ ਨੂੰ ਰਹਿਣ-ਬਹਿਣ ਤੇ ਖਾਣ-ਪੀਣ ਦੀ ਜ਼ਰੂਰ ਔਕੜ ਆਈ ਹੋਏਗੀ। ਕਦੇ ਪ੍ਰਦੇਸ ਗਏ ਜੁ ਨਹੀਂ ਸਨ, ਪਰ ਜਦੋਂ ਮਹੀਨੇ ਡੇਢ ਮਹੀਨੇ ਪਿੱਛੋਂ ਇਤਲਾਹ ਆ ਗਈ ਕਿ ਉਹ ਗੁਰੂ ਜੀ ਪਾਸ ਪਹੁੰਚ ਗਏ ਹਨ, ਫਿਰ ਸਭ ਨੂੰ ਤਸੱਲੀ ਹੋ ਗਈ ਸੀ। ਘਰ ਮੁੜਦਿਆਂ ਕਰਮ ਸਿੰਘ ਦੇ ਮਾਪਿਆਂ ਤਾਂ ਕੁਝ ਨਾ ਕਿਹਾ ਪਰ ਕਰਤਾਰ ਸਿੰਘ ਤੇ ਕਿਸ਼ਨ ਸਿੰਘ ਦੇ ਮਾਪੇ ਬਹੁਤ ਗੁੱਸੇ ਹੋਏ। ਉਨ੍ਹਾਂ ਨੂੰ ਦੁੱਖ ਲੱਗਾ ਕਿ ਇਕ ਤਾਂ ਹਕੂਮਤ ਨਾਲ ਵੈਰ ਪੈ ਜਾਏਗਾ ਤੇ ਦੂਜਾ ਮੁੰਡੇ ਹੁਣ ਘਰ ਦੇ ਕੰਮ-ਕਾਜ ਵਿਚ ਦਿਲ ਨਹੀਂ ਲਾਣਗੇ। ਇਨ੍ਹਾਂ ਦਾ ਗੁਰੂ ਜੀ ਦੀਆਂ ਲੜਾਈਆਂ ਵੱਲ ਹੀ ਧਿਆਨ ਜਾਏਗਾ ਤੇ ਲੜਾਈਆਂ ਤਾਂ ਮਨੁੱਖੀ ਜਾਨਾਂ ਖਾਣ ਵਾਲੇ ਦਿਉ ਹੁੰਦੇ ਹਨ।

ਕਰਮ ਸਿੰਘ ਦੇ ਪਿਤਾ ਲਾਭ ਚੰਦ ਦੇ ਮਕਾਨ 'ਤੇ ਲੋਕਾਂ ਦੀ ਆਵਾਜਾਈ ਦਾ ਤਾਂਤਾ

ਹੀ ਖਿੱਝ ਗਿਆ। ਦੋ-ਚਾਰ ਆਉਂਦੇ ਤੇ ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਹੀ ਦੋ-ਚਾਰ ਹੋਰ ਆ ਜਾਂਦੇ। ਇਸੇ ਕਰਤਾਰਪੁਰ ਵਿਚ ਕੁਝ ਮੁਸਲਮਾਨਾਂ ਦੇ ਘਰ ਵੀ ਸਨ ਤੇ ਉਹ ਵੀ ਗੁਰੂ-ਘਰ ਦੇ ਸ਼ਰਧਾਲੂ ਸਨ। ਗੁਰੂ ਜੀ ਦੀ ਕ੍ਰਿਪਾ ਨਾਲ ਹੀ ਉਨ੍ਹਾਂ ਨੂੰ ਵੀ ਕਰਤਾਰਪੁਰ ਵਿਚ ਵਸੇਬਾ ਮਿਲ ਗਿਆ ਸੀ। ਇਨ੍ਹਾਂ ਮੁਸਲਮਾਨਾਂ ਵਿਚੋਂ ਰਹੀਮ ਖ਼ਾਨ ਤੇ ਅੱਲਾਦਿੱਤਾ ਜਦ ਲਾਭ ਚੰਦ ਦੇ ਘਰ ਆਏ ਤਾਂ ਕਰਮ ਸਿੰਘ ਨੂੰ ਥਾਪੀ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਦੱਸ ਕੇ ਜਾਂਦੇ, ਅਸੀ ਵੀ ਗੁਰੂ ਜੀ ਨੂੰ ਕੁਝ ਭੇਟਾ ਭੇਜਦੇ। ਰੱਬ ਉਨ੍ਹਾਂ 'ਤੇ ਰਹਿਮ ਕਰੇ। ਸਾਡੀ ਤਾਂ ਇਹੀ ਦੁਆ ਏ।

ਰਾਤ ਭੱਠੀ 'ਤੇ ਇਕੱਠੇ ਹੋਏ ਮੁੰਡੇ ਵੀ ਦੂਜੇ ਦਿਨ ਇਨ੍ਹਾਂ ਦੇ ਘਰ ਆ ਇਕੱਠੇ ਹੋਏ। ਉਹ ਸੱਚਮੁੱਚ ਹੈਰਾਨ ਹੋਏ ਕਿ ਕਰਮ ਸਿੰਘ ਅੰਮ੍ਰਿਤ ਪਾਨ ਕਰ ਕੇ ਕਿਤਨਾ ਬਦਲ ਗਿਆ ਹੈ। ਪਹਿਲਾਂ ਵਾਂਗ ਉਹ ਹੁਣ ਯੱਕੜਾਂ ਨਹੀਂ ਮਾਰਦਾ। ਬੜੇ ਗਹਿਰ-ਗੰਭੀਰਾਂ ਵਾਂਗ ਉਹ ਦਾਨੀਆਂ ਗੱਲਾਂ ਕਰਦਾ ਹੈ। ਪਿੰਡ ਦੇ ਮੁੰਡਿਆਂ ਨੇ ਅਨੁਭਵ ਕੀਤਾ ਕਿ ਉਹ ਹੁਣ ਅਤਿ ਗੰਭੀਰ ਹੋ ਗਿਆ ਹੈ ਤੇ ਉਹ ਜਿਸ ਹਾਸੇ-ਮਖ਼ੌਲ ਲਈ ਉਹਦੇ ਪਾਸ ਆਏ ਸਨ, ਉਹ ਨਹੀਂ ਹੋ ਸਕਦਾ। ਇਸ ਲਈ ਉਨ੍ਹਾਂ ਗੁਰੂ ਜੀ ਪਾਸ ਬਿਤਾਏ ਦਿਨਾਂ ਦੀਆਂ ਗੱਲਾਂ ਸੁਣਨ ਦੀ ਇੱਛਾ ਪ੍ਰਗਟ ਕੀਤੀ। ਕਰਮ ਸਿੰਘ ਨੇ ਅਨੰਦਪੁਰ ਤੋਂ ਲੈ ਕੇ ਸਾਬੋ ਕੀ ਤਲਵੰਡੀ ਤਕ ਦੇ ਸਾਰੇ ਸਾਕੇ ਉਨ੍ਹਾਂ ਨੂੰ ਸੁਣਾ ਦਿੱਤੇ ਤੇ ਅਖ਼ੀਰ ਇਹੀ ਆਖਿਆ ਕਿ ਗੁਰੂ ਜੀ ਆਪ ਚੜ੍ਹਦੀ ਕਲਾ ਵਿਚ ਹਨ ਤੇ ਖ਼ਾਲਸੇ ਦੀ ਜਿੱਤ ਵਿਚ ਉਨ੍ਹਾਂ ਦਾ ਆਪਣਾ ਹੀ ਨਿਸਚਾ ਪੱਕਾ ਨਹੀਂ, ਸਗੋਂ ਜਿਹੜਾ ਵੀ ਉਨ੍ਹਾਂ ਦੇ ਦਰਸ਼ਨ ਕਰ ਲਵੇ, ਵਿਚਾਰ ਸੁਣ ਲਏ, ਉਹਦੀ ਵੀ ਅੰਤਰ-ਆਤਮਾ ਬਲਵਾਨ ਹੋ ਜਾਂਦੀ ਹੈ।

ਨਗਰ ਦੇ ਬਹੁਤੇ ਗੱਭਰੂਆਂ ਨੂੰ ਪਤਾ ਨਹੀਂ ਸੀ ਕਿ ਅੰਮ੍ਰਿਤ ਕੀ ਹੁੰਦਾ ਹੈ ਤੇ ਕਿਵੇਂ ਗੁਰੂ ਜੀ ਛਕਾਂਦੇ ਹਨ ? ਇਹਦਾ ਮਹੱਤਵ ਕੀ ਹੈ ? ਕਰਮ ਸਿੰਘ ਅੰਮ੍ਰਿਤ ਛਕ ਕੇ ਆਪਣੇ ਅੰਦਰ ਕੀ ਤਬਦੀਲੀ ਅਨੁਭਵ ਕਰਦਾ ਹੈ ? ਕਰਮ ਸਿੰਘ ਨੇ ਇਨ੍ਹਾਂ ਉਪਰ-ਥਲੀ ਹੋਏ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਸਮਝਾਇਆ ਕਿ ਖੰਡੇ ਬਾਟੇ ਦਾ ਅੰਮ੍ਰਿਤ ਪੰਜ ਪਿਆਰੇ ਤਿਆਰ ਕਰਦੇ ਹਨ ਤੇ ਜਿਤਨਾ ਚਿਰ ਪੰਜ ਬਾਣੀਆਂ ਦਾ ਪਾਠ ਹੁੰਦਾ ਹੈ, ਉਤਨਾ ਚਿਰ ਬਾਟੇ ਵਿਚ ਖੰਡਾ ਫਿਰਦਾ ਰਹਿੰਦਾ ਹੈ। ਸਾਰੀ ਵਿਧੀ ਸਮਝਾ ਕੇ ਕਰਮ ਸਿੰਘ ਨੇ ਅਖ਼ੀਰ ਵਿਚ ਦੱਸਿਆ ਕਿ ਅੰਮ੍ਰਿਤ ਪਾਨ ਕਰ ਕੇ ਉਹਦੇ ਵਿਚ ਵੱਡੀ ਤਬਦੀਲੀ ਆ ਗਈ ਹੈ। ਹੁਣ ਮੌਤ ਦਾ ਡਰ ਨਹੀਂ ਰਿਹਾ। ਅੰਦਰਲੀ ਪਸ਼ੂ-ਬਿਰਤੀ ਤੇ ਸ਼ੈਤਾਨੀਅਤ ਮੁੱਕ ਗਈ ਹੈ। ਇਉਂ ਜਾਪਦਾ ਹੈ ਕਿ ਮੰਦ-ਸ਼ਕਤੀਆਂ ਨਾਲ ਲੜ ਕੇ ਜਿੱਤ ਸਕਦਾ ਹਾਂ।

ਨਗਰ ਦੇ ਯਾਰ-ਬੇਲੀ ਅਜੇ ਉਠ ਕੇ ਬਾਹਰ ਜਾ ਹੀ ਰਹੇ ਸਨ ਕਿ ਦਿਆਲਪੁਰ ਦਾ ਸ਼ਾਮੂ ਸ਼ਾਹ ਆਪਣੇ ਦੋ ਭਰਾਵਾਂ ਸਮੇਤ ਆ ਗਿਆ। ਇਸੇ ਸ਼ਾਮੂ ਸ਼ਾਹ ਨੇ ਆਪਣੀ ਲੜਕੀ ਦੀਪੋ ਦਾ ਛੇ ਕੁ ਮਹੀਨੇ ਪਹਿਲਾਂ ਕਰਮੇ ਨਾਲ ਰਿਸ਼ਤਾ ਕੀਤਾ ਸੀ ਤੇ ਉਸ ਸਮੇਂ ਚਾਂਦੀ ਦਾ ਇਕ ਰੁਪਿਆ ਤੇ ਗੁੜ ਦੀ ਭੇਲੀ ਇਹਦੀ ਝੋਲੀ ਪਾ ਕੇ ਮੁੰਡਾ ਆਪਣਾ ਕਰ ਗਿਆ ਸੀ। ਜਦੋਂ ਇਹਨੇ ਸੁਣਿਆ ਕਿ ਉਹਦਾ ਹੋਣ ਵਾਲਾ ਜਵਾਈ ਕਈ ਮਹੀਨਿਆਂ ਪਿੱਛੋਂ ਘਰ ਆ ਗਿਆ ਏ ਤਾਂ ਇਹ ਮਿਲਣ ਲਈ ਆ ਗਿਆ।

ਸਾਹਮਣੇ ਕਰਮ ਸਿੰਘ ਹੀ ਖੜਾ ਸੀ ਤੇ ਉਹਨੇ ਸ਼ਾਮੂ ਸ਼ਾਹ ਨੂੰ ਦੇਖਦਿਆਂ ਕਿਹਾ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਸ਼ਾਮੂ ਸ਼ਾਹ ਨੇ ਉਹਨੂੰ ਘੋਟਵੀਂ ਪੱਗ ਬੰਨ੍ਹੀ ਤੇ ਗਾਤਰਾ ਕਿਰਪਾਨ ਪਾਈ ਪਹਿਲੀ ਵਾਰ ਦੇਖਿਆ ਸੀ। ਜਦੋਂ ਉਹ ਰਿਸ਼ਤਾ ਕਰਨ ਆਇਆ ਸੀ ਉਦੋਂ ਤਾਂ ਕਰਮੇ ਨੇ ਉਹਦੇ ਪੈਰੀਂ ਹੱਥ ਲਾਇਆ ਸੀ। ਨੇੜੇ ਆ ਕੇ ਉਹਨੇ

ਕਰਮੇ ਨੂੰ ਪਛਾਣਿਆ ਤੇ ਉਹਦੀ ਕੰਡ 'ਤੇ ਹੱਥ ਫੇਰਿਆ। ਉਹਨੇ ਕਦੇ ਫ਼ਤਹਿ ਬੁਲਾਂਦਿਆਂ ਕਿਸੇ ਨੂੰ ਨਹੀਂ ਸੀ ਵੇਖਿਆ। ਇਸ ਲਈ ਉਹਨੂੰ ਕਰਮ ਸਿੰਘ ਦਾ ਫ਼ਤਹਿ ਬੁਲਾਉਣਾ ਬੜਾ ਓਪਰਾ ਜਿਹਾ ਲੱਗਾ। ਲਾਭ ਚੰਦ ਦੇ ਘਰ ਦੇ ਹੋਰ ਜੀਅ ਵੀ ਝੱਟ ਨਿਕਲ ਆਏ ਤੇ ਉਹਨਾਂ ਕੁੜਮਾਂ ਦਾ ਸਵਾਗਤ ਕੀਤਾ। ਝਟਪਟ ਮੰਜਿਆਂ 'ਤੇ ਖੇਸ ਵਿਛਾਏ ਗਏ ਤੇ ਉਥੇ ਕੁੜਮਾਂ ਨੂੰ ਸਤਿਕਾਰ ਨਾਲ ਬਿਠਾਇਆ। ਲੱਸੀ ਦੇ ਭਰੇ ਹੋਏ ਛੰਨੇ ਅੱਗੇ ਲਿਆ ਰੱਖੇ। ਛੰਨਿਆਂ ਵਿਚ ਲੱਸੀ 'ਤੇ ਮੱਖਣ ਦੇ ਪੇੜੇ ਤਰਦੇ ਦਿਸ ਰਹੇ ਸਨ। ਸ਼ਾਮੂ ਸ਼ਾਹ ਤੇ ਉਹਦੇ ਭਰਾਵਾਂ ਦੇ ਚਿਹਰਿਆਂ 'ਤੇ ਸਾਕ-ਸੰਬੰਧੀਆਂ ਨੂੰ ਮਿਲ ਕੇ ਆਉਂਦੀ ਖ਼ੁਸ਼ੀ ਦੇ ਕੋਈ ਚਿੰਨ੍ਹ ਨਹੀਂ ਸਨ। ਉਹ ਲਾਭ ਚੰਦ ਜਾਂ ਕਰਮ ਸਿੰਘ ਨਾਲ ਗੱਲ-ਬਾਤ ਕਰਨ ਦੀ ਥਾਂ ਆਪਸ ਵਿਚ ਹੀ ਬੜੀ ਧੀਮੀ ਆਵਾਜ਼ ਵਿਚ ਘੁਸਰ-ਮੁਸਰ ਕਰ ਰਹੇ ਸਨ।

ਝੱਟ ਪਿੱਛੋਂ ਉਹ ਕਹਿਣ ਲੱਗੇ, "ਅਸੀਂ ਤਾਂ ਕਰਮੇ ਦੀ ਸੁੱਖ-ਸਾਂਦ ਪੁੱਛਣ ਆਏ ਸਾਂ ਤੇ ਅਸੀਂ ਵੇਖ ਲਿਆ ਏ, ਹੁਣ ਚੱਲਦੇ ਹਾਂ।"

"ਐਡੀ ਵੀ ਕਾਹਦੀ ਕਾਹਲੀ ਏ?" ਲਾਭ ਚੰਦ ਨੇ ਕਿਹਾ, "ਹੁਣੇ ਰੋਟੀ ਤਿਆਰ ਹੋ ਜਾਂਦੀ ਏ, ਛਕ ਕੇ ਸ਼ਾਮ ਨੂੰ ਚਲੇ ਜਾਇਓ। ਤੁਸੀਂ ਕਿਹੜਾ ਦੂਰ ਜਾਣਾ ਏ।"

"ਨਹੀਂ, ਪਿੱਛੇ ਬਥੇਰੇ ਕੰਮ ਨੇ," ਸ਼ਾਮੂ ਸ਼ਾਹ ਨੇ ਕਿਹਾ ਤੇ ਫਿਰ ਲਾਭ ਚੰਦ ਵੱਲ ਦੇਖ ਕੇ ਪਿਆਰ ਨਾਲ ਕਹਿਣ ਲੱਗਾ, "ਜ਼ਰਾ, ਤੁਹਾਡੇ ਨਾਲ ਵੱਖਰਿਆਂ ਗੱਲ ਕਰਨੀ ਏ।"

"ਚਲੋ, ਆਪਾਂ ਦੂਜੇ ਅੰਦਰ ਚੱਲ ਬੈਠਦੇ ਹਾਂ," ਲਾਭ ਚੰਦ ਨੇ ਉੱਤਰ ਦਿੱਤਾ।

"ਨਹੀਂ, ਬਾਹਰ ਹੀ ਚੱਲੀਏ," ਸ਼ਾਮੂ ਸ਼ਾਹ ਨੇ ਉਠਦਿਆਂ ਆਖਿਆ। ਇਹ ਤਿੰਨੇ ਭਰਾ ਤੇ ਲਾਭ ਚੰਦ ਬਾਹਰ ਖੁੱਲ੍ਹੀ ਥਾਂ ਆ ਗਏ। ਸ਼ਾਮੂ ਸ਼ਾਹ ਨੇ ਕੁਝ ਝਕਦਿਆਂ ਤੇ ਕੁਝ ਭਰੇ ਗਲੇ ਨਾਲ ਗੱਲ ਸ਼ੁਰੂ ਕੀਤੀ, "ਤੁਸੀਂ ਕਰਮੇ ਨੂੰ ਸਿੰਘ ਬਣਨ ਤੋਂ ਰੋਕਿਆ ਨਹੀਂ?"

"ਅਸੀਂ ਅੱਗੇ ਹੀ ਗੁਰੂ-ਘਰ ਦੇ ਸ਼ਰਧਾਲੂ ਸਿਖ ਹਾਂ," ਲਾਭ ਚੰਦ ਨੇ ਉੱਤਰ ਦਿੱਤਾ, "ਗੁਰੂ ਦਾ ਹੁਕਮ ਏ ਕਿ ਅੰਮ੍ਰਿਤਪਾਨ ਕਰੋ ਤੇ ਸਿੰਘ ਬਣ ਜਾਓ। ਇਸ ਵਿਚ ਹਰਜ ਵੀ ਕੀ ਏ?"

"ਗੁਰੂ-ਘਰ ਨੂੰ ਤਾਂ ਅਸੀਂ ਵੀ ਮੰਨਦੇ ਹਾਂ," ਸ਼ਾਮੂ ਸ਼ਾਹ ਨੇ ਆਖਿਆ, "ਪਰ ਅੱਜ ਦੇ ਸਮੇਂ ਵਿਚ ਹਾਲਾਤ ਬੜੇ ਮਾੜੇ ਹਨ। ਜਦੋਂ ਤੋਂ ਗੁਰੂ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ ਏ, ਮੁਸੀਬਤਾਂ ਦੇ ਪਹਾੜ ਟੁੱਟ ਪਏ ਨੇ। ਚਾਰੇ ਪੁੱਤਰ ਗੁਰੂ ਜੀ ਦੇ ਮਾਰੇ ਗਏ। ਅਨੰਦਪੁਰ ਛੱਡ ਕੇ ਪਤਾ ਨਹੀਂ ਕਿਥੇ ਕਿਥੇ ਭੱਜੇ ਫਿਰਦੇ ਨੇ। ਹਕੂਮਤ ਨਾਲ ਟੱਕਰ ਲੈਣੀ ਕੋਈ ਸੌਖਾ ਕੰਮ ਨਹੀਂ। ਤੁਸੀਂ ਨਹੀਂ ਜਾਣਦੇ, ਹਕੂਮਤ ਦਾ ਫ਼ੈਸਲਾ ਏ ਕਿ ਦਾੜ੍ਹੀ ਪਗੜੀ ਵਾਲਾ ਕੋਈ ਸਿਖ ਨਹੀਂ ਰਹਿਣ ਦੇਣਾ। ਹਾਕਮਾਂ ਦੀ ਨਜ਼ਰ ਵਿਚ ਅੰਮ੍ਰਿਤ ਵਾਲੇ ਬਾਗ਼ੀ ਹਨ।"

"ਤੁਸੀਂ ਕਹਿਣਾ ਕੀ ਚਾਹੁੰਦੇ ਜੇ?" ਲਾਭ ਚੰਦ ਨੇ ਗੱਲ ਮੁਕਾਈ। ਉਹਨੂੰ ਸ਼ਾਮੂ ਸ਼ਾਹ ਦੀਆਂ ਗੱਲਾਂ ਸੁਣ ਕੇ ਖਿਝ ਆ ਰਹੀ ਸੀ।

"ਕਰਮੇ ਨੂੰ ਆਖੋ ਕਿ ਉਹ ਵਾਲ ਕਟਾ ਦੇਵੇ ਤੇ ਪਹਿਲਾਂ ਵਾਲੇ ਰੂਪ ਵਿਚ ਆ ਜਾਏ," ਸ਼ਾਮੂ ਸ਼ਾਹ ਦੇ ਭਰਾ ਨੇ ਉਹ ਗੱਲ ਸਾਫ਼ ਕਹਿ ਦਿੱਤੀ ਜਿਸ ਬਾਰੇ ਉਹ ਪਹਿਲਾਂ ਘੁਸਰ-ਮੁਸਰ ਕਰ ਰਹੇ ਸਨ।

"ਇਹ ਨਹੀਂ ਹੋ ਸਕਦਾ," ਲਾਭ ਚੰਦ ਨੇ ਕਿਹਾ, "ਅਸੀਂ ਗੁਰੂ ਵਾਲੇ ਬਣ ਗਏ ਪੁੱਤਰ ਨੂੰ ਗੁਰੂ ਦਾ ਲੜ ਛੱਡਣ ਲਈ ਨਹੀਂ ਕਹਿ ਸਕਦੇ। ਅਸੀਂ ਜੇ ਕਹਿ ਵੀ ਦਈਏ ਤਾਂ ਉਹ ਕਦੇ ਨਹੀਂ ਮੰਨੇਗਾ। ਉਹ ਤਾਂ ਹੋਰਨਾਂ ਨੂੰ ਵੀ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਰ ਰਿਹਾ ਏ।"

"ਫਿਰ ਅਸੀਂ ਕੁੜੀ ਦਾ ਵਿਆਹ ਇਸ ਨਾਲ ਨਹੀਂ ਕਰ ਸਕਦੇ," ਸ਼ਾਮੂ ਸ਼ਾਹ ਦਾ ਦੂਜਾ

ਭਰਾ ਬੋਲ ਪਿਆ। ਲਾਭ ਚੰਦ ਨੂੰ ਹੁਣ ਸਮਝ ਆਈ ਕਿ ਇਹ ਘਰ ਵਿਚ ਕਿਉਂ ਅਫ਼ਸੋਸੇ ਬੈਠੇ ਸਨ ਤੇ ਕਾਹਦੇ ਲਈ ਮੈਨੂੰ ਉਚੇਚਾ ਬਾਹਰ ਬੁਲਾ ਕੇ ਲਿਆਏ ਹਨ।

"ਕਰਮ ਸਿੰਘ ਬਣ ਕੇ ਕਰਮਾ ਅੱਗੇ ਨਾਲੋਂ ਵਧੀਆ ਇਨਸਾਨ ਬਣ ਗਿਆ ਏ, ਤੁਸੀਂ ਐਵੇਂ ਹਾਕਮਾਂ ਤੋਂ ਡਰ ਗਏ ਹੋ। ਇਹ ਸੰਕਟ ਦੇ ਦਿਨ ਸਦਾ ਨਹੀਂ ਰਹਿਣੇ," ਲਾਭ ਚੰਦ ਨੇ ਸਮਝਾਇਆ।

"ਨਹੀਂ ਜੀ, ਅਸੀਂ ਸੋਚ ਸਮਝ ਕੇ ਅਰਜ਼ ਕੀਤੀ ਏ," ਸ਼ਾਮੂ ਸ਼ਾਹ ਬੋਲਿਆ, "ਤੁਸੀਂ ਘਰ ਜਾ ਕੇ ਪਰਵਾਰ ਨਾਲ ਵਿਚਾਰਨਾ ਤੇ ਕਰਮੇ ਨਾਲ ਵੀ ਗੱਲ-ਬਾਤ ਕਰਨੀ। ਅਸੀਂ ਨਹੀਂ ਚਾਹੁੰਦੇ ਕਿ ਕੁੜੀ ਦਾ ਵਿਆਹ ਕਿਧਰੇ ਹੋਰ ਕਰੀਏ ਪਰ ਮਜਬੂਰ ਹਾਂ, ਇਸ ਹਾਲਤ ਵਿਚ ਕਰਮੇ ਨਾਲ ਵੀ ਵਿਆਹ ਨਹੀਂ ਕਰ ਸਕਦੇ।"

"ਮੈਂ ਕੀ ਸਲਾਹ ਕਰਨੀ ਏ," ਲਾਭ ਚੰਦ ਨੇ ਕਿਹਾ, "ਤੁਸੀਂ ਸੋਚ ਲਿਆ ਜੇ, ਫ਼ੈਸਲਾ ਤੁਸੀਂ ਕਰਨਾ ਏ, ਅਸੀਂ ਨਹੀਂ।"

ਇਉਂ ਦੋਵੇਂ ਪਾਸੇ ਆਪੋ ਆਪਣੀ ਗੱਲ 'ਤੇ ਅੜੇ ਰਹੇ ਤੇ ਫਿਰ ਸ਼ਾਮੂ ਸ਼ਾਹ ਹੋਰੀਂ ਇਥੋਂ ਹੀ ਬਨਾਉਟੀ ਜਿਹੀ ਮੁਸਕਰਾਹਟ ਛੱਡਦਿਆਂ ਤੇ ਹੱਥ ਜੋੜ ਕੇ ਨਮਸਕਾਰ ਕਰ ਕੇ ਚਲੇ ਗਏ।

2

ਦਿਆਲਪੁਰ ਵਿਚ ਇਕ ਪਾਸੇ ਮੁਸਲਮਾਨੀ ਵੱਸੋਂ ਸੀ ਤੇ ਦੂਜੇ ਪਾਸੇ ਹਿੰਦੂ ਰਹਿੰਦੇ ਸਨ। ਦੋਹਾਂ ਪਾਸਿਆਂ ਦੀਆਂ ਪੱਤੀਆਂ ਵਿਚਕਾਰ ਇਕ ਗਲੀ ਸੀ ਪਰ ਬਹੁਤ ਹੀ ਖੁੱਲ੍ਹੀ। ਮਰਦ ਤੇ ਖ਼ਾਸ ਕਰਕੇ ਮੁੰਡੇ ਤਾਂ ਇਕ ਪਾਸਿਓਂ ਦੂਜੇ ਪਾਸੇ ਦਿਨ ਵਿਚ ਕਈ ਕਈ ਵਾਰ ਜਾਂਦੇ। ਬੰਦੇ ਵੀ ਕੰਮ-ਕਾਜ ਦੇ ਸੰਬੰਧ ਵਿਚ ਜਦ ਲੋੜ ਪੈਂਦੀ, ਜਾਂਦੇ ਰਹਿੰਦੇ ਪਰ ਔਰਤਾਂ ਘੱਟ-ਵੱਧ ਹੀ ਇਕ ਪਾਸਿਓਂ ਦੂਜੇ ਪਾਸੇ ਜਾਂਦੀਆਂ। ਉਨ੍ਹਾਂ ਵਿਚਕਾਰ ਇਹ ਡਰ ਤੇ ਨਫ਼ਰਤ ਦੀ ਕੰਧ ਉਸਰੀ ਪਈ ਸੀ। ਕੁਝ ਹਟਵਾਣੀਏ ਖੁੱਲ੍ਹੀ ਗਲੀ ਵੱਲ ਹੀ ਦੁਕਾਨ ਦਾ ਦਰਵਾਜ਼ਾ ਖੁੱਲ੍ਹਾ ਰੱਖਦੇ ਤੇ ਇਉਂ ਮੁਸਲਮਾਨੀ ਵੱਸੋਂ ਵਾਲੇ ਇਲਾਕੇ ਦੀਆਂ ਤੀਵੀਆਂ, ਬਸ ਇਨ੍ਹਾਂ ਹਟਵਾਣੀਆਂ ਦੀਆਂ ਦੁਕਾਨਾਂ ਤਕ ਹੀ ਆਉਂਦੀਆਂ।

ਪਹਿਲਾਂ ਇਸ ਤਰ੍ਹਾਂ ਦੀਆਂ ਵੰਡੀਆਂ ਨਹੀਂ ਸਨ। ਉਂਝ ਹਿੰਦੂ ਇਨ੍ਹਾਂ ਮੁਸਲਮਾਨਾਂ ਨਾਲ ਲੱਗਿਆਂ ਵੀ ਭਿੱਟ ਗਏ ਮਹਿਸੂਸ ਕਰਦੇ ਸਨ ਤੇ ਜਿਨ੍ਹਾਂ ਗਿੱਲੀਆਂ ਚੀਜ਼ਾਂ ਨੂੰ ਮੁਸਲਮਾਨਾਂ ਦਾ ਹੱਥ ਲੱਗ ਜਾਏ, ਉਹ ਹਿੰਦੂ ਪਰਵਾਰ ਨਹੀਂ ਸਨ ਖਾਂਦੇ। ਵਿਆਹ-ਸ਼ਾਦੀਆਂ 'ਤੇ ਜਦ ਇਕ ਦੂਜੇ ਨੂੰ ਬੁਲਾਉਂਦੇ ਤਾਂ ਹਿੰਦੂ ਮਰਦ ਹੀ ਜਾਂਦੇ ਤੇ ਉਹ ਵੀ ਮੂੰਹ ਜੂਠਾ ਕੀਤੇ ਬਿਨਾਂ ਮੁੜ ਆਉਂਦੇ। ਮੁਸਲਮਾਨ ਉਨ੍ਹਾਂ ਨੂੰ ਸੁੱਕੀ ਰਸਦ ਘਰ ਦੇ ਜਾਂਦੇ, ਜੋ ਉਹ ਬਣਾ ਕੇ ਖਾ ਲੈਂਦੇ। ਮੁਸਲਮਾਨਾਂ ਵਿਚ ਇਸ ਤਰ੍ਹਾਂ ਦੀ ਸੁੱਚ-ਭਿੱਟ ਦਾ ਖ਼ਿਆਲ ਨਹੀਂ ਸੀ। ਉਂਝ ਉਹ ਹਿੰਦੂਆਂ ਨੂੰ ਕਾਫ਼ਰ ਸਮਝਦੇ ਤੇ ਆਪਣੇ ਆਪ ਨੂੰ ਮੋਮਨ ਆਖਦੇ।

ਕਹਿੰਦੇ ਹਨ ਕਿ ਜਦੋਂ ਮੁਸਲਮਾਨ ਵੱਸੋਂ ਇਥੇ ਹੋਈ ਤਾਂ ਮੁੱਢਲੇ ਸਾਲਾਂ ਵਿਚ ਔਰਤਾਂ ਵੀ ਇਧਰ-ਉਧਰ ਆਉਂਦੀਆਂ ਰਹਿੰਦੀਆਂ ਸਨ ਪਰ ਜਦੋਂ ਤੋਂ ਇਕ ਹਿੰਦੂ ਕੁੜੀ ਮੁਸਲਮਾਨ ਮੁੰਡਾ ਕੱਢ ਕੇ ਲੈ ਗਿਆ, ਉਦੋਂ ਤੋਂ ਔਰਤਾਂ ਦਾ ਇਧਰ-ਉਧਰ ਆਉਣਾ ਬੰਦ ਹੋ ਗਿਆ। ਕਈ ਚਿਰ ਤਾਂ ਮਰਦਾਂ ਦਾ ਬੋਲ-ਚਾਲ ਵੀ ਖ਼ਤਮ ਹੋਇਆ ਰਿਹਾ ਪਰ ਫਿਰ ਦੋਹਾਂ ਪਾਸਿਆਂ ਦੀ ਲੋੜ ਕਾਰਨ ਹੌਲੀ ਹੌਲੀ ਬੋਲ-ਚਾਲ ਸ਼ੁਰੂ ਹੋ ਗਈ। ਪਿੰਡ ਦੇ ਹਿੰਦੂ ਮੰਨਦੇ ਸਨ ਕਿ ਗੁਰੂ

ਅਰਜਨ ਦੇਵ ਦੇ ਇਸ ਪਾਸੇ ਪ੍ਰਚਾਰ ਫੇਰੇ 'ਤੇ ਆਉਣ ਪਿੱਛੋਂ ਹਿੰਦੂਆਂ ਮੁਸਲਮਾਨਾਂ ਵਿਚ ਉਹ ਨਫ਼ਰਤ ਤੇ ਘਿਰਣਾ ਘੱਟ ਗਈ ਸੀ। ਹਿੰਦੂਆਂ ਵਿਚ ਫੋਕੇ ਵਹਿਮਾਂ-ਭਰਮਾਂ ਦੀ ਕਮੀ ਹੋਈ ਸੀ। ਭਾਵੇਂ ਪਿੰਡ ਦੇ ਹਿੰਦੂ ਪਰਵਾਰ ਸਿਖ ਤਾਂ ਨਹੀਂ ਸਨ ਬਣੇ ਪਰ ਉਨ੍ਹਾਂ ਦੇ ਦਿਲ ਅੰਦਰ ਗੁਰੂ-ਘਰ ਲਈ ਸ਼ਰਧਾ ਤੇ ਸਤਿਕਾਰ ਜ਼ਰੂਰ ਪੈਦਾ ਹੋ ਗਿਆ ਸੀ। ਪਿੰਡ ਦੇ ਮੁਸਲਮਾਨ ਵੀ ਗੁਰੂ ਜੀ ਨੂੰ ਚੰਗਾ ਸਮਝਦੇ ਸਨ ਕਿਉਂਕਿ ਪਿੰਡ ਵਿਚ ਇਕ ਸੂਫ਼ੀ ਫ਼ਕੀਰ ਰਹਿੰਦਾ ਸੀ, ਜੋ ਸਾਈਂ ਮੀਆਂ ਮੀਰ ਦਾ ਚੇਲਾ ਸੀ। ਜਦੋਂ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਗੁਰੂ ਜੀ ਨੇ ਸਾਈਂ ਮੀਆਂ ਮੀਰ ਤੋਂ ਰਖਵਾਈ ਸੀ, ਉਦੋਂ ਤੋਂ ਸਾਰੇ ਸੂਫ਼ੀ ਗੁਰੂ-ਘਰ ਦੇ ਚੋਖੇ ਨੇੜੇ ਹੋ ਗਏ ਮਹਿਸੂਸ ਕਰਦੇ ਸਨ।

ਦਿਆਲਪੁਰ ਦੇ ਹਿੰਦੂ ਪਰਵਾਰਾਂ ਦੀਆਂ ਔਰਤਾਂ ਮੂੰਹ-ਹਨੇਰੇ ਹੀ ਇਕੱਠੀਆਂ ਹੋ ਕੇ ਬਾਹਰ ਖੇਤਾਂ ਵਿਚ ਜੰਗਲ-ਪਾਣੀ ਹੋ ਆਉਂਦੀਆਂ। ਪਿੰਡ ਦੇ ਉਸੇ ਪਾਸੇ ਨਿਕਲਦੀਆਂ ਜਿਧਰ ਆਮ ਕਰਕੇ ਹਿੰਦੂਆਂ ਦੀਆਂ ਜ਼ਮੀਨਾਂ ਸਨ। ਇਕ ਕੁਦਰਤੀ ਮੌਕਾ-ਮੇਲ ਸੀ ਕਿ ਪੂਰਬ ਵੱਲ ਹਿੰਦੂ ਜ਼ਿਮੀਦਾਰਾਂ ਦੀ ਜ਼ਮੀਨ ਸੀ ਤੇ ਪੱਛਮ ਵੱਲ ਮੁਸਲਮਾਨਾਂ ਦੀ। ਦੂਜੀ ਵਾਰ ਖੇਤਾਂ ਵਿਚ ਹਲ ਵਾਹੁੰਦੇ ਜਾਂ ਗੋਡੀ ਕਰਦੇ ਮਰਦਾਂ ਨੂੰ ਭੱਤਾ ਦੇਣ ਲਈ ਨਿਕਲਦੀਆਂ ਤਾਂ ਵੀ ਚਾਰ-ਪੰਜ ਦੀ ਢਾਣੀ ਇਕੱਠੀ ਨਿਕਲਦੀ ਤੇ ਰਾਹ ਵਿਚ ਆਪੋ ਆਪਣੇ ਖੇਤਾਂ ਵਿਚ ਰੁਕ ਜਾਂਦੀਆਂ। ਮੁੜਦੀ ਵਾਰ ਫਿਰ ਇਕੱਠੀਆਂ ਹੋ ਕੇ ਹੀ ਘਰਾਂ ਨੂੰ ਪਰਤਦੀਆਂ।

ਘਰਾਂ ਦੇ ਕੰਮ-ਕਾਜ ਤੋਂ ਛੇਤੀ ਵਿਹਲੀਆਂ ਹੋ ਕੇ ਮੁਟਿਆਰਾਂ ਇਕੱਠੀਆਂ ਹੋ ਕੇ ਚਰਖਾ ਕੱਤਦੀਆਂ, ਚਾਦਰਾਂ 'ਤੇ ਫੁੱਲ-ਬੂਟੇ ਕੱਢਦੀਆਂ ਤੇ ਕਿਸੇ ਨਾ ਕਿਸੇ ਦੇ ਖੁੱਲ੍ਹੇ ਵਿਹੜੇ ਵਿਚ ਇਕੱਠੀਆਂ ਹੋ ਕੇ ਗਾਉਂਦੀਆਂ, ਗਿੱਧੇ ਪਾਉਂਦੀਆਂ ਅਤੇ ਪਿਆਰ ਤੇ ਬਿਰਹਾ ਦੀ ਪੀੜਾ ਨੂੰ ਦੂਜੀਆਂ ਨਾਲ ਸਾਂਝਾ ਕਰਦੀਆਂ। ਇਹ ਆਮ ਤੌਰ 'ਤੇ ਅਜਿਹਾ ਵੇਲਾ ਹੁੰਦਾ ਸੀ ਜਦੋਂ ਮਰਦ ਘਰਾਂ ਤੋਂ ਬਾਹਰ ਹੁੰਦੇ ਸਨ ਤੇ ਜਨਾਨੀਆਂ ਖੁੱਲ੍ਹ ਕੇ ਹਾਸਾ ਮਖ਼ੌਲ ਕਰ ਲੈਂਦੀਆਂ। ਕਈ ਤਾਂ ਖੜੀਆਂ ਗੰਦੀਆਂ ਬੋਲੀਆਂ ਵੀ ਪਾਉਂਦੀਆਂ ਤੇ ਸਾਂਗ ਵੀ ਰਚਦੀਆਂ। ਸ਼ਾਮ ਹੁੰਦਿਆਂ ਸਭ ਘਰਾਂ ਨੂੰ ਪਰਤ ਜਾਂਦੀਆਂ ਤੇ ਰਾਤ ਦਾ ਰੋਟੀ ਟੁਕਰ ਤਿਆਰ ਕਰਨ ਵਿਚ ਰੁੱਝ ਜਾਂਦੀਆਂ।

ਕੁੜੀਆਂ ਅਜੇ ਸ਼ਾਮੂ ਸ਼ਾਹ ਦੇ ਘਰ ਤੋਂ ਕੁਝ ਹਟਵੇਂ ਇਕ ਘਰ ਵਿਚ ਇਕੱਠੀਆਂ ਹੋ ਹੀ ਰਹੀਆਂ ਸਨ। ਉਸ ਸਮੇਂ ਕੁਝ ਕੁੜੀਆਂ ਦੀਪੋ ਨੂੰ ਆਵਾਜ਼ ਵੀ ਮਾਰ ਗਈਆਂ ਤੇ ਦੀਪੋ ਨੇ ਉਨ੍ਹਾਂ ਨੂੰ ਕਹਿ ਦਿੱਤਾ ਕਿ ਮੈਂ ਹੁਣੇ ਆਈ, ਪਰ ਉਨ੍ਹਾਂ ਕੁੜੀਆਂ ਦੇ ਜਾਣ ਦੀ ਦੇਰ ਸੀ ਕਿ ਸ਼ਾਮੂ ਸ਼ਾਹ ਤੇ ਉਹਦੇ ਭਰਾ ਕਰਤਾਰਪੁਰ ਤੋਂ ਮੁੜ ਆਏ। ਸ਼ਾਮੂ ਸ਼ਾਹ ਦੀ ਪਤਨੀ ਨੇ ਆਉਂਦਿਆਂ ਪੁੱਛਿਆ, "ਪ੍ਰਾਹੁਣਾ ਠੀਕ ਠਾਕ ਸੀ?" ਇਹ ਸ਼ਾਇਦ ਉਨ੍ਹਾਂ ਦੇ ਹਿੱਸੇ ਚਿਹਰਿਆਂ ਤੋਂ ਹੀ ਅਨੁਮਾਨ ਲਾ ਕੇ ਕਾਹਲੀ ਵਿਚ ਸਵਾਲ ਕਰ ਦਿੱਤਾ।

"ਕੋਈ ਠੀਕ ਠਾਕ ਨਹੀਂ। ਮੁੰਡਾ ਅੰਮ੍ਰਿਤ ਛਕ ਕੇ ਸਿੰਘ ਬਣ ਗਿਆ ਏ। ਹੁਣ ਉਹ ਸਾਡੇ ਕਿਸੇ ਕੰਮ ਨਹੀਂ," ਸ਼ਾਮੂ ਸ਼ਾਹ ਨੇ ਹਉਕਾ ਲੈਂਦਿਆਂ ਦੱਸਿਆ, "ਅਸੀਂ ਤੇ ਬਈ ਰਿਸ਼ਤਾ ਤੋੜ ਆਏ ਹਾਂ।"

"ਹਾਇ ਮੈਂ ਮਰ ਗਈ," ਦੀਪੋ ਦੀ ਮਾਂ ਦੇ ਮੂੰਹੋਂ ਆਪ-ਮੁਹਾਰਾ ਨਿਕਲ ਗਿਆ, "ਇਹ ਕੀ ਕਹਿਰ ਕਰ ਆਏ ਹੋ। ਮੇਰੀ ਧੀ ਨੂੰ ਬੱਜ ਲੱਗ ਗਈ। ਅੱਗੇ ਕਿਹੜੇ ਰਿਸ਼ਤੇ ਪਏ ਮਿਲਦੇ ਨੇ। ਮਸੀਂ ਤਾਂ ਚੱਜ ਦਾ ਮੁੰਡਾ ਲੱਭਿਆ ਤੇ ਉਹ ਵੀ ਤੁਸੀਂ ਨਾ-ਪਸੰਦ ਕਰ ਆਏ। ਰਿਸ਼ਤਾ ਕਰ ਕੇ ਵੀ ਕੋਈ ਇਸ ਤਰ੍ਹਾਂ ਕਾਹਲੀ ਕਰਦਾ ਹੈ। ਤੁਸੀਂ ਘਰ ਆ ਕੇ ਸਾਡੇ ਨਾਲ ਸਲਾਹ ਤਾਂ ਕਰਦੇ। ਕੀ ਹੋਇਆ ਜੇ ਮੁੰਡਾ ਸਿੰਘ ਬਣ ਗਿਆ ਏ। ਦੁਨੀਆਂ ਹੋਰ ਬਥੇਰੀ ਅੰਮ੍ਰਿਤ ਪੀ ਕੇ ਸਿੰਘ ਬਣਦੀ ਪਈ ਏ। ਭਲਾ, ਇਹ ਵੀ ਰਿਸ਼ਤਾ ਤੋੜਨ ਦਾ ਕੋਈ ਕਾਰਨ ਏ।"

"ਆਹੋ ਬੜਾ ਵੱਡਾ ਕਾਰਨ ਏ," ਸ਼ਾਮੂ ਸ਼ਾਹ ਦਾ ਭਰਾ ਬੋਲ ਪਿਆ, "ਮੁੰਡੇ ਨੂੰ ਕਿਸੇ ਘਰ ਨਹੀਂ ਵੱਸਣ ਦੇਣਾ। ਹਕੂਮਤ ਨਾਲ ਗੁਰੂ ਨੇ ਜਿਹੜੀ ਦੁਸ਼ਮਣੀ ਪਾ ਲਈ ਏ, ਉਹਦੇ ਕਰਕੇ ਹਰ ਸਿਖ ਦੇ ਗੇਣਵੇਂ ਦਿਨ ਨੇ। ਵਿਆਹ ਕੇ ਧੀ ਰੰਡੀ ਕਰਨ ਨਾਲੋਂ ਰਿਸ਼ਤਾ ਤੋੜਨਾ ਚੰਗਾ ਏ।"

"ਮੂੰਹ ਸੜੇ ਤੇਰਾ, ਮੇਰੀ ਧੀ ਨੂੰ ਹੁਣੇ ਰੰਡੀ ਕਹਿਣ ਲੱਗ ਪਿਆ ਏਂ," ਸ਼ਾਮੂ ਸ਼ਾਹ ਦੀ ਪਤਨੀ ਨੇ ਗੁੱਸੇ ਨਾਲ ਆਖਿਆ। ਜੇਕਰ ਇਹ ਸ਼ਾਮੂ ਸ਼ਾਹ ਦਾ ਵੱਡਾ ਭਰਾ ਹੁੰਦਾ ਤਾਂ ਸ਼ਾਇਦ ਰੁਕਮਣੀ ਅਜਿਹੇ ਫਿੱਕੇ ਬੋਲ ਨਾ ਬੋਲਦੀ। ਜੇਠ ਸਾਹਮਣੇ ਉਹਨੇ ਕਦੇ ਉੱਚੀ ਆਵਾਜ਼ ਨਹੀਂ ਸੀ ਕੱਢੀ। ਇਹ ਦੇਵਰ ਸੀ ਤੇ ਦੇਵਰਾਂ ਨੂੰ ਤਾਂ ਉਹ ਚੰਗੀ-ਮੰਦੀ ਗੱਲ ਕਹਿ ਲੈਂਦੀ ਸੀ।

ਦੀਪੋ ਅੰਦਰੋਂ ਲੱਸੀ ਦੇ ਛੰਨੇ ਭਰ ਕੇ ਤੇ ਫਿਰ ਪਹਾੜੀ ਲੂਣ ਦਾ ਡਲਾ ਫੇਰ ਕੇ ਲੈ ਆਈ ਤੇ ਉਹਨੂੰ ਆਉਂਦਿਆਂ ਦੇਖ ਕੇ ਸਾਰੇ ਇਕ ਦਮ ਹੀ ਚੁੱਪ ਹੋ ਗਏ। ਉਨ੍ਹਾਂ ਭਾਣੇ ਦੀਪੋ ਨੂੰ ਕੁਝ ਵੀ ਪਤਾ ਨਹੀਂ ਕਿ ਉਹ ਕੀ ਗੱਲਾਂ ਕਰ ਰਹੇ ਹਨ ਪਰ ਦੀਪੋ ਨੂੰ ਪਤਾ ਸੀ ਕਿ ਉਹਦਾ ਬਾਪੂ ਕਰਤਾਰਪੁਰ ਗਿਆ ਏ ਤੇ ਉਹ ਕਰਮੇ ਦੀ ਸੁੱਖ-ਸਾਂਦ ਪੁੱਛ ਕੇ ਆ ਰਿਹਾ ਹੈ। ਇਸ ਲਈ ਦਰਵਾਜ਼ੇ ਨਾਲ ਲੱਗ ਕੇ ਉਹਨੇ ਸਾਰੀ ਗੱਲ ਸੁਣੀ। ਉਹਨੇ ਕਰਮੇ ਨੂੰ ਅਜੇ ਤਕ ਦੇਖਿਆ ਵੀ ਨਹੀਂ ਸੀ ਪਰ ਉਹਦਾ ਰਿਸ਼ਤਾ ਕਰਨ ਸਮੇਂ ਘਰ ਵਿਚ ਕਰਮੇ ਦੀਆਂ ਜਿਵੇਂ ਸਿਫ਼ਤਾਂ ਹੁੰਦੀਆਂ ਸਨ, ਉਹਦੇ ਗੁਣਾਂ ਦਾ ਜਿਵੇਂ ਚਰਚਾ ਹੁੰਦਾ ਸੀ, ਉਹਦੇ ਤੋਂ ਉਹਦੇ ਮਨ ਵਿਚ ਕਰਮੇ ਦੀ ਇਕ ਤਸਵੀਰ ਉਕਰੀ ਗਈ ਸੀ।

"ਨਾ ਮਿਲੇ, ਨਾ ਗੱਲਾਂ ਕੀਤੀਆਂ, ਫਿਰ ਵੀ ਉਹ ਮਨ ਨੂੰ ਸੋਹਣਾ ਲੱਗਦਾ ਏ। ਉਹਦਾ ਨਾਮ ਲੈਂਦਿਆਂ ਇਕ ਸਰੂਰ ਜਿਹਾ ਆ ਜਾਂਦਾ ਏ। ਦਿਲ ਨੂੰ ਇਕ ਧੂਹ ਜਿਹੀ ਪੈਂਦੀ ਏ," ਕਈ ਵਾਰ ਦੀਪੋ ਘਰ ਵਿਚ ਇਕੱਲਿਆਂ ਮੰਜੇ 'ਤੇ ਲੇਟੀ ਹੋਈ ਇਹੀ ਸੋਚੀ ਜਾਂਦੀ, "ਬਿਨ ਮਿਲਿਆਂ ਇਤਨਾ ਪਿਆਰ ਅੰਦਰ ਉਛਾਲੇ ਮਾਰਦਾ ਏ, ਮਿਲਣ ਪਿੱਛੋਂ ਕੀ ਦਸ਼ਾ ਹੋਏਗੀ। ਫਿਰ ਤਾਂ ਜਜ਼ਬਿਆਂ ਦਾ ਹੜ੍ਹ ਆ ਜਾਏਗਾ ਜੋ ਸਾਰੇ ਬੰਨੇ ਤੇ ਰੁਕਾਵਟਾਂ ਢਾਹ ਕੇ ਆਪਣਾ ਰਾਹ ਬਣਾਈ ਜਾਂਦਾ ਏ।"

ਜਦ ਤੋਂ ਉਹਦਾ ਰਿਸ਼ਤਾ ਪੱਕਾ ਹੋਇਆ, ਉਹ ਆਪਣੇ ਆਪ ਨੂੰ ਕਰਮੇ ਦੀ ਪਤਨੀ ਮਹਿਸੂਸ ਕਰਨ ਲੱਗ ਪਈ। ਹਰ ਪਲ, ਹਰ ਕੰਮ ਕਰਦਿਆਂ ਉਹਦਾ ਧਿਆਨ ਅਣਦੇਖੇ ਕਰਮੇ ਵੱਲ ਹੀ ਜਾਂਦਾ। ਕਦੇ ਕੋਈ ਕੁੜੀ ਕਰਤਾਰਪੁਰੋਂ ਹੋ ਕੇ ਆਉਂਦੀ ਤਾਂ ਇਹ ਆਨੇ-ਬਹਾਨੇ ਉਹਦੇ ਤੋਂ ਕਰਮੇ ਬਾਰੇ ਕੋਈ ਨਾ ਕੋਈ ਗੱਲ ਸੁਣਨ ਦਾ ਯਤਨ ਕਰਦੀ। ਚੇਤ ਤੇ ਅਚੇਤ ਦੋਹਾਂ ਅਵਸਥਾਵਾਂ ਵਿਚ ਉਹ ਕਰਮੇ ਦੀ ਸੀ।

ਹੁਣ ਜਦੋਂ ਬਾਪੂ ਤੋਂ ਰਿਸ਼ਤਾ ਤੋੜ ਦੇਣ ਦੀ ਗੱਲ ਸੁਣੀ ਤਾਂ ਉਹ ਇਕ ਦਮ ਘਬਰਾ ਗਈ। ਉਹਦੇ ਲਈ ਕਮਰੇ ਦੇ ਦਰਵਾਜ਼ੇ ਨਾਲ ਲੱਗ ਕੇ ਖਲੋਣਾ ਵੀ ਔਖਾ ਹੋ ਗਿਆ। ਇਉਂ ਲੱਗਾ ਜਿਵੇਂ ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਚੱਲੀ ਹੋਵੇ ਤੇ ਉਹ ਬੇਹੋਸ਼ ਹੋ ਕੇ ਡਿੱਗ ਪਏਗੀ। ਉਹਨੇ ਹਿੰਮਤ ਕਰ ਕੇ ਕਦਮ ਪੁੱਟਿਆ ਤੇ ਕੋਲ ਪਏ ਮੰਜੇ 'ਤੇ ਬੈਠ ਗਈ। ਉਹਦਾ ਗੱਚ ਭਰ ਆਇਆ ਤੇ ਇਉਂ ਲੱਗਾ ਕਿ ਉਹਦੇ ਰੋਕਿਆਂ ਵੀ ਅੱਥਰੂ ਅੱਖਾਂ ਵਿਚ ਨਹੀਂ ਰੁਕ ਸਕਣਗੇ। ਉਹਨੂੰ ਯਾਦ ਆਇਆ ਕਿ ਮਾਂ ਨੇ ਤਾਂ ਲੱਸੀ ਪਾਣੀ ਦੇਣ ਲਈ ਕਿਹਾ ਸੀ ਤੇ ਉਹ ਆਪ ਵੀ ਬਾਹਰ ਬਾਪੂ ਨਾਲ ਗੱਲਾਂ ਵਿਚ ਅਜਿਹੀ ਰੁੱਝ ਗਈ ਕਿ ਉਹਨੇ ਵੀ ਆਵਾਜ਼ ਨਹੀਂ ਮਾਰੀ। "ਜੇ ਮੈਂ ਰੋ ਪਈ ਤਾਂ ਬਾਪੂ ਕੀ ਕਹੇਗਾ," ਉਹਨੂੰ ਖ਼ਿਆਲ ਆਇਆ, "ਧੀਆਂ ਵੀ ਸਾਡੇ ਸਮਾਜ ਵਿਚ ਅਜਿਹੀਆਂ ਅਬਲਾਵਾਂ ਨੇ ਕਿ ਨਾ ਇਨ੍ਹਾਂ ਦਾ ਰਿਸ਼ਤਾ ਕਰਨ ਲੱਗਿਆਂ ਕੋਈ ਪੁੱਛਦਾ ਹੈ ਤੇ ਨਾ ਹੀ ਰਿਸ਼ਤਾ ਤੋੜਨ ਲੱਗਿਆਂ ਇਨ੍ਹਾਂ ਦੀ ਕੋਈ ਸਲਾਹ ਲੈਂਦਾ ਹੈ। ਕੀ ਹੋਇਆ

ਜੋ ਕਰਮਾ, ਉਹਦੇ ਸੁਪਨਿਆਂ ਦਾ ਰਾਜਾ, ਸਿੰਘ ਬਣ ਗਿਆ ਏ। ਅਸੀਂ ਕਿਹੜਾ ਗੁਰੂ-ਘਰ ਨੂੰ ਨਹੀਂ ਮੰਨਦੇ।" ਉਹਨੂੰ ਰਿਸ਼ਤਾ ਤੋੜਨ ਦੀ ਗੱਲ ਬਿਲਕੁਲ ਚੰਗੀ ਨਾ ਲੱਗੀ।

ਝੱਟ ਪਿੱਛੋਂ ਉਹ ਉੱਠੀ ਤੇ ਲੱਸੀ ਦੇ ਛੰਨੇ ਬਾਹਰ ਦੇ ਕੇ ਮੁੜ ਆ ਕੇ ਮੰਜੇ 'ਤੇ ਲੇਟ ਗਈ। ਜਿਵੇਂ ਬਾਪੂ ਦੀਆਂ ਗੱਲਾਂ ਤੋਂ ਸੁਣਿਆ ਸੀ, ਉਹ ਅਨੁਮਾਨ ਲਾਉਣ ਲੱਗ ਪਈ ਕਿ ਪੱਗ ਬੰਨ੍ਹੀ ਤੇ ਤਲਵਾਰ ਲਟਕਾਈ ਹੁਣ ਕਰਮਾ ਕਿਸ ਤਰ੍ਹਾਂ ਦਾ ਲੱਗਦਾ ਹੋਏਗਾ। ਫਿਰ ਉਹਦੀ ਸੋਚ-ਉਡਾਰੀ ਦੂਜੇ ਪਾਸੇ ਲੈ ਗਈ ਕਿ ਕਰਮੇ ਨੂੰ ਜਦ ਰਿਸ਼ਤਾ ਟੁੱਟਣ ਦਾ ਪਤਾ ਲੱਗਾ ਹੋਏਗਾ ਤਾਂ ਉਹਦੇ ਮਨ 'ਤੇ ਕੀ ਅਸਰ ਹੋਇਆ ਹੋਏਗਾ। ਉਹਦੇ ਬਾਰੇ ਹੁਣ ਤੱਕ ਜੋ ਕੁਝ ਸੁਣਿਆ ਸੀ, ਉਹ ਆਪਣੀ ਮੰਗੇਤਰ ਨੂੰ ਹੁਣ ਹੋਰ ਕਿਸੇ ਦੀ ਨਹੀਂ ਹੋਣ ਦੇਵੇਗਾ।

ਉਹਦਾ ਪਿਛਲੇ ਮਹੀਨਿਆਂ 'ਚ ਕਈ ਵਾਰੀ ਜੀਅ ਕੀਤਾ ਕਿ ਉਹ ਕਿਸੇ ਆਨੇ-ਬਹਾਨੇ ਕਰਤਾਰਪੁਰ ਜਾ ਕੇ ਕਰਮੇ ਨੂੰ ਮਿਲ ਆਵੇ, ਉਹਦੇ ਨਾਲ ਜੇ ਗੱਲ-ਬਾਤ ਨਹੀਂ ਹੋ ਸਕਦੀ ਤਾਂ ਘੱਟੋ-ਘੱਟ ਦੂਰੋਂ ਦੇਖ ਤਾਂ ਆਏ, ਪਰ ਉਹਨੂੰ ਇਹਦੇ ਲਈ ਵਸੀਲਾ ਨਹੀਂ ਸੀ ਮਿਲ ਰਿਹਾ। ਉਨ੍ਹਾਂ ਦੇ ਪਿੰਡ ਵਿਚ ਕਰਤਾਰਪੁਰ ਦੀ ਇਕ ਕੁੜੀ ਵਿਆਹੀ ਹੋਈ ਸੀ ਤੇ ਉਹਦੇ ਨਾਲ ਕਰਤਾਰਪੁਰ ਜਾਣ ਨੂੰ ਜੀਅ ਵੀ ਕੀਤਾ, ਪਰ ਉਹਦੇ ਨਾਲ ਗੱਲ ਕਰਨ ਦਾ ਹੌਸਲਾ ਨਾ ਕਰ ਸਕੀ। ਇਹੀ ਡਰ ਖਾਈ ਜਾਂਦਾ ਰਿਹਾ ਕਿ ਮਾਂ ਨੂੰ ਪਤਾ ਲੱਗ ਗਿਆ ਤਾਂ ਉਹ ਕੀ ਕਹੇਗੀ। ਬਾਪੂ ਨੂੰ ਪਤਾ ਲੱਗਾ ਤਾਂ ਉਹਦਾ ਗੁੱਸਾ ਠੱਲ੍ਹਿਆ ਨਹੀਂ ਜਾ ਸਕਣਾ। ਬਸ ਇਨ੍ਹਾਂ ਗੱਲਾਂ ਕਰਕੇ ਉਹ ਕਰਤਾਰਪੁਰ ਨਾ ਜਾ ਸਕੀ।

ਕਈ ਵਾਰ ਉਹਦੇ ਮਨ ਵਿਚ ਇਹ ਵੀ ਵਿਚਾਰ ਆਇਆ ਕਿ ਮੈਂ ਤਾਂ ਕੁੜੀ ਆਂ। ਮੈਂ ਕਰਤਾਰਪੁਰ ਜਾ ਕੇ ਗਲੀਆਂ ਵਿਚ ਨਿਝੱਕ ਹੋ ਕੇ ਤੁਰ ਫਿਰ ਨਹੀਂ ਸਕਦੀ। ਕਿਸੇ ਤੋਂ ਕਰਮੇ ਦਾ ਘਰ ਪੁੱਛ ਨਹੀਂ ਸਕਦੀ। ਕਰਮੇ ਸਾਹਮਣੇ ਜਾ ਕੇ ਖੁੱਲ੍ਹ ਕੇ ਗੱਲ ਨਹੀਂ ਕਰ ਸਕਦੀ ਪਰ ਕਰਮੇ ਲਈ ਤਾਂ ਅਜਿਹੀ ਕੋਈ ਰੋਕ ਨਹੀਂ। ਉਹ ਤਾਂ ਮੁੰਡਾ ਏ ਤੇ ਮੁੰਡੇ ਜਦੋਂ ਤੇ ਜਿਥੇ ਚਾਹੁਣ ਜਾ ਸਕਦੇ ਹਨ। ਉਹ ਤਾਂ ਦਿਆਲਪੁਰ ਆ ਸਕਦਾ ਸੀ। ਉਹਨੂੰ ਪਤਾ ਹੋਏਗਾ ਕਿ ਹਿੰਦੂਆਂ ਦੀ ਵੱਸੋਂ ਚੜ੍ਹਦੇ ਪਾਸੇ ਹੈ ਤੇ ਉਹ ਛੋਟੀ ਇਧਰੋਂ ਲੰਘਦਾ ਕਿਸੇ ਨਾ ਕਿਸੇ ਬਹਾਨੇ ਮੈਨੂੰ ਮਿਲ ਵੀ ਸਕਦਾ ਸੀ। ਉਹ ਕਰਤਾਰਪੁਰ ਦੀ ਕੁੜੀ ਨੂੰ ਜਾਣਦਾ ਹੈ, ਇਸ ਲਈ ਉਹਦੇ ਘਰ ਆ ਕੇ, ਉਹਦੇ ਰਾਹੀਂ ਮੈਨੂੰ ਬੁਲਾ ਸਕਦਾ ਸੀ। ਕਈ ਵਾਰ ਉਹਨੂੰ ਕਰਮੇ ਦੀ ਇਸ ਅਣਗਹਿਲੀ 'ਤੇ ਮਾੜਾ ਜਿਹਾ ਗੁੱਸਾ ਵੀ ਆ ਜਾਂਦਾ, ਪਰ ਫਿਰ ਉਹਦੇ ਮਨ 'ਤੇ ਪਿਆਰ ਦਾ ਜਜ਼ਬਾ ਭਾਰੂ ਹੋ ਜਾਂਦਾ ਤੇ ਉਹ ਕਰਮੇ ਨੂੰ ਆਪੇ ਮਾਫ਼ ਵੀ ਕਰ ਦਿੰਦੀ।

ਬਾਪੂ ਤੇ ਚਾਚੇ ਉਠ ਕੇ ਬਾਹਰ ਨਿਕਲ ਗਏ। ਮਾਂ ਅੰਦਰ ਆਈ ਤਾਂ ਦੀਪੋ ਨੇ ਜਾਣ ਕੇ ਅੱਖਾਂ ਮੀਟ ਲਈਆਂ ਜਿਵੇਂ ਉਹ ਸੁੱਤੀ ਪਈ ਹੋਵੇ। ਉਹ ਚਾਹੁੰਦੀ ਸੀ ਕਿ ਮਾਂ ਉਹਦੇ ਨਾਲ ਆਪੇ ਗੱਲ ਕਰੇ ਤੇ ਫਿਰ ਦੀਪੋ ਉਹਨੂੰ ਆਪਣੇ ਮਨ ਦੀ ਗੱਲ ਖੁੱਲ੍ਹ ਕੇ ਕਰ ਦੇਵੇ। ਆਖ਼ਰ ਲੈ ਦੇ ਕੇ ਇਕ ਮਾਂ ਤਾਂ ਘਰ ਵਿਚ ਅਜਿਹਾ ਜੀਅ ਸੀ ਜਿਸ ਕੋਲ ਦੀਪੋ ਆਪਣੇ ਮਨ ਦੀ ਹਰ ਗੱਲ ਕਰ ਸਕਦੀ ਸੀ, ਪਰ ਉਹਦੀ ਮਾਂ ਨੇ ਉਹਨੂੰ ਜਗਾਇਆ ਤੇ ਆਵਾਜ਼ ਦੇ ਕੇ ਆਖਿਆ ਕਿ ਕਦੋਂ ਦੀਆਂ ਕੁੜੀਆਂ ਸੱਦ ਗਈਆਂ ਨੇ, ਉਹ ਜਾਂਦੀ ਕਿਉਂ ਨਹੀਂ ? ਉੱਠ ਜਾ ਕੇ ਝੱਟ ਕੁੜੀਆਂ ਨਾਲ ਲਾ ਆ, ਨਹੀਂ ਤੇ ਹੁਣੇ ਉਹ ਇਕੱਠੀਆਂ ਹੋ ਕੇ ਆ ਜਾਣਗੀਆਂ।

ਦੀਪੋ ਨੂੰ ਸਮਝ ਨਹੀਂ ਸੀ ਆ ਰਹੀ ਕਿ ਬਾਪੂ ਇਤਨਾ ਵੱਡਾ ਫ਼ੈਸਲਾ ਬਿਨਾਂ ਸਲਾਹ ਕੀਤੇ ਕਰ ਆਇਆ ਏ। ਉਹਦੀ ਉਹ ਸਾਰੀ ਦੁਨੀਆਂ ਹੀ ਉਜੜ ਗਈ ਜਿਹੜੀ ਉਹਨੇ ਕੁਝ ਮਹੀਨਿਆਂ ਵਿਚ ਉਸਾਰੀ ਸੀ। ਸਾਰੇ ਪਿੰਡ ਨੂੰ ਪਤਾ ਏ ਕਿ ਉਹਦਾ ਰਿਸ਼ਤਾ ਕਰਤਾਰਪੁਰ ਵਿਚ ਹੋ ਗਿਆ ਏ। ਹੁਣ ਉਹ ਕਿਵੇਂ ਦੱਸਣਗੇ ਕਿ ਰਿਸ਼ਤਾ ਤੋੜ ਆਏ ਹਾਂ। ਲੋਕ ਅਫ਼ਸੋਸ

ਕਰਨ ਆਉਣਗੇ, ਸਹੇਲੀਆਂ ਉਹਨੂੰ ਅਫ਼ਸੋਸ ਕਰਨਗੀਆਂ ਤਾਂ ਉਹ ਅੱਗੋਂ ਕੀ ਉੱਤਰ ਦੇਵੇਗੀ। ਕੋਈ ਉਹਨੂੰ ਦੋਸ਼ ਦਏਗਾ ? ਕੋਈ ਹੋਰ ਕਾਰਨ ਘੜ ਕੇ ਦੂਜਿਆਂ ਨੂੰ ਦੱਸੇਗਾ ? ਉਹ ਤੇ ਉਹਦਾ ਬਾਪ ਕਿਸ ਕਿਸ ਦੇ ਮਨ ਦੇ ਸ਼ੰਕਿਆਂ ਨੂੰ ਦੂਰ ਕਰਨਗੇ।

ਉਹਨੂੰ ਨਹੀਂ ਸੀ ਪਤਾ ਕਿ ਮਨ ਮਾਂ ਦਾ ਵੀ ਉਤਨਾ ਹੀ ਡਾਵਾਂ-ਡੋਲ ਹੈ। ਉਹ ਦੀਪੋ ਨਾਲੋਂ ਵੀ ਵੱਧ ਉਸ ਦੇ ਭਵਿੱਖਤ ਬਾਰੇ ਚਿੰਤਾਤੁਰ ਸੀ। ਉਹ ਫ਼ੈਸਲਾ ਨਹੀਂ ਕਰ ਸਕੀ ਕਿ ਧੀ ਨਾਲ ਇਸ ਬਾਰੇ ਗੱਲ ਕਰੇ। ਮਾਂ ਇਕ ਪਾਸੇ ਆਪਣੇ ਪਤੀ ਸ਼ਾਮੂ ਸ਼ਾਹ ਦੇ ਫ਼ੈਸਲੇ ਨੂੰ ਖੁੱਲ੍ਹ ਕੇ ਗਲਤ ਨਹੀਂ ਸੀ ਕਹਿ ਸਕਦੀ ਤੇ ਉਹਦੀ ਕੀਤੀ ਗੱਲ ਨੂੰ ਠੀਕ ਸਾਬਤ ਕਰਨ ਲਈ ਵੀ ਉਹਦਾ ਜੀਅ ਨਹੀਂ ਸੀ ਕਰਦਾ। ਮਾਂ ਆਪਣੀ ਧੀ ਦੀ ਖ਼ੁਸ਼ੀ ਨੂੰ ਪਹਿਲ ਦਿੰਦੀ ਏ ਤੇ ਧੀ ਦੇ ਵਸੇਬੇ ਤੇ ਭਵਿੱਖਤ ਲਈ ਉਹ ਹਰ ਸੰਕਟ ਤੇ ਮੁਸੀਬਤ ਨੂੰ ਸਹਿਣ ਲਈ ਤਿਆਰ ਹੁੰਦੀ ਏ। ਉਹ ਆਪ ਇਕ ਔਰਤ ਹੁੰਦੀ ਏ ਤੇ ਜਵਾਨ ਰਹਿ ਚੁੱਕੀ ਹੁੰਦੀ ਏ। ਜਵਾਨ ਕੁੜੀਆਂ ਦੇ ਜਜ਼ਬਾਤ ਤੇ ਸੋਚ ਤੋਂ ਜਾਣੂੰ ਹੁੰਦੀ ਏ। ਉਹ ਦੂਜੇ ਪਾਸੇ ਇਕ ਮਰਦ ਦੀ ਪਤਨੀ ਵੀ ਹੁੰਦੀ ਏ। ਮਰਦ ਪ੍ਰਧਾਨ ਸਮਾਜ ਵਿਚ ਪਤਨੀ ਲਈ ਮਰਦ ਦੇ ਹਰ ਫ਼ੈਸਲੇ ਨੂੰ ਸਵੀਕਾਰ ਕਰਨਾ ਵੀ ਜ਼ਰੂਰੀ ਹੁੰਦਾ ਹੈ। ਉਹ ਇਸ ਮਸਲੇ 'ਤੇ ਇਕਾਂਤ ਵਿਚ ਅਜੇ ਵਿਚਾਰ ਕਰਨਾ ਚਾਹੁੰਦੀ ਸੀ। ਧੀ ਨਾਲ ਗੱਲ ਕਰਨ ਤੋਂ ਪਹਿਲਾਂ ਮਾਹੌਲ ਬਣਾਉਣਾ ਚਾਹੁੰਦੀ ਸੀ। ਉਹਨੂੰ ਇਹ ਬਿਲਕੁਲ ਨਹੀਂ ਸੀ ਪਤਾ ਕਿ ਦੀਪੋ ਨੇ ਸਭ ਕੁਝ ਨੇੜੇ ਹੋ ਕੇ ਸੁਣ ਲਿਆ ਹੈ ਤੇ ਉਹ ਜਿਹੜੀ ਖ਼ਬਰ ਦੱਸਣ ਲਈ ਬਾਨ੍ਹਣੂ ਬੰਨ੍ਹਣਾ ਚਾਹੁੰਦੀ ਸੀ, ਉਹ ਦੀਪੋ ਨੂੰ ਪਤਾ ਲੱਗ ਚੁੱਕੀ ਸੀ।

ਮਾਂ ਨੇ ਦੀਪੋ ਨੂੰ ਉਠਾ ਕੇ ਕੁੜੀਆਂ ਦੇ ਤ੍ਰਿੰਞਣ ਵਿਚ ਬਦੋ-ਬਦੀ ਭੇਜ ਦਿੱਤਾ। ਦੀਪੋ ਜਦੋਂ ਗਈ ਤਾਂ ਕੁੜੀਆਂ ਚਰਖਾ ਕੱਤਣ ਦੀ ਇਕ ਛੁੱਟੀ ਲਾ ਕੇ ਹੁਣ ਝੱਟ ਮਨ-ਪਰਚਾਵੇ ਲਈ ਗੀਤਾਂ ਤੇ ਗਿੱਧੇ ਦਾ ਪਿੜ ਬਣਾ ਕੇ ਖੜੀਆਂ ਸਨ। ਸਭ ਤੋਂ ਪਹਿਲਾਂ ਕੁੜੀਆਂ ਨੇ ਬੰਤੋ ਨੂੰ 'ਚਰਖਾ ਚੰਨਣ ਦਾ' ਗੀਤ ਸ਼ੁਰੂ ਕਰਨ ਲਈ ਆਖਿਆ। ਇਹ ਮਾਹੌਲ ਬੰਨ੍ਹਣ ਲਈ ਇਕ ਵਧੀਆ ਵਸੀਲਾ ਸੀ, ਕਿਉਂਕਿ ਬੰਤੋ ਅੱਗੇ ਅੱਗੇ ਇਕ ਤੁਕ ਗਾ ਕੇ ਪੜ੍ਹਦੀ ਤੇ ਕੁੜੀਆਂ ਇਹਦੇ ਨਾਲ 'ਸ਼ਾਵਾ' ਸ਼ਬਦ ਅਖ਼ੀਰ 'ਤੇ ਇਕੱਠੀਆਂ ਹੋ ਕੇ ਪੜ੍ਹਦੀਆਂ। 'ਸ਼ਾਵਾ' ਦੀ ਸਮੂਹਕ ਹੂਕ ਅਨੋਖਾ ਰੰਗ ਬੰਨ੍ਹ ਦਿੰਦੀ ਸੀ। ਬੰਤੋ ਨੇ ਗੀਤ ਦੀ ਪਹਿਲੀ ਤੁਕ ਗਾਈ—"ਨੀ ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ।" ਸਾਰੀਆਂ ਕੁੜੀਆਂ ਇਕੱਠੀਆਂ ਬੋਲ ਪਈਆਂ—"ਸ਼ਾਵਾ ਚਰਖਾ ਚੰਨਣ ਦਾ।" ਬੰਤੋ ਨੇ ਅਗਲੀ ਤੁਕ ਪੜ੍ਹੀ—"ਵਿਕਦਾ ਵੱਡੇ ਬਾਜ਼ਾਰ ਚਰਖਾ ਚੰਨਣ ਦਾ।" ਕੁੜੀਆਂ ਨੇ ਸਾਥ ਦਿੱਤਾ—"ਸ਼ਾਵਾ ਚਰਖਾ ਚੰਨਣ ਦਾ।" ਗੀਤ ਹੁਲਾਰੇ 'ਤੇ ਆ ਗਿਆ ਤੇ ਬੰਤੋ ਪੜ੍ਹੀ ਗਈ, ਕੁੜੀਆਂ 'ਸ਼ਾਵਾ' ਦੀ ਆਵਾਜ਼ ਮਿਲਾਂਦੀਆਂ ਗਈਆਂ। ਬੰਤੋ ਨੇ ਕੁੜੀਆਂ ਨਾਲ ਮਿਲ ਕੇ ਗੀਤ ਗਾਇਆ :

ਚਰਖਾ ਘੂਕਰ ਦਿੰਦਾ.....ਸ਼ਾਵਾ
ਘੂਕਰ ਲੱਗੀ ਕਲੇਜੇ.....ਸ਼ਾਵਾ
ਇਕ ਮੇਰਾ ਦਿਲ ਪਿਆ ਧੜਕੇ.....ਸ਼ਾਵਾ
ਦੂਜਾ ਕੰਗਣ ਛਣਕੇ.....ਸ਼ਾਵਾ
ਚਰਖਾ ਚੰਨਣ ਦਾ.....ਸ਼ਾਵਾ ਚਰਖਾ ਚੰਨਣ ਦਾ।
ਮਾਂ ਮੇਰੀ ਨੇ ਚਰਖਾ ਦਿੱਤਾ, ਵਿਚ ਚਰਖੇ ਦੇ ਮੇਖਾਂ।
ਮਾਂ ਰਾਣੀ ਯਾਦ ਆ ਜਾਵੇ, ਜਦ ਚਰਖੇ ਵੱਲ ਵੇਖਾਂ।
ਉਚੇ ਬਨੇਰੇ ਕਾਂ ਪਿਆ ਬੋਲੇ, ਮੈਂ ਚਰਖੇ ਤੰਦ ਪਾਵਾਂ।
ਵੇ ਕਾਵਾਂ ਮੇਰਾ ਵੀਰ ਮਿਲਾ ਦੇ, ਤੈਨੂੰ ਕੁੱਟ ਕੁੱਟ ਚੂਰੀ ਪਾਵਾਂ।

ਚਰਖਾ ਚੰਨਣ ਦਾ.....ਸ਼ਾਵਾ ਚਰਖਾ ਚੰਨਣ ਦਾ।

ਫਿਰ ਫ਼ਰਮਾਇਸ਼ ਹੋਈ ਕਿ ਅੱਜ ਮਾਹੀਏ ਦੇ ਟੱਪੇ ਦਰਸ਼ਨਾ ਸੁਣਾਏ। ਪਿੰਡ ਵਿਚ ਹਰ ਕਿਸੇ ਨੂੰ ਪਤਾ ਸੀ ਕਿ ਕਿਹੜੇ ਕਿਹੜੇ ਹੁਨਰ ਵਿਚ ਕੌਣ ਮਾਹਿਰ ਹੈ। ਦਰਸ਼ਨਾ ਮਾਹੀਏ ਦੀਆਂ ਬੋਲੀਆਂ ਕੋਇਲ ਵਰਗੀ ਆਵਾਜ਼ ਵਿਚ ਸੁਣਾਉਂਦੀ ਸੀ। ਦਰਸ਼ਨਾ ਨੇ ਤਿੰਨ ਬੋਲੀਆਂ ਸੁਣਾਈਆਂ :

1. ਮੇਰੇ ਗਲ ਗਲ ਪਾਣੀ ਆ।
   ਅਜੇ ਤਕ ਤੂੰ ਮਾਹੀਆ, ਮੇਰੀ ਕਦਰ ਨਾ ਜਾਣੀ ਆ।
2. ਨਾ ਲਿਖਿਆ ਮਿਟਦਾ ਏ।
   ਮੈਨੂੰ ਤਾਂ ਰੱਬ ਮਾਹੀਆ, ਬਸ ਤੇਰੇ ਵਿਚੋਂ ਦਿਸਦਾ ਏ।
3. ਮੈਂ ਖੜੀ ਆਂ ਬਨੇਰੇ 'ਤੇ।
   ਬੁੱਤ ਮੇਰਾ ਇਥੇ ਵੱਸਦਾ, ਰੂਹ ਮਾਹੀਏ ਦੇ ਡੇਰੇ 'ਤੇ।

ਇਸ ਪਿੜ ਵਿਚ ਅੱਗੇ ਹੋ ਕੇ ਹਿੱਸਾ ਲੈਣ ਵਾਲੀ ਦੀਪੋ ਅੱਜ ਪਿੱਛੇ ਪਿੱਛੇ ਹਟ ਰਹੀ ਸੀ। ਉਹਦਾ ਜੀਅ ਨਹੀਂ ਸੀ ਕਰਦਾ ਕਿ ਉਹ ਨੱਚੇ ਤੇ ਗਾਵੇ। ਉਹਦਾ ਤਾਂ ਰੋਣ ਨੂੰ ਜੀਅ ਕਰਦਾ ਸੀ। ਕੁੜੀਆਂ ਨੇ ਉਹਨੂੰ ਪਿੱਛੇ ਪਿੱਛੇ ਹਟਦੀ ਨੂੰ ਤੁਰਤ ਤਾੜ ਲਿਆ ਤੇ ਉਹਦੇ ਦਵਾਲੇ ਹੋ ਗਈਆਂ। ਦੋ ਕੁੜੀਆਂ ਨੇ ਦੀਪੋ ਦੀ ਬਾਂਹ ਫੜ ਕੇ ਖਿੱਚਦਿਆਂ ਆਖਿਆ, "ਸੁਣਾ ਬਈ ਦੀਪੋ 'ਤੇਰੇ ਲੌਂਗ ਦਾ ਪਿਆ ਲਿਸ਼ਕਾਰਾ, ਹਾਲੀਆਂ ਨੇ ਹਲ ਡੱਕ ਲਏ'।"

"ਅੱਜ ਮੇਰਾ ਜੀਅ ਨਹੀਂ ਕਰਦਾ," ਦੀਪੋ ਨੇ ਉਨ੍ਹਾਂ ਤੋਂ ਆਪਣਾ ਆਪ ਛੁਡਾਉਂਦਿਆਂ ਤੇ ਪਿੱਛੇ ਨੂੰ ਹਟਦਿਆਂ ਕਿਹਾ।

"ਕੀ ਹੋ ਗਿਆ ਏ ਤੇਰੇ ਜੀਅ ਨੂੰ, ਕਰਮੇ ਦਾ ਕੋਈ ਸੁਨੇਹਾ ਆ ਗਿਆ ਏ ? ਉਹੀ ਬੋਲੀ ਪਾ ਦੇ—'ਚੰਨ ਭਾਵੇਂ ਨਿੱਤ ਚੜ੍ਹਦਾ, ਸਾਨੂੰ ਸੱਜਣਾਂ ਬਾਝ ਹਨੇਰਾ'।"

ਦੀਪੋ ਬੜੇ ਸ਼ੌਖ਼ ਗੀਤ ਗਾਉਣ ਵਾਲੀ ਸੀ, ਪਰ ਜਦ ਕੁੜੀਆਂ ਪਿੱਛੇ ਹੀ ਪੈ ਗਈਆਂ ਤਾਂ ਉਹਨੇ ਸੋਗੀ ਜਿਹੀ ਆਵਾਜ਼ ਵਿਚ ਗਾਇਆ :

ਉਡੀਂ ਉਡੀਂ ਵੇ ਤਿਲੀਅਰ ਕਾਗਾ, ਲੰਮੀ ਲਾਈਂ ਵੇ ਉਡਾਰੀ।
ਜਾ ਆਖੀਂ ਮੇਰੇ ਮਾਹੀਏ ਨੂੰ, ਗੋਰੀ ਮਨੋਂ ਕਿਉਂ ਵਿਸਾਰੀ ?
ਦਿਲ ਦਾ ਟੁਕੜਾ ਮੈਂ ਕਾਗਜ਼ ਬਣਾਵਾਂ, ਉਂਗਲੀਆਂ ਕੱਟ ਕਾਨੀ।
ਅੱਖਾਂ ਦਾ ਕਜਲਾ ਮੈਂ ਸ਼ਾਹ ਬਣਾਵਾਂ, ਹੰਝੂਆਂ ਦਾ ਪਾਣੀ ਆਂ ਪਾਨੀ।

"ਦੀਪੋ, ਤੇਰਾ ਖ਼ਾਸ ਗੀਤ ਤਾਂ 'ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਜਾਣਾ' ਏ, ਤੂੰ ਉਹ ਸੁਣਾ।" ਦੀਪੋ ਨੇ ਅੱਜ ਇਹ ਗੀਤ ਗਾਉਣ ਤੋਂ ਨਾਂਹ ਹੀ ਕਰ ਦਿੱਤੀ। ਜਦ ਉਹਦੀਆਂ ਵਧੇਰੇ ਨੇੜੇ ਦੀਆਂ ਸਹੇਲੀਆਂ ਨੇ ਜ਼ੋਰ ਪਾਇਆ ਤਾਂ ਉਹਨੇ ਹੌਲੀ ਜਿਹੀ ਬੰਤੋ ਨੂੰ ਕਿਹਾ, "ਅੱਜ ਤੇ 'ਬਾਬਲ ਅਸਾਂ ਮਰ ਜਾਣਾ' ਗਾਉਣ ਨੂੰ ਜੀਅ ਕਰਦਾ ਹੈ।"

ਕੁੜੀਆਂ ਦਾ ਤ੍ਰਿੰਞਣ ਰੂਪੀ ਇਕੱਠ ਖ਼ਤਮ ਹੋਇਆ। ਸਾਰੀਆਂ ਆਪੋ ਆਪਣੇ ਘਰਾਂ ਨੂੰ ਤੁਰਨ ਲੱਗੀਆਂ ਤਾਂ ਬੰਤੋ ਤੇ ਦਰਸ਼ਨਾ ਨੇ ਦੀਪੋ ਨੂੰ ਘੇਰ ਲਿਆ। ਵੱਖਰਿਆਂ ਲਿਜਾ ਕੇ ਉਹਦੇ ਮਨ ਦੀ ਢਹਿੰਦੀ ਕਲਾ ਤੇ ਤਬੀਅਤ ਖ਼ਰਾਬ ਹੋਣ ਦਾ ਕਾਰਨ ਪੁੱਛਿਆ। ਦੀਪੋ ਨੇ ਪਹਿਲਾਂ ਤਾਂ ਕੁਝ ਨਾ ਦੱਸਿਆ। ਉਹ ਦੋਚਿੱਤੀ ਵਿਚ ਸੀ। ਇਕ ਤਾਂ ਸਹੇਲੀਆਂ ਨਾਲ ਆਪਣਾ ਦੁੱਖ ਸਾਂਝਾ ਕਰਨ ਨੂੰ ਜੀਅ ਵੀ ਕਰਦਾ ਸੀ। ਹੋਰ ਉਹ ਕਿਸ ਨਾਲ ਆਪਣੇ ਦਿਲ ਦੀ ਹਵਾੜ ਕੱਢਦੀ ਪਰ ਦੂਜੇ ਪਾਸੇ ਡਰ ਵੀ ਲੱਗਦਾ ਸੀ ਕਿ ਉਹਦੀ ਨਮੋਸ਼ੀ ਹੋਏਗੀ। ਨੇੜੇ ਦੀਆਂ ਸਹੇਲੀਆਂ ਅਜਿਹੀਆਂ ਪਿੱਛੇ ਪਈਆਂ ਕਿ ਅਖ਼ੀਰ ਆਪਣੇ ਨਾਲ ਵਾਪਰੇ ਦੁਖਾਂਤ ਦਾ ਵਰਣਨ

ਕਰਨ ਤੋਂ ਪਹਿਲਾਂ ਉਹ ਰੋਣ ਲੱਗ ਪਈ। ਉਹ ਅਜਿਹੀ ਫਿੱਸੀ ਕਿ ਸਹੇਲੀਆਂ ਦੇ ਜੱਫੀਆਂ ਪਾਉਣ, ਉਹਦੀਆਂ ਗੱਲਾਂ ਤੋਂ ਚੁੰਨੀ ਨਾਲ ਗਲੇਡੂ ਪੂੰਝਣ ਦੇ ਬਾਵਜੂਦ ਅੰਦਰ ਉਠਿਆ ਤੂਫ਼ਾਨ ਨੈਣਾਂ ਰਾਹੀਂ ਬਾਹਰ ਆਉਣ ਲੱਗ ਪਿਆ। ਕੁੜੀਆਂ ਘਬਰਾ ਗਈਆਂ ਕਿ ਜੇ ਕਿਸੇ ਨੇ ਦੇਖ ਲਿਆ ਤਾਂ ਕੀ ਕਹੇਗਾ। ਇਨ੍ਹਾਂ ਕੋਈ ਅਜਿਹੀ ਗੱਲ ਆਖੀ ਏ ਜਾਂ ਇਹ ਲੜ ਪਈਆਂ ਹਨ। ਦੂਜੇ ਪਾਸੇ ਸਹੇਲੀਆਂ ਦਾ ਤੌਖਲਾ ਵਧਦਾ ਗਿਆ। ਉਹਦੇ ਅੰਦਰਲੇ ਦੁਖ ਨੂੰ ਜਾਣਨ ਦੀ ਇੱਛਾ ਹੋਰ ਵਧ ਗਈ।

ਬੰਤੋ ਦਾ ਘਰ ਪਹਿਲਾਂ ਸੀ, ਇਸ ਲਈ ਉਹ ਖਿੱਚ ਕੇ ਦੀਪੋ ਨੂੰ ਆਪਣੇ ਘਰ ਲੈ ਗਈ। ਮਲਕੜੇ ਜਿਹੇ ਕੁੜੀਆਂ ਕੋਠੇ 'ਤੇ ਚੜ੍ਹ ਗਈਆਂ। ਉਨ੍ਹਾਂ ਦੇ ਕੋਠੇ 'ਤੇ ਚੁਫੇਰੇ ਉਚੇ ਬਨੇਰੇ ਸਨ, ਜਿਸ ਕਾਰਨ ਉਥੇ ਬੈਠੀਆਂ ਕੁੜੀਆਂ ਨਜ਼ਰ ਨਹੀਂ ਸਨ ਆਉਂਦੀਆਂ।

"ਹੋਇਆ ਕੀ ਏ, ਤੂੰ ਦਿਲ ਦੀ ਗੱਲ ਦੱਸਦੀ ਕਿਉਂ ਨਹੀਂ ?" ਬੰਤੋ ਨੇ ਤਰਲਾ ਲੈਂਦਿਆਂ ਕਿਹਾ। ਅਸਲ ਵਿਚ ਉਹਦੇ ਚਿਤ-ਚੇਤੇ ਵਿਚ ਵੀ ਨਹੀਂ ਸੀ ਕਿ ਉਹਦਾ ਰਿਸ਼ਤਾ ਟੁੱਟਣ ਦੀ ਗੱਲ ਹੋ ਸਕਦੀ ਹੈ, ਇਸ ਲਈ ਉਹਨੇ ਕਰਤਾਰਪੁਰ ਦੇ ਕਰਮੇ ਬਾਰੇ ਕੋਈ ਗੱਲ ਆਪ ਹੀ ਨਾ ਛੇੜੀ।

"ਮਾਂ ਨੇ ਕੁਝ ਕਿਹਾ ਏ ? ਜਾਂ ਕਿਸੇ ਮੁੰਡੇ ਨੇ ਕੋਈ ਛੇੜਖਾਨੀ ਕੀਤੀ ਏ ?" ਦਰਸ਼ਨਾ ਕਹਿਣ ਲੱਗੀ। ਹੁਣ ਦੀਪੋ ਨੇ ਗੱਲ ਸ਼ੁਰੂ ਕੀਤੀ—"ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਗੱਲ ਨਹੀਂ। ਬਾਪੂ ਮੇਰਾ ਕਰਤਾਰਪੁਰ ਗਿਆ ਸੀ ਤੇ ਉਹ ਰਿਸ਼ਤਾ ਤੋੜ ਆਇਆ ਏ।"

"ਕਿਉਂ ?" ਸੁਣਦਿਆਂ ਬੰਤੋ ਦੇ ਮੂੰਹੋਂ ਆਪ-ਮੁਹਾਰੇ ਨਿਕਲਿਆ ਤੇ ਉਹਦਾ ਵੀ ਇਕਦਮ ਰੰਗ ਫੱਕ ਹੋ ਗਿਆ। ਦਰਸ਼ਨਾ ਦੇ ਮਨ ਵਿਚ ਵੀ ਸਾਰੀ ਗੱਲ ਸੁਣਨ ਤੇ ਰਿਸ਼ਤਾ ਟੁੱਟਣ ਦਾ ਕਾਰਨ ਜਾਣਨ ਦੀ ਕਾਹਲੀ ਪੈਦਾ ਹੋ ਗਈ।

"ਬਾਪੂ ਕਹਿੰਦਾ ਏ ਕਿ ਮੁੰਡਾ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਲੈ ਕੇ ਸਿੰਘ ਕਿਉਂ ਸੱਜ ਗਿਆ ਏ ?" ਦੀਪੋ ਨੇ ਸੰਖੇਪ ਕਰ ਕੇ ਗੱਲ ਦੱਸ ਦਿੱਤੀ।

"ਕਰਮਾ ਸਿੰਘ ਬਣ ਗਿਆ ਏ ?" ਬੰਤੋ ਨੇ ਤਸਦੀਕ ਕਰਨ ਲਈ ਪੁੱਛਿਆ, "ਤਾਂ ਕੀ ਹੋ ਗਿਆ। ਮੇਰਾ ਮਰਦ ਤਾਂ ਵਿਆਹ ਪਿੱਛੋਂ ਸਿੰਘ ਸੱਜ ਗਿਆ ਏ। ਮੇਰੇ ਭਾਈਏ ਨੇ ਤਾਂ ਕਦੇ ਨਹੀਂ ਕਿਹਾ ਕਿ ਕੁੜੀ ਮੁਕਲਾਵੇ ਨਹੀਂ ਭੇਜਣੀ।"

"ਤੇਰਾ ਤਾਂ ਵਿਆਹ ਹੋ ਚੁੱਕਿਆ ਏ, ਮੇਰੀ ਗੱਲ ਅਜੇ ਹੋਰ ਏ," ਦੀਪੋ ਨੇ ਆਖਿਆ, "ਵਿਆਹ ਤੋਂ ਪਹਿਲਾਂ ਰਿਸ਼ਤਾ ਤੋੜਨਾ ਔਖਾ ਨਹੀਂ ਹੁੰਦਾ। ਨਾਲੇ ਹਰ ਕਿਸੇ ਦੀ ਸੋਚ ਵਿਚ ਦੂਜੇ ਨਾਲੋਂ ਫ਼ਰਕ ਹੁੰਦਾ ਹੈ। ਤੇਰਾ ਭਾਈਆ ਕਹਿੰਦਾ ਹੋਏਗਾ ਕਿ ਮੁੰਡਾ ਸਿੰਘ ਸੱਜ ਗਿਆ ਤਾਂ ਕੀ ਹੋ ਗਿਆ। ਮੇਰਾ ਬਾਪੂ ਕਹਿੰਦਾ ਏ ਕਿ ਬਸ ਮੁੰਡਾ ਗਿਆ ਕੰਮ ਤੋਂ। ਹਕੂਮਤ ਨਾਲ ਵੈਰ ਪੈ ਜਾਏਗਾ ਤੇ ਹਾਕਮਾਂ ਨੇ ਉਹਦਾ ਬੁਰਾ ਹਾਲ ਕਰ ਦੇਣਾ ਏ। ਉਹ ਤਾਂ ਇਥੋਂ ਤਕ ਕਹਿੰਦਾ ਏ ਕਿ ਵਿਆਹ ਕੇ ਧੀ ਵਿਧਵਾ ਕਰਨ ਨਾਲੋਂ ਨਾ ਵਿਆਹੁਣੀ ਚੰਗੀ ਏ।"

"ਤੇਰਾ ਰਿਸ਼ਤਾ ਘਰ ਦੇ ਕਿਧਰੇ ਹੋਰ ਕਰ ਦੇਣਗੇ। ਤੂੰ ਕਿਹੜੀ ਲੂਲ੍ਹੀ-ਲੰਗੜੀ ਏਂ। ਬਥੇਰੇ ਹੋਰ ਰਿਸ਼ਤੇ ਆ ਜਾਣਗੇ। ਇਥੇ ਕਾਣੀਆਂ ਤੇ ਲੰਗੜੀਆਂ ਵੀ ਵਿਆਹੀਆਂ ਜਾਂਦੀਆਂ ਨੇ," ਦਰਸ਼ਨਾ ਨੇ ਹੌਸਲਾ ਦੇਣ ਤੇ ਮਨ ਤਕੜਾ ਕਰਨ ਲਈ ਕਹਿ ਦਿੱਤਾ।

"ਮੈਂ ਕੀ ਕਰਾਂ, ਉਹ ਕਰਮਾ ਮੇਰੇ ਦਿਲ-ਦਿਮਾਗ਼ 'ਤੇ ਇਤਨਾ ਛਾ ਗਿਆ ਏ ਕਿ ਉਹਦੇ ਬਿਨਾਂ ਮੈਨੂੰ ਹੁਣ ਹੋਰ ਕੁਝ ਚੰਗਾ ਨਹੀਂ ਲੱਗੇਗਾ। ਮੇਰੇ ਮਨ ਵਿਚ ਜਿਹੜੀ ਥਾਂ ਉਹਨੇ ਮੱਲ ਲਈ ਸੀ, ਉਹ ਹੋਰ ਕੋਈ ਲੈ ਸਕੇਗਾ ਕਿ ਨਹੀਂ ?" ਦੀਪੋ ਨੇ ਆਪਣੀ ਮਾਨਸਕ ਸਥਿਤੀ ਬਾਰੇ ਦੱਸਿਆ।

"ਤੂੰ ਕਿਹੜਾ ਕਰਮੇ ਨਾਲ ਅੱਗੇ ਪਿਆਰ-ਪੀਂਘਾਂ ਝੂਟਦੀ ਰਹੀ ਏਂ," ਦਰਸ਼ਨਾ ਨੇ ਫਿਰ

ਕਹਿਣਾ ਸ਼ੁਰੂ ਕੀਤਾ, "ਹੋਰ ਜਿਸ ਨਾਲ ਤੇਰਾ ਰਿਸ਼ਤਾ ਹੋਇਆ, ਥੋੜ੍ਹੇ ਦਿਨਾਂ ਪਿੱਛੋਂ ਉਹ ਵੀ ਮਨ ਵਿਚ ਇਸੇ ਤਰ੍ਹਾਂ ਵੱਸ ਜਾਏਗਾ।"

"ਮੈਂ ਨਹੀਂ ਸਮਝਦੀ ਕਿ ਤੇਰਾ ਰਿਸ਼ਤਾ ਟੁੱਟ ਗਿਆ ਏ," ਬੰਤੋ ਨੇ ਗੱਲ ਹੋਰ ਪਾਸੇ ਪਾਉਂਦਿਆਂ ਕਿਹਾ, "ਇਹ ਸਿਖ ਬੜੇ ਸਿਰੜੀ ਹੁੰਦੇ ਨੇ। ਆਪਾਂ ਗੁਰੂ ਹਰਿਗੋਬਿੰਦ ਦੇ ਸਮੇਂ ਦੀਆਂ ਕਈ ਗੱਲਾਂ ਸੁਣਦੇ ਹਾਂ। ਇਹ ਤਾਂ ਆਪਣੀ ਮੰਗੇਤਰ ਨੂੰ ਕਦੇ ਨਹੀਂ ਛੱਡਦੇ। ਕਰਮਾ ਵੀ ਤੈਨੂੰ ਨਹੀਂ ਜਾਣ ਦੇਵੇਗਾ। ਉਹ ਕੋਈ ਨਾ ਕੋਈ ਰਾਹ ਕੱਢੇਗਾ ਤੇ ਤੇਰੇ ਨਾਲ ਵਿਆਹ ਕਰਵਾ ਹੀ ਲਏਗਾ।"

"ਬਾਪੂ ਜਦ ਠੋਕ ਕੇ ਨਾਂਹ ਕਰ ਆਇਆ ਤਾਂ ਉਹ ਕੀ ਕਰ ਲਏਗਾ ?" ਦੀਪੋ ਨੇ ਪੁੱਛਿਆ।

"ਧੱਕੇ ਨਾਲ ਵਿਆਹ ਕਰਾਉਣ ਨਾਲ ਸਵਾਦ ਕੀ ਆਏਗਾ ? ਮੈਨੂੰ ਤਾਂ ਇਹ ਗੱਲ ਮੁੱਕ ਗਈ ਲੱਗਦੀ ਏ। ਮੇਰੀ ਕਿਸਮਤ ਵਿਚ ਪਤਾ ਨਹੀਂ, ਦਾਤੇ ਨੇ ਕੀ ਲਿਖਿਆ ਏ ?"

"ਲੈ, ਮੈਂ ਤੇਰਾ ਇਕ ਕੰਮ ਕਰ ਦਿੰਦੀ ਹਾਂ। ਕਰਤਾਰਪੁਰ ਆਪਣੀ ਬਥੇਰੀ ਰਿਸ਼ਤੇਦਾਰੀ ਏ," ਬੰਤੋ ਨੇ ਉਹਨੂੰ ਢਾਰਸ ਬੰਨ੍ਹਾਉਂਦਿਆਂ ਕਿਹਾ, "ਮੈਂ ਪਤਾ ਕਰ ਦਿੰਦੀ ਹਾਂ ਕਿ ਜਦੋਂ ਮਾਪਿਆਂ ਤੋਂ ਕਰਮੇ ਨੂੰ ਰਿਸ਼ਤਾ ਟੁੱਟਣ ਦੀ ਗੱਲ ਪਤਾ ਲੱਗੀ ਤਾਂ ਉਸ ਪਿੱਛੋਂ ਉਹਦਾ ਕੀ ਅਸਰ ਹੋਇਆ ? ਉਹ ਇਸ ਨੂੰ ਕਿਸ ਤਰ੍ਹਾਂ ਲੈ ਰਿਹਾ ਹੈ ? ਉਸ ਤੋਂ ਪਤਾ ਲੱਗ ਜਾਏਗਾ ਕਿ ਉਹ ਵੀ ਰਿਸ਼ਤਾ ਤੋੜਨ ਲਈ ਤਿਆਰ ਏ ਕਿ ਨਹੀਂ।"

ਇਹ ਗੱਲ ਤੇ ਸੁਝਾਅ ਦੀਪੋ ਨੂੰ ਵੀ ਪਸੰਦ ਆਇਆ। ਉਹਦੇ ਢਹਿੰਦੇ ਮਨ ਨੂੰ ਇਨ੍ਹਾਂ ਗੱਲਾਂ ਨਾਲ ਕੁਝ ਢਾਰਸ ਬੱਝ ਗਿਆ। ਝੱਟ ਗੱਲਾਂ ਕਰ ਕੇ ਉਹ ਆਪਣੇ ਘਰ ਚਲੀ ਗਈ।

3

ਲਾਭ ਚੰਦ ਜਦ ਸ਼ਾਮੂ ਸ਼ਾਹ ਹੋਰਾਂ ਨੂੰ ਵਿਦਾ ਕਰ ਕੇ ਘਰ ਮੁੜਿਆ ਤਾਂ ਉਸ ਦਾ ਚਿਹਰਾ ਸਾਫ਼ ਨਿਰਾਸ਼ਾ ਭਰਿਆ ਨਜ਼ਰ ਆ ਰਿਹਾ ਸੀ। ਉਹਨੂੰ ਸ਼ਾਮੂ ਸ਼ਾਹ ਦੀਆਂ ਗੱਲਾਂ ਬਿਲਕੁਲ ਚੰਗੀਆਂ ਨਹੀਂ ਸਨ ਲੱਗੀਆਂ। ਘਰ ਮੁੜਦਿਆਂ ਹੀ ਉਹਦੀ ਪਤਨੀ ਭਾਗਾਂ ਨੇ ਪੁੱਛਿਆ, "ਕਿਉਂ ਜੀ, ਕੁੜਮਾਂ ਨੂੰ ਬਾਹਰੋਂ ਹੀ ਟੋਰ ਦਿੱਤਾ ਜੇ। ਮੈਂ ਤੇ ਰੋਟੀ ਤਿਆਰ ਕੀਤੀ ਹੋਈ ਏ। ਕੁੜਮ ਜਾ ਕੇ ਕੀ ਕਹਿਣਗੇ ਕਿ ਰੋਟੀ ਵੀ ਨਹੀਂ ਜੇ ਖੁਆਈ। ਇਸ ਤਰ੍ਹਾਂ ਵੀ ਕੋਈ ਕਰਦਾ ਏ ?"

"ਐਵੇਂ ਨਾ ਹਰ ਗੱਲ ਦਿਲ ਨੂੰ ਲਾ ਲਿਆ ਕਰ," ਲਾਭ ਚੰਦ ਨੇ ਕਿਹਾ, "ਉਹ ਨਹੀਂ ਆਪਣੇ ਆਪ ਨੂੰ ਕੁੜਮ ਸਮਝਦੇ। ਤੂੰ ਐਵੇਂ ਝੂਰੀ ਜਾਂਦੀ ਏਂ।"

"ਹਾਇ ਮੈਂ ਮਰ ਗਈ," ਭਾਗਾਂ ਨੇ ਠੰਡਾ ਹਉਕਾ ਲੈਂਦਿਆਂ ਤੇ ਅਤਿ ਹੈਰਾਨੀ ਨਾਲ ਲਾਭ ਚੰਦ ਵੱਲ ਦੇਖਦਿਆਂ ਆਖਿਆ, "ਹੋਇਆ ਕੀ ਏ ? ਉਹ ਵੀ ਉਦਾਸ ਹੀ ਬੈਠੇ ਰਹੇ ਨੇ ਸਾਡੇ ਘਰ ਤੇ ਬੜੀ ਕਾਹਲੀ ਵਿਚ ਉਠ ਕੇ ਤੁਰ ਗਏ ਨੇ। ਤੁਸੀਂ ਸਵੇਰੇ ਤਾਂ ਖ਼ੁਸ਼ ਨਜ਼ਰ ਆਉਂਦੇ ਸਾਉ ਪਰ ਹੁਣ ਤੁਹਾਡਾ ਵੀ ਰੰਗ ਉਡਿਆ ਹੋਇਆ ਏ। ਮੈਨੂੰ ਦੱਸਦੇ ਕਿਉਂ ਨਹੀਂ ?"

"ਉਨ੍ਹਾਂ ਨੂੰ ਕਰਮੇ ਦਾ ਸਿੰਘ ਬਣ ਜਾਣਾ ਚੰਗਾ ਨਹੀਂ ਲੱਗਾ," ਲਾਭ ਚੰਦ ਨੇ ਅਖੀਰ ਗੱਲ ਦੱਸ ਹੀ ਦਿੱਤੀ। ਉਹ ਮਨ ਬਣਾ ਕੇ ਆਇਆ ਸੀ ਕਿ ਅਜੇ ਗੱਲ ਨਹੀਂ ਕਰੇਗਾ। ਹੋ ਸਕਦਾ ਹੈ ਕਿ ਸ਼ਾਮੂ ਸ਼ਾਹ ਹੋਰੀਂ ਘਰ ਜਾ ਕੇ ਸਲਾਹ ਕਰਨ ਤੇ ਫਿਰ ਉਹ ਆਪਣਾ ਫ਼ੈਸਲਾ

ਬਦਲ ਲੈਣ। ਨਾਲੇ ਲਾਭ ਚੰਦ ਇਸ ਬਾਰੇ ਜ਼ਨਾਨੀਆਂ ਨਾਲ ਗੱਲ ਕਰਨ ਤੋਂ ਪਹਿਲਾਂ ਕਰਮ ਸਿੰਘ ਨਾਲ ਗੱਲ ਕਰਨੀ ਚਾਹੁੰਦਾ ਸੀ। ਕੁਦਰਤੀ ਜਦ ਉਹ ਘਰ ਆਇਆ ਤਾਂ ਕਰਮ ਸਿੰਘ ਘਰ ਨਹੀਂ ਸੀ। ਇਸ ਲਈ ਭਾਗਾਂ ਨੇ ਮਿਲਦਿਆਂ ਗੱਲ ਸ਼ੁਰੂ ਕਰ ਲਈ ਤੇ ਲਾਭ ਚੰਦ ਨੂੰ ਗੱਲ ਦੱਸਣੀ ਪੈ ਗਈ।

"ਕਰਮੇ ਦੇ ਸਿੰਘ ਬਣ ਜਾਣ ਦੀ ਉਨ੍ਹਾਂ ਨੂੰ ਕੀ ਤਕਲੀਫ਼ ਏ ?" ਭਾਗਾਂ ਨੇ ਕਿਹਾ, "ਉਹ ਗੁਰੂ-ਘਰ ਨੂੰ ਹੀ ਮੰਨਦੇ ਨੇ। ਜਦ ਗੁਰੂ ਦਾ ਲੜ ਫੜ ਲਿਆ ਏ ਤਾਂ ਜਿਸ ਤਰ੍ਹਾਂ ਗੁਰੂ ਕਹੇ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ, ਜਿਵੇਂ ਰੱਖੇ ਉਸੇ ਤਰ੍ਹਾਂ ਰਹਿਣਾ ਚਾਹੀਦਾ ਏ।"

"ਸਾਰਿਆਂ ਦੀ ਸੋਚ ਸਾਡੇ ਵਰਗੀ ਨਹੀਂ," ਲਾਭ ਚੰਦ ਨੇ ਉੱਤਰ ਦਿੱਤਾ, "ਵੰਨ-ਸੁਵੰਨੀ ਦੁਨੀਆ ਏ। ਆਪਣੇ ਸੋਢੀਆਂ ਵੱਲ ਹੀ ਵੇਖ ਲੈ, ਇਹ ਉਂਝ ਤਾਂ ਗੁਰੂ ਦੀ ਸੰਤਾਨ ਅਖਵਾਉਂਦੇ ਨੇ ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਦਾ ਗ੍ਰੰਥ ਮੰਗਵਾ ਭੇਜਿਆ ਸੀ ਤਾਂ ਇਨ੍ਹਾਂ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਹ ਵੀ ਨੇ ਜੋ ਗੁਰੂ ਦੇ ਹੁਕਮ ਨਾਲ ਜਾਨਾਂ ਵਾਰਨ ਲਈ ਤਿਆਰ ਨੇ ਤੇ ਦੂਜੇ ਪਾਸੇ ਉਹ ਲੋਕ ਵੀ ਹਨ ਜੋ ਗੁਰੂ ਕਿਆਂ ਦੀ ਜਾਇਦਾਦ ਸਾਂਭੀ ਬੈਠੇ ਨੇ।"

"ਤੁਸੀਂ ਗੱਲ ਨੂੰ ਹੋਰ ਪਾਸੇ ਨਾ ਖਿੱਚੀ ਜਾਓ," ਭਾਗਾਂ ਨੇ ਗੱਲ ਨੂੰ ਵਿਚੋਂ ਹੀ ਟੋਕ ਕੇ ਆਖਿਆ, "ਮੈਨੂੰ ਸ਼ੁਰੂ ਤੋਂ ਅਖ਼ੀਰ ਤਕ ਸਾਰੀ ਗੱਲ ਦੱਸੋ, ਜੋ ਸ਼ਾਹ ਹੋਰੀਂ ਕਰ ਕੇ ਗਏ ਨੇ। ਮੈਨੂੰ ਸੋਢੀਆਂ ਨਾਲ ਕੀ ? ਆਪਾਂ ਨੂੰ ਆਪਣੀ ਗੱਲ ਕਰਨੀ ਚਾਹੀਦੀ ਏ।"

ਲਾਭ ਚੰਦ ਨੇ ਉਹਨੂੰ ਸਾਰੀ ਗੱਲ ਦੱਸਣ ਤੋਂ ਪਹਿਲਾਂ ਪੁੱਛ ਲਿਆ, "ਕਰਮਾ ਕਿਧਰ ਗਿਆ ਏ ? ਉਹਨੇ ਸਾਨੂੰ ਕਿਹਾ ਵੀ ਸੀ ਕਿ ਕਰਮ ਸਿੰਘ ਸੱਦਿਆ ਕਰੋ, ਪਰ ਅਜੇ ਨਵਾਂ ਨਾਂ ਮੂੰਹ ਹੀ ਨਹੀਂ ਚੜ੍ਹਦਾ। ਹੌਲੀ ਹੌਲੀ ਆਦਤ ਪੈ ਜਾਏਗੀ।"

"ਕਰਤਾਰ ਤੇ ਕਿਸ਼ਨ ਆਏ ਸਨ ਤੇ ਉਨ੍ਹਾਂ ਨਾਲ ਹੀ ਕਿਧਰੇ ਤੁਰ ਗਿਆ ਏ," ਭਾਗਾਂ ਨੇ ਦੱਸਿਆ, "ਕਹਿ ਕੇ ਕੁਝ ਨਹੀਂ ਗਿਆ। ਇਥੇ ਹੀ ਹੋਏਗਾ ਕਿਧਰੇ।"

"ਇਹ ਦੋਵੇਂ ਮੁੰਡੇ ਉਹ ਨੇ, ਜਿਨ੍ਹਾਂ ਦੇ ਮਾਪਿਆਂ ਨੂੰ ਉਨ੍ਹਾਂ ਦਾ ਸਿੰਘ ਬਣਨਾ ਪਸੰਦ ਨਹੀਂ," ਲਾਭ ਚੰਦ ਨੇ ਕਿਹਾ, "ਉਹ ਵੀ ਸ਼ਾਮੂ ਸ਼ਾਹ ਵਾਂਗੂ ਡਰਾਕਲ ਨੇ। ਕਹਿੰਦੇ ਨੇ ਮੁੰਡੇ ਐਵੇਂ ਬਿਪਤਾ ਗਲ ਪਾ ਲੈਣਗੇ। ਉਨ੍ਹਾਂ ਦਾ ਵੱਸ ਚੱਲਦਾ ਤਾਂ ਉਹ ਮੁੰਡਿਆਂ ਨੂੰ ਗੁਰੂ ਵਲ ਹੀ ਨਾ ਜਾਣ ਦਿੰਦੇ।"

"ਚਲੋ ਜੀ, ਤੁਸੀਂ ਗੱਲ ਨੂੰ ਟਾਲੀ ਕਿਉਂ ਜਾਂਦੇ ਹੋ, ਸਿੱਧੀ ਤਰ੍ਹਾਂ ਦੱਸੋ, ਕੁੜਮ ਕੀ ਕਹਿ ਗਏ ਜੇ।" ਭਾਗਾਂ ਨੇ ਜ਼ੋਰ ਦੇ ਕੇ ਆਖਿਆ ਤੇ ਵਿਸਥਾਰ ਨਾਲ ਗੱਲ ਸੁਣਨ ਦੀ ਇੱਛਾ ਪ੍ਰਗਟ ਕੀਤੀ।

"ਉਹ ਕਹਿੰਦੇ ਨੇ, ਕਰਮਾ ਪਹਿਲੇ ਰੂਪ ਵਿਚ ਆ ਜਾਏ ਤਾਂ ਉਹ ਕੁੜੀ ਦਾ ਵਿਆਹ ਇਸ ਨਾਲ ਕਰਨਗੇ," ਲਾਭ ਚੰਦ ਨੇ ਗੱਲ ਸਾਫ਼ ਕਹਿ ਦਿੱਤੀ, "ਉਹ ਕਹਿ ਗਏ ਨੇ ਜੇਕਰ ਕਰਮਾ ਸਿੰਘ ਬਣਿਆ ਰਿਹਾ ਤਾਂ ਉਹ ਕੁੜੀ ਦਾ ਰਿਸ਼ਤਾ ਨਹੀਂ ਕਰਨਗੇ। ਉਹ ਤਾਂ ਸਿਰੇ ਦੀ ਗੱਲ ਆਖਦੇ ਸਨ ਕਿ ਅਸੀਂ ਕਰਮੇ ਨਾਲ ਵਿਆਹ ਕੇ ਕੁੜੀ ਹੁਣੇ ਵਿਧਵਾ ਨਹੀਂ ਬਣਾਉਣੀ।"

"ਉਨ੍ਹਾਂ ਦੇ ਮੂੰਹ ਵਿਚ ਸਵਾਹ," ਭਾਗਾਂ ਨੇ ਇਹ ਸੁਣਦਿਆਂ ਗੁੱਸੇ ਨਾਲ ਕਿਹਾ, "ਉਹ ਮੇਰੇ ਮੁੰਡੇ ਬਾਰੇ ਕੀ ਸੋਚਦੇ ਨੇ। ਅਜਿਹਾ ਸੋਚਣ ਵਾਲਿਆਂ ਦੇ ਘਰ ਮੈਂ ਕਦੇ ਵੀ ਮੁੰਡਾ ਨਹੀਂ ਵਿਆਹਵਾਂਗੀ। ਮੇਰਾ ਮੁੰਡਾ ਤਾਂ ਸੌ ਸਾਲ ਤੋਂ ਵੱਧ ਉਮਰ ਭੋਗੇਗਾ। ਉਹ ਨਹੀਂ ਰਿਸ਼ਤਾ ਦਿੰਦੇ ਤਾਂ ਨਾ ਦੇਣ, ਸਾਨੂੰ ਹੋਰ ਬਥੇਰੇ। ਚੰਨ ਵਰਗਾ ਸਾਡਾ ਗੱਭਰੂ ਪੁੱਤਰ ਏ। ਇਹਨੂੰ

ਸੈਂਕੜੇ ਰਿਸ਼ਤੇ ਆਉਣਗੇ।"

"ਮੈਂ ਤੇ ਤੇਰੇ ਨਾਲ ਅਜੇ ਗੱਲ ਵੀ ਨਹੀਂ ਸੀ ਕਰਨੀ ਚਾਹੁੰਦਾ," ਲਾਭ ਚੰਦ ਬੋਲਿਆ, "ਤੂੰ ਹੀ ਮਗਰ ਪੈ ਗਈ ਸੈਂ। ਕਰਮ ਸਿੰਘ ਆਇਆ ਤਾਂ ਉਹਦੇ ਨਾਲ ਤੂੰ ਗੱਲ ਨਾ ਕਰੀਂ। ਮੈਂ ਤਰੀਕੇ ਨਾਲ ਗੱਲ ਕਰਾਂਗਾ। ਅੱਜ-ਕੱਲ੍ਹ ਦੇ ਮੁੰਡੇ ਨੇ ਜਜ਼ਬਾਤੀ ਤੇ ਉਹ ਕਿਧਰੇ ਅੜ ਨਾ ਜਾਏ ਕਿ ਮੈਂ ਆਪਣੀ ਮੰਗੇਤਰ ਨਹੀਂ ਛੱਡਣੀ। ਆਪਾਂ ਕੋਈ ਬਦੋ-ਬਦੀ ਰਿਸ਼ਤਾ ਲੈਣਾ ਏ। ਮੈਨੂੰ ਕਲੇਸ਼ ਬਿਲਕੁਲ ਪਸੰਦ ਨਹੀਂ ਤੇ ਜੇਕਰ ਇਸ ਮਾਮਲੇ 'ਤੇ ਕਲੇਸ਼ ਪਵੇ ਤਾਂ ਮੈਨੂੰ ਬਹੁਤਾ ਦੁਖ ਹੋਏਗਾ। ਜ਼ਨਾਨੀਆਂ ਨੂੰ ਗੱਲ ਛੇਤੀ ਕੀਤਿਆਂ ਪਚਦੀ ਨਹੀਂ। ਤੂੰ ਕਿਸੇ ਨਾਲ ਰਿਸ਼ਤਾ ਟੁੱਟਣ ਦੀ ਗੱਲ ਨਹੀਂ ਕਰਨੀ। ਬਸ ਆਪੇ ਮੈਂ ਸਮਾਂ ਵੇਖ ਕੇ ਗੱਲ ਬਾਹਰ ਕੱਢਾਂਗਾ।"

"ਮੈਂ ਕਿਹਾ ਜੀ, ਬੁੱਕਲ ਵਿਚ ਗੁੜ ਭੰਨਣ ਵਾਲੀ ਕਿਹੜੀ ਗੱਲ ਏ? ਅੱਗੇ ਸਾਰੇ ਸਾਕ-ਸੰਬੰਧੀਆਂ ਨੂੰ ਪਤਾ ਏ ਕਿ ਅਸੀਂ ਮੁੰਡੇ ਦਾ ਰਿਸ਼ਤਾ ਦਿਆਲਪੁਰ ਕਰ ਦਿੱਤਾ ਏ। ਹੁਣ ਜੇ ਦੱਸਾਂਗੇ ਨਹੀਂ ਤਾਂ ਨਵਾਂ ਰਿਸ਼ਤਾ ਕਿਵੇਂ ਆਊਗਾ," ਭਾਗਾਂ ਦੀ ਇਹ ਦਲੀਲ ਸੀ, "ਅਸੀਂ ਮੁੰਡੇ ਵਾਲੇ ਆਂ, ਸਾਨੂੰ ਕਾਹਦੀ ਸ਼ਰਮ? ਇਹ ਤਾਂ ਕੁੜੀ ਵਾਲਿਆਂ ਲਈ ਨਮੋਸ਼ੀ ਹੁੰਦੀ ਏ। ਜੇ ਸ਼ਾਹ ਇਹ ਨਮੋਸ਼ੀ ਝੱਲਣ ਲਈ ਤਿਆਰ ਨੇ ਤਾਂ ਸਾਨੂੰ ਕਾਹਦਾ ਡਰ ਏ?"

"ਨਹੀਂ ਬਈ, ਇਹਦਾ ਬਾਹਰ ਮਾੜਾ ਪ੍ਰਭਾਵ ਪਏਗਾ," ਲਾਭ ਚੰਦ ਨੇ ਕਿਹਾ, "ਦੇਖਾ-ਦੇਖੀ ਅੱਗੋਂ ਸਿੰਘ ਬਣਨ ਵਾਲਿਆਂ ਦੇ ਰਿਸ਼ਤੇ ਟੁੱਟਣ ਲੱਗ ਪੈਣਗੇ। ਲੋਕਾਂ ਨੂੰ ਡਰ ਜਿਹਾ ਲੱਗੇਗਾ। ਅਸੀਂ ਉਹ ਨਹੀਂ ਚਾਹੁੰਦੇ।" ਗੱਲ-ਬਾਤ ਦੇ ਇਸ ਸਿਲਸਿਲੇ ਨੂੰ ਉਹਨਾਂ ਕਾਫ਼ੀ ਚਿਰ ਜਾਰੀ ਰੱਖਿਆ। ਅਖ਼ੀਰ ਕਰਮ ਸਿੰਘ ਵੀ ਆ ਗਿਆ ਤੇ ਉਹਨੂੰ ਵੀ ਲਾਭ ਚੰਦ ਨੇ ਸਾਰੀ ਗੱਲ ਦੱਸ ਦਿੱਤੀ। ਸ਼ਾਮੂ ਸ਼ਾਹ ਨੇ ਜਿਹੜੀਆਂ ਗੱਲਾਂ ਕੀਤੀਆਂ, ਉਹ ਅੱਖਰ ਅੱਖਰ ਲਾਭ ਚੰਦ ਨੇ ਦੁਹਰਾ ਦਿੱਤੀਆਂ। ਉਹ ਸਾਰੀ ਗੱਲ ਵੀ ਕਰਮ ਸਿੰਘ ਦੇ ਅੱਗੇ ਕਰ ਦਿੱਤੀ, ਜੋ ਭਾਗਾਂ ਨਾਲ ਹੋ ਰਹੀ ਸੀ।

ਕਰਮ ਸਿੰਘ ਨੇ ਬੜੀ ਸੰਜੀਦਗੀ ਨਾਲ ਸਾਰੀ ਗੱਲ ਸੁਣੀ ਤੇ ਯਤਨ ਕੀਤਾ ਕਿ ਬਾਪੂ ਉਹਦੇ ਮੂੰਹ ਤੋਂ ਕੋਈ ਗ਼ਲਤ ਪ੍ਰਭਾਵ ਨਾ ਲਵੇ। ਉਹਨੇ ਵੀ ਅਖ਼ੀਰ ਇਹੀ ਆਖਿਆ, "ਚੰਗਾ ਹੋਇਆ ਏ, ਮੈਂ ਵੀ ਅਜੇ ਕੁਝ ਸਾਲ ਵਿਆਹ ਨਹੀਂ ਕਰ ਸਕਦਾ। ਮੇਰੇ ਜ਼ੁੰਮੇ ਬਹੁਤ ਵੱਡਾ ਕੰਮ ਲੱਗਾ ਏ। ਗੁਰੂ ਜੀ ਕਹਿੰਦੇ ਸਨ ਕਿ ਰਾਹੋਂ ਤਕ ਦੇ ਇਲਾਕੇ ਵਿਚ ਫਿਰ ਕੇ ਸਿੰਘ ਸੱਜ ਚੁੱਕੇ ਲੋਕਾਂ ਨੂੰ ਜਥੇਬੰਦ ਕਰੀ ਜਾਣਾ। ਜਥੇਬੰਦੀ ਬਣੀ ਰਹੀ ਤਾਂ ਹਕੂਮਤ ਦੀਆਂ ਸਖ਼ਤੀਆਂ ਤੇ ਵੈਰੀਆਂ ਦੀਆਂ ਚਾਲਾਂ ਦਾ ਟਾਕਰਾ ਕਰਨ ਦੀ ਸ਼ਕਤੀ ਬਣੀ ਰਹੇਗੀ। ਜੇਕਰ ਅੱਡੋ-ਅੱਡਰੇ ਰਹੇ ਤਾਂ ਦੁਸ਼ਮਣ ਦਾ ਜ਼ੋਰ ਵਧ ਜਾਏਗਾ ਤੇ ਆਪਣਾ ਮਨੁੱਖਤਾ ਦੀ ਸੇਵਾ ਦਾ ਟੀਚਾ ਵੀ ਪੂਰਾ ਨਹੀਂ ਹੋ ਸਕੇਗਾ।"

"ਮਾਂ ਤੇਰੀ ਤਾਂ ਤੇਰਾ ਵਿਆਹ ਕਰਨ ਲਈ ਕਾਹਲੀ ਏ," ਲਾਭ ਚੰਦ ਨੇ ਦੱਸਿਆ, "ਇਹ ਕਹਿੰਦੀ ਏ ਕਿ ਕਿਹੜੇ ਵੇਲੇ ਕੋਈ ਹੋਰ ਰਿਸ਼ਤਾ ਆ ਜਾਏ ਤਾਂ ਇਹ ਝੱਟ ਪ੍ਰਵਾਨ ਕਰ ਲਏ।"

"ਤੁਹਾਨੂੰ ਕਾਹਦੀ ਕਾਹਲੀ ਏ?" ਕਰਮ ਸਿੰਘ ਨੇ ਮਾਂ ਤੋਂ ਪੁੱਛਿਆ।

"ਸਾਡੇ ਵਿਹੜੇ ਵੀ ਰੌਣਕਾਂ ਲੱਗਣ," ਭਾਗਾਂ ਬੋਲੀ, "ਘਰ ਖ਼ਾਲੀ ਖ਼ਾਲੀ ਲੱਗਦਾ ਏ। ਨੂੰਹ ਆ ਜਾਏ ਤੇ ਫਿਰ ਬੱਚੇ ਹੋ ਜਾਣ, ਬਸ ਮੇਰੇ ਘਰ ਰੌਣਕਾਂ ਲੱਗੀਆਂ ਰਹਿਣ। ਤੇਰਾ ਬਾਪੂ ਵੀ ਤੇਰੇ ਵਲ ਦਾ ਏ। ਇਹ ਕਹਿੰਦਾ ਏ ਕਿ ਕਿਸੇ ਨਾਲ ਰਿਸ਼ਤਾ ਟੁੱਟਣ ਦੀ ਗੱਲ ਨਾ ਕਰੇ, ਇਹਦਾ ਮਾੜਾ ਅਸਰ ਹੋਏਗਾ।"

"ਅਜੇ ਉਹ ਧਮਕੀ ਹੀ ਦੇ ਗਏ ਨੇ, ਐਡੀ ਛੇਤੀ ਰਿਸ਼ਤੇ ਨਹੀਂ ਟੁੱਟਦੇ," ਕਰਮ ਸਿੰਘ

ਨੇ ਕਿਹਾ, "ਉਹ ਯਰਕੇ ਹੋਏ ਨੇ। ਜਦੋਂ ਸਾਡੀ ਚੜ੍ਹਤ ਦੇਖੀ ਤਾਂ ਉਹ ਮੁੜ ਕੇ ਭੱਜੇ ਆਉਣਗੇ। ਸਦਾ ਦਿਨ ਇਸ ਤਰ੍ਹਾਂ ਨਹੀਂ ਰਹਿਣੇ। ਜਿਵੇਂ ਧੜਾ-ਧੜ ਲੋਕ ਗੁਰੂ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਰਹੇ ਹਨ, ਕੁਝ ਹੀ ਸਾਲਾਂ ਵਿਚ ਹਰ ਪਾਸੇ ਸਿੰਘ ਹੀ ਸਿੰਘ ਨਜ਼ਰ ਆਉਣਗੇ। ਲੋਕਾਂ ਦਾ ਕੀ ਏ, ਚੜ੍ਹਦੇ ਸੂਰਜ ਨੂੰ ਸਲਾਮਾਂ ਕਰਦੇ ਨੇ। ਗੁਰੂ ਜੀ ਨੇ ਔਰੰਗਜ਼ੇਬ ਨੂੰ ਚਿੱਠੀ ਲਿਖੀ ਏ। ਉਹਦੇ ਨਾਲ ਗੱਲ ਮੁੱਕ ਗਈ ਤਾਂ ਇਥੇ ਹਾਲਾਤ ਬਦਲ ਜਾਣਗੇ।"

"ਅੱਛਾ, ਇਹ ਗੱਲ ਏ। ਅੱਗੇ ਕਿਹੜਾ ਬਾਦਸ਼ਾਹ ਨੂੰ ਸਾਰੀ ਗੱਲ ਦਾ ਪਤਾ ਨਹੀਂ। ਉਹ ਜਾਣ ਕੇ ਮਚਲਾ ਬਣਿਆ ਹੋਏਗਾ," ਭਾਗਾਂ ਨੇ ਕਿਹਾ।

"ਅੱਛਾ, ਉਹ ਕਰਤਾਰ ਤੇ ਕਿਸ਼ਨ ਕਿਧਰ ਆਏ ਸਨ?" ਲਾਭ ਚੰਦ ਨੇ ਗੱਲ-ਬਾਤ ਦਾ ਰੁਖ਼ ਮੋੜਨ ਲਈ ਹੋਰ ਪ੍ਰਸ਼ਨ ਕਰ ਦਿੱਤਾ।

"ਉਨ੍ਹਾਂ ਦੇ ਘਰ ਵਾਲੇ ਜ਼ੋਰ ਪਾਂਦੇ ਪਏ ਨੇ ਕਿ ਉਹ ਸਿੰਘ ਨਾ ਬਣੇ ਰਹਿਣ ਪਰ ਉਨ੍ਹਾਂ ਨੇ ਫ਼ੈਸਲਾ ਕਰ ਲਿਆ ਏ ਕਿ ਉਹ ਘਰ-ਬਾਰ ਛੱਡ ਦੇਣਗੇ ਪਰ ਅੰਮ੍ਰਿਤ ਦੀ ਮਿਲੀ ਦਾਤ ਤੋਂ ਮੁੱਖ ਨਹੀਂ ਮੋੜਨਗੇ," ਕਰਮ ਸਿੰਘ ਨੇ ਦੱਸਿਆ, "ਜਿਹੜੇ ਹਕੂਮਤ ਤੋਂ ਭੈ-ਭੀਤ ਨੇ, ਉਹੀ ਘਟੀਆ ਸਲਾਹ ਦਿੰਦੇ ਨੇ। ਕਿੱਕਰ ਸਿੰਘ, ਕਪੂਰ ਸਿੰਘ ਤੇ ਕਸਤੂਰ ਸਿੰਘ ਦੇ ਮਾਂ-ਪਿਓ ਨੂੰ ਕੋਈ ਇਤਰਾਜ਼ ਨਹੀਂ। ਉਹ ਸਾਫ਼ ਕਹਿੰਦੇ ਨੇ, ਮਰਨਾ ਤਾਂ ਇਕ ਦਿਨ ਹੈ ਹੀ, ਫਿਰ ਮਰਨ ਤੋਂ ਕਿਉਂ ਡਰੀਏ। ਜੇਕਰ ਇਹ ਸਰੀਰ ਗੁਰੂ ਲੇਖੇ ਲੱਗ ਜਾਏ ਤਾਂ ਧੰਨ ਭਾਗ। ਉਂਝ ਮਰ ਗਿਆਂ ਨੂੰ ਕਿਸੇ ਯਾਦ ਵੀ ਨਹੀਂ ਕਰਨਾ। ਬੱਸ ਇਹੀ ਸੋਚ ਦਾ ਫ਼ਰਕ ਏ।"

"ਉਨ੍ਹਾਂ ਨੂੰ ਕੀ ਸਲਾਹ ਦਿੱਤੀ ਜੇ?" ਲਾਭ ਚੰਦ ਨੇ ਪੁੱਛਿਆ।

"ਆਪਾਂ ਸੋਚਿਆ ਏ ਕਿ ਤਿੰਨ ਚਾਰ ਜਣੇ ਰਲ ਕੇ ਦੁਆਬੇ ਦੇ ਵੱਡੇ ਵੱਡੇ ਨਗਰਾਂ ਤੇ ਪਿੰਡਾਂ ਦਾ ਚੱਕਰ ਲਾਈਏ। ਜਿਹੜੇ ਸਿੰਘ ਸੱਜ ਗਏ ਨੇ, ਉਨ੍ਹਾਂ ਦੀ ਸੂਚੀ ਤਿਆਰ ਕਰੀਏ ਤੇ ਜਿਨ੍ਹਾਂ ਪਿੰਡਾਂ ਵਿਚ ਇਕੱਠ ਹੋ ਸਕਦੇ ਨੇ, ਉਨ੍ਹਾਂ ਵਿਚ ਇਕੱਠ ਕਰ ਕੇ ਗੁਰੂ ਜੀ ਨਾਲ ਵਾਪਰੀਆਂ ਗੱਲਾਂ ਦੱਸੀਏ। ਦੁਆਬੇ ਵਿਚ ਸਿੱਖੀ ਦਾ ਸੁਨੇਹਾ ਘਰ ਘਰ ਪਹੁੰਚਣਾ ਚਾਹੀਦਾ ਏ। ਆਪਣੇ ਪੰਜ ਥਾਂ ਕੇਂਦਰ ਬਣਾਈਏ। ਇਕ ਤਾਂ ਪਲਾਹੀ ਵਿਚ ਕਾਫ਼ੀ ਨਾਨਕ ਨਾਮ-ਲੇਵਾ ਹਨ। ਉਥੇ ਕਹਿੰਦੇ ਨੇ ਗੁਰੂ ਹਰਿਗੋਬਿੰਦ ਜੀ ਨੇ ਸ਼ੇਰ ਦਾ ਸ਼ਿਕਾਰ ਕੀਤਾ ਸੀ। ਮਾਊ ਪਿੰਡ ਏ, ਜਿਥੇ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਦਾ ਵਿਆਹ ਹੋਇਆ ਸੀ। ਇਧਰ ਸੁਲਤਾਨਪੁਰ ਲੋਧੀ ਏ, ਜਿਥੇ ਗੁਰੂ ਨਾਨਕ ਕਾਫ਼ੀ ਸਾਲ ਰਹੇ ਹਨ। ਪਰਲੇ ਪਾਸੇ ਥੰਗੇ ਨਾਲ ਵੀ ਇਕ ਥਾਂ ਏ, ਸ਼ਾਇਦ ਉਹਨੂੰ ਕੰਵਲ ਕਹਿੰਦੇ ਨੇ।" ਬਾਪੂ ਨੂੰ ਕਰਮ ਸਿੰਘ ਨੇ ਵਿਸਥਾਰ ਨਾਲ ਦੱਸਿਆ, "ਅਸੀਂ ਨੌਜਵਾਨਾਂ ਨੂੰ ਤਿਆਰ ਕਰਨਾ ਏ ਤਾਕਿ ਉਹ ਅੰਮ੍ਰਿਤ ਪਾਨ ਕਰਨ। ਬਸ ਇਹੀ ਵਿਚਾਰਾਂ ਕਰਤਾਰ ਸਿੰਘ ਤੇ ਕਿਸ਼ਨ ਸਿੰਘ ਨਾਲ ਹੋਈਆਂ ਨੇ। ਹੁਣ ਦੂਜਿਆਂ ਸਿੰਘਾਂ ਨੂੰ ਵੀ ਸੱਦ ਕੇ ਸਲਾਹ ਕਰਨੀ ਏ। ਜਿਹੜਾ ਜਾ ਸਕਦਾ ਏ, ਉਹ ਸਾਡੇ ਨਾਲ ਚੱਲੇ।"

"ਜ਼ਰਾ ਸੰਭਲ ਕੇ ਰਹਿਆ ਜੇ," ਲਾਭ ਚੰਦ ਨੇ ਸਲਾਹ ਦਿੱਤੀ, "ਬਹੁਤਾ ਤੇਜ਼ ਤੁਰਿਆਂ ਵੀ ਨੁਕਸਾਨ ਹੋ ਸਕਦਾ ਏ। ਤੁਹਾਡੇ ਬਥੇਰੇ ਵਿਰੋਧੀ ਵੀ ਨਿਕਲ ਪੈਣਗੇ। ਜਿਹੜੇ ਪੁੱਤਰਾਂ ਦੇ ਸਿੰਘ ਬਣਨ 'ਤੇ ਖ਼ੁਸ਼ ਨਹੀਂ, ਉਹ ਸਾਨੂੰ ਦੋਸ਼ੀ ਠਹਿਰਾਉਣਗੇ। ਕਈ ਜਾ ਕੇ ਫ਼ੌਜਦਾਰ ਜਲੰਧਰ ਨੂੰ ਗ਼ਲਤ ਗੱਲਾਂ ਕਹਿ ਕੇ ਭੜਕਾਉਣਗੇ। ਹੋ ਸਕਦਾ ਏ ਕਿ ਹਕੂਮਤ ਸਾਰੇ ਸਿੱਖਾਂ ਵਿਰੁੱਧ ਹੀ ਕੋਈ ਕਰੜਾ ਫ਼ੈਸਲਾ ਲੈ ਲਵੇ।"

"ਦੇਖੀ ਜਾਏਗੀ," ਕਰਮ ਸਿੰਘ ਨੇ ਕਿਹਾ, "ਜੇ ਉਖਲੀ ਵਿਚ ਸਿਰ ਦੇ ਹੀ ਦਿੱਤਾ ਏ ਤਾਂ ਹੁਣ ਮੂੰਗਲੀਆਂ ਦਾ ਕੀ ਡਰ? ਜੇ ਗੁਰੂ ਜੀ ਇਤਨੇ ਸੰਕਟ ਨੂੰ ਝੱਲ ਗੁਜ਼ਰੇ ਹਨ ਤਾਂ ਅਸੀਂ ਵੀ ਤਾਂ ਉਨ੍ਹਾਂ ਦੇ ਸਿਖ ਹਾਂ। ਸਾਨੂੰ ਯਕੀਨ ਹੋ ਗਿਆ ਏ ਕਿ ਹੁਣ ਪਾਪ ਦੀ

ਬੇੜੀ ਭਰੀ ਗਈ ਏ ਤੇ ਬਸ ਡੁੱਬਣ ਹੀ ਵਾਲੀ ਏ। ਜਿਨ੍ਹਾਂ ਲੋਕਾਂ ਨੇ ਗੁਰੂ ਪਰਵਾਰ ਨੂੰ ਸ਼ਹੀਦ ਕੀਤਾ ਏ, ਉਨ੍ਹਾਂ ਦਾ ਅੰਤ ਮਾੜਾ ਹੋਏਗਾ। ਗੁਰੂ ਮਹਾਰਾਜ ਦੀ ਕਿਰਪਾ ਨਾਲ ਕੁਦਰਤ ਦਾ ਮਾਲਕ ਕਾਦਰ ਕੋਈ ਚਮਤਕਾਰ ਦਿਖਾਏਗਾ। ਆਪਣੇ ਭਗਤਾਂ ਦੀ ਆਪ ਪੈਜ ਰੱਖੇਗਾ।"

ਭਾਗਾਂ ਤਾਂ ਪਹਿਲਾਂ ਹੀ ਪਿਉ-ਪੁੱਤਰ ਦੀਆਂ ਗੱਲਾਂ ਸੁਣਦੀ ਸੁਣਦੀ ਥੱਕ ਗਈ ਤੇ ਉਠ ਕੇ ਚਲੀ ਗਈ। ਝੱਟ ਪਿੱਛੋਂ ਬਾਪੂ ਵੀ ਜਿਨਸ ਖਰੀਦਣ ਤੇ ਵੇਚਣ ਦੇ ਆਪਣੇ ਕੰਮ 'ਤੇ ਚਲਾ ਗਿਆ। ਕਰਮ ਸਿੰਘ ਵੀ ਆਪਣੇ ਕੰਮੀਂ ਰੁੱਝ ਗਿਆ।

ਅਜੇ ਦੋ ਚਾਰ ਦਿਨ ਹੀ ਲੰਘੇ ਸਨ ਕਿ ਦੀਪੋ ਦੀ ਸਹੇਲੀ ਬੰਤੋ ਕਰਤਾਰਪੁਰ ਆ ਗਈ। ਆਪਣੇ ਕਿਸੇ ਨੇੜੇ ਦੇ ਰਿਸ਼ਤੇਦਾਰ ਦੇ ਘਰ ਠਹਿਰੀ। ਉਹ ਵਿਆਹੀ ਹੋਈ ਮੁਟਿਆਰ ਸੀ, ਭਾਵੇਂ ਉਹਦਾ ਅਜੇ ਮੁਕਲਾਵਾ ਨਹੀਂ ਸੀ ਗਿਆ, ਫਿਰ ਵੀ ਉਹ ਕੁਆਰੀਆਂ ਕੁੜੀਆਂ ਨਾਲੋਂ ਵਧੇਰੇ ਖੁਲ੍ਹ ਕੇ ਵਿਚਰ ਸਕਦੀ ਸੀ। ਵਿਆਹੀ ਮੁਟਿਆਰ ਨੂੰ ਕੁਆਰੀਆਂ ਦੇ ਮੁਕਾਬਲੇ ਮਰਦ ਜ਼ਾਤ ਤੋਂ ਘੱਟ ਡਰ ਲੱਗਦਾ ਹੈ। ਬੰਤੋ ਨੇ ਕਰਤਾਰਪੁਰ ਆ ਕੇ ਆਪਣੇ ਰਿਸ਼ਤੇਦਾਰਾਂ ਦੇ ਬਾਰ੍ਹਾਂ ਸਾਲ ਦੇ ਮੁੰਡੇ ਨੂੰ ਕਰਮ ਸਿੰਘ ਵੱਲ ਭੇਜਿਆ। ਸਮਝਾ ਕੇ ਟੋਰਿਆ ਕਿ ਉਨ੍ਹਾਂ ਦੇ ਘਰ ਦੇ ਹੋਰ ਕਿਸੇ ਜੀਅ ਨੂੰ ਪਤਾ ਨਾ ਲੱਗੇ। ਕੇਵਲ ਕਰਮ ਸਿੰਘ ਨੂੰ ਸੁਨੇਹਾ ਦੇਣਾ ਤੇ ਆਪਣੇ ਘਰ ਸੱਦਣਾ। ਲੜਕਾ ਗੱਲ ਸਮਝ ਕੇ ਗਿਆ ਤੇ ਜਾ ਕੇ ਉਹਨੇ ਕਰਮ ਸਿੰਘ ਨੂੰ ਸੁਨੇਹਾ ਦੇ ਦਿੱਤਾ।

"ਮੈਂ ਤੇ ਕਿਸੇ ਬੰਤੋ ਨੂੰ ਨਹੀਂ ਜਾਣਦਾ," ਕਰਮ ਸਿੰਘ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ।

"ਇਹ ਦਿਆਲਪੁਰ ਰਹਿੰਦੇ ਨੇ।" ਮੁੰਡੇ ਨੇ ਦੱਸਿਆ, "ਉਨ੍ਹਾਂ ਮੈਨੂੰ ਪੱਕੀ ਕੀਤੀ ਏ ਕਿ ਹੋਰ ਕਿਸੇ ਨਾਲ ਇਸ ਬਾਰੇ ਗੱਲ ਨਾ ਕਰਾਂ। ਇਹ ਮੇਰੀ ਮਾਸੀ ਲੱਗਦੀ ਏ।"

ਦਿਆਲਪੁਰ ਦਾ ਨਾਮ ਸੁਣਦਿਆਂ ਹੀ ਕਰਮ ਸਿੰਘ ਨੂੰ ਗੱਲ ਸਮਝ ਆ ਗਈ। ਉਹਨੂੰ ਖੁੜਕ ਪਈ ਕਿ ਇਹ ਜ਼ਰੂਰ ਦੀਪੋ ਵਲੋਂ ਆਈ ਹੋਵੇਗੀ ਪਰ ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਕਿਉਂ ਆਈ ਏ ? ਕੀ ਦੀਪੋ ਆਪਣੇ ਮਾਂ-ਪਿਉ ਤੋਂ ਬਾਹਰੀ ਹੋ ਕੇ ਕੋਈ ਗੱਲ ਕਰਨਾ ਚਾਹੁੰਦੀ ਏ ? ਕੀ ਉਹ ਅਜਿਹਾ ਕਰ ਸਕਦੀ ਏ ? ਕੀ ਉਹ ਮੈਨੂੰ ਸਿੱਖੀ ਤਿਆਗਣ ਲਈ ਜ਼ੋਰ ਪਾਏਗੀ ? ਇਸ ਤਰ੍ਹਾਂ ਕਈ ਸਵਾਲ ਉਹਦੇ ਮਨ ਵਿਚ ਉਭਰ ਕੇ ਆਏ ਪਰ ਆਖ਼ਰੀ ਸਵਾਲ ਨੇ ਉਹਦੀ ਮਾਨਸਕ ਦਸ਼ਾ ਨੂੰ ਠੇਸ ਪਹੁੰਚਾਈ। ਉਹਨੇ ਝੱਟ ਆਪਣੇ ਵਿਚਾਰਾਂ ਤੇ ਸੋਚਾਂ 'ਤੇ ਕਾਬੂ ਪਾਉਂਦਿਆਂ ਮੁੰਡੇ ਹੱਥ ਸੁਨੇਹਾ ਭੇਜ ਦਿੱਤਾ ਕਿ ਉਹ ਹੁਣੇ ਆ ਰਿਹਾ ਏ।

ਕਰਮ ਸਿੰਘ ਦੀ ਮਾਂ ਨੇ ਮੁੰਡਾ ਤੁਰ ਜਾਣ ਪਿੱਛੋਂ ਪੁੱਛਿਆ ਕਿ ਇਹ ਮੁੰਡਾ ਕੌਣ ਸੀ ? ਕਿਧਰ ਆਇਆ ਸੀ ? ਕਰਮ ਸਿੰਘ ਨੇ ਅਜੇ ਮਾਂ ਨਾਲ ਇਸ ਬਾਰੇ ਗੱਲ ਕਰਨੀ ਮੁਨਾਸਬ ਨਾ ਸਮਝੀ ਤੇ ਮਾਂ ਨੂੰ ਟਾਲ ਦਿੱਤਾ। ਇਸ ਪਿੱਛੋਂ ਉਹਨੂੰ ਖ਼ਿਆਲ ਆਇਆ ਕਿ ਕਿਧਰੇ ਦੀਪੋ ਵੀ ਨਾ ਆ ਗਈ ਹੋਵੇ। ਉਹ ਝਿਜਕ ਗਿਆ ਕਿ ਦੀਪੋ ਨੂੰ ਉਹਦਾ ਇਸ ਤਰ੍ਹਾਂ ਲੁਕ ਕੇ ਮਿਲਣਾ ਠੀਕ ਨਹੀਂ ਰਹੇਗਾ। ਇਹਦਾ ਪ੍ਰਭਾਵ ਕਿਧਰੇ ਉਲਟ ਨਾ ਨਿਕਲੇ। ਉਹਦੇ ਸਿੱਖੀ ਜੀਵਨ 'ਤੇ ਕੋਈ ਦਾਗ ਨਾ ਲੱਗ ਜਾਏ। ਉਹਨੂੰ ਇਸ ਲਈ ਕਿਸੇ ਦੇ ਘਰ ਨਹੀਂ ਜਾਣਾ ਚਾਹੀਦਾ। ਫਿਰ ਦੂਜੇ ਪਲ ਉਹਦਾ ਵਿਚਾਰ ਬਦਲਿਆ ਕਿ ਹੁਣ ਤਾਂ ਆਉਣ ਦਾ ਸੁਨੇਹਾ ਵੀ ਭੇਜ ਚੁੱਕਿਆ ਹਾਂ, ਇਸ ਲਈ ਮਿਲਣ ਵਾਸਤੇ ਜ਼ਰੂਰ ਜਾਣਾ ਚਾਹੀਦਾ ਹੈ। ਅਖ਼ੀਰ ਉਹ ਤੁਰ ਪਿਆ ਤੇ ਆਪਣੇ ਘਰ ਤੋਂ ਪਿਛਲੇ ਪਾਸੇ ਦੀ ਦੂਜੀ ਗਲੀ ਵਿਚ ਜਾ ਪਹੁੰਚਿਆ।

"ਆਓ ਜੀ, ਲੰਘ ਆਓ," ਬੰਤੋ ਨੇ ਉਹਨੂੰ ਗਲੀ ਵਿਚੋਂ ਹੀ ਦੇਖ ਕੇ ਬੁਲਾ ਲਿਆ। ਉਹ ਪਹਿਲਾਂ ਹੀ ਡਿਉਢੀ ਵਿਚ ਖੜੀ ਉਹਦਾ ਇੰਤਜ਼ਾਰ ਕਰ ਰਹੀ ਸੀ।

"ਕੀ ਤੁਹਾਡਾ ਨਾਮ ਹੀ ਬੰਤੋ ਹੈ ?" ਕਰਮ ਸਿੰਘ ਨੇ ਪੁੱਛਿਆ। ਉਹਨੇ ਦੀਪੋ ਵੀ ਨਹੀਂ ਸੀ ਦੇਖੀ ਹੋਈ। ਇਸ ਲਈ ਉਹਨੂੰ ਪੁੱਛਣ ਦੀ ਲੋੜ ਪਈ।

"ਹਾਂ ਜੀ," ਬੰਤੋ ਨੇ ਕਿਹਾ ਤੇ ਕਮਰੇ ਵਿਚ ਲਿਜਾ ਕੇ ਬਿਠਾਇਆ। ਉਹਦੀ ਮਸੇਰ ਭੈਣ ਗਰਮ ਗਰਮ ਦੁੱਧ ਦਾ ਗਲਾਸ ਲੈ ਆਈ ਤੇ ਬੜੇ ਆਦਰ ਨਾਲ ਕਰਮ ਸਿੰਘ ਨੂੰ ਭੇਟ ਕਰ ਦਿੱਤਾ। ਧੰਨਵਾਦ ਕਰਦਿਆਂ ਕਰਮ ਸਿੰਘ ਨੇ ਦੁੱਧ ਦਾ ਗਲਾਸ ਫੜ ਲਿਆ। ਉਹ ਔਰਤ ਇਸ ਪਿੱਛੋਂ ਉਥੇ ਕੋਲ ਬੈਠਣ ਦੀ ਥਾਂ ਬਾਹਰ ਚਲੀ ਗਈ।

"ਕਿਵੇਂ ਸੱਦਿਆ ਸੀ ?" ਕਰਮ ਸਿੰਘ ਨੇ ਹੀ ਗੱਲ-ਬਾਤ ਸ਼ੁਰੂ ਕੀਤੀ।

"ਤੁਹਾਨੂੰ ਸ਼ਾਇਦ ਪਤਾ ਨਹੀਂ, ਮੈਂ ਦਿਆਲਪੁਰ ਤੋਂ ਆਈ ਹਾਂ," ਬੰਤੋ ਨੇ ਗੱਲ ਤੋਰੀ, "ਮੈਂ ਦੀਪੋ ਦੀ ਸਹੇਲੀ ਆਂ। ਮੇਰਾ ਵਿਆਹ ਪਿਛਲੇਰੇ ਸਾਲ ਹੋਇਆ ਸੀ ਤੇ ਹੁਣ ਮੇਰੇ ਪਤੀ ਵੀ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਹਨ।"

"ਉਹ ਕਿਥੇ ਰਹਿੰਦੇ ਹਨ ?" ਕਰਮ ਸਿੰਘ ਦੀ ਬੰਤੋ ਦੀਆਂ ਗੱਲਾਂ ਵਿਚ ਦਿਲਚਸਪੀ ਵਧ ਗਈ।

"ਸੁਭਾਨਪੁਰ।"

"ਉਨ੍ਹਾਂ ਦਾ ਨਾਮ ਕੀ ਏ ?"

"ਸਾਡੇ ਘਰਾਂ ਵਿਚ ਮਰਦਾਂ ਦਾ ਨਾਮ ਤੀਵੀਆਂ ਨਹੀਂ ਲੈਂਦੀਆਂ," ਬੰਤੋ ਕਹਿੰਦੀ ਹੋਈ ਸ਼ਰਮਾ ਗਈ ਤੇ ਉਹਨੇ ਅੱਖਾਂ ਨੀਵੀਆਂ ਕਰ ਲਈਆਂ।

"ਫਿਰ ਲਿਖ ਦਿਉ।"

"ਮੈਨੂੰ ਲਿਖਣਾ ਨਹੀਂ ਆਉਂਦਾ।"

"ਚਲੋ ਛੱਡੋ ਇਸ ਗੱਲ ਨੂੰ," ਕਰਮ ਸਿੰਘ ਨੇ ਕਿਹਾ, "ਹੁਣ ਆਈਏ ਮਤਲਬ ਦੀ ਗੱਲ ਵੱਲ।"

"ਦੀਪੋ ਤੁਹਾਨੂੰ ਬੜਾ ਚਾਹੁੰਦੀ ਏ," ਬੰਤੋ ਨੇ ਦੱਸਿਆ, "ਜਿੱਦਣ ਦਾ ਉਹਨੂੰ ਪਤਾ ਲੱਗਾ ਏ ਕਿ ਉਹਦਾ ਭਾਈਆ ਰਿਸ਼ਤਾ ਤੋੜਨ ਦੀ ਧਮਕੀ ਦੇ ਗਿਆ ਏ, ਉਹਨੇ ਕੁਝ ਖਾਧਾ ਪੀਤਾ ਨਹੀਂ ਤੇ ਹਰ ਵੇਲੇ ਅੰਦਰ ਵੜ ਕੇ ਰੋਂਦੀ ਰਹਿੰਦੀ ਏ।"

"ਉਹਨੂੰ ਤਾਂ ਮੈਂ ਅਜੇ ਤਕ ਮਿਲਿਆ ਵੀ ਨਹੀਂ, ਉਹਨੂੰ ਬਿਨਾਂ ਮਿਲੇ ਕਿਵੇਂ ਇਤਨਾ ਮੋਹ ਪੈ ਗਿਆ ਏ ?" ਕਰਮ ਸਿੰਘ ਨੇ ਪੁੱਛਿਆ।

"ਤੁਸੀਂ ਔਰਤ ਦੇ ਮਨ ਦੀ ਦਸ਼ਾ ਨੂੰ ਨਹੀਂ ਸਮਝ ਸਕਦੇ, ਮਰਦ ਹੋ ਨਾ। ਤੁਹਾਨੂੰ ਕੀ ਪਤਾ ਜਦ ਰਿਸ਼ਤੇ ਦੀ ਘਰ ਵਿਚ ਗੱਲ-ਬਾਤ ਤੁਰ ਪਏ ਤਾਂ ਔਰਤਾਂ ਆਪਣੇ ਹੋਣ ਵਾਲੇ ਮਰਦ ਦੀ ਤਾਰੀਫ਼ ਸੁਣ ਸੁਣ ਕੇ ਆਪਣੇ ਅੰਦਰ ਮੋਹ-ਪਿਆਰ ਦਾ ਜਾਲ ਤਣ ਲੈਂਦੀਆਂ ਹਨ। ਜਦੋਂ ਕਿਧਰੇ ਬਦ-ਕਿਸਮਤੀ ਨਾਲ ਅਜਿਹਾ ਸੁਪਨ-ਸੰਸਾਰ ਟੁੱਟ ਜਾਏ ਤਾਂ ਔਰਤ ਦਾ ਦਿਲ ਵੀ ਟੁੱਟ ਜਾਂਦਾ ਏ। ਔਰਤ ਦਾ ਦਿਲ ਸ਼ੀਸ਼ੇ ਨਾਲੋਂ ਵੀ ਨਾਜ਼ੁਕ ਤੇ ਕਮਜ਼ੋਰ ਹੁੰਦਾ ਏ। ਜ਼ਰਾ ਕੁ ਠੋਕਰ ਲੱਗੇ, ਛੇਤੀ ਟੁੱਟ ਜਾਂਦਾ ਏ," ਬੰਤੋ ਨੇ ਦੱਸਿਆ।

"ਤੁਸੀਂ ਅਨਪੜ੍ਹ ਨਹੀਂ, ਪੜ੍ਹੇ ਤੇ ਨਾਲ ਨਾਲ ਗੁੜ੍ਹੇ ਹੋਏ ਵੀ ਲੱਗਦੇ ਹੋ," ਕਰਮ ਸਿੰਘ ਨੇ ਉਹਦੇ ਵਿਚਾਰਾਂ ਦੀ ਪ੍ਰਸੰਸਾ ਇਸ ਢੰਗ ਨਾਲ ਕੀਤੀ।

ਬੰਤੋ ਮੁਸਕਰਾਈ ਤੇ ਫਿਰ ਬੋਲੀ, "ਮੇਰੇ ਮਾਪਿਆਂ ਨੂੰ ਪ੍ਰਾਹੁਣੇ ਦੇ ਸਿੰਘ ਬਣ ਜਾਣ ਦਾ ਕੋਈ ਦੁਖ ਨਹੀਂ ਪਰ ਸ਼ਾਮੂ ਸ਼ਾਹ ਹੋਰੀਂ ਕਾਹਲੀ ਨਾਲ ਗ਼ਲਤ ਗੱਲ ਕਰ ਗਏ ਹਨ। ਦੀਪੋ ਕਹਿੰਦੀ ਏ ਕਿ ਉਹਨੂੰ ਤੁਹਾਡਾ ਸਿੰਘ ਬਣ ਜਾਣਾ ਮਾੜਾ ਨਹੀਂ ਲੱਗਾ। ਤੁਸੀਂ ਭਾਈਏ ਦੀ ਗੱਲ ਨੂੰ ਦਿਲ 'ਤੇ ਨਾ ਲਾਉਣਾ। ਕੁਝ ਦਿਨਾਂ ਤਕ ਉਹ ਵੀ ਠੀਕ ਹੋ ਜਾਏਗਾ। ਦੀਪੋ

ਕਹਿੰਦੀ ਏ ਕਿ ਉਹ ਤੁਹਾਡੀ ਏ ਤੇ ਤੁਹਾਡੀ ਹੀ ਰਹੇਗੀ।"

"ਉਹਨੂੰ ਮਾਂ-ਪਿਓ ਦੇ ਵਿਚਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਏ," ਕਰਮ ਸਿੰਘ ਨੇ ਸਮਝਾਇਆ, "ਮੈਂ ਕੋਈ ਗੱਲ ਦਿਲ 'ਤੇ ਨਹੀਂ ਲਾਈ। ਨਾਲੇ ਮੈਂ ਹੁਣ ਦੋ-ਚਾਰ ਸਾਲ ਅਜੇ ਵਿਆਹ ਕਰਨਾ ਵੀ ਨਹੀਂ ਚਾਹੁੰਦਾ। ਗੁਰੂ ਜੀ ਨੇ ਮੇਰੇ ਜ਼ੁੰਮੇ ਜੋ ਸੇਵਾ ਲਾਈ ਏ, ਉਹ ਪਹਿਲਾਂ ਕਰਨੀ ਜ਼ਰੂਰੀ ਹੈ।"

"ਕਾਹਲੀ ਤਾਂ ਦੀਪੋ ਨੂੰ ਵੀ ਕੋਈ ਨਹੀਂ," ਬੰਤੋ ਨੇ ਕਿਹਾ, "ਉਹ ਜਿਤਨਾ ਚਿਰ ਆਖੋ ਉਡੀਕ ਕਰੇਗੀ ਤੇ ਇਸ ਸਮੇਂ ਉਹ ਮਾਂ-ਪਿਓ ਦੇ ਵਿਚਾਰ ਬਦਲਣ ਲਈ ਬਾਨ੍ਹਣੂ ਬੰਨ੍ਹਦੀ ਰਹੇਗੀ।"

"ਜੇ ਇਹ ਗੱਲ ਏ ਤਾਂ ਮੇਰੇ ਵੱਲੋਂ ਉਹਨੂੰ ਕਹਿ ਦਈਂ ਕਿ ਮੈਂ ਵਿਆਹ ਉਸੇ ਨਾਲ ਕਰਾਵਾਂਗਾ ਪਰ ਦੋਵੇਂ ਪਾਸਿਆਂ ਦੇ ਮਾਂ-ਪਿਓ ਦੀ ਰਜ਼ਾਮੰਦੀ ਨਾਲ," ਕਰਮ ਸਿੰਘ ਨੇ ਗੱਲ ਮੁਕਾਈ ਤੇ ਫਿਰ ਬੰਤੋ ਨੂੰ ਪੁੱਛਿਆ, "ਤੁਸੀਂ ਆਪਣੇ ਪਤੀ ਦਾ ਨਾਮ ਦੱਸੋ, ਮੈਂ ਇਲਾਕੇ ਦੇ ਸਾਰੇ ਸਿੰਘਾਂ ਨੂੰ ਮਿਲਣਾ ਚਾਹੁੰਦਾ ਹਾਂ।"

"ਨਾ ਬਈ ਨਾ," ਬੰਤੋ ਬੋਲੀ, "ਅਜੇ ਮੇਰਾ ਮੁਕਲਾਵਾ ਨਹੀਂ ਗਿਆ। ਉਨ੍ਹਾਂ ਨੂੰ ਮੇਰੇ ਕਰਤਾਰਪੁਰ ਆ ਕੇ ਤੁਹਾਨੂੰ ਮਿਲਣ ਦੀ ਗੱਲ ਪਤਾ ਲੱਗੀ ਤਾਂ ਪਤਾ ਨਹੀਂ ਕਿਤਨਾ ਕੁ ਗੁੱਸਾ ਕਰ ਲੈਣ। ਕਿਧਰੇ ਮੇਰੇ ਲਈ ਕੋਈ ਨਵੀਂ ਬਿਪਤਾ ਨਾ ਖੜੀ ਹੋ ਜਾਏ ?"

"ਮੈਂ ਆਪਣੀ ਗੱਲ-ਬਾਤ ਦਾ ਜ਼ਿਕਰ ਕਿਧਰੇ ਵੀ ਨਹੀਂ ਕਰਨਾ। ਆਪਣੇ ਘਰ ਵੀ ਗੱਲ ਨਹੀਂ ਕਰਨੀ," ਕਰਮ ਸਿੰਘ ਨੇ ਭਰੋਸਾ ਦੁਆਇਆ, "ਮੈਂ ਸੁਭਾਨਪੁਰ ਜਾ ਕੇ ਉਨ੍ਹਾਂ ਨੂੰ ਸਿੰਘ ਹੋਣ ਕਰਕੇ ਹੀ ਮਿਲਾਂਗਾ।"

"ਉਨ੍ਹਾਂ ਦਾ ਨਾਮ ਬਿਦਰ ਸਿੰਘ ਏ," ਬੰਤੋ ਬੋਲ ਪਈ।

"ਤੁਸੀਂ ਪਹਿਲਾਂ ਨਾਮ ਦੱਸਣ ਤੋਂ ਕੀ ਇਸੇ ਲਈ ਡਰਦੇ ਸੀ ?" ਕਰਮ ਸਿੰਘ ਨੇ ਕਿਹਾ, "ਮਰਦ ਦਾ ਨਾਮ ਲੈਣ ਵਿਚ ਕੋਈ ਹਰਜ ਨਹੀਂ। ਸਾਡੇ ਵਿਚ ਤਾਂ ਅਜਿਹਾ ਕੋਈ ਵਿਚਾਰ ਨਹੀਂ।"

"ਫਿਰ ਮੈਨੂੰ ਆ ਕੇ ਦਸੋਗੇ ਕਿ ਉਨ੍ਹਾਂ ਦੇ ਵਿਚਾਰ ਕੀ ਹਨ ?" ਬੰਤੋ ਨੇ ਨਵਾਂ ਸਵਾਲ ਕੀਤਾ।

"ਜ਼ਰੂਰ ਦੱਸਾਂਗਾ," ਕਰਮ ਸਿੰਘ ਨੇ ਯਕੀਨ ਦਿਵਾਇਆ, "ਪਰ ਮੈਨੂੰ ਦੋ ਕੁ ਮਹੀਨੇ ਲੱਗ ਜਾਣਗੇ ਵਾਪਸ ਘਰ ਪਰਤਦਿਆਂ।"

"ਫਿਰ ਇਥੇ ਹੀ ਦੱਸ ਦੇਣਾ, ਮੇਰੀ ਭੈਣ ਸੁਨੇਹਾ ਭੇਜ ਕੇ ਬੁਲਾ ਲਏਗੀ," ਬੰਤੋ ਨੇ ਕਿਹਾ ਤੇ ਉਹ ਆਪ ਉੱਠ ਖੜੀ ਹੋਈ। ਉਹਦਾ ਜੀਜਾ ਘਰ ਆਉਣ ਵਾਲਾ ਸੀ ਤੇ ਉਹ ਚਾਹੁੰਦੀ ਸੀ ਕਿ ਉਸ ਦੇ ਆਉਣ ਤੋਂ ਪਹਿਲਾਂ ਕਰਮ ਸਿੰਘ ਇਥੋਂ ਚਲਾ ਜਾਏ ਪਰ ਉਹ ਕਰਮ ਸਿੰਘ ਨੂੰ ਆਪ ਜਾਣ ਲਈ ਕਹਿਣਾ ਵੀ ਨਹੀਂ ਸੀ ਚਾਹੁੰਦੀ। ਕਰਮ ਸਿੰਘ ਉਹਦੇ ਉੱਠਣ ਤੋਂ ਸਮਝ ਗਿਆ ਤੇ ਉਹਨੇ ਵੀ ਫ਼ਤਹਿ ਬੁਲਾਈ ਤੇ ਘਰ ਤੋਂ ਬਾਹਰ ਨਿਕਲ ਕੇ ਆਪਣੇ ਘਰ ਆ ਗਿਆ।

ਰਾਤ ਸੌਣ ਲਈ ਮੰਜੇ 'ਤੇ ਲੇਟਿਆਂ ਕਰਮ ਸਿੰਘ ਦੇ ਮਨ ਵਿਚ ਦੀਪੋ ਦੇ ਹਾਵ-ਭਾਵ ਤੇ ਬੰਤੋ ਰਾਹੀਂ ਪ੍ਰਗਟਾਏ ਵਿਚਾਰ ਛਾਏ ਰਹੇ। ਉਹਨੂੰ ਦੀਪੋ ਹੁਣ ਚੰਗੀ ਲੱਗਣ ਲੱਗ ਪਈ। ਉਹਨੇ ਰਿਸ਼ਤਾ ਹੋਣ ਸਮੇਂ ਵੀ ਦੀਪੋ ਬਾਰੇ ਇਸ ਤਰ੍ਹਾਂ ਨਹੀਂ ਸੀ ਸੋਚਿਆ, ਜਿਸ ਤਰ੍ਹਾਂ ਉਹ ਅੱਜ ਸੋਚ ਰਿਹਾ ਸੀ। ਉਹਨੂੰ ਝੱਟ ਖ਼ਿਆਲ ਆਇਆ ਕਿ ਜਦ ਬੰਤੋ ਜਾ ਕੇ ਦੀਪੋ ਨੂੰ ਗੱਲ-ਬਾਤ ਦੱਸੇਗੀ ਤਾਂ ਉਹਨੂੰ ਕਿਤਨੀ ਖ਼ੁਸ਼ੀ ਹੋਵੇਗੀ। ਉਹਦੇ ਮਨ ਵਿਚ ਮੇਰੀ ਕਦਰ ਤੇ ਪਿਆਰ ਕਿਤਨਾ

ਵਧ ਜਾਏਗਾ। ਦੀਪੋ ਮੇਰੀ ਹੈ ਤੇ ਮੇਰੀ ਹੀ ਰਹਿਣਾ ਚਾਹੁੰਦੀ ਏ। ਇਸ ਗੱਲ ਨੇ ਉਹਦੇ ਦਿਲ ਨੂੰ ਖਿੱਚ ਲਿਆ। ਉਹਦੇ ਮਨ ਵਿਚ ਵੀ ਦੀਪੋ ਲਈ ਪਿਆਰ ਤੇ ਸਤਿਕਾਰ ਵਧ ਗਿਆ।

"ਕੀ ਉਹਦਾ ਪਿਤਾ ਵਿਆਹ ਲਈ ਮੰਨ ਜਾਏਗਾ ?" ਇਸ ਪ੍ਰਸ਼ਨ 'ਤੇ ਆ ਕੇ ਉਹਦੀ ਵਿਚਾਰ ਰੁਕ ਗਈ। ਉਹਨੂੰ ਅੰਦਰੋਂ ਆਵਾਜ਼ ਆਉਂਦੀ ਪ੍ਰਤੀਤ ਹੋਈ ਕਿ ਜ਼ਰੂਰ ਇਕ ਦਿਨ ਉਹਦਾ ਭਾਈਆ ਵੀ ਮੰਨ ਜਾਏਗਾ। ਦੂਜਾ ਉਹਨੂੰ ਇਸ ਗੱਲ ਨੇ ਵੀ ਆਸ਼ਾਵਾਦੀ ਬਣਾਇਆ ਕਿ ਉਹਦੀ ਸਹੇਲੀ ਬੰਤੋ ਸਿਆਣੀ ਏ ਤੇ ਨਾਲੇ ਉਹਦਾ ਪਤੀ ਵੀ ਸਿੰਘ ਏ। ਬੰਤੋ ਆਪਣੇ ਮਾਪਿਆਂ ਦੇ ਵਿਚਾਰਾਂ ਦਾ ਪ੍ਰਭਾਵ ਪਾ ਕੇ ਸ਼ਾਮੂ ਸ਼ਾਹ ਨੂੰ ਸਮਝਾ ਲਏਗੀ।

ਕਰਮ ਸਿੰਘ ਨੂੰ ਜਾਗਦਿਆਂ ਅਜੇ ਸੁਪਨੇ ਲੈਣੇ ਚੰਗੇ ਵੀ ਲੱਗ ਰਹੇ ਸਨ ਤੇ ਕਿਸੇ ਕਿਸੇ ਵੇਲੇ ਇਹ ਖ਼ਿਆਲ ਵੀ ਉਹਦੀ ਸੋਚ 'ਤੇ ਭਾਰੂ ਹੋ ਜਾਂਦਾ ਕਿ ਉਹਨੂੰ ਅੰਮ੍ਰਿਤ ਪਾਨ ਕਰ ਕੇ ਆਪਣਾ ਆਪ ਗੁਰੂ ਦੇ ਹਵਾਲੇ ਕਰ ਦਿੱਤਾ ਏ ਤੇ ਹੁਣ ਜੋ ਗੁਰੂ ਨੂੰ ਭਾਵੇਗਾ, ਉਹੀ ਹੋਏਗਾ। ਜੇ ਗੁਰੂ ਮਹਾਰਾਜ ਦਾ ਹੁਕਮ ਹੋਇਆ ਤਾਂ ਵਿਆਹ ਇਥੇ ਹੀ ਹੋ ਜਾਏਗਾ ਤੇ ਜੇਕਰ ਕੋਈ ਹੋਰ ਹੁਕਮ ਆ ਗਿਆ ਤਾਂ ਉਹਦੀ ਰਜ਼ਾ ਵਿਚ ਹੀ ਰਹਿਣਾ ਪਏਗਾ।

ਉਹ ਨਹੀਂ ਸੀ ਚਾਹੁੰਦਾ ਕਿ ਉਹਦੇ ਦਿਲ-ਦਿਮਾਗ਼ 'ਤੇ ਇਤਨੀ ਡੂੰਘੀ ਤਰ੍ਹਾਂ ਦੀਪੋ ਛਾਈ ਰਹੇ ਤੇ ਉਹ ਹੋਰ ਕੋਈ ਕੰਮ ਹੀ ਨਾ ਕਰ ਸਕੇ।

ਰਾਤ ਸੌਣ ਤੋਂ ਪਹਿਲਾਂ ਉਹਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਤੇ ਫਿਰ ਸੌਂ ਗਿਆ। ਅੱਗੇ ਪਾਠ ਕਰਦਿਆਂ ਉਹਦੀ ਬਿਰਤੀ ਪੂਰੀ ਤਰ੍ਹਾਂ ਇਕਾਗਰ ਰਹਿੰਦੀ ਸੀ ਪਰ ਅੱਜ ਕਈ ਵਾਰ ਪਾਠ ਵਿਚ ਵੀ ਉਹਦੀ ਬਿਰਤੀ ਉਖੜੀ। ਕਈ ਵਾਰ ਖ਼ਿਆਲ ਹੋਰ ਪਾਸੇ ਚਲਾ ਗਿਆ ਪਰ ਉਹ ਝੱਟ ਹੀ ਸੁਚੇਤ ਹੋਣ ਕਾਰਨ ਮੁੜ ਇਕਾਗਰਤਾ ਵਿਚ ਆ ਜਾਂਦਾ। ਉਹਨੂੰ ਇਸ ਗੱਲ ਦਾ ਅਫ਼ਸੋਸ ਵੀ ਹੋਇਆ ਕਿ ਇਕ ਗੱਲ ਨੇ ਉਹਦੀ ਸ਼ਾਂਤੀ ਤੇ ਇਕਾਗਰਤਾ 'ਤੇ ਕਿਤਨੀ ਸੱਟ ਮਾਰੀ ਏ।

ਦੂਜੇ ਦਿਨ ਸਵੇਰੇ ਹੀ ਕਰਤਾਰ ਸਿੰਘ ਤੇ ਕਿਸ਼ਨ ਸਿੰਘ ਆ ਗਏ। ਉਨ੍ਹਾਂ ਨੇ ਦੁਆਬੇ ਵਿਚ ਪ੍ਰਚਾਰ ਲਈ ਜਾਣ ਦਾ ਮਨ ਤਾਂ ਪਹਿਲਾਂ ਹੀ ਬਣਾਇਆ ਹੋਇਆ ਸੀ। ਕਰਤਾਰ ਸਿੰਘ ਆਉਂਦਿਆਂ ਫ਼ਤਹਿ ਬੁਲਾ ਕੇ ਕਹਿਣ ਲੱਗਾ, "ਛੇਤੀ ਬਾਹਰ ਚੱਲੀਏ। ਸਾਡੇ ਘਰ ਤਾਂ ਕਲੇਸ਼ ਹੀ ਨਹੀਂ ਮੁੱਕਦਾ। ਮਾਂ ਪਈ ਰੋਂਦੀ ਏ। ਮੈਂ ਬਥੇਰਾ ਸਮਝਾ ਚੁੱਕਿਆ ਹਾਂ ਪਰ ਉਹਦੇ 'ਤੇ ਅਸਰ ਹੀ ਕੋਈ ਨਹੀਂ। ਬਾਪੂ ਮੇਰੇ ਨਾਲ ਬੋਲਦਾ ਹੀ ਨਹੀਂ।"

"ਸਭ ਠੀਕ ਹੋ ਜਾਏਗਾ," ਕਰਮ ਸਿੰਘ ਨੇ ਦਿਲਾਸਾ ਦਿੰਦਿਆਂ ਕਿਹਾ, "ਹੁਣ ਜਦ ਤੁਸੀਂ ਦੋ ਮਹੀਨੇ ਘਰ ਤੋਂ ਬਾਹਰ ਰਹੇ ਤਾਂ ਮਾਂ ਉਦਾਸ ਹੋ ਜਾਏਗੀ ਤੇ ਜਣੇ ਖਣੇ ਤੋਂ ਪੁੱਛਦੀ ਫਿਰੇਗੀ ਕਿ ਕਿਥੇ ਵੇ ? ਫਿਰ ਉਹ ਆਖੇਗੀ ਕਿ ਜੇ ਤੂੰ ਸਿੰਘ ਹੀ ਬਣੇ ਰਹਿਣਾ ਏਂ ਤਾਂ ਘਰ ਵਿਚ ਤਾਂ ਆ ਕੇ ਰਹੋ। ਉਹਦੀਆਂ ਅੱਖਾਂ ਸਾਹਮਣੇ ਤਾਂ ਦਿਸਦਾ ਰਹੋ।"

"ਇਹ ਗੱਲ ਤੁਹਾਡੀ ਠੀਕ ਏ," ਕਿਸ਼ਨ ਸਿੰਘ ਬੋਲ ਪਿਆ, "ਮੇਰੇ ਘਰ ਵੀ ਪਹਿਲਾਂ ਇਸੇ ਤਰ੍ਹਾਂ ਮੇਰਾ ਵਿਰੋਧ ਹੋਇਆ। ਜਦੋਂ ਮੈਂ ਆਖਿਆ ਕਿ ਜੇ ਮੇਰਾ ਸਿੰਘ ਸੱਜਣਾ ਤੁਹਾਨੂੰ ਪਸੰਦ ਨਹੀਂ ਤਾਂ ਮੈਂ ਘਰ ਨੂੰ ਸਦਾ ਲਈ ਛੱਡ ਜਾਂਦਾ ਹਾਂ। ਬੱਸ ਮੇਰੇ ਇਤਨਾ ਕਹਿਣ ਦੀ ਦੇਰੀ ਸੀ ਕਿ ਸਾਰਿਆਂ ਦਾ ਵਤੀਰਾ ਬਦਲ ਗਿਆ। ਉਹ ਮੇਰਾ ਘਰ ਤੋਂ ਸਦਾ ਲਈ ਚਲੇ ਜਾਣਾ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਹੁਣ ਉਹ ਮੰਨ ਗਏ ਨੇ ਕਿ ਮੈਂ ਛੇਤੀ ਛੇਤੀ ਘਰ ਫੇਰਾ ਪਾ ਜਾਇਆ ਕਰਾਂ।"

"ਉਹਨਾਂ ਦਾ ਕਸੂਰ ਨਹੀਂ," ਕਰਮ ਸਿੰਘ ਨੇ ਕਿਹਾ, "ਇਹ ਸੁਭਾਵਕ ਹੀ ਏ ਕਿ ਹਰ ਮਾਂ-ਪਿਓ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸੁਰੱਖਿਅਤ ਦੇਖਣਾ ਚਾਹੁੰਦੇ ਨੇ। ਦੂਜਾ

ਹਰ ਨਵੀਂ ਗੱਲ ਹਰ ਕੋਈ ਛੇਤੀ ਛੇਤੀ ਪਰਵਾਨ ਨਹੀਂ ਕਰ ਸਕਦਾ, ਨਾ ਹੀ ਹਰ ਕਿਸੇ ਨੂੰ ਸਥਿਤੀ ਦਾ ਠੀਕ ਅਨੁਮਾਨ ਹੁੰਦਾ ਹੈ। ਹੌਲੀ ਹੌਲੀ ਹਰ ਕੋਈ ਹਾਲਾਤ ਨਾਲ ਬਦਲਦਾ ਜਾਂਦਾ ਹੈ।"

"ਮੈਂ ਸੁਣਿਆ ਏ ਕਿ ਸਾਡੀ ਸ਼ਿਕਾਇਤ ਜਲੰਧਰ ਦੇ ਫ਼ੌਜਦਾਰ ਪਾਸ ਵੀ ਪਹੁੰਚ ਗਈ ਏ," ਕਿਸ਼ਨ ਸਿੰਘ ਨੇ ਦੱਸਿਆ, "ਹੋ ਸਕਦਾ ਏ ਕਿ ਕਿਸੇ ਵੇਲੇ ਉਧਰੋਂ ਵੀ ਸੱਦਾ ਆ ਜਾਏ। ਇਸ ਲਈ ਕੋਈ ਨਵਾਂ ਪੁਆੜਾ ਖੜਾ ਹੋਣ ਤੋਂ ਪਹਿਲਾਂ ਸਾਨੂੰ ਇਥੋਂ ਚੱਲੇ ਜਾਣਾ ਚਾਹੀਦਾ ਏ। ਜੇਕਰ ਫ਼ੌਜਦਾਰ ਦੇ ਬੰਦੇ ਸਾਡੇ ਪਿੱਛੇ ਆਏ ਤਾਂ ਘਰ ਵਾਲੇ ਹੋਰ ਘਬਰਾਣਗੇ।"

"ਉਹ ਸਾਨੂੰ ਕੀ ਆਖ ਸਕਦਾ ਏ ?" ਕਰਮ ਸਿੰਘ ਨੇ ਝੱਟ ਗੱਲ ਟੋਕ ਕੇ ਆਖਿਆ। ਇਥੇ ਸਲਾਹ ਕਰ ਕੇ ਤੇ ਦੋ ਹੋਰ ਸਾਥੀਆਂ ਨੂੰ ਬੁਲਾ ਕੇ ਪੰਜ ਸਿੰਘ ਚੱਲ ਪਏ ਤੇ ਇਹਨਾਂ ਨੇ ਪਹਿਲਾਂ ਪਲਾਹੀ, ਫਗਵਾੜੇ ਨੇੜੇ ਜਾਣ ਦਾ ਵਿਚਾਰ ਬਣਾਇਆ। ਕਰਮ ਸਿੰਘ ਆਪਣੇ ਘਰ ਕਹਿ ਗਿਆ ਕਿ ਉਹ ਮਹੀਨਾ ਡੇਢ ਮਹੀਨਾ ਪ੍ਰਚਾਰ 'ਤੇ ਲਾ ਕੇ ਘਰ ਮੁੜਨਗੇ।

4

ਕਰਮ ਸਿੰਘ ਦੀ ਮਾਂ, ਭਾਗਾਂ ਪਾਸ ਬਰਾਦਰੀ ਤੇ ਆਂਢ-ਗੁਆਂਢ ਦੀਆਂ ਔਰਤਾਂ ਆਉਣ ਲੱਗ ਪਈਆਂ। ਨਗਰ ਵਿਚ ਰਿਵਾਜ ਸੀ ਕਿ ਕਿਸੇ ਦੇ ਘਰ ਖ਼ੁਸ਼ੀ ਹੋਵੇ ਜਾਂ ਦੁਖ, ਲੋਕ ਇਕ ਦੂਜੇ ਨੂੰ ਮਿਲਦੇ ਤੇ ਦੁਖ-ਸੁਖ ਵਿਚ ਭਾਈਵਾਲ ਹੁੰਦੇ ਸਨ। ਉਂਞ ਤਾਂ ਉਸ ਸਮੇਂ ਦੇਸ਼ ਵਿਚ ਹੀ ਇਹ ਰਿਵਾਜ ਸੀ ਪਰ ਗੁਰੂ ਕੀ ਨਗਰੀ ਵਿਚ ਇਸ ਤਰ੍ਹਾਂ ਦਾ ਵਰਤਾਰਾ ਹੋਰ ਥਾਵਾਂ ਨਾਲੋਂ ਵੱਧ ਸੀ। ਜਿਉਂ ਜਿਉਂ ਜ਼ਨਾਨੀਆਂ ਨੇ ਸੁਣਿਆ ਕਿ ਕਰਮਾ ਅੰਮ੍ਰਿਤ ਛਕ ਕੇ ਸਿੰਘ ਬਣ ਗਿਆ ਹੈ ਤਾਂ ਵੀ ਆਈਆਂ ਤੇ ਜਿਉਂ ਜਿਉਂ ਇਹ ਗੱਲ ਬਾਹਰ ਨਿਕਲੀ ਕਿ ਦਿਆਲਪੁਰੀਏ ਆ ਕੇ ਰਿਸ਼ਤਾ ਤੋੜਨ ਦੀ ਧਮਕੀ ਦੇ ਗਏ ਹਨ ਤਾਂ ਵੀ ਸਭ ਆਉਣ ਲੱਗ ਪਈਆਂ।

"ਲੋਹੜਾ ਭੈਣ, ਮੇਰੀ ਤਾਂ ਸੁਣਦਿਆਂ ਖ਼ਾਨਿਉਂ ਗਈ," ਇਕ ਬੁੱਢੀ ਨੇ ਆਉਂਦਿਆਂ ਇਕ ਹੱਥ ਅਗਾਂਹ ਕਰਦਿਆਂ ਤੇ ਦੂਜਾ ਹੱਥ ਆਪਣੀ ਠੋਡੀ 'ਤੇ ਰੱਖਦਿਆਂ ਕਿਹਾ, "ਅੱਜ ਕੱਲ੍ਹ ਮੁੰਡਿਆਂ ਦੇ ਰਿਸ਼ਤੇ ਕਿਤੇ ਮਿਲਦੇ ਨੇ। ਸਾਨੂੰ ਤੇ ਖ਼ੁਸ਼ੀ ਹੋਈ ਸੀ ਕਿ ਕਰਮੇ ਦੇ ਵਿਆਹ 'ਤੇ ਰੱਜ ਕੇ ਮੂੰਹ ਮਿੱਠਾ ਕਰਾਂਗੇ ਤੇ ਮਠਿਆਈ ਖਾਵਾਂਗੇ ਪਰ ਮੈਂ ਬੜੀ ਭੈੜੀ ਗੱਲ ਸੁਣੀ ਏ। ਹੋਇਆ ਕੀ ਏ ? ਕਿਉਂ ਆਪਣੇ ਸੰਬੰਧੀ ਵਿਗੜ ਗਏ ਨੇ।"

"ਮੁੰਡਾ ਸਿਖ ਕਿਉਂ ਬਣ ਗਿਆ ਏ ? ਦਿਆਲਪੁਰੀਆਂ ਨੂੰ ਇਹ ਚੰਗਾ ਨਹੀਂ ਲੱਗਾ," ਭਾਗਾਂ ਨੇ ਬੜੇ ਠਰ੍ਹੰਮੇ ਨਾਲ ਗੱਲ ਦੱਸੀ, "ਸਾਡੀ ਤੇ ਗੁਰੂ-ਘਰ ਨਾਲ ਦੂਹਰੀ ਸਾਂਝ ਏ। ਰਿਸ਼ਤੇਦਾਰੀ ਵੀ ਹੋਈ ਤੇ ਉਂਞ ਵੀ ਸਾਡੇ ਗੁਰਦੇਵ ਹੋਏ। ਤੂੰ ਦੱਸ, ਵੱਡੀ ਭੈਣ ਸੀ ਗੁਜਰੀ। ਨਿਰਾ ਰੱਬ ਦਾ ਰੂਪ। ਉਹਦੇ ਟੱਬਰ ਨਾਲ ਜੋ ਕੁਝ ਹੋਇਆ ਏ, ਕਿਹੜਾ ਭੁਲਾ ਏ ਜੋ ਜਰ ਜਾਏਗਾ। ਠੀਕ ਹੈ ਅਸੀਂ ਹਾਕਮਾਂ ਨਾਲ ਲੜ ਨਹੀਂ ਸਕਦੇ, ਸਾਡੇ ਵਿਚ ਟੱਕਰ ਲੈਣ ਦੀ ਹਿੰਮਤ ਨਹੀਂ ਪਰ ਸਾਡੀ ਅਣਖ ਤਾਂ ਨਹੀਂ ਮਰ ਗਈ। ਜੇ ਮੁੰਡਾ ਸਿਖ ਬਣ ਗਿਆ ਏ ਤਾਂ ਉਹਨੇ ਕਿਸੇ ਦਾ ਬੁਰਾ ਤਾਂ ਨਹੀਂ ਕੀਤਾ। ਤੂੰ ਹੀ ਦੱਸ ਬੀਬੀ, ਅਸੀਂ ਚੰਗੇ ਪਾਸੇ ਜਾਣ ਤੋਂ ਮੁੰਡੇ ਨੂੰ ਕਿਵੇਂ ਮੋੜ ਸਕਦੇ ਹਾਂ।"

"ਸਮਾਂ ਵੀ ਤਾਂ ਦੇਖਣਾ ਚਾਹੀਦਾ ਏ," ਬੁੱਢੀ ਨੇ ਆਖਿਆ, "ਇਹ ਵੇਲਾ 'ਦੜ ਵੱਟ

ਜ਼ਮਾਨਾ ਕੱਟ’ ਵਾਲਾ ਏ। ਬੜੀ ਔਖੀ ਘੜੀ ਏ। ਸ਼ਾਮੂ ਸ਼ਾਹ ਕਿਆਂ ਵੀ ਕਾਹਲੀ ਕੀਤੀ ਏ। ਐਵੇਂ ਧੀ ਨੂੰ ਬੰਜ ਲਵਾ ਲਈ ਨੇ, ਧਮਕੀ ਹੀ ਦਿੱਤੀ ਹੋਏਗੀ ਕਿ ਸੱਚੀ-ਮੁੱਚੀ ਦਾ ਕਹਿ ਗਏ ਨੇ ?”

“ਇਹ ਤਾਂ ਉਹੀ ਜਾਣਨ,” ਭਾਗਾਂ ਨੇ ਫੇਰ ਕਿਹਾ, “ਸਾਡੇ ਵੱਲੋਂ ਤਾਂ ਕੋਈ ਉਜਰ ਨਹੀਂ ਪਰ ਜੇ ਉਹ ਪਿੱਛੇ ਹਟਦੇ ਨੇ ਤਾਂ ਅਸੀਂ ਕੀ ਕਰ ਸਕਦੇ ਹਾਂ। ਇਹ ਨਹੀਂ ਤਾਂ ਹੋਰ ਕਿਧਰੇ ਰਿਸ਼ਤਾ ਕਰ ਦਿਆਂਗੇ। ਤੂੰ ਫ਼ਿਕਰ ਨਾ ਕਰ ਬੀਬੀ, ਜਿੰਨੀ ਕਹੇਂਗੀ ਮਠਿਆਈ ਖੁਆਵਾਂਗੀ। ਥਾਲ ਭਰ ਕੇ ਤੇਰੇ ਅੱਗੇ ਰੱਖਾਂਗੀ।”

ਇਤਨੇ ਵਿਚ ਦੋ ਹੋਰ ਜ਼ਨਾਨੀਆਂ ਆ ਗਈਆਂ। ਉਹ ਵੀ ਗੱਲਾਂ ਵਿਚ ਸ਼ਾਮਲ ਹੋ ਗਈਆਂ। ਭਾਗਾਂ ਦੀ ਗੱਲ ਸੁਣ ਕੇ ਇਕ ਬੋਲੀ, “ਜੇਕਰ ਦਿਆਲਪੁਰੀਏ ਇਤਨੇ ਹੀ ਆਕੜੇ ਹੋਏ ਨੇ ਤਾਂ ਮੁੜ ਉਹਨਾਂ ਦੇ ਘਰ ਮੁੰਡਾ ਕਦੇ ਨਹੀਂ ਵਿਆਹੁਣਾ। ਹੋਰ ਰਿਸ਼ਤੇ ਥੋੜ੍ਹੇ ਨੇ।” ਇਸ ਤਰ੍ਹਾਂ ਕਈ ਦਿਨ ਸਿਲਸਿਲਾ ਚੱਲਦਾ ਰਿਹਾ। ਕੋਈ ਆ ਕੇ ਰਿਸ਼ਤਾ ਟੁੱਟਣ ’ਤੇ ਅਫ਼ਸੋਸ ਕਰਦੀ। ਕੋਈ ਕਹਿੰਦੀ ਕਿ ਚੰਗਾ ਹੋਇਆ। ਜਿਹੜੇ ਕੱਚ-ਕੁਆਰੇ ਸਾਕ ਹੁੰਦਿਆਂ ਘਟੀਆ ਗੱਲਾਂ ਕਰਦੇ ਨੇ, ਉਹ ਪੱਕੀ ਗੰਢ ਪਿਆਂ ਕੀ ਕਰਨਗੇ।

ਇਸੇ ਤਰ੍ਹਾਂ ਮਰਦ ਵੀ ਲਾਭ ਚੰਦ ਪਾਸ ਆ ਕੇ ਜਾਂ ਤਾਂ ਕਰਮ ਸਿੰਘ ਬਾਰੇ ਗੱਲਾਂ ਛੇੜ ਲੈਂਦੇ ਜਾਂ ਫਿਰ ਰਿਸ਼ਤੇ ਦੇ ਟੁੱਟਣ ਦੀ ਗੱਲ ਹੀ ਕਰਦੇ। ਭਾਗਾਂ ਤੇ ਲਾਭ ਚੰਦ ਤੰਗ ਆ ਗਏ ਸਨ। ਉਹਨਾਂ ਨੂੰ ਬਿਲਕੁਲ ਲੋਕਾਂ ਦੀ ਇਸ ਮੌਕੇ ਸਲਾਹ ਦੀ ਲੋੜ ਨਹੀਂ ਸੀ। ਉਹ ਅੰਦਰੋਂ ਪੱਕੇ ਪੀਡੇ ਤੇ ਫ਼ੈਸਲਾ ਕਰ ਕੇ ਇਸ ਪਾਸੇ ਤੁਰੇ ਸਨ। ਉਹਨਾਂ ਨੂੰ ਢਹਿੰਦੀ ਕਲਾ ਦੀ ਕੋਈ ਵੀ ਗੱਲ ਚੰਗੀ ਨਹੀਂ ਸੀ ਲੱਗਦੀ। ਉਹ ਕਰਮ ਸਿੰਘ ਦੇ ਚੁਣੇ ਹੋਏ ਰਾਹ ਬਾਰੇ ਖ਼ੁਸ਼ ਸਨ ਤੇ ਉਹਨੂੰ ਹੱਲਾਸ਼ੇਰੀ ਦੇਣ ਦੇ ਯਤਨਾਂ ਵਿਚ ਸਨ। ਉਹ ਤੇ ਸਗੋਂ ਦੂਜੇ ਸਿੰਘ ਸੱਜੇ ਮੁੰਡਿਆਂ ਦੇ ਡਾਵਾਂ-ਡੋਲ ਹੁੰਦੇ ਮਾਪਿਆਂ ਨੂੰ ਚੜ੍ਹਦੀ ਕਲਾ ਵਿਚ ਰਹਿਣ ਦੀ ਪ੍ਰੇਰਨਾ ਦਿੰਦੇ ਸਨ।

ਇਕ ਦਿਨ, ਦੋਵੇਂ ਜੀਅ ਘਰ ਬੈਠੇ ਆਪਣੇ ਗ੍ਰਹਿਸਥ ਜੀਵਨ ਦੀਆਂ ਸਮੱਸਿਆਵਾਂ ’ਤੇ ਵਿਚਾਰ ਕਰ ਰਹੇ ਸਨ ਕਿ ਇਕ ਮੁੰਡਾ ਭੱਜਾ ਭੱਜਾ ਆਇਆ ਤੇ ਉਹਨੇ ਸਾਹੋ ਸਾਹ ਹੋਏ ਨੇ ਆਉਂਦਿਆਂ ਕਾਹਲੀ ਵਿਚ ਕਿਹਾ, “ਦੋ ਘੋੜ ਸਵਾਰ ਆਏ ਨੇ ਫ਼ੌਜੀ ਤੇ ਉਹ ਤੁਹਾਡਾ ਘਰ ਪਏ ਪੁੱਛਦੇ ਨੇ।”

“ਕੋਈ ਗੱਲ ਨਹੀਂ,” ਲਾਭ ਚੰਦ ਨੇ ਕਿਹਾ, “ਅਸੀਂ ਕਿਹੜਾ ਕਿਸੇ ਦੀ ਮੱਝ ਖੋਲ੍ਹ ਲਿਆਂਦੀ ਏ। ਆ ਜਾਣ ਦੇ ਉਹਨਾਂ ਨੂੰ, ਤੂੰ ਕਿਉਂ ਪੁੱਤ ਇਤਨਾ ਘਾਬਰਿਆ ਹੋਇਆ ਆਇਆ ਏਂ ?”

“ਉੱਠ ਕੇ ਬਾਹਰ ਜਾਓ ਜੀ,” ਭਾਗਾਂ ਕਹਿਣ ਲੱਗੀ, “ਪਤਾ ਨਹੀਂ ਕੌਣ ਨੇ ਤੇ ਕਿਥੋਂ ਆਏ ਨੇ ?”

ਲਾਭ ਚੰਦ ਨੇ ਉੱਠ ਕੇ ਜੁੱਤੀ ਪਾਈ ਤੇ ਬਾਹਰ ਨਿਕਲਣ ਲਈ ਤਿਆਰ ਹੋ ਕੇ ਅਜੇ ਡਿਉਢੀ ਤਕ ਹੀ ਆਇਆ ਸੀ ਕਿ ਉਹ ਘੋੜ ਸਵਾਰ ਇਨ੍ਹਾਂ ਦੇ ਦਰਵਾਜ਼ੇ ਅੱਗੇ ਆ ਪਹੁੰਚੇ। ਲਾਭ ਚੰਦ ਨੂੰ ਉਹਨਾਂ ਪੁੱਛਿਆ, “ਲਾਭ ਚੰਦ ਤੁਹਾਡਾ ਨਾਂ ਏ ?”

“ਜੀ ਆ।”

“ਤੁਹਾਡਾ ਮੁੰਡਾ ਕਰਮਾ ਕਿਥੇ ਏ ?” ਇਕ ਸਿਪਾਹੀ ਨੇ ਘੋੜੇ ਤੋਂ ਉਤਰਦਿਆਂ ਹੋਇਆਂ ਕਿਹਾ।

“ਆਉ ਅੰਦਰ ਲੰਘ ਆਉ,” ਲਾਭ ਚੰਦ ਨੇ ਕਿਹਾ, “ਪਾਣੀ ਧਾਣੀ ਪੀਉ। ਬੈਠ ਕੇ ਗੱਲ ਕਰੋ, ਤੁਸੀਂ ਕਿਥੋਂ ਆਏ ਜੇ ? ਤੁਹਾਨੂੰ ਕਿੰਨ੍ਹੇ ਭੇਜਿਆ ਏ ?”

"ਅਸੀਂ ਜਲੰਧਰੋਂ ਆਏ ਹਾਂ, ਸਾਨੂੰ ਫ਼ੌਜਦਾਰ ਕਰੀਮ ਬਖ਼ਸ਼ ਨੇ ਭੇਜਿਆ ਏ," ਇਕ ਘੋੜ ਸਵਾਰ ਨੇ ਦੱਸਿਆ, "ਪਹਿਲਾਂ ਦੱਸੋ ਮੁੰਡਾ ਕਿਥੇ ਏ?"

"ਉਹ ਤੇ ਘਰ ਨਹੀਂ, ਕਿਧਰੇ ਗਿਆ ਹੋਇਆ ਏ," ਲਾਭ ਚੰਦ ਨੇ ਕਿਹਾ, "ਤੁਸੀਂ ਆਉ ਬੈਠੋ ਤੇ ਸਹੀ। ਇਉਂ ਗਲੀ ਵਿਚ ਖੜਿਆਂ ਗੱਲ ਕਰਦੇ ਚੰਗੇ ਨਹੀਂ ਲੱਗਦੇ। ਸਾਡੇ ਇਹ ਰਿਵਾਜ ਨਹੀਂ। ਪਹਿਲਾਂ ਆਇਆ ਗਿਆ ਪਾਣੀ ਧਾਣੀ ਪੀਵੇ ਤੇ ਫਿਰ ਠਰੰਮੇ ਨਾਲ ਗੱਲ-ਬਾਤ ਕਰਦੇ ਹਾਂ।"

ਗਲੀ-ਮੁਹੱਲੇ ਦੇ ਲੋਕ ਇਕੱਠੇ ਹੋਣ ਲੱਗ ਪਏ। ਜ਼ਨਾਨੀਆਂ ਤਾਂ ਦਰਵਾਜ਼ੇ ਬੰਦ ਕਰ ਕੇ ਝੀਥਾਂ 'ਚੋਂ ਦੇਖਣ ਲੱਗ ਪਈਆਂ। ਬੱਚੇ ਤੇ ਮਰਦ ਹੌਲੀ ਹੌਲੀ ਲਾਭ ਚੰਦ ਦੇ ਮਕਾਨ ਦੇ ਨੇੜੇ ਜੁੜਦੇ ਗਏ। ਹਰ ਕੋਈ ਇਸ ਯਤਨ ਵਿਚ ਸੀ ਕਿ ਉਹ ਨੇੜੇ ਹੋ ਕੇ ਸੁਣੇ ਕਿ ਫ਼ੌਜੀ ਕਿਉਂ ਆਏ ਹਨ ਤੇ ਕੀ ਪਏ ਗੱਲਾਂ ਕਰਦੇ ਹਨ।

ਘੋੜ ਸਵਾਰ ਅੰਦਰ ਨਾ ਆਏ। ਉਹ ਫ਼ੌਜਦਾਰ ਦਾ ਇਹ ਹੁਕਮ ਸੁਣਾ ਗਏ, "ਤੁਹਾਨੂੰ ਦੋਹਾਂ ਪਿਉ ਪੁੱਤਰਾਂ ਨੂੰ ਫ਼ੌਜਦਾਰ ਨੇ ਬੁਲਾਇਆ ਏ। ਜੇ ਮੁੰਡਾ ਘਰ ਹੁੰਦਾ ਤਾਂ ਹੁਣੇ ਸਾਡੇ ਨਾਲ ਹੀ ਚੱਲ ਪੈਂਦਿਉ ਪਰ ਹੁਣ ਉਹ ਜਦ ਆ ਜਾਏ, ਉਸੇ ਦਿਨ ਜਲੰਧਰ ਪਹੁੰਚ ਜਾਣਾ। ਇਹ ਜ਼ਰੂਰੀ ਏ। ਫ਼ੌਜਦਾਰ ਨੇ ਪੱਕੀ ਕੀਤੀ ਏ।" ਇਹ ਕਹਿ ਕੇ ਘੋੜ ਸਵਾਰ ਚਲੇ ਗਏ।

ਕਈ ਬੰਦੇ ਜੋ ਘੋੜ ਸਵਾਰਾਂ ਤੋਂ ਡਰਦੇ ਪਿੱਛੇ ਪਿੱਛੇ ਹੱਟ ਕੇ ਖੜੇ ਸਨ, ਉਹ ਵੀ ਨੇੜੇ ਹੁੰਦੇ ਗਏ। ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਆ ਕੇ ਪੁੱਛਦਾ ਕਿ ਫ਼ੌਜੀ ਕਿਧਰ ਆਏ ਸਨ? ਕੋਈ ਸਵਾਲ ਕਰਦਾ ਕਿ ਕੀ ਕਹਿ ਗਏ ਹਨ? ਕਿਸੇ ਨੇ ਆਪ ਹੀ ਰਾਏ ਦੇ ਦਿੱਤੀ ਕਿ ਕਰਮੇ ਦੇ ਸਿੰਘ ਬਣਨ ਕਾਰਨ ਤੁਹਾਨੂੰ ਬੁਲਾਇਆ ਏ। ਕਿਸੇ ਦੀ ਵਿਚਾਰ ਸੀ ਕਿ ਤੁਸੀਂ ਕਿਹੜਾ ਜੁਰਮ ਕੀਤਾ ਏ ਜੋ ਫ਼ੌਜਦਾਰ ਦੇ ਪੇਸ਼ ਹੋਣੈ।

ਲਾਭ ਚੰਦ ਵਧੇਰੇ ਚੁੱਪ ਹੀ ਰਿਹਾ। ਉਹਨੇ ਇਕੋ ਗੱਲ ਮੁਕਾਈ ਕਿ ਫ਼ੌਜਦਾਰ ਨੇ ਸੱਦਿਆ ਏ, ਜ਼ਰੂਰ ਜਾਵਾਂਗੇ। ਦੇਖਾਂਗੇ ਕਿ ਉਹਨੂੰ ਕੀ ਇਤਰਾਜ਼ ਏ। ਹਾਕਮਾਂ ਨੂੰ ਕਿਸੇ ਕੋਈ ਚੁਗਲੀ ਕੀਤੀ ਏ ਜਾਂ ਕੋਈ ਹੋਰ ਗੱਲ ਏ। ਇਕ ਸਿਆਣਾ ਬੰਦਾ ਬੋਲ ਪਿਆ, "ਤੁਸੀਂ ਇਕੱਲਿਆਂ ਨਹੀਂ ਜਾਣਾ। ਆਪਾਂ ਸਾਰੇ ਭਾਈਚਾਰੇ ਨੂੰ ਨਾਲ ਲਿਜਾਵਾਂਗੇ। ਜਿੰਨੇ ਵੱਧ ਬੰਦੇ ਫ਼ੌਜਦਾਰ ਕੋਲ ਗਏ, ਉਹਦੇ 'ਤੇ ਉਤਨਾ ਹੀ ਪ੍ਰਭਾਵ ਪਏਗਾ। ਤੁਹਾਡੇ ਨਾਲ ਫਿਰ ਉਹ ਧੱਕਾ ਨਹੀਂ ਕਰ ਸਕੇਗਾ। ਉਹਨੂੰ ਪੰਚਾਂ ਦੇ ਨਾਲ ਹੁੰਦਿਆਂ ਨਿਆਂ ਕਰਨਾ ਹੀ ਪਏਗਾ।"

"ਇੱਲਾਂ ਦੇ ਆਲ੍ਹਣੇ 'ਚੋਂ ਮਾਸ ਲੋੜਦੇ ਹੋ," ਦੂਜਾ ਬੰਦਾ ਬੋਲ ਪਿਆ, "ਹਾਕਮਾਂ ਤੋਂ ਇਨਸਾਫ਼ ਦੀ ਆਸ ਰੱਖਦੇ ਹੋ? ਜਿਹੜੇ ਲੋਕਾਂ 'ਤੇ ਜ਼ੁਲਮ ਕਰਨ ਲੱਗਿਆਂ ਸ਼ਰਮ ਨਹੀਂ ਕਰਦੇ, ਉਹਨਾਂ ਤੋਂ ਦਇਆ ਦੀ ਆਸ ਕਰਦੇ ਹੋ? ਉਹਨਾਂ ਦਾ ਵੱਸ ਚੱਲੇ ਤਾਂ ਲੋਕਾਂ ਦੀਆਂ ਹੱਡੀਆਂ ਤੇ ਖੱਲੜੀ ਵੀ ਲਾਹ ਕੇ ਆਪਣਾ ਬੁੱਤਾ ਸਾਰ ਲੈਣ।"

"ਕੰਧਾਂ ਨੂੰ ਵੀ ਕੰਨ ਹੁੰਦੇ ਨੇ," ਤੀਜੇ ਅੱਧਖੜ ਜਿਹੀ ਉਮਰ ਦੇ ਇਕ ਹੋਰ ਬੰਦੇ ਨੇ ਗੱਲ ਟੋਕ ਕੇ ਰਾਏ ਦਿੱਤੀ, "ਹਾਕਮਾਂ ਬਾਰੇ ਗਲੀ ਵਿਚ ਖੜੇ ਹੋ ਕੇ ਊਟ-ਪਟਾਂਗ ਨਹੀਂ ਬੋਲਣਾ ਚਾਹੀਦਾ। ਇਹ ਤਾਂ ਮੁਸੀਬਤ ਨੂੰ ਆਪ ਸੱਦਾ ਦੇਣ ਵਾਲੀ ਗੱਲ ਹੁੰਦੀ ਏ। ਤੁਸੀਂ ਦੋ ਗੱਲਾਂ ਕਰੋਗੇ ਤੇ ਦੱਸਣ ਵਾਲੇ ਜਾ ਕੇ ਰਾਈ ਦਾ ਪਹਾੜ ਬਣਾਣਗੇ।"

"ਸਾਡੇ ਵਿਚ ਅਜਿਹਾ ਚੁਗਲਖੋਰ ਕੋਈ ਨਹੀਂ," ਪਹਿਲਾ ਬੰਦਾ ਬੋਲਿਆ।

"ਇਹ ਨਾ ਆਖੋ," ਅੱਧਖੜ ਉਮਰ ਵਾਲੇ ਨੇ ਮੁੜ ਕਹਿਣਾ ਸ਼ੁਰੂ ਕਰ ਦਿੱਤਾ, "ਕਈ ਬੰਦੇ ਆਪਣਾ ਬੁੱਤਾ ਸਾਰਨ ਲਈ [illegible] ਕਾਰਨ ਹਾਕਮਾਂ ਦੀ ਝੋਲੀ ਚੁੱਕੀ ਕਰਨ ਲੱਗ ਪੈਂਦੇ

ਨੇ। ਆਪਣੇ ਨਗਰ ਵਿਚ ਤਾਂ ਉਥ ਹੀ ਦੋ ਧੜੇ ਬਣੇ ਪਏ ਨੇ, ਇਕ ਗੁਰੂ ਕਿਆਂ ਵੱਲ ਏ ਤੇ ਦੂਜਾ ਵਿਰੁੱਧ ਏ। ਦੂਜੇ ਧੜੇ ਦਾ ਯਤਨ ਹੋਏਗਾ ਕਿ ਤੁਹਾਨੂੰ ਅਜਿਹੀ ਸੱਟ ਮਾਰੇ ਜਿਸ ਨਾਲ ਤੁਸੀਂ ਪਿੱਛੇ ਵੀ ਹੱਟ ਜਾਉ ਤੇ ਪਤਾ ਵੀ ਨਾ ਲੱਗੇ। ਚੁਗ਼ਲਖ਼ੋਰੀ ਕਿਸੇ 'ਤੇ ਵਾਰ ਕਰਨ ਲਈ ਇਕ ਹਥਿਆਰ ਏ। ਤੁਹਾਨੂੰ ਕੀ ਪਤਾ ਦੁਸ਼ਮਣ ਕਿਹੜਾ ਹਥਿਆਰ ਵਰਤ ਰਿਹਾ ਏ।"

"ਇਹ ਠੀਕ ਏ," ਲਾਭ ਚੰਦ ਨੇ ਗੱਲ ਮੁਕਾਈ, "ਘਰ ਬੈਠ ਕੇ ਗੱਲਾਂ ਕਰਾਂਗੇ। ਮਸਲੇ ਗੰਭੀਰਤਾ ਨਾਲ ਵਿਚਾਰ ਦੀ ਮੰਗ ਕਰਦੇ ਨੇ।" ਉਹਨੇ ਹੱਥ ਜੋੜੇ ਤੇ ਲੋਕਾਂ ਨੂੰ ਵਿਦਾ ਕੀਤਾ।

ਦੂਜੇ ਦਿਨ ਉਹੀ ਘੋੜ ਸਵਾਰ ਸਿਪਾਹੀ ਮੁੜ ਆ ਗਏ ਤੇ ਉਹਨਾਂ ਨੇ ਫ਼ੌਜਦਾਰ ਦਾ ਹੁਕਮ ਸੁਣਾਇਆ ਕਿ ਜੇਕਰ ਮੁੰਡਾ ਘਰ ਨਹੀਂ ਤਾਂ ਲਾਭ ਚੰਦ ਹੀ ਆ ਕੇ ਪੇਸ਼ ਹੋਵੇ। ਕੱਲ੍ਹ ਸੋਮਵਾਰ ਸਵੇਰੇ ਸਵੇਰੇ ਤੁਹਾਨੂੰ ਸੱਦਿਆ ਏ। ਦੇਖ ਲਿਆ ਜੇ, ਖ਼ਾਨ ਬਹੁਤ ਕਰੜਾ ਏ, ਉਹਨੂੰ ਜੇਕਰ ਗੁੱਸਾ ਚੜ੍ਹ ਗਿਆ ਤਾਂ ਤੁਹਾਡੀ ਖ਼ੈਰ ਨਹੀਂ।

"ਫ਼ਿਕਰ ਨਾ ਕਰੋ," ਲਾਭ ਚੰਦ ਬੋਲਿਆ, "ਅਸੀਂ ਜ਼ਰੂਰ ਹਾਜ਼ਰ ਹੋਵਾਂਗੇ। ਕੋਈ ਜੁਰਮ ਨਹੀਂ ਕੀਤਾ, ਕਿਸੇ ਨੂੰ ਦੁੱਖ ਨਹੀਂ ਦਿੱਤਾ। ਡਰੇ ਉਹ ਜਿਸ ਨੇ ਪਾਪ ਕੀਤੇ ਹੋਣ।" ਇਸ ਵਾਰੀ ਲਾਭ ਚੰਦ ਨੇ ਉਹਨਾਂ ਦੋਹਾਂ ਸਿਪਾਹੀਆਂ ਨੂੰ ਅੰਦਰ ਬਿਠਾਇਆ। ਉਹਨਾਂ ਦੀ ਖ਼ਾਤਰ ਕੀਤੀ ਤੇ ਯਤਨ ਕੀਤਾ ਕਿ ਉਹ ਖ਼ੁਸ਼ ਜਾਣ ਤੇ ਫ਼ੌਜਦਾਰ ਨੂੰ ਜਾ ਕੇ ਚੰਗੀ ਗੱਲ ਦੱਸਣ। ਉਹ ਜਾਣਦਾ ਸੀ ਕਿ ਇਹ ਸਿਪਾਹੀ ਤੇ ਹੇਠਲੇ ਨੌਕਰ ਕੁਝ ਵੀ ਹਕੂਮਤ ਦੀ ਤਾਕਤ ਨਾ ਹੁੰਦਿਆਂ ਬਹੁਤ ਕੁਝ ਹਨ। ਇਹਨਾਂ ਨੇ ਜਾ ਕੇ ਜਿਹੋ ਜਿਹੀਆਂ ਗੱਲਾਂ ਦੱਸਣੀਆਂ ਹਨ, ਹਾਕਮਾਂ ਨੇ ਉਹੋ ਜਿਹਾ ਵਤੀਰਾ ਬਣਾ ਲੈਣਾ ਹੈ। ਜੇਕਰ ਇਹ ਵਿਗੜ ਜਾਣ ਤਾਂ ਹਾਕਮ ਕੰਨਾਂ ਦੇ ਕੱਚੇ ਹੋਰ ਵਧੇਰੇ ਰੋਹ ਵਿਚ ਆ ਜਾਂਦੇ ਹਨ। ਇਸ ਤਰ੍ਹਾਂ ਦੇ ਕਈ ਕਿੱਸੇ ਕਹਾਣੀਆਂ ਰੋਜ਼ ਸੁਣਦੇ ਸਨ। ਇਸੇ ਲਈ ਦੋਹਾਂ ਸਿਪਾਹੀਆਂ ਨੂੰ ਗੁੜ ਦੀਆਂ ਦੋ ਦੋ ਭੇਲੀਆਂ ਤੇ ਕੁਝ ਛੋਲਿਆਂ ਦੇ ਦਾਣੇ ਤੇ ਮੂੰਗਫਲੀ ਭੇਟਾ ਕੀਤੀ, ਜੋ ਇਹਨਾਂ ਦੇ ਖੇਤਾਂ ਵਿਚ ਹੁੰਦੀਆਂ ਸਨ। ਕਰਤਾਰਪੁਰ ਦੀ ਬਹੁਤੀ ਜ਼ਮੀਨ ਰੇਤਲੀ ਸੀ ਤੇ ਲਾਭ ਚੰਦ ਦੇ ਕੁਝ ਖੇਤਾਂ ਵਿਚ ਗੰਨਾ ਚੰਗਾ ਹੁੰਦਾ ਸੀ। ਮੂੰਗਫਲੀ ਲਈ ਇਹ ਧਰਤੀ ਬਹੁਤ ਹੀ ਠੀਕ ਸੀ। ਮੂੰਗਫਲੀ ਇਸ ਇਲਾਕੇ ਦਾ ਵਧੀਆ ਫਲ ਤੇ ਸੁੱਕਾ ਮੇਵਾ ਸਮਝਿਆ ਜਾਂਦਾ ਸੀ।

ਸਿਪਾਹੀ ਗਏ ਤੇ ਕੱਲ੍ਹ ਵਾਂਗ ਫਿਰ ਲੋਕ ਲਾਭ ਚੰਦ ਦੇ ਘਰ ਆਉਣੇ ਸ਼ੁਰੂ ਹੋ ਗਏ। ਮੁੜ ਕੇ ਵੰਨ-ਸੁਵੰਨੀਆਂ ਗੱਲਾਂ ਹੋਣ ਲੱਗ ਪਈਆਂ। ਆਮ ਲੋਕਾਂ ਦਾ ਸੁਭਾਅ ਇਹ ਸੀ ਕਿ ਜੇਕਰ ਇਕ ਵੈਦ ਪਿੰਡ ਵਿਚ ਆ ਜਾਏ ਤਾਂ ਸਾਰਾ ਪਿੰਡ ਮਰੀਜ਼ ਬਣ ਜਾਂਦਾ ਸੀ ਤੇ ਹਰ ਕੋਈ ਵੈਦ ਹਕੀਮ ਤੋਂ ਕਿਸੇ ਨਾ ਕਿਸੇ ਰੋਗ ਬਾਰੇ ਇਲਾਜ ਪੁੱਛਣ ਲੱਗ ਪੈਂਦਾ ਸੀ ਤੇ ਜੇਕਰ ਇਕ ਬੀਮਾਰ ਹੋ ਜਾਏ ਤਾਂ ਸਾਰਾ ਪਿੰਡ ਵੈਦ ਹਕੀਮ ਤੇ ਸਿਆਣਾ ਬਣ ਜਾਂਦਾ ਸੀ। ਜਿਹੜਾ ਬੀਮਾਰ ਨੂੰ ਦੇਖਣ ਆਏ, ਉਹੀ ਕੋਈ ਨਾ ਕੋਈ ਦਵਾਈ ਦਾਰੂ ਦੱਸ ਜਾਏ। ਬਿਲਕੁਲ ਇਸੇ ਤਰ੍ਹਾਂ ਦੀ ਗੱਲ ਲਾਭ ਚੰਦ ਨਾਲ ਹੋ ਰਹੀ ਸੀ। ਜਿਹੜਾ ਆਉਂਦਾ ਇਸ ਮਸਲੇ ਬਾਰੇ ਆਪਣੀ ਨਵੀਂ ਤੇ ਵੱਖਰੀ ਰਾਏ ਹੀ ਦਿੰਦਾ। ਝੱਟ ਵਿਚਾਰਨ ਪਿੱਛੋਂ ਫ਼ੈਸਲਾ ਹੋ ਗਿਆ ਕਿ ਪੰਜ ਆਦਮੀ ਇਕੱਠੇ ਜਲੰਧਰ ਜਾਣ ਤੇ ਉਹ ਫ਼ੌਜਦਾਰ ਨਾਲ ਇਸ ਬਾਰੇ ਗੱਲ ਕਰਨ। ਉਹਨਾਂ ਪੰਜਾਂ ਆਦਮੀਆਂ ਦੀ ਚੋਣ ਉਥੇ ਬੈਠਿਆਂ ਹੀ ਕਰ ਲਈ ਗਈ। ਇਹਨਾਂ ਵਿਚ ਹੀ ਸੁਦਾਗਰ ਸ਼ਾਹ ਵੀ ਸੀ। ਇਕ ਮੁਸਲਮਾਨ ਅਬਦੁੱਲਾ ਵੀ ਨਾਲ ਲਿਜਾਣ ਦਾ ਵਿਚਾਰ ਬਣਿਆ, ਕਿਉਂਕਿ

ਉਹ ਅਜਿਹਾ ਬੰਦਾ ਸੀ ਜੋ ਹਿੰਦੂਆਂ ਮੁਸਲਮਾਨਾਂ ਵਿਚ ਪਾੜਾ ਪਾਣ ਵਾਲਿਆਂ ਨਾਲ ਟੱਕਰ ਲੈ ਲੈਂਦਾ ਸੀ ਤੇ ਉਂਝ ਵੀ ਉਹਦੇ ਬਾਰੇ ਪ੍ਰਭਾਵ ਸੀ ਕਿ ਉਹ ਠੀਕ ਠੀਕ ਗੱਲ ਕਰਨ ਤੋਂ ਝਕਦਾ ਨਹੀਂ।

ਸੁਦਾਗਰ ਸ਼ਾਹ ਘਰ ਗਿਆ ਤਾਂ ਉਹਦੀ ਪਤਨੀ ਨੇ ਉਹਨੂੰ ਨਾਲ ਜਾਣ ਤੋਂ ਰੋਕਿਆ। ਉਹ ਰਾਤ ਰੋਟੀ ਖਾਂਦਿਆਂ ਕੋਲ ਆ ਬੈਠੀ ਤੇ ਲਾਭ ਚੰਦ ਦੇ ਘਰ ਹੋਈਆਂ ਗੱਲਾਂ ਦਾ ਵਿਸਥਾਰ ਜਾਣਨ ਲਈ ਕਈ ਪ੍ਰਸ਼ਨ ਇਕੱਠੇ ਕਰ ਗਈ। ਸੁਦਾਗਰ ਸ਼ਾਹ ਨੇ ਉਹਨੂੰ ਸੰਖੇਪ ਕਰ ਕੇ ਸਾਰੀ ਗੱਲ ਦੱਸ ਦਿੱਤੀ ਪਰ ਨਾਲ ਹੀ ਕਿਹਾ, "ਤੁਹਾਨੂੰ ਜ਼ਨਾਨੀਆਂ ਨੂੰ ਇਹਨਾਂ ਗੱਲਾਂ ਨਾਲ ਕੀ?"

"ਕਿਉਂ, ਸਾਨੂੰ ਨਹੀਂ ਪਤਾ ਹੋਣਾ ਚਾਹੀਦਾ ਕਿ ਤੁਸੀਂ ਮਰਦ ਲੋਕ ਕੀ ਪਏ ਕਰਦੇ ਹੋ," ਔਰਤ ਬੋਲੀ, "ਸਾਡੇ 'ਤੇ ਉਹਦਾ ਅਸਰ ਨਹੀਂ ਜੋ ਕੁਝ ਤੁਸੀਂ ਕਰਦੇ ਹੋ? ਮੈਂ ਤੁਹਾਨੂੰ ਕੱਲ੍ਹ ਫ਼ੌਜਦਾਰ ਦੇ ਨਹੀਂ ਜਾਣ ਦੇਵਾਂਗੀ।"

"ਕਿਉਂ ਨਹੀਂ ਜਾਣ ਦੇਵੇਂਗੀ?" ਸੁਦਾਗਰ ਸ਼ਾਹ ਨੇ ਬੜੀ ਹੈਰਾਨੀ ਨਾਲ ਪੁੱਛਿਆ ਤੇ ਕਿਹਾ, "ਸਾਰਿਆਂ ਨੇ ਮਿਲ ਕੇ ਸਲਾਹ ਕੀਤੀ ਏ ਤੇ ਮੈਂ ਕੋਈ ਇਕੱਲਾ ਤਾਂ ਨਹੀਂ ਜਾਂਦਾ ਪਿਆ।"

"ਕੁਝ ਵੀ ਹੋਵੇ," ਜ਼ਨਾਨੀ ਬੜੇ ਰੋਹਬ ਨਾਲ ਜ਼ੋਰ ਦੇ ਕੇ ਬੋਲੀ, "ਆ ਬੈਲ ਮੁਝੇ ਮਾਰ, ਹਾਕਮਾਂ ਦਾ ਕੀ ਪਤਾ, ਉਹ ਤੁਹਾਨੂੰ ਸਾਰਿਆਂ ਨੂੰ ਹੀ ਬੰਨ੍ਹ ਬਹਾਏ ਜਾਂ ਸਾਰਿਆਂ ਦੇ ਵੈਰ ਪੈ ਜਾਏ। ਤੁਹਾਨੂੰ ਚੰਗਾ ਭਲਾ ਪਤਾ ਏ ਕਿ ਸਾਰਾ ਪੁਆੜਾ ਤਾਂ ਕਰਮੇ ਦੇ ਸਿਖ ਬਣਨ ਨਾਲ ਹੀ ਪਿਆ ਏ।"

"ਫਿਰ ਕੀ ਹੋਇਆ?" ਸੁਦਾਗਰ ਸ਼ਾਹ ਨੇ ਕਿਹਾ, "ਹਾਕਮਾਂ ਨੇ ਕੋਈ ਸਿਖ ਹੋਣਾ ਜੁਰਮ ਤਾਂ ਨਹੀਂ ਕਰਾਰ ਦਿੱਤਾ ਹੋਇਆ। ਗੁਰੂ ਨਾਲ ਝਗੜਾ ਸੀ, ਉਹਨਾਂ ਨਾਲ ਸਰਕਾਰ ਨਿਪਟ ਰਹੀ ਏ। ਆਮ ਲੋਕਾਂ ਨਾਲ ਕਾਹਦਾ ਝਗੜਾ ਏ। ਨਾਲੇ ਅਸੀਂ ਤਾਂ ਲਾਭ ਚੰਦ ਦੀ ਮਦਦ ਲਈ ਨਾਲ ਜਾ ਰਹੇ ਹਾਂ। ਅਸੀਂ ਤਾਂ ਇਹੀ ਆਖਾਂਗੇ ਕਿ ਲਾਭ ਚੰਦ ਕਿਸੇ ਚੰਗੇ ਮੰਦੇ ਕੰਮ ਵਿਚ ਆਉਂਦਾ ਹੀ ਨਹੀਂ। ਕਿਰਤੀ ਆਦਮੀ ਏ ਤੇ ਆਪਣੀ ਖੇਤੀ ਦੇ ਕੰਮ ਧੰਦੇ ਵਿਚ ਲੱਗਾ ਰਹਿੰਦਾ ਏ। ਇਹਦੇ ਵਿਰੁੱਧ ਨਗਰ ਦੇ ਕਿਸੇ ਬੰਦੇ ਨੂੰ ਕੋਈ ਸ਼ਿਕਾਇਤ ਨਹੀਂ।"

"ਬੱਸ ਜੀ, ਮੇਰੇ ਮਨ ਨੂੰ ਤਾਂ ਹੌਲ ਪੈਂਦਾ ਏ," ਜ਼ਨਾਨੀ ਫਿਰ ਬੋਲੀ, "ਮੇਰੇ ਭਰਾ ਨੂੰ ਇਨ੍ਹਾਂ ਹਾਕਮਾਂ ਨੇ ਬੁਲਾਇਆ ਸੀ ਤੇ ਮੈਨੂੰ ਪਤਾ ਏ ਕਿ ਇਹ ਕਿਵੇਂ ਸਾਡੇ ਵੈਰ ਪੈ ਗਏ ਸਨ। ਨਿੱਕੇ ਹੁੰਦਿਆਂ ਤੋਂ ਮੈਂ ਇਨ੍ਹਾਂ ਪਠਾਣਾਂ ਦਾ ਵਰਤਾਰਾ ਜਾਣਦੀ ਆਂ। ਪਰਮਾਤਮਾ ਕਰੇ ਕਦੇ ਇਨ੍ਹਾਂ ਦੇ ਮੱਥੇ ਨਾ ਲੱਗਣਾ ਪਵੇ। ਇਹ ਨਾਰਾਜ਼ ਹੋਏ ਤਾਂ ਮਾੜੇ ਹਨ ਹੀ, ਖ਼ੁਸ਼ ਹੋਏ ਵੀ ਖ਼ਤਰਨਾਕ ਹੁੰਦੇ ਨੇ। ਮੇਰੇ ਪੇਕਿਆਂ ਦੇ ਪਿੰਡ ਇਹ ਆਉਣ ਲੱਗ ਪਏ ਤਾਂ ਧੀਆਂ ਭੈਣਾਂ ਦੀ ਇੱਜ਼ਤ ਖ਼ਤਰੇ ਵਿਚ ਪੈ ਗਈ ਸੀ। ਇਕ ਕੁੜੀ ਸੁਨੱਖੀ ਇਨ੍ਹਾਂ ਦੀ ਨਜ਼ਰੀਂ ਪੈ ਗਈ, ਬੱਸ ਉਹਨੂੰ ਧੱਕੇ ਨਾਲ ਅਖ਼ੀਰ ਇਕ ਦਿਨ ਲੈ ਗਏ। ਹੁਣ ਤਕ ਨਹੀਂ ਮੁੜੀ। ਪਤਾ ਨਹੀਂ ਕੰਜਰਾਂ ਘਰ ਪਾ ਲਈ ਜਾਂ ਮਾਰ ਦਿੱਤੀ।"

"ਇਕ ਥਾਂ ਜੇਕਰ ਕੋਈ ਮਾੜਾ ਹਾਕਮ ਜਾਂ ਚੌਧਰੀ ਜੰਮ ਪਏ ਤਾਂ ਉਹਦਾ ਮਤਲਬ ਇਹ ਨਹੀਂ ਕਿ ਸਭ ਥਾਂ ਉਸੇ ਤਰ੍ਹਾਂ ਹੁੰਦਾ ਹੈ," ਸੁਦਾਗਰ ਸ਼ਾਹ ਨੇ ਸਮਝਾਇਆ, "ਹਾਕਮ ਸਾਨੂੰ ਕੋਈ ਮੂੰਹ ਵਿਚ ਨਹੀਂ ਪਾ ਲੈ[illegible]।"

ਸ਼ਾਮ ਨੂੰ ਸੁਦਾਗਰ ਸ਼ਾਹ ਨੇ ਪਤਨੀ ਦੀ ਗੱਲ ਨਾ ਮੰਨੀ ਪਰ ਰਾਤ ਦੀ ਰੋਟੀ ਖਾ ਕੇ ਜਦੋਂ ਸਾਰੇ ਆਪੋ ਆਪਣੇ ਮੰਜਿਆਂ 'ਤੇ ਜਾ ਪਏ ਤਾਂ ਬੱਚਿਆਂ ਦੇ ਸੌਂ ਜਾਣ ਪਿੱਛੋਂ ਪਤੀ

ਪਤਨੀ ਵਿਚਕਾਰ ਇਸ ਮਾਮਲੇ 'ਤੇ ਫਿਰ ਗੱਲ-ਬਾਤ ਸ਼ੁਰੂ ਹੋ ਗਈ। ਪਤਾ ਨਹੀਂ ਦੋ ਪਹਿਰ ਰਾਤ ਗਏ ਤਕ ਦੋਵੇਂ ਗੱਲਾਂ ਕਰਦੇ ਰਹੇ। ਇਸ ਵਿਸ਼ੇ 'ਤੇ ਨਹੀਂ, ਹੋਰ ਵੀ ਕਈ ਪ੍ਰਕਾਰ ਦੀਆਂ ਗੱਲਾਂ ਹੋਈਆਂ। ਪਿਆਰ ਦੇ ਇਸ ਮਾਹੌਲ ਵਿਚ ਅਖ਼ੀਰ ਪਤਨੀ ਨੇ ਮਨਾ ਹੀ ਲਿਆ ਕਿ ਉਹ ਸਵੇਰੇ ਜਲੰਧਰ ਸਾਰਿਆਂ ਨਾਲ ਨਹੀਂ ਜਾਏਗਾ। ਤ੍ਰੀਆ ਹਠ ਬੜਾ ਜ਼ੋਰਦਾਰ ਹੁੰਦਾ ਹੈ ਤੇ ਪਿਆਰ ਭਰੇ ਮਾਹੌਲ ਵਿਚ ਔਰਤਾਂ ਬਹੁਤੀ ਵਾਰ ਮਰਦਾਂ ਤੋਂ ਆਪਣੀ ਗੱਲ ਮੰਨਵਾਣ ਵਿਚ ਸਫਲ ਵੀ ਹੋ ਜਾਂਦੀਆਂ ਹਨ। ਉਹ ਸਾਰੇ ਹੱਥ-ਕੰਡੇ ਵਰਤ ਕੇ ਸੁਦਾਗਰ ਸ਼ਾਹ ਦੀ ਪਤਨੀ ਨੇ ਉਹਨੂੰ ਵੀ ਨਾ ਜਾਣ ਲਈ ਮਨਾ ਲਿਆ। ਸੁਦਾਗਰ ਸ਼ਾਹ ਨੇ ਕਿਹਾ ਕਿ ਹੁਣ ਉਹ ਕਿਸ ਤਰ੍ਹਾਂ ਜਾ ਕੇ ਕਹੇ ਕਿ ਉਹ ਨਾਲ ਨਹੀਂ ਜਾ ਸਕਦਾ।

"ਇਹ ਕੰਮ ਮੈਂ ਕਰਾਂਗੀ," ਉਹਦੀ ਪਤਨੀ ਨੇ ਕਿਹਾ। ਸਵੇਰੇ ਉੱਠ ਕੇ ਉਹ ਲਾਭ ਚੰਦ ਦੇ ਘਰ ਗਈ ਤੇ ਉਹਦੀ ਪਤਨੀ ਨੂੰ ਕਹਿਣ ਲੱਗੀ ਕਿ ਰਾਤ ਇਨ੍ਹਾਂ ਦੀ ਤਬੀਅਤ ਖ਼ਰਾਬ ਹੋ ਗਈ ਸੀ। ਇਹ ਬੀਮਾਰ ਹਨ ਇਸ ਲਈ ਜਲੰਧਰ ਨਹੀਂ ਜਾ ਸਕਣਗੇ।

"ਕੀ ਹੋਇਆ ਏ ਉਹਨਾਂ ਨੂੰ?" ਭਾਗਾਂ ਨੇ ਪੁੱਛਿਆ।

"ਕੁਝ ਪਤਾ ਨਹੀਂ ਲੱਗਾ," ਉਹ ਬੋਲੀ, "ਪਹਿਲਾਂ ਢਿੱਡ ਪੀੜ ਕਹਿੰਦੇ ਸਨ ਤੇ ਪਿੱਛੋਂ ਉਲਟੀ ਆ ਗਈ ਨੇ।"

"ਕੋਈ ਚੂਰਨ ਸ਼ੂਰਨ ਦੇਣਾ ਸੀ।"

"ਦਿੱਤਾ ਤਾਂ ਸੀ ਪਰ ਉਹਦੇ ਨਾਲ ਕੋਈ ਫ਼ਰਕ ਨਹੀਂ ਪਿਆ।"

"ਕਿਸੇ ਹਕੀਮ ਨੂੰ ਦੱਸਦੇ, ਦਵਾਈ ਲੈ ਆਉਂਦੇ।"

"ਕਮਜ਼ੋਰੀ ਬੜੀ ਹੋ ਗਈ ਏ," ਬਹਾਨੇ ਤੇ ਬਹਾਨਾ ਬਣਾਂਦਿਆਂ ਉਹਨੇ ਕਿਹਾ, "ਕਹਿੰਦੇ ਨੇ, ਅਜੇ ਤੁਰਨ ਦੀ ਹਿੰਮਤ ਨਹੀਂ। ਦੁਪਹਿਰੇ ਚੱਲ ਕੇ ਹਕੀਮ ਨੂੰ ਦਿਖਾਵਾਂਗੇ।"

ਲਾਭ ਚੰਦ ਸਮਝਦਾ ਸੀ ਕਿ ਜੇਕਰ ਸੱਚਮੁੱਚ ਸੁਦਾਗਰ ਸ਼ਾਹ ਬੀਮਾਰ ਹੁੰਦਾ ਤਾਂ ਪਹਿਲਾਂ ਮੈਨੂੰ ਸੱਦ ਕੇ ਕੋਈ ਦਵਾ ਦਾਰੂ ਪੁੱਛਦਾ। ਫਿਰ ਮੈਂ ਆਪ ਹੀ ਕਹਿ ਦੇਣਾ ਸੀ ਕਿ ਤੁਸੀਂ ਆਰਾਮ ਕਰੋ। ਜਿਹੜਾ ਉਹਦੀ ਵਹੁਟੀ ਆਈ ਏ, ਇਹ ਜ਼ਰੂਰ ਕੋਈ ਹੋਰ ਗੱਲ ਹੈ। ਫਿਰ ਆ ਕੇ ਉਹ ਪਹਿਲਾਂ ਕੋਈ ਚੂਰਨ ਜਾਂ ਦਵਾ ਦਾਰੂ ਪੁੱਛਦੀ ਤੇ ਪਿੱਛੋਂ ਨਾ ਜਾਣ ਦੀ ਗੱਲ ਕਰਦੀ ਪਰ ਉਹਨੇ ਤਾਂ ਆਉਂਦਿਆਂ ਹੀ ਨਾ ਜਾਣ ਦੀ ਗੱਲ ਕੀਤੀ ਏ।

ਬਾਕੀ ਦੇ ਚਾਰੇ ਆਦਮੀ ਤੇ ਉਹ ਮੁਸਲਮਾਨ ਅਬਦੁੱਲਾ ਵੀ ਆ ਗਿਆ ਤੇ ਸਾਰੇ ਰਲ ਕੇ ਜਲੰਧਰ ਨੂੰ ਚੱਲ ਪਏ। ਉਹਨਾਂ ਦਿਨਾਂ ਵਿਚ ਇਕ ਅੱਧ ਯੱਕਾ ਹੀ ਜਲੰਧਰ ਨੂੰ ਜਾਂਦਾ ਸੀ। ਇਹ ਉਹਦੇ 'ਤੇ ਸਵਾਰ ਹੋ ਕੇ ਜਲੰਧਰ ਪਹੁੰਚ ਗਏ। ਇਥੇ ਉਹਨਾਂ ਫ਼ੌਜਦਾਰ ਦੇ ਟਿਕਾਣੇ ਦਾ ਪਤਾ ਕੀਤਾ। ਕਿਸੇ ਦੱਸਿਆ ਕਿ ਖਿੰਗਰਾਂ ਵਾਲੇ ਦਰਵਾਜ਼ੇ ਦੇ ਅੰਦਰ ਉੱਚੀ ਜਿਹੀ ਥਾਂ 'ਤੇ ਫ਼ੌਜਦਾਰ ਦੀ ਹਵੇਲੀ ਏ। ਸੋ ਉਹ ਖਿੰਗਰਾਂ ਵਾਲੇ ਦਰਵਾਜ਼ੇ ਪੁੱਛਦੇ ਪੁਛਾਂਦੇ ਜਾ ਪਹੁੰਚੇ। ਅੱਗੋਂ ਤਾਂ ਸਿੱਧਾ ਰਾਹ ਹੀ ਜਾਂਦਾ ਸੀ। ਉਹ ਫ਼ੌਜਦਾਰ ਦੇ ਪਹੁੰਚ ਗਏ।

ਬਾਹਰ ਖੜੇ ਪਹਿਰਾ ਦੇ ਰਹੇ ਸਿਪਾਹੀ ਨੇ ਅੰਦਰ ਸੁਨੇਹਾ ਭੇਜਿਆ ਤੇ ਅੰਦਰੋਂ ਆਗਿਆ ਮਿਲਣ 'ਤੇ ਇਹਨਾਂ ਸਭ ਨੂੰ ਅੰਦਰ ਭੇਜ ਦਿੱਤਾ। ਫ਼ੌਜਦਾਰ ਵੱਡੇ ਸਾਰੇ ਬਰਾਂਡੇ ਵਿਚ ਮੰਜੇ 'ਤੇ ਸਰ੍ਹਾਣੇ ਨਾਲ ਢੋਅ ਲਾ ਕੇ ਬੈਠਾ ਹੋਇਆ ਸੀ। ਲੰਮੀ ਸਾਰੀ ਨੜੀ ਵਾਲਾ ਹੁੱਕਾ ਉਹਦੇ ਕੋਲ ਪਿਆ ਸੀ। ਸਾਹਮਣੇ ਇਕ ਦਰੀ ਪਈ ਸੀ ਤੇ ਇਕ ਪਾਸੇ ਦੋ ਕਾਨੇ ਦੇ ਮੂਹੜੇ ਪਏ ਸਨ। ਇਹ ਸਾਰੇ ਝੁਕ ਕੇ ਨਮਸਕਾਰ ਕਰ ਕੇ ਬੈਠ ਗਏ। ਕਰਤਾਰਪੁਰ ਸੱਦਣ ਗਏ ਦੋਵੇਂ ਸਿਪਾਹੀ ਵੀ ਨੇੜੇ ਹੀ ਖੜੇ ਸਨ। ਫ਼ੌਜਦਾਰ ਨੇ ਪਹਿਲਾਂ ਸਾਹਮਣੇ ਦਰੀ 'ਤੇ ਬੈਠੇ ਬੰਦਿਆਂ

ਨੂੰ ਉਠਾ ਦਿੱਤਾ ਤੇ ਫਿਰ ਪੁੱਛਿਆ, "ਲਾਭ ਚੰਦ ਕੌਣ ਏ ?"

"ਮੈਂ ਹਾਂ ਜਨਾਬ," ਲਾਭ ਚੰਦ ਉੱਠ ਕੇ ਖੜਾ ਹੋ ਗਿਆ, "ਹਜ਼ੂਰ ਨੇ ਕਿਵੇਂ ਯਾਦ ਕੀਤਾ ਏ ?"

"ਇਹ ਬਾਕੀ ਦੇ ਕੌਣ ਨੇ," ਫ਼ੌਜਦਾਰ ਨੇ ਹੁੱਕੇ ਦਾ ਸੂਟਾ ਲਾਂਦਿਆਂ ਪੁੱਛਿਆ।

"ਇਹ ਨਗਰ ਦੇ ਹੀ ਵਸਨੀਕ ਨੇ," ਲਾਭ ਚੰਦ ਨੇ ਦੱਸਿਆ।

"ਇਨ੍ਹਾਂ ਨੂੰ ਤਾਂ ਮੈਂ ਨਹੀਂ ਸੱਦਿਆ, ਇਹ ਕਾਹਦੇ ਲਈ ਆਏ ਨੇ ?" ਫ਼ੌਜਦਾਰ ਨੇ ਅਗਲਾ ਪ੍ਰਸ਼ਨ ਕਰ ਦਿੱਤਾ।

"ਹਜ਼ੂਰ ਅਸੀਂ ਸਾਰੇ ਰਲ-ਮਿਲ ਕੇ ਰਹਿੰਦੇ ਆਂ ਤੇ ਦੁਖ-ਸੁਖ ਵਿਚ ਇਕ ਦੂਜੇ ਨਾਲ ਖੜੇ ਹੁੰਦੇ ਹਾਂ," ਲਾਭ ਚੰਦ ਨੇ ਨਿਮਰਤਾ ਨਾਲ ਉੱਤਰ ਦਿੱਤਾ।

"ਇਥੇ ਕਿਹੜਾ ਦੁਖ-ਸੁਖ ਸੀ ?" ਫ਼ੌਜਦਾਰ ਨੇ ਹਾਕਮਾਂ ਵਾਲੇ ਰੋਹਬ ਭਰੇ ਲਹਿਜੇ ਵਿਚ ਹੀ ਉੱਤਰ ਦਿੱਤਾ ਤੇ ਫਿਰ ਕਿਹਾ, "ਸਿਖ ਬਣ ਗਿਆ ਤੁਹਾਡਾ ਲੜਕਾ, ਕਿਥੇ ਏ ?"

"ਉਹ ਤੇ ਘਰ ਨਹੀਂ," ਲਾਭ ਚੰਦ ਨੇ ਦੱਸਿਆ, "ਕਾਫ਼ੀ ਦਿਨਾਂ ਤੋਂ ਬਾਹਰ ਕਿਧਰੇ ਗਿਆ ਸੀ ਤੇ ਅਜੇ ਤਕ ਨਹੀਂ ਆਇਆ। ਹਜ਼ੂਰ ਦੱਸੋ ਗੱਲ ਕੀ, ਉਹ ਜਦੋਂ ਵੀ ਆਇਆ, ਉਹਨੂੰ ਤੁਹਾਡੇ ਹਾਜ਼ਰ ਕਰ ਦਿਆਂਗਾ। ਉਹਦੇ ਵਿਰੁੱਧ ਸ਼ਿਕਾਇਤ ਕੀ ਏ ?"

"ਕਰਤਾਰਪੁਰ ਦੇ ਚੌਧਰੀ ਦੀ ਇਤਲਾਹ ਅਨੁਸਾਰ ਉਹ ਦੁਆਬੇ ਵਿਚ ਫਿਰ ਕੇ ਸਿੱਖਾਂ ਨੂੰ ਫ਼ੌਜੀ ਰੂਪ ਵਿਚ ਜਥੇਬੰਦ ਕਰਨ ਦਾ ਯਤਨ ਕਰ ਰਿਹਾ ਹੈ। ਆਪਣੀ ਫ਼ੌਜ ਬਣਾ ਰਿਹਾ ਏ ਤੇ ਸਾਡੀ ਹਕੂਮਤ ਲਈ ਖ਼ਤਰਾ ਬਣਨ ਦੀ ਕੋਸ਼ਿਸ਼ ਵਿਚ ਹੈ ," ਫ਼ੌਜਦਾਰ ਨੇ ਸਾਰੀ ਗੱਲ ਝੱਟ ਸਪੱਸ਼ਟ ਕਰ ਦਿੱਤੀ।

"ਇਹ ਜਨਾਬ ਨੂੰ ਗ਼ਲਤ ਇਤਲਾਹ ਮਿਲੀ ਏ ਕਿ ਮੇਰਾ ਲੜਕਾ ਕਰਮ ਸਿੰਘ ਕੋਈ ਫ਼ੌਜ ਭਰਤੀ ਕਰ ਰਿਹਾ ਹੈ ਜਾਂ ਉਹਦਾ ਮਕਸਦ ਕੋਈ ਗੜਬੜ ਕਰਨ ਦਾ ਏ," ਲਾਭ ਚੰਦ ਨੇ ਦੱਸਿਆ।

"ਉਹ ਸਾਬੋ ਕੀ ਤਲਵੰਡੀ ਕੀ ਕਰਨ ਗਿਆ ਸੀ ?" ਫ਼ੌਜਦਾਰ ਨੇ ਅੱਖਾਂ ਲਾਲ ਕਰ ਕੇ ਪੁੱਛਿਆ, "ਉਹਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਕਿਉਂ ਲਿਆ ਏ ਤੇ ਉਥੇ ਕਹਿ ਕੇ ਆਇਆ ਏ ਕਿ ਦੁਆਬੇ ਵਿਚ ਹਜ਼ਾਰਾਂ ਬੰਦਿਆਂ ਨੂੰ ਪ੍ਰੇਰ ਕੇ ਅੰਮ੍ਰਿਤ ਲਈ ਤਿਆਰ ਕਰੇਗਾ। ਹਕੂਮਤ ਨੂੰ ਕਿਹੜੀ ਗੱਲ ਦਾ ਨਹੀਂ ਪਤਾ। ਸਾਨੂੰ ਸਭ ਇਤਲਾਂਹਾਂ ਨੇ। ਸਾਡੇ ਸੂਹੀਏ ਹਰ ਥਾਂ ਪਹੁੰਚੇ ਹੋਏ ਨੇ।"

"ਅਸੀਂ ਗਵਾਹੀ ਦਿੰਦੇ ਹਾਂ ਕਿ ਕਰਮਾ ਜਨਾਬ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਿਹਾ। ਉਹ ਤਾਂ ਬੜਾ ਸਾਊ ਏ," ਅਬਦੁੱਲਾ ਨੇ ਉੱਠ ਕੇ ਗਵਾਹੀ ਦਿੱਤੀ।

"ਤੇਰਾ ਕੀ ਨਾਮ ਏ ?"

"ਅਬਦੁੱਲਾ।"

"ਓਏ ਤੂੰ ਮੁਸਲਮਾਨ ਹੋ ਕੇ ਇਨ੍ਹਾਂ ਕਾਫ਼ਰਾਂ ਦੇ ਵੱਲ ਦੀ ਗੱਲ ਕਰ ਰਿਹਾ ਏਂ," ਫ਼ੌਜਦਾਰ ਨੇ ਉਹਨੂੰ ਝਾੜ ਪਾਂਦਿਆਂ ਕਿਹਾ, "ਅਸੀਂ ਸਭ ਜਾਣਦੇ ਹਾਂ। ਕਰਮਾ ਅੱਜ-ਕੱਲ੍ਹ ਘਰ ਕਿਉਂ ਨਹੀਂ ? ਕਿਹੜੇ ਵਪਾਰ ਨੂੰ ਗਿ[illegible] ? ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਕਿਹੜੇ ਕਿਹੜੇ ਪਿੰਡ ਜਾ ਕੇ ਉਹਨੇ ਲੋਕਾਂ ਨੂੰ ਕਿਸ ਤਰ੍ਹਾਂ ਭੜਕਾਇਆ ਏ। ਉਹ ਖ਼ਤਰਨਾਕ ਕਿਸਮ ਦਾ ਬੰਦਾ ਬਣ ਰਿਹਾ ਏ। ਉਹ ਕਿੱਡਾ ਕੁ ਸਾਊ ਏ, ਇਹ ਸਭ ਨੂੰ ਪਤਾ ਹੈ। ਉਹ ਸਾਬੋ ਕੀ ਤਲਵੰਡੀ ਕੀ ਕਰਨ ਗਿਆ ਸੀ ?"

"ਗੁਰੂ ਗੋਬਿੰਦ ਸਿੰਘ ਦੀ ਮਾਂ ਸਾਡੀ ਭੈਣ ਲੱਗਦੀ ਸੀ। ਉਹ ਮਰ ਗਈ ਤੇ ਮੈਂ ਖ਼ੁਦਾ

ਹੋਣ ਕਾਰਨ ਉਹਦੇ ਪੁੱਤਰ ਨੂੰ ਰਜਾ ਬੁਲਾਣ ਨਾ ਜਾ ਸਕਿਆ। ਮੈਂ ਮੁੰਡੇ ਨੂੰ ਭੇਜ ਦਿੱਤਾ ਤੇ ਉਹ ਅੰਮ੍ਰਿਤ ਪਾਨ ਕਰ ਕੇ ਆ ਗਿਆ ਏ। ਦੱਸੋ ਹਜ਼ੂਰ ਮਾਈ ਬਾਪ ਕੀ ਅੰਮ੍ਰਿਤ ਛਕ ਕੇ ਸਿੰਘ ਬਣ ਜਾਣ ਵਿਚ ਕੋਈ ਜੁਰਮ ਏ?" ਲਾਭ ਚੰਦ ਨੇ ਸਾਰੀ ਗੱਲ ਸਮਝਾਣ ਲਈ ਕਰ ਦਿੱਤੀ, "ਗੁਰੂ ਜੀ ਨਾਲ ਸਾਡੀ ਰਿਸ਼ਤੇਦਾਰੀ ਏ। ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਸਾਡੇ ਘਰਾਂ ਵਿਚ ਵਿਆਹੇ ਹੋਏ ਸਨ। ਅਸੀਂ ਉਹਨਾਂ ਦੇ ਸਹੁਰਿਆਂ ਵਿਚੋਂ ਹੋਏ। ਦੁਖ-ਸੁਖ 'ਤੇ ਜਾਣਾ ਹੀ ਪੈ ਜਾਂਦਾ ਏ।"

"ਅੱਛਾ, ਇਹ ਮੈਨੂੰ ਨਹੀਂ ਸੀ ਪਤਾ। ਹੁਣ ਸਮਝ ਆਈ ਕਿ ਕਿਉਂ ਕਰਤਾਰਪੁਰੀਏ ਦੁਆਬੇ ਵਿਚ ਅੱਗ ਲਾਣ ਨੂੰ ਫਿਰਦੇ ਨੇ," ਫ਼ੌਜਦਾਰ ਨੇ ਉਲਟਾ ਅਰਥ ਲੈਂਦਿਆਂ ਗੱਲ ਨੂੰ ਨਵਾਂ ਮੋੜ ਦੇ ਦਿੱਤਾ, "ਕਰਤਾਰਪੁਰੀਏ ਸੋਢੀ ਗੁਰੂ ਗੋਬਿੰਦ ਸਿੰਘ ਦੇ ਸਿਖ ਰਿਸ਼ਤੇਦਾਰ ਨੇ ਪਰ ਉਹ ਤੇ ਨਹੀਂ ਤੁਹਾਡੇ ਵਾਂਗ ਮਗਰ ਮਗਰ ਫਿਰਦੇ।"

"ਉਹਨਾਂ ਦੀ ਗੱਲ ਹੋਰ ਏ," ਲਾਭ ਚੰਦ ਨੇ ਦੱਸਿਆ, "ਉਹ ਹੋਏ ਸ਼ਰੀਕ ਭਰਾ। ਸਾਡੀ ਰਿਸ਼ਤੇਦਾਰੀ ਦਾਦਕਿਉਂ ਨਹੀਂ, ਨਾਨਕਿਉਂ ਏ। ਸੋਢੀਆਂ ਨੇ ਤਾਂ ਕੁਝ ਨਾ ਕੁਝ ਲੈਣਾ ਏ ਤੇ ਅਸੀਂ ਹੋਏ ਧੀ ਵਾਲੇ, ਅਸੀਂ ਦੇਣਾ ਹੈ।"

"ਦੇਖੋ ਬਈ, ਤੁਹਾਡੀਆਂ ਗੱਲਾਂ ਧੁਰ ਉਪਰ ਤਕ ਪਹੁੰਚ ਚੁੱਕੀਆਂ ਨੇ ਤੇ ਮੈਨੂੰ ਹੁਕਮ ਹੈ ਕਿ ਸਿੱਖਾਂ ਨੂੰ ਸਿਰ ਨਾ ਚੁੱਕਣ ਦਿਆਂ। ਦੇਖ ਲਉ, ਗੁਰੂ ਤੁਹਾਡੇ ਨਾਲ ਜੋ ਕੁਝ ਹੋ ਰਿਹਾ ਏ! ਜੇ ਤੁਸੀਂ ਵੀ ਉਸੇ ਤਰ੍ਹਾਂ ਤੁਰਦੇ ਰਹੇ ਤਾਂ ਤੁਹਾਨੂੰ ਵੀ ਕਿਧਰੇ ਕਰਤਾਰਪੁਰ ਨਾ ਛੱਡਣਾ ਪੈ ਜਾਏ।"

"ਅਸੀਂ ਹਜ਼ੂਰ ਦੇ ਵਫ਼ਾਦਾਰ ਰਹੇ। ਹਿੰਦੂ ਮੁਸਲਮਾਨ ਸਭ ਭਰਾਵਾਂ ਵਾਂਗ ਨਗਰ ਵਿਚ ਰਹਿ ਰਹੇ ਹਾਂ," ਇਕ ਹਿੰਦੂ ਬੋਲਿਆ, "ਅਸੀਂ ਕਿਸੇ ਗੜਬੜ ਦੇ ਹੱਕ ਵਿਚ ਨਹੀਂ। ਬਾਕੀ ਰਹੀ ਕਰਮ ਸਿੰਘ ਦੀ ਗੱਲ, ਤੁਹਾਨੂੰ ਯਕੀਨ ਦਿਵਾਂਦੇ ਹਾਂ ਕਿ ਉਹ ਨਾ ਤਾਂ ਫ਼ੌਜ ਬਣਾ ਰਿਹਾ ਹੈ ਤੇ ਨਾ ਹੀ ਤੁਹਾਡੇ ਰਾਜ ਵਿਰੁੱਧ ਕੁਝ ਕਰ ਰਿਹਾ ਹੈ। ਉਹ ਤਾਂ ਗੁਰੂ ਜੀ ਨੂੰ ਮਿਲਣ ਗਿਆ ਏ, ਜਦ ਆ ਗਿਆ, ਤੁਹਾਡੇ ਪੇਸ਼ ਕਰ ਦਿਆਂਗੇ। ਉਹ ਤੁਹਾਨੂੰ ਆਪ ਆ ਕੇ ਯਕੀਨ ਦਿਵਾਏਗਾ ਕਿ ਉਹ ਤੁਹਾਡੇ ਵਿਰੁੱਧ ਨਹੀਂ।"

"ਮੇਰੇ ਵਿਰੁੱਧ ਹੋ ਵੀ ਜਾਏ ਤਾਂ ਮੇਰਾ ਕੀ ਵਿਗਾੜ ਲਏਗਾ। ਮੈਂ ਬਥੇਰੇ ਖਬੀ ਖ਼ਾਨਾਂ ਨੂੰ ਸਿੱਧਾ ਕਰ ਚੁੱਕਿਆ ਹਾਂ। ਉਹ ਕੀਹਦਾ ਪਾਣੀਹਾਰ ਹੈ," ਹਾਕਮਾਂ ਦੇ ਲਹਿਜੇ ਵਿਚ ਫ਼ੌਜਦਾਰ ਨੇ ਧਮਕੀ ਦਿੱਤੀ ਤੇ ਹੁਕਮ ਸੁਣਾਇਆ, "ਜਦ ਵੀ ਕਰਮਾ ਘਰ ਆਏ, ਉਹਨੂੰ ਪੇਸ਼ ਕਰੋ। ਮੈਂ ਤੁਹਾਨੂੰ ਮਾਫ਼ ਕਰ ਰਿਹਾ ਹਾਂ। ਜੇਕਰ ਮਹੀਨੇ ਤਕ ਉਹ ਨਾ ਆਇਆ ਤਾਂ ਉਹਦੀ ਥਾਂ ਲਾਭ ਚੰਦ ਤੈਨੂੰ ਫੜ ਲਿਆ ਜਾਏਗਾ ਤੇ ਤੁਸੀਂ ਜਿਹੜੇ ਉਹਦੇ ਹਮਾਇਤੀ ਬਣ ਕੇ ਆਏ ਹੋ, ਸਾਰਿਆਂ ਵਿਰੁੱਧ ਕਾਰਵਾਈ ਹੋਵੇਗੀ," ਫ਼ੌਜਦਾਰ ਨੇ ਸਾਰਿਆਂ ਨੂੰ ਯਰਕਾਣ ਲਈ ਆਖਿਆ, "ਦੇਖੋ, ਗੁਰੂ ਤੁਹਾਡੇ ਨੇ ਦਿੱਲੀ ਦਰਬਾਰ ਨਾਲ ਟੱਕਰ ਲਈ ਏ। ਆਪਣੇ ਘਰ ਰਹਿਣਾ ਔਖਾ ਹੋ ਗਿਆ ਤੇ ਜੇਕਰ ਅਨੰਦਪੁਰ ਛੱਡਿਆ ਤਾਂ ਚਾਰ ਪੁੱਤਰ ਕੁਰਬਾਨ ਕਰਨੇ ਪਏ। ਹਕੂਮਤ ਇਹ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ ਕਿ ਉਹਦੇ ਰਾਜ ਵਿਚ ਕੋਈ ਬਗ਼ਾਵਤ ਕਰੇ।"

"ਅਸੀਂ ਜਨਾਬ ਖੇਤੀ ਕਰ ਕੇ ਬੱਚਿਆਂ ਦਾ ਢਿੱਡ ਭਰਦੇ ਹਾਂ ਜਾਂ ਅਸੀਂ ਹਟਵਾਣੀਏ ਆਂ। ਸਾਨੂੰ ਇਨ੍ਹਾਂ ਸਿਆਸੀ ਚਾਲਾਂ ਨਾਲ ਕੀ ਲੱਗੇ," ਦੂਜੇ ਆਦਮੀ ਨੇ ਬੇਨਤੀ ਕੀਤੀ, "ਅਸੀਂ ਨਾ ਰਾਜ ਕਰਨਾ ਏ ਤੇ ਨਾ ਹੀ ਕਰ ਸਕਦੇ ਹਾਂ। ਰੱਬ ਨੇ ਸਾਡੀ ਕਿਸਮਤ ਵਿਚ ਮਿਹਨਤ ਮਜ਼ਦੂਰੀ ਕਰਨੀ ਲਿਖੀ ਏ ਤੇ ਅਸੀਂ ਉਸੇ ਵਿਚ ਸੰਤੁਸ਼ਟ ਹਾਂ। ਤੁਸੀਂ ਜੁਗ ਜੁਗ

ਜੀਉ, ਅਸੀਂ ਤਾਂ ਤੁਹਾਡੀ ਪਰਜਾ ਬਣ ਕੇ ਰਹਿਣ ਵਿਚ ਹੀ ਖੁਸ਼ਕਿਸਮਤੀ ਸਮਝਦੇ ਹਾਂ।"

"ਕੀ ਨਾਮ ਏ ਤੇਰਾ ?" ਫ਼ੌਜਦਾਰ ਨੇ ਮੁਸਲਮਾਨ ਵੱਲ ਮੂੰਹ ਮੋੜਦਿਆਂ ਕਿਹਾ, "ਅਬਦੁੱਲਾ, ਤੂੰ ਮੋਮਨ ਏਂ। ਤੇਰੇ ਜ਼ੁੰਮੇ ਇਹ ਕੰਮ ਏ ਕਿ ਜਦੋਂ ਕਰਮਾ ਨਗਰ ਵਿਚ ਆਏ ਤੂੰ ਦੱਸਣ ਆਈਂ। ਇਨ੍ਹਾਂ ਕਾਫ਼ਰਾਂ ਵਿਚੋਂ ਜਦੋਂ ਵੀ ਬਗ਼ਾਵਤ ਦੀ ਬੂ ਆਵੇ, ਤੂੰ ਆ ਕੇ ਮੈਨੂੰ ਦੱਸੀਂ।" ਅਬਦੁੱਲਾ ਫ਼ੌਜਦਾਰ ਦੀ ਇਸ ਗੱਲ ਵਿਚਲੇ ਭੇਦ ਨੂੰ ਸਮਝ ਗਿਆ। ਉਹਨੂੰ ਸੋਝੀ ਆ ਗਈ ਕਿ ਇਹ ਫ਼ੌਜਦਾਰ ਤਾਂ ਨਗਰ ਦੇ ਵਸਨੀਕਾਂ ਵਿਚ ਫੁੱਟ ਪਾਉਣੀ ਚਾਹੁੰਦਾ ਏ। ਮੈਨੂੰ ਹਾਕਮ ਵਰਗ ਨਾਲ ਜੋੜ ਕੇ ਇਨ੍ਹਾਂ ਦੀਆਂ ਨਜ਼ਰਾਂ ਵਿਚ ਜਾਸੂਸ ਬਣਾ ਕੇ ਛੇਕਣਾ ਚਾਹੁੰਦਾ ਏ। ਉਹਦਾ ਜੀਅ ਕੀਤਾ ਕਿ ਉਹ ਇਨਕਾਰ ਕਰ ਦੇਵੇ ਕਿ ਉਹ ਅਜਿਹੀ ਸੇਵਾ ਨਹੀਂ ਕਰ ਸਕੇਗਾ ਪਰ ਫਿਰ ਉਹਨੇ ਆਪਣਾ ਮੂੰਹ ਆਪੇ ਸੀੜ ਲਿਆ ਤੇ ਚੁਪ ਕਰ ਗਿਆ।

ਸਾਰੇ ਫ਼ੌਜਦਾਰ ਦੀਆਂ ਗੱਲਾਂ ਸੁਣ ਕੇ ਬਾਹਰ ਆ ਗਏ ਤੇ ਉਸੇ ਯੱਕੇ 'ਤੇ ਮੁੜ ਕਰਤਾਰਪੁਰ ਆ ਗਏ। ਰਸਤੇ ਵਿਚ ਉਹ ਸਾਰੇ ਰਾਹ ਆਪਸ ਵਿਚ ਉਲਝਦੇ ਆਏ। ਲਾਭ ਚੰਦ ਨੂੰ ਦੁੱਖ ਸੀ ਕਿ ਉਹਦੇ ਨਾਲ ਦੇ ਕਿਉਂ ਇਤਨਾ ਝੁਕ ਕੇ ਜ਼ਲੀਲ ਹੁੰਦੇ ਹਨ। ਉਹ ਕਹਿ ਰਹੇ ਸਨ ਕਿ ਅਸੀਂ ਵੇਲਾ ਟਪਾ ਰਹੇ ਸਾਂ। ਜੇਕਰ ਅਜਿਹੀਆਂ ਗੱਲਾਂ ਨਾ ਕਰਦੇ ਤਾਂ ਫ਼ੌਜਦਾਰ ਨੇ ਹੁਣ ਵੀ ਘਰ ਨਹੀਂ ਸੀ ਮੁੜਨ ਦੇਣਾ।

ਅਬਦੁੱਲਾ ਨੇ ਕਿਹਾ, "ਮੈਂ ਤੇ ਭਈ ਕਦੇ ਵੀ ਫ਼ੌਜਦਾਰ ਨੂੰ ਕੁਝ ਦੱਸਣ ਨਹੀਂ ਆਉਣਾ। ਮੈਂ ਕੋਈ ਉਹਦਾ ਦਿੱਤਾ ਖਾਂਦਾ ਹਾਂ। ਆਪਾਂ ਤੇ ਤੁਹਾਡੇ ਨਾਲ ਨਗਰ ਵਿਚ ਰਹਿਣਾ ਏ ਤੇ ਤੁਹਾਡੀ ਹਰ ਮੁਸੀਬਤ ਜਾਂ ਔਕੜ ਵਿਚ ਸਾਥ ਦੇਣਾ ਏ। ਇਹ ਫ਼ੌਜਦਾਰ ਬੜਾ ਚਾਤਰ ਬਣਦਾ ਏ, ਇਉਂ ਸਾਡੇ ਵਿਚ ਫੁੱਟ ਪਾ ਕੇ ਕੀ ਲਏਗਾ ? ਜੇਕਰ ਕਰਮਾ ਸਿਖ ਬਣ ਗਿਆ ਏ ਤਾਂ ਕਿਹੜਾ ਹਨੇਰ ਆ ਗਿਆ। ਉਹ ਸਭ ਦੇ ਕੰਮ ਆਉਂਦਾ ਏ ਤੇ ਅਸੀਂ ਵੀ ਉਹਦੇ ਕੰਮ ਜ਼ਰੂਰ ਆਵਾਂਗੇ।"

ਲਾਭ ਚੰਦ ਦਾ ਧਿਆਨ ਯੱਕਾ ਚਲਾਣ ਵਾਲੇ ਵੱਲ ਪੈ ਗਿਆ ਤੇ ਉਹਨੇ ਸਾਰਿਆਂ ਨੂੰ ਇਸ਼ਾਰਾ ਕਰ ਕੇ ਚੁੱਪ ਕਰਾ ਦਿੱਤਾ। ਬਸ ਇਸ ਪਿੱਛੋਂ ਕਰਤਾਰਪੁਰ ਪਹੁੰਚਣ ਤਕ ਫਿਰ ਆਪਸ ਵਿਚ ਕੋਈ ਬਹਿਸ ਨਾ ਹੋਈ। ਲਾਭ ਚੰਦ ਕੁਝ ਚਿੰਤਾਤੁਰ ਸੀ ਪਰ ਉਹਦੇ ਨਾਲ ਦੇ ਬਹੁਤੇ ਘਬਰਾਏ ਹੋਏ ਜਾਪਦੇ ਸਨ। ਉਹਨਾਂ ਨੂੰ ਇਉਂ ਲੱਗ ਰਿਹਾ ਸੀ ਕਿ ਉਹਨਾਂ ਲਾਭ ਚੰਦ ਨਾਲ ਜਾ ਕੇ ਗ਼ਲਤੀ ਕੀਤੀ ਏ। ਐਵੇਂ ਆਪਣਾ ਨਾਂ ਵੀ ਸਰਕਾਰੇ ਦਰਬਾਰੇ ਲਿਖਵਾ ਆਏ ਹਨ। ਹੁਣ ਜੇਕਰ ਕਰਮ ਸਿੰਘ ਨੇ ਸੱਚਮੁੱਚ ਕੋਈ ਵੱਡੀ ਗੱਲ ਕਰ ਦਿੱਤੀ ਤਾਂ ਹਕੂਮਤ ਸਾਡੇ ਗਲ ਵਿਚ ਰੱਸਾ ਪਾ ਲਏਗੀ। ਇਕ ਨੇ ਤਾਂ ਇਥੋਂ ਤਕ ਕਹਿ ਦਿੱਤਾ, "ਸੁਦਾਗਰ ਨੇ ਚੰਗਾ ਕੀਤਾ ਏ ਜਿਹੜਾ ਨਹੀਂ ਆਇਆ।"

"ਇਕ ਗੱਲ ਸਮਝ ਲਉ," ਲਾਭ ਚੰਦ ਨੇ ਉਨ੍ਹਾਂ ਸਾਰਿਆਂ ਦੀ ਮਾਨਸਕ ਅਵਸਥਾ ਪੜ੍ਹ ਕੇ ਯੱਕੇ ਤੋਂ ਉਤਰਨ ਪਿੱਛੋਂ ਆਖਿਆ, "ਜੇਕਰ ਮੁਸੀਬਤ ਆਈ ਤਾਂ ਸਾਰਿਆਂ 'ਤੇ ਸਾਂਝੀ ਆਏਗੀ। ਜੇ ਹਕੂਮਤ ਨੇ ਕੋਈ ਦੰਡ ਦਿੱਤਾ ਤਾਂ ਉਹ ਸਾਰਿਆਂ ਲਈ ਹੋਏਗਾ। ਦੇਖਿਆ ਨਹੀਂ ਜੇ, ਉਹ ਕਿਵੇਂ ਸਾਰੇ ਸਿੱਖਾਂ ਨੂੰ ਕਾਫ਼ਰ ਆਖੀ ਜਾਂਦਾ ਏ।"

"ਚਲੋ ਘਰ, ਇਥੇ ਹੀ ਖੜੇ ਨਾ ਬਹਿਸੀ ਜਾਉ," ਦੂਜੇ ਬੰਦੇ ਨੇ ਕਿਹਾ ਤੇ ਸਾਰੇ ਘਰੋ-ਘਰੀ ਚਲੇ ਗਏ।

5

ਕਰਤਾਰਪੁਰ ਦੇ ਉਨ੍ਹਾਂ ਪੰਚਾਂ ਵਿਚੋਂ ਈਸ਼ਰ ਦਾਸ ਹੀ ਅਜਿਹਾ ਨਿਕਲਿਆ ਜੋ ਜਲੰਧਰ ਦੇ ਫ਼ੌਜਦਾਰ ਦੀਆਂ ਧਮਕੀਆਂ ਤੇ ਘੁਰਕੀਆਂ ਤੋਂ ਐਨਾ ਡਰਿਆ ਕਿ ਉਹਨੂੰ ਪਛਤਾਵਾ ਹੀ ਲੱਗ ਗਿਆ ਕਿ ਉਹ ਕਾਹਨੂੰ ਲਾਭ ਚੰਦ ਦੇ ਨਾਲ ਜਲੰਧਰ ਗਿਆ ਸੀ। ਉਹ ਰਹਿ ਰਹਿ ਕੇ ਇਹੀ ਮਹਿਸੂਸ ਕਰਨ ਲੱਗਾ ਕਿ ਕਰਮੇ ਨੇ ਤਾਂ ਘਰ ਆਉਣਾ ਨਹੀਂ ਤੇ ਫ਼ੌਜਦਾਰ ਨੇ ਸਾਡੇ ਪਿੱਛੇ ਪੈ ਜਾਣਾ ਏ। ਫਿਰ ਤਾਂ ਉਹ ਸਾਨੂੰ ਬੰਨ੍ਹ ਲਿਜਾਏਗਾ। ਹੋ ਸਕਦਾ ਹੈ ਕਿ ਸਾਡੀਆਂ ਔਰਤਾਂ ਤੇ ਬੱਚਿਆਂ ਨੂੰ ਵੀ ਤੰਗ ਕਰੇ। ਕਦੇ ਉਹ ਸੋਚਦਾ ਕਿ ਕਰਮੇ ਨੂੰ ਜਦੋਂ ਪਤਾ ਲੱਗਾ ਤਾਂ ਉਹਨੇ ਮਾਫ਼ੀ ਮੰਗਣ ਜਾਂ ਸਿੱਖੀ ਛੱਡਣ ਲਈ ਮੰਨਣਾ ਨਹੀਂ। ਹੋ ਸਕਦਾ ਏ ਕਿ ਉਹ ਫ਼ੌਜਦਾਰ ਨਾਲ ਟੱਕਰ ਲਈ ਹੀ ਤਿਆਰ ਹੋ ਜਾਏ। ਜੇ ਉਹ ਘਰ ਨਾ ਮੁੜਿਆ ਤਾਂ ਵੀ ਸਖ਼ਤੀ ਆਏਗੀ ਤੇ ਜੇਕਰ ਉਹ ਲੜ ਪਿਆ ਤਾਂ ਵੀ ਮੁਸੀਬਤ ਖੜੀ ਕਰੇਗਾ।

ਉਹਨੇ ਦੋ-ਚਾਰ ਬੰਦਿਆਂ ਨਾਲ ਸਲਾਹ ਕੀਤੀ ਕਿ ਅਸੀਂ ਜੋ ਗ਼ਲਤੀ ਕਰ ਬੈਠੇ ਹਾਂ, ਉਸ ਨੂੰ ਹੁਣ ਠੀਕ ਕਿਸ ਤਰ੍ਹਾਂ ਕਰੀਏ। ਜਿੰਨੇ ਮੂੰਹ ਓਨੀਆਂ ਗੱਲਾਂ। ਜਿਸ ਨਾਲ ਵੀ ਗੱਲ ਕਰੇ, ਉਹ ਅੱਗੋਂ ਆਪਣੀ ਸੋਚ ਅਨੁਸਾਰ ਉਹਨੂੰ ਕੋਈ ਨਾ ਕੋਈ ਨਵਾਂ ਰਾਹ ਸੁਝਾਅ ਦੇਵੇ। ਕਿਸੇ ਨੇ ਕਿਹਾ ਕਿ ਤੁਸੀਂ ਨਾਲ ਜਾਣ ਵਾਲੇ ਇਕੱਠੇ ਹੋ ਕੇ ਲਾਭ ਚੰਦ ਨੂੰ ਆਖੋ ਕਿ ਮੁੰਡੇ ਦਾ ਪਤਾ ਕਰੇ। ਉਹ ਜਿਥੇ ਵੀ ਹੈ, ਉਹਨੂੰ ਮੋੜ ਲਿਆਵੇ ਤੇ ਫ਼ੌਜਦਾਰ ਦੇ ਪੇਸ਼ ਕਰੇ। ਇਹ ਚੰਗਾ ਨਹੀਂ ਲੱਗਦਾ ਕਿ ਫ਼ੌਜਦਾਰ ਦੇ ਘੋੜ ਸਵਾਰ ਹਰ ਹਫ਼ਤੇ ਹੀ ਦਗੜ ਦਗੜ ਕਰਦੇ ਆਪਣੇ ਘਰਾਂ ਅੱਗੋਂ ਲੰਘਦੇ ਰਹਿਣ। ਇਉਂ ਆਪਣੀ ਇੱਜ਼ਤ ਹਰ ਵੇਲੇ ਖ਼ਤਰੇ ਵਿਚ ਏ। ਇਹ ਜਮਦੂਤ ਨੇ, ਜਿੰਨੇ ਇਹਨਾਂ ਤੋਂ ਦੂਰ ਰਹੀਏ, ਉਤਨਾ ਹੀ ਚੰਗਾ ਏ।

ਦੂਜੇ ਦੀ ਸਲਾਹ ਸੀ ਕਿ ਤੁਹਾਨੂੰ ਹੁਣ ਆਪ ਜਾ ਕੇ ਕਿਤੋਂ ਕਰਮੇ ਦਾ ਪਤਾ ਕਰਨਾ ਚਾਹੀਦਾ ਏ। ਲਾਭ ਚੰਦ ਤਾਂ ਮੁੰਡੇ ਦੇ ਸਿਖ ਬਣ ਜਾਣ ਤੋਂ ਖ਼ੁਸ਼ ਹੈ। ਉਹਨੂੰ ਤੇ ਹੁਣ ਕਿਸੇ ਵੀ ਲੱਥੀ ਚੜ੍ਹੀ ਦੀ ਪ੍ਰਵਾਹ ਨਹੀਂ। ਇਸ ਲਈ ਜਿਹੜੀ ਜ਼ੁੰਮੇਵਾਰੀ ਤੁਸੀਂ ਲੈ ਆਏ ਹੋ, ਉਹਨੂੰ ਪੂਰਾ ਕਰਨ ਲਈ ਤੁਹਾਨੂੰ ਹੀ ਹੰਭਲਾ ਮਾਰਨਾ ਪਵੇਗਾ।

"ਪਰ ਸਾਡੇ ਆਖੇ ਕਰਮਾ ਕਦੋਂ ਫ਼ੌਜਦਾਰ ਕੋਲ ਜਾਏਗਾ," ਈਸ਼ਰ ਦਾਸ ਨੇ ਸਲਾਹ ਦੇਣ ਵਾਲਿਆਂ ਨੂੰ ਪੁੱਛਿਆ।

"ਉਹ ਨਾ ਜਾਏ ਤਾਂ ਤੁਸੀਂ ਫ਼ੌਜਦਾਰ ਨੂੰ ਜਾ ਕੇ ਸਾਫ਼ ਕਹਿ ਦਿਉ ਕਿ ਉਹ ਨਹੀਂ ਆਖਾ ਮੰਨਦਾ, ਫਿਰ ਫ਼ੌਜਦਾਰ ਜਾਣੇ ਤੇ ਉਹ ਜਾਣੇ।"

"ਇਉਂ ਤਾਂ ਲਾਭ ਚੰਦ ਕਿਆਂ ਦੀ ਚੁਗਲੀ ਬਣ ਜਾਏਗੀ," ਈਸ਼ਰ ਦਾਸ ਬੋਲਿਆ, "ਇਹ ਵੀ ਸਾਡੇ ਤੋਂ ਨਹੀਂ ਹੋਣਾ। ਮੈਂ ਤਾਂ ਜਦੋਂ ਦਾ ਜਲੰਧਰੋਂ ਮੁੜਿਆ ਹਾਂ, ਇਹੀ ਰੋਗ ਖਾਈ ਜਾਂਦਾ ਏ ਕਿ ਹੁਣ ਕੀ ਬਣੇਗਾ ? ਮੈਨੂੰ ਤਾਂ ਇਹ ਵੀ ਦਿਸਦਾ ਪਿਆ ਏ ਕਿ ਗੁਰੂ ਕਿਆਂ ਨਾਲ ਹਾਕਮਾਂ ਦੀ ਟੱਕਰ ਕਦੇ ਨਾ ਮੁੱਕਣ ਵਾਲੀ ਬਣ ਗਈ ਏ। ਇਸ ਵਿਚ ਅਸੀਂ ਐਵੇਂ ਚੱਕੀ ਦੇ ਦੋ ਪੁੜਾਂ ਵਿਚ ਆ ਗਏ ਹਾਂ।"

ਜਿਸ ਤੀਜੇ ਬੰਦੇ ਨਾਲ ਈਸ਼ਰ ਦਾਸ ਨੇ ਸਲਾਹ ਕੀਤੀ, ਉਹ ਦੂਜਿਆਂ ਨਾਲੋਂ ਵੱਖਰੀ ਕਿਸਮ ਦਾ ਸੀ। ਉਹਦਾ ਭਗਵਾਨ ਦਾਸ ਨੇ ਹੌਸਲਾ ਵਧਾਂਦਿਆਂ ਕਿਹਾ, "ਫ਼ੌਜਦਾਰ ਤੁਹਾਡਾ ਕੁਝ ਨਹੀਂ ਵਿਗਾੜ ਸਕਦਾ। ਸੁਣਿਆ ਨਹੀਂ ਜੇ, ਹਜ਼ਾਰਾਂ ਲੋਕ ਗੁਰੂ ਜੀ ਨਾਲ ਹਥਿਆਰ ਚੁੱਕ ਕੇ ਤੁਰ ਪਏ ਨੇ। ਆਪਣੇ ਨਗਰ ਦੀ ਹੀ ਮਿਸਾਲ ਲੈ ਲਉ। ਜਦੋਂ ਗੁਰੂ ਹਰਿਗੋਬਿੰਦ ਜੀ ਨੇ ਮੁਗ਼ਲ ਫ਼ੌਜਾਂ ਨਾਲ ਇਥੇ ਯੁੱਧ ਲੜਿਆ ਸੀ ਤਾਂ ਆਪਣਾ ਸਾਰਾ ਇਲਾਕਾ ਕਿਸ ਤਰ੍ਹਾਂ

ਗੁਰੂ ਜੀ ਦੇ ਨਾਲ ਖੜ ਗਿਆ ਸੀ। ਗੁਰੂ ਜੀ ਤਾਂ ਪਿੱਛੋਂ ਪਹਾੜੀਆਂ ਵੱਲ ਨਿਕਲ ਗਏ ਸਨ ਤੇ ਕੀਰਤਪੁਰ ਜਾ ਕੇ ਰਹਿੰਦੇ ਰਹੇ ਹਨ ਪਰ ਕੀ ਹਾਕਮਾਂ ਨੇ ਸਾਡੇ ਤੋਂ ਬਦਲਾ ਲਿਆ ? ਉਦੋਂ ਕੁਝ ਨਹੀਂ ਸੀ ਸਾਡਾ ਵਿਗੜਿਆ ਤਾਂ ਹੁਣ ਵੀ ਕੁਝ ਨਹੀਂ ਵਿਗੜੇਗਾ। ਐਵੇਂ ਨਾ ਡਰਦਾ ਜਾਹ। ਤੁਸੀਂ ਕੋਈ ਹਕੂਮਤ ਦੇ ਮਾਂਹ ਮਾਰੇ ਨੇ, ਜੋ ਤੁਹਾਡੇ ਪਿੱਛੇ ਪੈ ਜਾਏਗੀ।"

ਜਦੋਂ ਭਗਵਾਨ ਦਾਸ ਨੇ ਦੇਖਿਆ ਕਿ ਉਹਦੀਆਂ ਗੱਲਾਂ ਦਾ ਅਸਰ ਈਸ਼ਰ ਦਾਸ 'ਤੇ ਹੋ ਰਿਹਾ ਹੈ ਤੇ ਉਹਦੇ ਚਿਹਰੇ ਦਾ ਰੰਗ-ਢੰਗ ਪਲ ਪਲ ਬਦਲ ਰਿਹਾ ਹੈ ਤਾਂ ਉਹਨੇ ਹੋਰ ਉਤਸ਼ਾਹ ਦੇਣ ਲਈ ਆਖਿਆ, "ਇਹ ਪਾਪ ਦੀ ਬੇੜੀ ਭਰੀ ਪਈ ਏ ਤੇ ਡੁੱਬਣ 'ਤੇ ਆ ਗਈ ਏ। ਪਾਪੀ ਦੇ ਮਾਰਨੇ ਨੂੰ ਪਾਪ ਮਹਾਂ ਬਲੀ ਹੈ। ਇਨ੍ਹਾਂ ਮੁਗਲਾਂ ਦੇ ਦਿਨ ਹੁਣ ਗਿਣੇ ਮਿਥੇ ਨੇ। ਜਿਸ ਹਕੂਮਤ ਨੇ ਗੁਰੂ ਤੇਗ ਬਹਾਦਰ ਵਰਗੀ ਪਵਿੱਤਰ ਤੇ ਪ੍ਰਭੂ ਰੂਪ ਆਤਮਾ ਨੂੰ ਬਿਨਾ ਕਿਸੇ ਦੋਸ਼ ਦੇ ਸ਼ਹੀਦ ਕਰ ਦਿੱਤਾ ਏ, ਉਹ ਹਕੂਮਤ ਬਹੁਤਾ ਚਿਰ ਨਹੀਂ ਚੱਲ ਸਕਦੀ। ਪਰਮਾਤਮਾ ਦੇ ਦਰਬਾਰ ਵਿਚ ਦੇਰ ਤਾਂ ਹੋ ਸਕਦੀ ਹੈ ਪਰ ਅੰਧੇਰ ਨਹੀਂ।"

ਈਸ਼ਰ ਦਾਸ 'ਤੇ ਇਨ੍ਹਾਂ ਦਿਲ ਦੀਆਂ ਡੂੰਘਾਈਆਂ ਵਿਚੋਂ ਨਿਕਲੀਆਂ ਗੱਲਾਂ ਦਾ ਬੜਾ ਅਸਰ ਹੋਇਆ। ਪਹਿਲੇ ਦੋ ਬੰਦਿਆਂ ਦੀ ਸਲਾਹ ਵੀ ਉਹਨੂੰ ਚੰਗੀ ਲੱਗੀ ਸੀ ਪਰ ਦਿਲ ਦੀਆਂ ਡੂੰਘਾਣਾਂ ਵਿਚੋਂ ਸ਼ੰਕਾ ਦੂਰ ਨਹੀਂ ਸੀ ਹੋ ਰਿਹਾ। ਇਸੇ ਲਈ ਉਹ ਤੀਜੇ ਬੰਦੇ ਨਾਲ ਸਲਾਹ ਕਰਨ ਲਈ ਭਗਵਾਨ ਦਾਸ ਦੇ ਘਰ ਸਵੇਰੇ ਸਵੇਰੇ ਜਾ ਪਹੁੰਚਿਆ ਸੀ। ਉਥੇ ਉਹਨੇ ਲਾਭ ਚੰਦ ਬਾਰੇ ਵੀ ਕਈ ਗੱਲਾਂ ਕਹੀਆਂ ਸਨ ਕਿ ਉਹ ਮੁੰਡੇ ਨੂੰ ਹੋੜਦਾ ਹੀ ਨਹੀਂ, ਬਥੇਰੇ ਲੋਕੀਂ ਇਸੇ ਤਰ੍ਹਾਂ ਸੋਚਦੇ ਨੇ। ਕੋਈ ਮਨ ਦੀ ਗੱਲ ਨਿਝੱਕ ਹੋ ਕੇ ਦੱਸ ਦਿੰਦਾ ਏ ਤੇ ਕੋਈ ਅੰਦਰ ਹੀ ਲੁਕਾਈ ਰੱਖਦਾ ਏ। ਸੀਨਿਆਂ ਵਿਚ ਅੱਗ ਤਾਂ ਹਰ ਥਾਂ ਲੱਗੀ ਹੋਈ ਏ, ਕਿਸੇ ਵਿਰਲੇ ਦੇ ਹੀ ਅੰਦਰ ਦੁੱਖ ਦੀ ਧੁਖਣੀ ਨਾ ਧੁੱਖਦੀ ਹੋਏਗੀ। ਬਾਕੀ ਅੱਗ ਨਾਲ ਖੇਡਣ ਦਾ ਹੌਂਸਲਾ ਕੋਈ ਕੋਈ ਕਰ ਸਕਦਾ ਏ। ਕੁਰਬਾਨੀ ਕਰਨ ਤੇ ਆਪਣਾ ਝੁੱਗਾ ਚੌੜ ਕਰਨ ਲਈ ਜਿਹੜੇ ਨਿੱਤਰ ਪੈਣ, ਉਹ ਮੁੜ ਨਫ਼ਾ ਨੁਕਸਾਨ ਨਹੀਂ ਸੋਚਦੇ। ਨਾਲੇ ਲਾਭ ਚੰਦ ਕਿਆਂ ਦੀ ਗੱਲ ਹੋਰ ਵੀ ਹੈ। ਉਹ ਮਾਤਾ ਗੁਜਰੀ ਦੇ ਪੇਕਿਆਂ ਵਿਚੋਂ ਹੋਏ। ਕਿਸ ਨੂੰ ਆਪਣੀ ਧੀ ਭੈਣ ਨਾਲ ਹਮਦਰਦੀ ਨਹੀਂ ਹੁੰਦੀ। ਲਾਲ ਚੰਦ ਦੇ ਪੋਤਰੇ ਕਿਹੜਾ ਘੱਟ ਪਏ ਸੋਚਦੇ ਨੇ। ਉਹ ਅੰਦਰੋ-ਅੰਦਰੀ ਪਤਾ ਨਹੀਂ, ਬਦਲਾ ਲੈਣ ਲਈ ਕੀ ਵਿਉਂਤਾਂ ਘੜ ਰਹੇ ਨੇ। ਇਸ ਲਈ ਫ਼ਿਕਰ ਨਾ ਕਰ। ਅਸੀਂ ਸਾਰੇ ਤੁਹਾਡੇ ਨਾਲ ਹੋਵਾਂਗੇ।"

ਨਗਰ ਵਿਚ ਤੇ ਖ਼ਾਸ ਕਰਕੇ ਆਪਣੇ ਆਲੇ-ਦੁਆਲੇ ਹੁੰਦੀ ਘੁਸਰ-ਮੁਸਰ ਤੋਂ ਲਾਭ ਚੰਦ ਵੀ ਪੂਰੀ ਤਰ੍ਹਾਂ ਜਾਣੂ ਸੀ। ਜਾਂ ਉਹਦੀ ਆਪਣੀ ਪਤਨੀ ਭਾਗਾਂ ਕਾਫ਼ੀ ਦਿਲ ਪੱਕਾ ਕਰ ਚੁੱਕੀ ਸੀ, ਪਰ ਆਖ਼ਰ ਉਹ ਮਾਂ ਸੀ ਤੇ ਜਦੋਂ ਕਿਧਰੇ ਜ਼ਨਾਨੀਆਂ ਉਹਦਾ ਦਿਲ ਡੁਲਾ ਦੇਣ ਦੀਆਂ ਗੱਲਾਂ ਕਰਦੀਆਂ ਤਾਂ ਕਈ ਵਾਰ ਉਹ ਵੀ ਸੋਚੀਂ ਪੈ ਜਾਂਦੀ ਕਿ ਅਸੀਂ ਕਿਹੋ ਜਿਹਾ ਪੁਆੜਾ ਸਹੇੜਨ ਲੱਗ ਪਏ ਹਾਂ। ਜਦੋਂ ਵੀ ਉਹ ਲਾਭ ਚੰਦ ਨਾਲ ਇਸ ਬਾਰੇ ਗੱਲ ਕਰਦੀ ਤਾਂ ਉਹ ਅੱਗੋਂ ਇਹੀ ਕਹਿ ਕੇ ਗੱਲ ਮੁਕਾ ਦਿੰਦਾ ਕਿ ਜੋ ਕਿਸਮਤ ਵਿਚ ਲਿਖਿਆ ਏ, ਉਹ ਹੋ ਕੇ ਰਹੇਗਾ। ਜੇ ਖ਼ੁਆਰੀ ਜਾਂ ਮੁਸੀਬਤਾਂ ਲਿਖੀਆਂ ਨੇ ਤਾਂ ਕਿਵੇਂ ਕੋਈ ਟਾਲ ਸਕਦਾ ਏ ? ਪਰਮਾਤਮਾ ਖ਼ੈਰ ਕਰੇ, ਉਹਦੀ ਨਜ਼ਰ ਸਵੱਲੀ ਚਾਹੀਦੀ ਏ। ਜਾਂ ਫਿਰ ਉਹ ਬਹੁਤਾ ਹੀ ਆਸ਼ਾਵਾਦੀ ਹੋ ਕੇ ਸਮਝਾਣ ਲੱਗ ਪੈਂਦਾ, "ਬਸ ਗੁਰੂ ਅਜਿਹੀ ਕਲਾ ਵਰਤਾਏਗਾ ਕਿ ਜ਼ਾਲਮਾਂ ਦਾ ਪਾਸਾ ਪੁੱਠਾ ਪੈ ਜਾਏਗਾ। ਆਪਣੇ ਵੀ ਦਿਨ ਫਿਰਨ ਵਾਲੇ ਨੇ।"

ਜੇਕਰ ਭਾਗਾਂ ਆਪਣੇ ਪੁੱਤਰ ਦੀ ਜ਼ਿੰਦਗੀ ਨੂੰ ਕੋਈ ਖ਼ਤਰਾ ਮਹਿਸੂਸ ਕਰਦੀ ਤੇ ਕਦੇ ਵੀ ਕੋਈ ਤੌਖ਼ਲਾ ਉਹਦੇ ਮਨ ਵਿਚ ਪੈਦਾ ਹੁੰਦਾ ਤਾਂ ਲਾਭ ਚੰਦ ਦਾ ਅੱਗੋਂ ਇਹੋ ਉੱਤਰ

ਹੁੰਦਾ, "ਤੇਰੇ ਪੁੱਤਰ ਨੂੰ ਸੱਤੀਂ ਖ਼ੈਰਾਂ ਨੇ। ਗੁਰੂ ਆਪ ਉਸ ਦੇ ਕੰਡੀ ਏ। ਉਹ ਗੁਰੂ ਵਾਲਾ ਬਣ ਗਿਆ ਏ। ਹੁਣ ਉਹਨੂੰ ਕਾਹਦੀ ਚਿੰਤਾ ਏ। ਗੁਰੂ ਰਾਖੀ ਕਰੇਗਾ, ਤੇਰੇ ਪੁੱਤਰ ਦਾ ਸਿਤਾਰਾ ਬਹੁਤ ਬੁਲੰਦ ਹੋਏਗਾ। ਵੇਖਦੀ ਨਹੀਂ, ਜਦੋਂ ਦਾ ਅੰਮ੍ਰਿਤ ਪਾਨ ਕਰ ਕੇ ਆਇਆ ਏ, ਕਿੱਡਾ ਸੁਨੱਖਾ ਨਿਕਲ ਆਇਆ ਏ। ਹੁਣ ਤੇ ਚਿਹਰੇ 'ਤੇ ਰੂਹਾਨੀ ਲਾਲੀ ਵੀ ਭਾਅ ਮਾਰਦੀ ਏ।"

"ਬਸ ਕਰੋ ਜੀ," ਭਾਗਾਂ ਆਪਣੇ ਪੁੱਤਰ ਦੀ ਇਤਨੀ ਵਧੇਰੇ ਉਸਤਤ ਤੇ ਪ੍ਰਸੰਸਾ ਵੀ ਨਹੀਂ ਸੀ ਸੁਣ ਸਕਦੀ ਤੇ ਉਹ ਝੱਟ ਬੋਲ ਪੈਂਦੀ, "ਨਜ਼ਰ ਨਾ ਲਾ ਦਿਆ ਜੇ, ਮੇਰੇ ਲਾਲ ਨੂੰ। ਉਹ ਹੁਣ ਜਿੱਦਣ ਘਰ ਆਇਆ, ਉਹਦੇ ਤੋਂ ਲੂਣ ਵਾਰਾਂਗੀ। ਮਿਰਚਾਂ ਵਾਰ ਕੇ ਸਾੜਾਂਗੀ। ਫਟਕੜੀ ਘਰ ਨਹੀਂ, ਉਹ ਵੀ ਲਿਆ ਦਿਉ। ਮੈਂ ਤਾਂ ਕਰਮ ਸਿੰਘ ਤੋਂ ਉਹ ਵੀ ਵਾਰ ਕੇ ਸਾੜਾਂਗੀ।"

"ਤੂੰ ਵੀ ਅਜੀਬ ਜ਼ਨਾਨੀ ਏਂ," ਲਾਭ ਚੰਦ ਹਾਸੇ ਨਾਲ ਅੱਗੋਂ ਆਖਦਾ, "ਪੁੱਤਰ ਦੀ ਨਿੰਦਾ ਵੀ ਨਹੀਂ ਸੁਣ ਸਕਦੀ ਤੇ ਉਸਤਤ ਵੀ ਨਹੀਂ।"

"ਸਾਰੇ ਨਗਰ ਵਿਚ ਉਸੇ ਦੀਆਂ ਗੱਲਾਂ ਹੋ ਰਹੀਆਂ ਨੇ," ਭਾਗਾਂ ਨੇ ਅੱਗੋਂ ਕਿਹਾ, "ਕੋਈ ਉਹਦੀ ਨਿੰਦਾ ਕਰਦਾ ਏ ਤੇ ਕੋਈ ਉਹਦੇ ਹੱਕ ਦੀ ਗੱਲ ਕਰਦਾ ਏ। ਲੋਕ ਤਾਂ ਇਹ ਵੀ ਆਖਦੇ ਨੇ ਕਿ ਭੈਣ ਗੁਜਰੀ ਦੇ ਸਕੇ ਭਤੀਜਿਆਂ ਤੇ ਅੱਗੋਂ ਉਨ੍ਹਾਂ ਦੇ ਪੁੱਤਰਾਂ ਨੂੰ ਤਾਂ ਅਜਿਹਾ ਜੋਸ਼ ਨਹੀਂ ਆਇਆ, ਜਿਹੜਾ ਆਪਣੇ ਟੱਬਰ ਨੂੰ ਏ।"

"ਤੁਹਾਨੂੰ ਕੀ ਪਤਾ, ਉਹ ਕਿਵੇਂ ਸੋਚਦੇ ਨੇ," ਲਾਭ ਚੰਦ ਨੇ ਕਿਹਾ, "ਉਹਨਾਂ ਵਿਚ ਕੁਝ ਤਾਂ ਸਿਆਣੀ ਉਮਰ ਦੇ ਨੇ ਤੇ ਕੁਝ ਅਜੇ ਅੰਞਾਣ ਨੇ। ਸਾਡੇ ਕਰਮ ਸਿੰਘ ਵਰਗਾ ਗੱਭਰੂ ਕੋਈ ਨਹੀਂ।"

"ਤੁਸੀਂ ਪੁੱਤਰ ਦਾ ਪਤਾ ਤਾਂ ਕਰਨਾ ਸੀ, ਕਈ ਮਹੀਨੇ ਹੋ ਗਏ ਨੇ। ਘਰ ਹੀ ਨਹੀਂ ਆਇਆ," ਭਾਗਾਂ ਨੇ ਆਪਣੇ ਦਿਲ ਦੀ ਅਸਲ ਗੱਲ ਕੀਤੀ। ਉਹ ਕਈ ਦਿਨਾਂ ਦੀ ਇਸ ਬਾਰੇ ਪੁੱਛਣਾ ਚਾਹੁੰਦੀ ਸੀ, ਪਰ ਮੌਕਾ ਹੀ ਨਹੀਂ ਸੀ ਮਿਲਦਾ।

"ਮੈਂ ਉਹਦੀ ਪੂਰੀ ਪੂਰੀ ਖ਼ਬਰ ਰੱਖਦਾ ਹਾਂ," ਲਾਭ ਚੰਦ ਨੇ ਦੱਸਿਆ, "ਤੇ ਉਹ ਵੀ ਆਉਂਦੇ ਜਾਂਦੇ ਭਰੋਸੇਯੋਗ ਬੰਦਿਆਂ ਰਾਹੀਂ ਆਪਣੀ ਸੁਖ-ਸਾਂਦ ਭੇਜਦਾ ਰਹਿੰਦਾ ਏ। ਇਥੇ ਮੈਂ ਕਿਸੇ ਨਾਲ ਜਾਣ ਕੇ ਉਹਦੇ ਬਾਰੇ ਗੱਲ ਨਹੀਂ ਕਰਦਾ। ਲੋਕੀਂ ਬਾਤ ਦਾ ਬਤੰਗੜ ਬਣਾ ਲੈਂਦੇ ਨੇ। ਐਵੇਂ ਕੋਈ ਜਾ ਕੇ ਫ਼ੌਜਦਾਰ ਦੇ ਮੂੰਹ ਮਾਰੇਗਾ। ਇਸ ਲਈ ਚੰਗਾ ਏ ਕਿ ਕਿਸੇ ਨਾਲ ਗੱਲ ਨਾ ਕਰੀਏ।"

"ਮੈਂ ਵੀ ਲੋਕਾਂ ਵਿਚ ਸ਼ਾਮਲ ਹਾਂ ?" ਭਾਗਾਂ ਨੇ ਕੁਝ ਹੈਰਾਨੀ ਤੇ ਕੁਝ ਗੁੱਸੇ ਨਾਲ ਉਹਦੀ ਗੱਲ ਟੋਕਦਿਆਂ ਪੁੱਛਿਆ, "ਮੇਰੇ ਪੁੱਤਰ ਬਾਰੇ ਮੇਰੇ ਤੋਂ ਹੀ ਗੱਲਾਂ ਛੁਪਾਈ ਰੱਖਦੇ ਹੋ ?"

"ਤੂੰ ਤੇ ਐਵੇਂ ਝੱਟ ਗੁੱਸਾ ਕਰ ਲਿਆ ਏ," ਲਾਭ ਚੰਦ ਨੇ ਆਖਿਆ, "ਤੇਰੇ ਤੋਂ ਲੁਕਾਣੀ ਹੁੰਦੀ ਤਾਂ ਹੁਣ ਕਿਉਂ ਦੱਸਦਾ। ਅਸਲ ਗੱਲ ਇਹ ਹੈ ਕਿ ਔਰਤਾਂ ਬਹੁਤ ਭੋਲੀਆਂ ਹੁੰਦੀਆਂ ਨੇ ਤੇ ਉਹਨਾਂ ਦੇ ਢਿੱਡ ਵਿਚ ਕੋਈ ਵੀ ਗੱਲ ਛੁਪੀ ਨਹੀਂ ਰਹਿੰਦੀ। ਕਈ ਵਾਰ ਦੇਖਿਆ ਏ ਕਿ ਕਿਸੇ ਔਰਤ ਨਾਲ ਕੋਈ ਗੱਲ ਕਰ ਲਉ ਤੇ ਉਹਨੂੰ ਨਾਲ ਕਹਿ ਦਿਉ ਕਿ ਕਿਸੇ ਨਾਲ ਨਾ ਕਰੇ ਤਾਂ ਵੀ ਉਹ ਕਈਆਂ ਨਾਲ ਗੱਲ ਵੀ ਕਰ ਦੇਵੇਗੀ ਤੇ ਅੱਗੋਂ ਇਹ ਵੀ ਕਹਿ ਦੇਵੇਗੀ ਕਿ ਤੇਰੇ ਨਾਲ ਹੀ ਗੱਲ ਕੀਤੀ ਏ, ਪਰ ਕਿਸੇ ਕੰਨ ਤਕ ਨਾ ਪਹੁੰਚੇ। ਮੈਨੂੰ ਪਤਾ ਸੀ ਕਿ ਇਕ ਦਿਨ ਤੂੰ ਜ਼ਰੂਰ ਪੁੱਛੇਂਗੀ ਤੇ ਮੈਂ ਫਿਰ ਦੱਸ ਦਿਆਂਗਾ।"

"ਮੁੰਡਾ ਹੁਣ ਹੈ ਕਿਥੇ ? ਉਹਨੂੰ ਆਖੋ ਛੇਤੀ ਘਰ ਆਏ। ਮੇਰਾ ਦਿਲ ਹੁੱਸੜ ਗਿਆ

ਏ। ਪਤਾ ਨਹੀ ਕਿਉਂ ਮੈਨੂੰ ਭੈੜੇ ਭੈੜੇ ਸੁਫ਼ਨੇ ਵੀ ਆਉਣ ਲੱਗ ਪਏ ਨੇ," ਭਾਗਾਂ ਬੋਲੀ।

"ਕਰਮ ਸਿੰਘ ਜਿਸ ਕੰਮ ਲਈ ਗਿਆ ਏ, ਉਹਨੂੰ ਬੜੀ ਸਫਲਤਾ ਮਿਲੀ ਏ। ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਜਿਧਰ ਵੀ ਜਾਂਦਾ ਏ, ਲੋਕ ਉਹਦੇ ਨਾਲ ਹੋ ਜਾਂਦੇ ਨੇ," ਲਾਭ ਚੰਦ ਨੇ ਦੱਸਿਆ, "ਉਹ ਪੰਜ-ਪੰਜ, ਦਸ-ਦਸ ਨੌਜਵਾਨਾਂ ਦੇ ਟੋਲੇ ਬਣਾ ਕੇ ਸਾਬੋ ਕੀ ਤਲਵੰਡੀ ਭੇਜੀ ਜਾਂਦਾ ਏ। ਅਜੇ ਕੱਲ੍ਹ ਹੀ ਉਹਦਾ ਸੁਨੇਹਾ ਆਇਆ ਸੀ ਕਿ ਉਹ ਵੀ ਸਾਬੋ ਕੀ ਤਲਵੰਡੀ ਮੁੜ ਜਾ ਰਿਹਾ ਹੈ, ਗੁਰੂ ਜੀ ਦੇ ਦਰਸ਼ਨ ਕਰਨ ਤੇ ਆਪਣੇ ਦੁਆਬੇ ਵਿਚੋਂ ਭੇਜੇ ਹੋਏ ਬੰਦਿਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਆਏਗਾ। ਮੈਂ ਉਹਨੂੰ ਫ਼ੌਜਦਾਰ ਨਾਲ ਹੋਈ ਗੱਲ-ਬਾਤ ਬਾਰੇ ਵੀ ਸੁਨੇਹਾ ਭੇਜ ਦਿੱਤਾ ਏ। ਆਪ ਜਿਸ ਰਾਹੇ ਕਰਮ ਸਿੰਘ ਨੂੰ ਤੋਰ ਦਿੱਤਾ ਏ, ਉਹ ਤੁਰੀ ਜਾ ਰਿਹਾ ਏ।"

ਕਰਤਾਰਪੁਰ ਵਿਚ ਇਹ ਗੱਲ ਵੀ ਧੁੰਮ ਗਈ ਕਿ ਕਰਮ ਸਿੰਘ ਹੁਣ ਆਪਣੇ ਘਰ ਛੇਤੀ ਨਹੀਂ ਆਏਗਾ। ਫ਼ੌਜਦਾਰ ਦੀ ਧਮਕੀ ਉਹਨੂੰ ਪਹੁੰਚ ਗਈ ਹੋਵੇਗੀ ਤੇ ਉਹ ਘਰ ਆਉਣ ਦੀ ਥਾਂ ਗੁਰੂ ਜੀ ਵੱਲ ਹੀ ਤੁਰ ਜਾਏਗਾ। ਘਰ ਘਰ ਕਰਮ ਸਿੰਘ ਦੀ ਗੱਲ ਇਸੇ ਤਰ੍ਹਾਂ ਹੁੰਦੀ। ਇਕ ਦਿਨ ਦੀਪੋ ਨੂੰ ਲੈ ਕੇ ਬੰਤੋ ਆਪਣੇ ਰਿਸ਼ਤੇਦਾਰਾਂ ਦੇ ਘਰ ਆ ਗਈ, ਜਿਥੇ ਉਹ ਪਹਿਲਾਂ ਵੀ ਆ ਕੇ ਕਰਮ ਸਿੰਘ ਨੂੰ ਮਿਲੀ ਸੀ। ਉਹਨੂੰ ਇਹ ਪ੍ਰਭਾਵ ਮਿਲਿਆ ਸੀ ਕਿ ਕਰਮ ਸਿੰਘ ਅਜੇ ਵੀ ਦੀਪੋ ਨਾਲ ਵਿਆਹ ਕਰਨ ਲਈ ਤਿਆਰ ਏ ਤੇ ਸ਼ਾਮੂ ਸ਼ਾਹ ਦੀਆਂ ਗੱਲਾਂ ਦਾ ਉਹਨੇ ਕੋਈ ਵਧੇਰੇ ਗੁੱਸਾ ਨਹੀਂ ਮਨ ਵਿਚ ਰੱਖਿਆ ਹੋਇਆ। ਇਸੇ ਲਈ ਉਹਨੇ ਜਾ ਕੇ ਹੌਲੀ ਹੌਲੀ ਦੀਪੋ ਨੂੰ ਵੀ ਪ੍ਰੇਰਨਾ ਕੀਤੀ ਕਿ ਜੇਕਰ ਉਹ ਕਰਮ ਸਿੰਘ ਨਾਲ ਹੀ ਵਿਆਹ ਕਰਨਾ ਚਾਹੁੰਦੀ ਏ ਤਾਂ ਉਹ ਇਕ ਵਾਰ ਕਰਮ ਸਿੰਘ ਨੂੰ ਮਿਲ ਲਵੇ ਤੇ ਫਿਰ ਬੰਤੋ ਉਹਦੇ ਮਾਪਿਆਂ ਨਾਲ ਗੱਲ ਕਰ ਕੇ ਰਾਜ਼ੀ ਕਰਨ ਲਈ ਮਾਹੌਲ ਬਣਾਏਗੀ। ਦੀਪੋ ਆਪਣੇ ਚਿੱਤ ਵਿਚ ਕਰਮ ਸਿੰਘ ਨੂੰ ਆਪਣਾ ਪਤੀ ਪ੍ਰਵਾਨ ਕਰ ਚੁੱਕੀ ਸੀ, ਇਸ ਲਈ ਉਹਨੇ ਮਿਲਣ ਲਈ ਸਹੇਲੀ ਨੂੰ 'ਹਾਂ' ਕਰ ਦਿੱਤੀ।

ਪਹਿਲਾਂ ਉਹ ਡਰਦੀ ਸੀ ਕਿ ਉਹਦੇ ਪਿਤਾ ਨੂੰ ਪਤਾ ਲੱਗ ਗਿਆ ਤਾਂ ਉਹ ਕੀ ਆਖਣਗੇ? ਉਹ ਤਾਂ ਦੀਪੋ ਨੂੰ ਜਾਨੋਂ ਮਾਰਨ ਤਕ ਵੀ ਜਾ ਸਕਦੇ ਹਨ। ਕਦੇ ਉਹਦੇ ਮਨ ਵਿਚ ਖ਼ਿਆਲ ਜਜ਼ਬਾ ਬਣ ਕੇ ਉਠਦਾ ਕਿ ਜਿਸ ਨੂੰ ਮਾਲਾ ਦੇ ਮਣਕੇ ਵਾਂਗ ਉਹ ਸਿਮਰ ਰਹੀ ਏ, ਉਹਨੂੰ ਮਿਲਣਾ ਵੀ ਚਾਹੀਦਾ ਏ। ਇਹ ਜਜ਼ਬਾ ਭਾਰੂ ਹੋ ਗਿਆ ਤੇ ਉਹ ਬੰਤੋ ਨਾਲ ਕਰਤਾਰਪੁਰ ਆ ਗਈ। ਪਤਾ ਨਹੀਂ ਮਾਂ ਨੂੰ ਕੀ ਕਹਿ ਕੇ ਆਈ? ਕਿਹੜੀ ਝੂਠੀ ਕਹਾਣੀ ਦੋਹਾਂ ਸਹੇਲੀਆਂ ਨੇ ਰਲ ਕੇ ਬਣਾਈ।

ਕਰਤਾਰਪੁਰ ਆ ਕੇ ਉਹਨਾਂ ਨੂੰ ਪਤਾ ਲੱਗਾ ਕਿ ਕਰਮ ਸਿੰਘ ਤਾਂ ਕਈ ਮਹੀਨਿਆਂ ਦਾ ਘਰ ਹੀ ਨਹੀਂ ਆਇਆ। ਉਹ ਬੰਤੋ ਨੂੰ ਮਿਲਣ ਪਿੱਛੋਂ ਕਿਧਰੇ ਚਲਾ ਗਿਆ ਸੀ। ਇਹ ਖ਼ਬਰ ਮਿਲਦਿਆਂ ਦੀਪੋ ਉਦਾਸ ਹੋ ਗਈ। ਉਹ ਬੜੀ ਹਿੰਮਤ ਕਰ ਕੇ ਤੇ ਬੜੇ ਚਾਅ ਨਾਲ ਆਈ ਸੀ, ਪਰ ਕਰਮ ਸਿੰਘ ਇਥੇ ਨਾ ਹੋਣ ਕਾਰਨ ਉਹਨੂੰ ਨਿਰਾਸਤਾ ਹੋਈ।

ਉਹਨੂੰ ਇਥੇ ਆ ਕੇ ਪਤਾ ਲੱਗਾ ਕਿ ਕਰਮ ਸਿੰਘ ਦੇ ਅੰਮ੍ਰਿਤ ਛਕ ਕੇ ਸਿੰਘ ਬਣ ਜਾਣ ਨਾਲ ਕਰਤਾਰਪੁਰ ਵਿਚ ਵੀ ਉਹਦੀ ਕਈਆਂ ਨਾਲ ਦੁਸ਼ਮਣੀ ਪੈ ਗਈ ਏ ਤੇ ਫ਼ੌਜਦਾਰ ਜਲੰਧਰ ਵੀ ਉਹਦੇ ਪਿੱਛੇ ਪੈ ਗਿਆ ਏ। ਇਹ ਵੀ ਦਿਲ-ਢਾਊ ਗੱਲਾਂ ਸਨ। ਉਹਨੇ ਬੰਤੋ ਨੂੰ ਪੁੱਛਿਆ, "ਤੇਰੇ ਮਰਦ ਦੇ ਸਿਖ ਬਣਿਆਂ ਵੀ ਉਹਦੇ ਮਗਰ ਇਸੇ ਤਰ੍ਹਾਂ ਹਾਕਮ ਪੈ ਗਏ ਸਨ? ਕੀ ਉਹ ਵੀ ਘਰ-ਬਾਰ ਛੱਡ ਕੇ ਬਾਹਰ ਨੱਸ ਗਿਆ ਏ?"

"ਨਹੀਂ, ਮੈਂ ਅਜੇ ਵਿਆਹੀ ਉਥੇ ਨਹੀਂ ਗਈ। ਬਹੁਤੀ ਖ਼ਬਰ ਮੈਨੂੰ ਨਹੀਂ," ਬੰਤੋ ਨੇ ਦੱਸਿਆ, "ਪਰ ਸੁਣਿਆ ਏ ਕਿ ਉਹਨਾਂ ਦੇ ਪਿੰਡ ਵਿਚ ਕੋਈ ਵੀ ਉਹਨਾਂ ਦੀ ਚੁਗਲੀ

ਜਾਂ ਵਿਰੋਧ ਕਰਨ ਵਾਲਾ ਨਹੀਂ।"

"ਇਹ ਗੱਲ ਤਾਂ ਠੀਕ ਏ," ਬੰਤੋ ਦੀ ਉਸ ਭੈਣ ਨੇ ਕੋਲੋਂ ਉਗਾਹੀ ਦਿੰਦਿਆਂ ਦੱਸਿਆ, "ਕਰਮੇ ਵਰਗਾ ਚੰਗਾ ਮੁੰਡਾ ਸਾਡੇ ਨਗਰ ਵਿਚ ਹੋਰ ਕੋਈ ਨਹੀਂ। ਕਿਹੜਾ ਗੁਣ ਏ ਜਿਹੜਾ ਉਸ ਵਿਚ ਨਹੀਂ ਪਰ ਇਥੇ ਧੜੇਬਾਜ਼ੀ ਬਹੁਤ ਹੋ ਗਈ ਏ। ਪਹਿਲਾਂ ਨਗਰ ਵਿਚ ਸਾਰੇ ਹੀ ਗੁਰੂ-ਘਰ ਨਾਲ ਜੁੜੇ ਹੋਏ ਸਨ ਪਰ ਜਦੋਂ ਦੇ ਗੱਦੀ ਦੇ ਚਾਹਵਾਨ ਸੋਢੀਆਂ ਨੂੰ ਗੱਦੀ ਨਹੀਂ ਮਿਲੀ, ਉਹ ਗੁਰੂ-ਘਰ ਨਾਲੋਂ ਟੁੱਟ ਗਏ ਨੇ। ਹੁਣ ਉਹਨਾਂ ਵਿਚੋਂ ਕਈ ਗੁਰੂ ਗੋਬਿੰਦ ਸਿੰਘ ਜੀ ਦੇ ਨੇੜੇ ਹੋ ਰਹੇ ਨੇ। ਕੁਝ ਇਥੇ ਹਾਕਮਾਂ ਦੇ ਚਿਮਚੇ ਵੀ ਹਨ। ਬੱਸ ਇਸ ਕਰਕੇ ਫੁੱਟ ਜਾਪਦੀ ਏ। ਉਂਝ ਤਾਂ ਹਿੰਦੂ ਤੇ ਮੁਸਲਮਾਨ ਵੀ ਬਹੁਤੇ ਗੁਰੂ-ਘਰ ਨੂੰ ਹੀ ਮੰਨਦੇ ਹਨ।"

"ਅੱਛਾ, ਸਾਡੇ ਆਉਣ ਬਾਰੇ ਬਾਹਰ ਗੱਲ ਨਾ ਨਿਕਲੇ," ਬੰਤੋ ਨੇ ਆਪਣੀ ਭੈਣ ਨੂੰ ਪੱਕੀ ਕੀਤੀ, "ਆਖ਼ਰ ਕੁੜੀਆਂ ਦੀ ਇੱਜ਼ਤ ਹੀ ਇਸੇ ਵਿਚ ਹੈ। ਜੇ ਗੱਲ ਨਿਕਲ ਗਈ ਤਾਂ ਲੋਕ ਬਾਤ ਦਾ ਬਤੰਗੜ ਝੱਟ ਬਣਾ ਲੈਣਗੇ ਤੇ ਫਿਰ ਦੀਪੋ ਵਿਚਾਰੀ ਲਈ ਕੋਈ ਨਵੀਂ ਬਿਪਤਾ ਖੜੀ ਹੋ ਸਕਦੀ ਹੈ।"

ਝੱਟ ਰੋਟੀ ਖਾ ਕੇ ਭੈਣ ਨਾਲ ਗੱਲਾਂ ਕਰ ਕੇ ਦੀਪੋ ਤੇ ਬੰਤੋ ਬਾਹਰ ਨਿਕਲ ਗਈਆਂ। ਉਹਨਾਂ ਨੂੰ ਛੱਡਣ ਭੈਣ ਵੀ ਬਾਹਰ ਤਕ ਆਈ। ਉਹਨੂੰ ਬਾਹਰ ਜਾਂਦਿਆਂ ਤੇ ਪਹਿਲਾਂ ਦੋਹਾਂ ਕੁੜੀਆਂ ਨੂੰ ਆਉਂਦਿਆਂ ਦੇਖ ਕੇ ਗਲੀ ਦੀਆਂ ਕਈ ਜ਼ਨਾਨੀਆਂ ਇਕ ਦੂਜੀ ਨੂੰ ਪੁੱਛਣ ਲੱਗ ਪਈਆਂ ਕਿ ਇਹ ਕੁੜੀਆਂ ਕੌਣ ਸਨ ? ਹਾਲਾਂ ਕਿ ਕਿਸੇ ਦਾ ਕੋਈ ਮਤਲਬ ਨਹੀਂ ਸੀ ਪਰ ਫਿਰ ਵੀ ਉਹ ਇਨ੍ਹਾਂ ਬਾਰੇ ਚਰਚਾ ਕਰਨ ਲੱਗ ਪਈਆਂ। ਕਿਸੇ ਨੇ ਬੰਤੋ ਦੇ ਕੱਪੜਿਆਂ ਦਾ ਹਵਾਲਾ ਦੇ ਕੇ ਕਿਹਾ, "ਇਹ ਸਾਵੇ ਕੱਪੜਿਆਂ ਵਾਲੀ ਤਾਂ ਨਿਰਮਲ ਦੀ ਭੈਣ ਏ, ਅੱਗੇ ਵੀ ਕਈ ਵਾਰ ਆਈ ਸੀ ਪਰ ਦੂਜੀ ਕੁੜੀ ਨਵੀਂ ਏ। ਉਹ ਪਹਿਲੀ ਵਾਰ ਹੀ ਦੇਖੀ ਏ।"

"ਹੋ ਸਕਦਾ ਏ, ਉਹਦੀ ਭੈਣ ਹੋਵੇ ਜਾਂ ਸਹੇਲੀ ਵੀ ਹੋ ਸਕਦੀ ਏ," ਇਹ ਦੂਜੀ ਔਰਤ ਦਾ ਅਨੁਮਾਨ ਸੀ।

"ਹੋ ਸਕਦੈ ਕਿ ਕਿਧਰੇ ਰਿਸ਼ਤੇ ਦੀ ਗੱਲ-ਬਾਤ ਚੱਲਦੀ ਹੋਵੇ ਤੇ ਕੁੜੀ ਦਿਖਾਣ ਲਿਆਏ ਹੋਣ," ਇਕ ਹੋਰ ਨੇ ਕਿਆਸ ਲਾਇਆ।

"ਆਪਣੇ ਵਿਚ ਕੁੜੀਆਂ ਇਉਂ ਦੇਖਣ ਦਿਖਾਣ ਦਾ ਕਦੋਂ ਰਿਵਾਜ ਏ," ਦੂਜੀ ਔਰਤ ਕਹਿਣ ਲੱਗੀ, "ਸਾਡੇ ਵਿਚ ਤਾਂ ਲਾਵਾਂ ਤਕ ਨਹੀਂ ਪਤਾ ਲੱਗਦਾ ਕਿ ਕਿਹੜੀ ਕੁੜੀ ਏ ਤੇ ਕਿਹੜਾ ਮੁੰਡਾ। ਕੁੜੀਆਂ ਕੱਪੜੇ ਵਿਚ ਲਪੇਟੀਆਂ ਹੀ ਸਹੁਰੇ ਪਹੁੰਚ ਜਾਂਦੀਆਂ ਨੇ।"

"ਜ਼ਮਾਨਾ ਬਦਲ ਰਿਹਾ ਏ," ਇਕ ਹੋਰ ਮੁਟਿਆਰ ਬੋਲੀ, "ਜੋ ਤੁਹਾਡੇ ਵੇਲੇ ਰਿਵਾਜ ਸਨ, ਉਹ ਅੱਜ ਨਹੀਂ ਤੇ ਜੋ ਅੱਜ ਹਨ, ਉਹ ਪੰਜ ਦਸ ਸਾਲਾਂ ਪਿੱਛੋਂ ਨਹੀਂ ਰਹਿਣਗੇ। ਇਹ ਤਾਂ ਬਦਲਦੇ ਰਹਿੰਦੇ ਹਨ।"

ਜ਼ਨਾਨੀਆਂ ਅਜੇ ਗਲੀ ਵਿਚ ਜੁੜੀਆਂ ਗੱਲਾਂ ਹੀ ਕਰ ਰਹੀਆਂ ਸਨ ਕਿ ਨਿਰਮਲ ਵੀ ਆ ਗਈ। ਉਹਨੂੰ ਗਲੀ ਦੀਆਂ ਔਰਤਾਂ ਨੇ ਰੋਕ ਕੇ ਪੁੱਛਿਆ, "ਕੁੜੇ, ਇਹ ਤੁਹਾਡੇ ਘਰ ਕੌਣ ਆਈਆਂ ਸਨ ?"

"ਇਕ ਤਾਂ ਮੇਰੀ ਭੈਣ ਸੀ," ਨਿਰਮਲ ਨੇ ਦੱਸਿਆ, "ਦੂਜੀ ਉਹਦੀ ਸਹੇਲੀ ਸੀ। ਇਥੇ ਕਿਧਰੇ ਕੰਮ ਆਈਆਂ ਸਨ ਤੇ ਕਹਿਣ ਲੱਗੀਆਂ ਭੈਣ ਨੂੰ ਮਿਲ ਚੱਲੀਏ।"

"ਇਹ ਕਿਥੋਂ ਆਈ ਏ ਭੈਣ ਤੇਰੀ ?" ਔਰਤਾਂ ਦਾ ਅਗਲਾ ਪ੍ਰਸ਼ਨ ਸੀ।

"ਦਿਆਲਪੁਰੋਂ," ਨਿਰਮਲ ਦੇ ਦੱਸਿਆ।

"ਉਹ ਜਿਥੇ ਕਰਮੇ ਦਾ ਰਿਸ਼ਤਾ ਹੋਇਆ ਸੀ," ਝੱਟ ਹੀ ਇਕ ਔਰਤ ਦਿਆਲਪੁਰ ਦਾ ਨਾਮ ਸੁਣਦਿਆਂ ਬੋਲ ਪਈ, "ਦੂਜੀ ਕੁੜੀ ਕਰਮੇ ਦੀ ਮੰਗੇਤਰ ਤਾਂ ਨਹੀਂ ਸੀ?"

"ਮੈਨੂੰ ਨਹੀਂ ਪਤਾ," ਨਿਰਮਲ ਨੇ ਦੱਸਿਆ, "ਮੈਂ ਉਹਦਾ ਨਾਂ ਜਾਂ ਮਾਂ-ਪਿਉ ਬਾਰੇ ਨਹੀਂ ਪੁੱਛਿਆ, ਅਸਲ ਵਿਚ ਸਾਡੀ ਭੈਣਾਂ ਦੀ ਗੱਲ-ਬਾਤ ਹੀ ਨਹੀਂ ਸੀ ਮੁੱਕਣ ਵਿਚ ਆਉਂਦੀ, ਮੈਂ ਕੁੜੀ ਬਾਰੇ ਤਾਂ ਕੁਝ ਪੁੱਛ ਹੀ ਨਹੀਂ ਸਕੀ।"

ਗੱਲ ਮੁੱਕ ਗਈ ਤੇ ਸਾਰੀਆਂ ਆਪਣੇ ਆਪਣੇ ਘਰਾਂ ਨੂੰ ਚਲੀਆਂ ਗਈਆਂ ਕਿਉਂਕਿ ਮਰਦ ਬਾਹਰੋਂ ਕੰਮ ਤੋਂ ਆਉਣੇ ਸ਼ੁਰੂ ਹੋ ਗਏ ਸਨ। ਅਜੇ ਘਰ ਆ ਕੇ ਨਿਰਮਲ ਨੇ ਰਾਤ ਲਈ ਆਟਾ ਗੁੰਨ੍ਹਿਆ ਤੇ ਭਾਂਡੇ ਮਾਂਜ ਕੇ ਹਟੀ ਹੀ ਸੀ ਕਿ ਬਾਹਰ ਗਲੀ ਵਿਚ ਰੌਲਾ ਪੈ ਗਿਆ।

ਇਹ ਬਾਹਰ ਨਿਕਲੀ ਤਾਕਿ ਰੌਲੇ ਬਾਰੇ ਜਾਣੇ। ਇਹਨੂੰ ਗਲੀ ਦੀ ਇਕ ਜ਼ਨਾਨੀ ਨੇ ਭੈ-ਭੀਤ ਹੁੰਦਿਆਂ ਦੱਸਿਆ ਕਿ ਤੁਹਾਡੇ ਘਰੋਂ ਜਿਹੜੀਆਂ ਦੋ ਕੁੜੀਆ ਝੱਟ ਪਹਿਲਾਂ ਗਈਆਂ ਹਨ, ਉਹਨਾਂ ਨੂੰ ਕੁਝ ਬਦਮਾਸ਼ਾਂ ਨੇ ਘੇਰ ਲਿਆ ਏ ਤੇ ਫੜ ਕੇ ਲੈ ਗਏ ਨੇ। ਕਰਤਾਰਪੁਰ ਵਿਚ ਤਾਂ ਰੌਲਾ ਪਿਆ ਹੋਇਆ ਏ ਤੇ ਤੁਹਾਨੂੰ ਪਤਾ ਹੀ ਨਹੀਂ। ਨਗਰ ਦੇ ਕੁਝ ਬੰਦੇ ਉਹਨਾਂ ਦੇ ਪਿੱਛੇ ਲੱਗੇ ਹੋਏ ਨੇ।

ਇਹ ਸੁਣ ਕੇ ਨਿਰਮਲ ਦੀ ਖਾਨਿਉਂ ਗਈ। ਉਹ ਅਤਿ ਘਬਰਾਈ। ਉਹਦੀਆਂ ਲੱਤਾਂ ਕੰਬਣ ਲੱਗ ਪਈਆਂ। ਉਹਨੇ ਸੁਣਿਆ ਹੋਇਆ ਸੀ ਕਿ ਇਲਾਕੇ ਵਿਚ ਕੁਝ ਹਾਕਮ ਲੋਕ ਤੇ ਕੁਝ ਉਨ੍ਹਾਂ ਦੇ ਅੱਗੋਂ ਕਰਿੰਦੇ ਜਿਹੇ ਵੀ ਸੋਹਣੀਆਂ ਤੇ ਮੁਟਿਆਰ ਕੁੜੀਆਂ ਦੇਖ ਲੈਣ, ਉਹ ਪਿੱਛੇ ਹੀ ਪੈ ਜਾਂਦੇ ਨੇ। ਜ਼ਰੂਰ ਕੋਈ ਚੌਧਰੀ ਜਾਂ ਚੌਧਰੀ ਦਾ ਵਿਗੜਿਆ ਮੁੰਡਾ ਹੀ ਹੋਏਗਾ। ਫਿਰ ਉਹਨੂੰ ਆਪਣੇ ਆਪ 'ਤੇ ਅਫ਼ਸੋਸ ਆਉਣ ਲੱਗ ਪਿਆ ਕਿ ਉਹਨੇ ਕੁੜੀਆਂ ਨੂੰ ਇਕੱਲੇ ਕਿਉਂ ਤੋਰਿਆ। ਉਹਦਾ ਮਰਦ ਘਰ ਆ ਜਾਂਦਾ ਤਾਂ ਉਹ ਜਾ ਕੇ ਛੱਡ ਆਉਂਦਾ। ਫਿਰ ਉਹਨੂੰ ਬੰਤੋ ਤੇ ਦੀਪੋ ਦਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗਾ। ਉਹ ਬੁੱਤ ਬਣੀ ਖੜੀ ਸੀ। ਉਹਨੂੰ ਸੁਝ ਨਹੀਂ ਸੀ ਰਿਹਾ ਕਿ ਕੀ ਕਰੇ। ਇਤਨੇ ਵਿਚ ਉਹਦਾ ਮਰਦ ਸਾਹਮਣੇ ਆਉਂਦਾ ਨਜ਼ਰੀਂ ਪਿਆ। ਨਿਰਮਲ ਨੇ ਉਹਨੂੰ ਹੱਥ ਦੇ ਇਸ਼ਾਰੇ ਨਾਲ ਛੇਤੀ ਛੇਤੀ ਆਉਣ ਲਈ ਸੰਕੇਤ ਕੀਤਾ। ਉਹ ਕਾਹਲੀ ਕਾਹਲੀ ਕਦਮ ਪੁੱਟਦਾ ਘਰ ਆਇਆ। ਨਿਰਮਲ ਨੇ ਆਉਂਦਿਆਂ ਪੁੱਛਿਆ, "ਤੁਸੀਂ ਕੋਈ ਮਾੜੀ ਗੱਲ ਸੁਣੀ ਏ?"

"ਕਿਹੜੀ ਮਾੜੀ ਗੱਲ?" ਉਹਦੇ ਪਤੀ ਗੌਤਮ ਨੇ ਹੈਰਾਨੀ ਨਾਲ ਪੁੱਛਿਆ।

"ਦੋ ਕੁੜੀਆਂ ਕਰਤਾਰਪੁਰ ਬਾਹਰੋਂ ਕੋਈ ਜਬਰੀ ਚੁੱਕ ਕੇ ਲੈ ਗਿਆ ਏ," ਨਿਰਮਲ ਨੇ ਕਾਹਲੀ ਕਾਹਲੀ ਗੱਲ ਦੱਸਣ ਦੀ ਕੀਤੀ।

"ਆਹੋ, ਇਹ ਤਾਂ ਮੈਂ ਵੀ ਸੁਣ ਕੇ ਆਇਆ ਹਾਂ," ਗੌਤਮ ਨੇ ਕਿਹਾ, "ਪਰ ਇਹਦੇ ਵਿਚ ਸਾਡੇ ਘਬਰਾਉਣ ਵਾਲੀ ਕਿਹੜੀ ਗੱਲ ਏ? ਅਜਿਹੀਆਂ ਗੱਲਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਜਦ ਹਾਕਮ ਹੀ ਲੋਕਾਂ ਦੀ ਇੱਜ਼ਤ ਲੁੱਟਣ ਤੁਰ ਪੈਣ ਤਾਂ ਆਮ ਆਦਮੀ ਕੀ ਕਰ ਸਕਦਾ ਏ?"

"ਉਹ ਆਪਣੇ ਘਰ ਤੋਂ ਨਿਕਲੀਆਂ ਕੁੜੀਆਂ ਸਨ," ਨਿਰਮਲ ਨੇ ਦੱਸਿਆ, "ਇਕ ਤਾਂ ਬੰਤੋ ਆਈ ਸੀ ਤੇ ਦੂਜੀ ਉਹਦੇ ਨਾਲ ਕਰਮੇ ਦੀ ਮੰਗੇਤਰ ਸੀ। ਹੁਣੇ ਉਹ ਗਈਆਂ ਨੇ। ਛੇਤੀ ਜਾ ਕੇ ਉਹਨਾਂ ਦਾ ਪਤਾ ਕਰੋ। ਸੁਣਿਆ ਏ ਕਿ ਆਪਣੇ ਨਗਰ ਦੇ ਕੁਝ ਮੁੰਡੇ ਮਗਰ ਗਏ ਨੇ। ਤੁਸੀਂ ਵੀ ਕੁਝ ਬੰਦੇ ਲੈ ਕੇ ਜਾਉ। ਕੁੜੀਆਂ ਮੁੜਨੀਆਂ ਚਾਹੀਦੀਆਂ ਨੇ, ਨਹੀਂ ਤੇ ਆਪਣਾ ਨੱਕ ਵੱਢਿਆ ਜਾਉ।"

"ਉਹ ਇਕੱਲੀਆਂ ਕਿਉਂ ਨਿਕਲ ਤੁਰੀਆਂ ਸਨ ?" ਗੌਤਮ ਨੇ ਗੁੱਸੇ ਨਾਲ ਕਿਹਾ, "ਕਈ ਵਾਰ ਬੰਤੋ ਨੂੰ ਕਿਹਾ ਏ ਕਿ ਇਉਂ ਇਕੱਲੀਆਂ ਨਾ ਆਇਆ ਜਾਇਆ ਕਰੋ, ਪਰ ਅੱਜ-ਕੱਲ੍ਹ ਦੀਆਂ ਕੁੜੀਆਂ ਕਿਥੇ ਸੁਣਦੀਆਂ ਨੇ।"

"ਚਲੋ ਹੁਣ ਜਾ ਕੇ ਕੁਝ ਉੱਦਮ ਕਰੋ," ਨਿਰਮਲ ਨੇ ਕਿਹਾ, "ਨਾਲ ਆਪਣਾ ਵੀ ਬਚਾਅ ਰੱਖਣਾ। ਕਿਧਰੇ ਗੁੰਡੇ ਤੁਹਾਡੇ ਪਿੱਛੇ ਵੀ ਨਾ ਪੈ ਜਾਣ।"

"ਮੇਰਾ ਸੋਟਾ ਫੜਾਈਂ," ਗੌਤਮ ਨੇ ਕਿਹਾ। ਨਾਲ ਹੀ ਉਹ ਗੰਭੀਰ ਹੋ ਗਿਆ ਤੇ ਸੋਚਣ ਲੱਗਾ ਕਿ ਪਤਾ ਨਹੀਂ ਕਿਧਰ ਲੈ ਗਏ ਨੇ ਤੇ ਉਨ੍ਹਾਂ ਨਾਲ ਕਿਤਨੇ ਕੁ ਬੰਦੇ ਨੇ। ਇਕੱਲੇ ਜਾਣਾ ਠੀਕ ਨਹੀਂ, ਇਸ ਲਈ ਉਹ ਹੋਰ ਕਿਸ ਕਿਸ ਨੂੰ ਨਾਲ ਲਿਜਾਏ।

"ਘਰ ਕੋਈ ਤਕੜਾ ਹਥਿਆਰ ਚਾਹੀਦਾ ਏ," ਗੌਤਮ ਨੇ ਸੋਚਿਆ, "ਅਸੀਂ ਤਾਂ ਤਲਵਾਰ ਵੀ ਘਰ ਨਹੀਂ ਰੱਖੀ ਹੋਈ। ਕਦੇ ਲੋੜ ਹੀ ਨਹੀਂ ਪਈ। ਹੁਣ ਤਕ ਤਾਂ ਸੋਟਾ ਹੀ ਹਥਿਆਰ ਸੀ ਪਰ ਇਹ ਵੀ ਹੁਣ ਐਵੇਂ ਜਾਪਦਾ ਏ। ਸਿਖ ਚੰਗੇ ਨੇ ਜਿਹੜੇ ਸ਼ਸਤਰਧਾਰੀ ਤਾਂ ਰਹਿੰਦੇ ਨੇ।"

ਇਹ ਖ਼ਿਆਲ ਆਉਂਦਿਆਂ ਹੀ ਉਹਨੂੰ ਸੁਝ ਪਿਆ ਕਿ ਕਿਧਰੇ ਸਿਖ ਮਿਲ ਜਾਣ ਤਾਂ ਉਹ ਅੱਜ ਬੜੇ ਕੰਮ ਆ ਸਕਦੇ ਹਨ। ਉਹਨਾਂ ਪਾਸ ਬਥੇਰੇ ਹਥਿਆਰ ਹੁੰਦੇ ਨੇ ਤੇ ਉਂਝ ਵੀ ਉਹ ਕਿਸੇ ਅਬਲਾ ਗ਼ਰੀਬ ਦੀ ਮਦਦ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਨੇ ਪਰ ਸਿੱਖਾਂ ਦਾ ਕੋਈ ਟਿਕਾਣਾ ਨਹੀਂ। ਜੇਕਰ ਕਰਮ ਸਿੰਘ ਅੱਜ ਘਰ ਹੁੰਦਾ ਤਾਂ ਉਹਨੇ ਝੱਟ ਕਾਰਵਾਈ ਸ਼ੁਰੂ ਕਰ ਦੇਣੀ ਸੀ।

ਗੌਤਮ ਬਾਹਰ ਨਿਕਲ ਆਇਆ। ਉਹਨੂੰ ਅੱਗੋਂ ਕੁਝ ਬੰਦੇ ਮਿਲੇ ਜਿਨ੍ਹਾਂ ਨੇ ਦੱਸਿਆ ਕਿ ਚਾਰ ਘੋੜ ਸਵਾਰ ਸਨ, ਜਿਨ੍ਹਾਂ ਨੇ ਕੁੜੀਆਂ ਨੂੰ ਘੇਰ ਲਿਆ ਤੇ ਜ਼ਬਰਦਸਤੀ ਚੁੱਕ ਕੇ ਲੈ ਗਏ ਨੇ। ਉਹਨਾਂ ਪਿੱਛੇ ਆਪਣੇ ਕੁਝ ਗੱਭਰੂ ਘੋੜੀਆਂ 'ਤੇ ਗਏ ਨੇ। ਉਹਨਾਂ ਦੱਸਿਆ ਕਿ ਕੁੜੀਆਂ ਨੂੰ ਜਦੋਂ ਉਹਨਾਂ ਘੇਰਿਆ ਤਾਂ ਉਹ ਚੀਕੀਆਂ ਤੇ ਜ਼ੋਰ ਨਾਲ ਉਹਨਾਂ ਦੇ ਰੋਣ ਦੀਆਂ ਆਵਾਜ਼ਾਂ ਆਈਆਂ। ਖੇਤਾਂ ਵਿਚ ਕੰਮ ਕਰਦੇ ਲੋਕ ਸਾਹਮਣੇ ਦੇਖਦੇ ਰਹੇ ਪਰ ਕੋਈ ਉਹਨਾਂ ਨੂੰ ਟੋਕ ਨਾ ਸਕਿਆ। ਉਹ ਜਦ ਘੋੜਿਆਂ 'ਤੇ ਚੜ੍ਹ ਕੇ ਤੁਰ ਗਏ ਤਾਂ ਦੇਖਣ ਵਾਲਿਆਂ ਨੇ ਰੌਲਾ ਪਾਇਆ।

ਜਲੰਧਰ ਵੱਲੋਂ ਆਉਂਦੇ ਰਾਹ 'ਤੇ ਘੱਟਾ ਉੱਡਦਾ ਦਿਸਿਆ ਤੇ ਕੁਝ ਹੀ ਪਲਾਂ ਵਿਚ ਦੋ ਘੋੜ ਸਵਾਰ ਸਿੰਘ ਧੂੜ ਵਿਚੋਂ ਨਜ਼ਰ ਆਉਣ ਲੱਗੇ।

ਜਦ ਉਹ ਨੇੜੇ ਆਏ ਤਾਂ ਗੌਤਮ ਨੇ ਪਛਾਣ ਲਏ ਕਿ ਉਹ ਤਾਂ ਕਿੱਕਰ ਸਿੰਘ ਤੇ ਕਸਤੂਰ ਸਿੰਘ ਹਨ ਜੋ ਕਈ ਵਾਰ ਕਰਮ ਸਿੰਘ ਦੇ ਨਾਲ ਕਰਤਾਰਪੁਰ ਆਉਂਦੇ ਰਹੇ ਹਨ। ਗੌਤਮ ਨੇ ਅੱਗੇ ਹੋ ਕੇ ਉਹਨਾਂ ਨੂੰ ਕਿਹਾ, "ਥੱਲੇ ਉਤਰੋ, ਤੁਹਾਡੇ ਨਾਲ ਜ਼ਰੂਰੀ ਗੱਲ ਕਰਨੀ ਏ। ਸਾਡੇ 'ਤੇ ਬੜੀ ਬਿਪਤਾ ਆ ਪਈ ਏ।"

"ਕੀ ਹੋ ਗਿਆ ਏ ?" ਕਿੱਕਰ ਸਿੰਘ ਨੇ ਪੁੱਛਿਆ, "ਤੁਸੀਂ ਬੜੇ ਘਾਬਰੇ ਹੋਏ ਲੱਗਦੇ ਹੋ ?"

"ਦਿਆਲਪੁਰ ਤੋਂ ਸਾਡੇ ਘਰ ਦੋ ਕੁੜੀਆਂ ਆਈਆਂ ਸਨ ਤੇ ਵਾਪਸ ਜਾਂਦੀਆਂ ਰਾਹ ਵਿਚ ਕੁਝ ਬਦਮਾਸ਼ਾਂ ਨੇ ਘੇਰ ਲਈਆਂ ਨੇ। ਉਹ ਜਬਰੀ ਘੋੜਿਆਂ 'ਤੇ ਲੱਦ ਕੇ ਲੈ ਗਏ ਨੇ।" ਗੌਤਮ ਨੇ ਦੱਸਿਆ।

"ਇਨ੍ਹਾਂ ਚੌਧਰੀਆਂ ਦੇ ਹੌਸਲੇ ਬਹੁਤੇ ਹੀ ਵਧ ਗਏ ਨੇ," ਕਸਤੂਰ ਸਿੰਘ ਨੇ ਕਿਹਾ, "ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਖੇਤ ਕਿਵੇਂ ਬਚ ਸਕਦਾ ਏ। ਚਲੋ ਦੱਸੋ,

ਉਹ ਕਿਧਰ ਨੂੰ ਗਏ ਨੇ ਤੇ ਕਿੰਨੀ ਕੁ ਦੇਰ ਹੋਈ ਏ?"

"ਝੱਟ ਹੋ ਗਿਆ ਏ," ਗੌਤਮ ਨੇ ਦੱਸਿਆ, "ਰਾਮ ਨਗਰ ਵੱਲ ਗਏ ਦੱਸੀਦੇ ਨੇ।" ਬਸ ਗੌਤਮ ਦੇ ਕਹਿਣ ਦੀ ਦੇਰ ਸੀ ਕਿ ਕਿੱਕਰ ਸਿੰਘ ਨੇ ਗੌਤਮ ਨੂੰ ਆਪਣੇ ਘੋੜੇ ਪਿੱਛੇ ਬਿਠਾਇਆ ਤੇ ਉਹ ਰਾਮ ਨਗਰ ਨੂੰ ਜਾਂਦੇ ਰਾਹ 'ਤੇ ਘੋੜੇ ਭਜਾਂਦੇ ਤੇ ਧੂੜ ਪਿੱਛੇ ਛੱਡਦੇ ਝੱਟ ਅੱਖੀਆਂ ਤੋਂ ਉਹਲੇ ਹੋ ਗਏ।

6

ਦੁਪਹਿਰ ਤਕ ਤਾਂ ਰੁਕਮਣੀ ਨੇ ਦੀਪੋ ਦੇ ਘਰ ਨਾ ਪਰਤਣ ਦੀ ਚਿੰਤਾ ਨਾ ਕੀਤੀ। ਅੱਗੇ ਵੀ ਤਾਂ ਕਈ ਵਾਰ ਉਹ ਬੰਤੋ ਜਾਂ ਹੋਰ ਕਿਸੇ ਸਹੇਲੀ ਦੇ ਘਰ ਚਲੀ ਜਾਂਦੀ ਸੀ। ਆਮ ਤੌਰ 'ਤੇ ਦੁਪਹਿਰ ਕੁੜੀਆਂ ਇਕੱਠੀਆਂ ਹੋ ਕੇ ਗੁਜ਼ਾਰਦੀਆਂ ਸਨ। ਦੁਪਹਿਰ ਢਲਣ ਪਿੱਛੋਂ ਦੀਪੋ ਦੀ ਮਾਂ ਰੁਕਮਣੀ ਨੂੰ, ਕੰਮ ਤੋਂ ਵਿਹਲੇ ਹੋ ਕੇ ਦੀਪੋ ਦਾ ਚੇਤਾ ਆਇਆ। ਉਹਦੇ ਦਿਲ ਨੂੰ ਪਤਾ ਨਹੀਂ ਕਿਉਂ ਹੌਲ ਪੈਣ ਲੱਗ ਪਿਆ। ਕਦੇ ਕਦੇ ਦੀਪੋ ਦਾ ਪਿਤਾ ਸ਼ਾਮੂ ਸ਼ਾਹ ਬਾਹਰ ਕਿਧਰੇ ਵਾਂਢੇ ਗਿਆ ਦੇਰ ਤਕ ਘਰ ਨਾ ਆਏ ਤਾਂ ਉਹਦੇ ਦਿਲ ਨੂੰ ਕੁਝ ਹੋਣ ਲੱਗ ਪੈਂਦਾ ਸੀ। ਉਦੋਂ ਜ਼ਰੂਰ ਹੀ ਵਾਪਸ ਆ ਕੇ ਸ਼ਾਮੂ ਸ਼ਾਹ ਆਪਣੇ ਨਾਲ ਵਾਪਰੀ ਕਿਸੇ ਮਾੜੀ ਘਟਨਾ ਦਾ ਜ਼ਿਕਰ ਕਰ ਦਿੰਦਾ। ਉਹ ਅੱਗੋਂ ਝੱਟ ਕਹਿੰਦੀ ਕਿ ਤਾਹੀਓਂ ਤਾਂ ਉਹਦੇ ਦਿਲ ਨੂੰ ਘੋਰ ਪੈਂਦੇ ਸਨ। ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦਾ ਏ ਪਰ ਦੀਪੋ ਬਾਰੇ ਉਹਨੂੰ ਕਦੇ ਇਸ ਤਰ੍ਹਾਂ ਦੀ ਚਿੰਤਾ ਨਹੀਂ ਸੀ ਹੋਈ। ਹੁੰਦੀ ਵੀ ਕਿਸ ਤਰ੍ਹਾਂ, ਜਦ ਦੀਪੋ ਕਦੇ ਘਰ ਤੋਂ ਬਾਹਰ ਨਹੀਂ ਸੀ ਗਈ। ਵੱਧ ਤੋਂ ਵੱਧ ਇਕ ਗਲੀ ਟੱਪ ਕੇ ਕਿਸੇ ਨਾ ਕਿਸੇ ਕੁੜੀ ਦੇ ਘਰ ਤਕ ਹੀ ਜਾਂਦੀ ਹੁੰਦੀ ਸੀ।

ਕੁੜੀਆਂ ਦੇ ਹੱਸਣ ਤੇ ਗੱਲਾਂ ਕਰਨ ਦੀ ਆਵਾਜ਼ ਗਲੀ ਵਿਚੋਂ ਰੁਕਮਣੀ ਦੇ ਕੰਨੀਂ ਵੀ ਪਈ ਤੇ ਉਹ ਝੱਟ ਹੱਥ ਵਾਲਾ ਕੰਮ ਛੱਡ ਕੇ ਬਾਹਰ ਨੂੰ ਆਈ। ਦਰਵਾਜ਼ਾ ਹੌੜੇ ਨਾਲ ਬੰਦ ਸੀ, ਉਹ ਖੋਲ੍ਹਿਆ ਤੇ ਦੇਖਿਆ। ਇਤਨੇ ਵਿਚ ਦੋ-ਤਿੰਨ ਕੁੜੀਆਂ ਦੋ-ਤਿੰਨ ਘਰ ਅੱਗੇ ਤਕ ਨਿਕਲ ਗਈਆਂ ਸਨ। ਇਕੋ ਕੁੜੀ ਪਿੱਛੇ ਰਹਿ ਗਈ ਸੀ। ਉਹਦੇ ਵੀ ਪੈਰ ਵਿਚ ਕੁਝ ਚੁਭਿਆ ਸੀ ਜਾਂ ਸੱਟ ਲੱਗੀ ਸੀ, ਜਿਸ ਕਰਕੇ ਉਹ ਲੰਗਾ ਕੇ ਤੁਰਦੀ ਪਿੱਛੇ ਰਹਿ ਗਈ ਸੀ। ਰੁਕਮਣੀ ਨੇ ਉਹਨੂੰ ਆਵਾਜ਼ ਦਿੱਤੀ, "ਕੁੜੇ ਪ੍ਰਕਾਸ਼ੋ, ਸਾਡੀ ਦੀਪੋ ਕਿਥੇ ਵੇ, ਉਹ ਨਹੀਂ ਤੁਹਾਡੇ ਨਾਲ ਘਰ ਮੁੜੀ?"

"ਮਾਸੀ ਦੀਪੋ ਤਾਂ ਅੱਜ ਆਈ ਹੀ ਨਹੀਂ," ਪ੍ਰਕਾਸ਼ੋ ਨੇ ਤੁਰਤ ਉੱਤਰ ਦਿੱਤਾ, "ਅਸਾਂ ਤੇ ਮਗਰੋਂ ਉਸ ਦਾ ਪਤਾ ਕਰਨਾ ਸੀ ਪਰ ਮੇਰੇ ਪੈਰ ਵਿਚ ਦਰਦ ਉੱਠ ਪਿਆ ਏ ਤੇ ਤੁਰ ਹੀ ਨਹੀਂ ਹੁੰਦਾ। ਮੈਂ ਆਪਣੀ ਪੀੜ ਵਿਚ ਰੁਝੀ ਪੁੱਛਣਾ ਭੁੱਲ ਹੀ ਚੱਲੀ ਸਾਂ। ਕਿਉਂ, ਉਹ ਘਰ ਨਹੀਂ?"

ਰੁਕਮਣੀ ਦਾ ਉਪਰਲਾ ਸਾਹ ਉੱਪਰ ਤੇ ਹੇਠਲਾ ਹੇਠਾਂ ਰਹਿ ਗਿਆ। ਇਕ ਮਿੰਟ ਉਹਦੇ ਮੂੰਹ ਤੋਂ ਅਗਲੀ ਗੱਲ ਨਾ ਨਿਕਲੀ। ਫਿਰ ਉਹਨੇ ਆਪਣੇ ਆਪ ਨੂੰ ਸੰਭਾਲਿਆ ਤੇ ਪੁੱਛਿਆ, "ਬੰਤੋ ਆਈ ਸੀ?"

"ਨਹੀਂ, ਉਹ ਵੀ ਨਹੀਂ ਆਈ।"

"ਫਿਰ ਉਹਨਾਂ ਦੇ ਘਰ ਦੋਵੇਂ ਹੋਣਗੀਆਂ।" ਰੁਕਮਣੀ ਨੇ ਇਸ ਵਿਸ਼ੇ 'ਤੇ ਪ੍ਰਕਾਸ਼ੋ ਨਾਲ

ਹੋਰ ਕੋਈ ਗੱਲ ਕਰਨੀ ਠੀਕ ਨਾ ਸਮਝੀ। ਆਖ਼ਰ ਧੀ ਦਾ ਮਾਮਲਾ ਹੈ। ਐਵੇਂ ਗ਼ਲਤ ਗੱਲ ਨਿਕਲ ਗਈ ਤਾਂ ਜਣਾ-ਖਣਾ ਬਾਤ ਦਾ ਬਤੰਗੜ ਬਣਾਂਦਾ ਰਹੇਗਾ। ਪ੍ਰਕਾਸ਼ੋ ਨੂੰ ਤਾਂ ਟਾਲ ਕੇ ਭੇਜ ਦਿੱਤਾ ਪਰ ਉਹਦਾ ਤੌਖ਼ਲਾ ਵਧ ਗਿਆ। ਗਲੀ ਦੇ ਇਕ ਮੁੰਡੇ ਨੂੰ ਦੇਖ ਕੇ, ਜੋ ਆਪਣੇ ਘਰ ਤੋਂ ਬਾਹਰ ਨਿਕਲਿਆ ਹੀ ਸੀ, ਰੁਕਮਣੀ ਨੇ ਇਸ਼ਾਰਾ ਕਰ ਕੇ ਨੇੜੇ ਬੁਲਾਇਆ ਤੇ ਕਿਹਾ, "ਜਾਈਂ ਮੇਰੇ ਪੁੱਤ, ਚੌਂਕ ਵਿਚ ਪਿੱਪਲ ਥੱਲੇ ਹੋਵੇਗਾ ਦੀਪੋ ਦਾ ਭਾਈਆ, ਉਹਨੂੰ ਬੁਲਾ ਲਿਆਈਂ। ਆਖੀਂ, ਛੇਤੀ ਘਰ ਆਉ, ਜ਼ਰੂਰੀ ਕੰਮ ਏ।"

ਮੁੰਡਾ ਚੌਂਕ ਵੱਲ ਜਾਣ ਲਈ ਮੁੜਿਆ ਹੀ ਸੀ ਕਿ ਰੁਕਮਣੀ ਨੇ ਆਵਾਜ਼ ਦੇ ਕੇ ਵਾਪਸ ਬੁਲਾਇਆ ਤੇ ਦੁਬਾਰਾ ਕਿਹਾ, "ਉਹਨੂੰ ਆਖੀਂ, ਛੇਤੀ ਘਰ ਆਉ। ਕੀ ਆਖੇਂਗਾ ਮੇਰੇ ਪੁੱਤ ?"

"ਸਮਝ ਗਿਆ ਹਾਂ ਚਾਚੀ।" ਮੁੰਡਾ ਕਹਿ ਕੇ ਮੁੜ ਗਿਆ ਤੇ ਚੌਂਕ ਵਿਚ ਜਾ ਕੇ ਉਹਨੇ ਸ਼ਾਮੂ ਸ਼ਾਹ ਨੂੰ ਸੁਨੇਹਾ ਦਿੱਤਾ ਤੇ ਨਾਲ ਹੀ ਦੱਸਿਆ ਕਿ ਚਾਚੀ ਬਹੁਤ ਘਾਬਰੀ ਹੋਈ ਸੀ। ਬਾਰ ਬਾਰ ਉਹਨੇ ਸੁਨੇਹਾ ਦਿੱਤਾ ਏ ਕਿ ਛੇਤੀ ਘਰ ਆਉ। ਅੱਗੇ ਕਦੇ ਰੁਕਮਣੀ ਨੂੰ ਨਾ ਲੋੜ ਪਈ ਸੀ ਤੇ ਨਾ ਹੀ ਉਹਨੇ ਸ਼ਾਮੂ ਸ਼ਾਹ ਨੂੰ ਇਸ ਤਰ੍ਹਾਂ ਬੁਲਾਇਆ ਸੀ। ਮੁੰਡੇ ਦੇ ਸੁਨੇਹਾ ਦਿੰਦਿਆਂ ਸ਼ਾਮੂ ਸ਼ਾਹ ਨੇ ਝੱਟ-ਪਟ ਜੁੱਤੀ ਪਾਈ ਤੇ ਕਾਹਲੀ ਕਾਹਲੀ ਕਦਮ ਪੁੱਟਦਾ ਘਰ ਆਇਆ। ਰੁਕਮਣੀ ਉਸੇ ਤਰ੍ਹਾਂ ਬੁੱਤ ਬਣੀ ਦਰਵਾਜ਼ੇ ਦੀਆਂ ਮੁਹਾਣਾਂ ਵਿਚ ਖੜੀ ਸੀ। ਉਹਦੇ ਉਤਰੇ ਚਿਹਰੇ ਤੋਂ ਘਬਰਾਹਟ ਤੇ ਚਿੰਤਾ ਪੜ੍ਹਦਿਆਂ ਸ਼ਾਮੂ ਸ਼ਾਹ ਨੇ ਪੁੱਛਿਆ, "ਕੀ ਗੱਲ ਏ ? ਸੁੱਖ ਤਾਂ ਹੈ ?"

"ਅੰਦਰ ਆਉ ਦੱਸਦੀ ਹਾਂ," ਰੁਕਮਣੀ ਨੇ ਅੰਦਰ ਵੜਦਿਆਂ ਕਿਹਾ ਤੇ ਅੰਦਰ ਬਿਠਾ ਕੇ ਦਸਿਆ, "ਕੁੜੀ ਸਵੇਰ ਦੀ ਘਰੋਂ ਗਈ ਏ, ਅਜੇ ਤਕ ਨਹੀਂ ਮੁੜੀ। ਕੁੜੀਆਂ ਹੁਣੇ ਤ੍ਰਿੰਞਣ ਤੋਂ ਵਿਹਲੀਆਂ ਹੋ ਕੇ ਲੰਘੀਆਂ ਨੇ ਤੇ ਉਹਨਾਂ ਤੋਂ ਪੁੱਛਿਆ ਸੀ। ਉਹ ਅੱਜ ਉਥੇ ਵੀ ਨਹੀਂ ਗਈ।"

"ਫਿਰ ਕੀ ਹੋਇਆ, ਇਥੇ ਹੀ ਕਿਧਰੇ ਹੋਏਗੀ," ਸ਼ਾਮੂ ਸ਼ਾਹ ਨੇ ਉੱਤਰ ਦਿੱਤਾ, "ਤੂੰ ਤੇ ਪਤਾ ਨਹੀਂ ਕਿਉਂ ਐਵੇਂ ਹੀ ਝੱਟ ਘਾਬਰ ਜਾਂਦੀ ਏਂ। ਮੇਰਾ ਤਾਂ ਤਰਾਹ ਹੀ ਕੱਢ ਦਿੱਤਾ ਈ। ਮੈਂ ਕਿਹਾ ਪਤਾ ਨਹੀਂ ਕਿਹੜੀ ਬਿਪਤਾ ਆ ਪਈ ਸੂ। ਕਿਸੇ ਕੁੜੀ ਦੇ ਘਰੋਂ ਪਤਾ ਕਰੀਂ।"

"ਮੇਰੇ ਤਾਂ ਦਿਲ ਨੂੰ ਘੇਰ ਪੈਂਦੇ ਨੇ," ਰੁਕਮਣੀ ਕਹਿਣ ਲੱਗੀ, "ਜਿਵੇਂ ਤੁਹਾਡੇ ਨਾਲ ਕਦੇ ਕੁਝ ਮਾੜੀ ਗੱਲ ਵਾਪਰੇ ਤਾਂ ਮੈਨੂੰ ਝੱਟ ਖੁੜਕ ਜਾਂਦੀ ਏ। ਕੁੜੀ ਬੰਤੋ ਵੀ ਕੁੜੀਆਂ ਦੇ 'ਕੱਠ ਵਿਚ ਨਹੀਂ ਗਈ। ਤੁਸੀਂ ਘਰ ਬੈਠੋ, ਮੈਂ ਬੰਤੋ ਦੀ ਮਾਂ ਨੂੰ ਪੁੱਛ ਕੇ ਆਵਾਂ। ਉਹਨੂੰ ਸ਼ੈਦ ਪਤਾ ਹੋਵੇ ਕਿ ਕਿਧੇ ਨੇ ? ਜੇ ਉਨ੍ਹਾਂ ਦੇ ਘਰ ਹੋਈ ਤਾਂ ਮੈਂ ਲੈ ਕੇ ਆਈ।"

ਸ਼ਾਮੂ ਸ਼ਾਹ ਨੇ ਸਿਰ ਹਿਲਾ ਕੇ ਹੀ 'ਹਾਂ' ਦਾ ਉੱਤਰ ਦਿੱਤਾ ਤੇ ਜੁੱਤੀ ਲਾਹ ਕੇ ਮੰਜੇ 'ਤੇ ਸਿੱਧਾ ਹੋ ਕੇ ਬੈਠ ਗਿਆ। ਰੁਕਮਣੀ ਕਾਹਲੀ ਕਾਹਲੀ ਕਦਮ ਪੁੱਟਦੀ ਗਲੀ ਦਾ ਮੋੜ ਟੱਪ ਗਈ। ਉਹ ਸੋਚਦੀ ਜਾ ਰਹੀ ਸੀ ਕਿ ਜਿਹੜੀਆਂ ਅੱਜ ਦੋਵੇਂ ਤ੍ਰਿੰਞਣ ਵਿਚ ਵੀ ਨਹੀਂ ਗਈਆਂ, ਉਹ ਜ਼ਰੂਰ ਕਿਧਰੇ ਹੋਰ ਰੁੱਝੀਆਂ ਹੋਣਗੀਆਂ। ਇਕ ਵਾਰ ਤਾਂ ਉਹਦੇ ਮਨ ਵਿਚ ਆਇਆ ਕਿ ਬੰਤੋ ਦਾ ਵਿਆਹ ਨੇੜੇ ਏ। ਉਹਦੇ ਨਾਲ ਰਲ ਕੇ ਦਾਜ ਦੀਆਂ ਚਾਦਰਾਂ 'ਤੇ ਫੁੱਲ ਬੂਟੇ ਕੱਢ ਰਹੀਆਂ ਹੋਣਗੀਆਂ। ਇਸ ਵਿਚਾਰ ਨਾਲ ਉਹਨੂੰ ਇਕ ਵਾਰ ਤਾਂ ਤਸੱਲੀ ਹੋਈ ਕਿਉਂਕਿ ਵਿਆਹ ਵਾਲੀਆਂ ਕੁੜੀਆਂ ਲੁਕ ਛਿਪ ਕੇ ਦਾਜ ਦੀਆਂ ਚਾਦਰਾਂ ਤੇ ਫੁਲਕਾਰੀਆਂ ਕੱਢਦੀਆਂ ਨੇ। ਅਜਿਹਾ ਕੰਮ ਉਹ ਬਹੁਤ ਨੇੜੇ ਦੀਆਂ ਸਹੇਲੀਆਂ ਸਾਹਮਣੇ ਹੀ ਕਰਦੀਆਂ ਨੇ। ਇਹ ਵੀ ਅਜੀਬ ਰਿਵਾਜ ਏ, ਕੁੜੀ ਲੁਕ ਲੁਕ ਕੇ ਦਾਜ ਦੀਆਂ ਸੋਹਣੀਆਂ ਵਸਤਾਂ ਤਿਆਰ ਕਰੇ।

ਚੰਗਾ ਹੋਇਆ ਜੇ ਮੈਂ ਦੀਪੋ ਦੇ ਭਾਈਆ ਜੀ ਨੂੰ ਨਹੀਂ ਭੇਜਿਆ। ਉਹਨੇ ਇਕ ਵਾਰ ਜਾਂਦਿਆਂ ਜਾਂਦਿਆਂ ਇਹ ਵੀ ਸੋਚਿਆ, ਕੁੜੀਆਂ ਨੇ ਉਹਨੂੰ ਦੱਸਣਾ ਕੁਝ ਨਹੀਂ ਸੀ ਤੇ ਉਹਨੇ ਕੁਝ ਸਮਝੇ ਬਿਨਾਂ ਗੁੱਸੇ ਹੋਈ ਜਾਣਾ ਸੀ। ਕੁੜੀਆਂ ਕੀ ਕਹਿੰਦੀਆਂ ਅਸੀਂ ਦਾਜ ਬਣਾ ਰਹੀਆਂ ਸਾਂ। ਉਹਨਾਂ ਗੱਲਾਂ ਕਰਨ ਦਾ ਬਹਾਨਾ ਲਾ ਕੇ ਕਹਿ ਦੇਣਾ ਸੀ ਕਿ ਸਾਨੂੰ ਪਤਾ ਹੀ ਨਹੀਂ ਲੱਗਾ ਕਦੋਂ ਪਰਛਾਵੇਂ ਢਲ ਗਏ ਨੇ। ਬਸ ਸ਼ਾਹ ਹੋਰਾਂ ਉਥੇ ਹੀ ਵਰ੍ਹਨ ਲੱਗ ਪੈਣਾ ਸੀ। ਜਦੋਂ ਦੀਪੋ ਦੇ ਭਾਈਏ ਨੂੰ ਗੁੱਸਾ ਚੜ੍ਹ ਜਾਏ, ਫਿਰ ਸੁੱਝਦਾ ਕੁਝ ਨਹੀਂ। ਜੋ ਮੂੰਹ ਆਵੇ ਕੱਢ ਦਿੰਦਾ ਏ। ਇਸੇ ਲਈ ਉਹਨੂੰ ਤੋਰਨ ਦੀ ਥਾਂ ਆਪ ਆ ਗਈ ਆਂ।

ਇਉਂ ਮਨ ਵਿਚ ਕਈ ਗੱਲਾਂ ਸੋਚਦੀ ਉਹ ਬੰਤੋ ਹੋਰਾਂ ਦੇ ਘਰ ਜਾ ਪਹੁੰਚੀ। ਅੱਗੋਂ ਬੰਤੋ ਦੀ ਮਾਂ ਦੀ ਹਾਲਤ ਵੀ ਇਹਦੇ ਵਰਗੀ ਸੀ। ਉਹ ਵੀ ਆਪਣੇ ਪਤੀ ਨੂੰ ਉਡੀਕ ਰਹੀ ਸੀ ਕਿ ਜਾ ਕੇ ਦੀਪੋ ਹੋਰਾਂ ਦੇ ਘਰੋਂ ਕੁੜੀ ਦਾ ਪਤਾ ਕਰ ਆਉਣ।

ਉਹਨੇ ਦੀਪੋ ਦੀ ਮਾਂ ਨੂੰ ਦੇਖਦਿਆਂ ਕਿਹਾ, "ਮੈਂ ਹੁਣੇ ਤੁਹਾਡੇ ਵੱਲ ਆਪ ਆਉਣ ਲੱਗੀ ਸਾਂ। ਬੱਚਿਆਂ ਨੂੰ ਕਈ ਵਾਰ ਕਹਿ ਥੱਕੀ ਹਾਂ ਕਿ ਜਾ ਕੇ ਭੈਣ ਦਾ ਪਤਾ ਕਰੋ। ਪਰ ਅੱਜ-ਕੱਲ੍ਹ ਦੇ ਅੰਞਾਣਿਆਂ ਨੂੰ ਪਤਾ ਨਹੀਂ ਕੀ ਹੋ ਗਿਆ ਏ, ਆਖੇ ਹੀ ਨਹੀਂ ਲੱਗਦੇ। ਇਕ ਕੰਨੋਂ ਸੁਣਦੇ ਨੇ ਤੇ ਦੂਜੇ ਕੰਨੋਂ ਗੱਲ ਕੱਢ ਦਿੰਦੇ ਨੇ। ਬੰਤੋ ਨਹੀਂ ਆਈ ਤੁਹਾਡੇ ਨਾਲ, ਠੀਕ ਤਾਂ ਹੈ?"

"ਮੈਂ ਉਹਨਾਂ ਦਾ ਪਤਾ ਹੀ ਕਰਨ ਆਈ ਹਾਂ," ਰੁਕਮਣੀ ਦੀ ਖਾਨਿਉਂ ਗਈ ਤੇ ਘਬਰਾਹਟ ਨਾਲ ਉਹਦਾ ਸਿਰ ਚਕਰਾ ਗਿਆ। ਉਹਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਉਹਨੂੰ ਇਉਂ ਲੱਗਾ ਜਿਵੇਂ ਹੁਣੇ ਚਕਰਾ ਕੇ ਡਿੱਗ ਪਏਗੀ। ਕੰਧ ਨਾਲ ਸਹਾਰਾ ਲੈਂਦਿਆਂ ਉਹਨੇ ਦੱਸਿਆ, "ਉਹ ਤੇ ਅੱਜ ਦੋਵੇਂ ਤ੍ਰਿੰਞਣ ਵਿਚ ਵੀ ਨਹੀਂ ਗਈਆਂ। ਮੈਂ ਸਮਝਿਆ ਤੁਹਾਡੇ ਘਰ ਹੀ ਹੋਣਗੀਆਂ।"

"ਸਵੇਰੇ ਦੀਪੋ ਆਈ ਸੀ ਤੇ ਦੋਵੇਂ ਝੱਟ ਤਕ ਆਈਆਂ ਕਹਿ ਕੇ ਇਥੋਂ ਚਲੀਆਂ ਗਈਆਂ ਸਨ," ਬੰਤੋ ਦੀ ਮਾਂ ਕੇਸਰੋ ਨੇ ਦੱਸਿਆ, "ਮੈਂ ਵੀ ਹੁਣ ਤਕ ਖ਼ਿਆਲ ਨਹੀਂ ਕੀਤਾ। ਦਿਨ ਢਲਣ ਨੇੜੇ ਏ, ਇਸ ਲਈ ਕੁੜੀ ਦਾ ਫ਼ਿਕਰ ਲੱਗਾ ਏ। ਹੱਦ ਹੋ ਗਈ, ਅੱਗੇ ਤਾਂ ਕਦੇ ਕੁੜੀਆਂ ਬਿਨਾਂ ਦੱਸੇ ਇਤਨੀ ਦੇਰ ਘਰੋਂ ਬਾਹਰ ਨਹੀਂ ਸਨ ਰਹਿੰਦੀਆਂ।"

"ਆਓ, ਦਰਸ਼ਨਾ ਦੇ ਘਰੋਂ ਪਤਾ ਕਰੀਏ," ਰੁਕਮਣੀ ਨੇ ਸੁਝਾਅ ਦਿੱਤਾ। ਦੋਵੇਂ ਜਣੀਆਂ ਕਾਹਲੀ ਕਾਹਲੀ ਦਰਸ਼ਨਾ ਦੇ ਘਰ ਗਈਆਂ। ਇਹ ਵੀ ਇਨ੍ਹਾਂ ਦੇ ਟੋਲੇ ਦੀ ਕੁੜੀ ਸੀ। ਦਰਸ਼ਨਾ ਘਰ ਹੀ ਸੀ। ਚੁੱਲ੍ਹੇ ਵਿਚ ਅੱਗ ਬਾਲਣ ਲਈ ਫੂਕਾਂ ਪਈ ਮਾਰਦੀ ਸੀ। ਪਾਥੀਆਂ ਦਾ ਧੂੰਆਂ ਦੱਸਦਾ ਸੀ ਕਿ ਗੋਹੇ ਗਿੱਲੇ ਹਨ ਤੇ ਉਹਨਾਂ ਕਰਕੇ ਅੱਗ ਨਹੀਂ ਬਲ ਰਹੀ। ਇਨ੍ਹਾਂ ਦੋਹਾਂ ਨੂੰ ਇਕੱਠਿਆਂ ਅੰਦਰ ਆਉਂਦਿਆਂ ਦੇਖ ਕੇ ਦਰਸ਼ਨਾ ਘਬਰਾ ਗਈ। ਉਹਨੂੰ ਪਤਾ ਸੀ ਕਿ ਅੱਜ ਸਵੇਰੇ ਦੋਵੇਂ ਕਰਤਾਰਪੁਰ ਗਈਆਂ ਸਨ। ਉਹਨੇ ਵੀ ਉਹਨਾਂ ਨਾਲ ਜਾਣਾ ਸੀ ਪਰ ਅਖ਼ੀਰ ਵੇਲੇ ਉਹਨਾਂ ਦੀ ਸਲਾਹ ਬਦਲ ਗਈ। ਇਕ ਦਿਨ ਪਹਿਲਾਂ ਜਦੋਂ ਦੀ ਸਲਾਹ ਹੋ ਰਹੀ ਸੀ ਤਾਂ ਬੰਤੋ ਨੇ ਕਿਹਾ ਕਿ ਤਿੰਨ ਕਾਣੇ ਹੁੰਦੇ ਹਨ। ਤਿੰਨੇ ਘਰੋਂ ਇਕੱਠੀਆਂ ਹੋ ਕੇ ਜਾਈਏ ਤਾਂ ਕੰਮ ਨਹੀਂ ਬਣਦਾ। ਦੀਪੋ ਨੇ ਉਦੋਂ ਕਿਹਾ ਸੀ ਕਿ ਐਵੇਂ ਵਹਿਮ ਨਹੀਂ ਕਰੀਦਾ। ਬੰਤੋ ਨੇ ਦੱਸਿਆ ਸੀ ਕਿ ਉਹਦੀ ਮਾਂ ਕਦੇ ਵੀ ਤਿੰਨ ਰੋਟੀਆਂ ਇਕੱਠੀਆਂ ਥਾਲ ਵਿਚ ਨਹੀਂ ਰੱਖਦੀ। ਜੇ ਕਦੇ ਤਿੰਨ ਰੋਟੀਆਂ ਰੱਖਣੀਆਂ ਪੈ ਜਾਣ ਤਾਂ ਉਹ ਜ਼ਰੂਰ ਹੀ ਇਕ ਰੋਟੀ ਨੂੰ ਟੁੱਕ ਕੇ ਨਾਲੋਂ ਟੁਕੜਾ ਲਾਹ ਲੈਂਦੀ ਏ। ਬਸ ਇਸ ਵਹਿਮ ਵਿਚ ਉਨ੍ਹਾਂ ਦਰਸ਼ਨਾ ਨੂੰ ਛੱਡ ਜਾਣ ਦਾ ਫ਼ੈਸਲਾ ਕਰ ਲਿਆ ਸੀ ਪਰ ਉਹ ਪੱਕੀ ਕਰ ਕੇ ਗਈਆਂ ਸਨ ਕਿ ਉਹਨਾਂ ਦੇ ਕਰਤਾਰਪੁਰ ਜਾਣ ਦੀ ਸੂਹ ਨਹੀਂ ਨਿਕਲਣੀ

ਚਾਹੀਦੀ। ਇਸੇ ਲਈ ਦੋਹਾਂ ਜ਼ਨਾਨੀਆਂ ਦੇ ਅੰਦਰ ਆਉਂਦਿਆਂ ਦਰਸ਼ਨਾ ਨੂੰ ਖੁੜਕ ਗਈ ਕਿ ਉਹ ਦੋਵੇਂ ਅਜੇ ਤਕ ਨਹੀਂ ਆਈਆਂ ਹੋਣੀਆਂ, ਇਸੇ ਲਈ ਇਹ ਪੁੱਛਣ ਆਈਆਂ ਹੋਣਗੀਆਂ। ਉਹਨੇ ਆਪਣੀ ਮਾਂ ਨਾਲ ਵੀ ਇਸ ਬਾਰੇ ਕੋਈ ਗੱਲ ਨਹੀਂ ਸੀ ਕੀਤੀ ਤੇ ਨਾ ਹੀ ਕਰਨੀ ਸੀ।

"ਕੁੜੇ ਦਰਸ਼ਨਾ, ਕਿਥੇ ਨੀ ਸਹੇਲੀਆਂ ?" ਰੁਕਮਣੀ ਨੇ ਸਾਹਮਣੇ ਚੌਂਕੇ ਵਿਚ ਦਰਸ਼ਨਾ ਨੂੰ ਦੇਖ ਕੇ ਸਿੱਧਾ ਸਵਾਲ ਕੀਤਾ। ਦਰਸ਼ਨਾ ਦੀ ਮਾਂ ਹਵੇਲੀ ਵਿਚ ਡੰਗਰਾਂ ਨੂੰ ਪੱਠੇ ਪਾ ਰਹੀ ਸੀ ਕਿਉਂਕਿ ਦੁੱਧ ਚੋਣ ਦਾ ਵੇਲਾ ਹੋ ਚੱਲਿਆ ਸੀ। ਮਰਦ ਜਾਂ ਬੱਚੇ ਘਰ ਨਹੀਂ ਸਨ। ਘਰ ਵਿਚ ਇਕੱਲੀ ਦਰਸ਼ਨਾ ਸੀ।

"ਮੈਨੂੰ ਤੇ ਨਹੀਂ ਪਤਾ," ਦਰਸ਼ਨਾ ਨੇ ਗੰਭੀਰ ਜਿਹਾ ਮੂੰਹ ਬਣਾ ਕੇ ਕਿਹਾ, "ਮੈਨੂੰ ਤਾਂ ਅੱਜ ਤੜਕੇ ਦੀਆਂ ਮਿਲੀਆਂ ਹੀ ਨਹੀਂ। ਕੱਲ੍ਹ ਤ੍ਰਿੰਞਣ ਵਿਚ ਹੀ ਦੇਖੀਆਂ ਸਨ। ਅੱਜ ਤੇ ਮੈਂ ਵੀ ਨਹੀਂ ਗਈ ਕਿਧਰੇ। ਸਵੇਰ ਦੀ ਕਣਕ ਸਾਫ਼ ਕਰਨ ਤੇ ਚੱਕੀ ਪੀਹਣ ਲੱਗੀ ਹੋਈ ਸਾਂ।"

"ਸਾਰੀਆਂ ਕੁੜੀਆਂ ਹੀ ਇਕ ਦੂਜੇ ਨੂੰ ਜਾਣਦੀਆਂ ਨੇ, ਹੋ ਸਕਦਾ ਏ ਹੋਰ ਕਿਸੇ ਦੇ ਘਰ ਹੋਣ, ਆ ਜਾਣਗੀਆਂ ਹੁਣੇ ਦਿਨ ਡੁੱਬਦੇ ਤਕ।" ਦਰਸ਼ਨਾ ਨੇ ਟਾਲਣਾ ਚਾਹਿਆ। ਇਹ ਗੱਲ ਉਹਨੇ ਉਹਨਾਂ ਦੀ ਚਿੰਤਾ ਘਟਾਉਣ ਲਈ ਆਖੀ। ਉਂਝ ਉਹ ਮਹਿਸੂਸ ਕਰਦੀ ਸੀ ਕਿ ਸਵੇਰ ਦੀਆਂ ਕਰਤਾਰਪੁਰ ਗਈਆਂ ਹੁਣ ਤਕ ਮੁੜ ਆਉਣੀਆਂ ਚਾਹੀਦੀਆਂ ਸਨ।

"ਤੇਰੀ ਮਾਂ ਕਿਥੇ ਵੇ," ਕੇਸਰੋ ਬੋਲੀ, "ਸਾਨੂੰ ਤੇ ਹੋਰ ਕੁੜੀਆਂ ਦਾ ਘਰ ਹੀ ਨਹੀਂ ਪਤਾ, ਚੱਲ ਸਾਡੇ ਨਾਲ ਕਿਤੋਂ ਪਤਾ ਕਰੀਏ।"

"ਮਾਂ ਡੰਗਰਾਂ ਦਾ ਗੁਤਾਵਾ ਕਰਨ ਲਈ ਗਈ ਏ। ਆ ਲਵੇ ਤੇ ਮੈਂ ਚੱਲਦੀ ਹਾਂ," ਦਰਸ਼ਨਾ ਨੇ ਉੱਤਰ ਦਿੱਤਾ।

"ਉਹ ਪਤਾ ਨਹੀਂ ਕਦੋਂ ਆਵੇ," ਰੁਕਮਣੀ ਨੇ ਗੱਚ ਭਰੇ ਤੇ ਗ਼ਮ ਭਰੀ ਆਵਾਜ਼ ਨਾਲ ਕਿਹਾ, "ਉਪਰੋਂ ਹਨੇਰਾ ਹੁੰਦਾ ਜਾਂਦਾ ਏ। ਮੈਂ ਤੇ ਦੀਪੋ ਦੇ ਭਾਈਏ ਨੂੰ ਘਰ ਬਿਠਾ ਕੇ ਆਈ ਹਾਂ, ਉਹ ਕਾਹਲਾ ਪੈਂਦਾ ਹੋਏਗਾ। ਉਹਨੂੰ ਜਾ ਕੇ ਦੱਸਦੀ ਹਾਂ, ਕਿਧਰੋਂ ਪਤਾ ਕਰੇ। ਕੁੜੀਆਂ ਕਿਥੇ ਲੋਪ ਹੋ ਗਈਆਂ। ਹਾਇ! ਮੈਂ ਕਿਸੇ ਥਾਂ ਜੋਗੀ ਨਹੀਂ ਰਹਿ ਗਈ। ਕੁੜੀਆਂ ਨਾਲ ਜ਼ਰੂਰ ਕੋਈ ਭਾਣਾ ਵਰਤ ਗਿਆ ਏ।"

"ਮਾਸੀ ਇੰਝ ਕਿਉਂ ਸੋਚਦੀ ਏਂ ?" ਦਰਸ਼ਨਾ ਨੇ ਉਹਨੂੰ ਢਾਰਸ ਬੰਨ੍ਹਾਣ ਲਈ ਆਖਿਆ, "ਅਗੇ ਕਦੇ ਉਹ ਪਿੰਡ ਤੋਂ ਬਾਹਰ ਗਈਆਂ ਨੇ, ਕਿਸੇ ਦੇ ਘਰ ਹੋਣਗੀਆਂ ਤੇ ਉਹ ਉਠਣ ਨਹੀਂ ਦਿੰਦੀ ਹੋਏਗੀ।"

"ਇਸ ਤਰ੍ਹਾਂ ਸਾਡੀ ਬੱਤੋ ਕਦੇ ਨਹੀਂ ਰਹਿ ਸਕਦੀ," ਕੇਸਰੋ ਨੇ ਕਿਹਾ। ਦੋਵੇਂ ਜਣੀਆਂ ਉਹਨਾਂ ਦੇ ਘਰ ਤੋਂ ਨਿਕਲ ਆਈਆਂ। ਰੁਕਮਣੀ ਨੇ ਕੇਸਰੋ ਨੂੰ ਕਿਹਾ, "ਆਪਣੇ ਘਰ ਵਾਲੇ ਨੂੰ ਸਾਡੇ ਘਰ ਭੇਜੀਂ। ਦੋਵੇਂ ਮਰਦ ਰਲ ਕੇ ਕੁਝ ਸੋਚਣਗੇ। ਬਾਹਰ ਅਜੇ ਗੱਲ ਨਹੀਂ ਨਿਕਲਣੀ ਚਾਹੀਦੀ। ਆਪਣੀ ਬਦਨਾਮੀ ਹੋਏਗੀ। ਕੁੜੀਆਂ ਕਿਸੇ ਦੇ ਘਰ ਹੋਈਆਂ ਤਾਂ ਵੀ ਲੋਕਾਂ ਦੀ ਚਰਚਾ ਸਾਨੂੰ ਖਾ ਜਾਏਗੀ। ਇਸ ਲਈ ਮਰਦਾਂ ਨੂੰ ਕੁਝ ਸੋਚਣ ਦੇਣਾ ਚਾਹੀਦਾ ਹੈ।"

ਦੋਵੇਂ ਕਾਹਲੀ ਕਾਹਲੀ ਕਦਮ ਪੁੱਟਦੀਆਂ ਆਪੋ ਆਪਣੇ ਘਰ ਵੱਲ ਤੁਰੀਆਂ। ਸ਼ਾਮੂ ਸ਼ਾਹ ਪਹਿਲਾਂ ਤਾਂ ਬਹੁਤਾ ਚਿੰਤਤ ਨਹੀਂ ਸੀ ਹੋਇਆ ਪਰ ਜਿਉਂ ਜਿਉਂ ਰੁਕਮਣੀ ਨੂੰ ਘਰ ਮੁੜਦਿਆਂ ਦੇਰ ਹੋ ਰਹੀ ਸੀ, ਤਿਉਂ ਤਿਉਂ ਸ਼ਾਮੂ ਸ਼ਾਹ ਦਾ ਤੌਖ਼ਲਾ ਵੀ ਵਧਦਾ ਜਾਂਦਾ ਸੀ। ਉਹ ਬੇਸਬਰੀ ਨਾਲ ਰੁਕਮਣੀ ਨੂੰ ਉਡੀਕਣ ਲੱਗ ਪਿਆ। ਅੱਜ ਉਸ ਨੂੰ ਅਹਿਸਾਸ ਹੋਇਆ ਕਿ ਉਡੀਕ ਦੀਆਂ ਘੜੀਆਂ ਕਿਤਨੀਆਂ ਔਖੀਆਂ ਹੁੰਦੀਆਂ ਨੇ ਤੇ ਇਕ ਇਕ ਪਲ ਪਹਿਰ

ਜਿਹਾ ਲੰਮਾ ਹੋ ਗਿਆ ਲੱਗਦਾ ਹੈ। ਉਹ ਕਿੰਨੀ ਵਾਰ ਬਾਹਰਲੇ ਦਰਵਾਜ਼ੇ ਦੀ ਚੁਗਾਠ ਤਕ ਆਇਆ ਤੇ ਦੂਰ ਗਲੀ ਦੇ ਮੋੜ ਤਕ ਝਾਕ ਕੇ ਮੁੜ ਅੰਦਰ ਲੰਘ ਜਾਂਦਾ। ਉਹਨੇ ਇਕ ਵਾਰ ਸੋਚਿਆ ਕਿ ਜਿਥੋਂ ਤਕ ਦੇਖ ਕੇ ਮੁੜਦਾ ਹਾਂ, ਜਦ ਉਹ ਦਿਸ-ਹੱਦੋਂ ਅੰਦਰ ਆ ਗਈ ਤਾਂ ਫਿਰ ਘਰ ਆਉਣ ਵਿਚ ਕਿਤਨੀ ਦੇਰ ਲੱਗੇਗੀ। ਅੱਜ ਉਹਨੂੰ ਇਹ ਵੀ ਮਹਿਸੂਸ ਹੋਇਆ ਕਿ ਰੁਕਮਣੀ ਸ਼ਾਮ ਨੂੰ ਉਹਦੇ ਘਰ ਮੁੜਦਿਆਂ ਦੇਰ ਹੋ ਜਾਣ 'ਤੇ ਕਿਉਂ ਬਾਹਰ ਦਰਵਾਜ਼ੇ ਨਾਲ ਲੱਗੀ ਉਹਦੀ ਉਡੀਕ ਕਰਦੀ ਹੁੰਦੀ ਸੀ।

ਰੁਕਮਣੀ ਨੇ ਘਰ ਆ ਕੇ ਜਦ ਸ਼ਾਮੂ ਸ਼ਾਹ ਨੂੰ ਦੱਸਿਆ ਕਿ ਕੁੜੀ ਦਾ ਕੋਈ ਪਤਾ ਨਹੀਂ ਲੱਗ ਰਿਹਾ, ਉਹ ਬੰਤੋ ਦੇ ਨਾਲ ਹੀ ਕਿਧਰੇ ਛਪਨ-ਛੋਪ ਹੋ ਗਈ ਹੈ ਤਾਂ ਸ਼ਾਹ ਦੀ ਵੀ ਖਾਨਿਉਂ ਗਈ। ਉਹ ਬਾਹਰ ਨਿਕਲਿਆ ਅਤੇ ਆਪਣੀ ਗਲੀ ਦੇ ਸਾਰੇ ਮਰਦਾਂ ਨੂੰ ਆਵਾਜ਼ ਮਾਰੀ। ਹਰ ਕਿਸੇ ਤੋਂ ਪੁੱਛਿਆ ਕਿ ਉਹਨੇ ਦੀਪੋ ਤਾਂ ਨਹੀਂ ਦੇਖੀ। ਪੁੱਛਦਿਆਂ ਪੁੱਛਦਿਆਂ ਉਹਨੂੰ ਇਕ ਗੁਆਂਢੀ ਨੇ ਦੱਸਿਆ ਕਿ ਦੋਵੇਂ ਕੁੜੀਆਂ ਸਵੇਰੇ ਸਵੇਰੇ ਉਹਨੇ ਪਿੰਡ ਤੋਂ ਬਾਹਰ ਜਾਂਦੀਆਂ ਦੇਖੀਆਂ ਸਨ। ਝੱਟ ਹੀ ਕਈ ਬੰਦੇ ਉਹਨਾਂ ਦੇ ਘਰ ਆ ਇਕੱਠੇ ਹੋਏ। ਉਧਰੋਂ ਬੰਤੋ ਦੇ ਪਿਤਾ ਨੇ ਵੀ ਦੋ ਚਾਰ ਰਿਸ਼ਤੇਦਾਰਾਂ ਤੇ ਮੇਲੀਆਂ ਜੋਲੀਆਂ ਨੂੰ ਇਕੱਠਾ ਕਰ ਲਿਆ। ਵਿਚਾਰਾਂ ਕਰਨ ਲੱਗ ਪਏ। ਜਿਤਨੇ ਮੂੰਹ, ਉਤਨੀਆਂ ਗੱਲਾਂ। ਹਰ ਕੋਈ ਆਪਣਾ ਅਨੁਮਾਨ ਲਾਂਦਾ। ਕਈ ਆਪਸ ਵਿਚ ਘੁਸਰ-ਮੁਸਰ ਕਰਨ ਲੱਗੇ। ਕੁੜੀਆਂ ਦੇ ਆਚਰਨ ਬਾਰੇ ਉਂਗਲਾਂ ਉਠਣ ਲੱਗ ਪਈਆਂ।

"ਜੇ ਬਈ ਕੁੜੀਆਂ ਪਿੰਡ ਵਿਚ ਨਹੀਂ ਤਾਂ ਜ਼ਰੂਰ ਲਹਿੰਦੇ ਵੱਲ ਦੇ ਮੁਸਲਮਾਨ ਘਰਾਂ ਵਿਚ ਹੋਣਗੀਆਂ। ਖੇਤਾਂ ਵਿਚ ਜਾਂਦੀਆਂ ਤਾਂ ਦੱਸਦੇ ਹੋ ਕਿ ਦੇਖੀਆਂ ਨੇ। ਉਥੋਂ ਮੁੰਡੇ ਘੇਰ ਕੇ ਲੈ ਗਏ ਹੋਣਗੇ। ਅੱਗੇ ਵੀ ਤਾਂ ਕਈ ਸਾਲ ਪਹਿਲਾਂ ਇਸੇ ਤਰ੍ਹਾਂ ਹੋਇਆ ਸੀ। ਸਾਨੂੰ ਉਸ ਪਾਸੇ ਜਾ ਕੇ ਪਤਾ ਕਰਨਾ ਚਾਹੀਦਾ ਹੈ," ਇਕ ਸਿਆਣੀ ਉਮਰ ਦੇ ਬੰਦੇ ਨੇ ਸੁਝਾਅ ਦਿੱਤਾ, "ਫ਼ਜ਼ਲ ਅਲੀ ਅੱਜ-ਕੱਲ੍ਹ ਉਨ੍ਹਾਂ ਦਾ ਚੌਧਰੀ ਏ। ਸੁਣਨ ਵਿਚ ਆਇਆ ਏ, ਸਾਨੂੰ ਤਾਂ ਉਸ ਪਾਸਿਉਂ ਕਿਸੇ ਕੁਝ ਦੱਸਣਾ ਨਹੀਂ। ਉਨ੍ਹਾਂ ਦੇ ਘਰਾਂ ਵਿਚ ਇਤਨਾ ਪਰਦਾ ਏ ਕਿ ਅੰਦਰੋਂ ਕੁਝ ਪਤਾ ਹੀ ਨਹੀਂ ਲੱਗ ਸਕਦਾ।"

"ਗੱਲ ਤੁਹਾਡੀ ਠੀਕ ਏ, ਜੇਕਰ ਕੁੜੀਆਂ ਘਰ ਨਹੀਂ ਤਾਂ ਜ਼ਰੂਰ ਉਧਰ ਹੀ ਡੱਕੀਆਂ ਹੋਣਗੀਆਂ," ਦੂਜੇ ਨੇ ਕਿਹਾ, "ਹੁਣੇ ਜਾਣਾ ਚਾਹੀਦਾ ਏ ਤੇ ਰਾਤੋ ਰਾਤ ਕੁੜੀਆਂ ਮੋੜ ਲਿਆਉਣੀਆਂ ਚਾਹੀਦੀਆਂ ਹਨ।"

"ਪਰ ਇਹ ਵੀ ਸਮਝ ਲਉ ਕਿ ਜੇਕਰ ਉਪਰਲੀ ਪੱਤੀ ਵਿਚੋਂ ਕਿਸੇ ਦੀ ਸ਼ਰਾਰਤ ਹੋਈ ਤਾਂ ਉਨ੍ਹਾਂ ਨੇ ਲੜਾਈ ਝਗੜੇ ਬਿਨਾ ਨਹੀਂ ਜੇ ਮੰਨਣਾ। ਉਨ੍ਹਾਂ ਵਿਚ ਤੁਹਾਡੇ ਨਾਲੋਂ ਵਧੇਰੇ ਏਕਾ ਏ ਤੇ ਅਜਿਹੀ ਗੱਲ ਦਾ ਤਾਂ ਸਹਿਜੇ ਕੀਤੇ ਕਿਸੇ ਧੂੰ ਵੀ ਨਹੀਂ ਕੱਢਣਾ," ਇਕ ਹੋਰ ਆਦਮੀ ਬੋਲ ਪਿਆ।

ਝੱਟ ਪਹਿਲਾਂ ਤਕ ਜਿਹੜੇ ਸ਼ਾਮੂ ਸ਼ਾਹ ਤੇ ਰੁਕਮਣੀ ਆਪਣੀ ਬੱਚੀ ਦੇ ਘਰ ਨਾ ਮੁੜਨ ਦੀ ਗੱਲ ਨੂੰ ਦਬਾਅ ਤੇ ਲੁਕਾ ਕੇ ਰੱਖਣ ਦਾ ਯਤਨ ਕਰ ਰਹੇ ਸਨ, ਉਹ ਹੁਣ ਆਪੇ ਹੀ ਹਾਲ ਦੁਹਾਈ ਪਾ ਕੇ ਸਭ ਆਂਢ-ਗੁਆਂਢ ਇਕੱਠਾ ਕਰਨ ਲੱਗ ਪਏ ਸਨ। ਰੁਕਮਣੀ ਨੂੰ ਤਾਂ ਇਸੇ ਚਿੰਤਾ ਨਾਲ ਗਸ਼ੀ ਪੈ ਗਈ। ਉਹ ਬੈਠੀ ਹੋਈ ਡਿਗ ਪਈ। ਦੋ ਤਿੰਨ ਜ਼ਨਾਨੀਆਂ ਨੇ ਉਹਦੇ ਮੂੰਹ ਵਿਚ ਪਾਣੀ ਪਾਣ ਦਾ ਯਤਨ ਕੀਤਾ ਤਾਂ ਪਤਾ ਲੱਗਾ ਕਿ ਉਹਨੂੰ ਤਾਂ ਦੰਦਣ ਪੈ ਗਈ ਏ। ਝੱਟ-ਪਟ ਇਕ ਨੇ ਚਿਮਚਾ ਲੈ ਕੇ ਦੂਜੀ ਨੇ ਉਹਦਾ ਜਬਾੜਾ ਦਬਾਇਆ, ਚਿਮਚਾ ਦੰਦਾਂ ਵਿਚ ਰੱਖ ਕੇ ਅੰਦਰ ਪਹਿਲਾਂ ਪਾਣੀ ਤੇ ਫਿਰ ਦੁੱਧ ਦਾ ਘੁੱਟ ਪਾਇਆ। ਮਰਦ ਬਾਹਰਲੇ

ਕਮਰੇ ਵਿਚ ਬੈਠੇ ਸਲਾਹ ਕਰ ਰਹੇ ਸਨ ਤੇ ਅੰਦਰ ਔਰਤਾਂ ਸਨ।

"ਧੀ ਧਿਆਣੀ ਦਾ ਮਾਮਲਾ ਏ," ਇਕ ਔਰਤ ਨੇ ਕਿਹਾ, "ਕੁੜੀਆਂ ਰਾਤ ਬਾਹਰ ਰਹਿ ਆਈਆਂ ਤਾਂ ਬੱਜ ਲੱਗ ਜਾਏਗੀ। ਮੁੜ ਉਨ੍ਹਾਂ ਨੂੰ ਵਿਆਹੁਣਾ ਔਖਾ ਹੋ ਜਾਏਗਾ। ਮਾਪਿਆਂ ਲਈ ਕਿਤਨੀ ਮੁਸੀਬਤ ਏ। ਲਹਿੰਦੇ ਦੀ ਪੱਤੀ ਵਾਲੇ ਤਾਂ ਲੜਾਕੇ ਹੀ ਬੜੇ ਨੇ। ਉਹ ਤਾਂ ਝੱਟ ਬੰਦਾ ਮਾਰ ਦਿੰਦੇ ਨੇ।"

"ਇਹੀ ਤਾਂ ਭੈਣ ਨੂੰ ਗ਼ਮ ਏ," ਦੂਜੀ ਨੇ ਰੁਕਮਣੀ ਦੀ ਦੰਦਣ ਤਾਂ ਖੋਲ੍ਹ ਦਿੱਤੀ ਸੀ, ਪਰ ਅਜੇ ਉਹਨੂੰ ਹੋਸ਼ ਨਾ ਆਈ ਦੇਖ ਕੇ ਆਖਿਆ। ਇਕ ਸਿਆਣੀ ਔਰਤ ਨੇ ਰੁਕਮਣੀ ਦੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ ਤੇ ਉਹਨੂੰ ਹੋਸ਼ ਆਉਣੀ ਸ਼ੁਰੂ ਹੋਈ। ਉਹਨੇ ਇਕ ਵਾਰ ਹਾਏ ਕੀਤੀ ਤੇ ਮੁੜ ਬੁੜਬੁੜਾਈ 'ਦੀ.....ਪੋ'।

ਮਰਦਾਂ ਨੇ ਫ਼ੈਸਲਾ ਕੀਤਾ ਕਿ ਪੰਜ ਛੇ ਬੰਦੇ ਜਾ ਕੇ ਫ਼ਜ਼ਲ ਅਲੀ ਨਾਲ ਗੱਲ ਕਰਨ। ਉਹਦੀ ਮਿੰਨਤ ਕੀਤੀ ਜਾਏ। ਤੇ ਉਹਦੀ ਇਨਸਾਫ਼ ਪਸੰਦੀ ਦੀ ਤਾਰੀਫ਼ ਕਰ ਕੇ ਆਪਣਾ ਮਕਸਦ ਹੱਲ ਕੀਤਾ ਜਾਏ। ਇਹ ਵਿਚਾਰ ਕਰ ਕੇ ਉਸੇ ਵੇਲੇ ਫ਼ਜ਼ਲ ਅਲੀ ਦੇ ਘਰ ਵੱਲ ਇਥੋਂ ਪੰਜ ਬੰਦੇ ਚੱਲ ਪਏ। ਉਧਰ ਗਲੀ ਦੇ ਮੋੜ 'ਤੇ ਚੌਕ ਵਿਚ ਪਿੱਪਲ ਹੇਠ ਕੁਝ ਮੁੰਡੇ ਵੀ ਜੁੜ ਗਏ। ਉਨ੍ਹਾਂ ਨੂੰ ਭੱਠੀ 'ਤੇ ਇਸ ਬਾਰੇ ਪਤਾ ਲੱਗ ਗਿਆ ਸੀ। ਉਨ੍ਹਾਂ ਦਾ ਸ਼ੱਕ ਵੀ ਮੁਸਲਮਾਨਾਂ ਦੇ ਮੁਹੱਲੇ ਦੀ ਸ਼ਰਾਰਤ ਵੱਲ ਹੀ ਸੀ।

ਜਦੋਂ ਉਨ੍ਹਾਂ ਨੂੰ ਸ਼ਾਹ ਦੇ ਘਰੋਂ ਮੁੜਦਿਆਂ ਕਿਸੇ ਨੇ ਦੱਸਿਆ ਕਿ ਮੁਸਲਮਾਨੀ ਪੱਤੀ ਵੱਲ ਹੀ ਪਤਾ ਕਰਨ ਗਏ ਨੇ ਤਾਂ ਇਕ ਨੌਜਵਾਨ ਨੇ ਰਾਏ ਪ੍ਰਗਟ ਕੀਤੀ, "ਲਓ ਜੀ, ਫ਼ਜ਼ਲ ਅਲੀ ਕੀ ਕਰੇਗਾ ? ਉਹਨੇ ਆਪਣੇ ਮੁੰਡਿਆਂ ਦੇ ਪੱਖ ਦੀ ਗੱਲ ਕਰਨੀ ਏ। ਇਹ ਬੜੇ ਬਦਮਾਸ਼ ਨੇ। ਸਾਡੇ ਘਰਾਂ ਵਿਚ ਕੋਈ ਮੁੰਡਾ ਕੁੜੀ ਲੈ ਆਏ ਤਾਂ ਹਾਹਾਕਾਰ ਮੱਚ ਜਾਏ। ਜ਼ਨਾਨੀਆਂ ਮਾਵਾਂ ਭੈਣਾਂ ਘਰ ਹੀ ਨਾ ਵੜਨ ਦੇਣ, ਪਰ ਇਨ੍ਹਾਂ ਦੇ ਕੋਈ ਪ੍ਰਵਾਹ ਹੀ ਨਹੀਂ ਕਰਦਾ। ਪਤਾ ਨਹੀਂ ਇਨ੍ਹਾਂ ਦੀਆਂ ਔਰਤਾਂ ਨੂੰ ਵੀ ਇਤਰਾਜ਼ ਨਹੀਂ ਹੁੰਦਾ।"

"ਕਈਆਂ ਨੇ ਦੋ ਦੋ, ਤਿੰਨ ਤਿੰਨ ਵਿਆਹ ਕੀਤੇ ਹੋਏ ਨੇ," ਦੂਜੇ ਨੇ ਕਿਹਾ, "ਮੈਂ ਸੁਣਿਆ ਏ ਕਿ ਇਨ੍ਹਾਂ ਦਾ ਧਰਮ ਚਾਰ ਤਕ ਵਿਆਹਾਂ ਦੀ ਆਗਿਆ ਦਿੰਦਾ ਏ।"

"ਛੱਡੋ ਇਹ ਫ਼ਜ਼ੂਲ ਚਰਚਾ," ਰਘਬੀਰ ਬੋਲ ਪਿਆ, "ਗੱਲ ਇਹ ਵੇ ਕਿ ਜੇ ਕੁੜੀਆਂ ਉਧਰਲੇ ਪਾਸੇ ਲੈ ਗਏ ਨੇ ਤਾਂ ਇਹ ਸਾਡਾ ਨੱਕ ਵੱਢ ਦਿੱਤਾ ਗਿਆ ਏ। ਜਿਵੇਂ ਆਪਣੇ ਬਜ਼ੁਰਗ ਮਿੰਨਤਾਂ ਨਾਲ ਕੁੜੀਆਂ ਮੋੜਨੀਆਂ ਲੋਚਦੇ ਨੇ, ਇਉਂ ਕਿਸੇ ਨੇ ਨਹੀਂ ਮੰਨਣਾ। ਇਸ ਲਈ ਆਪਾਂ ਨੂੰ ਡਾਂਗਾਂ ਸੋਟੇ ਲੈ ਕੇ ਮਗਰ ਜਾਣਾ ਚਾਹੀਦਾ ਏ। ਜਦ ਤਕ ਤਾਕਤ ਨਾ ਵਿਖਾਈ, ਮਸਲਾ ਹੱਲ ਨਹੀਂ ਜੇ ਹੋਣਾ।"

ਇਹ ਗੱਲ ਮੁੰਡਿਆਂ ਨੂੰ ਪਸੰਦ ਆਈ। ਗਰਮ ਲਹੂ ਨੂੰ ਗਰਮ ਗੱਲ ਹੀ ਪਸੰਦ ਆਉਂਦੀ ਏ। ਸ਼ਾਂਤੀ ਤੇ ਗੱਲ-ਬਾਤ ਰਾਹੀਂ ਨਿਬੇੜਾ ਕਰਨਾ ਉਨ੍ਹਾਂ ਦੀਆਂ ਨਜ਼ਰਾਂ ਵਿਚ ਕਮਜ਼ੋਰੀ ਦੀਆਂ ਗੱਲਾਂ ਹਨ। ਪੰਜ ਛੇ ਮੁੰਡੇ ਡਾਂਗਾਂ ਸੋਟੇ ਘਰਾਂ ਤੋਂ ਕੱਢ ਲਿਆਏ। ਕਈਆਂ ਦੀਆਂ ਮਾਵਾਂ ਰੋਕਦੀਆਂ ਰਹੀਆਂ। ਕਈਆਂ ਨੇ ਦਰਵਾਜ਼ੇ ਦੇ ਕੁੰਡੇ ਲਾ ਕੇ ਮੁੰਡਿਆਂ ਨੂੰ ਰੋਕਣ ਦਾ ਯਤਨ ਕੀਤਾ ਪਰ ਕਿਥੇ, ਮੁੰਡੇ ਬਦੋ-ਬਦੀ ਝੱਟ ਪਲ ਵਿਚ ਹੀ ਮੁੜ ਪਿੱਪਲ ਹੇਠ ਜਾ ਜੁੜੇ। ਇਥੋਂ ਉਹ ਵੀ ਫ਼ਜ਼ਲ ਅਲੀ ਦੇ ਘਰ ਵੱਲ ਚੱਲ ਪਏ।

ਰਾਤ ਦਾ ਹਨੇਰਾ ਕਾਫ਼ੀ ਪਸਰ ਚੁੱਕਿਆ ਸੀ। ਚੰਨ ਵੀ ਝੱਟ ਪਿੱਛੋਂ ਨਿਕਲ ਆਇਆ ਤੇ ਉਹਦੀ ਚਾਨਣੀ ਨਾਲ ਮਾੜਾ ਮਾੜਾ ਚਾਨਣ ਹੋਣ ਲੱਗਾ। ਇਤਨਾ ਕੁ ਚਾਨਣ ਹੋ ਗਿਆ ਕਿ ਨੇੜੇ ਖੜਾ ਬੰਦਾ ਨਜ਼ਰੀਂ ਪੈ ਜਾਏ। ਅੱਗੇ ਕਦੇ ਰਾਤ ਨੂੰ ਇਸ ਤਰ੍ਹਾਂ ਹਿੰਦੂ ਮੁਸਲਮਾਨਾਂ

ਦੇ ਮੁਹੱਲੇ ਤੇ ਪੱਤੀ ਵਿਚ ਨਹੀਂ ਸਨ ਗਏ। ਕਈ ਤਾਂ ਦਿਨ ਨੂੰ ਵੀ ਇਧਰ ਨਹੀਂ ਸਨ ਜਾਂਦੇ। ਜਿਹੜਾ ਫ਼ਜ਼ਲ ਅਲੀ ਦਾ ਘਰ ਜਾਣਦਾ ਸੀ, ਉਹ ਅੱਗੇ ਲੱਗਾ ਤੇ ਉਹਨੇ ਜਾ ਕੇ ਦਰਵਾਜ਼ੇ ਅੱਗੇ ਜਾ ਖੜਾ ਕੀਤਾ। ਇਹਨਾਂ ਆਵਾਜ਼ ਦਿੱਤੀ ਤੇ ਕੁੰਡਾ ਖੜਕਾਇਆ। ਫ਼ਜ਼ਲ ਅਲੀ ਦੇ ਚਿੱਤ ਚੇਤੇ ਵਿਚ ਵੀ ਨਹੀਂ ਸੀ ਕਿ ਇਸ ਤਰ੍ਹਾਂ ਰਾਤ ਨੂੰ ਉਹਦੇ ਘਰ ਹਿੰਦੂ ਇਕੱਠੇ ਹੋ ਕੇ ਆ ਜਾਣਗੇ। ਉਹਨੇ ਜਦ ਦਰਵਾਜ਼ਾ ਖੋਲ੍ਹਿਆ ਤਾਂ ਇਤਨੇ ਵੱਡੇ ਇਕੱਠ ਨੂੰ ਦੇਖ ਕੇ ਕੁਝ ਘਬਰਾਇਆ। ਲਾਲਟੈਨ ਦੀ ਲੋਅ ਵਿਚ ਉਹਨੇ ਪਹਿਲਾਂ ਤਾਂ ਆਉਣ ਵਾਲਿਆਂ ਦੀ ਪਛਾਣ ਕੀਤੀ ਤੇ ਫਿਰ ਕਿਹਾ, "ਰੱਬ ਖ਼ੈਰ ਕਰੇ, ਅੱਜ ਸਾਰੇ ਸ਼ਾਹ ਕਿਧਰ ਚੱਲ ਆਏ ਨੇ ਐਸ ਵੇਲੇ?"

"ਤੁਹਾਡੇ ਨਾਲ ਕੋਈ ਗੱਲ ਕਰਨੀ ਏ, ਜ਼ਰਾ ਬੈਠ ਕੇ ਵਿਚਾਰਨ ਵਾਲੀ ਗੱਲ ਏ," ਇਕ ਬੰਦੇ ਨੇ ਕਿਹਾ, "ਗਲੀ ਵਿਚ ਖੜੇ ਚੰਗੇ ਨਹੀਂ ਲੱਗਦੇ।"

"ਠਹਿਰੋ, ਫਿਰ ਮੈਂ ਪਿਛਲੇ ਪਾਸਿਉਂ ਹਵੇਲੀ ਦਾ ਕੁੰਡਾ ਖੋਲ੍ਹਦਾ ਹਾਂ," ਫ਼ਜ਼ਲ ਅਲੀ ਨੇ ਕਿਹਾ ਤੇ ਮੁੜ ਅੰਦਰ ਲੰਘ ਗਿਆ। ਉਹਦੇ ਘਰ ਦੇ ਨਾਲ ਹੀ ਉਹਦੀ ਡੰਗਰਾਂ ਦੀ ਹਵੇਲੀ ਸੀ। ਉਥੇ ਸਾਰੇ ਪਸ਼ੂ ਤੇ ਤੂੜੀ ਆਦਿ ਰੱਖੀ ਹੋਈ ਸੀ। ਉਥੇ ਹੀ ਉਹਨੇ ਬੈਠਣ ਉਠਣ ਲਈ ਥਾਂ ਬਣਾਈ ਹੋਈ ਸੀ। ਘਰ ਵਿਚ ਉਹੀ ਤਿੰਨ ਕਮਰੇ ਸਨ, ਜਿਨ੍ਹਾਂ ਵਿਚ ਉਹਦੀਆਂ ਬੀਵੀਆਂ ਤੇ ਬੱਚੇ ਰਹਿੰਦੇ ਸਨ। ਇਸ ਲਈ ਉਹ ਕਦੇ ਵੀ ਮਰਦਾਂ ਨੂੰ ਇਨ੍ਹਾਂ ਕਮਰਿਆਂ ਵਿਚ ਨਹੀਂ ਸੀ ਲਿਜਾਂਦਾ।

ਦੂਜੇ ਪਾਸਿਉਂ ਕੁੰਡਾ ਖੋਲ੍ਹ ਕੇ ਉਹਨੇ ਲਾਲਟੈਨ ਦਿਖਾਈ ਤੇ ਇਹ ਸਾਰੇ ਉਹਦੀ ਹਵੇਲੀ ਵਿਚ ਜਾ ਬੈਠੇ। ਉਹਨੇ ਬੜੀ ਉਤਸੁਕਤਾ ਨਾਲ ਆਉਣ ਦਾ ਕਾਰਨ ਪੁੱਛਿਆ ਤੇ ਇਨ੍ਹਾਂ ਨੇ ਦੱਸਿਆ ਕਿ ਇਸ ਤਰ੍ਹਾਂ ਸਾਡੀਆਂ ਦੋ ਲੜਕੀਆਂ ਸਵੇਰ ਦੀਆਂ ਗੁੰਮ ਨੇ ਤੇ ਸੁਣਿਆ ਏ ਕਿ ਉਹ ਤੁਹਾਡੇ ਪਾਸੇ ਮੁੰਡਿਆਂ ਨੇ ਡੱਕੀਆਂ ਹੋਈਆਂ ਨੇ। ਫ਼ਜ਼ਲ ਅਲੀ ਨੇ ਗੱਲ ਸੁਣ ਕੇ ਕਿਹਾ, "ਤੁਹਾਡੇ ਵਿਚੋਂ ਕਿਸੇ ਨੇ ਦੇਖੀਆਂ ਨੇ, ਸਾਡੇ ਮੁੰਡੇ ਧੱਕੇ ਨਾਲ ਫੜਦੇ, ਕੁੜੀਆਂ ਚੀਕਦੀਆਂ ਤੇ ਰੌਲਾ ਪੈਂਦਾ। ਤੁਹਾਨੂੰ ਕਿਵੇਂ ਪਤਾ ਲੱਗਾ ਏ ਕਿ ਕੁੜੀਆਂ ਇਧਰ ਨੇ?"

"ਦੇਖੀਆਂ ਤਾਂ ਕਿਸੇ ਨਹੀਂ, ਇਹ ਬਸ ਅਨੁਮਾਨ ਹੀ ਏ। ਹੋਰ ਉਹ ਕਿਧਰ ਜਾ ਸਕਦੀਆਂ ਨੇ?" ਇਕ ਸਿਆਣੀ ਉਮਰ ਦੇ ਨੇ ਗੱਲ ਕੀਤੀ।

"ਦੇਖੋ ਜੀ, ਮੇਰਾ ਅੰਦਾਜ਼ਾ ਏ ਕਿ ਕੁੜੀਆਂ ਸਾਡੀ ਪੱਤੀ ਵਿਚ ਨਹੀਂ," ਫ਼ਜ਼ਲ ਅਲੀ ਨੇ ਦੱਸਿਆ, "ਤੁਸੀਂ ਪਏ ਕਹਿੰਦੇ ਹੋ ਕਿ ਇਹ ਸਵੇਰ ਦੀ ਗੱਲ ਏ। ਹੁਣ ਤਕ ਸਾਡੇ ਪਾਸੇ ਹੁੰਦੀਆਂ ਤਾਂ ਚਰਚਾ ਹੋ ਜਾਣੀ ਸੀ। ਮੇਰੀ ਕੰਨੀਂ ਕਿਧਰੋਂ ਵੀ ਅਜਿਹੀ ਸੋਅ ਨਹੀਂ ਪਈ। ਫਿਰ ਵੀ ਤੁਸੀਂ ਆਏ ਹੋ, ਧੀਆਂ ਭੈਣਾਂ ਸਾਡੀਆਂ ਸਭ ਦੀਆਂ ਸਾਂਝੀਆਂ ਨੇ, ਮੈਂ ਪਤਾ ਕਰਵਾ ਲੈਂਦਾ ਹਾਂ।"

ਉਹਨੇ ਆਪਣੇ ਨੌਕਰ ਨੂੰ ਆਵਾਜ਼ ਦਿੱਤੀ ਤੇ ਕਿਹਾ ਕਿ ਜਾ ਕੇ ਫੱਤੂ, ਅਕਬਰ ਤੇ ਅਸਲਮ ਨੂੰ ਬੁਲਾ ਲਿਆ ਤੇ ਫਿਰ ਇਨ੍ਹਾਂ ਨੂੰ ਸੰਬੋਧਨ ਕਰ ਕੇ ਕਹਿਣ ਲੱਗਾ, "ਇਹ ਤਿੰਨ ਮੁੰਡੇ ਸਾਡੇ ਲਾਕੜੀ ਨੇ। ਇਨ੍ਹਾਂ ਨੂੰ ਸਭ ਪਤਾ ਹੁੰਦਾ ਏ ਕਿ ਕੀ ਕੁਝ ਹੋ ਰਿਹਾ ਏ। ਚਲੋ, ਇਹ ਹੁਣੇ ਆ ਜਾਂਦੇ ਨੇ। ਤੁਸੀਂ ਦਸੋ ਕੀ ਪੀਉਗੇ, ਦੁੱਧ ਮੰਗਵਾਵਾਂ?"

"ਨਹੀਂ, ਤੁਹਾਡੀ ਬੜੀ ਮਿਹਰਬਾਨੀ," ਸ਼ਾਮੂ ਸ਼ਾਹ ਨੇ ਕਿਹਾ, "ਇਸ ਵੇਲੇ ਤਾਂ ਸਾਡੇ ਸੰਘ 'ਚੋਂ ਕੁਝ ਨਹੀਂ ਲੰਘਦਾ। ਬੱਸ ਤੁਸੀਂ ਸਾਡਾ ਕੰਮ ਕਰਾ ਦਿਉ, ਅਸੀਂ ਜ਼ਿੰਦਗੀ ਭਰ ਤੁਹਾਡਾ ਅਹਿਸਾਨ ਨਹੀਂ ਭੁੱਲਾਂਗੇ," ਇਹ ਕਹਿੰਦੇ ਸ਼ਾਮੂ ਸ਼ਾਹ ਨੇ ਆਪਣੀ ਪਗੜੀ ਲਾਹ ਕੇ ਫ਼ਜ਼ਲ

ਅਲੀ ਦੇ ਪੈਰਾਂ ਵਿਚ ਰੱਖ ਦਿੱਤੀ ਤੇ ਕਹਿਣ ਲੱਗਾ, "ਬੱਸ, ਸਾਡੀ ਇੱਜ਼ਤ ਤੁਹਾਡੇ ਹੱਥ ਏ। ਮੈਂ ਤਾਂ ਮਰਨ ਕਿਨਾਰੇ ਪਹੁੰਚ ਗਿਆ ਹਾਂ।" ਫ਼ਜ਼ਲ ਅਲੀ ਨੇ ਉਹਦੀ ਪਗੜੀ ਚੁੱਕ ਕੇ ਸ਼ਾਹ ਨੂੰ ਫੜਾਉਂਦਿਆਂ ਕਿਹਾ, "ਇਹ ਤੁਸੀਂ ਕੀ ਪਏ ਕਰਦੇ ਹੋ? ਸਾਡੀ ਤੁਹਾਡੀ ਬੇਟੀ ਵਿਚ ਕੀ ਫ਼ਰਕ ਏ। ਜੇਕਰ ਸਾਡੀ ਪੱਤੀ ਵਿਚੋਂ ਕਿਸੇ ਨੇ ਸ਼ਰਾਰਤ ਕੀਤੀ ਏ ਤਾਂ ਹੁਣੇ ਤੁਹਾਡੇ ਸਾਹਮਣੇ ਸਜ਼ਾ ਦਿਆਂਗੇ। ਅੱਲਾ ਦਾ ਫ਼ਜ਼ਲ ਏ, ਕੋਈ ਆਪਣੇ ਸਾਹਮਣੇ ਮੁਨਕਰ ਨਹੀਂ ਹੋ ਸਕਦਾ।"

ਫਤੂ ਤੇ ਅਸਲਮ ਝੱਟ ਆ ਗਏ। ਨੌਕਰ ਨੇ ਆ ਕੇ ਦੱਸਿਆ ਕਿ ਅਕਬਰ ਘਰ ਨਹੀਂ। ਉਹ ਕਿਧਰੇ ਵਾਂਢੇ ਗਿਆ ਹੋਇਆ ਏ। ਫ਼ਜ਼ਲ ਅਲੀ ਨੇ ਫਤੂ ਤੇ ਅਸਲਮ ਨੂੰ ਇਕ ਪਾਸੇ ਲਿਜਾ ਕੇ ਦੱਸਿਆ ਕਿ ਇਹ ਹਿੰਦੂ ਇਕੱਠੇ ਹੋ ਕੇ ਕਾਹਦੇ ਲਈ ਆਏ ਨੇ। ਉਹਨਾਂ ਦੋਹਾਂ ਨੇ ਕਸਮਾਂ ਖਾ ਕੇ ਦੱਸਿਆ ਕਿ ਉਹਨਾਂ ਦੇ ਇਲਮ ਵਿਚ ਕੁਝ ਨਹੀਂ ਤੇ ਜਿਥੋਂ ਤਕ ਉਹ ਜਾਣਦੇ ਹਨ ਕਿ ਅਜਿਹੀ ਗੱਲ ਕਰਨ ਵਾਲਾ ਉਹਨਾਂ ਵਿਚ ਕੋਈ ਵੀ ਬੰਦਾ ਨਹੀਂ। ਉਹਨਾਂ ਨੂੰ ਫ਼ਜ਼ਲ ਅਲੀ ਨੇ ਫਿਰ ਪੱਕੀ ਕੀਤੀ ਕਿ ਜੇਕਰ ਉਹਨਾਂ ਦੀ ਗਿਆਤ ਵਿਚ ਕੁਝ ਵੀ ਹੈ ਤਾਂ ਉਹ ਦੱਸ ਦੇਣ। ਫ਼ਜ਼ਲ ਅਲੀ ਇਸ ਰਾਏ ਦਾ ਸੀ ਕਿ ਜਿਥੇ ਸਦਾ ਵੱਸਣਾ ਹੈ, ਉਥੇ ਪ੍ਰੇਮ ਪਿਆਰ ਬਣਿਆ ਹੋਣਾ ਚਾਹੀਦਾ ਹੈ, ਨਹੀਂ ਤੇ ਵੈਰ ਵਿਰੋਧ ਵਿਚ ਜਿਉਣਾ ਦੋਜ਼ਕ ਵਿਚ ਪੈਣ ਦੀ ਨਿਆਈਂ ਹੈ। ਉਹਨੂੰ ਪੂਰੀ ਤਰ੍ਹਾਂ ਨਿਸਚਾ ਹੋ ਗਿਆ ਕਿ ਆਪਣੇ ਖੇਤਰ ਵਿਚ ਇਹ ਕੁੜੀਆਂ ਨਹੀਂ। ਉਹ ਜਾਣਦਾ ਸੀ ਕਿ ਇਹ ਨੌਜਵਾਨ ਝੂਠੀਆਂ ਕਸਮਾਂ ਖਾਣ ਵਾਲੇ ਨਹੀਂ।

ਉਧਰ ਉਹ ਦੋਹਾਂ ਮੁਸਲਮਾਨ ਮੁੰਡਿਆਂ ਨਾਲ ਗੱਲ ਕਰ ਰਿਹਾ ਸੀ ਤੇ ਇਧਰ ਹਿੰਦੂ ਬੈਠੇ ਆਪਸ ਵਿਚ ਹੌਲੀ ਹੌਲੀ ਗੱਲਾਂ ਕਰਨ ਲੱਗ ਪਏ ਕਿ ਅਕਬਰ ਜਿਹੜਾ ਘਰ ਨਹੀਂ ਮਿਲਿਆ, ਉਹ ਜ਼ਰੂਰ ਇਸ ਕਾਰਵਾਈ ਵਿਚ ਸ਼ਾਮਲ ਹੋਵੇਗਾ। ਉਨ੍ਹਾਂ ਦਾ ਸ਼ੱਕ ਵਧਦਾ ਗਿਆ ਤੇ ਜਦੋਂ ਫ਼ਜ਼ਲ ਅਲੀ ਨੇ ਆ ਕੇ ਦੱਸਿਆ ਕਿ ਇਨ੍ਹਾਂ ਲੜਕਿਆਂ ਨੂੰ ਕੁਝ ਵੀ ਪਤਾ ਨਹੀਂ ਤੇ ਇਨ੍ਹਾਂ ਦੀ ਜਾਣਕਾਰੀ ਦੇ ਆਧਾਰ 'ਤੇ ਉਹ ਕਹਿ ਸਕਦਾ ਏ ਕਿ ਲੜਕੀਆਂ ਇਧਰ ਨਹੀਂ ਆਈਆਂ। ਝੱਟ ਇਕ ਆਦਮੀ ਨੇ ਕਿਹਾ, "ਸਾਡਾ ਸ਼ੱਕ ਅਕਬਰ 'ਤੇ ਏ। ਉਹ ਜ਼ਰੂਰ ਇਸ ਸ਼ਰਾਰਤ ਵਿਚ ਸ਼ਾਮਲ ਹੋਏਗਾ ਤਾਂ ਹੀ ਉਹ ਇਥੇ ਨਹੀਂ ਆਇਆ।"

"ਚਲੋ, ਇਸ ਸ਼ੱਕ ਦੀ ਵੀ ਪੜਤਾਲ ਕਰ ਲੈਂਦੇ ਹਾਂ," ਫ਼ਜ਼ਲ ਅਲੀ ਨੇ ਕਿਹਾ ਤੇ ਨੌਕਰ ਨੂੰ ਆਖਿਆ ਕਿ ਜਾ ਕੇ ਅਕਬਰ ਦੇ ਪਿਉ ਤੇ ਭਰਾ ਨੂੰ ਬੁਲਾ ਲਿਆਵੇ। ਇਉਂ ਦੋ ਵਾਰ ਨੌਕਰ ਦੇ ਜਾਣ ਤੇ ਫਤੂ ਤੇ ਅਸਲਮ ਨੂੰ ਸੱਦ ਲਿਆਉਣ ਕਾਰਨ ਕਈਆਂ ਹੋਰਾਂ ਨੂੰ ਪਤਾ ਲੱਗ ਗਿਆ ਤੇ ਉਹ ਵੀ ਫ਼ਜ਼ਲ ਅਲੀ ਦੇ ਘਰ ਦੇ ਅੱਗੇ ਪਿੱਛੇ ਫਿਰਨ ਲੱਗੇ। ਹਰ ਕਿਸੇ ਨੂੰ ਹੈਰਾਨੀ ਸੀ ਕਿ ਇਸ ਵੇਲੇ ਕਿਉਂ ਉਨ੍ਹਾਂ ਦੇ ਮੁੰਡਿਆਂ ਨੂੰ ਬੁਲਾਇਆ ਜਾ ਰਿਹਾ ਹੈ। ਕਿਸੇ ਦੇ ਮਾਪੇ ਤੇ ਕਿਸੇ ਦੇ ਭਰਾ ਤੇ ਯਾਰ ਇਕੱਠੇ ਹੋਣੇ ਸ਼ੁਰੂ ਹੋ ਗਏ। ਦੂਜੀ ਵਾਰ ਜਦ ਨੌਕਰ ਅਕਬਰ ਦੇ ਪਿਉ ਕੋਲ ਗਿਆ ਤਾਂ ਹੁਣ ਉਹਨੂੰ ਵੀ ਸੁਣ ਕੇ ਗੱਲ ਦੀ ਸਮਝ ਆ ਚੁੱਕੀ ਸੀ। ਉਹਨੇ ਵੀ ਕਈਆਂ ਨੂੰ ਜਾਂਦਿਆਂ ਤੇ ਫਿਰ ਅਕਬਰ ਦੇ ਪਿਉ ਨੂੰ ਦੱਸਿਆ ਕਿ ਮਾਮਲਾ ਕੀ ਹੈ?

ਅਕਬਰ ਦਾ ਪਿਉ ਤੇ ਭਰਾ ਆ ਗਏ। ਫ਼ਜ਼ਲ ਅਲੀ ਨੇ ਪੁੱਛਿਆ, "ਕਿਉਂ ਬਈ, ਅਕਬਰ ਕਿਥੇ ਗਿਆ ਏ?"

"ਉਹਦੇ ਸਹੁਰਿਆਂ 'ਚੋਂ ਮੌਤ ਹੋ ਗਈ ਏ ਤੇ ਉਹ ਅਫ਼ਸੋਸ ਕਰਨ ਸੁਭਾਨਪੁਰ ਗਿਆ ਏ," ਪਿਉ ਨੇ ਦੱਸਿਆ।

"ਕਦੋਂ ਦਾ ਗਿਆ ਏ ?" ਫ਼ਜ਼ਲ ਅਲੀ ਦਾ ਦੂਜਾ ਸਵਾਲ ਸੀ।

"ਅੱਜ ਤੀਜਾ ਦਿਨ ਏ," ਪਿਉ ਬੋਲਿਆ।

"ਫਿਰ ਤਾਂ ਉਹਦੇ 'ਤੇ ਸ਼ੱਕ ਨਾਜਾਇਜ਼ ਏ," ਫ਼ਜ਼ਲ ਅਲੀ ਨੇ ਫ਼ੈਸਲਾ ਦੇ ਦਿੱਤਾ। ਪਰ ਅਕਬਰ ਦੇ ਭਰਾ ਨੂੰ ਟੋਹਿਆ ਕਿ ਉਹਨੂੰ ਤਾਂ ਆਪਣੇ ਪਿੰਡ ਦੀਆਂ ਦੋ ਲੜਕੀਆਂ ਬਾਰੇ ਕੋਈ ਜਾਣਕਾਰੀ ਨਹੀਂ ? ਉਹਨੇ ਦੱਸਿਆ ਕਿ ਕਰਤਾਰਪੁਰ ਲਾਗੇ ਦੇਖਿਆ ਸੀ। ਨਾਮ ਤਾਂ ਮੈਨੂੰ ਪਤਾ ਨਹੀਂ ਪਰ ਹੈਸਨ ਆਪਣੇ ਪਿੰਡ ਦੀਆਂ ਹੀ ਦੋ ਕੁੜੀਆਂ।

"ਉਨ੍ਹਾਂ ਕਿਸ ਤਰ੍ਹਾਂ ਦੇ ਕੱਪੜੇ ਪਾਏ ਹੋਏ ਸੀ ?" ਇਕ ਹਿੰਦੂ ਨੇ ਵਧੇਰੇ ਜਾਣਕਾਰੀ ਹਿਤ ਪੁੱਛਿਆ।

"ਇਹ ਤਾਂ ਮੈਨੂੰ ਯਾਦ ਨਹੀਂ। ਮੈਂ ਉਨ੍ਹਾਂ ਵੱਲ ਬਹੁਤੇ ਗਹੁ ਨਾਲ ਨਹੀਂ ਦੇਖਿਆ। ਸਰਸਰੀ ਨਜ਼ਰ ਮਾਰੀ ਸੀ। ਕਿਸੇ ਦੀ ਧੀ ਭੈਣ ਵੱਲ ਬਹੁਤੇ ਧਿਆਨ ਨਾਲ ਦੇਖਣ ਦੀ ਮੇਰੀ ਆਦਤ ਨਹੀਂ," ਲੜਕੇ ਨੇ ਉੱਤਰ ਦਿੱਤਾ।

"ਅੱਛਾ, ਅਸੀਂ ਚੱਲਦੇ ਹਾਂ, ਤੁਹਾਡਾ ਵਕਤ ਲਿਆ ਤੇ ਖੇਚਲ ਦਿੱਤੀ," ਸ਼ਾਮੂ ਸ਼ਾਹ ਨੇ ਕਿਹਾ, "ਫਿਰ ਵੀ ਖ਼ਿਆਲ ਕਰਿਆ ਜੇ, ਕਿਧਰੋਂ ਸੂਹ ਨਿਕਲੀ ਤਾਂ ਪਤਾ ਦੇਣਾ।"

"ਜ਼ਰੂਰ," ਫ਼ਜ਼ਲ ਅਲੀ ਉਨ੍ਹਾਂ ਨੂੰ ਵਿਦਾ ਕਰਨ ਲਈ ਉੱਠਿਆ ਹੀ ਸੀ ਕਿ ਇਕ ਮੁਸਲਮਾਨ ਲੜਕਾ ਬਾਹਰੋਂ ਭੱਜਦਾ ਆਇਆ ਤੇ ਉਹਨੇ ਦੱਸਿਆ ਕਿ ਹਿੰਦੂਆਂ ਦੇ ਲੜਕਿਆਂ ਨੇ ਹਮਲਾ ਕਰ ਦਿੱਤਾ ਏ। ਉਹ ਡਾਂਗਾਂ ਸੋਟੇ ਚੁੱਕੀ ਇਧਰ ਨੂੰ ਆ ਰਹੇ ਹਨ। ਇਸ ਨਾਲ ਨਵਾਂ ਮਸਲਾ ਪੈਦਾ ਹੋ ਗਿਆ। ਸਾਰੇ ਹਿੰਦੂਆਂ ਨੇ ਡਰ ਨਾਲ ਇਕ ਆਵਾਜ਼ ਹੋ ਕੇ ਕਿਹਾ, "ਇਹ ਹਿੰਦੂ ਮੁੰਡੇ ਨਹੀਂ ਹੋ ਸਕਦੇ। ਅਸੀਂ ਕਿਸੇ ਨੂੰ ਦੱਸ ਕੇ ਵੀ ਨਹੀਂ ਆਏ। ਪਹਿਰ ਰਾਤ ਗਈ, ਹਿੰਦੂ ਮੁੰਡੇ ਕਿਥੋਂ ਆ ਗਏ ?"

ਬਾਹਰ ਖੜੇ ਤੇ ਗਲੀ ਵਿਚ ਫ਼ਜ਼ਲ ਅਲੀ ਦੀ ਹਵੇਲੀ ਹੁੰਦੀ ਗੱਲ-ਬਾਤ ਦੀ ਖ਼ਬਰ ਜਾਨਣ ਲਈ ਇਕੱਠੇ ਹੋਏ ਲੜਕੇ ਵੀ ਝੱਟ-ਪਟ ਘਰਾਂ ਨੂੰ ਮੁੜ ਗਏ। ਡਰਾਕਲ ਤਾਂ ਘਰਾਂ ਵਿਚ ਵੜ ਗਏ, ਕਿਉਂਕਿ ਉਹ ਕਿਸੇ ਪੁਆੜੇ ਵਿਚ ਉਲਝਣਾ ਨਹੀਂ ਸਨ ਚਾਹੁੰਦੇ ਪਰ ਕੁਝ ਗਰਮ ਖ਼ਿਆਲੀਏ ਅਜਿਹੇ ਵੀ ਸਨ, ਜਿਨ੍ਹਾਂ ਨੂੰ ਲੜਨ ਭਿੜਨ ਦਾ ਹਰ ਵੇਲੇ ਚਾਅ ਰਹਿੰਦਾ ਏ। ਉਹ ਮੁਕਾਬਲੇ 'ਤੇ ਡਾਂਗਾਂ ਕੱਢ ਲਿਆਏ। ਕਿਸੇ ਨੇ ਲਲਕਾਰਾ ਮਾਰਿਆ ਤੇ 'ਅੱਲਾ ਹੂ ਅਕਬਰ' ਦੀ ਆਕਾਸ਼ ਗੂੰਜਾਊ ਆਵਾਜ਼ ਨਾਲ ਘਰਾਂ ਵਿਚ ਸੁੱਤਿਆਂ ਨੂੰ ਵੀ ਜਗਾ ਦਿੱਤਾ।

ਇਤਨੇ ਵਿਚ ਹਿੰਦੂ ਮੁੰਡੇ ਵੀ ਗਲੀ ਦਾ ਮੋੜ ਟੱਪ ਕੇ ਸਾਹਮਣੇ ਆ ਗਏ ਤੇ ਉਨ੍ਹਾਂ ਵੀ 'ਹਰ ਹਰ ਮਹਾਂਦੇਵ' ਦਾ ਨਾਹਰਾ ਮਾਰਿਆ। ਕਿਸੇ ਨਹੀਂ ਪੁੱਛਿਆ ਕਿ ਅੱਗੋਂ ਨਾਹਰੇ ਲੱਗ ਰਹੇ ਹਨ ਤੇ ਕਿਸੇ ਨੇ ਇਹ ਜਾਣਨ ਦਾ ਯਤਨ ਨਹੀਂ ਕੀਤਾ ਕਿ ਹਿੰਦੂ ਕਿਉਂ ਡਾਂਗਾਂ ਚੁੱਕੀ ਆ ਗਏ ਹਨ। ਦੋਵੇਂ ਪਾਸੇ ਲੜਨ ਲਈ ਤਿਆਰ ਹੋ ਗਏ ਤੇ ਇਕ ਦੂਜੇ ਦੇ ਨੇੜੇ ਹੋ ਕੇ ਬੜ੍ਹਕਾਂ ਮਾਰਨ ਲੱਗ ਪਏ।

ਡਾਂਗਾਂ ਨਾਲ ਡਾਂਗਾਂ ਟਕਰਾਉਣ ਹੀ ਲੱਗੀਆਂ ਸਨ ਕਿ ਫ਼ਜ਼ਲ ਅਲੀ ਤੇ ਹਿੰਦੂ ਦੌੜ ਕੇ ਘਰ ਤੋਂ ਨਿਕਲ ਆਏ। ਉਨ੍ਹਾਂ ਨੇ ਅੱਗੇ ਹੋ ਕੇ ਦੋਹਾਂ ਪਾਸਿਆਂ ਨੂੰ ਡੱਕਿਆ। ਫ਼ਜ਼ਲ ਅਲੀ ਮੁਸਲਮਾਨ ਲੜਕਿਆਂ ਦੇ ਅੱਗੇ ਖੜਾ ਹੋ ਗਿਆ ਤੇ ਉਹਨੇ ਅੱਗੇ ਵਧਣ ਤੋਂ ਡੱਕ ਲਿਆ। ਦੂਜੇ ਪਾਸੇ ਸ਼ਾਮੂ ਸ਼ਾਹ ਹੋਰੀਂ ਹੋ ਗਏ ਤੇ ਉਨ੍ਹਾਂ ਨੇ ਮੁੰਡਿਆਂ ਨੂੰ ਜੋਸ਼ ਵਿਚ ਨਾ ਆਉਣ ਤੇ ਹੋਸ਼ ਕਾਇਮ ਰੱਖਣ ਦੀਆਂ ਅਪੀਲਾਂ ਕੀਤੀਆਂ।

"ਇਹ ਸਾਡੀਆਂ ਦੋ ਕੁੜੀਆਂ ਲਿਆਏ ਨੇ, ਅਸੀਂ ਚਾਰ ਚੁੱਕ ਲਿਜਾਵਾਂਗੇ," ਇਕ ਅਤਿ ਗੁੱਸੇ ਵਿਚ ਬੋਲਿਆ।

"ਬਕਵਾਸ ਨਾ ਕਰ," ਇਕ ਸਿਆਣੇ ਨੇ ਸਮਝਾਇਆ, "ਤੁਸੀਂ ਮਾਮਲਾ ਨਿਬੇੜਨਾ ਨਹੀਂ ਵਿਗਾੜਨਾ ਚਾਹੁੰਦੇ ਹੋ। ਇਸ ਪਾਸੇ ਆਪਣੀਆਂ ਕੁੜੀਆਂ ਨਹੀਂ ਆਈਆਂ।"

"ਤੁਸੀਂ ਬੁੱਢੇ ਅਣਖਹੀਨ ਹੋ ਗਏ ਹੋ," ਗੁੱਸੇ ਵਿਚ ਉਸ ਨੌਜਵਾਨ ਨੇ ਕਿਹਾ, "ਤੁਹਾਡੇ ਹੱਥ ਜੋੜਿਆਂ ਤੇ ਮਿੰਨਤਾਂ ਕੀਤਿਆਂ ਇਨ੍ਹਾਂ ਕੁੜੀਆਂ ਨਹੀਂ ਮੋੜਨੀਆਂ।"

ਉਧਰ ਫ਼ਜ਼ਲ ਅਲੀ ਅੱਗੇ ਜਿਹੜੇ ਮੁੰਡੇ ਕਦੇ ਨਹੀਂ ਸਨ ਬੋਲੇ, ਉਨ੍ਹਾਂ ਦੇ ਮੂੰਹ ਹੁਣ ਗੁੱਸੇ ਵਿਚ ਖੁੱਲ੍ਹ ਗਏ ਤੇ ਇਕ ਨੇ ਕਿਹਾ, "ਇਨ੍ਹਾਂ ਕਮੀਨਿਆਂ ਦੀ ਇਤਨੀ ਜੁਰਅਤ ਕਿ ਇਹ ਰਾਤ ਨੂੰ ਡਾਂਗਾਂ ਚੁੱਕੀ ਸਾਡੇ ਘਰਾਂ ਅੱਗੇ ਆ ਕੇ ਲਲਕਾਰੇ ਮਾਰਨ।"

ਦੋਹਾਂ ਪਾਸੇ ਜੇਕਰ ਸੰਜੀਦਾ ਵਰਗ ਵਿਚਕਾਰ ਨਾ ਖੜਾ ਹੁੰਦਾ ਤਾਂ ਹੁਣ ਤਕੜੀ ਲੜਾਈ ਹੋ ਜਾਣੀ ਸੀ ਤੇ ਦੋ ਚਾਰ ਮਰ ਵੀ ਸਕਦੇ ਸਨ ਪਰ ਬਜ਼ੁਰਗਾਂ ਨੇ ਵਿਚਕਾਰ ਪੈ ਕੇ ਲੜਾਈ ਟਾਲ ਦਿੱਤੀ।

7

ਕਰਤਾਰਪੁਰ ਤੋਂ ਬਾਹਰ ਨਿਕਲ ਕੇ ਥੋੜ੍ਹੀ ਦੂਰ ਜਾ ਕੇ ਵੱਡੀ ਸੜਕ ਤੋਂ ਇਕ ਛੋਟਾ ਜਿਹਾ ਰਸਤਾ ਰਾਮ ਨਗਰ ਨੂੰ ਨਿਕਲਦਾ ਸੀ। ਉਸ ਰਸਤੇ 'ਤੇ ਪਹੁੰਚ ਕੇ ਉਨ੍ਹਾਂ ਘੋੜੇ ਰੋਕੇ ਤੇ ਕਿੱਕਰ ਸਿੰਘ ਨੇ ਆਪਣੇ ਪਿੱਛੇ ਬੈਠੇ ਗੌਤਮ ਨੂੰ ਪੁੱਛਿਆ, "ਕਿਥੋਂ ਕੁ ਕੁੜੀਆਂ ਫੜੀਆਂ ਗਈਆਂ ਸਨ ?"

"ਪੂਰਾ ਤਾਂ ਮੈਨੂੰ ਵੀ ਨਹੀਂ ਪਤਾ," ਗੌਤਮ ਬੋਲਿਆ, "ਰੌਲਾ ਇਹੀ ਸੁਣਿਆ ਏ ਕਿ ਇਥੇ ਕੁ ਹੀ ਸਨ ਤੇ ਰਾਮ ਨਗਰ ਵੱਲ ਨੂੰ ਘੇੜੇ ਗਏ ਸਨ। ਆਪਾਂ ਇਧਰ ਹੀ ਸੱਜੇ ਹੱਥ ਨੂੰ ਮੁੜ ਚੱਲੀਏ, ਅੱਗੋਂ ਆਪਣੇ ਬੰਦੇ ਮਿਲ ਪੈਣਗੇ। ਘੋੜਿਆਂ 'ਤੇ ਗਏ ਤਾਂ ਭਾਵੇਂ ਨਾ ਮਿਲਣ ਪਰ ਪੈਦਲ ਤਾਂ ਇਥੇ ਨੇੜੇ ਹੀ ਹੋਣਗੇ।"

"ਉਨ੍ਹਾਂ ਦੇ ਪੈਦਲ ਤੁਰੇ ਜਾਣ ਦਾ ਕੀ ਲਾਭ ਹੋਏਗਾ ?" ਕਿੱਕਰ ਸਿੰਘ ਨੇ ਕਿਹਾ, "ਘੋੜ ਸਵਾਰਾਂ ਨੂੰ ਪੈਦਲ ਨਹੀਂ ਪਹੁੰਚ ਸਕਦੇ। ਫਿਰ ਤੁਹਾਡੇ ਲੋਕਾਂ ਕੋਲ ਹਥਿਆਰ ਵੀ ਕੋਈ ਨਹੀਂ। ਇਸੇ ਲਈ ਆਮ ਲੋਕਾਂ ਵਿਚ ਹੌਸਲਾ ਤੇ ਦਲੇਰੀ ਨਹੀਂ ਹੁੰਦੀ। ਉਹ ਬੇ-ਹਥਿਆਰ ਡਰਦੇ ਰਹਿੰਦੇ ਹਨ ਤੇ ਬਦਮਾਸ਼ ਭੂਹੇ ਹੁੰਦੇ ਰਹਿੰਦੇ ਨੇ। ਜਦ ਉਨ੍ਹਾਂ ਕੁੜੀਆਂ ਨੂੰ ਘੇਰਿਆ ਤੇ ਉਹ ਚੀਕੀਆਂ ਤਾਂ ਉਸੇ ਵੇਲੇ ਵੇਖਣ ਵਾਲਿਆਂ ਨੂੰ ਚਾਹੀਦਾ ਸੀ ਕਿ ਉਹ ਲਲਕਾਰਦੇ।"

"ਸਾਡੇ ਲੋਕੀਂ ਇੰਨੇ ਜੋਗੇ ਕਿਥੇ ਨੇ," ਗੌਤਮ ਨੇ ਕਿਹਾ, "ਬਹੁਤੇ ਤਾਂ ਡਰ ਕੇ ਘਰੀਂ ਭੱਜ ਗਏ ਹੋਣਗੇ। ਪਰ ਵੇਖ ਲਓ, ਬੀਜ ਨਾਸ ਤਾਂ ਨਹੀਂ ਕਿਸੇ ਗੱਲ ਦਾ ਹੋਇਆ। ਉਹ ਵੀ ਸਾਡੇ ਹੀ ਭਰਾ ਨੇ ਜਿਹੜੇ ਬਦਮਾਸ਼ਾਂ ਪਿੱਛੇ ਭੱਜ ਤੁਰੇ ਨੇ।"

"ਇਹ ਕੁੜੀਆਂ ਕੌਣ ਨੇ ?" ਕਸਤੂਰ ਸਿੰਘ ਨੇ ਪੁੱਛਿਆ, "ਤੁਸੀਂ ਜਾਣਦੇ ਹੋ, ਉਨ੍ਹਾਂ ਨੂੰ ? ਤੁਸੀਂ ਦੱਸਿਆ ਸੀ ਕਿ ਦਿਆਲਪੁਰ ਦੀਆਂ ਕੁੜੀਆਂ ਨੇ, ਫਿਰ ਉਹ ਕਰਤਾਰਪੁਰ ਕਿਸ ਲਈ ਇਕੱਲੀਆਂ ਆ ਗਈਆਂ ?"

"ਇਕ ਤਾਂ ਮੇਰੀ ਰਿਸ਼ਤੇ ਵਿਚ ਸਾਲੀ ਲੱਗਦੀ ਏ," ਗੌਤਮ ਨੇ ਦੱਸਿਆ, "ਦੂਜੀ ਕਰਮ ਸਿੰਘ ਦੀ ਮੰਗੇਤਰ ਸੀ, ਦਿਆਲਪੁਰੀਏ ਸ਼ਾਮੂ ਸ਼ਾਹ ਦੀ ਲੜਕੀ। ਜਦੋਂ ਕਰਮ ਸਿੰਘ ਅੰਮ੍ਰਿਤ ਛਕ ਕੇ ਸਿੰਘ ਬਣ ਆਇਆ ਤਾਂ ਸ਼ਾਮੂ ਸ਼ਾਹ ਨੇ ਰਿਸ਼ਤਾ ਤੋੜਨ ਦੀ ਧਮਕੀ ਦੇ ਦਿੱਤੀ। ਕੁੜੀ ਰਿਸ਼ਤਾ ਟੁੱਟਣ 'ਤੇ ਨਿਰਾਸ਼ ਸੀ ਤੇ ਉਹ ਮੇਰੀ ਸਾਲੀ ਨੂੰ ਨਾਲ ਲੈ ਕੇ ਕਰਤਾਰਪੁਰ

ਕਰਮ ਸਿੰਘ ਨੂੰ ਮਿਲਣ ਆਈ ਸੀ ਪਰ ਅੱਗੋਂ ਕਰਮ ਸਿੰਘ ਨਹੀਂ ਮਿਲਿਆ। ਕੁੜੀਆਂ ਵਾਪਸ ਲਿਆਲਪੁਰ ਜਾ ਰਹੀਆਂ ਸਨ ਜਦੋਂ ਰਾਹ ਵਿਚ ਨਵੀਂ ਮੁਸੀਬਤ ਆ ਪਈ।”

ਨਿਰਮਲ ਨੇ ਤਾਂ ਆਪਣੇ ਗਲੀ-ਮੁਹੱਲੇ ਦੀਆਂ ਜ਼ਨਾਨੀਆਂ ਨੂੰ ਬਿਲਕੁਲ ਨਹੀਂ ਸੀ ਦੱਸਿਆ ਕਿ ਇਹ ਕਰਮ ਸਿੰਘ ਦੀ ਮੰਗੇਤਰ ਸੀ। ਉਹ ਗੱਲ ਨੂੰ ਕੁੜੀਆਂ ਦੇ ਕਹਿਣ 'ਤੇ ਪੀ ਗਈ ਸੀ ਪਰ ਗੌਤਮ ਨੇ ਸਾਰੀ ਗੱਲ ਠੀਕ ਠੀਕ ਦੱਸ ਦਿੱਤੀ। ਉਹ ਸਮਝਦਾ ਸੀ ਕਿ ਇਨ੍ਹਾਂ ਨੂੰ ਇਹ ਦੱਸਣ ਨਾਲ ਕਿ ਕਰਮ ਸਿੰਘ ਦੀ ਮੰਗੇਤਰ ਚੁੱਕੀ ਗਈ ਏ, ਇਹ ਹੋਰ ਵੀ ਯਤਨ ਤੇਜ਼ ਕਰ ਕੇ ਕੁੜੀਆਂ ਨੂੰ ਲੱਭ ਲੈਣਗੇ ਤੇ ਆਪਣੇ ਘਰ ਦਾ ਮਸਲਾ ਸਮਝ ਕੇ ਇਹਨੂੰ ਹੱਲ ਕਰਨਗੇ।

“ਹੁਣ ਤੇ ਸਾਨੂੰ ਹੋਰ ਵੀ ਨੇੜੇ ਦੀ ਗੱਲ ਪਤਾ ਲੱਗੀ ਏ,” ਕਿੱਕਰ ਸਿੰਘ ਨੇ ਕਿਹਾ, “ਕੁੜੀਆਂ ਵਿਚ ਸਾਡੀ ਹੋਣ ਵਾਲੀ ਭਰਜਾਈ ਵੀ ਏ। ਅਸੀਂ ਰਾਤ ਨਹੀਂ ਪੈਣ ਦੇਣੀ ਤੇ ਕੁੜੀਆਂ ਛੁਡਾ ਕੇ ਲਿਆਵਾਂਗੇ, ਜੇਕਰ ਉਹ ਦਰਿਆ ਦੇ ਇਸ ਪਾਰ ਕਿਧਰੇ ਹੋਈਆਂ। ਜੇ ਦਰਿਆ ਟੱਪ ਗਈਆਂ ਤਾਂ ਮੁਸ਼ਕਲ ਹੋ ਜਾਏਗੀ। ਇਧਰ ਤਾਂ ਅਸੀਂ ਪਿੰਡ ਪਿੰਡ ਦੇ ਜਾਣੂੰ ਆਂ ਤੇ ਕਿਧਰੇ ਛੁਪਣ ਵੀ ਨਹੀਂ ਦਿਆਂਗੇ।”

ਉਨ੍ਹਾਂ ਨੂੰ ਇਸ ਗੱਲ ਦਾ ਮਾਣ ਸੀ ਕਿ ਕਰਤਾਰਪੁਰ ਦੇ ਆਸ-ਪਾਸ ਅੱਠ-ਦਸ ਕੋਹ ਤਕ ਦੇ ਸਾਰੇ ਪਿੰਡਾਂ ਵਿਚ ਹੀ ਸਿੱਖਾਂ ਦੇ ਘਰ ਹਨ ਤੇ ਉਹ ਸਾਡੀ ਮਦਦ ਕਰਨਗੇ। ਉਹ ਗੱਲਾਂ ਵੀ ਕਰਦੇ ਰਹੇ ਤੇ ਘੋੜੇ ਵੀ ਰਾਮ ਨਗਰ ਵੱਲ ਤੋਰੀ ਗਏ। ਦੋ ਕੋਹ ਵੀ ਨਹੀਂ ਸਨ ਗਏ ਕਿ ਪੈਦਲ ਬੰਦੇ ਮੁੜਦੇ ਆਉਂਦੇ ਮਿਲ ਪਏ। ਉਨ੍ਹਾਂ ਦੱਸਿਆ ਕਿ ਰਾਮ ਨਗਰ ਤੋਂ ਅੱਗੇ ਕਿਧਰੇ ਨਿਕਲ ਗਏ ਜਾਪਦੇ ਹਨ। ਅਸੀਂ ਤਾਂ ਪੈਦਲ ਪਿੱਛਾ ਕਰ ਕੇ ਪਹੁੰਚ ਨਹੀਂ ਸਕੇ। ਘੋੜ ਸਵਾਰ ਜ਼ਰੂਰ ਪਿੱਛੇ ਲੱਗੇ ਹੋਏ ਨੇ।”

“ਆਓ, ਇਕ ਜਣਾ ਸਾਡੇ ਪਿੱਛੇ ਬੈਠ ਜਾਏ,” ਕਸਤੂਰ ਸਿੰਘ ਨੇ ਕਿਹਾ, “ਜਿੰਨੇ ਬੰਦੇ ਵੱਧ ਹੋਵਾਂਗੇ, ਓਨੀ ਛੇਤੀ ਕੁੜੀਆਂ ਨੂੰ ਬਚਾ ਸਕਾਂਗੇ।” ਇਕ ਗੱਭਰੂ, ਜਿਸ ਕੋਲ ਬਰਛਾ ਸੀ, ਨਾਲ ਜਾਣ ਲਈ ਨਿੱਤਰ ਪਿਆ ਤੇ ਕਸਤੂਰ ਸਿੰਘ ਦੇ ਪਿੱਛੇ ਘੋੜੇ 'ਤੇ ਬੈਠ ਗਿਆ। ਰਾਮ ਨਗਰ ਪਹੁੰਚ ਕੇ ਇਕ ਸਿੰਘ ਦੇ ਘਰ ਜਾ ਕੁੰਡਾ ਖੜਕਾਇਆ। ਉਹਨੇ ਦੱਸਿਆ ਕਿ ਉਹ ਘੋੜ ਸਵਾਰ ਧੂੜ ਉਡਾਉਂਦੇ ਝੱਟ ਕੁ ਪਹਿਲਾਂ ਹੀ ਲੰਘੇ ਨੇ। ਘੱਟਾ ਬਹੁਤ ਸੀ, ਇਸ ਲਈ ਨਜ਼ਰ ਨਹੀਂ ਆਇਆ ਕਿ ਉਨ੍ਹਾਂ ਨਾਲ ਕੁੜੀਆਂ ਵੀ ਸਨ ਕਿ ਨਹੀਂ।

ਇਨ੍ਹਾਂ ਨੇ ਉਸ ਸਿੰਘ ਨੂੰ ਵੀ ਨਾਲ ਲੈ ਲਿਆ ਤੇ ਉਸ ਨੇ ਆਪਣੀ ਘੋੜੀ ਖੋਲ੍ਹ ਲਈ। ਇਸ ਤਰ੍ਹਾਂ ਇਹ ਪੰਜ ਹੋ ਗਏ। ਅਗਲੇ ਪਿੰਡ ਤੋਂ ਦੋ ਬੰਦੇ ਹੋਰ ਨਾਲ ਮਿਲ ਗਏ। ਇਸ ਤਰ੍ਹਾਂ ਘੋੜਿਆਂ ਦੀ ਪੈੜ ਨੱਪਦਿਆਂ ਉਹ ਕੋਟ ਕੜੇ ਖ਼ਾਂ ਪਹੁੰਚ ਗਏ। ਇਹ ਪਿੰਡ ਬਹੁਤੀ ਮੁਸਲਮਾਨੀ ਵੱਸੋਂ ਦਾ ਸੀ ਤੇ ਉਝ ਵੀ ਇਥੋਂ ਦਾ ਚੌਧਰੀ ਕਹਿੰਦਾ-ਕਹਾਉਂਦਾ ਬਦਮਾਸ਼ ਸੀ। ਮੁਗ਼ਲਾਂ ਨਾਲ ਆਏ ਪਠਾਣ ਫ਼ੌਜੀਆਂ ਵਿਚੋਂ ਕਈ ਪੰਜਾਬ ਵਿਚ ਦੁਆਬੇ ਦੀ ਧਰਤੀ 'ਤੇ ਹੀ ਪੱਕੇ ਤੌਰ 'ਤੇ ਵੱਸ ਗਏ ਸਨ। ਕਈਆਂ ਨੇ ਸੁੱਕੇ ਮੇਵੇ ਦਾ ਵਪਾਰ ਕਰਕੇ ਚੋਖਾ ਧਨ ਜੋੜ ਲਿਆ ਤੇ ਸਸਤੇ ਭਾਅ ਜ਼ਮੀਨਾਂ ਲੈ ਕੇ ਆਪਣੇ ਨਾਵਾਂ 'ਤੇ ਪਿੰਡ ਬੰਨ੍ਹ ਲਏ ਸਨ। ਉਨ੍ਹਾਂ ਪਠਾਣਾਂ ਵਿਚੋਂ ਕੜੇ ਖ਼ਾਂ ਤੇ ਬਾਦਲ ਖ਼ਾਂ ਬੜੇ ਮਸ਼ਹੂਰ ਫ਼ੌਜੀ ਸਨ ਤੇ ਦੋਹਾਂ ਨੇ ਆਪਣੇ ਨਾਵਾਂ 'ਤੇ ਪਿੰਡ ਆਬਾਦ ਕਰ ਲਏ ਸਨ।

ਪਿੰਡ ਕੋਟ ਕੜੇ ਖ਼ਾਂ ਦੇ ਬਾਹਰਵਾਰ ਇਕ ਹਵੇਲੀ ਸੀ, ਜਿਸ ਵਿਚ ਚਾਰ ਘੋੜੇ ਬੱਧੇ ਦੇਖ ਕੇ ਇਹ ਰੁਕ ਗਏ। “ਪਤਾ ਤਾਂ ਕਰ ਲਉ, ਮਤੇ ਉਹ ਇਥੇ ਹੀ ਹੋਣ,” ਕਿੱਕਰ ਸਿੰਘ ਨੇ ਕਿਹਾ, “ਜਾਹ ਬਈ ਗੌਤਮ, ਦੇਖ ਤੂੰ ਆਪਣੀ ਸਾਲੀ ਨੂੰ, ਛੇਤੀ ਪਛਾਣ ਲਏਂਗਾ।”

“ਨਹੀਂ, ਮੈਂ ਇਕੱਲਾ ਨਹੀਂ ਜਾਂਦਾ,” ਗੌਤਮ ਡਰ ਗਿਆ। ਉਹ ਘਬਰਾ ਗਿਆ ਕਿ

ਅੱਗੋਂ ਜੇ ਹਮਲਾ ਹੋ ਗਿਆ ਤਾਂ ਪਠਾਣਾਂ ਮੇਰੀ ਬੋਟੀ ਬੋਟੀ ਕਰ ਦੇਣੀ ਏ। ਦੂਜਾ ਮੁੰਡਾ ਬਰਛੇ ਵਾਲਾ ਘੋੜੇ ਤੋਂ ਥੱਲੇ ਉਤਰਿਆ ਤੇ ਉਹਨੇ ਕਿਹਾ, "ਮੈਂ ਨਾਲ ਚੱਲਦਾ ਹਾਂ, ਉਹ ਮੂੰਹ 'ਚ ਤਾਂ ਨਹੀਂ ਪਾ ਲੈਣਗੇ।"

ਉਹ ਹਵੇਲੀ ਨੇੜੇ ਗਏ। ਮਸੀਂ ਚਾਰ ਫੁਟ ਉੱਚੀ ਹਵੇਲੀ ਦੀ ਕੰਧ ਸੀ ਤੇ ਉਹਦੇ ਨੇੜੇ ਖੜੇ ਹੋ ਕੇ ਸਾਰੀ ਹਵੇਲੀ ਵਿਚ ਝਾਤ ਪਾਈ ਜਾ ਸਕਦੀ ਸੀ। ਉਨ੍ਹਾਂ ਦੇਖਿਆ ਕਿ ਹਵੇਲੀ ਵਿਚ ਇਸ ਸਮੇਂ ਕੋਈ ਵੀ ਆਦਮੀ ਨਹੀਂ ਸੀ। ਇਕ ਕਮਰਾ ਸੀ ਤੇ ਉਸ ਦਾ ਦਰਵਾਜ਼ਾ ਬਾਹਰੋਂ ਬੰਦ ਸੀ।

"ਘੋੜੇ ਤਾਂ ਇਹੀ ਸਨ," ਬਰਛੇ ਵਾਲੇ ਨੇ ਪਛਾਣ ਕੇ ਬੜੇ ਵਿਸ਼ਵਾਸ ਨਾਲ ਕਿਹਾ, "ਪਰ ਬੰਦੇ ਕਿਧਰ ਗਏ ? ਉਹ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਵੀ ਪਛਾਣ ਸਕਦਾ ਸਾਂ।"

"ਆਪਾਂ ਅੰਦਰ ਨਾ ਜਾਈਏ," ਗੌਤਮ ਨੇ ਸੁਣਾ ਦਿੱਤਾ, "ਸਿੰਘਾਂ ਨੂੰ ਕਹੀਏ ਕਿ ਉਹ ਅੰਦਰ ਜਾਣ। ਕੀ ਪਤਾ ਉਹ ਅੰਦਰ ਲੁਕੇ ਬੈਠੇ ਹੋਣ।"

ਇਨ੍ਹਾਂ ਦੀਆਂ ਗੱਲਾਂ ਦੀ ਆਵਾਜ਼ ਹਵੇਲੀ ਦੇ ਅੰਦਰ ਤਕ ਗਈ। ਉਹ ਕਮਰੇ ਦੇ ਬੂਹੇ ਦੀਆਂ ਝੀਥਾਂ 'ਚੋਂ ਅੰਦਰ ਖੜੇ ਮਨੁੱਖ ਦੇਖ ਸਕਦੇ ਸਨ। ਕੁੜੀਆਂ ਇਸੇ ਕਮਰੇ ਵਿਚ ਡੱਕੀਆਂ ਹੋਈਆਂ ਸਨ। ਪਹਿਲਾਂ ਤਾਂ ਉਹ ਇਕ ਨੁੱਕਰੇ ਲੱਗ ਕੇ ਰੋਂਦੀਆਂ ਰਹੀਆਂ ਤੇ ਆਪਣੇ ਮੰਦੇ ਭਾਗਾਂ 'ਤੇ ਝੁਰਦੀਆਂ ਰਹੀਆਂ ਪਰ ਜਦੋਂ ਬਾਹਰ ਮਰਦਾਂ ਦੀ ਆਵਾਜ਼ ਆਈ ਤਾਂ ਉੱਠ ਕੇ ਬੂਹੇ ਦੀਆਂ ਝੀਥਾਂ 'ਚੋਂ ਦੇਖਣ ਦਾ ਯਤਨ ਕਰਨ ਲੱਗੀਆਂ। ਬੰਤੋ ਨੇ ਆਪਣੇ ਜੀਜੇ ਗੌਤਮ ਨੂੰ ਪਛਾਣ ਲਿਆ ਤੇ ਜ਼ੋਰ ਨਾਲ ਚੀਕ ਮਾਰੀ ਤੇ ਦੋਵੇਂ ਉੱਚੀ ਉੱਚੀ ਰੋਣ ਲੱਗ ਪਈਆਂ।

ਗੌਤਮ ਤੇ ਬਰਛੇ ਵਾਲੇ ਨੇ ਸਿੰਘਾਂ ਨੂੰ ਤੁਰਤ ਇਸ਼ਾਰਾ ਕਰ ਕੇ ਆਪਣੇ ਨੇੜੇ ਸੱਦਿਆ ਜੋ ਕੁਝ ਹਟਵੇਂ ਤਿਆਰ ਖੜੇ ਸਨ। ਉਨ੍ਹਾਂ ਨੂੰ ਦੱਸਿਆ ਕਿ ਕੁੜੀਆਂ ਇਥੇ ਹੀ ਹਨ। ਤੇਜ਼ੀ ਨਾਲ ਹਵੇਲੀ ਵਿਚ ਦਾਖਲ ਹੋ ਕੇ ਉਨ੍ਹਾਂ ਕੁੰਡਾ ਖੋਲ੍ਹਿਆ ਤੇ ਦੋਵੇਂ ਕੁੜੀਆਂ ਬਾਹਰ ਲੈ ਆਂਦੀਆਂ। ਕਿੱਕਰ ਸਿੰਘ ਕਹਿਣ ਲੱਗਾ, "ਖੋਲ੍ਹ ਲਉ ਇਨ੍ਹਾਂ ਦੇ ਘੋੜੇ ਤੇ ਚੜ੍ਹ ਜਾਉ ਇਨ੍ਹਾਂ 'ਤੇ। ਕੁੜੀਆਂ ਅੰਦਰ ਡੱਕ ਕੇ ਪਤਾ ਨਹੀਂ ਆਪ ਕਿਧਰ ਤੁਰ ਗਏ ਨੇ। ਚੰਗਾ ਹੋਇਆ ਕੁੜੀਆਂ ਵੀ ਮਿਲ ਗਈਆਂ ਤੇ ਜਾਨੀ ਨੁਕਸਾਨ ਵੀ ਕੋਈ ਨਹੀਂ ਹੋਇਆ।"

ਅਜੇ ਬੰਦੇ ਘੋੜੇ ਖੋਲ੍ਹਦੇ ਹੀ ਪਏ ਸਨ ਕਿ ਇਕ ਪਠਾਣ ਖੇਤਾਂ ਵਿਚੋਂ ਆ ਨਿਕਲਿਆ ਤੇ ਆਪਣੀ ਹਵੇਲੀ ਵਿਚ ਕਈ ਬੰਦੇ ਇਕੱਠੇ ਦੇਖ ਕੇ ਉਸ ਨੇ ਇਕ ਵੱਡੀ ਸਾਰੀ ਗਾਲ੍ਹ ਕੱਢ ਕੇ ਉਨ੍ਹਾਂ ਨੂੰ ਲਲਕਾਰਿਆ। ਉਹਦੇ ਕੋਲ ਇਕੋ ਡਾਂਗ ਸੀ। ਉਹਨੇ ਉਹੀ ਉਪਰ ਚੁੱਕ ਕੇ ਇਉਂ ਕਚੀਚੀ ਵੱਟੀ ਜਿਵੇਂ ਇਕੋ ਡਾਂਗ ਨਾਲ ਉਹ ਕਿੰਨੇ ਸਾਰਿਆਂ ਬੰਦਿਆਂ ਨੂੰ ਭਜਾ ਦਏਗਾ। ਅੱਗੋਂ ਸਿੰਘਾਂ ਨੇ ਵੀ ਕਿਰਪਾਨਾਂ ਕੱਢ ਲਈਆਂ। ਬਰਛੇ ਵਾਲੇ ਨੌਜਵਾਨ ਨੇ ਬਰਛਾ ਸਿੱਧਾ ਕਰ ਲਿਆ। ਹੁਣ ਗੌਤਮ ਵੀ ਦਲੇਰ ਹੋ ਗਿਆ ਤੇ ਉਹਨੇ ਆਪਣਾ ਸੋਟਾ ਹੱਥ ਵਿਚ ਚੰਗੀ ਤਰ੍ਹਾਂ ਸੰਭਾਲ ਲਿਆ। ਉਹ ਪਠਾਣ ਇਤਨੇ ਵਿਚ ਹਵੇਲੀ ਦੇ ਦਰਵਾਜ਼ੇ ਨੇੜੇ ਪਹੁੰਚ ਗਿਆ। ਕਸਤੂਰ ਸਿੰਘ ਦਰਵਾਜ਼ੇ ਦੇ ਅੰਦਰਲੇ ਪਾਸੇ ਸੀ। ਪਠਾਣ ਨੇ ਜ਼ੋਰ ਨਾਲ ਡਾਂਗ ਮਾਰੀ। ਕਸਤੂਰ ਸਿੰਘ ਨੇ ਕਿਰਪਾਨ ਅੱਗੇ ਕਰ ਕੇ ਉਹਦਾ ਵਾਰ ਝੱਲ ਲਿਆ। ਡਾਂਗ ਕਿਰਪਾਨ 'ਤੇ ਵੱਜ ਕੇ ਦੋ ਟੋਟੇ ਹੋ ਗਈ। ਪਠਾਣ ਘਬਰਾ ਗਿਆ। ਬਰਛੇ ਵਾਲਾ ਜਵਾਨ ਉਹਦੇ 'ਤੇ ਵਾਰ ਕਰਨ ਲਈ ਅੱਗੇ ਵਧਿਆ ਤਾਂ ਕਸਤੂਰ ਸਿੰਘ ਨੇ ਰੋਕ ਦਿੱਤਾ ਤੇ ਕਿਹਾ ਕਿ ਨਿਹੱਥੇ 'ਤੇ ਅਸੀਂ ਕਦੇ ਵਾਰ ਨਹੀਂ ਕਰਦੇ। ਇਹਨੂੰ ਇਕ ਸੋਟਾ ਦਿਉ ਤੇ ਫਿਰ ਇਹਦੇ ਨਾਲ ਨਿਬੜਾਂਗੇ ਕਿੱਕਰ ਸਿੰਘ ਨੇ ਗੌਤਮ ਨੂੰ ਕਿਹਾ, "ਆਪਣਾ ਸੋਟਾ ਇਹਨੂੰ ਦੇ ਦਿਓ।"

"ਇਹ ਕੀ ?" ਗੌਤਮ ਨੇ ਹੈਰਾਨ ਹੋ ਕੇ ਪੁੱਛਿਆ, "ਮੈਂ ਆਪਣਾ ਸੋਟਾ ਇਹਨੂੰ ਕਿਉਂ ਦੇ ਦਿਆਂ ? ਮੈਂ ਖ਼ਾਲੀ ਹੱਥ ਹੋ ਜਾਵਾਂ ?"

"ਕੋਈ ਗੱਲ ਨਹੀਂ," ਕਿੱਕਰ ਸਿੰਘ ਨੇ ਉੱਤਰ ਦਿੱਤਾ, "ਉਂਝ ਵੀ ਤਲਵਾਰਾਂ ਤੇ ਬਰਛੇ ਦੇ ਹੁੰਦਿਆਂ ਸੋਟੇ ਦੀ ਤੁਹਾਨੂੰ ਕੀ ਲੋੜ ਏ ?"

ਗੌਤਮ ਨੇ ਸੋਟਾ ਦੂਰੋਂ ਹੀ ਪਠਾਣ ਵੱਲ ਸੁੱਟ ਦਿੱਤਾ। ਸਿੰਘਾਂ ਦੀ ਇਸ ਇਖ਼ਲਾਕੀ ਦਲੇਰੀ ਨੇ ਪਠਾਣ ਦੀ ਸਾਰੀ ਹੈਂਕੜ ਭੰਨ ਦਿੱਤੀ। ਉਹਨੇ ਸੋਟਾ ਛਾਂ ਚੁੱਕ ਲਿਆ ਪਰ ਹੁਣ ਉਹਨੇ ਵਾਰ ਨਾ ਕੀਤਾ। ਉਹਦਾ ਤੌਰ-ਤਰੀਕਾ ਹੀ ਬਦਲ ਗਿਆ। ਉਹਨੇ ਉੱਚੀ ਸਾਰੀ ਆਖਿਆ, "ਇਹ ਚੌਧਰੀ ਦੀ ਹਵੇਲੀ ਏ। ਤੁਸੀਂ ਕੁੜੀਆਂ ਛੱਡ ਦਿਉ ਤੇ ਚਲੇ ਜਾਉ, ਨਹੀਂ ਤੇ ਹੁਣੇ ਇਥੇ ਮਾਰੇ ਜਾਉਗੇ।"

"ਇਹ ਤਾਂ ਸਮਾਂ ਹੀ ਦੱਸੇਗਾ ਕਿ ਮਾਰੇ ਜਾਂਦੇ ਹਾਂ ਜਾਂ ਮਾਰ ਲੈਂਦੇ ਹਾਂ," ਕਸਤੂਰ ਸਿੰਘ ਨੇ ਕਿਹਾ, "ਪਹਿਲਾਂ ਤੇਰੇ ਨਾਲ ਨਿੱਬੜ ਲਈਏ, ਫਿਰ ਚੌਧਰੀ ਨੂੰ ਵੀ ਵੇਖ ਲਵਾਂਗੇ। ਅਸੀਂ ਜਾਂਦੇ ਨਹੀਂ। ਕੁੜੀਆਂ ਨੂੰ ਹੱਥ ਪਾਉਣ ਵਾਲਿਆਂ ਨਾਲ ਦੋ ਦੋ ਹੱਥ ਕਰ ਕੇ ਹੀ ਮੁੜਾਂਗੇ। ਜਾਹ, ਬੁਲਾ ਲਿਆ ਚੌਧਰੀ ਨੂੰ।"

ਦੂਰ ਖੜਾ ਪਠਾਣ ਵੀ ਧਮਕੀਆਂ ਦਿੰਦਾ ਰਿਹਾ ਤੇ ਇਹ ਵੀ ਹਵੇਲੀ ਦੇ ਅੰਦਰ ਪੂਰੀ ਤਰ੍ਹਾਂ ਮੁਕਾਬਲੇ ਲਈ ਤਿਆਰ ਖੜੇ ਸਨ। ਜਦ ਘੋੜੇ ਖੋਲ੍ਹ ਲਏ ਤਾਂ ਉਨ੍ਹਾਂ 'ਤੇ ਛਾਲਾਂ ਮਾਰ ਕੇ ਉਹ ਚੜ੍ਹ ਗਏ, ਜਿਹੜੇ ਪਹਿਲਾਂ ਦੂਜਿਆਂ ਪਿੱਛੇ ਬੈਠ ਕੇ ਉਨ੍ਹਾਂ ਨਾਲ ਆਏ ਸਨ। ਸਿੰਘਾਂ ਨੇ ਆਪਣੇ ਘੋੜਿਆਂ 'ਤੇ ਬੰਤੋ ਤੇ ਦੀਪੋ ਨੂੰ ਬਿਠਾ ਲਿਆ। ਇਕ ਜੈਕਾਰਾ ਛੱਡ ਕੇ ਹਵੇਲੀ ਤੋਂ ਬਾਹਰ ਨਿਕਲੇ। ਹੁਣ ਪਠਾਣ ਡਾਂਗ ਮਾਰਨ ਲਈ ਤੇ ਰਾਹ ਰੋਕਣ ਲਈ ਅੱਗੇ ਵਧਿਆ ਪਰ ਬਰਛੇ ਵਾਲੇ ਨੇ ਦੂਰ ਤੋਂ ਹੀ ਬਰਛਾ ਜਦ ਸਿੱਧਾ ਕਰਕੇ ਮਾਰਨ ਲਈ ਉਲਾਰਿਆ ਤਾਂ ਪਠਾਣ ਪਿੱਛੇ ਹਟ ਗਿਆ। ਸਿੰਘ ਹਵੇਲੀ ਤੋਂ ਬਾਹਰ ਨਿਕਲੇ ਤੇ ਰਾਮ ਨਗਰ ਦੇ ਰਾਹ ਪੈ ਗਏ।

ਪਠਾਣ ਬੁੜ ਬੁੜ ਕਰਦਾ ਰਹਿ ਗਿਆ। ਉਹ ਪਿੰਡ ਵੱਲ ਮੂੰਹ ਕਰ ਕੇ ਆਵਾਜ਼ਾਂ ਮਾਰੀ ਜਾ ਰਿਹਾ ਸੀ, "ਕਿਥੇ ਮਰ ਗਏ ਹੋ, ਛੇਤੀ ਆਉ। ਅਜੇ ਤੁਹਾਨੂੰ ਸ਼ਰਾਬ ਹੀ ਨਹੀਂ ਲੱਭੀ ਤੇ ਇਧਰ ਸਿਖ ਕੁੜੀਆਂ ਲੈ ਗਏ ਜੇ।"

ਅਸਲ ਵਿਚ ਚੌਧਰੀ ਦੇ ਬੰਦੇ ਹੰਕਾਰ ਵਿਚ ਹੀ ਮਾਰੇ ਗਏ। ਉਨ੍ਹਾਂ ਨੂੰ ਬਿਲਕੁਲ ਹੀ ਆਸ ਨਹੀਂ ਸੀ ਕਿ ਕੋਈ ਇਸ ਤਰ੍ਹਾਂ ਉਨ੍ਹਾਂ ਦਾ ਪਿੱਛਾ ਵੀ ਕਰ ਸਕਦਾ ਹੈ। ਅੱਗੇ ਉਹ ਜਿਸ ਵੀ ਪਿੰਡ ਤੋਂ ਕੋਈ ਕੁੜੀ ਚੁੱਕ ਕੇ ਲੈ ਆਉਂਦੇ ਤਾਂ ਕੋਈ ਪਿੱਛੇ ਨਹੀਂ ਸੀ ਆਉਂਦਾ। ਇਸੇ ਲਈ ਇਕ ਬੰਦੇ ਨੂੰ ਰਾਖੀ ਛੱਡ ਕੇ ਉਹ ਪਿੰਡ ਵਿਚੋਂ ਸ਼ਰਾਬ ਲਿਆਉਣ ਤੇ ਖਾਣ ਪੀਣ ਦਾ ਪ੍ਰਬੰਧ ਕਰਨ ਚਲੇ ਗਏ। ਜਿਹੜਾ ਚੌਥਾ ਪਿੱਛੇ ਛੱਡ ਗਏ, ਉਹ ਬਾਹਰੋਂ ਕੁੰਡਾ ਮਾਰ ਕੇ ਜੰਗਲ ਪਾਣੀ ਖੇਤਾਂ ਵਿਚ ਚਲਾ ਗਿਆ। ਪਿੱਛੋਂ ਸਿਖ ਪਹੁੰਚ ਗਏ ਤੇ ਇਉਂ ਬਿਨਾ ਮੁਕਾਬਲਾ ਕੁੜੀਆਂ ਛੁਡਾ ਕੇ ਲੈ ਗਏ।

ਪਿੰਡ ਵਿਚ ਰੌਲਾ ਪੈ ਗਿਆ। ਕਈ ਬੰਦੇ ਬਾਹਰ ਭੱਜੇ ਆਏ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਸਿਖ ਆ ਪਏ ਸਨ ਤੇ ਉਹ ਘੋੜੇ ਵੀ ਖੋਲ੍ਹ ਕੇ ਲੈ ਗਏ ਹਨ ਤਾਂ ਉਨ੍ਹਾਂ ਨੇ ਤੁਰਤ ਪਿੱਛਾ ਕਰਨ ਦੀ ਸੋਚੀ, ਪਰ ਘੋੜ ਸਵਾਰਾਂ ਦਾ ਪਿੱਛਾ ਉਹ ਪੈਦਲ ਕਿਸ ਤਰ੍ਹਾਂ ਕਰ ਸਕਦੇ ਸਨ। ਪਿੰਡ ਵੱਲ ਨੂੰ ਹੀ ਮੁੜੇ ਤਾਕਿ ਕਿਸੇ ਹੋਰ ਦੇ ਘਰ ਜੇਕਰ ਘੋੜੀ ਹੋਵੇ ਤਾਂ ਉਹ ਲੈ ਕੇ ਪਿੱਛਾ ਕਰਨ, ਪਰ ਪਿੰਡ ਵਿਚ ਚੌਧਰੀ ਤੋਂ ਬਿਨਾਂ ਹੋਰ ਕਿਸੇ ਕੋਲ ਘੋੜਾ ਹੀ ਨਹੀਂ ਸੀ। ਹਟਵਾਣੀਆਂ ਪਾਸ ਖੋਤੇ ਸਨ, ਜਿਨ੍ਹਾਂ 'ਤੇ ਉਹ ਦੂਰੋਂ ਮਾਲ ਢੋਂਦੇ ਸਨ। ਇਹ ਖੋਤੇ ਘੋੜਿਆਂ

ਦਾ ਪਿੱਛਾ ਕਰਨ ਤੋਂ ਅਸਮਰਥ ਸਨ, ਇਸ ਲਈ ਬੇਕਾਰ ਸਨ। ਉਹ ਚਾਹੁਣ ਦੇ ਬਾਵਜੂਦ ਸਿੱਖਾਂ ਦੇ ਪਿੱਛੇ ਜਾਣ ਲਈ ਨਾ ਤੁਰ ਸਕੇ।

ਰਾਮ ਨਗਰ ਤਕ ਸਾਰੇ ਇਕੱਠੇ ਹੀ ਆਏ ਪਰ ਅੱਗੋਂ ਆ ਕੇ ਕਿੱਕਰ ਸਿੰਘ ਨੇ ਘੋੜਾ ਰੋਕ ਕੇ ਕਿਹਾ, "ਤੁਸੀਂ ਕਰਤਾਰਪੁਰ ਚੱਲੋ, ਅਸੀਂ ਇਸ ਵਿਚਲੇ ਰਸਤੇ ਦਿਆਲਪੁਰ ਕੁੜੀਆਂ ਨੂੰ ਛੱਡ ਕੇ ਆਉਂਦੇ ਹਾਂ। ਇਨ੍ਹਾਂ ਦੇ ਘਰੀਂ ਤੜਫਾਟ ਪਈ ਹੋਵੇਗੀ ਤੇ ਫ਼ਿਕਰ ਕਰ ਰਹੇ ਹੋਣਗੇ।" ਇਥੋਂ ਇਕ ਰਾਹ ਕਰਤਾਰਪੁਰ ਨੂੰ ਤੇ ਦੂਜਾ ਦਿਆਲਪੁਰ ਨੂੰ ਜਾਂਦਾ ਸੀ। ਕਰਤਾਰਪੁਰ ਦੇ ਬੰਦੇ ਦੋ ਹੀ ਸਨ ਤੇ ਦੋ ਇਹਨਾਂ ਨਾਲ ਰਾਮ ਨਗਰ ਦੇ ਮਿਲ ਗਏ ਸਨ। ਇਹ ਸਾਰੇ ਚੁਰਾਹੇ ਵਿਚ ਹੀ ਖੜੇ ਪਿਛਲਿਆਂ ਨੂੰ ਵਿਦਾ ਕਰ ਰਹੇ ਸਨ, ਜਦ ਕਿੱਕਰ ਸਿੰਘ ਤੇ ਕਸਤੂਰ ਸਿੰਘ ਦੋਹਾਂ ਕੁੜੀਆਂ ਨਾਲ ਰਾਹੇ ਪੈ ਗਏ।

ਰਾਮ ਨਗਰ ਦੇ ਨਾਲ ਗਏ ਇਕ ਨੌਜਵਾਨ ਪਾਸ ਤਾਂ ਆਪਣੀ ਘੋੜੀ ਸੀ ਪਰ ਦੂਜਾ ਉਸ ਦੇ ਨਾਲ ਗਿਆ, ਪਠਾਣਾਂ ਦੇ ਘੋੜੇ 'ਤੇ ਸਵਾਰ ਸੀ। ਦੋ ਘੋੜੇ ਕਰਤਾਰਪੁਰੀਆਂ ਪਾਸ ਸਨ। ਗੌਤਮ ਨੇ ਇਸ ਸਮੇਂ ਘੋੜਿਆਂ ਦੀ ਗੱਲ ਤੋਰੀ ਤੇ ਕਿਹਾ, "ਇਹ ਅਸੀਂ ਕਰਤਾਰਪੁਰ ਨਹੀਂ ਲਿਜਾਣਾ ਚਾਹੁੰਦੇ। ਉਨ੍ਹਾਂ ਪਠਾਣਾਂ ਨੇ ਜ਼ਰੂਰ ਪਿੱਛੇ ਆਉਣਾ ਹੈ ਤੇ ਘੋੜਿਆਂ ਨੂੰ ਪਛਾਣ ਕੇ ਉਨ੍ਹਾਂ ਲੈ ਜਾਣੇ ਹਨ। ਉਨ੍ਹਾਂ ਦਾ ਰਾਜ ਏ, ਉਹ ਤਾਂ ਧੱਕੇ ਨਾਲ ਸਾਡੀ ਹਰ ਚੀਜ਼ 'ਤੇ ਕਬਜ਼ਾ ਕਰ ਸਕਦੇ ਹਨ, ਪਰ ਅਸੀਂ ਉਨ੍ਹਾਂ ਦੀ ਕਿਸੇ ਵਸਤ ਨੂੰ ਕਬਜ਼ੇ ਵਿਚ ਲੈ ਕੇ ਮੁਸੀਬਤ ਨਹੀਂ ਸਹੇੜ ਸਕਦੇ। ਇਸ ਲਈ ਘੋੜੇ ਤੁਸੀਂ ਸਿੰਘ ਹੀ ਲੈ ਜਾਉ।"

"ਕਿਉਂ, ਇਤਨੇ ਵਧੀਆ ਘੋੜੇ ਅਸੀਂ ਕਿਉਂ ਨਾ ਰੱਖੀਏ ?" ਬਰਛੇ ਵਾਲੇ ਬਸ਼ੰਬਰ ਨੇ ਕਿਹਾ।

"ਤੂੰ ਨਹੀਂ ਸਮਝਦਾ," ਗੌਤਮ ਨੇ ਦਲੀਲ ਦਿੱਤੀ, "ਹੁਣ ਤੇ ਐਵੇਂ ਸਾਡਾ ਦਾਅ ਲੱਗ ਗਿਆ ਏ। ਉਨ੍ਹਾਂ ਨੇ ਪਿੱਛਾ ਜ਼ਰੂਰ ਕਰਨਾ ਏ ਤੇ ਪਤਾ ਲੱਗਣੋਂ ਨਹੀਂ ਰਹਿਣਾ ਕਿ ਘੋੜੇ ਕਿਥੇ ਹਨ। ਅਸੀਂ ਘੋੜੇ ਘਰ ਲਿਜਾ ਕੇ ਬਦੋ-ਬਦੀ ਚੌਧਰੀਆਂ ਨਾਲ ਦੁਸ਼ਮਣੀ ਕਿਉਂ ਸਹੇੜ ਲਈਏ। ਸਾਡਾ ਮਕਸਦ ਕੁੜੀਆਂ ਛੁਡਾਉਣਾ ਸੀ ਤੇ ਪਰਮਾਤਮਾ ਦੀ ਬੜੀ ਕ੍ਰਿਪਾ ਹੋਈ ਜੋ ਕੁੜੀਆਂ ਵਾਪਸ ਲੈ ਆਏ ਹਾਂ। ਹੁਣ ਵੈਰ ਵਿਰੋਧ ਤੇ ਕਲੇਸ਼ ਦਾ ਕਾਰਨ ਘੋੜੇ ਘਰ ਨਹੀਂ ਲਿਜਾਣੇ ਚਾਹੀਦੇ।"

"ਤੁਸੀਂ ਨਾ ਰੱਖੋ, ਅਸੀਂ ਤੇ ਲੈ ਜਾਵਾਂਗੇ ਤੇ ਚੱਕਰਵਰਤੀ ਸਿੰਘਾਂ ਨੂੰ ਦੇ ਦਿਆਂਗੇ।" ਰਾਮ ਨਗਰ ਦੇ ਨੌਜਵਾਨ ਇਕ ਘੋੜਾ ਲੈ ਕੇ ਆਪਣੇ ਪਿੰਡ ਨੂੰ ਤੁਰ ਪਏ। ਗੌਤਮ ਤੇ ਬਸ਼ੰਬਰ ਨੇ ਕੁਝ ਮਿੰਟ ਹੋਰ ਆਪਸ ਵਿਚ ਸਲਾਹ ਮਸ਼ਵਰਾ ਕੀਤਾ ਤੇ ਅਖੀਰ ਉਹ ਇਸ ਨਤੀਜੇ 'ਤੇ ਪਹੁੰਚੇ ਕਿ ਕਰਤਾਰਪੁਰ ਨੇੜੇ ਜਾ ਕੇ ਘੋੜੇ ਛੱਡ ਦਿਆਂਗੇ। ਇਹ ਰਾਹ ਵਿਚ ਚਰਦੇ-ਚਰਾਂਦੇ ਆਪੇ ਮੁੜ ਕੋਟ ਕੜੇ ਖ਼ਾਂ ਪਹੁੰਚ ਜਾਣਗੇ। ਉਨ੍ਹਾਂ ਦਾ ਵਿਚਾਰ ਸੀ ਕਿ ਘੋੜਾ ਬੜਾ ਸਿਆਣਾ ਜਾਨਵਰ ਹੈ। ਇਹਨੂੰ ਖੁੱਲ੍ਹਾ ਛੱਡ ਦਿਉ ਤਾਂ ਵੀ ਇਹ ਆਪਣੇ ਟਿਕਾਣੇ ਪਹੁੰਚ ਜਾਂਦਾ ਏ, ਭਾਵੇਂ ਉਹ ਕਿੰਨਾ ਵੀ ਦੂਰ ਕਿਉਂ ਨਾ ਹੋਵੇ। ਰਾਤ ਦਾ ਹਨੇਰਾ ਪਸਰ ਰਿਹਾ ਸੀ, ਜਦ ਦੋਵੇਂ ਕਰਤਾਰਪੁਰ ਪਹੁੰਚ ਗਏ। ਨਗਰ ਦੇ ਬਾਹਰਵਾਰ ਹੀ ਉਨ੍ਹਾਂ ਘੋੜੇ ਛੱਡ ਦਿੱਤੇ ਤੇ ਉਸੇ ਰਾਹ ਪਾ ਦਿੱਤੇ, ਜਿਸ ਰਾਹੇ ਆਏ ਸਨ। ਆਪ ਤੇਜ਼ ਕਦਮ ਪੁੱਟਦੇ ਕਰਤਾਰਪੁਰ ਦੀਆਂ ਗਲੀਆਂ ਵਿਚ ਆ ਵੜੇ।

ਦੋਹਾਂ ਨੇ ਗਲੀ ਦੇ ਸਿਰੇ 'ਤੇ ਖੜੇ ਹੋ ਕੇ ਮੁੜ ਗੱਲ ਕੀਤੀ ਕਿ ਨਗਰ ਵਿਚ ਤਾਂ ਰੌਲਾ ਪਿਆ ਹੋਏਗਾ। ਹਰ ਕੋਈ ਜਾਂਦਿਆਂ ਪੁੱਛੇਗਾ ਕਿ ਕਿਥੇ ਗਏ ਸੀ ? ਕੁੜੀਆਂ ਲੱਭੀਆਂ ਕਿ ਨਹੀਂ ? ਕਿਹੜੇ ਪਿੰਡ ਦੇ ਬਦਮਾਸ਼ ਸਨ ? ਉਹ ਡਰਨ ਲੱਗ ਪਏ ਕਿ ਜੇਕਰ ਉਨ੍ਹਾਂ ਕੋਟ ਕੜੇ ਖ਼ਾਂ

ਾ ਨਾਮ ਲਿਆ ਤਾਂ ਗੱਲ ਮੁੜ ਕੇ ਚੌਧਰੀਆਂ ਤਕ ਪਹੁੰਚ ਜਾਏਗੀ। ਇਸ ਲਈ ਅਜਿਹੀ ਕਹਾਣੀ ਘੜ ਕੇ ਦੱਸਣੀ ਚਾਹੀਦੀ ਹੈ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ। ਉਨ੍ਹਾਂ ਨੇ ਫ਼ੈਸਲਾ ਕਰ ਲਿਆ ਕਿ ਉਹ ਜਾ ਕੇ ਹਰ ਕਿਸੇ ਨੂੰ, ਇਥੋਂ ਤਕ ਕਿ ਆਪਣੀਆਂ ਜ਼ਨਾਨੀਆਂ ਤੇ ਪਰਵਾਰਾਂ ਨੂੰ ਵੀ ਇਹੀ ਦੱਸਣਗੇ ਕਿ ਉਨ੍ਹਾਂ ਤੋਂ ਪਹਿਲਾਂ ਸਿੰਘਾਂ ਦਾ ਕੋਈ ਜਥਾ ਟੱਕਰ ਪਿਆ ਸੀ ਤੇ ਉਹ ਲੜ ਕੇ ਕੁੜੀਆਂ ਛੁਡਾ ਲਿਆਏ ਸਨ। ਉਨ੍ਹਾਂ ਨੂੰ ਤਾਂ ਉਹ ਵਾਪਸ ਮੁੜਦੇ ਮਿਲੇ ਸਨ ਇਸ ਲਈ ਉਹ ਰਾਮ ਨਗਰ ਤੋਂ ਅੱਗੇ ਹੀ ਨਹੀਂ ਗਏ। ਸਿੰਘ ਹੀ ਉਨ੍ਹਾਂ ਕੁੜੀਆਂ ਨੂੰ ਘਰ ਛੱਡਣ ਗਏ ਹਨ। ਸਾਨੂੰ ਤਾਂ ਉਨ੍ਹਾਂ ਨਾਲ ਹੀ ਨਹੀਂ ਖੜਿਆ। ਇਉਂ ਗੱਲ-ਬਾਤ ਗੋਲ-ਮੋਲ ਹੀ ਰਹੇਗੀ।

ਜਦ ਗੌਤਮ ਘਰ ਪਹੁੰਚਿਆ ਤਾਂ ਉਹਦੀ ਵਹੁਟੀ ਨਿਰਮਲ ਦਰਵਾਜ਼ੇ ਦੀ ਚੁਗਾਠ 'ਤੇ ਬੈਠੀ ਰੋਈ ਜਾ ਰਹੀ ਸੀ। ਉਹਨੇ ਰੋ ਰੋ ਕੇ ਅੱਖਾਂ ਵੀ ਸੁਜਾ ਲਈਆਂ ਸਨ। ਗਲੀ ਦੀਆਂ ਦੋ-ਤਿੰਨ ਜ਼ਨਾਨੀਆਂ ਉਹਦੇ ਕੋਲ ਖੜੀਆਂ ਸਨ। ਇਉਂ ਲੱਗਦਾ ਸੀ ਕਿ ਜਦੋਂ ਦਾ ਗੌਤਮ ਗਿਆ ਸੀ, ਇਹ ਇਥੇ ਹੀ ਖੜੀਆਂ ਸਨ। ਇਨ੍ਹਾਂ ਨੇ ਕੁੜੀਆਂ 'ਤੇ ਇਉਂ ਹਮਲਿਆਂ ਦੀਆਂ ਦਰਜਨਾਂ ਘਟਨਾਵਾਂ ਗਿਣ ਛੱਡੀਆਂ। ਇਕ ਨੇ ਕਿਹਾ ਕਿ ਜੇਕਰ ਇਕ ਰਾਤ ਕੁੜੀਆਂ ਬਾਹਰ ਰਹਿ ਆਈਆਂ ਤਾਂ ਉਹਨਾਂ ਨੂੰ ਮੁੜ ਘਰ ਵਿਚ ਵੀ ਕਿਸੇ ਨੇ ਨਹੀਂ ਝੱਲਣਾ। ਇਸੇ ਤਰ੍ਹਾਂ ਉਹਦੇ ਪੇਕਿਆਂ ਦੇ ਪਿੰਡ ਵਿਚ ਹੋਇਆ ਸੀ। ਕੁੜੀ ਵਿਚਾਰੀ ਦਾ ਕੀ ਦੋਸ਼ ਪਰ ਉਹਨੂੰ ਮਾਪੇ ਮੁੜ ਘਰ ਰੱਖਣ ਲਈ ਤਿਆਰ ਵੀ ਨਹੀਂ ਸਨ ਹੋਏ। ਦੂਜੀ ਨੇ ਹੋਰ ਘਟਨਾ ਸੁਣਾਈ ਕਿ ਇਸੇ ਤਰ੍ਹਾਂ ਉਹਦੇ ਨਾਨਕੇ ਪਿੰਡ ਇਕ ਕੁੜੀ ਬਦਮਾਸ਼ ਚੁੱਕ ਕੇ ਲੈ ਗਏ ਤੇ ਜਦ ਉਹ ਦੋ ਚਾਰ ਦਿਨਾਂ ਪਿੱਛੋਂ ਮੁਸ਼ਕਲ ਨਾਲ ਛੁਡਾ ਕੇ ਲਿਆਂਦੀ ਤਾਂ ਉਹਦੇ ਸਰੀਰ ਦਾ ਰਾਕਸ਼ਾਂ ਨੇ ਬੁਰਾ ਹਾਲ ਕਰ ਦਿੱਤਾ ਸੀ। ਉਹਦੀਆਂ ਗਲ੍ਹਾਂ 'ਤੇ ਕਿੱਡੇ ਕਿੱਡੇ ਨਿਸ਼ਾਨ ਪਏ ਹੋਏ ਸਨ। ਕਈ ਹਫ਼ਤੇ ਉਹਨੂੰ ਮੂੰਹ ਢੱਕ ਕੇ ਰੱਖਣਾ ਪਿਆ ਸੀ।

ਆਪਣੇ ਵੱਲੋਂ ਤਾਂ ਜ਼ਨਾਨੀਆਂ ਨਿਰਮਲ ਨਾਲ ਹਮਦਰਦੀ ਪ੍ਰਗਟ ਕਰ ਰਹੀਆਂ ਸਨ ਪਰ ਉਨ੍ਹਾਂ ਦੀਆਂ ਗੱਲਾਂ ਨਿਰਮਲ ਨੂੰ ਢਾਰਸ ਬੰਨ੍ਹਾਣ ਦੀ ਥਾਂ ਉਲਟਾ ਢਾਊ ਅਸਰ ਕਰ ਰਹੀਆਂ ਸਨ। ਉਹ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਹੋਰ ਨਿਰਾਸ਼ ਹੁੰਦੀ। ਉਹਨੂੰ ਬੱਤੋ ਤੇ ਦੀਪੋ ਦੀਆਂ ਤਸਵੀਰਾਂ ਮੁੜ ਮੁੜ ਅੱਖਾਂ ਸਾਹਮਣੇ ਆਉਂਦੀਆਂ। ਉਹ ਸੋਚਾਂ ਦੇ ਸਾਗਰ ਵਿਚ ਡੁੱਬ ਜਾਂਦੀ ਤੇ ਫਿਰ ਇਕ ਲੰਮਾ ਹਉਕਾ ਲੈ ਕੇ ਉਹਦੇ ਅੰਦਰਲੇ ਹਾਵ-ਭਾਵ ਨੈਣਾਂ-ਰਾਹੀਂ ਨੀਰ ਬਣ ਕੇ ਬਾਹਰ ਵਗ ਤੁਰਦੇ।

ਗੌਤਮ ਨੂੰ ਸਾਹਮਣੇ ਆਉਂਦਿਆਂ ਦੇਖ ਕੇ ਨਿਰਮਲ ਦੇ ਸਾਹ ਵਿਚ ਸਾਹ ਆਇਆ। ਉਸ ਨੂੰ ਕੁੜੀਆਂ ਦੀ ਚਿੰਤਾ ਦੇ ਨਾਲ ਹੀ ਗੌਤਮ ਦੀ ਵੀ ਚਿੰਤਾ ਲੱਗੀ ਹੋਈ ਸੀ, ਜਿਹਨੂੰ ਉਹ ਆਪ ਬਦਮਾਸ਼ਾਂ ਪਿੱਛੇ ਤੋਰ ਕੇ ਆਈ ਸੀ। ਉਸ ਵੇਲੇ ਉਹਦੇ ਮਨ 'ਤੇ ਕੁੜੀਆਂ ਚੁੱਕੇ ਜਾਣ ਦਾ ਭਾਰ ਸੀ ਪਰ ਪਿੱਛੋਂ ਉਹਦੇ ਮਨ 'ਤੇ ਗੌਤਮ ਦਾ ਭਾਰ ਪੈ ਗਿਆ। ਉਹਨੇ ਕਿਤਨੀਆਂ ਹੀ ਸੁੱਖਾਂ ਗੌਤਮ ਦੇ ਸੁੱਖੀ-ਸਾਂਦੀ ਘਰ ਮੁੜ ਆਉਣ ਦੀਆਂ ਥੋੜ੍ਹੇ ਜਿਹੇ ਸਮੇਂ ਵਿਚ ਹੀ ਸੁੱਖ ਛੱਡੀਆਂ। ਕੁੜੀਆਂ ਬਾਰੇ ਵੀ ਉਹਨੇ ਪਰਮਾਤਮਾ ਅੱਗੇ ਕਈ ਵਾਰ ਅਰਦਾਸ ਕੀਤੀ।

ਗੌਤਮ ਦੇ ਚਿਹਰੇ ਤੋਂ ਨਿਰਮਲ ਨੇ ਦੂਰੋਂ ਹੀ ਪੜ੍ਹ ਲਿਆ ਕਿ ਉਹ ਨਿਰਾਸ਼ ਨਹੀਂ, ਘਾਬਰਿਆ ਹੋਇਆ ਜ਼ਰੂਰ ਪ੍ਰਤੀਤ ਹੁੰਦਾ ਸੀ। ਨੇੜੇ ਆਉਂਦਿਆਂ ਉਹਨੇ ਪੁੱਛਿਆ, "ਕੁਝ ਲੱਗਾ ਪਤਾ?"

"ਆਹੋ, ਕੁੜੀਆਂ ਘਰ ਪਹੁੰਚ ਗਈਆਂ ਨੇ," ਗੌਤਮ ਨੇ ਗੱਲ ਛੇਤੀ ਮੁਕਾਣ ਲਈ ਕਹਿ ਦਿੱਤਾ।

"ਤੁਸੀਂ ਛੱਡ ਕੇ ਆਏ ਹੋ ?" ਨਿਰਮਲ ਦਾ ਅਗਲਾ ਸਵਾਲ ਸੀ।

"ਨਹੀਂ, ਜਿਨ੍ਹਾਂ ਨੇ ਛੁਡਾਈਆਂ ਸਨ।"

"ਉਹ ਕੌਣ ਨੇ ?" ਇਕ ਹੋਰ ਜ਼ਨਾਨੀ ਕੋਲੋਂ ਬੋਲ ਪਈ।

"ਪ੍ਰਭੂ ਨੇ ਆਪ ਹੀ ਭੇਜ ਦਿੱਤੇ ਸਨ," ਗੌਤਮ ਨੇ ਉੱਤਰ ਦਿੱਤਾ। ਦੋਵੇਂ ਹੱਥ ਜੋੜ ਕੇ ਉਪਰ ਆਕਾਸ਼ ਵੱਲ ਦੇਖਦਿਆਂ ਕਹਿਣ ਲੱਗਾ, "ਬਸ ਇਹ ਸਮਝ ਲਉ ਕਿ ਦਰੋਪਤੀ ਦੀ ਲਾਜ ਰੱਖਣ ਵਾਂਗੂੰ ਪਰਮਾਤਮਾ ਨੇ ਦੋਹਾਂ ਕੁੜੀਆਂ ਦੀ ਪੱਤ ਬਚਾ ਲਈ ਏ। ਸਿੰਘਾਂ ਦਾ ਜਥਾ ਲਾਗਿਉਂ ਪਿਆ ਲੰਘਦਾ ਸੀ, ਕੁੜੀਆਂ ਦੀਆਂ ਚੀਕਾਂ ਤੇ ਰੋਣ ਦੀ ਆਵਾਜ਼ ਸੁਣ ਕੇ ਪਹੁੰਚ ਗਿਆ ਤੇ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉਹ ਛੁਡਾ ਕੇ ਲਈ ਆਉਂਦੇ ਸਨ।"

"ਹੁਣ ਕਿਥੇ ਨੇ ਕੁੜੀਆਂ ?" ਇਕ ਹੋਰ ਜ਼ਨਾਨੀ ਬੋਲ ਪਈ। ਗੌਤਮ ਨੂੰ ਉਹਦੇ ਸਵਾਲ ਤੋਂ ਖਿਝ ਜਿਹੀ ਆ ਗਈ ਤੇ ਉਹਨੇ ਕਿਹਾ, "ਜਿਨ੍ਹਾਂ ਛੁਡਾਈਆਂ, ਉਹੀ ਘਰ ਵੀ ਪਹੁੰਚਾ ਆਏ ਨੇ।" ਨਿਰਮਲ ਉੱਠ ਕੇ ਅੰਦਰ ਚਲੀ ਗਈ ਤਾਕਿ ਬਾਹਰੋਂ ਆਏ ਗੌਤਮ ਨੂੰ ਕੋਈ ਪਾਣੀ ਤੇ ਦੁੱਧ ਆਦਿ ਦੇਵੇ ਤੇ ਮੁੜ ਉਹਦੇ ਲਈ ਰੋਟੀ ਤਿਆਰ ਕਰੇ। ਜਦੋਂ ਦਾ ਕੁੜੀਆਂ ਦਾ ਫੜੇ ਜਾਣਾ ਸੁਣਿਆ ਸੀ, ਉਹਦੇ ਪਿੱਛੋਂ ਉਹਨੇ ਰੋਟੀ-ਟੁੱਕਰ ਦਾ ਕੋਈ ਕੰਮ ਨਹੀਂ ਸੀ ਕੀਤਾ। ਜਿਥੇ ਕੰਮ ਛੱਡਿਆ, ਉਸੇ ਤਰ੍ਹਾਂ ਪਿਆ ਸੀ। ਚੁੱਲ੍ਹੇ ਵਿਚ ਬਲਦੀ ਅੱਗ ਆਪੇ ਬੁਝ ਗਈ। ਉਹਨੂੰ ਰਾਤ ਨੂੰ ਡੰਗਰਾਂ ਦੀ ਧਾਰ ਕੱਢਣ ਦੀ ਵੀ ਸੁਧ-ਬੁਧ ਨਹੀਂ ਸੀ ਰਹੀ। ਉਹਦੇ ਉੱਠ ਜਾਣ ਨਾਲ ਗਲੀ ਦੀਆਂ ਜ਼ਨਾਨੀਆਂ ਵੀ ਆਪਣੇ ਘਰਾਂ ਨੂੰ ਤੁਰ ਗਈਆਂ। ਉੱਥ ਵੀ ਜ਼ਨਾਨੀਆਂ ਦਾ ਸੁਭਾਅ ਸੀ ਕਿ ਜਦੋਂ ਕਿਸੇ ਦਾ ਮਰਦ ਘਰ ਆ ਜਾਵੇ, ਆਸੇ ਪਾਸੇ ਦੀਆਂ ਔਰਤਾਂ ਉਸ ਘਰ ਤੋਂ ਆਪੇ ਛੇਤੀ ਤੁਰ ਜਾਂਦੀਆਂ। ਔਰਤਾਂ ਨੂੰ ਆਮ ਤੌਰ 'ਤੇ ਚੰਗਾ ਨਹੀਂ ਲੱਗਦਾ ਕਿ ਉਨ੍ਹਾਂ ਦਾ ਮਰਦ ਘਰ ਆਏ ਤੇ ਹੋਰ ਜ਼ਨਾਨੀਆਂ ਉਸ ਵੇਲੇ ਉਥੇ ਖੜੀਆਂ ਰਹਿਣ।

"ਅੱਛਾ, ਮੈਨੂੰ ਪਹਿਲਾਂ ਸਾਰੀ ਗੱਲ ਵਿਸਥਾਰ ਨਾਲ ਦੱਸੋ ?" ਨਿਰਮਲ ਨੇ ਗੌਤਮ ਦੇ ਮੰਜੇ 'ਤੇ ਬੈਠਦਿਆਂ ਉਹਦੇ ਨੇੜੇ ਆ ਕੇ ਹੌਲੀ ਜਿਹੀ ਪੁੱਛਿਆ, "ਕੁੜੀਆਂ ਠੀਕ ਠਾਕ ਸਨ। ਬਦਮਾਸ਼ਾਂ ਨੇ ਕੋਈ ਖ਼ਰਾਬੀ ਤੇ ਨਹੀਂ ਕੀਤੀ ?"

"ਬਸ ਵਾਲ ਵਾਲ ਬਚ ਗਈਆਂ ਨੇ," ਗੌਤਮ ਨੇ ਉੱਤਰ ਦਿੱਤਾ, "ਮੈਂ ਤੈਨੂੰ ਸਾਰੀ ਤੱਤ ਦੀ ਗੱਲ ਦੱਸ ਦਿੱਤੀ ਏ। ਹੋਰ ਪੁੱਛਣਾ ਈ ਤਾਂ ਠਹਿਰ ਕੇ ਪੁੱਛ ਲਈਂ। ਹੁਣ ਤੇ ਮੈਨੂੰ ਭੁੱਖ ਲੱਗੀ ਏ, ਕੁਝ ਬਣਿਆ ਪਿਆ ਈ ਤਾਂ ਲਿਆ ਦੇ। ਬੜੀ ਵੱਡੀ ਬਿਪਤਾ ਟਲ ਗਈ ਏ। ਇਹ ਤਾਂ ਰੱਬ ਦੀ ਕੋਈ ਕਰਾਮਾਤ ਹੀ ਸਮਝ ਲੈ, ਜਿਹੜੀ ਸੂਲੀ ਦਾ ਕੰਡਾ ਬਣ ਗਈ ਏ।" ਨਿਰਮਲ ਰੋਟੀ ਬਣਾਉਣ ਲਈ ਉੱਠ ਗਈ।

ਉਧਰ ਜਦ ਕਿੱਕਰ ਸਿੰਘ ਤੇ ਕਸਤੂਰ ਸਿੰਘ ਦਿਆਲਪੁਰ ਦੇ ਰਾਹੇ ਪੈ ਗਏ ਤਾਂ ਬੰਤੋ ਨੇ ਕਿਹਾ, "ਭਰਾ ਜੀ, ਤੁਹਾਡੀ ਬੜੀ ਮਿਹਰਬਾਨੀ। ਸਾਡੀ ਇੱਜ਼ਤ ਬਚਾ ਲਈ ਜੇ। ਅਸੀਂ ਤਾਂ ਜਿਉਂਦੀਆਂ ਹੀ ਮਰ ਗਈਆਂ ਸਾਂ।" ਦੋ ਕੁ ਮਿੰਟ ਰੁਕ ਕੇ ਉਹ ਫਿਰ ਹੌਲੀ ਜਿਹੀ ਬੋਲੀ, ਜੋ ਦੂਜੇ ਘੋੜੇ 'ਤੇ ਸਵਾਰ ਕਸਤੂਰ ਸਿੰਘ ਤੇ ਦੀਪੋ ਨੂੰ ਨਾ ਸੁਣਾਈ ਦਿੱਤੀ। ਪਰ ਕਿੱਕਰ ਸਿੰਘ ਤਕ ਆਵਾਜ਼ ਪਹੁੰਚ ਗਈ। ਉਹਨੇ ਬੇਨਤੀ ਕੀਤੀ, "ਜ਼ਰਾ ਘੋੜੇ ਰੋਕੋ, ਇਕ ਜ਼ਰੂਰੀ ਗੱਲ ਕਰਨੀ ਏ।"

ਕਿੱਕਰ ਸਿੰਘ ਨੇ ਆਪ ਵੀ ਘੋੜਾ ਰੋਕ ਲਿਆ ਤੇ ਕਸਤੂਰ ਸਿੰਘ ਨੂੰ ਵੀ ਆਵਾਜ਼ ਦੇ ਕੇ ਘੋੜਾ ਰੁਕਵਾ ਲਿਆ।

"ਗੱਲ ਇਸ ਤਰ੍ਹਾਂ ਏ ਕਿ ਅਸੀਂ ਚੋਰੀ ਘਰ ਤੋਂ ਕਰਤਾਰਪੁਰ ਗਈਆਂ ਸਾਂ। ਇਸ ਲਈ ਤੁਸੀਂ ਦਿਆਲਪੁਰ ਕਿਸੇ ਨੂੰ ਇਹ ਨਾ ਦੱਸਣਾ ਕਿ ਅਸੀਂ ਕਰਤਾਰਪੁਰ ਲਾਗਿਉਂ ਬਦਮਾਸ਼ਾਂ ਦੇ ਕਾਬੂ ਆ ਗਈਆਂ ਸਾਂ," ਬੰਤੋ ਨੇ ਦੱਸਿਆ, "ਅਸੀਂ ਦਿਆਲਪੁਰ ਬਾਹਰ ਖੇਤਾਂ ਵਿਚ ਜਾਂਦੀਆਂ ਉਨ੍ਹਾਂ ਦੇ ਕਾਬੂ ਆ ਗਈਆਂ ਤੇ ਤੁਸੀਂ ਸਾਡੀਆਂ ਚੀਕਾਂ ਸੁਣ ਕੇ ਪਿੱਛਾ ਕਰਦਿਆਂ ਸਾਨੂੰ ਛੁਡਾ ਲਿਆਏ ਹੋ।"

"ਇਸ ਝੂਠ ਦਾ ਤੁਹਾਨੂੰ ਕੀ ਲਾਭ ਹੋਏਗਾ?" ਕਸਤੂਰ ਸਿੰਘ ਨੇ ਪੁੱਛਿਆ।

"ਸਾਨੂੰ ਦੂਹਰਾ ਲਾਭ ਏ," ਬੰਤੋ ਨੇ ਸਮਝਾਇਆ, "ਇਕ ਤਾਂ ਸਾਡੇ ਮਾਪੇ ਸਾਡੇ ਬਾਰੇ ਗਲਤ ਪ੍ਰਭਾਵ ਨਹੀਂ ਲੈਣਗੇ ਤੇ ਸਾਨੂੰ ਦੋਸ਼ੀ ਨਹੀਂ ਸਮਝਣਗੇ। ਦੂਜਾ ਲਾਭ ਇਹ ਹੈ ਕਿ ਇਹ ਮੇਰੀ ਸਹੇਲੀ ਦੀਪੋ ਏ, ਜਿਸ ਦੀ ਮੰਗਣੀ ਕਰਤਾਰਪੁਰ ਦੇ ਕਰਮੇ ਨਾਲ ਹੋਈ ਸੀ, ਜੋ ਹੁਣ ਅੰਮ੍ਰਿਤ ਲੈ ਕੇ ਸਿੰਘ ਬਣ ਗਿਆ ਏ ਤੇ ਕਰਮੇ ਦੇ ਸਿੰਘ ਬਣਨ 'ਤੇ ਇਹਦਾ ਬਾਪੂ ਕਰਤਾਰਪੁਰ ਜਾ ਕੇ ਰਿਸ਼ਤਾ ਤੋੜਨ ਦੀ ਧਮਕੀ ਦੇ ਆਇਆ ਸੀ। ਉਹ ਡਰਦਾ ਏ ਕਿ ਸਿਖ ਦੇ ਘਰ ਧੀ ਦੇਣੀ ਠੀਕ ਨਹੀਂ। ਹੁਣ ਤੁਹਾਡਾ ਸਾਡੇ 'ਤੇ ਪਰਉਪਕਾਰ ਇਹਦੇ ਬਾਪੂ ਦੇ ਵਿਚਾਰ ਬਦਲਣ ਵਿਚ ਮਦਦ ਕਰੇਗਾ। ਅਸੀਂ ਦਰਅਸਲ ਕਰਮੇ ਨੂੰ ਹੀ ਮਿਲਣ ਗਈਆਂ ਸਾਂ ਤਾਕਿ ਉਹ ਬਾਪੂ ਦੀਆਂ ਗੱਲਾਂ ਦਾ ਗੁੱਸਾ ਨਾ ਕਰੇ। ਅਸੀਂ ਉਹਨੂੰ ਹੌਲੀ ਹੌਲੀ ਮਨਾ ਲਵਾਂਗੀਆਂ ਪਰ ਸਾਡੀ ਬਦਕਿਸਮਤੀ ਉਹ ਮਿਲਿਆ ਹੀ ਨਹੀਂ ਤੇ ਅਸੀਂ ਮੁੜਦੀਆਂ ਨਵੀਂ ਬਿਪਤਾ ਵਿਚ ਪੈ ਗਈਆਂ। ਹੁਣ ਜੇ ਇਹ ਗੱਲ ਸਾਡੇ ਮਾਂ-ਪਿਉ ਤੇ ਭਰਾਵਾਂ ਨੂੰ ਪਤਾ ਲੱਗ ਗਈ ਤਾਂ ਉਹਨਾਂ ਸਾਡਾ ਗਲਾ ਘੁੱਟ ਕੇ ਮਾਰ ਦੇਣਾ ਏ।"

"ਚਲੋ, ਹੁਣ ਚੱਲੀਏ," ਕਿੱਕਰ ਸਿੰਘ ਨੇ ਕਿਹਾ, "ਉਤੋਂ ਰਾਤ ਪੈ ਗਈ ਏ ਤੇ ਪਿੰਡ ਵਾਲੇ ਤੁਹਾਨੂੰ ਲੱਭਦੇ ਫਿਰਦੇ ਹੋਣਗੇ। ਤੁਹਾਡੀ ਗੱਲ ਸਮਝ ਲਈ ਏ, ਅਸੀਂ ਝੂਠ ਮਾਰਨਾ ਛੱਡ ਚੁੱਕੇ ਹਾਂ। ਸਾਨੂੰ ਸੱਚੀ ਗੱਲ ਕਰਨ ਦੀ ਆਦਤ ਏ ਪਰ ਤੁਹਾਡੀ ਖ਼ਾਤਰ ਸਾਨੂੰ ਇਥੇ ਝੂਠ ਬੋਲਣਾ ਹੀ ਪਏਗਾ।"

ਜਦ ਇਹ ਦਿਆਲਪੁਰ ਪਹੁੰਚੇ ਤਾਂ ਅੱਗੋ ਪਿੰਡ ਵਿਚ ਹਰ ਗਲੀ ਦੇ ਮੋੜ 'ਤੇ ਲੋਕ ਖੜੇ ਇਨ੍ਹਾਂ ਕੁੜੀਆਂ ਬਾਰੇ ਹੀ ਗੱਲਾਂ ਕਰ ਰਹੇ ਸਨ। ਕੁੜੀਆਂ ਨੇ ਰਾਹ ਦੱਸਿਆ ਤੇ ਦੋਵੇਂ ਘੋੜੇ ਸਿੱਧੇ ਸ਼ਾਮੂ ਸ਼ਾਹ ਦੇ ਘਰ ਅੱਗੇ ਜਾ ਖੜੇ ਹੋਏ। ਆਲੇ ਦੁਆਲੇ ਦੇ ਘਰਾਂ ਵਾਲੇ ਝੱਟ ਭੱਜੇ ਆਏ। ਕੁੜੀਆਂ ਨੂੰ ਠੀਕ ਠਾਕ ਦੇਖ ਕੇ ਸਭ ਦੀ ਤਸੱਲੀ ਹੋਈ ਪਰ ਸਭ ਹੀ ਉਤਸੁਕ ਸਨ, ਇਹ ਜਾਣਨ ਲਈ ਕਿ ਹੋਇਆ ਕੀ ਸੀ? ਜ਼ਨਾਨੀਆਂ ਕੁੜੀਆਂ ਦੁਆਲੇ ਤੇ ਮਰਦ ਸਿੰਘਾਂ ਦੁਆਲੇ ਹੋ ਗਏ। ਸਭ ਨੇ ਉਸੇ ਤਰ੍ਹਾਂ ਦੀ ਗੱਲ ਘੜੀ-ਘੜਾਈ ਸੁਣਾ ਦਿੱਤੀ, ਜਿਸ ਤਰ੍ਹਾਂ ਦੀ ਉਹ ਪਹਿਲਾਂ ਸੋਚ ਕੇ ਆਏ ਸਨ।

ਸ਼ਾਮੂ ਸ਼ਾਹ ਸਿੰਘਾਂ ਦੇ ਪੈਰੀਂ ਪੈ ਗਿਆ। ਕਹਿਣ ਲੱਗਾ, "ਤੁਸੀਂ ਤੇ ਮੇਰੀ ਪੱਤ ਰੱਖ ਲਈ। ਤੁਸੀਂ ਤਾਂ ਭਗਵਾਨ ਦਾ ਰੂਪ ਜੇ। ਤੁਸੀਂ ਨਾ ਪਹੁੰਚਦੇ ਤਾਂ ਸਾਡੀਆਂ ਕੁੜੀਆਂ ਸਦਾ ਲਈ ਸਾਡੇ ਤੋਂ ਖੋਹੀਆਂ ਜਾਂਦੀਆਂ। ਇਹ ਮਾਸ ਇੱਲਾਂ ਦੇ ਆਲ੍ਹਣੇ ਪਹੁੰਚ ਗਿਆ ਸੀ।"

"ਅਸੀਂ ਚੱਲਦੇ ਹਾਂ," ਕਿੱਕਰ ਸਿੰਘ ਨੇ ਉੱਤਰ ਦਿੱਤਾ, "ਸਾਡਾ ਤਾਂ ਇਹ ਫ਼ਰਜ਼ ਸੀ। ਸਿੰਘ ਹੋ ਕੇ ਇਹੀ ਤਾਂ ਗੁਰੂ ਤੋਂ ਸਿੱਖਿਆ ਏ ਕਿ ਚੰਗੇ ਕੰਮ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹਟਣਾ। ਅਸੀਂ ਕੁੜੀਆਂ ਦੀਆਂ ਚੀਕਾਂ ਸੁਣੀਆਂ ਤੇ ਸਾਨੂੰ ਆਪਨਾ ਕੰਮ ਭੁੱਲ ਗਿਆ। ਅਸੀਂ ਕਿਧਰੇ ਜ਼ਰੂਰੀ ਪਹੁੰਚਣਾ ਸੀ, ਪਰ ਜਦ ਇਹ ਮਾਮਲਾ ਸਾਹਮਣੇ ਆ ਗਿਆ ਤਾਂ ਪਹਿਲ ਇਸ ਨੂੰ ਦੇਣੀ ਪਈ। ਹੁਣ ਅਸੀਂ ਆਪਣੇ ਟਿਕਾਣੇ ਪਹੁੰਚਣਾ ਏ।"

"ਨਹੀਂ ਜੀ, ਅਸੀਂ ਰੋਟੀ ਪਾਣੀ ਖਾਧੇ ਬਿਨਾ ਨਹੀਂ ਜਾਣ ਦੇਣਾ," ਸ਼ਾਮੂ ਸ਼ਾਹ ਨੇ ਹੱਥ

ਜੋੜ ਕੇ ਬੇਨਤੀ ਕੀਤੀ, "ਰਾਤ ਇਥੇ ਆਰਾਮ ਕਰੋ ਤੇ ਫਿਰ ਜਿਥੇ ਮਰਜ਼ੀ ਜੇ ਸਵੇਰੇ ਚਲੇ ਜਾਣਾ।"

"ਅਸੀਂ ਰਾਤ ਆਪਣੇ ਘਰੀਂ ਪਹੁੰਚਣਾ ਏ," ਕਸਤੂਰ ਸਿੰਘ ਨੇ ਕਿਹਾ, "ਫਿਰ ਅਸੀਂ ਕਰਤਾਰਪੁਰੀਏ ਕਰਮ ਸਿੰਘ ਵੱਲ ਵੀ ਜਾਣਾ ਏ। ਉਹ ਵੀ ਕਿਧਰੇ ਸਾਡੀ ਉਡੀਕ ਕਰ ਰਿਹਾ ਹੋਏਗਾ।"

"ਇਹ ਕਰਮ ਸਿੰਘ ਉਹੀ ਨਹੀਂ ਲਾਭ ਚੰਦ ਦਾ ਪੁੱਤਰ ?" ਸ਼ਾਮੂ ਸ਼ਾਹ ਨੇ ਸਪੱਸ਼ਟ ਕਰਨ ਲਈ ਪੁੱਛਿਆ। ਉਹ ਕਰਮ ਸਿੰਘ ਬਾਰੇ ਇਨ੍ਹਾਂ ਨਾਲ ਹੋਰ ਗੱਲਾਂ ਕਰਨੀਆਂ ਚਾਹੁੰਦਾ ਸੀ, ਪਰ ਫਿਰ ਇਸ ਵਿਚਾਰ ਨਾਲ ਝਕ ਗਿਆ ਕਿ ਹੁਣ ਕਰਮ ਸਿੰਘ ਉਹਦਾ ਕੀ ਲੱਗਦਾ ਏ। ਉਹ ਤਾਂ ਮੂੰਹ ਚੜ੍ਹ ਕੇ ਰਿਸ਼ਤਾ ਤੋੜਨ ਦੀ ਧਮਕੀ ਦੇ ਆਇਆ ਏ।

ਰੁਕਮਣੀ ਨੇ ਗਰਮ ਗਰਮ ਦੁੱਧ ਦੇ ਛੰਨੇ ਭਰ ਲਿਆਂਦੇ ਤੇ ਗਲੀ ਦੇ ਇਕ ਮੁੰਡੇ ਹੱਥ ਸਿੰਘਾਂ ਵੱਲ ਤੋਰ ਦਿੱਤੇ। ਸ਼ਾਮੂ ਸ਼ਾਹ ਉਨ੍ਹਾਂ ਨੂੰ ਅੰਦਰ ਲੈ ਆਇਆ। ਭੌਂਟ ਹੋਰ ਇਧਰ ਉਧਰ ਦੀਆਂ ਗੱਲਾਂ ਕਰਕੇ ਦੋਵੇਂ ਸਿੰਘ ਉੱਠ ਬੈਠੇ। ਸਾਰੀ ਗਲੀ ਦੇ ਲੋਕ ਬਾਹਰ ਮੋੜ ਤਕ ਸਿੰਘਾਂ ਨੂੰ ਛੱਡਣ ਆਏ। ਸਭ ਨੇ ਧੰਨਵਾਦ ਕੀਤਾ। ਕਿੱਕਰ ਸਿੰਘ ਹੋਰੀਂ ਆਪਣੀ ਥਾਂ ਖ਼ੁਸ਼ ਸਨ ਕਿ ਉਨ੍ਹਾਂ ਦੀ ਇਸ ਸਫਲਤਾ ਨਾਲ ਸਿੰਘਾਂ ਬਾਰੇ ਆਮ ਲੋਕਾਂ ਵਿਚ ਚੰਗਾ ਪ੍ਰਭਾਵ ਪਏਗਾ ਤੇ ਇਸ ਪਿੰਡ ਦੇ ਵੀ ਕਈ ਨੌਜਵਾਨ ਅੰਮ੍ਰਿਤ ਪਾਨ ਕਰ ਕੇ ਗੁਰੂ ਕਲਗੀਧਰ ਦੇ ਸਿੰਘ ਸੱਜ ਜਾਣਗੇ।

ਅੱਧੀ ਰਾਤ ਬੀਤ ਚੁੱਕੀ ਸੀ, ਜਦੋਂ ਦੋਵੇਂ ਸਿੰਘ ਘੋੜਿਆਂ 'ਤੇ ਸਵਾਰ ਦਿਆਲਪੁਰ ਤੋਂ ਬਾਹਰ ਨਿਕਲੇ ਤੇ ਆਪਣੇ ਪਿੰਡਾਂ ਦੇ ਰਾਹ ਪੈ ਗਏ।

8

ਚੌਧਰੀ ਦੌਲਤ ਖ਼ਾਨ ਨੂੰ ਬਹੁਤ ਹੀ ਨਮੋਸ਼ੀ ਹੋਈ। ਉਹਦੇ ਸਾਹਮਣੇ ਅੱਜ ਤਕ ਕਦੇ ਕਿਸੇ ਨੇ ਅੱਖ ਉੱਚੀ ਕਰ ਕੇ ਨਹੀਂ ਸੀ ਦੇਖਿਆ। ਪਹਿਲਾਂ ਪਹਿਲ ਉਹ ਆਪ ਬੜਾ ਵਿਭਚਾਰੀ ਹੁੰਦਾ ਸੀ। ਉਹਨੇ ਕਈ ਵਿਆਹ ਕੀਤੇ। ਇਸਲਾਮੀ ਸ਼ਰ੍ਹਾ ਉਹਨੂੰ ਚਾਰ ਵਿਆਹ ਕਰਨ ਦੀ ਆਗਿਆ ਦਿੰਦੀ ਸੀ, ਪਰ ਉਹਨੇ ਕਈਆਂ ਨੂੰ ਤਲਾਕ ਦੇ ਕੇ ਕਈ ਨਵੇਂ ਵਿਆਹ ਕਰ ਲਏ ਸਨ। ਹਿੰਦੂਆਂ ਦੀਆਂ ਕਈ ਕੁੜੀਆਂ ਉਹਨੇ ਜਬਰੀ ਆਪਣੇ ਹਰਮ ਵਿਚ ਰੱਖੀਆਂ ਤੇ ਕਈਆਂ ਨੂੰ ਮੁੜ ਕੇ ਆਪਣੇ ਸਾਥੀਆਂ ਦੇ ਘਰ ਵਸਾਇਆ। ਕੋਟ ਕੜੇ ਖ਼ਾਂ ਵਿਚ ਹਿੰਦੂਆਂ ਦੇ ਘਰ ਡੋਲੇ ਪਿੱਛੋਂ ਆਉਂਦੇ, ਪਹਿਲਾਂ ਉਹ ਚੌਧਰੀ ਦੇ ਜਾਂਦੇ। ਹੁਣ ਚੌਧਰੀ ਆਪ ਤਾਂ ਬੁੱਢਾ ਹੋ ਗਿਆ ਸੀ ਪਰ ਜਿਨ੍ਹਾਂ ਪੁੱਤਰਾਂ ਤੇ ਬਦਮਾਸ਼ਾਂ ਸਾਹਮਣੇ ਉਹ ਇਖ਼ਲਾਕ ਦਾ ਦੀਵਾ ਕੱਢ ਕੇ ਜਿਹੜੀ ਖੇਡ ਖੇਡਦਾ ਰਿਹਾ ਸੀ, ਉਹੀ ਖੇਡ ਹੁਣ ਉਹ ਖੇਡ ਰਹੇ ਸਨ। ਦੀਪੋ ਤੇ ਬੰਤੋ ਨੂੰ ਵੀ ਉਹਦੇ ਇਨ੍ਹਾਂ ਚਾਟੜਿਆਂ ਨੇ ਹੀ ਰਾਹ ਵਿਚ ਜਾਂਦਿਆਂ ਘੇਰਿਆ ਤੇ ਜ਼ਬਰਦਸਤੀ ਚੁੱਕਿਆ ਸੀ। ਉਨ੍ਹਾਂ ਦੋਹਾਂ ਕੁੜੀਆਂ ਨੂੰ ਉਸੇ ਬਾਹਰਲੀ ਹਵੇਲੀ ਵਿਚ ਡੱਕਿਆ ਸੀ, ਜਿਥੇ ਹੁਣ ਘੋੜੇ ਬੱਝਦੇ ਸਨ ਤੇ ਚੌਧਰੀ ਘੱਟ ਵੱਧ ਹੀ ਇਧਰ ਆਉਂਦਾ ਸੀ।

ਜਦ ਕੁੜੀਆਂ ਵੀ ਛੁਡਾਈਆਂ ਗਈਆਂ ਤੇ ਘੋੜੇ ਵੀ ਚੌਧਰੀ ਦੇ ਖੋਲ੍ਹੇ ਗਏ ਤਾਂ ਦੌਲਤ ਖ਼ਾਨ ਬਹੁਤ ਦੁਖੀ ਹੋਇਆ। ਦੂਜੇ ਦਿਨ ਸਵੇਰੇ ਉਹਦੇ ਦੋ ਘੋੜੇ ਤਾਂ ਆਪ ਘਰ ਪਹੁੰਚ ਗਏ ਪਰ ਦੋ ਨਾ ਮੁੜੇ। ਉਹਨੇ ਸਵੇਰੇ ਉੱਠਦਿਆਂ ਦੋ ਖੋਜੀ ਬੁਲਾਏ ਜੋ ਘੋੜਿਆਂ ਦੇ ਖੁਰਾਂ ਦੇ ਨਿਸ਼ਾਨ ਦੇਖ ਕੇ ਦੱਸ ਸਕਦੇ ਸਨ ਕਿ ਘੋੜੇ ਕਿਧਰ ਗਏ ਹਨ ਜਾਂ ਵਾਪਸ ਮੁੜ ਆਉਣ ਵਾਲੇ ਕਿਥੋਂ

ਪੁੱਜ ਜਾਂਦੇ ਸਨ। ਇਸ ਤਰ੍ਹਾਂ ਖੁਰੇ ਨੱਪਦਿਆਂ ਉਹ ਰਾਮਗੜ੍ਹ ਤਕ ਆ ਗਏ। ਚੌਧਰੀ ਤੇ ਉਹਦੇ ਨਾਲ ਵੀਹ ਕੁ ਹਥਿਆਰਬੰਦ ਬੰਦੇ ਪਿੱਛੇ ਪਿੱਛੇ ਆ ਰਹੇ ਸਨ। ਰਾਮਗੜ੍ਹ ਨੂੰ ਉਨ੍ਹਾਂ ਘੇਰ ਲਿਆ। ਇਕ ਦੇ ਘਰ ਇਕ ਘੋੜਾ ਬੱਧਾ ਸੀ। ਉਹਨੇ ਜਦ ਸੁਣਿਆ ਕਿ ਚੌਧਰੀ ਦੇ ਬੰਦੇ ਘਰ ਘਰ ਦੀ ਤਲਾਸ਼ੀ ਲੈ ਰਹੇ ਹਨ ਤਾਂ ਉਹਨੇ ਘੋੜੇ ਦਾ ਰੱਸਾ ਖੋਲ੍ਹ ਦਿੱਤਾ ਤੇ ਇਉਂ ਘਰ ਤੋਂ ਬਾਹਰ ਕੱਢ ਕੇ ਛੱਡ ਦਿੱਤਾ। ਘੋੜਾ ਬਾਹਰ ਨੂੰ ਦੌੜਿਆ, ਉਹ ਭੁੱਖਾ ਸੀ। ਚੌਧਰੀ ਦੇ ਬੰਦਿਆਂ ਨੇ ਘੋੜਾ ਬਾਹਰ ਖੇਤਾਂ ਨੂੰ ਜਾਂਦਾ ਫੜ ਲਿਆ।

ਉਹਨਾਂ ਤਲਾਸ਼ੀ ਜਾਰੀ ਰੱਖੀ। ਜਦ ਉਹ ਸ਼ਾਮੇ ਦੇ ਘਰ ਆਏ ਤਾਂ ਇਕ ਪਾਸੇ ਭੜੋਲੀ ਉੱਤੇ ਪਈ ਘੋੜੇ ਦੀ ਕਾਠੀ ਦੇਖ ਲਈ ਤੇ ਝੱਟ ਪਛਾਣ ਕੇ ਇਕ ਬੰਦੇ ਨੇ ਕਿਹਾ, "ਘੋੜਾ ਇਸ ਘਰੋਂ ਹੀ ਗਿਆ ਜੇ। ਇਹ ਦੇਖ ਲਓ ਘੋੜੇ ਦੀ ਕਾਠੀ ਪਈ ਏ ਤੇ ਨਾਲੇ ਘੋੜੇ ਦੀ ਲਿੱਦ ਪਈ ਏ। ਸ਼ਾਮਾ ਅਸਲ ਵਿਚ ਚੌਧਰੀ ਦਾ ਆਉਣਾ ਸੁਣ ਕੇ ਇਤਨਾ ਘਬਰਾ ਗਿਆ ਸੀ ਕਿ ਨਾ ਉਹਨੂੰ ਕਾਠੀ ਅੱਗੇ ਪਿੱਛੇ ਕਰਨ ਦਾ ਖ਼ਿਆਲ ਆਇਆ ਤੇ ਨਾ ਹੀ ਉਹਨੂੰ ਲਿੱਦ ਚੁੱਕਣੀ ਚੇਤੇ ਰਹੀ। ਬੱਸ ਫਿਰ ਕੀ ਸੀ। ਸ਼ਾਮੇ ਦੀ ਸ਼ਾਮਤ ਆ ਗਈ। ਝੱਟ ਉਹਨੂੰ ਚੌਧਰ ਦੇ ਸਾਹਮਣੇ ਫੜ ਕੇ ਮਾਰਨਾ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਇਤਨੀ ਦੇਰ ਤਕ ਕੁੱਟਦੇ ਰਹੇ ਜਦ ਤਕ ਕਿ ਉਹ ਬੇਹੋਸ਼ ਨਾ ਹੋ ਗਿਆ। ਉਹਦੀ ਵਹੁਟੀ ਨੇ ਤਰਲੇ ਲਏ ਤੇ ਚੌਧਰੀ ਦੀਆਂ ਮਿੰਨਤਾਂ ਵੀ ਕੀਤੀਆਂ ਪਰ ਉਹਨੇ ਇਕ ਨਾ ਸੁਣੀ। ਪਿੰਡ ਵਿਚੋਂ ਕੋਈ ਵੀ ਬੰਦਾ ਸ਼ਾਮੇ ਨੂੰ ਛੁਡਾਣ ਲਈ ਅੱਗੇ ਨਾ ਆਇਆ।

ਜਦੋਂ ਉਹਨੂੰ ਹੋਸ਼ ਆਈ ਤਾਂ ਬਾਕੀ ਦੇ ਬੰਦੇ ਜਾ ਚੁੱਕੇ ਸਨ, ਕੇਵਲ ਚਾਰ ਹਥਿਆਰਬੰਦ ਬੰਦੇ ਖੜੇ ਸਨ, ਜਿਨ੍ਹਾਂ ਨੇ ਸ਼ਾਮੇ ਨੂੰ ਫੜ ਲਿਆ ਤੇ ਕੋਟ ਕੜੇ ਖ਼ਾਂ ਲੈ ਗਏ। ਬਾਕੀ ਦੇ ਬੰਦੇ ਉਨ੍ਹਾਂ ਘੋੜਿਆਂ ਦੀਆਂ ਪੈੜਾਂ ਨੱਪਦੇ ਉਸ ਚੁਰਾਹੇ ਤਕ ਆ ਗਏ ਜਿਥੋਂ ਕਿੱਕਰ ਸਿੰਘ ਤੇ ਕਸਤੂਰ ਸਿੰਘ ਦਿਆਲਪੁਰ ਨੂੰ ਮੁੜ ਗਏ ਸਨ। ਇਥੋਂ ਘੋੜਿਆਂ ਦੇ ਖੁਰਾਂ ਦੇ ਨਿਸ਼ਾਨ ਦੋ ਪਾਸੇ ਹੋ ਗਏ ਸਨ, ਪਰ ਕਰਤਾਰਪੁਰ ਨੂੰ ਜਾਂਦੇ ਰਾਹ 'ਤੇ ਦੂਹਰੇ ਨਿਸ਼ਾਨ ਸਨ, ਜਾਣ ਦੇ ਵੀ ਤੇ ਆਉਣ ਦੇ ਵੀ। ਇਸ ਲਈ ਇਧਰ ਨੂੰ ਖੋਜੀ ਤੁਰ ਪਏ। ਅਖ਼ੀਰ ਉਹ ਉਸ ਟਿਕਾਣੇ 'ਤੇ ਆ ਗਏ ਜਿਥੇ ਪਹੁੰਚ ਕੇ ਗੌਤਮ ਤੇ ਬਸ਼ੰਬਰ ਨੇ ਘੋੜੇ ਛੱਡ ਦਿੱਤੇ ਸਨ। ਇਹ ਤਕਰੀਬਨ ਉਹੀ ਥਾਂ ਸੀ, ਜਿਥੋਂ ਇਕ ਦਿਨ ਪਹਿਲਾਂ ਦੋਵੇਂ ਕੁੜੀਆਂ ਜ਼ਬਰਦਸਤੀ ਘੇਰੀਆਂ ਸਨ। ਨਿਸ਼ਾਨ ਕਰਤਾਰਪੁਰ ਨੇੜੇ ਪਹੁੰਚ ਚੁੱਕੇ ਸਨ, ਇਸ ਲਈ ਖੋਜੀ ਕਰਤਾਰਪੁਰ ਵੱਲ ਹੀ ਆ ਗਏ।

ਨਗਰ ਦੇ ਅੰਦਰ ਵੜਦਿਆਂ ਕੁਝ ਘਰ ਲੰਘ ਕੇ ਇਕ ਚੁਰਾਹਾ ਸੀ, ਜਿਸ ਦੇ ਇਕ ਪਾਸੇ ਬੋਹੜ ਦਾ ਇਕ ਪੁਰਾਣਾ ਰੁੱਖ ਸੀ ਤੇ ਇਥੇ ਵੀ ਹਰ ਵੇਲੇ ਦੋ-ਚਾਰ ਬੰਦੇ, ਬੈਠੇ ਮਿਲ ਜਾਂਦੇ ਸਨ। ਚੌਧਰੀ ਦੌਲਤ ਖ਼ਾਨ ਦੇ ਬੰਦੇ ਜਦ ਇਸ ਬੋਹੜ ਹੇਠ ਪਹੁੰਚੇ ਤਾਂ ਕੁਦਰਤੀ ਅੱਗੇ ਉਥੇ ਰਹੀਮ ਖ਼ਾਨ ਤੇ ਅੱਲਾ ਦਿੱਤਾ ਬੈਠੇ ਸਨ। ਉਨ੍ਹਾਂ ਨੇ ਉੱਠ ਕੇ ਚੌਧਰੀ ਦੇ ਬੰਦਿਆਂ ਨੂੰ ਸਲਾਮ ਕੀਤਾ ਤੇ ਪੁੱਛਿਆ, "ਆਉ, ਅੱਜ ਕਿਧਰ ਆਉਣੇ ਹੋਏ ਨੇ ?"

"ਐਵੇਂ ਕਿਸੇ ਕੰਮ ਹੀ ਜਾ ਰਹੇ ਸਾਂ, ਸੋਚਿਆ ਝੱਟ ਸਾਹ ਕੱਢ ਲਈਏ," ਇਕ ਖੋਜੀ ਨੇ ਸਾਧਾਰਨ ਜਿਹੇ ਢੰਗ ਨਾਲ ਕਿਹਾ, "ਸਾਡੀਆਂ ਕੁਝ ਘੋੜੀਆਂ ਚੋਰੀ ਹੋ ਗਈਆਂ ਸਨ, ਉਨ੍ਹਾਂ ਦਾ ਖੁਰਾ ਤੁਹਾਡੇ ਨਗਰ ਤਕ ਆਇਆ ਏ, ਅਸੀਂ ਕਿਹਾ ਪਤਾ ਕਰਦੇ ਚੱਲੀਏ, ਸ਼ਾਇਦ ਇਥੇ ਹੀ ਨਾ ਹੋਣ।"

"ਸਾਡੇ ਕਰਤਾਰਪੁਰ ਵਿਚ ਤਾਂ ਕੋਈ ਚੋਰ ਨਹੀਂ। ਇਹ ਤਾਂ ਮਜ਼ਹਬੀ ਲੋਕਾਂ ਦਾ ਵਸਾਇਆ ਨਗਰ ਏ, ਇਥੇ ਤਾਂ ਅੱਲਾ ਦਾ ਫ਼ਜ਼ਲ ਏ, ਗੁਰੂ ਸਾਹਿਬਾਨ ਦੀ ਮਿਹਰ ਏ, ਕੋਈ ਬੰਦਾ ਅਜਿਹਾ ਮਾੜੇ ਕੰਮ ਨਹੀਂ ਕਰ ਸਕਦਾ।"

"ਅਸਲ ਗੱਲ ਇਹ ਹੈ ਕਿ ਘੋੜੇ ਖੋਲ੍ਹ ਕੇ ਲਿਆਉਣ ਵਾਲੇ ਵੀ ਤਾਂ ਸਿਖ ਹੀ ਹਨ," ਦੂਜੇ ਖੋਜੀ ਨੇ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਕਿਹਾ, "ਸਿਖ ਵੀ ਉਹ, ਜਿਹੜੇ ਅੱਜ-ਕੱਲ੍ਹ ਪੱਗਾਂ ਬੰਨ੍ਹੀ ਫਿਰਦੇ ਨੇ। ਸਾਡੇ ਬੰਦੇ ਨੇ ਦੇਖੇ ਸਨ ਤੇ ਘੋੜਿਆਂ ਦੇ ਖੁਰੇ ਵੀ ਕਰਤਾਰਪੁਰ ਤਕ ਆਏ ਹਨ।"

"ਇਥੇ ਕੋਈ ਕੱਲ੍ਹ ਦੋ ਕੁੜੀਆਂ ਚੁੱਕੀਆਂ ਗਈਆਂ ਸਨ?" ਪਹਿਲੇ ਖੋਜੀ ਨੇ ਗੱਲ-ਬਾਤ ਦਾ ਸਿਲਸਿਲਾ ਜਾਰੀ ਰੱਖਦਿਆਂ ਅਗਲਾ ਸਵਾਲ ਕਰ ਦਿੱਤਾ।

"ਉਹ ਸਾਡੇ ਨਗਰ ਦੀਆਂ ਨਹੀਂ ਸਨ," ਅੱਲਾ ਦਿੱਤਾ ਨੇ ਉੱਤਰ ਦਿੱਤਾ, "ਸੁਣਿਆ ਤਾਂ ਸੀ ਕਿ ਨਗਰ ਦੇ ਬਾਹਰੋਂ ਦੋ ਕੁੜੀਆਂ ਚੁੱਕੀਆਂ ਗਈਆਂ ਨੇ ਪਰ ਸਾਨੂੰ ਇਹ ਨਹੀਂ ਪਤਾ ਕਿ ਉਹ ਕਿਥੋਂ ਦੀਆਂ ਸਨ। ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ। ਕਿਸੇ ਵੀ ਪਿੰਡ ਦੀਆਂ ਹੋਣ, ਬੁਰਾ ਕੰਮ ਹੋਇਆ ਏ। ਅਜਿਹੀ ਬਦਮਾਸ਼ੀ ਹਾਕਮਾਂ ਤੋਂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ ਤੇ ਅਸੀਂ ਤਾਂ ਸੱਚ ਪੁੱਛੋ, ਉਨ੍ਹਾਂ ਬਾਰੇ ਹੋਰ ਜਾਣਨ ਦਾ ਵੀ ਯਤਨ ਨਹੀਂ ਕੀਤਾ।"

ਰਹੀਮ ਖ਼ਾਨ ਤੇ ਅੱਲਾ ਦਿੱਤਾ ਨੂੰ ਹੁਣ ਤਕ ਸਾਰੀ ਗੱਲ ਦਾ ਪਤਾ ਲੱਗ ਚੁੱਕਿਆ ਸੀ ਪਰ ਉਨ੍ਹਾਂ ਨੇ ਚੌਧਰੀ ਦੇ ਬੰਦਿਆਂ ਨੂੰ ਕੁਝ ਵੀ ਨਾ ਦੱਸਿਆ ਤੇ ਟਾਲ ਦਿੱਤਾ। ਘਰਾਂ ਤੋਂ ਮੰਗਵਾ ਕੇ ਉਨ੍ਹਾਂ ਮੁਸਲਮਾਨ ਭਰਾਵਾਂ ਦੀ ਦੁੱਧ ਲੱਸੀ ਨਾਲ ਸੇਵਾ ਕੀਤੀ, ਰੋਟੀ ਪਾਣੀ ਪੁੱਛਿਆ। ਫਿਰ ਵੀ ਚੌਧਰੀ ਦੇ ਬੰਦੇ ਕਰਤਾਰਪੁਰ ਤੇ ਉਹਦੇ ਆਸ-ਪਾਸ ਦੇ ਪਿੰਡਾਂ ਵਿਚ ਸਿੱਖਾਂ ਦੇ ਨਾਮ ਤੇ ਹੋਰ ਵਾਕਫ਼ੀਅਤ ਪੁੱਛਦੇ ਰਹੇ ਪਰ ਇਨ੍ਹਾਂ ਦੋਹਾਂ ਨੇ ਉਨ੍ਹਾਂ ਦੇ ਪੱਲੇ ਕੁਝ ਵੀ ਨਾ ਪਾਇਆ। ਇਹ ਵੀ ਨਾ ਪਤਾ ਲੱਗਣ ਦਿੱਤਾ ਕਿ ਉਹ ਆਪ ਗੁਰੂ ਸਾਹਿਬਾਨ ਦੇ ਸ਼ਰਧਾਲੂ ਹਨ ਤੇ ਇਉਂ ਸਿੱਖਾਂ ਨਾਲ ਉਨ੍ਹਾਂ ਦੀ ਹਮਦਰਦੀ ਹੈ।

ਸ਼ਾਮੇ ਨੂੰ ਉਨ੍ਹਾਂ ਨੇ ਬੜਾ ਮਾਰਿਆ ਤੇ ਕੋਟ ਕੜੇ ਖ਼ਾਂ ਉਸੇ ਹਵੇਲੀ ਵਿਚ ਡੱਕ ਦਿੱਤਾ, ਜਿਥੇ ਕੁੜੀਆਂ ਡੱਕੀਆਂ ਸਨ। ਸ਼ਾਮੇ ਨੇ ਬੜੇ ਤਰਲੇ ਕੀਤੇ ਤੇ ਚੀਕਾਂ ਵੀ ਮਾਰੀਆਂ। ਉਹਨੂੰ ਸੱਚਮੁੱਚ ਕੁਝ ਵੀ ਹੋਰ ਨਹੀਂ ਸੀ ਪਤਾ। ਉਹ ਤਾਂ ਜੋ ਕੁਝ ਜਾਣਦਾ ਸੀ, ਉਹ ਦੱਸ ਚੁੱਕਿਆ ਸੀ। ਉਹਨੇ ਸਿਰਫ਼ ਇਹ ਦੱਸਿਆ ਕਿ ਕੁੜੀਆਂ ਦਿਆਲਪੁਰ ਦੀਆਂ ਸਨ। ਸਿੱਖਾਂ ਨੇ ਉਨ੍ਹਾਂ ਨੂੰ ਛੁਡਾਇਆ ਤੇ ਇਹ ਘੋੜਾ ਸਿਖ ਹੀ ਉਹਨੂੰ ਦੇ ਗਏ ਸਨ। ਹੋਰ ਉਹ ਕੁਝ ਨਹੀਂ ਜਾਣਦਾ। ਉਹਨੂੰ ਇਹ ਵੀ ਨਹੀਂ ਪਤਾ ਕਿ ਸਿਖ ਕਿਥੋਂ ਦੇ ਸਨ? ਉਨ੍ਹਾਂ ਨੂੰ ਕਿਸ ਭੇਜਿਆ ਸੀ?

ਅਗਲੇਰੇ ਦਿਨ ਚੌਧਰੀ ਦੇ ਬੰਦੇ ਦਿਆਲਪੁਰ ਪਹੁੰਚ ਗਏ। ਉਨ੍ਹਾਂ ਨੇ ਜਾ ਕੇ ਮੁਸਲਮਾਨੀ ਪੱਤੀ ਵਿਚ ਡੇਰੇ ਜਾ ਲਾਏ। ਕਈ ਮੁਸਲਮਾਨਾਂ ਦੇ ਘਰ ਵਾਕਫ਼ ਸਨ। ਉਥੇ ਉਨ੍ਹਾਂ ਇਕੱਠ ਕੀਤਾ ਪਰ ਉਨ੍ਹਾਂ ਦੱਸਿਆ ਕਿ ਕੁੜੀਆਂ ਤਾਂ ਇਸੇ ਪਿੰਡ ਦੀਆਂ ਸਨ ਪਰ ਬਹੁਤਾ ਕੁਝ ਚੌਧਰੀ ਫ਼ਜ਼ਲ ਅਲੀ ਨੂੰ ਪਤਾ ਏ। ਉਨ੍ਹਾਂ ਤੋਂ ਪੁੱਛਣ ਦੀ ਗੱਲ ਹੀ ਸਿਆਣਿਆਂ ਨੇ ਕੀਤੀ। ਜਦ ਉਹ ਫ਼ਜ਼ਲ ਅਲੀ ਵੱਲ ਆਏ ਤਾਂ ਉਹ ਅੱਗੋਂ ਕਿਧਰੇ ਬਾਹਰ ਜਾਣ ਲਈ ਤਿਆਰ ਹੋ ਰਿਹਾ ਸੀ। ਉਹਨੇ ਸਭ ਨੂੰ ਬਿਠਾ ਕੇ ਪਾਣੀ-ਧਾਣੀ ਪੁੱਛਿਆ ਤੇ ਫਿਰ ਆਉਣ ਦੇ ਕਾਰਨ ਨੂੰ ਜਾਣਿਆ। ਫ਼ਜ਼ਲ ਅਲੀ ਨੇ ਦੱਸਿਆ ਕਿ ਉਹ ਦੋਵੇਂ ਕੁੜੀਆਂ ਇਸੇ ਪਿੰਡ ਦੀਆਂ ਸਨ। ਉਹ ਝੱਟ ਸਮਝ ਗਿਆ ਕਿ ਇਹ ਲੋਕ ਹੀ ਕੁੜੀਆਂ ਚੁੱਕ ਕੇ ਲਿਜਾਣ ਵਾਲੇ ਸਨ ਤੇ ਹੁਣ ਜਦੋਂ ਇਨ੍ਹਾਂ ਤੋਂ ਛੁਡਾ ਲਿਆਂਦੀਆਂ ਨੇ ਤਾਂ ਇਹ ਖਿਝੇ ਹੋਏ ਪਿੱਛੇ ਆਏ ਨੇ। ਉਹਨੂੰ ਸ਼ਾਮੂ ਸ਼ਾਹ ਆ ਕੇ ਸਭ ਗੱਲ ਦੱਸ ਗਿਆ ਸੀ ਤੇ ਨਾਲੇ ਮਾਫ਼ੀ ਮੰਗ ਗਿਆ ਸੀ ਕਿ ਉਨ੍ਹਾਂ ਐਵੇਂ ਇਸ ਮੁਸਲਮਾਨੀ ਪੱਤੀ ਦੇ ਮੁੰਡਿਆਂ 'ਤੇ ਸ਼ੱਕ ਕੀਤਾ।

ਫ਼ਜ਼ਲ ਅਲੀ ਨੇ ਉਨ੍ਹਾਂ ਨੂੰ ਝਾੜ ਪਾਂਦਿਆਂ ਕਿਹਾ, "ਜਿਸ ਵੀ ਕੁੜੀਆਂ ਚੁੱਕਣ ਦੀ

ਮਾੜੀ ਕਰਤੂਤ ਕੀਤੀ, ਉਹ ਕੋਈ ਚੰਗਾ ਬੰਦਾ ਨਹੀਂ। ਅਸੀਂ ਭਰਾਵਾਂ ਵਾਂਗ ਇਥੇ ਰਹਿ ਰਹੇ ਹਾਂ। ਇਸ ਘਟਨਾ ਕਰਕੇ ਸਾਡੀ ਹਿੰਦੂਆਂ ਮੁਸਲਮਾਨਾਂ ਦੀ ਆਪਸ ਵਿਚ ਫਿੱਕ ਪੈਣ ਲੱਗੀ ਸੀ। ਸਿਰ ਪਾਟਣ ਤਕ ਆ ਗਏ ਸਨ। ਜੇਕਰ ਦੋਵੇਂ ਪਾਸਿਉਂ ਸਿਆਣੇ ਬੰਦੇ ਵਿਚ ਨਾ ਪੈਂਦੇ ਤਾਂ ਪਤਾ ਨਹੀਂ ਕੀ ਹੋ ਜਾਂਦਾ। ਕਿੰਨਿਆਂ ਦੇ ਸਿਰ ਪਾਟ ਜਾਂਦੇ। ਰੱਬ ਦਾ ਸ਼ੁਕਰ ਏ ਕਿ ਕੁੜੀਆਂ ਘਰ ਆ ਗਈਆਂ। ਸਾਡੀ ਸਾਰਿਆਂ ਦੀ ਇੱਜ਼ਤ ਰਹਿ ਗਈ।"

"ਤੁਹਾਡੀ ਇਨ੍ਹਾਂ ਕਾਫ਼ਰਾਂ ਨਾਲ ਇਤਨੀ ਬਣਦੀ ਏ ? ਤੁਸੀਂ ਕਾਹਦੇ ਮੋਮਨ ਹੋਏ !" ਵਿਅੰਗ ਨਾਲ ਖਿਝੇ ਹੋਏ ਇਕ ਬੰਦੇ ਨੇ ਕਿਹਾ।

"ਉਹ ਕਾਹਦੇ ਮੋਮਨ ਨੇ, ਜਿਹੜੇ ਦੂਜੇ ਦੀ ਇੱਜ਼ਤ ਨੂੰ ਰਾਹ ਜਾਂਦਿਆਂ ਹੱਥ ਪਾਉਂਦੇ ਨੇ," ਫ਼ਜ਼ਲ ਅਲੀ ਨੇ ਨਿਧੜਕ ਹੋ ਕੇ ਆਖਿਆ, "ਤੁਸੀਂ ਹੁਣ ਦੱਸੋ ਕਿ ਆਏ ਕਿਧਰ ਹੋ ?"

"ਅਸੀਂ ਇਹ ਪਤਾ ਕਰਨਾ ਏ ਕਿ ਕੁੜੀਆਂ ਛੁਡਾ ਕੇ ਕੌਣ ਲਿਆਏ ਨੇ ? ਕੁੜੀਆਂ ਦੇ ਮਾਪਿਆਂ ਨਾਲ ਉਨ੍ਹਾਂ ਦਾ ਕੀ ਸੰਬੰਧ ਏ ? ਉਹ ਸਾਡੇ ਘੋੜੇ ਵੀ ਚੋਰੀ ਕਰ ਲਿਆਏ ਨੇ," ਦੂਜਾ ਬੰਦਾ ਬੋਲਿਆ।

"ਉਹ ਤਾਂ ਪਤਾ ਨਹੀਂ ਕਿਥੋਂ ਦੇ ਸਿਖ ਸਨ," ਫ਼ਜ਼ਲ ਅਲੀ ਨੇ ਦੱਸਿਆ, "ਫ਼ਰਿਸ਼ਤੇ ਸਨ, ਜਿਹੜੇ ਧੀਆਂ ਭੈਣਾਂ ਦੀ ਇੱਜ਼ਤ ਬਚਾ ਲਿਆਏ। ਚੌਧਰੀ ਨੂੰ ਸਾਡਾ ਸੁਨੇਹਾ ਦੇ ਦੇਣਾ ਕਿ ਜਿਨ੍ਹਾਂ ਵੀ ਮੁੰਡਿਆਂ ਨੇ ਸਾਡੇ ਪਿੰਡ ਆਣ ਕੇ ਇਹ ਕਰਤੂਤ ਕੀਤੀ ਏ, ਉਨ੍ਹਾਂ ਚੰਗਾ ਨਹੀਂ ਕੀਤਾ। ਇਹ ਭਾਜੀ ਉਨ੍ਹਾਂ ਨੂੰ ਮਹਿੰਗੀ ਪਵੇਗੀ। ਰੱਬ ਦਾ ਦਿੱਤਾ ਚੌਧਰੀ ਨੂੰ ਸਭ ਕੁਝ ਏ। ਉਹਨੇ ਆਪਣੀ ਜਵਾਨੀ ਵਿਚ ਬਥੇਰੀਆਂ ਖਰਮਸਤੀਆਂ ਕਰ ਲਈਆਂ ਨੇ, ਹੁਣ ਅੱਗੋਂ ਔਲਾਦ ਨੂੰ ਉਸੇ ਰਾਹ ਪੈਣ ਤੋਂ ਰੋਕਣਾ ਚਾਹੀਦਾ ਏ।"

"ਅਸੀਂ ਤੇ ਤੁਹਾਡੀ ਮਦਦ ਲੈਣ ਆਏ ਸਾਂ, ਪਰ ਤੁਸੀਂ ਤਾਂ ਉਲਟਾ ਸਾਨੂੰ ਹੀ ਕੋਸਣ ਲੱਗ ਪਏ ਹੋ," ਇਕ ਖੋਜੀ ਨੇ ਕਿਹਾ, "ਚੌਧਰੀ ਸਾਡਾ ਅਜਿਹੀਆਂ ਗੱਲਾਂ ਸੁਣਨ ਦਾ ਆਦੀ ਨਹੀਂ ਤੇ ਨਾ ਹੀ ਅਸੀਂ ਉਹਨੂੰ ਕੋਈ ਸਲਾਹ ਦੇ ਸਕਦੇ ਹਾਂ। ਅਸੀਂ ਉਨ੍ਹਾਂ ਸਿੱਖਾਂ ਦਾ ਪਤਾ ਕਰਨ ਨਿਕਲੇ ਹਾਂ, ਜਿਨ੍ਹਾਂ ਸਾਡੇ 'ਤੇ ਹਮਲਾ ਕੀਤਾ ਏ। ਤੁਸੀਂ ਜੇ ਪਤਾ ਦੇ ਸਕਦੇ ਹੋ ਤਾਂ ਦੱਸੋ, ਨਹੀਂ ਤਾਂ ਅਸੀਂ ਹੋਰ ਕਿਸੇ ਨੂੰ ਜਾ ਮਿਲਦੇ ਹਾਂ।"

ਇਹ ਗੱਲ ਫ਼ਜ਼ਲ ਅਲੀ ਨੂੰ ਚੰਗੀ ਨਾ ਲੱਗੀ। ਉਹਨੂੰ ਇਉਂ ਜਾਪਿਆ, ਜਿਸ ਤਰ੍ਹਾਂ ਧਮਕੀ ਦੇ ਰਹੇ ਹਨ। ਜਦ ਇਸ ਤਰ੍ਹਾਂ ਕਿਸੇ ਦੀ ਗੱਲ ਲਗੇ ਤਾਂ ਮਨੁੱਖ ਸਾਧਾਰਨ ਤੌਰ 'ਤੇ ਵੀ ਗੁੱਸੇ ਵਿਚ ਆ ਜਾਂਦਾ ਹੈ। ਡਰਪੋਕ ਤੇ ਯਰਕੂ ਤਾਂ ਹੱਥ ਜੋੜ ਕੇ ਮਾਫ਼ੀਆਂ ਮੰਗਣ ਤੇ ਅਗਲੇ ਨੂੰ ਠੰਡਾ ਕਰਨ ਪੈਂਦੇ ਹਨ ਪਰ ਅਣਖੀ ਬੰਦੇ ਝੱਟ ਅੱਗੋਂ ਚੈਲਿੰਜ ਕਬੂਲ ਕਰਨ ਤਕ ਜਾਂਦੇ ਹਨ। ਫ਼ਜ਼ਲ ਅਲੀ ਵੀ ਇਸ ਦੂਜੇ ਵਰਗ ਦਾ ਹੀ ਮਨੁੱਖ ਸੀ। ਉਹਨੇ ਥੋੜ੍ਹੇ ਜਿਹੇ ਕਰੜੇ ਢੰਗ ਨਾਲ ਆਖਿਆ, "ਮੈਂ ਬਈ ਕਦੋਂ ਤੁਹਾਨੂੰ ਸੱਦਿਆ ਏ। ਤੁਸੀਂ ਆਪ ਹੀ ਆਏ ਹੋ, ਜੇਕਰ ਹੋਰ ਕਿਧਰੋਂ ਵਧੇਰੇ ਮਦਦ ਮਿਲ ਸਕਦੀ ਏ ਤਾਂ ਬੇਸ਼ੱਕ ਲੈ ਲਉ, ਪਰ ਇਕ ਗੱਲ ਧਿਆਨ ਨਾਲ ਸੁਣ ਲਓ, ਅਸੀਂ ਆਪਣੇ ਪਿੰਡ ਵਿਚ ਕੋਈ ਕਲੇਸ਼ ਨਹੀਂ ਜੇ ਖੜਾ ਹੋਣ ਦੇਣਾ। ਜੇਕਰ ਚੌਧਰੀ ਨੇ ਗੁੱਸਾ ਕੱਢਣਾ ਏ ਤਾਂ ਹੋਰ ਕਿਧਰੇ ਕੱਢ ਲਵੇ। ਅਸੀਂ ਤਾਂ ਪਿੰਡ ਦੇ ਬਾਸ਼ਿੰਦਿਆਂ ਦੇ ਨਾਲ ਹਾਂ।"

ਫ਼ਜ਼ਲ ਅਲੀ ਨੇ ਉਨ੍ਹਾਂ ਦੇ ਹੱਥ ਪੱਲੇ ਕੁਝ ਨਾ ਫੜਾਇਆ ਤੇ ਤੋਰ ਦਿੱਤਾ। ਉਨ੍ਹਾਂ ਨੇ ਬਾਹਰ ਨਿਕਲ ਕੇ ਕੁਝ ਹੋਰ ਲੋਕਾਂ ਨਾਲ ਗੱਲ-ਬਾਤ ਕੀਤੀ ਤੇ ਇਹ ਪਤਾ ਕਰ ਕੇ ਚਲੇ ਗਏ ਕਿ ਉਨ੍ਹਾਂ ਕੁੜੀਆਂ ਵਿਚ ਇਕ ਸ਼ਾਮੂ ਸ਼ਾਹ ਦੀ ਲੜਕੀ ਸੀ। ਉਹ ਇਹ ਕਹਿ ਗਏ ਕਿ ਚੌਧਰੀ ਆਪੇ ਸ਼ਾਮੂ ਸ਼ਾਹ ਨੂੰ ਬੁਲਾ ਕੇ ਪੁੱਛ ਲਏਗਾ ਕਿ ਸਿਖ ਕੌਣ ਸਨ ਜਿਹੜੇ ਘੋੜੇ

ਚੋਰੀ ਕਰ ਲਿਆਏ ਸਨ। ਉਹ ਪਿੰਡ ਤੋਂ ਬਾਹਰ ਨਿਕਲੇ ਹੀ ਸਨ ਕਿ ਫ਼ਜ਼ਲ ਅਲੀ ਨੇ ਝੱਟ ਸੁਨੇਹਾ ਭੇਜ ਕੇ ਸ਼ਾਮੂ ਸ਼ਾਹ ਨੂੰ ਬੁਲਾ ਲਿਆ ਤੇ ਜਦ ਉਹ ਆਇਆ ਤਾਂ ਉਹਨੂੰ ਆਪਣੇ ਨਾਲ ਚੌਧਰੀ ਦੌਲਤ ਖ਼ਾਨ ਦੇ ਬੰਦਿਆਂ ਦੀ ਹੋਈ ਸਾਰੀ ਗੱਲ-ਬਾਤ ਵਿਸਥਾਰ ਨਾਲ ਦੱਸ ਦਿੱਤੀ ਤੇ ਸਲਾਹ ਦਿੱਤੀ ਕਿ ਉਹ ਕੁੜੀ ਦਾ ਕਿਧਰੇ ਵਿਆਹ ਕਰ ਦੇਵੇ ਤੇ ਜਿਤਨੀ ਛੇਤੀ ਹੋ ਸਕੇ ਉਹਨੂੰ ਸਹੁਰੇ ਭੇਜ ਦੇਵੇ, ਕਿਉਂਕਿ ਚੌਧਰੀ ਦੌਲਤ ਖ਼ਾਨ ਦੇ ਬੰਦੇ ਜਾ ਕੇ ਕਹਿਣਗੇ ਕਿ ਤੁਸੀਂ ਹੀ ਸਿਖ ਪਿੱਛੇ ਭੇਜੇ ਸਨ ਤੇ ਉਹ ਘੋੜੇ ਖੋਲ੍ਹ ਲਿਆਏ ਨੇ। ਫ਼ਜ਼ਲ ਅਲੀ ਨੇ ਇਹ ਵੀ ਸਲਾਹ ਦਿੱਤੀ ਕਿ ਜਦੋਂ ਚੌਧਰੀ ਬੁਲਾਏ, ਤੁਸੀਂ ਇਕੱਲੇ ਨਹੀਂ ਜਾਣਾ। ਪਿੰਡ ਦੇ ਚਾਰ-ਛੇ ਬੰਦੇ ਨਾਲ ਲਈ ਜਾਣਾ। ਜੇਕਰ ਹੋ ਸਕਦਾ ਏ ਤਾਂ ਤੁਸੀਂ ਜਲੰਧਰ ਜਾ ਕੇ ਫ਼ੌਜਦਾਰ ਨੂੰ ਸਾਰੀ ਗੱਲ ਦੱਸ ਆਉ। ਉਹ ਕੁਝ ਚੰਗਾ ਬੰਦਾ ਏ, ਚੌਧਰੀ ਦੌਲਤ ਖ਼ਾਨ ਤਾਂ ਅਤਿ ਮਾੜਾ ਜੇ।"

"ਤੁਸੀਂ ਨਾਲ ਚੱਲੋਗੇ ?" ਸ਼ਾਮੂ ਸ਼ਾਹ ਨੇ ਤਰਲਾ ਲਿਆ, "ਤੁਹਾਡੇ ਬਿਨਾ ਚੌਧਰੀ ਨੇ ਸਾਡੀ ਗੱਲ ਵੀ ਨਹੀਂ ਸੁਣਨੀ।"

"ਮੈਂ ਜਿਹੜੀਆਂ ਖਰੀਆਂ ਖਰੀਆਂ ਸੁਣਾ ਕੇ ਉਹਦੇ ਬੰਦਿਆਂ ਨੂੰ ਭੇਜਿਆ ਏ, ਉਹਦਾ ਵਤੀਰਾ ਮੇਰੇ ਵੱਲ ਵੀ ਠੀਕ ਨਹੀਂ ਹੋਏਗਾ," ਫ਼ਜ਼ਲ ਅਲੀ ਨੇ ਕਿਹਾ, "ਮੈਂ ਤੁਹਾਡੇ ਨਾਲ ਦੋ ਮੁਸਲਮਾਨ ਚੰਗੇ ਗੱਲ ਕਰਨ ਵਾਲੇ ਭੇਜਾਂਗਾ। ਜੇ ਲੋੜ ਪਈ ਤੇ ਚਾਰੇ ਬੰਨੇ, ਹੋਰ ਕੋਈ ਚਾਰਾ ਨਾ ਚੱਲਿਆ ਤਾਂ ਮੈਂ ਵੀ ਚੱਲਾਂਗਾ ਪਰ ਜੇ ਤੁਸੀਂ ਜਲੰਧਰ ਫ਼ੌਜਦਾਰ ਪਾਸ ਚੱਲਣ ਦਾ ਮਨ ਬਣਾਇਆ ਤਾਂ ਉਥੇ ਮੈਂ ਤੁਹਾਡੇ ਨਾਲ ਜਾਵਾਂਗਾ।" ਸ਼ਾਮੂ ਸ਼ਾਹ ਨੂੰ ਫ਼ਜ਼ਲ ਅਲੀ ਨੇ ਭਾਵੇਂ ਬਹੁਤ ਭਰੋਸਾ ਦਿਵਾਇਆ ਤੇ ਹਿੰਮਤ ਦਿੱਤੀ, ਪਰ ਉਹਦੀ ਢਹਿੰਦੀ ਕਲਾ ਉਹਦੇ ਚਿਹਰੇ ਦੇ ਪਲ ਪਲ ਬਦਲਦੇ ਰੰਗ ਤੋਂ ਹੀ ਸਪੱਸ਼ਟ ਹੋ ਰਹੀ ਸੀ।

ਸ਼ਾਮੂ ਸ਼ਾਹ ਘਰ ਆਇਆ ਤਾਂ ਉਹਦੀ ਪਤਨੀ ਰੁਕਮਣੀ ਨੇ ਪੁੱਛਿਆ ਕਿ ਫ਼ਜ਼ਲ ਅਲੀ ਨੇ ਕਿਉਂ ਬੁਲਾਇਆ ਸੀ ਤੇ ਕੀ ਸਾਡੇ 'ਤੇ ਕੋਈ ਨਵੀਂ ਬਿਪਤਾ ਤਾਂ ਨਹੀਂ ਆ ਰਹੀ ? ਉਹ ਮਹਿਸੂਸ ਕਰਦੀ ਸੀ ਕਿ ਜਿਸ ਦਿਨ ਦਾ ਸ਼ਾਮੂ ਸ਼ਾਹ ਦੀਪੇ ਦਾ ਰਿਸ਼ਤਾ ਤੋੜਨ ਦੀ ਗੱਲ ਕਰ ਕੇ ਆਇਆ ਏ, ਰੋਜ਼ ਹੀ ਕੋਈ ਨਾ ਕੋਈ ਨਵੀਂ ਬਿਪਤਾ ਆ ਜਾਂਦੀ ਏ। ਸੁੱਖ ਦਾ ਸਾਹ ਹੀ ਨਹੀਂ ਲੈਣ ਨੂੰ ਮਿਲਦਾ।

"ਚੌਧਰੀ ਦੇ ਬੰਦੇ ਕੁੜੀਆਂ ਪਿੱਛੇ ਮੁੜ ਆਏ ਸਨ," ਸ਼ਾਮੂ ਸ਼ਾਹ ਨੇ ਦੱਸਿਆ, "ਉਹ ਮੁਸਲਮਾਨਾਂ ਦੀ ਪੱਤੀ ਤੋਂ ਪੁੱਛ ਗਏ ਹਨ ਕਿ ਕੁੜੀਆਂ ਕਿਨ੍ਹਾਂ ਦੀਆਂ ਸਨ। ਬੰਤੋ ਦੇ ਭਾਈਏ ਦਾ ਤਾਂ ਕਿਸੇ ਨੂੰ ਨਾਮ ਨਹੀਂ ਸੀ ਪਤਾ, ਸਾਡਾ ਨਾਮ ਲੈ ਗਏ ਨੇ ਤੇ ਹੁਣ ਚੌਧਰੀ ਵੱਲੋਂ ਸਾਨੂੰ ਸੱਦਾ ਆਏਗਾ ਕਿ ਉਹਦੇ ਪੇਸ਼ ਹੋਈਏ।"

"ਹਾਇ ਮੈਂ ਮਰ ਗਈ," ਰੁਕਮਣੀ ਨੇ ਕਿਹਾ, "ਇਹ ਦਾਦੇ ਮਘੌਣੇ ਸਾਡੇ ਪਿੱਛੇ ਕਿਉਂ ਪੈ ਗਏ ਨੇ ? ਮਰ ਗਿਆਂ ਨੂੰ ਹੋਰ ਕੋਈ ਥਾਂ ਨਹੀਂ ਲੱਭਦੀ। ਤੁਸੀਂ ਉਨ੍ਹਾਂ ਦੇ ਸੱਦੇ 'ਤੇ ਬਿਲਕੁਲ ਨਹੀਂ ਜਾਣਾ।"

"ਆਪਾਂ ਨਾਂਹ ਵੀ ਕਿਸ ਤਰ੍ਹਾਂ ਕਰ ਸਕਦੇ ਹਾਂ," ਸ਼ਾਮੂ ਸ਼ਾਹ ਨੇ ਉੱਤਰ ਦਿੱਤਾ, "ਫ਼ਜ਼ਲ ਅਲੀ ਵੀ ਕਹਿੰਦਾ ਸੀ ਕਿ ਜੇਕਰ ਸੱਦੇ ਤਾਂ ਇਕੱਲੇ ਨਹੀਂ ਜਾਣਾ, ਨਾਲ ਜ਼ਰੂਰ ਬੰਦੇ ਜਾਣੇ ਚਾਹੀਦੇ ਹਨ।"

"ਬੰਦੇ ਆਪਣੇ ਨਾਲ ਕਿਹੜੇ ਜਾਣਗੇ ?" ਰੁਕਮਣੀ ਨੇ ਕਿਹਾ, "ਲੋਕ ਤਾਂ ਡਰਦੇ ਮਾਰੇ ਹਾਕਮਾਂ ਤੋਂ ਉੱਚਾ ਸਾਹ ਨਹੀਂ ਕੱਢਦੇ। ਤੁਸੀਂ ਆਪਣੇ ਪਿੰਡ ਦੇ ਲੋਕਾਂ ਨੂੰ ਨਹੀਂ ਜਾਣਦੇ। ਮੈਂ ਤੇ ਕਹਿੰਨੀ ਆਂ ਕਿ ਤੁਸੀਂ ਫ਼ਜ਼ਲ ਅਲੀ ਦੇ ਹੀ ਤਰਲੇ ਕਰੋ ਕਿ ਉਹ ਜਾ ਕੇ ਚੌਧਰੀ ਨੂੰ ਸਮਝਾਏ। ਉਹਦਾ ਧਰਮ ਭਰਾ ਏ, ਦੋਵੇਂ ਮੁਸਲਮਾਨ ਨੇ। ਮੈਂ ਤੇ ਕਹਿੰਦੀ ਆਂ ਕਿ ਇਸ

ਵੇਲੇ ਕਿਰਸ ਨਾ ਕਰੋ। ਜੋ ਕੁਝ ਵੀ ਖ਼ਰਚ ਹੋਵੇ, ਕਰ ਕੇ ਕਿਸੇ ਤਰ੍ਹਾਂ ਜਾਨ ਛੁਡਾਵੇ। ਕੁੜੀ ਦਾ ਕਿਧਰੇ ਰਿਸ਼ਤਾ ਕਰੋ ਤੇ ਇਹਦੇ ਹੱਥ ਪੀਲੇ ਕਰੋ।"

"ਇਹ ਤਾਂ ਫ਼ਜ਼ਲ ਅਲੀ ਵੀ ਕਹਿੰਦਾ ਏ।"

"ਤੁਸੀਂ ਫਿਰ ਕੀ ਸੋਚਦੇ ਹੋ?"

"ਇਤਨੀ ਛੇਤੀ ਕਿਥੋਂ ਰਿਸ਼ਤਾ ਲੱਭੀਏ?" ਸ਼ਾਮੂ ਸ਼ਾਹ ਨੇ ਕਿਹਾ, "ਇਕ ਤਾਂ ਪਹਿਲਾਂ ਰਿਸ਼ਤੇਦਾਰੀ ਵਿਚ ਕਰਮੇ ਨਾਲ ਕਰਤਾਰਪੁਰ ਕੁੜੀ ਦੇ ਰਿਸ਼ਤੇ ਦੀ ਗੱਲ ਧੁੰਮੀ ਹੋਈ ਏ, ਹੋਰ ਕੋਈ ਸਾਡੇ ਨਾਲ ਕਿਉਂ ਗੱਲ ਛੇੜੇਗਾ। ਦੂਜਾ ਹੁਣ ਜਿਹੜਾ ਭਾਣਾ ਵਰਤ ਗਿਆ ਏ, ਇਸ ਪਿੱਛੋਂ ਪਿੰਡ ਤੇ ਆਸ ਪਾਸ ਦੇ ਲੋਕ ਰਿਸ਼ਤਾ ਕਰਨਗੇ ਵੀ ਨਹੀਂ ਭਾਵੇਂ ਕੁੜੀ ਦੀ ਇੱਜ਼ਤ ਬਚ ਗਈ ਏ, ਪਰ ਕੌਣ ਮੰਨੇਗਾ ਸਾਡੀ ਇਸ ਗੱਲ ਨੂੰ ਤੇ ਨਾਲੇ ਅਸੀਂ ਕਿਸ ਕਿਸ ਨੂੰ ਦੱਸਦੇ ਫਿਰੀਏ ਕਿ ਕੀ ਹੋਇਆ ਏ ਤੇ ਕੀ ਨਹੀਂ ਹੋਇਆ।"

"ਮੈਨੂੰ ਇਕ ਸੁੱਝਦੀ ਏ," ਰੁਕਮਣੀ ਨੇ ਕਿਹਾ, "ਚੁੱਪ ਕਰ ਕੇ ਕੁੜੀ ਨੂੰ ਨਾਨਕੇ ਭੇਜ ਦਈਏ। ਜੇ ਕਹੋ ਤਾਂ ਮੈਂ ਵੀ ਕੁਝ ਦਿਨ ਪੇਕੇ ਲਾ ਆਵਾਂ। ਉਥੇ ਮੈਂ ਭਰਾਵਾਂ ਨੂੰ ਆਖਾਂਗੀ ਕਿ ਕਿਧਰੇ ਕੁੜੀ ਦਾ ਰਿਸ਼ਤਾ ਕਰਾ ਦਿਉ। ਉਹ ਚੰਗੇ ਮੰਨੇ-ਪ੍ਰਮੰਨੇ ਨੇ ਤੇ ਇਹ ਕੰਮ ਉਨ੍ਹਾਂ ਲਈ ਹੈ ਵੀ ਸੌਖਾ।"

"ਪਿੱਛੋਂ ਮੈਨੂੰ ਫੜ ਕੇ ਲੈ ਗਏ ਤਾਂ ਫਿਰ," ਸ਼ਾਮੂ ਸ਼ਾਹ ਨੂੰ ਇਉਂ ਡਰ ਲੱਗਣ ਲੱਗ ਪਿਆ ਜਿਵੇਂ ਮੁਸੀਬਤ ਜ਼ਰੂਰ ਆਏਗੀ ਤੇ ਉਹਨੂੰ ਰਗੜਾ ਜ਼ਰੂਰ ਲੱਗੇਗਾ।

"ਤੁਸੀਂ ਵੀ ਨਾਲੇ ਲੱਗੇ ਹੱਥ ਚੱਲੋ," ਰੁਕਮਣੀ ਨੇ ਉਹਦੀ ਸਮੱਸਿਆ ਦਾ ਹੱਲ ਲੱਭ ਲਿਆ।

"ਪਿੱਛੋਂ ਕੰਮ ਦਾ ਕੀ ਹੋਏਗਾ?" ਸ਼ਾਮੂ ਸ਼ਾਹ ਬੋਲਿਆ।

"ਨੌਕਰਾਂ ਸਿਰ ਛੱਡ ਜਾਉ," ਰੁਕਮਣੀ ਬੋਲੀ, "ਕਹਿ ਜਾਉ ਛੇਤੀ ਆ ਜਾਉਗੇ ਪਰ ਆਇਆ ਜੇ ਨਾ, ਮਹੀਨਾ ਪੱਕਾ। ਆਪੇ ਇਤਨੇ ਵਿਚ ਚੌਧਰੀ ਦੇ ਬੰਦੇ ਪਿੱਛਾ ਛੱਡ ਜਾਣਗੇ।"

"ਚੰਗਾ ਫਿਰ ਤਿਆਰੀ ਕਰੋ," ਸ਼ਾਮੂ ਸ਼ਾਹ ਨੇ ਕਿਹਾ, "ਕੱਲ੍ਹ ਚਲੇ ਚੱਲਦੇ ਆਂ ਤੇ ਪਿੰਡ ਵਿਚ ਦੱਸ ਕੇ ਨਹੀਂ ਜਾਵਾਂਗੇ ਕਿ ਆਪਾਂ ਫਗਵਾੜੇ ਚੱਲੇ ਆਂ। ਇਥੇ ਕਹਿਣਾ ਕਿ ਅਸੀਂ ਕਿਧਰੇ ਹੋਰ ਜਾ ਰਹੇ ਹਾਂ। ਸੱਚੀਂ, ਫ਼ਜ਼ਲ ਅਲੀ ਕਹਿੰਦਾ ਸੀ ਫ਼ੌਜਦਾਰ ਜਲੰਧਰ ਪਾਸ ਵੀ ਜਾਣਾ ਚਾਹੀਦਾ ਏ ਤੇ ਚੌਧਰੀ ਦੇ ਧੱਕੇ ਬਾਰੇ ਉਹਨੂੰ ਵੀ ਦੱਸਣਾ ਚਾਹੀਦਾ ਏ। ਇਸ ਬਾਰੇ ਕੀ ਕਰੀਏ?"

"ਬਿਲਕੁਲ ਨਹੀਂ, ਜਲੰਧਰ ਫ਼ੌਜਦਾਰ ਵੱਲ ਨਹੀਂ ਜਾਣਾ," ਰੁਕਮਣੀ ਨੇ ਕਿਹਾ, "ਇਹ ਹਾਕਮ ਸਾਰੇ ਇਕੋ ਥੈਲੀ ਦੇ ਚੱਟੇ ਵੱਟੇ ਨੇ। ਸਾਨੂੰ ਕਿਸੇ 'ਤੇ ਭਰੋਸਾ ਨਹੀਂ, ਇਨਸਾਫ਼ ਦਿੰਦੇ ਹਰ ਕੋਈ ਸਾਨੂੰ ਨਿਗਲ ਜਾਣਾ ਚਾਹੁੰਦਾ ਏ। ਤੁਸੀਂ ਉਥੇ ਗਏ ਤਾਂ ਉਹਨੇ ਤੁਹਾਨੂੰ ਉਥੇ ਕਿਸੇ ਨਾ ਕਿਸੇ ਬਹਾਨੇ ਬਿਠਾਈ ਰੱਖਣਾ ਏ। ਫਿਰ ਜਿਤਨੀ ਦੇਰ ਗੱਲ ਲਮਕਦੀ ਰਹੇਗੀ, ਉਹ ਵਗਾਰਾਂ ਪਾਂਦੇ ਰਹਿਣਗੇ।"

"ਆਪੇ ਤੂੰ ਕਹਿੰਦੀ ਏਂ ਕਿ ਤੇਰੇ ਭਰਾਵਾਂ ਦੀ ਬੜੀ ਪਹੁੰਚ ਏ," ਸ਼ਾਮੂ ਸ਼ਾਹ ਨੇ ਆਖਿਆ, "ਉਨ੍ਹਾਂ ਨਾਲ ਗੱਲ ਕਰਾਂਗੇ ਤੇ ਉਨ੍ਹਾਂ ਦੀ ਸਲਾਹ ਨਾਲ ਅਗਲੀ ਕਾਰਵਾਈ ਕਰਨੀ ਪਵੇਗੀ।"

ਇਉਂ ਮੀਆਂ ਬੀਵੀ ਨੇ ਆਪਸ ਵਿਚ ਸਲਾਹ ਕਰ ਲਈ ਤੇ ਫ਼ੈਸਲਾ ਕੀਤਾ ਕਿ ਜਲੰਧਰ ਤਕ ਦਾ ਯੱਕਾ ਕਰ ਲਈਏ ਤੇ ਉਥੇ ਉਹਨੂੰ ਛੱਡ ਦੇਈਏ। ਯੱਕੇ ਵਾਲੇ ਨੂੰ ਵੀ ਪਤਾ ਨਹੀਂ

ਲੱਗਣਾ ਚਾਹੀਦਾ ਕਿ ਅਸੀਂ ਕਿਥੇ ਜਾ ਰਹੇ ਹਾਂ। ਰਾਹ ਵਿਚ ਵੀ ਗੱਲ ਅਜਿਹੇ ਢੰਗ ਨਾਲ ਆਪਸ ਵਿਚ ਕਰਨੀ ਕਿ ਉਹ ਇਹੀ ਸਮਝੇ ਕਿ ਅਸੀਂ ਪਿੱਛੋਂ ਕਿਥੋਂ ਆਏ ਹਾਂ। ਇਸ ਤਰ੍ਹਾਂ ਇਕ ਤਾਂ ਫਗਵਾੜੇ ਤਕ ਦੇ ਸਫ਼ਰ ਦਾ ਪ੍ਰੋਗਰਾਮ ਬਣਾ ਲਿਆ ਤੇ ਦੂਜਾ ਨੌਕਰ ਆਦਿ ਕਾਮੇ ਬੁਲਾ ਕੇ ਉਨ੍ਹਾਂ ਨੂੰ ਸਾਰਾ ਕੰਮ ਸੌਂਪ ਦਿੱਤਾ। ਕਿਸੇ ਨਜ਼ਦੀਕੀ ਰਿਸ਼ਤੇਦਾਰ ਦੇ ਵਿਆਹ 'ਤੇ ਜਾਣ ਦੀ ਗੱਲ ਹੀ ਸਭ ਨਾਲ ਕੀਤੀ। ਅਗਲੇ ਦਿਨ ਇਕ ਯੱਕੇ ਵਾਲੇ ਨਾਲ ਮਿਥੇ ਹੋਏ ਸਮੇਂ ਤੇ ਸਾਰਾ ਪਰਵਾਰ ਹੀ ਯੱਕੇ ਵਿਚ ਬੈਠ ਕੇ ਚੱਲ ਪਿਆ।

ਕਰਤਾਰਪੁਰ ਰਾਹ ਵਿਚ ਹੀ ਪੈਂਦਾ ਸੀ ਤੇ ਜਦੋਂ ਯੱਕਾ ਉਥੇ ਪਹੁੰਚਿਆ ਤਾਂ ਯੱਕੇ ਵਾਲੇ ਨੇ ਕਿਹਾ ਕਿ ਝੱਟ ਇਥੇ ਸਾਹ ਲੈ ਲਈਏ। ਹਲਵਾਈ ਦੀ ਹੱਟੀ ਏ, ਤੁਸੀਂ ਦੁੱਧ ਲੱਸੀ ਪੀ ਲਉ ਤੇ ਮੈਂ ਯੱਕੇ ਦੇ ਟੱਟੂ ਲਈ ਕੁਝ ਦਾਣੇ ਪੱਠੇ ਲੈ ਆਵਾਂ, ਪਰ ਸ਼ਾਮੂ ਸ਼ਾਹ ਨੇ ਉਹਨੂੰ ਇਥੇ ਰੁਕਣ ਤੋਂ ਹੋੜ ਦਿੱਤਾ। ਉਹਨੇ ਸਾਫ਼ ਕਿਹਾ ਕਿ ਅਸੀਂ ਦਿੱਤੇ ਸਮੇਂ 'ਤੇ ਜਲੰਧਰ ਪਹੁੰਚਣਾ ਏ, ਇਸ ਲਈ ਅਸੀਂ ਇਥੇ ਨਹੀਂ ਰੁਕ ਸਕਦੇ। ਦਰਅਸਲ ਉਹ ਨਹੀਂ ਸੀ ਚਾਹੁੰਦਾ ਕਿ ਜਿਥੇ ਉਹ ਕੁੜੀ ਦਾ ਰਿਸ਼ਤਾ ਕਰ ਕੇ ਤੋੜ ਗਿਆ ਏ, ਉਥੇ ਉਹ ਰੁਕੇ ਤੇ ਕਰਮੇ ਦੇ ਟੱਬਰ ਵਿਚੋਂ ਕੋਈ ਉਹਨੂੰ ਮਿਲ ਪਵੇ। ਉਹ ਸਮਝਦਾ ਸੀ ਕਿ ਰਾਹ ਦੇ ਚੁਰਾਹੇ ਵਿਚ ਹੀ ਤਾਂ ਲੋਕ ਤੁਰੇ ਫਿਰਦੇ ਹਨ। ਉਹਨੂੰ ਹੁਣ ਕਰਤਾਰਪੁਰ ਦੀਆ ਗਲੀਆਂ ਤੇ ਲੋਕ ਸਭ ਤੋਂ ਹੀ ਸ਼ਰਮ ਆਉਂਦੀ ਸੀ।

ਦੀਪੋ ਨੇ ਇਕ ਠੰਡਾ ਸਾਹ ਲਿਆ। ਭਾਵੇਂ ਉਹ ਮੂੰਹ ਤੋਂ ਕੁਝ ਨਾ ਬੋਲੀ, ਉਹਨੇ ਰੁਕਣ ਜਾਂ ਨਾ ਰੁਕਣ ਦੀ ਕੋਈ ਗੱਲ ਨਾ ਕੀਤੀ ਪਰ ਉਹਦੇ ਠੰਡਾ ਹਉਕਾ ਲੈਣ ਤੋਂ ਹੀ ਸਪੱਸ਼ਟ ਸੀ ਕਿ ਉਹਨੂੰ ਵੀ ਕਿਸੇ ਬੀਤੀ ਘਟਨਾ 'ਤੇ ਤਰੇਲੀਆਂ ਆ ਰਹੀਆਂ ਸਨ, ਉਹਦਾ ਰੰਗ ਬਿਲਕੁਲ ਬੱਗਾ ਹੋ ਗਿਆ, ਜਿਵੇਂ ਉਹ ਸੋਚ ਰਹੀ ਹੋਵੇ ਕਿ ਇਹੀ ਕਰਤਾਰਪੁਰ ਉਹਦਾ ਸਹੁਰਾ ਨਗਰ ਸੀ। ਇਸੇ ਕਰਤਾਰਪੁਰ ਕਰਮ ਸਿੰਘ ਰਹਿੰਦਾ ਏ, ਜਿਸ ਨੂੰ ਉਹਦਾ ਮਨ, ਦਿਮਾਗ਼ ਤੇ ਅੰਤਰ-ਆਤਮਾ ਆਪਣਾ ਪਤੀ ਸਵੀਕਾਰ ਕਰ ਚੁੱਕੇ ਹਨ। ਇਸੇ ਨਗਰ ਵਿਚ ਜੇ ਉਹਦਾ ਪਿਤਾ ਇਨਕਾਰ ਨਾ ਕਰਦਾ ਤਾਂ ਉਹਦਾ ਡੋਲਾ ਆਉਣਾ ਸੀ। ਵਾਜਿਆਂ ਤੂਤੀਆਂ ਤੇ ਢੋਲ ਦੀ ਗੂੰਜ ਵਿਚ ਉਹਨੇ ਕਰਤਾਰਪੁਰ ਵਿਚ ਦਾਖ਼ਲ ਹੋਣਾ ਸੀ। ਨਗਰ ਦੀਆਂ ਕੁੜੀਆਂ ਨੇ ਉਹਦਾ ਘੁੰਡ ਚੁੱਕ ਚੁੱਕ ਕੇ ਉਹਦੇ ਦਰਸ਼ਨ ਕਰਨੇ ਸਨ। ਸੱਸ ਨੇ ਉਹਦੇ ਤੋਂ ਵਾਰ ਕੇ ਪਾਣੀ ਪੀਣਾ ਸੀ, ਪਰ ਅੱਜ ਉਹ ਯੱਕੇ 'ਤੇ ਬੈਠੀ ਉਸੇ ਕਰਤਾਰਪੁਰ ਵਿਚੋਂ ਲੰਘ ਰਹੀ ਏ। ਉਹਨੂੰ ਡਰ ਖਾ ਰਿਹਾ ਸੀ ਕਿ ਕਰਤਾਰਪੁਰ ਵਿਚ ਉਹਨੂੰ ਜਿਹੜੀਆਂ ਦੋ ਚਾਰ ਜ਼ਨਾਨੀਆਂ ਉਹਦੇ ਇਕ ਵਾਰ ਆਉਣ 'ਤੇ ਜਾਣਨ ਲੱਗ ਪਈਆਂ ਸਨ, ਉਹਨਾਂ ਵਿਚੋਂ ਕਿਸੇ ਇਕ ਨੇ ਵੇਖ ਲਿਆ ਤਾਂ ਝੱਟ ਚਰਚਾ ਹੋ ਜਾਏਗਾ। ਉਹਨੂੰ ਇਹ ਸੋਚ ਕੇ ਕੰਬਣੀ ਲੱਗਣ ਲੱਗ ਪਈ ਕਿ ਕਿਧਰੇ ਉਹਦਾ ਇਹ ਭਾਂਡਾ ਨਾ ਭੱਜ ਜਾਏ ਕਿ ਕਰਤਾਰਪੁਰ ਲਾਗੇ ਹੀ ਉਹਨੂੰ ਡਾਕੂ ਆ ਪਏ ਸਨ। ਉਸ ਵਾਪਰੇ ਦੁਖਾਂਤ ਦੀ ਯਾਦ ਕਰ ਕੇ ਹੀ ਉਹਨੂੰ ਤਰੇਲੀਆਂ ਆ ਰਹੀਆਂ ਸਨ।

ਯੱਕੇ ਵਾਲੇ ਨੇ ਜਬਰੀ ਯੱਕਾ ਖੜਾ ਕਰ ਲਿਆ। ਉਹ ਆਪਣੇ ਘੋੜੇ ਲਈ ਦਾਣਾ ਪੱਠਾ ਲੈਣਾ ਚਾਹੁੰਦਾ ਸੀ। ਉਹਨੂੰ ਉਂਝ ਵੀ ਅਹਿਸਾਸ ਸੀ ਕਿ ਉਹਦਾ ਬਹੁਤ ਹੀ ਮਾੜਾ ਘੋੜਾ, ਜਿਸ ਨੂੰ ਉਹ ਆਪ ਟੱਟੂ ਕਰ ਕੇ ਬੁਲਾਂਦਾ ਸੀ, ਉਹ ਜਲੰਧਰ ਤਕ ਸਾਹ ਲਏ ਬਿਨਾ ਜਾ ਹੀ ਨਹੀਂ ਸਕਦਾ। ਉਹਨੇ ਦਾਣਾ ਪੱਠਾ ਵੀ ਲਿਆ ਤੇ ਟੱਟੂ ਨੂੰ ਪਾਣੀ ਵੀ ਪਿਆਇਆ।

ਦੀਪੋ ਇਤਨੀ ਡਰੀ ਤੇ ਸਹਿਮੀ ਹੋਈ ਹੋਣ ਦੇ ਬਾਵਜੂਦ ਅਜੇ ਵੀ ਕਦੇ ਕਦੇ ਉਹਦੇ ਦਿਲ ਵਿਚ ਖ਼ਿਆਲ ਉਭਰਦਾ ਸੀ ਕਿ ਕਿਤਨਾ ਚੰਗਾ ਹੋਵੇ ਜੇਕਰ ਕਰਮ ਸਿੰਘ ਇਧਰੋਂ ਲੰਘਦਾ ਨਜ਼ਰੀਂ ਪੈ ਜਾਏ। ਉਹ ਇਕ ਵਾਰ ਉਹਦੇ ਸੁੰਦਰ ਸਡੌਲ ਸਰੀਰ 'ਤੇ ਝਾਤ ਮਾਰਨਾ

ਚਾਹੁੰਦੀ ਸੀ। ਉਹਨੂੰ ਇਸ ਸਮੇਂ ਕਰਮ ਸਿੰਘ ਦੀ ਤਸਵੀਰ ਹੀ ਅੱਖਾਂ ਸਾਹਮਣੇ ਆ ਰਹੀ ਸੀ। ਫਿਰ ਖ਼ਿਆਲ ਫੁਰਿਆ ਕਿ ਮੈਂ ਕਿਤਨੀ ਬੁਦੈਣ ਹਾਂ। ਮੈਂ ਕਿਹੜਾ ਕਰਮ ਸਿੰਘ ਨੂੰ ਜਾਣਦੀ ਹਾਂ, ਜਿਹੜਾ ਪਛਾਣ ਲਵਾਂਗੀ। ਮੇਰੇ ਲਈ ਕੋਈ ਵੀ ਸਿਖ ਕਰਮ ਸਿੰਘ ਹੋ ਸਕਦਾ ਏ।

ਇਸ ਪਿੱਛੋਂ ਉਹਦੇ ਮਨ ਦੀ ਇਕ ਨੁੱਕਰੋਂ ਆਵਾਜ਼ ਆਈ ਕਿ ਜੇ ਕਰਮ ਸਿੰਘ ਕਿਧਰੇ ਸਾਹਮਣੇ ਆ ਜਾਏ ਤਾਂ ਉਹਦਾ ਬਾਪੂ ਤਾਂ ਝੱਟ ਪਛਾਣ ਲਏਗਾ। ਉਹ ਝੱਟ ਉਹਦੀ ਮਾਂ ਨੂੰ ਦੱਸੇਗਾ ਕਿ ਉਹ ਕਰਮ ਸਿੰਘ ਜਾਂਦਾ ਪਿਆ ਏ। ਇਹ ਵੀ ਹੋ ਸਕਦਾ ਏ ਕਿ ਕਰਮ ਸਿੰਘ ਆਪ ਵੀ ਬਾਪੂ ਨੂੰ ਬੁਲਾ ਲਏ।

ਦੀਪੋ ਨੂੰ ਤਾਂ ਗੱਲ ਕਰਨ ਦਾ ਹੌਸਲਾ ਨਾ ਪਿਆ ਪਰ ਹਲਵਾਈ ਦੀ ਹੱਟੀ ਤੋਂ ਕੁਝ ਖਾਣ ਦਾ ਸਾਮਾਨ ਖਰੀਦਦਿਆਂ ਸ਼ਾਮੂ ਸ਼ਾਹ ਨੇ ਕਿਹਾ, "ਇਥੇ ਤਾਂ ਲੁੱਟ ਮੱਚੀ ਹੋਈ ਏ। ਆਪਣੇ ਪਿੰਡ ਜਿਹੜੀ ਚੀਜ਼ ਧੇਲੇ ਦੀ ਆ ਜਾਂਦੀ ਏ, ਉਹ ਇਥੇ ਪੈਸੇ ਦੀ ਵੀ ਨਹੀਂ ਮਿਲਦੀ। ਆਪਣੇ ਪਿੰਡ ਤਾਂ ਲੱਡੂ ਇਕ ਪੈਸੇ ਦੇ ਅੱਠ ਆ ਜਾਂਦੇ ਨੇ ਪਰ ਇਹ ਚਾਰ ਹੀ ਦੇ ਰਿਹਾ ਏ। ਹਰ ਚੀਜ਼ ਦਾ ਮੁੱਲ ਵੱਧ ਏ। ਇਹਦੇ ਨਾਲੋਂ ਤਾਂ ਚੰਗਾ ਸੀ, ਆਪਾਂ ਚੀਜ਼ਾਂ ਉਥੋਂ ਹੀ ਲੈ ਆਉਂਦੇ।"

"ਛੱਡਿਆ ਵੀ ਕਰੋ ਅਜਿਹੀਆਂ ਗੱਲਾਂ," ਰੁਕਮਣੀ ਨੇ ਕਿਹਾ, "ਤੁਸੀਂ ਜਿਥੇ ਵੀ ਜਾਂਦੇ ਹੋ, ਚੀਜ਼ਾਂ ਦੇ ਭਾਅ ਹੀ ਪੁੱਛਦੇ ਤੇ ਗਿਣਦੇ ਰਹਿੰਦੇ ਹੋ। ਮੈਨੂੰ ਇਹ ਗੱਲ ਚੰਗੀ ਨਹੀਂ ਲੱਗਦੀ। ਆਪਣੇ ਪਿੰਡ ਤੇ ਇਸ ਨਗਰ ਦਾ ਫ਼ਰਕ ਵੀ ਕਿਤਨਾ ਏ।"

"ਸ਼ਾਹ ਜੀ, ਤੁਸੀਂ ਕਿਹੜੇ ਪਿੰਡੋਂ ਆਏ ਜੇ?" ਹਲਵਾਈ ਨੇ ਇਨ੍ਹਾਂ ਦੀ ਆਪਸ ਵਿਚ ਗੱਲ-ਬਾਤ ਸੁਣਨ ਪਿੱਛੋਂ ਪੁੱਛ ਲਿਆ। ਉਂਝ ਸ਼ਾਇਦ ਉਹ ਅਜਿਹਾ ਸਵਾਲ ਨਾ ਕਰਦਾ। ਗਾਹਕਾਂ ਨੂੰ ਕੌਣ ਉਨ੍ਹਾਂ ਦਾ ਪਤਾ-ਸਤਾ ਪੁੱਛਦਾ ਫਿਰਦਾ ਏ, ਪਰ ਜਿਸ ਤਰ੍ਹਾਂ ਦੀ ਟੀਕਾ ਟਿੱਪਣੀ ਸ਼ਾਮੂ ਸ਼ਾਹ ਨੇ ਕੀਤੀ, ਉਹਨੂੰ ਉਹ ਤੀਰ ਵਾਂਗ ਲੱਗੀ।

"ਆਪਣਾ ਪਿੰਡ ਦਿਆਲਪੁਰ ਏ," ਸ਼ਾਮੂ ਸ਼ਾਹ ਤੇ ਤੁਰਤ ਉੱਤਰ ਦਿੱਤਾ। ਰੁਕਮਣੀ ਨੇ ਉਹਦੀ ਵੱਖੀ ਵਿਚ ਆਪਣੀ ਕੂਹਣੀ ਮਾਰ ਕੇ ਉਹਨੂੰ ਆਪਣਾ ਪਿੰਡ ਦੱਸਣ ਤੋਂ ਰੋਕ ਦਿੱਤਾ ਪਰ ਸ਼ਾਮੂ ਸ਼ਾਹ ਉਸ ਸਮੇਂ ਜ਼ਬਾਨ ਤੋਂ ਪਿੰਡ ਦਾ ਨਾਮ ਦੱਸ ਚੁੱਕਿਆ ਸੀ। ਰੁਕਮਣੀ ਇਸ ਲਈ ਨਾਮ ਨਹੀ ਸੀ ਦੱਸਣਾ ਚਾਹੁੰਦੀ ਕਿਉਂਕਿ ਉਹਨੂੰ ਯਾਦ ਸੀ ਕਿ ਇਸ ਨਗਰ ਵਿਚ ਉਹ ਆਪਣੀ ਧੀ ਦਾ ਰਿਸ਼ਤਾ ਕਰ ਕੇ ਤੋੜ ਚੁੱਕਿਆ ਹੈ। ਪਿੰਡਾਂ ਤੇ ਛੋਟੇ ਨਗਰਾਂ ਦੇ ਲੋਕ ਆਮ ਕਰਕੇ ਇਕ ਦੂਜੇ ਨੂੰ ਜਾਣਦੇ ਹੁੰਦੇ ਹਨ ਤੇ ਉਸ ਨਾਲ ਉਨ੍ਹਾਂ ਦਾ ਪਾਜ ਖੁੱਲ੍ਹ ਜਾਏਗਾ। ਉਹ ਇਸ ਗੱਲੋਂ ਵੀ ਡਰਦੀ ਸੀ ਕਿ ਉਨ੍ਹਾਂ ਦੇ ਪਿੰਡ ਛੱਡ ਕੇ ਜਾਣ ਦਾ ਵੀ ਰਾਜ਼ ਖੁੱਲ੍ਹ ਜਾਏਗਾ।

"ਦਿਆਲਪੁਰ ਵਿਚ ਤਾਂ ਕਰਤਾਰਪੁਰ ਦਾ ਕਰਮਾ ਮੰਗਿਆ ਹੋਇਆ ਏ," ਹਲਵਾਈ ਨੇ ਝੱਟ ਆਖਿਆ, "ਸ਼ਾਇਦ ਸ਼ਾਮੂ ਸ਼ਾਹ ਹੋਰਾਂ ਦੇ ਘਰ। ਤੁਸੀਂ ਜਾਣਦੇ ਹੋ ਉਨ੍ਹਾਂ ਨੂੰ?"

ਇਤਨਾ ਪੁੱਛਣ ਦੀ ਦੇਰ ਸੀ ਕਿ ਸਾਰੇ ਟੱਬਰ ਦਾ ਰੰਗ ਫੱਕ ਹੋ ਗਿਆ। ਰੁਕਮਣੀ ਨੇ ਘੂਰੀ ਵੱਟ ਕੇ ਸ਼ਾਮੂ ਸ਼ਾਹ ਵੱਲ ਵੇਖਿਆ ਜਿਵੇਂ ਕਹਿ ਰਹੀ ਹੋਵੇ ਕਿ ਲੈ ਪਿੰਡ ਦਾ ਨਾਮ, ਦੱਸ ਕੇ ਪੁਆੜਾ ਸਹੇੜ ਲੈ। ਜਾਂ ਇਹ ਕਹਿ ਰਹੀ ਹੋਵੇ ਕਿ ਤੂੰ ਹੁਣ ਚੁੱਪ ਕਰ ਜਾ। ਉਹ ਆਪੇ ਜਵਾਬ ਦੇ ਲਏਗੀ। ਉਹਨੇ ਤੁਰਤ ਉੱਤਰ ਦਿੱਤਾ, "ਲੈ ਜਾਣਦੇ ਕਿਉਂ ਨਹੀਂ। ਪਿੰਡਾਂ ਵਿਚ ਕਿਹੜਾ ਬੰਦਾ ਏ, ਜਿਸ ਨੂੰ ਦੂਜੇ ਨਹੀਂ ਜਾਣਦੇ। ਨਾਲੇ ਸ਼ਾਹ ਹੋਰੀਂ ਤਾਂ ਇਤਨੇ ਮਸ਼ਹੂਰ ਨੇ ਕਿ ਉਨ੍ਹਾਂ ਨੂੰ ਤਾਂ ਸਾਰਾ ਜੱਗ ਜਾਣਦਾ ਏ।"

"ਅੱਛਾ ਜੀ," ਹਲਵਾਈ ਬੋਲਿਆ, "ਉਨ੍ਹਾਂ ਦੀ ਧੀ ਚੌਧਰੀ ਦੇ ਬੰਦੇ ਜਬਰੀ ਚੁੱਕ ਕੇ ਲੈ ਗਏ ਸਨ, ਉਹਦਾ ਕੀ ਬਣਿਆ ?"

"ਆ ਗਈ ਸੀ, ਉਸੇ ਵੇਲੇ," ਰੁਕਮਣੀ ਨੇ ਤੁਰਤ ਉੱਤਰ ਦਿੱਤਾ, ਪਰ ਇਸ ਸਮੇਂ ਦੀਪੋ ਦਾ ਦਿਲ ਜ਼ੋਰ ਨਾਲ ਧੱਕ ਧੱਕ ਕਰਨ ਲੱਗ ਪਿਆ। ਉਹਨੂੰ ਘਬਰਾਹਟ ਹੋਈ ਤੇ ਉਹਦੇ ਮੱਥੇ 'ਤੇ ਤਰੇਲੀਆਂ ਛੁੱਟ ਗਈਆਂ।

"ਆਹ ਕਰਤਾਰਪੁਰੋਂ ਥੋੜ੍ਹੀ ਦੂਰ ਹੀ ਉਹ ਥਾਂ ਏ, ਜਿਥੋਂ ਕੁੜੀਆਂ ਚੁੱਕੀਆਂ ਗਈਆਂ ਸਨ," ਹਲਵਾਈ ਨੇ ਦੱਸਿਆ, "ਮੈਨੂੰ ਹੀ ਪਹਿਲਾਂ ਕਿਸੇ ਆ ਕੇ ਦੱਸਿਆ ਸੀ ਤੇ ਮੈਂ ਹੀ ਰੌਲਾ ਪਾ ਕੇ ਗੱਭਰੂ ਮੁੰਡੇ ਪਿੱਛੇ ਭਜਾਏ ਸਨ। ਸੁਣਿਆ ਏ ਕਿ ਦੋ ਸਿਖ ਘੋੜ ਸਵਾਰ ਆ ਗਏ ਤੇ ਉਹ ਵੀ ਗੁੰਡਿਆਂ ਦੇ ਪਿੱਛੇ ਲੱਗ ਗਏ।"

"ਸਾਨੂੰ ਬਹੁਤਾ ਨਹੀਂ ਪਤਾ," ਰੁਕਮਣੀ ਨੇ ਉੱਤਰ ਦਿੱਤਾ ਤੇ ਪਰਵਾਰ ਨੂੰ ਝੱਟ-ਪਟ ਇਸ ਹੱਟੀ ਤੋਂ ਉੱਠ ਜਾਣ ਲਈ ਆਖਿਆ। ਉਹ ਪੈਸੇ ਦੇ ਕੇ ਝੱਟ ਯੱਕੇ ਦੇ ਨੇੜੇ ਆ ਗਏ ਜੋ ਕੁਝ ਹਟਵੀਂ ਥਾਂ 'ਤੇ ਖੜ੍ਹਾ ਸੀ। ਯੱਕੇ ਵਾਲਾ ਭਾਈ ਕੁਝ ਹਟਵਾਂ ਦਾਣਾ ਪੱਠਾ ਖ਼ਰੀਦ ਰਿਹਾ ਸੀ।

"ਮੈਨੂੰ ਵੀ ਇਸ ਗੱਲ ਦੀ ਹੈਰਾਨੀ ਹੋਈ ਏ," ਰੁਕਮਣੀ ਨੇ ਕਿਹਾ, "ਪਰ ਮੈਨੂੰ ਵੱਡਾ ਤੌਖ਼ਲਾ ਤਾਂ ਇਸ ਗੱਲ ਦਾ ਸੀ ਕਿ ਤੁਸੀਂ ਉਸ ਨਾਲ ਇਸ ਗੱਲ ਤੋਂ ਵੀ ਉਲਝ ਪੈਣਾ ਸੀ। ਮੈਨੂੰ ਤਾਂ ਇਹ ਵੀ ਡਰ ਲੱਗਦਾ ਸੀ ਕਿ ਕਿਧਰੇ ਤੁਸੀਂ ਇਹ ਨਾ ਕਹਿ ਦਿਉ ਕਿ ਤੁਸੀਂ ਹੀ ਉਹ ਸ਼ਾਹ ਹੋ।"

"ਕਿਉਂ ਕੁੜੇ ਦੀਪੋ, ਠੀਕ ਠੀਕ ਦੱਸ ਗੱਲ ਕੀ ਏ," ਸ਼ਾਮੂ ਸ਼ਾਹ ਨੇ ਸਿੱਧਾ ਪੁੱਛ ਹੀ ਲਿਆ। ਦੀਪੋ ਹੁਣ ਤਕ ਚੁੱਪ ਤੇ ਗੁੰਮ-ਸੁੰਮ ਹੋਈ ਪਈ ਸੀ। ਉਹਦੇ ਅੰਦਰਲਾ ਪਾਪ ਤੇ ਬੋਲਿਆ ਝੂਠ ਹੁਣ ਨੰਗਾ ਹੋਣ ਲੱਗਾ ਸੀ। ਉਹ ਜਾਣਦੀ ਸੀ ਕਿ ਉਹਦੇ ਬਾਪੂ ਨੇ ਇਹ ਗੱਲ ਬਰਦਾਸ਼ਤ ਨਹੀਂ ਕਰਨੀ।

"ਉਹ ਭਾਈ ਗ਼ਲਤ ਕਹਿ ਰਿਹਾ ਸੀ," ਦੀਪੋ ਨੇ ਉੱਤਰ ਦਿੱਤਾ। ਉਹ ਇਸ ਲਈ ਸਾਫ਼ ਮੁਕਰ ਗਈ ਕਿਉਂਕਿ ਉਹ ਜਾਣਦੀ ਸੀ ਕਿ ਉਹਦਾ ਬਾਪੂ ਮੁੜ ਕੇ ਤਸਦੀਕ ਕਰਨ ਲਈ ਉਹਦੀ ਦੁਕਾਨ 'ਤੇ ਨਹੀਂ ਜਾਏਗਾ, ਜੇਕਰ ਉਹਨੇ ਜਾਣ ਦਾ ਯਤਨ ਕੀਤਾ ਤਾਂ ਉਹਦੀ ਮਾਂ ਨਹੀਂ ਜਾਣ ਦੇਵੇਗੀ। ਇਕ ਗੱਲ ਦਾ ਉਹਨੂੰ ਵੀ ਯਕੀਨ ਹੋ ਗਿਆ ਕਿ ਕਰਤਾਰਪੁਰ ਵਿਚ ਉਹਦਾ ਰਿਸ਼ਤਾ ਹੋਣ ਤੇ ਉਹਦੇ ਚੁੱਕੇ ਜਾਣ ਦੀ ਖ਼ਬਰ ਸਭ ਨੂੰ ਪਤਾ ਹੈ। ਉਹ ਨਹੀਂ ਸੀ ਜਾਣਦੀ ਕਿ ਇਹ ਨੌਜਵਾਨ ਹਲਵਾਈ ਉਸੇ ਢਾਣੀ ਦਾ ਮੈਂਬਰ ਹੈ, ਜਿਹੜੀ ਭੱਠੀ 'ਤੇ ਨਿੱਤ ਇਕੱਠੀ ਹੁੰਦੀ ਹੈ ਤੇ ਉਥੇ ਸਾਰੀਆਂ ਖ਼ਬਰਾਂ ਤੇ ਅਫ਼ਵਾਹਾਂ ਦਾ ਵਟਾਂਦਰਾ ਹੁੰਦਾ ਹੈ।

ਦੀਪੋ ਨੂੰ ਇਹ ਵੀ ਸਮਝ ਆ ਗਈ ਕਿ ਕਰਮ ਸਿੰਘ ਵੀ ਉਹਦੇ ਕਰਤਾਰਪੁਰ ਆਉਣ ਤੇ ਰਾਹ ਵਿਚ ਫੜੇ ਜਾਣ ਬਾਰੇ ਜਾਣ ਗਿਆ ਹੋਵੇਗਾ। ਉਹਦੇ 'ਤੇ ਪਤਾ ਨਹੀਂ ਕੀ ਪ੍ਰਭਾਵ ਪਵੇਗਾ ? ਜਦ ਉਹਦੇ ਕਰਤਾਰਪੁਰ ਆਉਣ ਤੇ ਫੜੇ ਜਾਣ ਦੀ ਗੱਲ ਉਹਦੀ ਗਿਆਤ ਵਿਚ ਆਈ ਤਾਂ ਉਹ ਹੋ ਸਕਦਾ ਏ ਕਿ ਇਸ ਗੱਲ ਨੂੰ ਹਮਦਰਦੀ ਵਜੋਂ ਲਵੇ ਤੇ ਮੇਰੇ ਬਾਰੇ ਚੰਗਾ ਸੋਚੇ, ਪਰ ਇਹ ਵੀ ਹੋ ਸਕਦਾ ਏ ਕਿ ਉਹ ਉਲਟ ਪ੍ਰਭਾਵ ਲੈ ਲਵੇ ਤੇ ਹਮੇਸ਼ਾ ਲਈ ਮੇਰੇ ਵਾਸਤੇ ਮਨ ਵਿਚ ਨਫ਼ਰਤ ਪੈਦਾ ਕਰ ਲਵੇ।

ਦੂਰੋਂ ਸ਼ਾਮੂ ਸ਼ਾਹ ਨੇ ਕਰਮ ਸਿੰਘ ਦੇ ਪਿਤਾ ਲਾਭ ਚੰਦ ਨੂੰ ਆਉਂਦਿਆਂ ਵੇਖ ਕੇ ਪਛਾਣ ਲਿਆ। ਉਹ ਲਾਭ ਚੰਦ ਦੇ ਮੱਥੇ ਨਹੀਂ ਸੀ ਲੱਗਣਾ ਚਾਹੁੰਦਾ। ਉਹਨੇ ਰੁਕਮਣੀ ਨੂੰ ਦੱਸਿਆ ਤੇ ਘਬਰਾ ਕੇ ਪਰਵਾਰ ਨੂੰ ਉਹਲੇ ਹੋ ਜਾਣ ਲਈ ਕਿਹਾ। ਉਹਨੂੰ ਇਉਂ ਜਾਪ ਰਿਹਾ ਸੀ

ਜਿਵੇਂ ਲਾਭ ਚੰਦ ਨੂੰ ਕਿਸੇ ਨੇ ਉਨ੍ਹਾਂ ਦੇ ਇਥੇ ਆਉਣ ਬਾਰੇ ਦੱਸ ਦਿੱਤਾ ਹੈ ਤੇ ਉਹ ਮਿਲਣ ਆ ਰਿਹਾ ਹੈ।

ਯੱਕੇ ਵਾਲਾ ਆ ਗਿਆ ਤੇ ਇਹ ਝੱਟ ਯੱਕੇ ਵਿਚ ਬੈਠ ਗਏ ਤੇ ਯੱਕੇ ਵਾਲੇ ਨੂੰ ਛੇਤੀ ਤੁਰਨ ਲਈ ਕਿਹਾ। ਸ਼ਾਮੂ ਸ਼ਾਹ ਅੱਗੇ ਬੈਠ ਗਿਆ ਤੇ ਦੂਰੋਂ ਆ ਰਹੇ ਲਾਭ ਚੰਦ ਵੱਲ ਉਸ ਨੇ ਕੰਡ ਕਰ ਲਈ। ਲਾਭ ਚੰਦ ਨੇ ਇਨ੍ਹਾਂ ਨੂੰ ਨਾ ਦੇਖਿਆ ਤੇ ਨਾ ਪਛਾਣਿਆ। ਉਹ ਤਾਂ ਮੂੰਹ-ਧਿਆਨੇ ਕਿਸੇ ਕੰਮ ਜਾਂਦਾ ਇਧਰੋਂ ਲੰਘ ਰਿਹਾ ਸੀ।

ਦੀਪੋ ਇਸ ਸਮੇਂ ਵੀ ਆਪਣੇ ਵਿਚਾਰਾਂ ਦੇ ਸਮੁੰਦਰ ਵਿਚ ਗੋਤੇ ਖਾ ਰਹੀ ਸੀ। ਉਹਦਾ ਇਕ ਪਲ ਜੀਅ ਕੀਤਾ ਕਿ ਯੱਕਾ ਨਾ ਤੁਰੇ ਤੇ ਕਰਮ ਸਿੰਘ ਦਾ ਪਿਤਾ ਆ ਜਾਏ। ਹੋ ਸਕਦਾ ਹੈ ਕਿ ਉਹ ਬਾਪੂ ਨਾਲ ਮੁੜ ਕੇ ਰਿਸ਼ਤੇ ਦੀ ਕੋਈ ਗੱਲ ਹੀ ਕਰਨ ਆ ਰਿਹਾ ਹੋਵੇ। ਦੂਜੇ ਪਲ ਉਹਨੂੰ ਡਰ ਵੀ ਖਾਈ ਜਾ ਰਿਹਾ ਸੀ ਕਿਧਰੇ ਕਰਮ ਸਿੰਘ ਦਾ ਪਿਤਾ ਆ ਕੇ ਭਾਂਡਾ ਨਾ ਭੰਨ ਦੇਵੇ ਕਿ ਕੁੜੀਆਂ ਕਰਤਾਰਪੁਰ ਨੇੜਿਉਂ ਹੀ ਅਗਵਾ ਕਰ ਲਈਆਂ ਗਈਆਂ ਸਨ। ਪਹਿਲੇ ਵਿਚਾਰ ਨਾਲ ਉਹਦਾ ਚਿਹਰਾ ਖਿੜ ਗਿਆ ਤੇ ਦੂਜੀ ਸੋਚ ਨਾਲ ਉਹਨੂੰ ਨਿਰਾਸਤਾ ਹੋਈ।

ਯੱਕਾ ਹੁਣ ਕਰਤਾਰਪੁਰ ਤੋਂ ਕਾਫ਼ੀ ਦੂਰ ਧੂੜ ਪਿੱਛੇ ਸੁੱਟਦਾ ਜਲੰਧਰ ਵੱਲ ਚਲਿਆ ਜਾ ਰਿਹਾ ਸੀ।

9

ਕਿੱਕਰ ਸਿੰਘ ਤੇ ਕਸਤੂਰ ਸਿੰਘ ਦੋਵੇਂ ਕਾਫ਼ੀ ਦਿਨ ਹੋਰ ਰੁਝੇਵਿਆਂ ਵਿਚ ਰੁੱਝੇ ਰਹੇ। ਪਿੰਡਾਂ ਵਿਚ ਕਈ ਅਜਿਹੀਆਂ ਗੱਲਾਂ ਇਨ੍ਹਾਂ ਦਿਨਾਂ ਵਿਚ ਵਾਪਰੀਆਂ, ਜਿਨ੍ਹਾਂ ਕਰਕੇ ਇਹ ਛੇਤੀ ਵਾਪਸ ਸਾਬੋ ਕੀ ਤਲਵੰਡੀ ਨਾ ਜਾ ਸਕੇ। ਉਨ੍ਹਾਂ ਨੇ ਦੇਖਿਆ ਕਿ ਜਦੋਂ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਏ ਤੇ ਉਨ੍ਹਾਂ ਦੇ ਚਾਰੇ ਸਪੁੱਤਰ ਸ਼ਹੀਦ ਹੋ ਗਏ ਨੇ, ਸਾਰੇ ਹਾਕਮ ਵਰਗ ਦਾ ਸਿੱਖਾਂ ਵੱਲ ਵਤੀਰਾ ਪਹਿਲਾਂ ਨਾਲੋਂ ਕਠੋਰ ਤੇ ਵਿਰੋਧ-ਭਾਵ ਦਾ ਹੋ ਗਿਆ ਹੈ। ਉਹ ਭਾਵੇਂ ਇਸ ਤੋਂ ਪਿੱਛੋਂ ਹੀ ਅੰਮ੍ਰਿਤ ਛਕ ਕੇ ਸਿੰਘ ਸੱਜੇ ਸਨ ਪਰ ਹੈਰਾਨੀ ਹੁੰਦੀ ਸੀ ਕਿ ਉਹ ਜਿਥੇ ਵੀ ਗਏ, ਜਿਸ ਨੂੰ ਵੀ ਮਿਲੇ, ਜਨ-ਸਾਧਾਰਨ ਨੂੰ ਗੁਰੂ ਪਰਵਾਰ ਨਾਲ ਵਾਪਰੇ ਦੁਖਾਂਤ ਦਾ ਦੁਖ ਸੀ। ਕਈਆਂ ਨੇ ਉਨ੍ਹਾਂ ਨੂੰ ਪਰਚਾਉਣੀ ਕੀਤੀ। ਲੋਕੀਂ ਬੜੇ ਸਨੇਹ ਨਾਲ ਦਸਵੇਂ ਗੁਰੂ ਬਾਰੇ ਜਾਣਨ ਦੀ ਗੱਲ ਤੋਰਦੇ। ਲੋਕੀਂ ਨਿਝੱਕ ਹੋ ਕੇ ਕਹਿੰਦੇ ਕਿ ਹਕੂਮਤ ਦੇ ਨਸ਼ੇ ਵਿਚ ਹਾਕਮ ਵਰਗ ਧੱਕਾ ਕਰ ਰਿਹਾ ਏ। ਪਿੰਡਾਂ ਵਿਚ ਵੱਸਦੇ ਬੁੱਧੀਜੀਵੀਆਂ ਦਾ ਉਸ ਵੇਲੇ ਵੀ ਇਹੀ ਨਿਰਣਾ ਸੀ ਕਿ ਹਾਕਮਾਂ ਦੀ ਦ੍ਰਿਸ਼ਟੀ ਵਿਚ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਇਹੀ ਭਾਵ ਸੀ ਕਿ ਉਨ੍ਹਾਂ ਨੇ ਲੋਕਾਂ ਦੇ ਜੰਗਜੂ ਦਿਲਾਂ ਨੂੰ ਧਾਰਮਕ ਜੋਸ਼ ਨਾਲ ਭਰਪੂਰ ਕਰ ਦਿੱਤਾ ਹੈ। ਆਪਣੇ ਆਪ ਨੂੰ ਕਮਜ਼ੋਰ ਤੇ ਕੀੜੇ ਮਕੌੜੇ ਸਮਝਣ ਵਾਲੇ ਜਨ-ਸਾਧਾਰਨ ਨੂੰ ਉਹਦੀ ਸ਼ਕਤੀ ਦਾ ਅਹਿਸਾਸ ਕਰਵਾ ਦਿੱਤਾ ਹੈ। ਨੌਜਵਾਨ ਵਰਗ ਵਿਚ ਕੁਝ ਵਧੇਰੇ ਹੀ ਜੋਸ਼ ਤੇ ਉਤਸ਼ਾਹ ਭਰ ਗਿਆ ਸੀ।

ਆਸ ਪਾਸ ਦੇ ਪਿੰਡਾਂ ਵਿਚ ਜਿਥੇ ਕਿਧਰੇ ਕੋਈ ਟਾਵਾਂ ਟਾਵਾਂ ਅੰਮ੍ਰਿਤਧਾਰੀ ਸਿੰਘ ਵੱਸਦਾ ਸੀ, ਉਨ੍ਹਾਂ ਦੇ ਪਰਵਾਰਾਂ ਦੀ ਸੁੱਖ-ਸਾਂਦ ਦਾ ਪਤਾ ਲਿਆਉਣ ਦੀ ਸੇਵਾ ਵੀ ਇਨ੍ਹਾਂ

ਦੋਹਾਂ ਦੇ ਸਪੁਰਦ ਸੀ। ਇਉਂ ਜਾਪਦਾ ਹੈ ਕਿ ਜਿਹੜੀ ਸੂਚੀ ਜਾਂ ਵੇਰਵਾ ਕਰਮ ਸਿੰਘ ਤਿਆਰ ਕਰ ਕੇ ਲੈ ਗਿਆ ਸੀ, ਉਸੇ ਨੂੰ ਲੈ ਕੇ ਇਹ ਦੋਵੇਂ ਸਿੰਘ ਦੁਆਬੇ ਦੇ ਪਿੰਡਾਂ ਦਾ ਚੱਕਰ ਲਾ ਰਹੇ ਸਨ। ਇਹ ਅਜੇ ਸਾਬੋ ਕੀ ਤਲਵੰਡੀ ਤੋਂ ਆ ਹੀ ਰਹੇ ਸਨ, ਜਦੋਂ ਕਰਤਾਰਪੁਰ ਵਿਚ ਇਨ੍ਹਾਂ ਨੂੰ ਦੀਪੋ ਤੇ ਬੰਤੋ ਦੇ ਜ਼ਬਰਦਸਤੀ ਅਗਵਾ ਕੀਤੇ ਜਾਣ ਦੀ ਖ਼ਬਰ ਮਿਲੀ ਤੇ ਇਹ ਉਨ੍ਹਾਂ ਪਿੱਛੇ ਜਾ ਕੇ ਛੁਡਾ ਕੇ ਦਿਆਲਪੁਰ ਛੱਡ ਆਏ ਸਨ। ਫਿਰ ਆਪਣੇ ਪਿੰਡਾਂ ਵਿਚ ਗਏ। ਅਨੇਕਾਂ ਔਕੜਾਂ, ਸਮੱਸਿਆਵਾਂ ਤੇ ਘਰੇਲੂ ਲੋੜਾਂ ਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਦਿਆਂ ਪੂਰਾ ਮਹੀਨਾ ਲੱਗ ਗਿਆ। ਇਨ੍ਹਾਂ ਨੇ ਇਹ ਵੀ ਦੇਖ ਲਿਆ ਕਿ ਜਿਸ ਚੌਧਰੀ ਦੇ ਚੁੰਗਲ ਵਿਚੋਂ ਕੁੜੀਆਂ ਛੁਡਾਈਆਂ ਸਨ, ਉਹਨੂੰ ਇਨ੍ਹਾਂ ਬਾਰੇ ਪਤਾ ਨਹੀਂ। ਨਹੀਂ ਤੇ ਉਹ ਜ਼ਰੂਰ ਇਨ੍ਹਾਂ ਪਿੱਛੇ ਇਨ੍ਹਾਂ ਦੇ ਪਿੰਡ ਆਉਂਦਾ। ਆਪਣੇ ਰੁਝੇਵਿਆਂ ਤੋਂ ਛੇਤੀ ਛੇਤੀ ਵਿਹਲੇ ਹੋ ਕੇ ਇਨ੍ਹਾਂ ਸਾਬੋ ਕੀ ਤਲਵੰਡੀ ਜਾਣ ਦਾ ਮਨ ਬਣਾਇਆ। ਹੁਣ ਇਨ੍ਹਾਂ ਨਾਲ ਹੋਰ ਪੰਜ ਛੇ ਨੌਜਵਾਨ ਵੀ ਤਿਆਰ ਹੋ ਚੁੱਕੇ ਸਨ।

ਇਹ ਪਹਿਲਾਂ ਦਿਆਲਪੁਰ ਗਏ ਤਾਕਿ ਪਤਾ ਕਰ ਸਕਣ ਕਿ ਸ਼ਾਮੂ ਸ਼ਾਹ ਤੇ ਉਹਦੇ ਪਰਵਾਰ ਨੂੰ ਚੌਧਰੀ ਮੁੜ ਦੁਖੀ ਕਰਨ ਲਈ ਤਾਂ ਨਹੀਂ ਆਇਆ। ਦਿਆਲਪੁਰ ਉਨ੍ਹਾਂ ਨੂੰ ਪਤਾ ਲੱਗਾ ਕਿ ਚੌਧਰੀ ਦੇ ਬੰਦੇ ਆਏ ਸਨ ਤੇ ਉਨ੍ਹਾਂ ਤੋਂ ਡਰਦੇ ਮਾਰੇ ਸ਼ਾਮੂ ਸ਼ਾਹ ਆਪਣੇ ਪਰਵਾਰ ਸਮੇਤ ਕਿਧਰੇ ਤੁਰ ਗਿਆ ਏ। ਪਿੰਡ ਵਿਚੋਂ ਉਨ੍ਹਾਂ ਨੂੰ ਪਤਾ ਨਾ ਲੱਗ ਸਕਿਆ ਕਿ ਸ਼ਾਮੂ ਸ਼ਾਹ ਦਾ ਪਰਵਾਰ ਕਿਧਰ ਗਿਆ ਹੈ।

ਦਿਆਲਪੁਰ ਵਿਚ ਵੀ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਬੰਦੇ ਮਿਲੇ। ਕੁਝ ਤਾਂ ਸਿਰਫ਼ ਇਤਨਾ ਕਹਿ ਕੇ ਚੁੱਪ ਕਰ ਜਾਂਦੇ ਕਿ ਬੜਾ ਮਾੜਾ ਹੋਇਆ। ਸ਼ਾਮੂ ਸ਼ਾਹ ਨਾਲ ਹਾਕਮਾਂ ਨੇ ਇਕ ਤਾਂ ਜ਼ਿਆਦਤੀ ਕੀਤੀ, ਉਹਦੀ ਬੱਚੀ ਨੂੰ ਦਾਗ਼ੀ ਕਰ ਦਿੱਤਾ ਤੇ ਉਲਟਾ ਵਿਚਾਰੇ ਸ਼ਾਹ ਨੂੰ ਘਰ-ਬਾਰ ਛੱਡ ਕੇ ਕਿਧਰੇ ਲੁਕ ਕੇ ਦਿਨ ਕੱਟੀ ਕਰਨੀ ਪਈ ਏ। ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਦੂਜੀ ਕੁੜੀ ਬੰਤੋ ਦੇ ਸਹੁਰੇ ਆਏ ਸਨ ਤੇ ਚੁੱਪ-ਚੁਪੀਤੇ ਉਹਨੂੰ ਵਿਆਹ ਕੇ ਲੈ ਗਏ ਨੇ। ਉਹਦਾ ਪਤੀ ਇਕ ਅੰਮ੍ਰਿਤਧਾਰੀ ਸਿੰਘ ਸੀ ਤੇ ਉਹਦੇ ਮਾਪੇ ਸਹਿਜਧਾਰੀ ਸਿਖ। ਉਨ੍ਹਾਂ ਕੁੜੀ ਨੂੰ ਤੁਰਤ ਲਿਜਾਣਾ ਹੀ ਠੀਕ ਸਮਝਿਆ। ਪਿੰਡ ਵਿਚ ਲੋਕ ਸੁਭਾਨਪੁਰੀਆਂ ਦੀ ਇਸ ਖੁੱਲ੍ਹ-ਦਿਲੀ ਦੀ ਤਾਰੀਫ਼ ਵੀ ਕਰ ਰਹੇ ਸਨ। ਬਹੁਤੇ ਵਡੇਰੀ ਉਮਰ ਦੇ ਮੁਸਲਮਾਨ ਤੇ ਹਿੰਦੂ ਸਭ ਇਹਨੂੰ ਪ੍ਰਭੂ ਤੇ ਰੱਬ ਦਾ ਭਾਣਾ ਕਹਿ ਕੇ ਜਾਂ ਠੰਡਾ ਹਉਕਾ ਲੈ ਕੇ ਚੁੱਪ ਕਰ ਜਾਂਦੇ ਪਰ ਨੌਜਵਾਨ ਵਰਗ 'ਤੇ ਇਹਦਾ ਹੋਰ ਤਰ੍ਹਾਂ ਦਾ ਪ੍ਰਭਾਵ ਸੀ। ਕੁਝ ਮੁੰਡੇ ਤਾਂ ਟਿੱਚਰਾਂ ਕਰਦੇ ਤੇ ਇਨ੍ਹਾਂ ਦੋਹਾਂ ਕੁੜੀਆਂ ਦੇ ਆਚਰਣ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਅਫ਼ਵਾਹਾਂ ਵੀ ਉਡਾਂਦੇ ਪਰ ਬਹੁਤੇ ਗੱਭਰੂਆਂ ਵਿਚ ਗੁੱਸਾ ਤੇ ਬਦਲੇ ਦੀ ਭਾਵਨਾ ਵੀ ਸਾਫ਼ ਦਿਖਾਈ ਦੇ ਰਹੀ ਸੀ।

ਦਿਆਲਪੁਰ ਵਿਚ ਹੀ ਇਕ ਮੁਸਲਮਾਨ ਨੌਜਵਾਨ ਇਨ੍ਹਾਂ ਦੋਹਾਂ ਸਿੰਘਾਂ ਨੂੰ ਮਿਲਿਆ, ਜਦ ਇਹ ਪਿੰਡ ਤੋਂ ਬਾਹਰ ਨਿਕਲ ਰਹੇ ਸਨ। ਉਹਨੇ ਹੱਥ ਜੋੜ ਕੇ ਪਰ ਇਸਲਾਮੀ ਢੰਗ ਨਾਲ ਕਿਹਾ, "ਇਸਲਾਮਾ ਲੇਕਮ"। ਇਨ੍ਹਾਂ ਨੌਜਵਾਨਾਂ ਨੇ ਉਸੇ ਢੰਗ ਨਾਲ ਉੱਤਰ ਦਿੱਤਾ ਤੇ ਖੜੇ ਹੋ ਗਏ। ਘੋੜਿਆਂ ਤੋਂ ਉਤਰ ਆਏ। ਇਹ ਸਮਝ ਗਏ ਕਿ ਇਸ ਨੌਜਵਾਨ ਨੇ ਐਵੇਂ ਸਲਾਮ ਨਹੀਂ ਕੀਤਾ। ਇਹ ਜ਼ਰੂਰ ਕੋਈ ਗੱਲ ਕਰਨੀ ਚਾਹੁੰਦਾ ਹੈ।

ਉਹਨੇ ਨੇੜੇ ਆ ਕੇ ਕਿਹਾ, "ਮੈਂ ਤੁਹਾਡੇ ਤੋਂ ਇਕ ਗੱਲ ਪੁੱਛਣੀ ਸੀ ?"

"ਜ਼ਰੂਰ ਪੁੱਛੋ," ਬੜੇ ਪਿਆਰ ਨਾਲ ਕਿੱਕਰ ਸਿੰਘ ਨੇ ਉਹਦੀ ਗੱਲ ਦਾ ਉੱਤਰ ਦਿੱਤਾ।

"ਮੈਨੂੰ ਤੁਸੀਂ ਬੜੇ ਚੰਗੇ ਲੱਗਦੇ ਜੇ," ਨੌਜਵਾਨ ਨੇ ਗੱਲ ਸ਼ੁਰੂ ਕੀਤੀ, "ਮੈਂ ਮੁਸਲਮਾਨ ਹਾਂ ਪਰ ਇਲਾਕੇ ਦੇ ਮੁਸਲਮਾਨ ਚੌਧਰੀ ਦੀਆਂ ਜ਼ਿਆਦਤੀਆਂ ਤੋਂ ਦੁਖੀ ਹਾਂ। ਮੈਂ ਸਮਝਦਾ ਹਾਂ ਕਿ

ਉਹ ਇਸਲਾਮ ਦੀ ਸੇਵਾ ਨਹੀਂ ਕਰ ਰਿਹਾ, ਸਾਰੇ ਮੁਸਲਮਾਨਾਂ ਨੂੰ ਬਦਨਾਮ ਕਰ ਰਿਹਾ ਹੈ। ਸਾਡੇ ਮਜ਼ਹਬ ਨੂੰ ਦਾਗ਼ਦਾਰ ਕਰ ਰਿਹਾ ਏ। ਅਸੀਂ ਸਮਝਦੇ ਹਾਂ ਕਿ ਕੋਈ ਵੀ ਮਜ਼ਹਬ ਬੁਰਾ ਨਹੀਂ। ਕੋਈ ਵੀ ਇਨਸਾਨਾਂ ਵਿਚ ਵੈਰ-ਵਿਰੋਧ ਤੇ ਅਦਾਵਤ ਪੈਦਾ ਕਰਨ ਦੀ ਸਿੱਖਿਆ ਨਹੀਂ ਦਿੰਦਾ। ਸਾਡੀਆਂ ਸਭ ਧੀਆਂ ਭੈਣਾਂ ਸਾਂਝੀਆਂ ਨੇ। ਸਾਡੇ ਅੱਬਾ ਵੀ ਚੌਧਰੀ ਕੋਲ ਗਏ ਸਨ ਕਿ ਸ਼ਮੂ ਸ਼ਾਹ ਨਾਲ ਧੱਕਾ ਨਾ ਕਰੇ ਪਰ ਉਹ ਜਿਸ ਹੈਂਕੜ ਦੇ ਘੋੜੇ 'ਤੇ ਸਵਾਰ ਏ, ਉਹਨੇ ਇਕ ਨਹੀਂ ਸੁਣੀ, ਉਲਟਾ ਮੇਰੇ ਵਾਲਦ ਨੂੰ ਵੀ ਬੇਇੱਜ਼ਤ ਕਰ ਕੇ ਤੋਰ ਦਿੱਤਾ ਸੂ। ਓਦਣ ਦੀ ਮੇਰੇ ਅੰਦਰ ਅੱਗ ਬਲ ਰਹੀ ਏ। ਮੈਂ ਚੌਧਰੀ ਵਿਰੁੱਧ ਜਹਾਦ ਵਿਚ ਸ਼ਾਮਲ ਹੋਣਾ ਚਾਹੁੰਦਾ ਹਾਂ। ਕੀ ਮੈਂ ਸਿਖ ਬਣੇ ਬਿਨਾਂ ਤੁਹਾਡੀ ਜੱਦੋ-ਜਹਿਦ ਵਿਚ ਸ਼ਾਮਲ ਹੋ ਸਕਦਾ ਹਾਂ?"

ਦੋਵੇਂ ਸਿੰਘ ਬੜੇ ਧਿਆਨ ਨਾਲ ਉਸ ਦੀਆਂ ਗੱਲਾਂ ਸੁਣਦੇ ਰਹੇ। ਉਹ ਕੋਈ ਪੰਜ ਮਿੰਟ ਤਕ ਬਿਨਾਂ ਰੋਕੇ-ਟੋਕੇ ਬੋਲਦਾ ਰਿਹਾ ਤੇ ਉਹਨੇ ਆਪਣੇ ਅੰਦਰ ਉੱਠ ਰਹੇ ਤੂਫ਼ਾਨ ਨੂੰ ਗੱਲਾਂ ਕਰ ਕੇ ਸ਼ਾਂਤ ਕਰ ਲਿਆ। ਜਦ ਉਹਨੇ ਆਪਣੀ ਗੱਲ ਪੂਰੀ ਕਰ ਲਈ ਤਾਂ ਕਸਤੂਰ ਸਿੰਘ ਨੇ ਨੌਜਵਾਨ ਨੂੰ ਥਾਪੜਾ ਦਿੰਦਿਆਂ ਕਿਹਾ, "ਤੂੰ ਕਾਫ਼ੀ ਸੱਚਾ ਮੁਸਲਮਾਨ ਜਾਪਦਾ ਏਂ। ਐਵੇਂ ਨਾਮ-ਧਰੀਕ ਨਹੀਂ। ਅਸੀਂ ਤੇਰੇ ਜਜ਼ਬਾਤ ਦੇ ਪ੍ਰਸੰਸਕ ਹਾਂ। ਤੇਰੀ ਅੰਤਰ-ਆਤਮਾ ਵਿਚ ਇਨਸਾਨੀਅਤ ਹੈ। ਤੂੰ ਧਰਮੀ ਬੰਦਾ ਏਂ। ਤੂੰ ਸਾਡਾ ਸਾਥੀ ਬਣ ਸਕਦਾ ਏਂ ਤੇ ਸਾਡੀ ਜੱਦੋ-ਜਹਿਦ ਵਿਚ ਵੀ ਸ਼ਾਮਲ ਹੋ ਸਕਦਾ ਏਂ," ਕੁਝ ਸੋਚ ਕੇ ਤੇ ਪਲ ਕੁ ਅਟਕ ਕੇ ਕਸਤੂਰ ਸਿੰਘ ਨੇ ਅੱਗੋਂ ਕਿਹਾ, "ਹਾਂ, ਤੂੰ ਪੁੱਛਿਆ ਸੀ ਕਿ ਮੁਸਲਮਾਨ ਹੁੰਦਿਆਂ ਤੂੰ ਸਾਡਾ ਸਾਥੀ ਬਣ ਸਕਦਾ ਏਂ? ਅਸੀਂ ਜ਼ੋਰ ਨਾਲ ਕਹਿੰਦੇ ਹਾਂ ਕਿ ਤੂੰ ਬਣ ਸਕਦਾ ਏਂ। ਤੂੰ ਸਾਡੇ ਇਤਿਹਾਸ ਤੋਂ ਜਾਣੂੰ ਨਹੀਂ। ਸਾਡੇ ਪਹਿਲੇ ਸਤਿਗੁਰੂ ਨਾਨਕ ਦੇਵ ਜੀ ਦਾ ਸਾਰੀ ਜ਼ਿੰਦਗੀ ਦਾ ਸਾਥੀ ਇਕ ਮੁਸਲਮਾਨ ਮਰਦਾਨਾ ਸੀ। ਉਹ ਸਾਰੀ ਉਮਰ ਗੁਰੂ ਨਾਨਕ ਦੀ ਉਚਾਰੀ ਬਾਣੀ ਦਾ ਗਾਇਨ ਕਰਦਾ ਰਿਹਾ। ਸਾਲਾਂ-ਬੱਧੀ ਗੁਰੂ ਨਾਨਕ ਨਾਲ ਦੁਨੀਆਂ ਭਰ ਵਿਚ ਫਿਰਦਾ ਰਿਹਾ। ਕਦੇ ਉਹਨੂੰ ਗੁਰੂ ਨਾਨਕ ਨੇ ਆਪਣਾ ਧਰਮ-ਵਿਸ਼ਵਾਸ ਬਦਲਣ ਲਈ ਨਹੀਂ ਕਿਹਾ। ਸਾਈਂ ਬੁੱਧੂ ਸ਼ਾਹ ਨੇ ਕੁਝ ਹੀ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਦਾ ਸਾਥ ਦਿੰਦਿਆਂ ਨਾਹਨ ਰਿਆਸਤ ਵਿਚ ਆਪਣੇ ਪੁੱਤਰ ਤੇ ਅਨੇਕਾਂ ਚੇਲੇ ਕੁਰਬਾਨ ਕਰ ਦਿੱਤੇ ਸਨ। ਬਥੇਰੇ ਪਠਾਣ ਗੁਰੂ-ਘਰ ਨਾਲ ਪ੍ਰੇਮ ਰੱਖਦੇ ਹਨ। ਗੁਰੂ ਜੀ ਜਦ ਅਨੰਦਪੁਰ ਛੱਡ ਕੇ ਕਈ ਲੜਾਈਆਂ ਪਿੱਛੋਂ ਮਾਛੀਵਾੜੇ ਵਿਚ ਆ ਕੇ ਘਿਰ ਗਏ ਸਨ ਤਾਂ ਉਥੋਂ ਦੋ ਪਠਾਣ 'ਉਚ ਦਾ ਪੀਰ' ਬਣਾ ਕੇ ਉਨ੍ਹਾਂ ਨੂੰ ਕੱਢ ਲਿਆਏ ਸਨ।"

"ਇਹ ਐਵੇਂ ਪ੍ਰਚਾਰ ਹੋ ਰਿਹਾ ਏ ਕਿ ਸਿਖ ਇਸਲਾਮ ਦੇ ਵਿਰੋਧੀ ਹਨ। ਇਹ ਇਸਲਾਮ ਦਾ ਇਥੋਂ ਬੀ ਨਾਸ ਕਰਨਾ ਚਾਹੁੰਦੇ ਹਨ?" ਨੌਜਵਾਨ ਨੇ ਪੁੱਛਿਆ।

"ਬਿਲਕੁਲ ਗ਼ਲਤ ਪ੍ਰਚਾਰ ਹੈ," ਕਿੱਕਰ ਸਿੰਘ ਬੋਲ ਪਿਆ, "ਸਾਡੇ ਗੁਰੂ ਦਾ ਉਪਦੇਸ਼ ਹੈ ਕਿ ਰੱਬ ਇਕ ਹੈ ਤੇ ਅਸੀਂ ਸਾਰੇ ਉਸ ਰੱਬ ਦੇ ਪੈਦਾ ਕੀਤੇ ਬੰਦੇ ਭਰਾ ਹਾਂ। ਅਸੀਂ ਤਾਂ ਸਭ ਮਨੁੱਖਾਂ ਨੂੰ ਭਰਾ ਭਰਾ ਸਮਝਦੇ ਹਾਂ। ਇਹ ਪ੍ਰਚਾਰ ਤਾਂ ਹਾਕਮ ਵਰਗ ਕਰ ਰਿਹਾ ਏ। ਉਹ ਮਜ਼ਹਬ ਦਾ ਨਾਮ ਲੈ ਕੇ ਲੋਕਾਂ ਨੂੰ ਭੜਕਾ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਨੇ। ਇਹ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉਨ੍ਹਾਂ ਦੀ ਪੈਦਾ ਕੀਤੀ ਹੋਈ ਏ।"

"ਮੈਂ ਕਿਸ ਤਰ੍ਹਾਂ ਤੁਹਾਡਾ ਸਾਥੀ ਬਣ ਸਕਦਾ ਹਾਂ?" ਨੌਜਵਾਨ ਨੇ ਅਗਲਾ ਸਵਾਲ ਕੀਤਾ, "ਮੈਂ ਗੁਰੂ ਕਾ ਸਿਖ ਬਣਨਾ ਚਾਹੁੰਦਾ ਹਾਂ ਪਰ ਮੈਨੂੰ ਇਕ ਤੌਖ਼ਲਾ ਏ ਕਿ ਮੇਰੇ ਘਰ ਦੇ, ਮੇਰਾ ਭਾਈਚਾਰਾ ਮੈਨੂੰ ਕਿਧਰੇ ਕਾਫ਼ਰ ਕਾਫ਼ਰ ਕਹਿ ਕੇ ਘਰ ਤੋਂ ਨਾ ਕੱਢ ਦੇਵੇ।"

"ਤੈਨੂੰ ਸਾਡੇ ਵਰਗਾ ਰੂਪ ਧਾਰ ਕੇ ਸਿਖ ਬਣਨ ਦੀ ਅਜੇ ਲੋੜ ਨਹੀਂ। ਤੂੰ ਵਿਚਾਰਾਂ ਦੀ ਸਾਂਝ ਸਾਡੇ ਨਾਲ ਪਾ ਲਈ ਤਾਂ ਅਸੀਂ ਸਮਝਦੇ ਹਾਂ ਕਿ ਤੂੰ ਸਹਿਜਧਾਰੀ ਹੋ ਗਿਆ।

ਤੂੰ ਮੁਸਲਮਾਨ ਰਹਿ ਕੇ ਵੀ ਸਿਖ ਹੋ ਸਕਦਾ ਏਂ," ਕਿੱਕਰ ਸਿੰਘ ਨੇ ਸਮਝਾਇਆ।

"ਤੇਰਾ ਨਾਮ ਕੀ ਏ ?" ਕਸਤੂਰ ਸਿੰਘ ਨੇ ਪੁੱਛਿਆ।

"ਇਬਰਾਹੀਮ।"

"ਲੈ ਬਈ ਇਬਰਾਹੀਮ, ਤੈਨੂੰ ਅਸੀਂ ਜੱਦੋ-ਜਹਿਦ ਵਿਚ ਸ਼ਾਮਲ ਕਰ ਲਿਆ ਏ," ਕਿੱਕਰ ਸਿੰਘ ਨੇ ਉਹਨੂੰ ਮੁੜ ਥਾਪੜਾ ਦੇ ਕੇ ਗਲਵਕੜੀ ਵਿਚ ਲੈਂਦਿਆਂ ਕਿਹਾ, "ਤੂੰ ਅੱਜ ਤੋਂ ਦਿਆਲਪੁਰ ਵਿਚ ਸਾਡਾ ਨੁਮਾਇੰਦਾ ਹੋਏਂਗਾ। ਤੂੰ ਇਕ ਗੱਲ ਕਰ ਕਿ ਪਿੰਡ ਵਿਚ ਸਾਰੇ ਨੌਜਵਾਨਾਂ ਨੂੰ ਜਥੇਬੰਦ ਕਰ ਤੇ ਨਾਹਰਾ ਮਾਰ ਕਿ ਪਿੰਡ ਦੇ ਹਰ ਵਾਸੀ ਦੇ ਹਿਤਾਂ ਦੀ ਰਾਖੀ ਕਰਨੀ ਏਂ। ਕੋਈ ਮੁਸਲਮਾਨ ਏ, ਹਿੰਦੂ ਜਾਂ ਸਿਖ; ਕਿਸੇ ਨਾਲ ਨਾ ਜ਼ਿਆਦਤੀ ਕਰਨੀ ਤੇ ਨਾ ਹੀ ਕਰਨ ਦੇਣੀ ਏਂ। ਪਿੰਡ 'ਤੇ ਕੋਈ ਬਿਪਤਾ ਆ ਪਏ ਤਾਂ ਸਾਰੇ ਇਕੱਠੇ ਹੋ ਕੇ ਉਹਦਾ ਮੁਕਾਬਲਾ ਕਰਾਂਗੇ।"

"ਘਬਰਾਈਂ ਨਾ," ਕਸਤੂਰ ਸਿੰਘ ਬੋਲ ਪਿਆ, "ਸ਼ੁਰੂ ਸ਼ੁਰੂ ਵਿਚ ਤੇਰੇ ਨਾਲ ਇਕ ਦੋ ਵੀ ਤੁਰ ਪਏ ਤਾਂ ਸਮਝੀਂ ਕਿ ਤੂੰ ਕਾਮਯਾਬ ਹੋ ਗਿਆ ਏਂ। ਹੌਲੀ ਹੌਲੀ ਤੁਹਾਡੇ ਖ਼ਿਆਲ ਤੇ ਅਮਲ ਦੇਖ ਕੇ ਦੂਜੇ ਆਪੇ ਤੁਹਾਡੇ ਨਾਲ ਤੁਰ ਪੈਣਗੇ। ਤੁਹਾਡੇ ਪਿੰਡ ਵਿਚ ਬੜੇ ਚੰਗੇ ਮੁਸਲਮਾਨ ਵੀ ਨੇ। ਫ਼ਜ਼ਲ ਅਲੀ ਦਾ ਚਰਚਾ ਅਸੀਂ ਸੁਣ ਚੁੱਕੇ ਹਾਂ।"

"ਲੈ ਬਈ, ਹੁਣ ਸਾਨੂੰ ਛੁੱਟੀਆਂ ਦੇ, ਅਸੀਂ ਬੜੀ ਦੂਰ ਪਹੁੰਚਣਾ ਏ," ਕਿੱਕਰ ਸਿੰਘ ਨੇ ਇਸ ਮੁਲਾਕਾਤ ਨੂੰ ਸਮਾਪਤ ਕਰਦਿਆਂ ਆਖਿਆ।

"ਨਹੀਂ ਜੀ, ਮੇਰੇ ਘਰ ਚੱਲੋ। ਮੈਂ ਦੁੱਧ ਲੱਸੀ ਦੀ ਸੇਵਾ ਕਰਨੀ ਏ। ਇਉਂ ਮੈਂ ਤੁਹਾਨੂੰ ਨਹੀਂ ਜਾਣ ਦੇਣਾ। ਤੁਸੀਂ ਤਾਂ ਫ਼ਰਿਸ਼ਤੇ ਹੋ," ਇਬਰਾਹੀਮ ਨੇ ਤਰਲਾ ਲਿਆ।

"ਹੁਣ ਕਾਫ਼ੀ ਦੇਰ ਹੋ ਗਈ ਏ," ਕਿੱਕਰ ਸਿੰਘ ਨੇ ਕਿਹਾ, "ਅਸੀਂ ਵਚਨ ਕਰਦੇ ਹਾਂ ਕਿ ਅਗਲੀ ਵਾਰ ਅਸੀਂ ਤੇਰੇ ਕੋਲ ਆ ਕੇ ਠਹਿਰਾਂਗੇ ਤੇ ਖਾਵਾਂ ਪੀਵਾਂਗੇ। ਨਾਲੇ ਦੇਖਾਂਗੇ ਕਿ ਤੁਸੀਂ ਕਿਤਨਾ ਕੁ ਕੰਮ ਕੀਤਾ ਏ। ਅਜਿਹਾ ਮਾਹੌਲ ਬਣਾ ਦਿਓ ਕਿ ਪਿੰਡ ਦੇ ਲੋਕ ਤੁਰ ਕੇ ਸ਼ਾਮੂ ਸ਼ਾਹ ਪਾਸ ਜਾਣ ਤੇ ਉਹਨੂੰ ਮੋੜ ਕੇ ਪਿੰਡ ਲੈ ਆਉਣ।"

"ਸਾਨੂੰ ਤੇ ਇਹ ਵੀ ਨਹੀਂ ਪਤਾ ਕਿ ਸ਼ਾਮੂ ਸ਼ਾਹ ਹੋਰੀਂ ਕਿਧਰ ਚਲੇ ਗਏ ਨੇ," ਇਬਰਾਹੀਮ ਨੇ ਆਖਿਆ।

"ਉਹ ਵੀ ਪਤਾ ਲੱਗ ਜਾਏਗਾ," ਕਿੱਕਰ ਸਿੰਘ ਨੇ ਕਿਹਾ, "ਇਥੇ ਕਿਧਰੇ ਨੇੜੇ-ਤੇੜੇ ਕਿਸੇ ਪਿੰਡ ਵਿਚ ਹੋਏਗਾ, ਹੋਰ ਕਿਹੜਾ ਉਹਨੇ ਸੱਤ ਦਰਿਆ ਪਾਰ ਚਲੇ ਜਾਣਾ ਏ।"

"ਮੈਂ ਪੂਰੀ ਕੋਸ਼ਿਸ਼ ਕਰਾਂਗਾ," ਇਬਰਾਹੀਮ ਨੇ ਵਿਸ਼ਵਾਸ ਦਿਵਾਂਦਿਆਂ ਕਿਹਾ, "ਮੇਰਾ ਘਰ ਪਿੰਡ ਦੇ ਪਰਲੇ ਪਾਸੇ ਪਹਿਲੀ ਗਲੀ ਵਿਚ ਵੜਦਿਆਂ ਖੱਬੇ ਹੱਥ ਏ। ਮੇਰੇ ਵਾਲਦ ਦਾ ਨਾਮ ਇਲਾਹੀ ਬਖ਼ਸ਼ ਏ।"

"ਕਸਤੂਰ ਸਿੰਘ ਜੀ, ਕਾਗ਼ਜ਼ ਕਲਮ ਲੈ ਕੇ ਲਿਖ ਲਉ," ਕਿੱਕਰ ਸਿੰਘ ਨੇ ਸਾਥੀ ਨੂੰ ਕਿਹਾ। ਇਬਰਾਹੀਮ ਨੇ ਫਿਰ ਸਤਿਕਾਰ ਵਿਚ ਹੱਥ ਜੋੜ ਲਏ। ਕਿੱਕਰ ਸਿੰਘ ਨੇ ਉਹਦੇ ਹੱਥਾਂ ਨੂੰ ਫੜ ਕੇ ਆਪਣੇ ਹੱਥਾਂ ਵਿਚ ਘੁੱਟ ਲਿਆ ਤੇ ਵਿਦਾਇਗੀ ਲੈਂਦਿਆਂ ਕਿਹਾ, "ਰੱਬ ਕਰੇ, ਸਾਡੀ ਇਹ ਮੇਲ ਮੁਲਾਕਾਤ ਸਾਰੀ ਇਨਸਾਨੀਅਤ ਦੀ ਪਿਆਰ-ਮਿਲਣੀ ਦਾ ਰੂਪ ਧਾਰ ਜਾਏ। ਰੱਬ ਦੇ ਬੰਦਿਆਂ ਦੀ ਖ਼ਿਦਮਤ ਅਸੀਂ ਸਾਰੇ ਰਲ ਕੇ ਕਰ ਸਕੀਏ।"

ਦੋਵੇਂ ਆਪਣੇ ਘੋੜਿਆਂ 'ਤੇ ਸਵਾਰ ਹੋ ਗਏ ਤੇ ਕਰਤਾਰਪੁਰ ਨੂੰ ਚੱਲ ਪਏ। ਉਨ੍ਹਾਂ ਦਾ ਪਹਿਲਾਂ ਹੀ ਵਿਚਾਰ ਸੀ ਕਿ ਉਹ ਦਿਆਲਪੁਰ ਤੋਂ ਹੋ ਕੇ ਛੇਤੀ ਕਰਤਾਰਪੁਰ ਵਿਚ ਕਰਮ ਸਿੰਘ ਦੇ ਪਿਤਾ ਲਾਭ ਚੰਦ ਨੂੰ ਮਿਲ ਕੇ ਅਗਲੇ ਸਫ਼ਰ ਲਈ ਤੁਰ ਪੈਣਗੇ, ਪਰ ਦਿਆਲਪੁਰ

ਵਿਚ ਹੀ ਉਨ੍ਹਾਂ ਨੂੰ ਬਹੁਤ ਸਮਾਂ ਲੱਗ ਗਿਆ। ਉਹ ਘੋੜਿਆਂ 'ਤੇ ਜਾਂਦੇ ਆਪਸ ਵਿਚ ਗੱਲਾਂ ਕਰਨ ਲੱਗ ਪਏ।

"ਲਉ ਸਿੰਘ ਜੀ, ਜਦ ਗੁਰੂ ਦੀ ਕ੍ਰਿਪਾ ਹੋਵੇ ਤਾਂ ਇਸ ਤਰ੍ਹਾਂ ਰਾਹ ਜਾਂਦਿਆਂ ਭਲੇ ਪੁਰਸ਼ ਮਿਲ ਜਾਂਦੇ ਹਨ," ਕਿੱਕਰ ਸਿੰਘ ਨੇ ਵਿਚਾਰ ਪ੍ਰਗਟ ਕੀਤਾ।

"ਦੇਖ ਲਉ, ਭਲੇ ਪੁਰਸ਼ਾਂ ਦਾ ਕੋਈ ਅੰਤ ਨਹੀਂ ਹੋ ਗਿਆ। ਮੁਸਲਮਾਨਾਂ ਵਿਚ ਵੀ ਬਹੁਤ ਚੰਗੇ ਚੰਗੇ ਬੰਦੇ ਨੇ," ਜਥੇਦਾਰ ਕਸਤੂਰ ਸਿੰਘ ਨੇ ਉੱਤਰ ਦਿੱਤਾ।

"ਆਪਾਂ ਨੂੰ ਤਾਂ ਖ਼ੁਸ਼ੀ ਹੈ ਕਿ ਦਿਆਲਪੁਰ ਵਿਚ ਵੀ ਸਾਡੀ ਥਾਂ ਬਣ ਗਈ। ਕਈ ਨੌਜਵਾਨ ਸਿੰਘ ਸੱਜਣ ਲਈ ਵੀ ਨਿਕਲ ਆਉਣਗੇ," ਕਿੱਕਰ ਸਿੰਘ ਦੀ ਰਾਏ ਸੀ।

ਉਹ ਕਰਤਾਰਪੁਰ ਪਹੁੰਚੇ ਤਾਂ ਬਾਹਰਲੇ ਬੋਹੜ ਹੇਠ ਹੀ ਉਨ੍ਹਾਂ ਨੂੰ ਗੌਤਮ ਮਿਲ ਪਿਆ। ਉਹ ਕੁੜੀਆਂ ਛੁਡਾਣ ਇਨ੍ਹਾਂ ਨੂੰ ਲੈ ਕੇ ਗਿਆ ਸੀ। ਇਸ ਲਈ ਉਸ ਨੂੰ ਇਹ ਬਹੁਤ ਚੰਗੀ ਤਰ੍ਹਾਂ ਜਾਣਦੇ ਤੇ ਪਛਾਣਦੇ ਸਨ। ਉਹਨੇ ਉੱਠ ਕੇ ਨਮਸਕਾਰ ਕੀਤਾ ਤੇ ਕਿਹਾ ਕਿ ਘੋੜਿਆਂ ਤੋਂ ਉਤਰੋ। ਉਹਨੇ ਸਾਹਮਣੇ ਹਲਵਾਈ ਦੀ ਹੱਟੀ ਤੋਂ ਮੁੰਡੇ ਕਾਲੂ ਨੂੰ ਆਵਾਜ਼ ਮਾਰੀ ਤੇ ਜਦ ਉਹ ਨੇੜੇ ਆਇਆ ਤਾਂ ਇਨ੍ਹਾਂ ਨੂੰ ਪੁੱਛਣ ਲੱਗਾ, "ਸਿੰਘ ਜੀ, ਦੁੱਧ ਪੀਓਗੇ ਜਾਂ ਲੱਸੀ ?"

"ਕਿਸੇ ਚੀਜ਼ ਦੀ ਇਸ ਵੇਲੇ ਲੋੜ ਨਹੀਂ," ਕਿੱਕਰ ਸਿੰਘ ਨੇ ਕਿਹਾ, "ਅਸੀਂ ਕਰਮ ਸਿੰਘ ਦੇ ਪਿਤਾ ਲਾਭ ਚੰਦ ਜੀ ਨੂੰ ਮਿਲਣ ਆਏ ਹਾਂ। ਕੀ ਤੁਸੀਂ ਦੱਸ ਸਕਦੇ ਹੋ ਕਿ ਉਹ ਘਰ ਹੀ ਹਨ ਜਾਂ ਕਿਧਰੇ ਬਾਹਰ ਅੰਦਰ ਗਏ ਹੋਏ ਹਨ।"

"ਉਹ ਘਰ ਹੀ ਹਨ, ਹੁਣੇ ਝੱਟ ਪਹਿਲਾਂ ਇਥੇ ਹੀ ਬੈਠੇ ਸਨ ਤੇ ਇਥੋਂ ਉੱਠ ਕੇ ਘਰ ਨੂੰ ਹੀ ਗਏ ਹਨ," ਗੌਤਮ ਕਹਿਣ ਲੱਗਾ, "ਚਲੇ ਜਾਇਉ, ਕਿਹੜੀ ਏਡੀ ਕਾਹਲ ਏ। ਕੁਝ ਤਾਂ ਖਾ ਪੀ ਲਉ। ਜਾਹ ਓਏ ਮੁੰਡਿਆ, ਕੁਝ ਲੱਡੂ ਤੇ ਮਠਿਆਈ ਲੈ ਆ ਤੇ ਇਨ੍ਹਾਂ ਦਾ ਮੂੰਹ ਮਿੱਠਾ ਕਰਵਾ।" ਇਹ ਰੋਕਦੇ ਰਹੇ, ਨਾਂਹ ਕਰਦੇ ਰਹੇ ਪਰ ਕਾਲੂ ਉਹਦੀ ਹਦਾਇਤ ਸੁਣ ਕੇ ਦੁਕਾਨ ਵੱਲ ਚਲਾ ਗਿਆ।

"ਸੱਚੀਂ ਯਾਦ ਆ ਗਿਆ, ਇਨ੍ਹਾਂ ਨੂੰ ਹੀ ਕਿਉਂ ਨਾ ਪੁੱਛ ਲਈਏ ?" ਕਿੱਕਰ ਸਿੰਘ ਨੇ ਕਸਤੂਰ ਸਿੰਘ ਵੱਲ ਦੇਖਦਿਆਂ ਤੇ ਉਹਦੀ ਪ੍ਰਵਾਨਗੀ ਲੈਣ ਲਈ ਉਕਤ ਵਾਕ ਕਹਿਣ ਪਿੱਛੋਂ ਗੌਤਮ ਤੋਂ ਪੁੱਛਿਆ, "ਅਸੀਂ ਦਿਆਲਪੁਰ ਤੋਂ ਆ ਰਹੇ ਹਾਂ। ਸਾਨੂੰ ਪਤਾ ਲੱਗਾ ਏ ਕਿ ਸ਼ਾਮੂ ਸ਼ਾਹ ਹੋਰੀਂ ਟੱਬਰ ਲੈ ਕੇ ਪਿੰਡ ਤੋਂ ਕਿਧਰੇ ਚਲੇ ਗਏ ਨੇ। ਕਿਸੇ ਨੂੰ ਵੀ ਪਿੰਡ ਵਿਚ ਪਤਾ ਨਹੀਂ ਕਿ ਉਹ ਕਿਥੇ ਗਏ ਹਨ। ਤੁਹਾਡੀ ਤਾਂ ਉਨ੍ਹਾਂ ਨਾਲ ਰਿਸ਼ਤੇਦਾਰੀ ਸੀ, ਤੁਸੀਂ ਦੱਸ ਸਕਦੇ ਹੋ ਕਿ ਕਿਥੇ ਗਏ ਨੇ ?"

"ਇਹ ਸਾਡੇ ਲਈ ਵੀ ਦੁੱਖ ਦੀ ਗੱਲ ਏ ਕਿ ਸਾਨੂੰ ਵੀ ਕੁਝ ਨਹੀਂ ਪਤਾ," ਗੌਤਮ ਕਹਿਣ ਲੱਗਾ, "ਦਿਆਲਪੁਰ ਤੋਂ ਕੁਝ ਬੰਦੇ ਉਨ੍ਹਾਂ ਦਾ ਪਤਾ ਲੈਣ ਸਾਡੇ ਘਰ ਆਏ ਸਨ ਤਾਂ ਸਾਨੂੰ ਪਤਾ ਚੱਲਿਆ ਕਿ ਉਹ ਟੱਬਰ ਸਮੇਤ ਕਿਤੇ ਚਲੇ ਗਏ ਹਨ। ਨੇੜੇ-ਤੇੜੇ ਦੀ ਰਿਸ਼ਤੇਦਾਰੀ ਤੋਂ ਪੁੱਛ ਬੈਠੇ ਹਾਂ ਪਰ ਕਿਸੇ ਤੋਂ ਉਨ੍ਹਾਂ ਦੀ ਸੂਹ ਨਹੀਂ ਲੱਗੀ। ਹੋ ਸਕਦਾ ਏ ਕਿ ਕਿਧਰੇ ਦੂਰ ਨਿਕਲ ਗਏ ਹੋਣ ਜਾਂ ਕਿਧਰੇ ਲੁਕ ਕੇ ਬੈਠੇ ਹੋਣ ਤੇ ਪਤਾ ਨਾ ਦੇਣਾ ਚਾਹੁੰਦੇ ਹੋਣ। ਉਨ੍ਹਾਂ ਦੀ ਰਿਸ਼ਤੇਦਾਰੀ ਫਗਵਾੜੇ ਤੇ ਰਾਹੋਂ ਵਿਚ ਏ ਪਰ ਸਾਡਾ ਉਧਰ ਜਾਣ ਨਹੀਂ ਹੋਇਆ। ਕਦੇ ਕੋਈ ਆਇਆ ਗਿਆ ਤਾਂ ਪਤਾ ਕਰਾਂਗੇ।"

ਦੁੱਧ ਤੇ ਮਠਿਆਈ ਆ ਗਈ ਤੇ ਗੌਤਮ ਦੇ ਜ਼ੋਰ ਦੇਣ 'ਤੇ ਇਨ੍ਹਾਂ ਗਲਾਸ ਫੜ ਲਏ ਤੇ ਗੌਤਮ ਤੋਂ ਪੁੱਛਿਆ, "ਇਹ ਹੱਟੀ ਵਾਲਾ ਜਾਂ ਇਹਦੇ ਬੰਦੇ ਹੁੱਕਾ ਤਮਾਕੂ ਦਾ ਸੇਵਨ

ਤਾਂ ਨਹੀਂ ਕਰਦੇ। ਅਸੀਂ ਕਿਸੇ ਅਜਿਹੀ ਹੱਟੀ ਜਾਂ ਘਰ ਤੋਂ ਕੁਝ ਨਹੀਂ ਖਾਣਾ, ਜਿਹੜੇ ਹੁੱਕਾ ਜਾਂ ਤਮਾਕੂ ਵਰਤਦੇ ਹਨ।"

"ਇਹ ਦੁਕਾਨਦਾਰ ਬਿਲਕੁਲ ਨਹੀਂ ਤਮਾਕੂ ਪੀਂਦਾ," ਗੌਤਮ ਨੇ ਯਕੀਨ ਦਿਵਾਇਆ, "ਸਾਡੇ ਸਾਰੇ ਨਗਰ ਵਿਚ ਬਹੁਤ ਘੱਟ ਲੋਕ ਤਮਾਕੂ ਪੀਂਦੇ ਨੇ। ਅਸਲ ਵਿਚ ਇਸ ਨਗਰ ਦੀ ਨੀਂਹ ਗੁਰੂ ਅਰਜਨ ਦੇਵ ਨੇ ਰੱਖੀ ਸੀ, ਇਸ ਲਈ ਇਹਨੂੰ ਗੁਰੂ ਕੀ ਨਗਰੀ ਜਾਣ ਕੇ ਬਹੁਤੇ ਲੋਕੀਂ ਚੰਗਾ ਜੀਵਨ ਜੀਊਂਦੇ ਹਨ। ਅਜੇ ਤਕ ਤਾਂ ਗੁਰੂ-ਘਰ ਦਾ ਪ੍ਰਭਾਵ ਬਹੁਤ ਹੈ, ਕੱਲ੍ਹ ਦਾ ਪਤਾ ਨਹੀਂ।"

"ਚਲੋ, ਮੈਂ ਤੁਹਾਨੂੰ ਲਾਭ ਚੰਦ ਹੋਰਾਂ ਦੇ ਘਰ ਛੱਡ ਆਵਾਂ," ਗੌਤਮ ਨੇ ਉਨ੍ਹਾਂ ਦੇ ਦੁੱਧ ਪੀ ਹਟਣ ਪਿੱਛੋਂ ਆਖਿਆ।

"ਨਹੀਂ, ਅਸੀਂ ਰਾਹ ਜਾਣਦੇ ਹਾਂ। ਕਰਮ ਸਿੰਘ ਨਾਲ ਕਈ ਵਾਰ ਇਸ ਘਰ ਆਏ ਹਾਂ ਤੇ ਕਈ ਰਾਤਾਂ ਇਥੇ ਕੱਟੀਆਂ ਨੇ," ਕਿੱਕਰ ਸਿੰਘ ਬੋਲ ਪਿਆ, "ਤੁਸੀਂ ਕਾਹਨੂੰ ਦੁਸ਼ਮਣਾਂ ਦੀਆਂ ਨਜ਼ਰਾਂ ਵਿਚ ਆਉਂਦੇ ਹੋ। ਕੋਈ ਨਾ ਕੋਈ ਲੂਤੀ ਲਾਣ ਵਾਲਾ ਦੇਖ ਗਿਆ ਤਾਂ ਉਹ ਹਾਕਮਾਂ ਪਾਸ ਤੁਹਾਡੀ ਜਾ ਸ਼ਿਕਾਇਤ ਕਰੇਗਾ।"

"ਉਹ ਡਰ ਹੁਣ ਲੱਥ ਗਿਆ ਏ," ਗੌਤਮ ਨੇ ਅੱਗੋਂ ਉੱਤਰ ਦਿੱਤਾ, "ਪਹਿਲਾਂ ਬਹੁਤ ਡਰਦਾ ਸਾਂ, ਪਰ ਜਦੋਂ ਦਾ ਕੁੜੀਆਂ ਨੂੰ ਬਚਾਉਣ ਤੁਹਾਡੇ ਨਾਲ ਗਿਆ ਹਾਂ, ਉਸ ਪਿੱਛੋਂ ਮੇਰੀ ਸੋਚ ਨੇ ਬੜਾ ਪਲਟਾ ਖਾਧਾ ਏ। ਤੁਸੀਂ ਤੇ ਕੁੜੀਆਂ ਘਰ ਪਹੁੰਚਾ ਕੇ ਚਲੇ ਗਏ, ਪਿੱਛੋਂ ਨਿੱਤ ਚੌਧਰੀ ਦੇ ਬੰਦੇ ਮੇਰੇ ਪਾਸ ਆ ਕੇ ਧਮਕੀਆਂ ਦਿੰਦੇ ਹਨ ਪਰ ਮੈਨੂੰ ਇਨ੍ਹਾਂ ਧਮਕੀਆਂ ਨੇ ਹੀ ਨਿਡਰ ਬਣਾ ਦਿੱਤਾ ਏ। ਤੁਹਾਡੇ ਉਸ ਦਿਨ ਦੇ ਆਖੇ ਸ਼ਬਦ ਹਰ ਵੇਲੇ ਮੈਨੂੰ ਯਾਦ ਨੇ ਕਿ ਮਰਨਾ ਤਾਂ ਇਕ ਵਾਰ ਏ, ਫਿਰ ਮੌਤ ਆਉਣ ਤੋਂ ਪਹਿਲਾਂ ਕਿਉਂ ਨਿੱਤ ਮਰਦੇ ਰਹੀਏ।"

ਉਹ ਜ਼ਿਦ ਕਰ ਕੇ ਉਨ੍ਹਾਂ ਦੇ ਨਾਲ ਹੀ ਲਾਭ ਚੰਦ ਦੇ ਘਰ ਆ ਗਿਆ। ਉਹ ਬਾਹਰ ਘੋੜੇ ਬੰਨ੍ਹਣ ਲੱਗ ਪਏ ਤੇ ਗੌਤਮ ਨੇ ਅੰਦਰ ਜਾ ਕੇ ਕਿਹਾ, "ਬਾਹਰ ਆ ਕੇ ਚਾਚਾ ਜੀ ਦੇਖੋ, ਘੋੜਿਆਂ 'ਤੇ ਕੌਣ ਆਏ ਨੇ।"

"ਹੈਂ, ਕਰਮ ਸਿੰਘ ਆ ਗਿਆ," ਉਹਦੀ ਮਾਂ ਭਾਗਾਂ ਚੁੱਲ੍ਹੇ ਅੱਗੇ ਰੋਟੀ ਪਕਾ ਰਹੀ ਸੀ, ਉਹ ਝੱਟ ਪਟ ਉੱਠੀ ਤੇ ਬਾਹਰ ਨੂੰ ਭੱਜ ਪਈ। ਪੁੱਤਰ ਨੂੰ ਮਿਲਿਆਂ ਬਹੁਤ ਮਹੀਨੇ ਬੀਤ ਗਏ ਸਨ ਤੇ ਉਹ ਬਹੁਤ ਓਦਰੀ ਹੋਈ ਸੀ। ਭਾਵੇਂ ਉਤੋਂ ਉਹ ਲਾਭ ਚੰਦ ਦੀਆਂ ਝਿੜਕਾਂ ਤੋਂ ਡਰਦੀ ਮਾਰੀ ਆਪਣਾ ਓਦਰੇਵਾਂ ਪ੍ਰਗਟ ਨਹੀਂ ਸੀ ਕਰਦੀ ਪਰ ਅੰਦਰ ਤਾਂ ਉਹਦਾ ਮਾਂ-ਦਿਲ ਮਾਲਾ ਦੇ ਮਣਕੇ ਵਾਂਗ ਆਪਣੇ ਪੁੱਤਰ ਦੇ ਨਾਮ ਦਾ ਜਾਪ ਕਰ ਰਿਹਾ ਸੀ।

"ਮੈਂ ਕਿਹਾ ਜੀ, ਛੇਤੀ ਬਾਹਰ ਆਓ, ਆਪਣਾ ਕਰਮ ਸਿੰਘ ਆ ਗਿਆ ਜੇ," ਭੱਜੀ ਜਾਂਦੀ ਨੇ ਦਰਵਾਜ਼ੇ ਅੱਗੋਂ ਲੰਘਦਿਆਂ ਲਾਭ ਚੰਦ ਨੂੰ ਆਵਾਜ਼ ਮਾਰੀ।

"ਕਰਮ ਸਿੰਘ ਨਹੀਂ ਆਇਆ, ਉਹਦੇ ਸਾਥੀ ਆਏ ਨੇ," ਗੌਤਮ ਨੇ ਭਾਗਾਂ ਨੂੰ ਦੱਸਿਆ।

"ਫਿਰ ਵੀ ਮੇਰੇ ਪੁੱਤਰ ਦੀ ਸੁੱਖ-ਸਾਂਦ ਦਾ ਪਤਾ ਤਾਂ ਲਿਆਏ ਹੋਣਗੇ?" ਭਾਗਾਂ ਨੇ ਡਿਉਢੀ ਦੇ ਬਾਹਰਲੇ ਦਰਵਾਜ਼ੇ 'ਤੇ ਜਾ ਕੇ ਦੋਹਾਂ ਸਿੰਘਾਂ ਨੂੰ 'ਜੀ ਆਇਆਂ' ਕਿਹਾ ਤੇ ਪਹਿਲਾ ਪ੍ਰਸ਼ਨ ਕੀਤਾ, "ਮੇਰੇ ਪੁੱਤ ਦਾ ਕੀ ਹਾਲ ਏ, ਠੀਕ ਏ ਨਾ?"

"ਬਿਲਕੁਲ ਠੀਕ ਏ, ਬੜੀਆਂ ਚੜ੍ਹਦੀਆਂ ਕਲਾਂ ਵਿਚ ਏ," ਕਿੱਕਰ ਸਿੰਘ ਨੇ ਦੱਸਿਆ।

ਲਾਭ ਚੰਦ ਵੀ ਬਾਹਰ ਨਿਕਲ ਆਇਆ ਤੇ ਉਨ੍ਹਾਂ ਨੂੰ ਪਿਆਰ ਨਾਲ ਅੰਦਰ ਲੈ

ਗਿਆ। ਭਾਗਾਂ ਵੀ ਪਿੱਛੇ ਪਿੱਛੇ ਕਮਰੇ ਵਿਚ ਲੰਘ ਆਈ। ਲਾਭ ਚੰਦ ਨੇ ਉਹਨੂੰ ਸੰਬੋਧਨ ਕਰ ਕੇ ਕਿਹਾ, "ਕੁਝ ਸੜਨ ਦੀ ਵਾਸ਼ਨਾ ਆ ਰਹੀ ਏ। ਉਪਰ ਚੁੱਲ੍ਹੇ 'ਤੇ ਕੀ ਰੱਖਿਆ ਹੋਇਆ ਈ ?"

"ਉਹ ਹੋ, ਰੋਟੀ ਤਵੀ 'ਤੇ ਪਈ ਸੜ ਗਈ ਏ। ਮੈਨੂੰ ਪੁੱਤਰ ਦੇ ਆਉਣ ਦੀ ਗੱਲ ਸੁਣ ਕੇ ਸਭ ਕੁਝ ਹੀ ਭੁੱਲ ਗਿਆ ਏ," ਭਾਗਾਂ ਬਾਹਰ ਭੱਜੀ ਗਈ। ਰੋਟੀ ਤਵੀ 'ਤੇ ਬਿਲਕੁਲ ਸੜ ਕੇ ਕੋਲਾ ਹੋ ਗਈ। ਉਹ ਲਾਹ ਕੇ ਸੁੱਟ ਦਿੱਤੀ ਤੇ ਅੱਗੋਂ ਆਟਾ ਸਮੇਟ ਕੇ ਮੁੜ ਭਾਗਾਂ ਕਮਰੇ ਵਿਚ ਆ ਗਈ।

"ਸੁਣਾਉ ਵੇ ਪੁੱਤ, ਮੇਰੇ ਕਰਮੇ ਦਾ ਕੀ ਹਾਲ ਏ ?" ਭਾਗਾਂ ਨੇ ਆਉਂਦਿਆਂ ਫਿਰ ਉਹ ਗੱਲ ਛੇੜ ਲਈ, "ਕਦੇ ਉਹ ਮਾਂ ਨੂੰ ਵੀ ਯਾਦ ਕਰਦਾ ਏ ਕਿ ਨਹੀਂ ? ਅੱਜ-ਕੱਲ੍ਹ ਹੈ ਕਿਥੇ ? ਘਰ ਆਉਣਾ ਕਿਉਂ ਭੁੱਲ ਗਿਆ ਏ ? ਕਿਤਨੇ ਹੀ ਮਹੀਨੇ ਹੋ ਗਏ ਨੇ, ਘਰ ਨਹੀਂ ਆਇਆ। ਕਿਸੇ ਬਿਪਤਾ ਵਿਚ ਤਾਂ ਨਹੀਂ ?" ਪਤਾ ਨਹੀਂ ਕਿਤਨੇ ਸਵਾਲ ਇਕੋ ਸਾਹੇ ਉਹ ਕਰ ਗਈ। ਸਿੰਘਾਂ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਲਾਭ ਚੰਦ ਨੇ ਭਾਗਾਂ ਨੂੰ ਕਿਹਾ, "ਪੁੱਛਾਂ ਦੀ ਬੁਛਾੜ ਸੁੱਟਣ ਤੋਂ ਪਹਿਲਾਂ ਇਨ੍ਹਾਂ ਦੇ ਖਾਣ ਪੀਣ ਲਈ ਕੁਝ ਲੈ ਆ।" ਦਰਅਸਲ ਉਹ ਭਾਗਾਂ ਦੀ ਹਾਜ਼ਰੀ ਵਿਚ ਕਈ ਗੱਲਾਂ ਨਹੀਂ ਸੀ ਪੁੱਛਣਾ ਚਾਹੁੰਦਾ, ਪਰ ਭਾਗਾਂ ਅੱਜ ਆਮ ਵਤੀਰੇ ਨਾਲੋਂ ਬਹੁਤੀ ਹਟਵੀਂ ਪੁੱਤਰ ਦੇ ਵਿਜੋਗ ਵਿਚ ਡੁੱਬੀ ਉਥੋਂ ਇਕ ਪਲ ਲਈ ਵੀ ਨਹੀਂ ਸੀ ਹਟਣਾ ਚਾਹੁੰਦੀ।

"ਅਸੀਂ ਹੁਣੇ ਦੁੱਧ ਪੀ ਕੇ ਆਏ ਹਾਂ। ਕਿਸੇ ਚੀਜ਼ ਦੀ ਲੋੜ ਨਹੀਂ। ਝੱਟ ਠਹਿਰ ਕੇ ਪ੍ਰਸ਼ਾਦਾ ਛਕਾਂਗੇ," ਕਸਤੂਰ ਸਿੰਘ ਨੇ ਆਖਿਆ ਤੇ ਭਾਗਾਂ ਨੂੰ ਦੁੱਧ ਆਦਿ ਕੁਝ ਵੀ ਨਾ ਲੈਣ ਜਾਣ ਦਿੱਤਾ।

"ਕਰਮ ਸਿੰਘ ਠੀਕ ਏ, ਉਹ ਸਾਰੇ ਪਰਵਾਰ ਨੂੰ ਨਿੱਤ ਯਾਦ ਕਰਦਾ ਏ," ਕਿੱਕਰ ਸਿੰਘ ਨੇ ਕਹਿਣਾ ਸ਼ੁਰੂ ਕੀਤਾ, "ਇਤਨੀ ਦੇਰ ਤਕ ਉਹਦਾ ਤੁਹਾਨੂੰ ਕੋਈ ਸੁਖ-ਸੁਨੇਹਾ ਨਹੀਂ ਮਿਲਿਆ, ਇਸ ਵਿਚ ਉਹਦਾ ਕੋਈ ਦੋਸ਼ ਨਹੀਂ। ਅਸੀਂ ਦੋਸ਼ੀ ਹਾਂ। ਅਸੀਂ ਡੇਢ ਦੋ ਮਹੀਨੇ ਪਹਿਲਾਂ ਉਹਦੇ ਕੋਲੋਂ ਆਏ ਸਾਂ ਤੇ ਸਭ ਤੋਂ ਪਹਿਲਾਂ ਤੁਹਾਨੂੰ ਸੁਨੇਹਾ ਦੇਣ ਲਈ ਕਰਤਾਰਪੁਰ ਵੜੇ ਸਾਂ। ਉਸੇ ਦਿਨ ਕਰਤਾਰਪੁਰ ਲਾਗੇ ਦੋ ਕੁੜੀਆਂ ਚੌਧਰੀ ਦੇ ਬੰਦੇ ਚੁੱਕ ਕੇ ਲੈ ਗਏ ਸਨ ਤੇ ਇਨ੍ਹਾਂ ਭਾਈ ਸਾਹਿਬ ਹੋਰਾਂ ਤੋਂ ਸੁਣ ਕੇ ਅਸੀਂ ਉਨ੍ਹਾਂ ਪਿੱਛੇ ਲੱਗ ਤੁਰੇ ਤੇ ਇਉਂ ਕਰਤਾਰਪੁਰ ਠਹਿਰਨ ਦਾ ਸਮਾਂ ਹੀ ਨਹੀਂ ਮਿਲਿਆ। ਅੱਗੋਂ ਘਰਾਂ ਵਿਚ ਜਾਂਦਿਆਂ ਕਈ ਝਮੇਲੇ ਤੇ ਬਖੇੜੇ ਖੜੇ ਸਨ। ਉਨ੍ਹਾਂ ਤੋਂ ਵਿਹਲੇ ਹੁਣ ਹੋਏ ਹਾਂ ਤੇ ਤੁਹਾਨੂੰ ਮਿਲਣ ਆ ਗਏ ਹਾਂ।"

"ਕਰਮ ਸਿੰਘ ਕਿਉਂ ਨਹੀਂ ਆਇਆ ?" ਲਾਭ ਚੰਦ ਨੇ ਪੁੱਛਿਆ।

"ਹਾਲਾਤ ਹੀ ਕੁਝ ਅਜਿਹੇ ਨੇ ਕਿ ਉਹ ਆ ਨਹੀਂ ਸਕੇ," ਕਿੱਕਰ ਸਿੰਘ ਨੇ ਦੱਸਿਆ।

"ਹੈਂ, ਸਾਡੇ ਗੁਰਦੇਵ ਤੇ ਨਾਲੇ ਭਾਣਜਾ ਜੀ ਤਾਂ ਠੀਕ ਨੇ ਨਾ। ਉਹਨਾਂ ਦਾ ਸੁਆਸਥ ਕਿਸ ਤਰ੍ਹਾਂ ਹੈ ?" ਲਾਭ ਚੰਦ ਨੇ ਹੁਣ ਪਹਿਲੀ ਵਾਰ ਬੇਸਬਰੀ ਦਾ ਪ੍ਰਗਟਾਵਾ ਕਰਦਿਆਂ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਦੇਹ ਅਰੋਗਤਾ ਬਾਰੇ ਜਾਨਣ ਦੀ ਅਭਿਲਾਸ਼ਾ ਨਾਲ ਪੁੱਛਿਆ।

"ਬਿਲਕੁਲ ਠੀਕ ਨੇ। ਆਪਾਂ ਨੂੰ ਇਥੇ ਬੈਠਿਆਂ ਹਾਲਾਤ ਦੇਖ ਸੁਣ ਕੇ ਨਿਰਾਸਤਾ ਆਉਂਦੀ ਏ। ਗੁਰੂ ਜੀ ਦੇ ਦਰਬਾਰ ਵਿਚ ਤਾਂ ਨਿਰਾਸਤਾ ਨੇੜੇ ਨਹੀਂ ਲੱਗਦੀ। ਉਥੇ ਤਾਂ ਬੜੀਆਂ ਚੜ੍ਹਦੀਆਂ ਕਲਾਂ ਵਾਲਾ ਵਾਤਾਵਰਣ ਏ," ਕਿੱਕਰ ਸਿੰਘ ਨੇ ਦੱਸਣਾ ਸ਼ੁਰੂ ਕੀਤਾ, "ਅਸਲ ਗੱਲ ਇਹ ਹੈ ਕਿ ਪਹਿਲੀ ਵਾਰ ਜਦੋਂ ਅਸੀਂ ਅੰਮ੍ਰਿਤ ਛਕ ਕੇ ਸਾਬੋ ਕੀ ਤਲਵੰਡੀਓਂ

-ਮੁੜੇ ਸਾਂ ਤਾਂ ਕੁਝ ਦਿਨਾਂ ਪਿੱਛੋਂ ਹੀ ਗੁਰੂ ਜੀ ਪਾਸ ਭਾਈ ਦਇਆ ਸਿੰਘ ਆ ਗਿਆ। ਉਹਨੂੰ ਗੁਰੂ ਜੀ ਨੇ ਕਈ ਮਹੀਨੇ ਪਹਿਲਾਂ ਦਾ ਔਰੰਗਜ਼ੇਬ ਵੱਲ ਇਕ ਪੱਤਰ ਦੇ ਕੇ ਭੇਜਿਆ ਹੋਇਆ ਸੀ। ਭਾਈ ਦਇਆ ਸਿੰਘ ਦੀ ਗੱਲ ਸੁਣ ਕੇ ਗੁਰੂ ਜੀ ਔਰੰਗਜ਼ੇਬ ਦਾ ਮੁਲਾਕਾਤ ਲਈ ਸੱਦਾ ਸਮਝ ਕੇ ਦੱਖਣ ਵੱਲ ਨੂੰ ਚਲੇ ਗਏ। ਪੰਜ ਸੌ ਘੋੜ ਸਵਾਰ ਸਾਹਿਬਾਂ ਦੇ ਨਾਲ ਸਨ।"

"ਇਹ ਭਾਈ ਦਇਆ ਸਿੰਘ ਕੌਣ ਏ ?" ਕੋਲ ਬੈਠੇ ਗੌਤਮ ਨੇ ਪੁੱਛਿਆ।

"ਇਹ ਪੰਜਾਂ ਪਿਆਰਿਆਂ ਵਿਚੋਂ ਇਕ ਹੈ, ਜਿਨ੍ਹਾਂ ਗੁਰੂ ਜੀ ਦੇ ਵਿਸਾਖੀ ਸਮੇਂ ਅਨੰਦਪੁਰ ਵਿਚ ਸੀਸ ਭੇਟ ਕਰਨ ਦੀ ਮੰਗ 'ਤੇ ਆਪਣਾ ਸੀਸ ਭੇਟ ਕੀਤਾ ਸੀ। ਇਨ੍ਹਾਂ ਨੂੰ ਹੀ ਗੁਰਦੇਵ ਨੇ ਸਭ ਤੋਂ ਪਹਿਲਾਂ ਖੰਡੇ ਬਾਟੇ ਦਾ ਅੰਮ੍ਰਿਤ ਬਖ਼ਸ਼ਿਆ ਤੇ ਅੱਗੋਂ ਇਨ੍ਹਾਂ ਦੀ ਸੇਵਾ ਲਾਈ ਕਿ ਜਿਹੜਾ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖ਼ਾਲਸਾ ਬਣਨਾ ਚਾਹੇ, ਉਹ ਇਨ੍ਹਾਂ ਪੰਜ ਪਿਆਰਿਆਂ ਤੋਂ ਹੀ ਅੰਮ੍ਰਿਤ ਦੀ ਦਾਤ ਲੈ ਸਕਦਾ ਏ," ਕਿੱਕਰ ਸਿੰਘ ਨੇ ਪੂਰੀ ਵਿਆਖਿਆ ਕਰ ਦਿੱਤੀ।

"ਫਿਰ ਕੀ ਹੋਇਆ, ਅਗਲੀ ਗੱਲ ਦੱਸੋ ?" ਲਾਭ ਚੰਦ ਹੁਣ ਸਾਰੀ ਵਿਥਿਆ ਸੁਣਨ ਲਈ ਬਹੁਤ ਹੀ ਉਤਾਵਲਾ ਹੋ ਰਿਹਾ ਸੀ।

"ਗੁਰੂ ਜੀ ਅਜੇ ਰਾਜਪੂਤਾਨੇ ਵਿਚ ਹੀ ਸਨ ਕਿ ਔਰੰਗਜ਼ੇਬ ਮਰ ਗਿਆ," ਕਿੱਕਰ ਸਿੰਘ ਦੱਸਦਾ ਗਿਆ, "ਕਲਗੀਧਰ ਪਾਤਸ਼ਾਹ ਅੱਗੇ ਜਾਣ ਦੀ ਥਾਂ ਦਿੱਲੀ ਚਲੇ ਗਏ। ਜਦੋਂ ਅਸੀਂ ਹੁਣ ਸਾਬੋ ਕੀ ਤਲਵੰਡੀ ਤੋਂ ਤੁਰਨ ਲੱਗੇ ਸਾਂ ਤਾਂ ਖ਼ਬਰ ਆਈ ਸੀ ਕਿ ਉਹ ਹੁਣ ਦੱਖਣ ਵੱਲ ਚਲੇ ਗਏ ਨੇ।"

"ਜਦ ਬਾਦਸ਼ਾਹ ਮਰ ਗਿਆ ਫਿਰ ਦੱਖਣ ਵੱਲ ਜਾਣ ਦਾ ਕਾਰਨ ਕੀ ਏ ?" ਲਾਭ ਚੰਦ ਨੇ ਬੜੀ ਗੰਭੀਰਤਾ ਨਾਲ ਸਾਰੀ ਸਥਿਤੀ ਦੀ ਤਹਿ ਤਕ ਪਹੁੰਚਣ ਲਈ ਪੁੱਛਿਆ।

"ਕਹਿੰਦੇ ਨੇ ਕਿ ਔਰੰਗਜ਼ੇਬ ਦੇ ਪੁੱਤਰਾਂ ਵਿਚ ਰਾਜ ਲਈ ਲੜਾਈ ਛਿੜ ਪਈ ਸੀ ਤੇ ਬਹਾਦਰ ਸ਼ਾਹ ਨੇ, ਜੋ ਗੁਰੂ ਜੀ ਦਾ ਕੁਝ ਸਮਾਂ ਪਹਿਲਾਂ ਸ਼ਰਧਾਲੂ ਸੀ, ਗੁਰੂ ਜੀ ਤੋਂ ਮਦਦ ਮੰਗੀ। ਰਾਜ ਉਹਨੂੰ ਮਿਲ ਗਿਆ। ਗੁਰੂ ਮਹਾਰਾਜ ਦੀ ਉਹਦੇ ਨਾਲ ਖ਼ਾਲਸੇ ਦੀਆਂ ਸਮੱਸਿਆਵਾਂ ਤੇ ਜ਼ਾਲਮ ਹਾਕਮਾਂ ਨੂੰ ਸਜ਼ਾ ਦੇਣ ਦੀ ਗੱਲ ਚੱਲ ਰਹੀ ਸੀ ਕਿ ਬਹਾਦਰ ਸ਼ਾਹ ਨੂੰ ਭਰਾਵਾਂ ਦੀ ਦੱਖਣ ਵੱਲ ਬਗ਼ਾਵਤ ਕੁਚਲਣ ਲਈ ਜਾਣਾ ਪਿਆ। ਸੁਣਨ ਵਿਚ ਆਇਆ ਏ ਕਿ ਗੁਰੂ ਮਹਾਰਾਜ ਨੂੰ ਵੀ ਉਹ ਨਾਲ ਲੈ ਗਿਆ ਏ।"

"ਫਿਰ ਤਾਂ ਸਾਬੋ ਕੀ ਤਲਵੰਡੀ ਹੁਣ ਕੋਈ ਨਹੀਂ ਹੋਣਾ। ਕਰਮ ਸਿੰਘ ਉਥੇ ਬੈਠਾ ਕੀ ਕਰ ਰਿਹਾ ਏ ?" ਲਾਭ ਚੰਦ ਨੇ ਜਾਣਨਾ ਚਾਹਿਆ।

"ਉਥੇ ਸਾਰਾ ਪੰਥ ਏ। ਗੁਰੂ ਮਹਾਰਾਜ ਬਹੁਤ ਸਾਰਾ ਕੰਮ ਸੌਂਪ ਗਏ ਸਨ। ਬਾਬਾ ਦੀਪ ਸਿੰਘ ਤਾਂ ਰੋਜ਼ ਹੀ ਗੁਰਬਾਣੀ ਦੀ ਕਥਾ ਕਰਦੇ ਤੇ ਗੁਰ-ਸ਼ਬਦ ਦੀ ਵਿਆਖਿਆ ਤੇ ਅਰਥ ਸਮਝਾਂਦੇ ਹਨ। ਹਜ਼ਾਰਾਂ ਸਿੰਘ ਉਥੇ ਜੁੜੇ ਸ਼ਸਤਰ-ਵਿਦਿਆ ਸਿੱਖ ਰਹੇ ਹਨ। ਸਾਨੂੰ ਇਥੇ ਪਤਾ ਨਹੀਂ ਲੱਗਦਾ। ਸਾਰਾ ਮਾਲਵਾ ਹੀ ਉਧਰ ਨੂੰ ਉਲਟ ਪਿਆ ਏ। ਉਧਰ ਇਲਾਕੇ ਦੇ ਵੱਡੇ ਵੱਡੇ ਚੌਧਰੀ ਆ ਕੇ ਗੁਰੂ-ਘਰ ਦੀ ਸ਼ਰਨ ਲੈ ਰਹੇ ਨੇ," ਕਿੱਕਰ ਸਿੰਘ ਨੇ ਸਪੱਸ਼ਟ ਕੀਤਾ, "ਕਰਮ ਸਿੰਘ ਦੇ ਜ਼ਿੰਮੇਂ ਵੀ ਉਥੇ ਬਥੇਰੇ ਕੰਮ ਨੇ। ਉਹ ਲੰਗਰ ਦਾ ਪ੍ਰਬੰਧ ਕਰਦੇ ਹਨ। ਸ਼ਾਮ ਨੂੰ ਸ਼ਸਤਰ ਵਿਦਿਆ ਦਿੰਦੇ ਹਨ। ਹੋਰ ਵੀ ਬਾਬਾ ਦੀਪ ਸਿੰਘ ਜਿਹੜੀ ਸੇਵਾ ਉਨ੍ਹਾਂ ਦੇ ਸਪੁਰਦ ਕਰਨ, ਉਹ ਕਰ ਰਹੇ ਹਨ। ਇਸੇ ਲਈ ਉਹ ਆ ਨਹੀਂ ਸਕਦਾ।"

10

ਇਹ ਪੰਜ ਛੇ ਸਿੰਘਾਂ ਦਾ ਜਥਾ ਇਕੱਠਾ ਹੋ ਕੇ ਚੱਲ ਪਿਆ, ਪਰ ਦੁਆਬਾ ਟੱਪ ਕੇ ਮਾਲਵੇ ਵਿਚ ਦਾਖ਼ਲ ਹੁੰਦਿਆਂ ਤਕ ਇਨ੍ਹਾਂ ਦੀ ਗਿਣਤੀ ਦਰਜਨ ਕੁ ਹੋ ਚੁੱਕੀ ਸੀ। ਬਹੁਤੇ ਪਹਿਲੀ ਵਾਰ ਸਾਬੋ ਕੀ ਤਲਵੰਡੀ ਜਾ ਰਹੇ ਸਨ। ਕਿੱਕਰ ਸਿੰਘ ਤੇ ਕਸਤੂਰ ਸਿੰਘ ਹੀ ਪਹਿਲਾਂ ਇਥੋਂ ਹੋ ਕੇ ਗਏ ਸਨ। ਸਾਰਾ ਜਥਾ ਹੀ, ਸਮੇਤ ਇਨ੍ਹਾਂ ਦੋਹਾਂ ਦੇ ਦੇਖ ਕੇ ਹੈਰਾਨ ਹੋ ਗਿਆ ਕਿ ਕਿਸ ਤਰ੍ਹਾਂ ਜੰਗਲ ਵਿਚ ਮੰਗਲ ਬਣ ਗਿਆ ਹੈ। ਦੂਰ ਦੂਰ ਤਕ ਜ਼ਮੀਨ ਸਿੰਘਾਂ ਨੇ ਖ਼ਰੀਦ ਲਈ ਏ ਜਾਂ ਗੁਰੂ-ਘਰ ਨੂੰ ਸਥਾਨਕ ਵਸਨੀਕਾਂ ਨੇ ਭੇਂਟ ਕਰ ਦਿੱਤੀ ਹੈ। ਜਿਥੇ ਪਹਿਲਾਂ ਸਾਬੋ ਕੀ ਉਜਾੜ ਤੇ ਗ਼ੈਰ-ਆਬਾਦ ਇਲਾਕੇ ਵਿਚ ਕੁਝ ਗਿਣਤੀ ਦੇ ਘਰਾਂ ਦਾ ਪਿੰਡ ਸੀ, ਉਥੇ ਹੁਣ ਦੋ ਢਾਈ ਸਾਲਾਂ ਵਿਚ ਇਕ ਤਕੜਾ ਨਗਰ ਵੱਸ ਗਿਆ ਹੈ। ਜਿਥੇ ਪਹਿਲਾਂ ਦੂਰ ਦੂਰ ਤਕ ਖੇਤੀ ਹੁੰਦੀ ਜਾਂ ਫ਼ਸਲ ਬੀਜੀ ਨਜ਼ਰ ਨਹੀਂ ਸੀ ਆਉਂਦੀ, ਉਥੇ ਹੁਣ ਚਾਰ-ਚੁਫੇਰੇ ਹਰਿਆਵਲ ਸੀ ਤੇ ਧਰਤੀ ਵਾਹ ਤੇ ਗਾਹ ਕੇ ਫ਼ਸਲਾਂ ਦੀ ਬਿਜਾਈ ਹੋ ਰਹੀ ਸੀ। ਜਿਸ ਇਲਾਕੇ ਵਿਚੋਂ ਸਿੰਘ ਲੰਘ ਰਹੇ ਸਨ, ਉਸ ਨਾਲੋਂ ਸਾਬੋ ਕੀ ਦਾ ਨਿਖੇੜਾ ਸਾਫ਼ ਦਿਸ ਰਿਹਾ ਸੀ। ਕਿੱਕਰ ਸਿੰਘ ਨੇ ਨਵੇਂ ਤੇ ਪਹਿਲੀ ਵਾਰ ਆ ਰਹੇ ਸਿੰਘਾਂ ਨੂੰ ਦੱਸਿਆ ਕਿ ਇਥੇ ਕੁਝ ਵੀ ਨਹੀਂ ਸੀ, ਹੁਣ ਤਾਂ ਹਰ ਪਾਸੇ ਹਰਿਆਵਲ ਦੱਸਦੀ ਏ ਕਿ ਬਨਸਪਤੀ ਵਿਚ ਵੀ ਨਵੀਂ ਜੀਵਨ ਰੌ ਆ ਗਈ ਏ। ਅਸੀਂ ਪਹਿਲਾਂ ਇਹ ਥਾਂ ਦੇਖ ਕੇ ਗਏ ਹਾਂ, ਪਰ ਹੁਣ ਉਸ ਨਾਲੋਂ ਵੀ ਵੱਧ ਆਬਾਦੀ ਤੇ ਰੌਣਕ ਏ। ਸਾਡਾ ਖ਼ਿਆਲ ਸੀ ਕਿ ਗੁਰੂ ਮਹਾਰਾਜ ਦੇ ਚਲੇ ਜਾਣ ਪਿੱਛੋਂ ਇਥੇ ਰੌਣਕਾਂ ਘੱਟ ਜਾਣਗੀਆਂ ਪਰ ਇਥੇ ਤਾਂ ਉਸੇ ਤਰ੍ਹਾਂ ਗਹਿਮਾ ਗਹਿਮ ਏ। ਦੂਰੋਂ ਨਜ਼ਰ ਆ ਰਿਹਾ ਏ ਕਿ ਕਈ ਨਵੇਂ ਮਕਾਨ ਬਣ ਗਏ ਨੇ।

ਸਾਬੋ ਕੀ ਦੇ ਬਾਹਰਵਾਰ ਉਨ੍ਹਾਂ ਇਕ ਖੇਤ ਵਿਚ ਇਕ ਸਿੰਘ ਨੂੰ ਹਲ ਚਲਾਂਦਿਆਂ ਦੇਖਿਆ। ਉਹਦੀਆਂ ਨਜ਼ਰਾਂ ਬਲਦਾਂ ਵੱਲ ਤੇ ਹਲ ਸਿਆੜ ਵੱਲ ਸਨ, ਪਰ ਉਹ ਉੱਚੀ ਉੱਚੀ ਸ਼ਬਦ ਪੜ੍ਹ ਰਿਹਾ ਸੀ: "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥" ਇਹ ਨੇੜੇ ਪਹੁੰਚੇ ਤੇ ਉਹ ਵੀ ਖੇਤ ਦਾ ਗੇੜਾ ਕੱਢ ਕੇ ਨੇੜੇ ਆ ਗਿਆ ਤਾਂ ਦੋਹਾਂ ਪਾਸਿਉਂ ਇਕੋ ਵੇਲੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੀ ਗੂੰਜ ਨੇ ਗੁਰਸਿੱਖਾਂ ਦੇ ਮਿਲਾਪ ਦੀ ਖ਼ੁਸ਼ੀ ਦਾ ਪ੍ਰਗਟਾਵਾ ਕਰ ਦਿੱਤਾ।

ਹਲ ਚਲਾ ਕੇ ਨੇੜੇ ਆਉਣ ਵਾਲੇ ਸਿੰਘ ਨੇ ਪੁੱਛਿਆ, "ਖ਼ਾਲਸਾ ਜੀ! ਸੁਣਾਉ ਫ਼ੌਜਾਂ ਕਿਧਰੋਂ ਆਈਆਂ ਨੇ?"

"ਦੁਆਬੇ ਵਿਚੋਂ," ਕਿੱਕਰ ਸਿੰਘ ਨੇ ਉੱਤਰ ਦਿੱਤਾ।

"ਕਿਉਂ ਬਈ, ਪੰਥ ਚੜ੍ਹਦੀ ਕਲਾ ਵਿਚ ਏ ਉਧਰ ਵੀ?" ਇਹ ਦੂਜਾ ਪ੍ਰਸ਼ਨ ਉਸੇ ਦਾ ਸੀ।

"ਗੁਰੂ ਜੀ ਦੀ ਕ੍ਰਿਪਾ ਏ," ਕਸਤੂਰ ਸਿੰਘ ਬੋਲਿਆ, "ਇਥੇ ਸਭ ਖ਼ਾਲਸਾ ਅਨੰਦ ਪ੍ਰਸੰਨ ਏ ਨਾ?"

"ਬਿਲਕੁਲ ਸਿੰਘ ਜੀ," ਇਹ ਕਹਿ ਕੇ ਉਹ ਹਲ ਨੂੰ ਅੱਗੇ ਲੈ ਗਿਆ। ਕਿੱਕਰ ਸਿੰਘ ਨੇ ਨਵੇਂ ਆਏ ਸਿੱਖਾਂ ਨੂੰ ਸੰਬੋਧਨ ਕਰ ਕੇ ਆਖਿਆ, "ਤੁਸੀਂ ਹੁਣੇ ਪੁੱਛਦੇ ਸੀ ਕਿ ਗੁਰੂ ਮਹਾਰਾਜ ਦੇ ਦੱਖਣ ਵੱਲ ਚਲੇ ਜਾਣ ਪਿੱਛੋਂ ਇਥੇ ਕੀ ਹਾਲ ਹੋਏਗਾ? ਲੋਕੀਂ ਕਿਉਂ ਇਸ ਉਜਾੜ ਵਿਚ ਬੈਠੇ ਹੋਣਗੇ। ਤੁਹਾਨੂੰ ਉੱਤਰ ਮਿਲ ਗਿਆ ਹੋਵੇਗਾ। ਗੁਰੂ ਮਹਾਰਾਜ ਸਿੰਘਾਂ ਨੂੰ ਕਿਰਤ ਕਰਨ ਲਾ ਗਏ ਹਨ। ਹੁਣ ਇਥੇ ਕੋਈ ਵੀ ਵਿਹਲੜ ਤੁਹਾਨੂੰ ਨਜ਼ਰੀਂ ਨਹੀਂ ਆਏਗਾ। ਹਰ

ਸਿਖ ਕਿਰਤ ਕਰ ਰਿਹਾ ਮਿਲੇਗਾ, ਲੰਗਰ ਤੇ ਹੋਰ ਥਾਵਾਂ 'ਤੇ ਸੇਵਾ ਵਿਚ ਜੁਟਿਆ ਮਿਲੇਗਾ। ਫਿਰ ਇਹ ਸਿੰਘ ਹਲ ਵਾਹੁੰਦਾ ਹੋਇਆ ਜੋ ਸ਼ਬਦ ਪੜ੍ਹ ਰਿਹਾ ਹੈ, ਉਹ ਇਹਦੇ ਅੰਤਰ-ਆਤਮੇ ਦੀ ਵੀ ਆਵਾਜ਼ ਏ। ਇਹ ਕਿਰਤ ਕਰਦਿਆਂ ਤੇ ਸੇਵਾ ਵਿਚ ਜੁਟਿਆਂ ਗੁਰੂ ਨੂੰ ਆਪਣੇ ਅੰਗ ਸੰਗ ਅਨੁਭਵ ਕਰਦਾ ਏ। ਇਹਦੇ ਲਈ ਗੁਰੂ ਮਹਾਰਾਜ ਕਿਧਰੇ ਦੂਰ ਨਹੀਂ ਗਏ, ਇਥੇ ਹੀ ਹਨ।"

ਸਾਬੋ ਕੀ ਨਗਰ ਵਿਚ ਦਾਖ਼ਲ ਹੋਏ ਤਾਂ ਦੂਜੇ ਪਿੰਡਾਂ ਤੇ ਨਗਰਾਂ ਨਾਲੋਂ ਬਿਲਕੁਲ ਵੱਖਰਾ ਵਾਤਾਵਰਣ ਤੇ ਮਾਹੌਲ ਦੇਖਿਆ। ਇਕ ਖੂਹ 'ਤੇ ਜੋ ਕਲਗੀਧਰ ਪਾਤਸ਼ਾਹ ਨੇ ਆਪ ਬਣਵਾਇਆ ਸੀ, ਕੁਝ ਜ਼ਨਾਨੀਆਂ ਪਾਣੀ ਭਰ ਰਹੀਆਂ ਸਨ। ਇਨ੍ਹਾਂ ਨੂੰ ਪਿਆਸ ਲੱਗੀ ਹੋਈ ਸੀ, ਇਸ ਲਈ ਪਾਣੀ ਪੀਣ ਲਈ ਖੂਹ 'ਤੇ ਰੁਕ ਗਏ, ਜਿਹੜੀ ਮੁਟਿਆਰ ਲੰਮੀ ਲੱਜ ਨੂੰ ਖਿੱਚ ਕੇ ਖੂਹ ਵਿਚੋਂ ਡੋਲ ਖਿੱਚ ਰਹੀ ਸੀ, ਉਹ ਵੀ ਮੂੰਹ ਵਿਚ ਗੁਣਗੁਣਾ ਰਹੀ ਸੀ, "ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ॥"

"ਵੀਰ ਜੀ, ਜਲ ਛਕੋਗੇ?" ਬੜੀ ਮੁਸ਼ਕਲ ਨਾਲ ਪਾਣੀ ਦਾ ਕੱਢਿਆ ਡੋਲ ਉਹਨੇ ਪੀਣ ਲਈ ਭੇਟ ਕਰ ਦਿੱਤਾ। ਇਨ੍ਹਾਂ ਸਿੰਘਾਂ ਨੇ ਪਾਣੀ ਪੀ ਲਿਆ ਤੇ ਕਹਿਣ ਲੱਗੇ, "ਅਸੀਂ ਪਾਣੀ ਕੱਢ ਦਿੰਦੇ ਹਾਂ।"

"ਨਹੀਂ ਜੀ, ਇਹ ਤਾਂ ਮੇਰੇ ਵਡਭਾਗ ਹਨ, ਜੋ ਸਿੰਘਾਂ ਨੂੰ ਜਲ ਦੀ ਸੇਵਾ ਕਰਨ ਦਾ ਅਵਸਰ ਮਿਲਿਆ ਏ।"

"ਕਰਤਾਰਪੁਰ ਵੀ ਗੁਰੂ ਕੀ ਨਗਰੀ ਏ ਪਰ ਉਥੇ ਇਸ ਤਰ੍ਹਾਂ ਦਾ ਵਾਤਾਵਰਨ ਕਿਉਂ ਨਹੀਂ?" ਇਕ ਸਿੰਘ ਨੇ ਪ੍ਰਸ਼ਨ ਕੀਤਾ।

"ਉਹ ਪੁਰਾਣੇ ਨਗਰ ਹੋ ਗਏ ਨੇ," ਕਸਤੂਰ ਸਿੰਘ ਨੇ ਸਮਝਾਇਆ, "ਇਥੇ ਆਬਾਦੀ ਬਿਲਕੁਲ ਨਵੀਂ ਹੈ ਤੇ ਆ ਕੇ ਵੱਸੇ ਵੀ ਉਹ ਹਨ, ਜਿਨ੍ਹਾਂ ਨੂੰ ਗੁਰੂ-ਘਰ 'ਤੇ ਪੂਰਨ ਸ਼ਰਧਾ ਹੈ। ਆਖ਼ਰ ਅੱਜ-ਕੱਲ੍ਹ ਦੇ ਸੰਕਟ ਦੇ ਸਮੇਂ ਵਿਚ ਗੁਰੂ-ਘਰ ਨਾਲ ਉਹੀ ਜੁੜੇਗਾ ਜੋ ਇਸ ਘਰ ਲਈ ਆਪਣੀ ਜਾਨ ਤਕ ਵੀ ਦੇਣ ਲਈ ਤਿਆਰ ਏ। ਜਿਸ ਨੂੰ ਜਾਨ ਬਹੁਤੀ ਪਿਆਰੀ ਏ, ਜਾਂ ਜੋ ਕੁਰਬਾਨੀ ਨਹੀਂ ਕਰ ਸਕਦਾ, ਉਹ ਕਿਉਂ ਇਥੇ ਆਏਗਾ? ਤੁਸੀਂ ਦੇਖੋਗੇ ਕਿ ਇਥੇ ਕੋਈ ਵੀ ਤਨਖ਼ਾਹਦਾਰ ਨੌਕਰ ਨਹੀਂ। ਸ਼ਰਧਾ ਤੇ ਸੇਵਾ ਭਾਵ ਨਾਲ ਲੋਕੀਂ ਆਪ ਹੀ ਗੁਰੂ-ਘਰ ਵੱਲ ਖਿੱਚੇ ਆ ਰਹੇ ਨੇ। ਇਥੇ ਸਿਖਾਇਆ ਹੀ ਇਹੀ ਜਾਂਦਾ ਏ ਕਿ ਕਿਰਤ ਕਰੋ, ਨਾਮ ਸਿਮਰਨ ਵਿਚ ਸਮਾਂ ਗੁਜ਼ਾਰੋ ਤੇ ਜੇਕਰ ਕਿਸੇ ਆਦਰਸ਼ ਦੀ ਪ੍ਰਾਪਤੀ ਲਈ ਜਾਨ ਵਾਰਨ ਦਾ ਅਵਸਰ ਆ ਜਾਏ ਤਾਂ ਪਿੱਛੇ ਨਾ ਹਟੋ। ਇਥੇ ਤਾਂ ਕਲਗੀਧਰ ਪਾਤਸ਼ਾਹ ਦੇ ਬਚਨ ਜ਼ੱਰੇ-ਜ਼ੱਰੇ ਵਿਚ ਗੂੰਜ ਰਹੇ ਹਨ: "ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥ ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥ ਅਰੁ ਸਿਖ ਹੋਂ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥"

ਇਥੋਂ ਚੱਲ ਕੇ ਉਸ ਅਸਥਾਨ 'ਤੇ ਪਹੁੰਚ ਗਏ, ਜਿਥੇ ਕਲਗੀਧਰ ਪਾਤਸ਼ਾਹ ਬਿਰਾਜਿਆ ਕਰਦੇ ਸਨ, ਜਿਥੇ ਬੈਠ ਕੇ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਤੋਂ ਆਦਿ ਗ੍ਰੰਥ ਦੀ ਬੀੜ ਦੁਬਾਰਾ ਲਿਖਵਾਈ ਸੀ। ਸਵੇਰ ਦਾ ਦੀਵਾਨ ਸਮਾਪਤ ਹੋ ਚੁੱਕਿਆ ਸੀ, ਇਸ ਲਈ ਸੰਗਤ ਆਪੋ ਆਪਣੇ ਕੰਮ 'ਤੇ ਚਲੀ ਗਈ ਸੀ। ਅੰਦਰ ਕੇਵਲ ਕਰਮ ਸਿੰਘ ਤੇ ਚਾਰ ਸਾਥੀ ਸਫ਼ਾਈ ਕਰ ਰਹੇ ਸਨ। ਉਹ ਇਨ੍ਹਾਂ ਨੂੰ ਦੇਖਦਿਆਂ ਹੀ ਬਾਹਰ ਆ ਗਏ। ਕਰਮ ਸਿੰਘ ਨੇ ਫ਼ਤਹਿ

ਬੁਲਾਈ ਤੇ ਸੰਖੇਪ ਜਿਹੀ ਸੁੱਖ-ਸਾਂਦ ਪੁੱਛ ਕੇ ਕਹਿਣ ਲੱਗਾ, "ਤੁਹਾਨੂੰ ਮੇਰੇ ਟਿਕਾਣੇ ਦਾ ਪਤਾ ਹੈ, ਚੱਲ ਕੇ ਉਥੇ ਬਿਸਰਾਮ ਕਰੋ, ਇਸ਼ਨਾਨ ਪਾਣੀ ਕਰ ਲਉ। ਇਤਨੇ ਵਿਚ ਮੈਂ ਵੀ ਆਉਂਦਾ ਹਾਂ, ਫਿਰ ਇਕੱਠੇ ਲੰਗਰ ਛਕਣ ਚੱਲਾਂਗੇ।" ਇਹ ਕਹਿ ਕੇ ਕਰਮ ਸਿੰਘ ਮੁੜ ਅੰਦਰ ਚਲਾ ਗਿਆ ਤੇ ਸੇਵਾ ਵਿਚ ਜੁਟ ਗਿਆ।

ਸਿੰਘ ਸਾਰੇ ਉਸ ਵੱਡੇ ਕਮਰੇ ਵਿਚ ਜਾ ਟਿਕੇ ਤੇ ਝੱਟ ਪਿੱਛੋਂ ਸੇਵਾ ਤੋਂ ਵਿਹਲਾ ਹੋ ਕੇ ਕਰਮ ਸਿੰਘ ਵੀ ਉਥੇ ਆ ਗਿਆ। ਉਹਨੇ ਆਉਂਦਿਆਂ ਪੁੱਛਿਆ, "ਆਪਾਂ ਜਿਨ੍ਹਾਂ ਪਿੰਡਾਂ ਵਿਚ ਪੰਥਕ ਜਥੇਬੰਦੀ ਦਾ ਆਰੰਭ ਕਰ ਕੇ ਆਏ ਸਾਂ, ਉਨ੍ਹਾਂ ਦਾ ਕੀ ਹਾਲ ਹੈ।" ਉਸ ਦੇ ਇਸ ਪ੍ਰਸ਼ਨ ਤੋਂ ਹੀ ਸਾਫ਼ ਸੀ ਕਿ ਉਹਦੇ ਮਨ ਵਿਚ ਪਹਿਲੀ ਥਾਂ ਖ਼ਾਲਸੇ ਦੀ ਜਥੇਬੰਦੀ ਦੀ ਏ ਕਿਉਂਕਿ ਮਨੁੱਖ ਨੂੰ ਜਿਹੜੀ ਚੀਜ਼ ਜ਼ਿੰਦਗੀ ਵਿਚ ਸਭ ਤੋਂ ਪਿਆਰੀ ਲੱਗੇ, ਉਹਦਾ ਹੀ ਉਹ ਚਰਚਾ ਹਮੇਸ਼ਾ ਕਰਦਾ ਹੈ। ਜੇਕਰ ਕਰਮ ਸਿੰਘ ਨੂੰ ਆਪਣਾ ਘਰ, ਮਾਂ-ਪਿਉ, ਭੈਣ-ਭਰਾ ਦੀ ਵਧੇਰੇ ਖਿੱਚ ਹੁੰਦੀ ਤਾਂ ਪਹਿਲਾਂ ਉਨ੍ਹਾਂ ਬਾਰੇ ਗੱਲ ਸ਼ੁਰੂ ਕਰਦਾ।

"ਉਹ ਤਾਂ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਇਕ ਅਜਿਹੀ ਜਾਗ ਲੱਗ ਗਈ ਏ, ਜਿਸ ਸਦਕਾ ਹਰ ਪਿੰਡ ਵਿਚ ਹੀ ਲੋਕ ਸਿੰਘ ਬਣ ਰਹੇ ਹਨ। ਹਿੰਦੂ ਤਾਂ ਹੈਣ ਹੀ ਸਾਡੀ ਪਨੀਰੀ, ਕਈ ਪਿੰਡਾਂ ਵਿਚ ਤਾਂ ਮੁਸਲਮਾਨ ਵੀ ਸਿਖ ਬਣਨ ਲਈ ਤਿਆਰ ਹਨ," ਕਿੱਕਰ ਸਿੰਘ ਨੇ ਦੱਸਿਆ, "ਹਕੂਮਤ ਦੇ ਕੁਝ ਚੌਧਰੀ ਤੇ ਫ਼ੌਜਦਾਰ ਤਾਂ ਸਮਝਦੇ ਨੇ ਕਿ ਸਖ਼ਤੀ ਨਾਲ ਸਿੰਘਾਂ ਨੂੰ ਕੁਚਲ ਲੈਣਗੇ ਪਰ ਉਨ੍ਹਾਂ ਨੂੰ ਨਹੀਂ ਪਤਾ ਕਿ ਸਿੰਘ ਇਕ ਅਜਿਹਾ ਗੇਂਦ ਹਨ, ਜਿਸ ਨੂੰ ਜਿਤਨੇ ਜ਼ੋਰ ਨਾਲ ਮਾਰ ਕੇ ਹੇਠਾਂ ਧਰਤੀ ਵੱਲ ਧੱਕੋ, ਉਹ ਉਤਨੇ ਹੀ ਜ਼ੋਰ ਨਾਲ ਹੋਰ ਉੱਚੇ ਉੱਠਦੇ ਹਨ। ਗੇਂਦ ਵਾਂਗ ਖ਼ਾਲਸੇ ਨੂੰ ਦਬਾਣ ਦਾ ਅਸਰ ਵੀ ਉਲਟਾ ਹੀ ਹੋ ਰਿਹਾ ਏ।"

"ਮਾਹੌਲ ਜਿਸ ਤਰ੍ਹਾਂ ਦਾ ਮੈਂ ਦੇਖਿਆ ਸੀ, ਉਸੇ ਤਰ੍ਹਾਂ ਦਾ ਹੈ ਕਿ ਕੁਝ ਫ਼ਰਕ ਹੈ। ਮੈਂ ਇਹ ਜਾਣਨਾ ਚਾਹੁੰਦਾ ਹਾਂ," ਕਰਮ ਸਿੰਘ ਨੇ ਸਾਰੀ ਸਥਿਤੀ ਦਾ ਜਾਇਜ਼ਾ ਲੈ ਕੇ ਮੁੜਨ ਵਾਲੇ ਸਿੰਘਾਂ ਤੋਂ ਸਾਫ਼ ਸਾਫ਼ ਪੁੱਛਿਆ।

"ਅਸੀਂ ਤੇ ਦੇਖ ਕੇ ਆਏ ਹਾਂ ਕਿ ਪਲ ਪਲ ਸਥਿਤੀ ਬਦਲ ਰਹੀ ਏ," ਕਿੱਕਰ ਸਿੰਘ ਨੇ ਦੱਸਿਆ, "ਜਦੋਂ ਤਾਂ ਗੁਰੂ ਮਹਾਰਾਜ ਦੀ ਜਿੱਤ ਤੇ ਚੜ੍ਹਤ ਦੇਖਦੇ ਹਨ ਤਾਂ ਸਾਰੇ ਹਾਕਮੀ ਵਰਗ ਦਾ ਵਤੀਰਾ ਬਦਲ ਜਾਂਦਾ ਹੈ। ਗੁਰੂ ਮਹਾਰਾਜ ਨੇ ਕਦੇ ਕਿਸੇ ਦੀ ਧਰਤੀ ਮੱਲਣ ਜਾਂ ਰਾਜ ਖੋਹ ਕੇ ਆਪ ਕਰਨ ਦੀ ਗੱਲ ਨਹੀਂ ਕੀਤੀ, ਪਰ ਪਤਾ ਨਹੀਂ ਕਿਉਂ ਫਿਰ ਵੀ ਸਾਰੇ ਹਾਕਮ ਵਰਗ ਨੂੰ ਪੰਥ ਦੀ ਜਿੱਤ ਵਿਚ ਆਪਣੀ ਹਾਰ ਨਜ਼ਰ ਆਉਣ ਲੱਗ ਪੈਂਦੀ ਹੈ।"

"ਉਹ ਕਿਵੇਂ ?" ਕਰਮ ਸਿੰਘ ਦਾ ਸਵਾਲ ਸੀ।

"ਜਦੋਂ ਗੁਰੂ ਮਹਾਰਾਜ ਦੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਸ਼ਹੀਦ ਹੋ ਗਏ ਤੇ ਆਪ ਹਜ਼ੂਰ ਮਾਲਵੇ ਵੱਲ ਨਿਕਲ ਆਏ ਤਾਂ ਹਾਕਮਾਂ ਦਾ ਸਿੰਘਾਂ ਪ੍ਰਤੀ ਵਤੀਰਾ ਹੋਰ ਸਖ਼ਤ ਤੇ ਕਰੜਾ ਹੋ ਗਿਆ," ਕਿੱਕਰ ਸਿੰਘ ਬਿਨਾਂ ਰੁਕੇ ਲਗਾਤਾਰ ਬੋਲੀ ਗਿਆ, "ਜਦੋਂ ਖਿਦਰਾਣੇ ਦੀ ਢਾਬ 'ਤੇ ਗੁਰੂ ਮਹਾਰਾਜ ਜੰਗ ਜਿੱਤ ਗਏ ਤਾਂ ਸਭ ਛੋਟੇ ਮੋਟੇ ਹਾਕਮ ਵਰਗ ਨੂੰ ਇਉਂ ਲੱਗਾ ਜਿਵੇਂ ਹੁਣ ਛੇਤੀ ਸਿੰਘਾਂ ਦਾ ਇਸ ਦੇਸ਼ 'ਤੇ ਰਾਜ ਹੋਣ ਵਾਲਾ ਹੈ। ਉਹ ਸਾਰੇ ਹਾਕਮ ਸਿੰਘਾਂ ਵੱਲ ਨਰਮ ਨੀਤੀ ਅਪਨਾਣ ਲੱਗ ਪਏ। ਜਦੋਂ ਪਤਾ ਲੱਗਾ ਕਿ ਔਰੰਗਜ਼ੇਬ ਨੇ ਗੁਰੂ ਮਹਾਰਾਜ ਨੂੰ ਗੱਲ-ਬਾਤ ਲਈ ਸੱਦਾ ਭੇਜਿਆ ਏ ਤਾਂ ਉਨ੍ਹਾਂ ਸਾਰਿਆਂ ਦੀ ਖ਼ਾਨਿਉਂ ਗਈ, ਜੋ ਸਿੰਘਾਂ 'ਤੇ ਅੱਤਿਆਚਾਰ ਕਰਦੇ ਰਹੇ ਸਨ। ਉਨ੍ਹਾਂ ਦੇ ਹੱਥਾਂ ਦੇ ਤੋਤੇ ਉੱਡ ਗਏ, ਜਦੋਂ ਔਰੰਗਜ਼ੇਬ ਮਰ ਗਿਆ ਤਾਂ ਫਿਰ ਹਾਕਮਾਂ ਨੇ ਅੱਖਾਂ ਫੇਰ ਲਈਆਂ। ਉਨ੍ਹਾਂ ਦੇ ਆਪਣੇ ਪਾਪ

ਕੰਬਾ ਰਹੇ ਸਨ ਪਰ ਹੁਣ ਉਹ ਸਮਝਣ ਲੱਗ ਪਏ ਕਿ ਸਿੰਘਾਂ ਦਾ ਹਕੂਮਤ ਨਾਲ ਸਮਝੌਤਾ ਨਹੀਂ ਹੋਏਗਾ। ਦਿੱਲੀ-ਦਰਬਾਰ ਨੂੰ ਇਨ੍ਹਾਂ ਟੁੱਕੜ-ਬੋਚਾਂ ਦੀ ਲੋੜ ਰਹੇਗੀ। ਇਸੇ ਤਰ੍ਹਾਂ ਬਹਾਦਰ ਸ਼ਾਹ ਤੇ ਗੁਰੂ ਮਹਾਰਾਜ ਦੀ ਆਪਸੀ ਮੁਲਾਕਾਤ ਤੇ ਦਿੱਲੀ ਤਖ਼ਤ ਦੀ ਲੜਾਈ ਵਿਚ ਗੁਰੂ ਮਹਾਰਾਜ ਦੀ ਮਦਦ ਨੇ ਮੁੜ ਕੇ ਸੋਚ ਬਦਲ ਦਿੱਤੀ। ਇਸੇ ਲਈ ਮੈਂ ਸਮਝਦਾ ਹਾਂ ਕਿ ਇਹ ਕੋਈ ਉਨ੍ਹਾਂ ਦੀ ਸਥਿਰ ਨੀਤੀ ਨਹੀਂ। ਜੀਵਨ ਦੇ ਉਤਰਾਅ ਚੜ੍ਹਾਅ ਵਾਂਗ ਉਹ ਵੀ ਕਦੇ ਤੋਲਾ ਕਦੇ ਮਾਸਾ।"

"ਹੁਣ ਸੁਣਾਉ, ਕਰਤਾਰਪੁਰ ਗਏ ਸੀ ? ਮੇਰੇ ਮਾਤਾ ਪਿਤਾ ਦਾ ਕੀ ਹਾਲ ਏ ?" ਕਰਮ ਸਿੰਘ ਨੇ ਪੁੱਛਿਆ, "ਕੋਈ ਸੁੱਖ-ਸੁਨੇਹਾ ਲਿਆਏ ਹੋ ?"

"ਤੁਹਾਡੀ ਮਾਤਾ ਬਹੁਤ ਹੀ ਉਦਾਸ ਏ," ਕਸਤੂਰ ਸਿੰਘ ਨੇ ਦੱਸਿਆ, "ਉਹ ਤਾਂ ਘੜੀ ਮੁੜੀ ਕਹਿੰਦੀ ਸੀ ਕਿ ਕਰਮ ਸਿੰਘ ਆਪ ਕਿਉਂ ਨਹੀਂ ਆਇਆ ? ਉਹ ਸਾਨੂੰ ਸਾਰਿਆਂ ਨੂੰ ਭੁੱਲ ਕਿਉਂ ਗਿਆ ਏ ? ਪੁੱਛਦੀ ਸੀ ਕਿ ਕਦੇ ਯਾਦ ਵੀ ਕਰਦਾ ਏ ਕਿ ਨਹੀਂ ? ਉਹਨੂੰ ਇਹੀ ਤੌਖ਼ਲਾ ਸੀ ਕਿ ਤੁਸੀਂ ਕਿਧਰੇ ਮੁਸੀਬਤ ਵਿਚ ਨਾ ਫਸੇ ਹੋਵੋ। ਕਦੇ ਕਦੇ ਸਮਾਂ ਕੱਢ ਕੇ ਉਹਨਾਂ ਨੂੰ ਮਿਲ ਆਇਆ ਕਰੋ। ਉਨ੍ਹਾਂ ਨੂੰ ਉਦਰੇਵਾਂ ਹੋ ਗਿਆ ਲੱਗਦਾ ਏ।"

"ਮਾਂ ਮੇਰੀ ਬੜੀ ਦਲੇਰ ਔਰਤ ਏ," ਕਰਮ ਸਿੰਘ ਨੇ ਉੱਤਰ ਦਿੱਤਾ, "ਮੇਰੇ ਸਿੰਘ ਸੱਜਣ 'ਤੇ ਉਸ ਇਕ ਦਿਨ ਵੀ ਬੁਰਾ ਨਹੀਂ ਮਨਾਇਆ, ਸਗੋਂ ਮੇਰੇ ਲਈ ਉਤਸ਼ਾਹ ਦਾ ਸੋਮਾ ਰਹੀ ਏ।"

"ਤੁਹਾਡੇ ਪਿਤਾ ਨੇ ਵੀ ਸੁਨੇਹਾ ਦਿੱਤਾ ਸੀ," ਕਿੱਕਰ ਸਿੰਘ ਨੇ ਦੱਸਿਆ, "ਫ਼ੌਜਦਾਰ ਜਲੰਧਰ ਬੜਾ ਤੰਗ ਕਰ ਰਿਹਾ ਏ। ਉਨ੍ਹਾਂ ਨੂੰ ਦੋ-ਤਿੰਨ ਵਾਰ ਸੱਦ ਕੇ ਉਹਨੇ ਕਿਹਾ ਏ ਕਿ ਪੁੱਤਰ ਨੂੰ ਪੇਸ਼ ਕਰੋ। ਉਹ ਹਕੂਮਤ ਵਿਰੁੱਧ ਬਗ਼ਾਵਤ ਲਈ ਲੋਕਾਂ ਨੂੰ ਉਕਸਾ ਰਿਹਾ ਏ।"

"ਪਿਤਾ ਜੀ ਘਬਰਾਏ ਤਾਂ ਨਹੀਂ ?" ਕਰਮ ਸਿੰਘ ਨੇ ਪੁੱਛਿਆ, "ਉਹ ਇਕੱਲੇ ਜਲੰਧਰ ਜਾਂਦੇ ਰਹੇ ਨੇ ਜਾਂ ਹੋਰ ਵੀ ਕੋਈ ਨਾਲ ਜਾਂਦਾ ਸੀ ?"

"ਨਾਲ ਕਈ ਸਿਆਣੇ ਬੰਦੇ ਜਾਂਦੇ ਰਹੇ ਨੇ," ਕਿੱਕਰ ਸਿੰਘ ਨੇ ਵਿਸਥਾਰ ਨਾਲ ਦੱਸਿਆ, "ਹੋਰ ਤੇ ਹੋਰ ਦੋ ਮੁਸਲਮਾਨ ਵੀ ਜਾਂਦੇ ਹੁੰਦੇ ਸਨ। ਉਨ੍ਹਾਂ ਬਥੇਰਾ ਕਿਹਾ ਏ ਕਿ ਕਰਮ ਸਿੰਘ ਹਕੂਮਤ ਵਿਰੁੱਧ ਨਹੀਂ। ਉਹ ਤਾਂ ਧਰਮ ਪ੍ਰਚਾਰ ਕਰਦਾ ਏ। ਲੋਕਾਂ ਨੂੰ ਚੰਗੇ ਆਚਰਣ ਲਈ ਪ੍ਰੇਰਦਾ ਏ ਪਰ ਉਹ ਕਿਥੇ ਮੰਨਦੇ ਨੇ। ਉਹ ਇਹੀ ਧਮਕੀਆਂ ਦਿੰਦੇ ਨੇ ਕਿ ਕਰਮ ਸਿੰਘ ਨੂੰ ਪੇਸ਼ ਕਰੋ, ਨਹੀਂ ਤੇ ਤੁਹਾਡੇ ਵਿਰੁੱਧ ਕਾਰਵਾਈ ਹੋਏਗੀ। ਇਹ ਟਾਲ ਆਏ ਨੇ ਕਿ ਜਿਸ ਦਿਨ ਕਰਮ ਸਿੰਘ ਆਇਆ, ਉਹ ਨਾਲ ਲੈ ਕੇ ਆ ਜਾਣਗੇ। ਇਸ ਲਈ ਪਿਤਾ ਜੀ ਕਹਿੰਦੇ ਸਨ ਕਿ ਕਿਸੇ ਵੇਲੇ ਕਿਸੇ ਤਰੀਕੇ ਫ਼ੌਜਦਾਰ ਨਾਲ ਗੱਲ ਹੋ ਜਾਏ ਤਾਕਿ ਉਹ ਘੜੀ ਮੁੜੀ ਫ਼ੌਜੀ ਘਰ ਨਾ ਭੇਜੇ। ਜਦ ਵੀ ਘੋੜ ਸਵਾਰ ਫ਼ੌਜੀ ਕਰਤਾਰਪੁਰ ਆਉਂਦੇ ਨੇ, ਲੋਕਾਂ ਵਿਚ ਦਹਿਸ਼ਤ ਪੈ ਜਾਂਦੀ ਏ। ਲੋਕ ਡਰਦੇ ਨੇ ਕਿ ਕਿਧਰੇ ਔਰਤਾਂ ਨੂੰ ਹੱਥ ਨਾ ਪਾ ਲੈਣ। ਉਂਞ ਪਿਤਾ ਜੀ ਬੜੀ ਚੜ੍ਹਦੀ ਕਲਾ ਵਿਚ ਨੇ। ਤੁਸੀਂ ਬੜੇ ਖ਼ੁਸ਼ ਕਿਸਮਤ ਹੋ, ਜਿਨ੍ਹਾਂ ਨੂੰ ਇਸ ਤਰ੍ਹਾਂ ਪੰਥਕ ਸੇਵਾ ਕਰਨ ਲਈ ਘਰ ਤੋਂ ਪੂਰਾ ਉਤਸ਼ਾਹ ਤੇ ਸਹਿਯੋਗ ਮਿਲਦਾ ਹੈ।"

"ਹਾਂ, ਸੱਚੀਂ, ਤੁਹਾਡੇ ਲਈ ਇਕ ਹੋਰ ਬੜੀ ਵਿਸ਼ੇਸ਼ ਸੂਚਨਾ ਲਿਆਏ ਹਾਂ," ਕਸਤੂਰ ਸਿੰਘ ਨੇ ਦੱਸਣਾ ਸ਼ੁਰੂ ਕੀਤਾ, "ਤੁਹਾਡੀ ਮੰਗੇਤਰ ਸੀ ਨਾ ਦਿਆਲਪੁਰੀਏ ਸ਼ਾਹ ਦੀ ਧੀ, ਉਹਦੇ ਨਾਲ ਇਕ ਦੁਰਘਟਨਾ ਵਾਪਰ ਗਈ ਸੀ, ਪਰ ਚੰਗੇ ਭਾਗਾਂ ਨੂੰ ਅਸੀਂ ਉਸ ਵੇਲੇ ਪਹੁੰਚ ਗਏ ਤੇ ਉਹਦੀ ਇੱਜ਼ਤ ਬਚ ਗਈ।"

"ਕੀ ਹੋਇਆ ਸੀ ਉਹਨੂੰ ?" ਕਰਮ ਸਿੰਘ ਦਾ ਸਾਰਾ ਧਿਆਨ ਛੇਤੀ ਇਹ ਗੱਲ ਸੁਣਨ ਵੱਲ ਲੱਗ ਗਿਆ ਤੇ ਉਹਨੇ ਪੁੱਛਿਆ, "ਛੇਤੀ ਦੱਸੋ, ਉਹ ਵੀ ਕਿਸਮਤ ਦੀ ਮਾਰੀ ਏ।"

"ਉਹ ਤੁਹਾਨੂੰ ਕਰਤਾਰਪੁਰ ਮਿਲਣ ਆਈ ਸੀ, ਕਿਸੇ ਸਹੇਲੀ ਨਾਲ। ਅੱਗੋਂ ਤੁਸੀਂ ਨਗਰ ਵਿਚ ਨਹੀਂ ਸੀ। ਉਹ ਕਿਸੇ ਰਿਸ਼ਤੇਦਾਰ ਦੇ ਠਹਿਰ ਕੇ ਵਾਪਸ ਚੱਲੀਆਂ ਤਾਂ ਰਾਹ ਵਿਚ ਰਾਮ ਨਗਰ ਇਲਾਕੇ ਦੇ ਚੌਧਰੀ ਦੇ ਗੁੰਡੇ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਏ। ਅਸੀਂ ਕਰਤਾਰਪੁਰ ਪਹੁੰਚੇ ਤਾਂ ਗੌਤਮ ਨੇ ਦੱਸਿਆ। ਅਸੀਂ ਉਹਨੂੰ ਨਾਲ ਲੈ ਕੇ ਰਾਹ ਵਿਚੋਂ ਹੋਰ ਦੋ ਤਿੰਨ ਬੰਦੇ ਮਿਲਾ ਕੇ ਜਾ ਉਸ ਹਵੇਲੀ ਨੂੰ ਘੇਰਿਆ ਤੇ ਦੋਵੇਂ ਕੁੜੀਆਂ ਛੁਡਾ ਕੇ ਲੈ ਆਏ। ਉਨ੍ਹਾਂ ਨੂੰ ਘਰੋ-ਘਰੀ ਦਿਆਲਪੁਰ ਛੱਡ ਆਏ ਹਾਂ।"

"ਸ਼ਾਬਾਸ਼! ਸਿੰਘਾਂ ਤੋਂ ਅਜਿਹੀ ਹੀ ਆਸ ਹੈ। ਉਹ ਜਨ-ਸਾਧਾਰਨ ਦੀ ਸੱਤ-ਪੱਤ ਦੇ ਰਾਖੇ ਹਨ," ਕਰਮ ਸਿੰਘ ਨੇ ਇਨ੍ਹਾਂ ਦੀ ਇਸ ਕਾਰਵਾਈ ਦੀ ਪ੍ਰਸੰਸਾ ਕਰਦਿਆਂ ਆਖਿਆ। ਜਾਣਨਾ ਚਾਹਿਆ ਕਿ ਉਨ੍ਹਾਂ ਕੁੜੀਆਂ ਦੇ ਜ਼ਾਲਮਾਂ ਹੱਥੋਂ ਬਚ ਕੇ ਆਉਣ ਪਿੱਛੋਂ ਕੀ ਬਣਿਆ ? ਸਾਡਾ ਸਮਾਜ ਵੀ ਅਜਿਹੇ ਪੁੱਠੇ ਰਾਹ ਪਿਆ ਹੋਇਆ ਏ ਕਿ ਇਸ ਤਰ੍ਹਾਂ ਦੀਆਂ ਕੁੜੀਆਂ ਨੂੰ ਮੁੜ ਕੇ ਸਵੀਕਾਰ ਹੀ ਨਹੀਂ ਕਰਦਾ।

"ਅਜਿਹੀ ਗੱਲ ਤਾਂ ਇਥੇ ਨਹੀਂ ਹੋਈ," ਕਿੱਕਰ ਸਿੰਘ ਨੇ ਦੱਸਣਾ ਸ਼ੁਰੂ ਕੀਤਾ, "ਕੁੜੀਆਂ ਇਕੋ ਰਾਤ ਵਿਚ ਘਰ ਪਰਤ ਆਈਆਂ, ਇਸ ਲਈ ਕੋਈ ਉਨ੍ਹਾਂ ਵੱਲ ਉਂਗਲ ਨਹੀਂ ਚੁੱਕ ਸਕਿਆ। ਦੋ-ਚਾਰ ਦਿਨ ਬਾਹਰ ਰਹਿ ਆਉਂਦੀਆਂ ਤਾਂ ਹੋ ਸਕਦਾ ਸੀ, ਇਨ੍ਹਾਂ ਬਾਰੇ ਵੀ ਕਈ ਗ਼ਲਤ ਗੱਲਾਂ ਦਾ ਚਰਚਾ ਹੁੰਦਾ। ਚੌਧਰੀ ਦੀ ਸਾਡੇ ਮੁਕਾਬਲੇ ਤਾਂ ਪੇਸ਼ ਨਹੀਂ ਗਈ ਪਰ ਉਹਨੇ ਬੰਦੇ ਭੇਜ ਕੇ ਸ਼ਾਹ ਨੂੰ ਬੜਾ ਡਰਾਇਆ ਤੇ ਧਮਕਾਇਆ। ਉਹ ਡਰਦਾ ਮਾਰਾ ਦਿਆਲਪੁਰ ਛੱਡ ਕੇ ਕਿਧਰੇ ਲੁਕ ਗਿਆ ਏ। ਅਸੀਂ ਬਥੇਰਾ ਪਤਾ ਕੀਤਾ ਏ ਕਿ ਉਹ ਕਿਥੇ ਏ, ਪਰ ਕਿਧਰੇ ਉਹਦੀ ਉੱਘ-ਸੁੱਘ ਨਹੀਂ। ਦੂਜੀ ਕੁੜੀ ਕਿਧਰੇ ਪਹਿਲਾਂ ਹੀ ਸੁਲਤਾਨਪੁਰ ਕਿਸੇ ਸਿੰਘ ਨਾਲ ਮੰਗੀ ਹੋਈ ਸੀ। ਉਹ ਵਿਆਹ ਕੇ ਲੈ ਗਏ ਹਨ।"

ਕਰਮ ਸਿੰਘ ਦੀਆਂ ਅੱਖਾਂ ਅੱਗੇ ਉਸ ਕੁੜੀ ਦਾ ਚਿਹਰਾ-ਮੋਹਰਾ ਤੇ ਸ਼ਕਲ-ਸੂਰਤ ਆ ਗਈ। ਇਹ ਕੁੜੀ, ਉਹਨੂੰ ਯਾਦ ਆ ਗਿਆ, ਉਹੀ ਹੈ, ਜੋ ਦੀਪੋ ਵੱਲੋਂ ਉਹਨੂੰ ਮਿਲਣ ਆਈ ਸੀ। ਉਦੋਂ ਉਹ ਗੱਲ ਕਰਦੀ ਸੀ ਕਿ ਉਹ ਵੀ ਸਿੰਘ ਨਾਲ ਵਿਆਹੀ ਹੋਈ ਏ-ਪਰ ਉਹਦਾ ਮੁਕਲਾਵਾ ਅਜੇ ਨਹੀਂ ਗਿਆ।

"ਕਿਸੇ ਨੂੰ ਨਹੀਂ ਪਤਾ ਕਿ ਉਹ ਕਿਥੇ ਗਏ ਨੇ ?" ਕਰਮ ਸਿੰਘ ਨੇ ਫਿਰ ਦੁਹਰਾ ਕੇ ਪੁੱਛਿਆ।

"ਆਹੋ! ਅਸੀਂ ਕਰਤਾਰਪੁਰ ਗੌਤਮ ਨੂੰ ਮੁੜਦੇ ਮਿਲ ਕੇ ਆਏ ਹਾਂ। ਉਹ ਕਹਿੰਦਾ ਏ ਕਿ ਪਤਾ ਕਰੇਗਾ। ਹੋ ਸਕਦਾ ਏ ਕਿ ਉਹ ਫਗਵਾੜੇ ਜਾਂ ਰਾਹੋਂ ਕਿਸੇ ਰਿਸ਼ਤੇਦਾਰ ਪਾਸ ਹੋਣ," ਕਸਤੂਰ ਸਿੰਘ ਨੇ ਦੱਸਿਆ, "ਦਿਆਲਪੁਰ ਵਿਚ ਸਾਡਾ ਇਕ ਨਵਾਂ ਮਿੱਤਰ ਬਣ ਗਿਆ ਏ ਮੁਸਲਮਾਨ ਇਬਰਾਹੀਮ। ਉਹ ਨੌਜਵਾਨ ਸਾਡੇ ਸੰਘਰਸ਼ ਵਿਚ ਸ਼ਾਮਲ ਹੋਣਾ ਚਾਹੁੰਦਾ ਸੀ। ਅਸੀਂ ਉਹਨੂੰ ਕੁਝ ਕੰਮ ਸੌਂਪ ਆਏ ਹਾਂ। ਉਹ ਕਹਿੰਦਾ ਸੀ ਕਿ ਸ਼ਾਮੂ ਸ਼ਾਹ ਹੋਰਾਂ ਨੂੰ ਟੋਲ ਕੇ ਵਾਪਸ ਪਿੰਡ ਵਿਚ ਲਿਆਵਾਂਗੇ।"

"ਜ਼ਰਾ ਸੰਭਲ ਕੇ, ਸਾਵਧਾਨੀ ਨਾਲ ਨਵੇਂ ਮਿੱਤਰ ਬਣਾਇਆ ਜੇ," ਕਰਮ ਸਿੰਘ ਨੇ ਸਮਝਾਇਆ, "ਜਦ ਵੀ ਕੋਈ ਅਜਿਹੀ ਲੋਕ-ਲਹਿਰ ਚੱਲਦੀ ਏ ਤਾਂ ਸਮੇਂ ਦੇ ਹਾਕਮ ਝੱਟ ਉਹਦੇ ਵਿਚ ਆਪਣੇ ਬੰਦੇ ਵਾੜ ਦਿੰਦੇ ਹਨ। ਇਕ ਤਾਂ ਉਹ ਬੰਦੇ ਸੂਹੀਏ ਬਣ ਜਾਂਦੇ

ਨੇ ਤੇ ਦੂਜਾ ਹਾਕਮਾਂ ਦੇ ਕਹਿਣੇ 'ਤੇ ਲੋਕ-ਅੰਦੋਲਨ ਨੂੰ ਕੁਰਾਹੇ ਪਾਣ ਦਾ ਯਤਨ ਕਰਦੇ ਹਨ।"

"ਉਹ ਅਜਿਹਾ ਬੰਦਾ ਨਹੀਂ," ਕਿੱਕਰ ਸਿੰਘ ਨੇ ਸਫ਼ਾਈ ਦਿੰਦਿਆਂ ਕਿਹਾ।

"ਵਾਹਿਗੁਰੂ ਕਰੇ, ਉਹ ਅਜਿਹਾ ਨਾ ਹੋਵੇ," ਕਰਮ ਸਿੰਘ ਨੇ ਉਹਦੀ ਗੱਲ ਵਿਚੋਂ ਹੀ ਟੋਕਦਿਆਂ ਆਖਿਆ, "ਮੈਂ ਤਾਂ ਉਂਝ ਹੀ ਤੁਹਾਨੂੰ ਸਾਵਧਾਨ ਰਹਿਣ ਦੀ ਪ੍ਰੇਰਨਾ ਕਰਦਿਆਂ ਗੱਲ ਆਖੀ ਏ। ਹਕੂਮਤਾਂ ਲੋਕਾਂ ਵਿਚ ਫੁੱਟ ਪਾਣ ਲਈ ਤੇ ਹਰ ਲੋਕ-ਅੰਦੋਲਨ ਦੀ ਪਿੱਠ ਵਿਚ ਛੁਰਾ ਮਾਰਨ ਲਈ ਕਈ ਅਜਿਹੀਆਂ ਚਾਲਾਂ ਚੱਲਦੀਆਂ ਨੇ, ਜਿਨ੍ਹਾਂ ਨੂੰ ਸਾਧਾਰਨ ਮਨੁੱਖ ਸਮਝ ਹੀ ਨਹੀਂ ਸਕਦਾ।"

"ਲੰਗਰ ਦਾ ਸਮਾਂ ਹੋ ਗਿਆ ਏ। ਆਓ, ਲੰਗਰ ਛਕ ਲਉ," ਇਕ ਸਿੰਘ ਨੇ ਆ ਕੇ ਸੱਦਾ ਦਿੱਤਾ ਤੇ ਇਸ ਨਾਲ ਇਨ੍ਹਾਂ ਦੀ ਗੱਲ-ਬਾਤ ਦਾ ਸਿਲਸਿਲਾ ਟੁੱਟ ਗਿਆ।

ਲੰਗਰ ਵਿਚ ਪੰਗਤਾਂ ਲੱਗੀਆਂ ਹੋਈਆਂ ਸਨ। ਸਾਰੇ ਜਥੇਦਾਰ ਤੇ ਮੁਖੀ ਨਜ਼ਰ ਆਉਂਦੇ ਵੀ ਗਰੀਬਾਂ ਤੇ ਮੈਲੇ ਕੱਪੜਿਆਂ ਵਾਲਿਆਂ ਦੇ ਨਾਲ ਹੀ ਬੈਠੇ ਸਨ। ਉਹ ਕਿਸਾਨ, ਜੋ ਖੇਤ ਵਿਚ ਹਲ ਜੋਤ ਰਿਹਾ ਸੀ, ਉਹ ਵੀ ਲੰਗਰ ਵਿਚ ਸੇਵਾ ਕਰ ਰਿਹਾ ਸੀ। ਸੇਵਾ ਕਰਨ ਵਾਲਿਆਂ ਨੇ ਝੱਟ-ਪਟ ਲੰਗਰ ਵਰਤਾਣਾ ਸ਼ੁਰੂ ਕਰ ਦਿੱਤਾ। ਕੋਈ ਰੌਲਾ ਨਹੀਂ ਸੀ, ਕੋਈ ਗੱਲਾਂ ਨਹੀਂ ਸੀ ਕਰ ਰਿਹਾ। 'ਸਤਿਨਾਮ ਵਾਹਿਗੁਰੂ' ਦੀ ਧੁਨੀ ਲੱਗੀ ਹੋਈ ਸੀ ਤੇ ਸਾਰੇ ਮਿਲ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰ ਰਹੇ ਸਨ। ਜਦ ਸਾਰੀਆਂ ਸੰਗਤਾਂ ਤਕ ਲੰਗਰ ਪਹੁੰਚ ਗਿਆ ਤਾਂ ਵਿਚਕਾਰ ਪਾਲਾਂ ਵਿਚ ਖੜੇ ਹੋ ਕੇ ਇਕ ਸਿੰਘ ਨੇ ਜੈਕਾਰਾ ਛੱਡਿਆ, ਫਿਰ ਸਭ ਨੇ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿੱਤਾ। ਨਵੇਂ ਆਏ ਲੋਕਾਂ ਲਈ ਇਹ ਬਿਲਕੁਲ ਨਵੀਂ ਗੱਲ ਸੀ।

ਇਕ ਨੌਜਵਾਨ, ਪਰ ਬੜੇ ਹੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਿੰਘ ਨੇ, ਜੋ ਜਥੇਦਾਰ ਜਾਪਦਾ ਸੀ, ਸ. ਕਰਮ ਸਿੰਘ ਦੇ ਕੋਲ ਆ ਕੇ ਪੁੱਛਿਆ, "ਇਹ ਨਵੇਂ ਸੱਜਣ ਤੁਹਾਡੇ ਇਲਾਕੇ ਦੇ ਨੇ?"

"ਜੀ ਆ," ਹੱਥ ਜੋੜ ਕੇ ਕਰਮ ਸਿੰਘ ਨੇ ਦੱਸਿਆ।

"ਕੀ ਹਾਲ ਏ ਗੁਰਸਿਖ ਫੁਲਵਾੜੀ ਦਾ?" ਇਹ ਉਨ੍ਹਾਂ ਦਾ ਦੂਜਾ ਪ੍ਰਸ਼ਨ ਸੀ।

"ਠੀਕ ਏ ਜਥੇਦਾਰ ਜੀ," ਕਰਮ ਸਿੰਘ ਨੇ ਉੱਤਰ ਦਿੱਤਾ, "ਮਿਹਰਾਂ ਨੇ, ਗੁਰੂ ਮਹਾਰਾਜ ਦੀਆਂ।"

"ਅੱਜ ਇਨ੍ਹਾਂ ਨੂੰ ਸ਼ਾਮੀਂ ਅਖਾੜੇ ਵਿਚ ਲੈ ਕੇ ਆਉਣਾ," ਇਹ ਕਹਿ ਕੇ ਜਥੇਦਾਰ ਜੀ ਚਲੇ ਗਏ।

"ਇਹ ਕੌਣ ਨੇ?" ਇਕ ਨਵੇਂ ਆਏ ਸਿਖ ਨੇ ਕਰਮ ਸਿੰਘ ਤੋਂ ਪੁੱਛਿਆ।

"ਇਹ ਬਾਬਾ ਦੀਪ ਸਿੰਘ ਨੇ," ਕਰਮ ਸਿੰਘ ਨੇ ਦੱਸਿਆ, "ਗੁਰੂ ਮਹਾਰਾਜ ਤੋਂ ਇਨ੍ਹਾਂ ਨੇ ਬਾਣੀ ਦੇ ਅਰਥ ਸਮਝੇ ਨੇ ਤੇ ਹੁਣ ਇਥੇ ਬਾਣੀ ਦੀ ਕਥਾ ਕਰਦੇ ਨੇ।"

"ਇਹ ਤਾਂ ਬੜੇ ਜਵਾਨ ਉਮਰ ਨੇ, ਪਰ ਇਨ੍ਹਾਂ ਨੂੰ ਬਾਬਾ ਕਿਉਂ ਕਹਿੰਦੇ ਹੋ?" ਨਵੇਂ ਬੰਦੇ ਨੇ ਝੱਟ ਦੂਜਾ ਪ੍ਰਸ਼ਨ ਕਰ ਦਿੱਤਾ।

"ਮੇਰੇ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਨੂੰ ਬਾਬਾ ਜੀ ਕਹਿੰਦੇ ਨੇ," ਕਰਮ ਸਿੰਘ ਨੇ ਦੱਸਿਆ, "ਹੋ ਸਕਦਾ ਏ ਕਿ ਵਿਦਵਤਾ ਵਿਚ ਵਡੇਰੇ ਹੋਣ ਕਾਰਨ ਹੀ ਬਾਬਾ ਆਖਿਆ ਜਾਂਦਾ ਹੋਵੇ। ਬਾਬਾ ਬੁੱਢਾ ਜੀ ਨੂੰ ਵੀ ਛੋਟੀ ਉਮਰ ਤੋਂ ਹੀ ਬਾਬਾ ਬੁੱਢਾ ਆਖਿਆ ਜਾਣ ਲੱਗ ਪਿਆ ਸੀ।"

"ਅਖਾੜੇ ਵਿਚ ਕੀ ਹੁੰਦਾ ਏ, ਜਿਥੇ ਸ਼ਾਮ ਨੂੰ ਆਪਾਂ ਜਾਵਾਂਗੇ," ਦੂਜੇ ਨਵੇਂ ਆਏ ਬੰਦੇ ਨੇ ਸੋਚ ਸੋਚ ਕੇ ਝੱਟ ਪਿੱਛੋਂ ਮੁੜ ਪੁੱਛ ਲਿਆ, "ਕੀ ਉਥੇ ਕੁਸ਼ਤੀਆਂ ਹੁੰਦੀਆਂ ਨੇ।

ਆਪਣੇ ਪਿੰਡਾਂ ਵੱਲ ਤਾਂ ਭਲਵਾਨਾਂ ਦੇ ਅਖਾੜੇ ਹੀ ਹੁੰਦੇ ਨੇ। ਕੀ ਗੁਰੂ-ਘਰ ਵਿਚ ਵੀ ਪਹਿਲਵਾਨੀ ਸਿਖਾਈ ਜਾਂਦੀ ਏ ?"

"ਸਾਡੇ ਅਖਾੜੇ ਵਿਚ ਹਰ ਤਰ੍ਹਾਂ ਦੀ ਸਰੀਰਕ ਕਸਰਤ ਕਰਵਾਈ ਜਾਂਦੀ ਏ," ਕਿੱਕਰ ਸਿੰਘ ਕੋਲੋਂ ਬੋਲ ਪਿਆ, "ਨਾਲ ਹੀ ਸ਼ਸਤਰ ਵਿਦਿਆ ਵੀ ਸਿਖਾਂਦੇ ਨੇ। ਖ਼ਾਸ ਕਰਕੇ ਗਤਕਾ ਤਾਂ ਹਰ ਸਿੰਘ ਹੀ ਜਾਣਦਾ ਏ। ਪਤਾ ਜੇ, ਜਿਹੜਾ ਗਤਕਾ ਸਿੱਖ ਜਾਏ, ਉਹ ਦਰਜਨ ਦਰਜਨ ਬੰਦਿਆਂ ਤੋਂ ਮਾਰ ਨਹੀਂ ਖਾਂਦਾ।"

ਸ਼ਾਮ ਨੂੰ ਸਾਰੇ ਅਖਾੜੇ ਵਿਚ ਪਹੁੰਚ ਗਏ। ਉਥੇ ਗਤਕਾ ਖੇਡਣ ਵਾਲਿਆਂ ਨੇ ਪਿੜ ਬੰਨ੍ਹਿਆ ਹੋਇਆ ਸੀ। ਨਵੇਂ ਬੰਦੇ ਦੇਖ ਕੇ ਹੈਰਾਨ ਹੋਏ ਕਿ ਇਕ ਇਕ ਆਦਮੀ ਦੁਆਲੇ ਚਾਰ ਚਾਰ ਬੰਦੇ ਕਿਰਪਾਨਾਂ ਲੈ ਕੇ ਪਏ ਹੋਏ ਹਨ ਤੇ ਉਹ ਚੁਫੇਰਿਉਂ ਘਿਰਿਆ ਵੀ ਉਨ੍ਹਾਂ ਵਿਚੋਂ ਹਰ ਕਿਸੇ ਦੇ ਵਾਰ ਨੂੰ ਝੱਲ ਕੇ ਜਵਾਬੀ ਵਾਰ ਕਰ ਰਿਹਾ ਸੀ। ਉਹ ਇਤਨੀ ਤੇਜ਼ੀ ਨਾਲ ਪੈਂਤੜਾ ਬਦਲ ਕੇ ਫੁਰਤੀ ਨਾਲ ਤਲਵਾਰ ਚਲਾ ਰਿਹਾ ਸੀ ਕਿ ਕੋਈ ਉਹਨੂੰ ਤਲਵਾਰ ਮਾਰ ਕੇ ਜ਼ਖ਼ਮੀ ਨਹੀਂ ਸੀ ਕਰ ਸਕਦਾ ਪਿਆ। ਤਲਵਾਰਾਂ ਨਾਲ ਗਤਕਾ ਖੇਡਣ ਵਾਲਿਆਂ ਪਿੱਛੋਂ ਡਾਂਗਾਂ ਨਾਲ ਗਤਕਾ ਖੇਡਣ ਦਾ ਪ੍ਰਦਰਸ਼ਨ ਹੋਇਆ। ਕਰਮ ਸਿੰਘ ਨੇ ਨਵੇਂ ਆਏ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਇਹ ਖੇਡਾਂ ਤੇ ਸ਼ਸਤਰ ਵਿਦਿਆ ਮਨੁੱਖਾਂ ਵਿਚ ਸਵੈ-ਭਰੋਸਾ ਤੇ ਮੁਕਾਬਲਾ ਕਰ ਸਕਣ ਦਾ ਸਾਹਸ ਭਰਦੀਆਂ ਹਨ। ਬੱਸ ਇਹੀ ਚੜ੍ਹਦੀ ਕਲਾ ਤੇ ਸਵੈ-ਭਰੋਸਾ ਮਨੁੱਖ ਨੂੰ ਸ਼ਕਤੀਸ਼ਾਲੀ ਬਣਾਂਦਾ ਹੈ।" ਉਹ ਨਵੇਂ ਬੰਦਿਆਂ ਨੂੰ ਪੱਕੇ ਕਰਨ ਤੇ ਸਿੱਖੀ ਜੀਵਨ ਦੀਆਂ ਵਿਸ਼ੇਸ਼ਤਾਈਆਂ ਸਮਝਾ ਰਿਹਾ ਸੀ। ਇਸੇ ਲਈ ਲੰਮੀ ਚੌੜੀ ਭੂਮਿਕਾ ਬੰਨ੍ਹ ਕੇ ਉਹਨੇ ਫਿਰ ਆਖਿਆ, "ਸਾਨੂੰ ਵੀ ਵਾਪਸ ਜ਼ਾ ਕੇ ਦੁਆਬੇ ਵਿਚ ਇਸੇ ਤਰ੍ਹਾਂ ਦੀ ਸ਼ਸਤਰ ਵਿਦਿਆ ਦੇ ਕੇਂਦਰ ਸਥਾਪਤ ਕਰਨੇ ਚਾਹੀਦੇ ਹਨ। ਇਥੇ ਤਾਂ ਬੰਦੂਕਾਂ ਵੀ ਹਨ ਤੇ ਹੋਰ ਵੀ ਨਵੇਂ ਨਵੇਂ ਸ਼ਸਤਰ ਸਿੱਖੇ ਜਾ ਸਕਦੇ ਹਨ, ਪਰ ਪਿੰਡਾਂ ਵਿਚ ਤਾਂ ਸੋਟਾ, ਤਲਵਾਰ ਤੇ ਬਰਛਾ ਹੀ ਆਮ ਹਥਿਆਰ ਹਨ।"

"ਇਕ ਵਾਰ ਤੁਹਾਨੂੰ ਮੁੜ ਕੇ ਦੁਆਬੇ ਦਾ ਚੱਕਰ ਲਾਣਾ ਪਵੇਗਾ," ਕਸਤੂਰ ਸਿੰਘ ਨੇ ਕੋਲੋਂ ਸਲਾਹ ਦਿੱਤੀ, "ਤੁਹਾਡੀ ਪ੍ਰੇਰਨਾ ਨਾਲ ਅੱਗੇ ਕਈ ਨੌਜਵਾਨ ਇਸ ਪਾਸੇ ਆਏ ਹਨ ਤੇ ਤੁਸੀਂ ਹੀ ਅੱਗੋਂ ਇਨ੍ਹਾਂ ਦੀ ਅਗਵਾਈ ਕਰ ਸਕਦੇ ਹੋ।"

"ਅਗਵਾਈ ਤਾਂ ਗੁਰੂ ਮਹਾਰਾਜ ਹੀ ਕਰ ਸਕਦੇ ਹਨ," ਕਰਮ ਸਿੰਘ ਨੇ ਕਿਹਾ, "ਅਸੀਂ ਤਾਂ ਸੇਵਾਦਾਰ ਹਾਂ ਤੇ ਸਾਨੂੰ ਜੋ ਹੁਕਮ ਹੋਇਆ, ਉਸ ਅਨੁਸਾਰ ਹੀ ਚੱਲਾਂਗੇ। ਹੁਣ ਜੇ ਜਥੇਦਾਰ ਜੀ ਕਹਿੰਦੇ ਨੇ ਕਿ ਇਥੇ ਠਹਿਰੋ। ਅਸੀਂ ਇਥੇ ਸੇਵਾ ਕਰਾਂਗੇ। ਜਦ ਬਾਹਰ ਭੇਜਣਗੇ, ਉਥੇ ਚਲੇ ਜਾਵਾਂਗੇ।"

"ਇਕ ਵਾਰ ਕਰਤਾਰਪੁਰ ਦਾ ਚੱਕਰ ਤਾਂ ਲਾ ਆਉ," ਕਿੱਕਰ ਸਿੰਘ ਨੇ ਬੜਾ ਤਰਲਾ ਜਿਹਾ ਲੈਂਦਿਆਂ ਕਿਹਾ, "ਤੁਹਾਡੇ ਜਾਣ ਨਾਲ ਸਭ ਔਕੜਾਂ ਦੂਰ ਹੋ ਜਾਣਗੀਆਂ ਤੇ ਸਾਰਿਆਂ ਦਾ ਦਿਲ ਰਾਜ਼ੀ ਹੋ ਜਾਏਗਾ।"

"ਪਰ ਇਥੇ ਵੀ ਜੋ ਸੇਵਾ ਲੱਗੀ ਹੋਈ ਏ, ਉਹ ਛੱਡ ਨਹੀਂ ਸਕਦਾ," ਕਰਮ ਸਿੰਘ ਨੇ ਕਿਹਾ, "ਦਿਲ ਤਾਂ ਮੇਰਾ ਵੀ ਤੁਹਾਡੀਆਂ ਗੱਲਾਂ ਸੁਣ ਕੇ ਕਰਨ ਲੱਗ ਪਿਆ ਏ, ਪਰ ਇੱਛਾ ਤੇ ਫ਼ਰਜ਼ ਵਿਚੋਂ ਮੈਂ ਫ਼ਰਜ਼ ਪੂਰਾ ਕਰਨ ਨੂੰ ਪਹਿਲ ਦਿੰਦਾ ਹਾਂ।"

ਕਿੱਕਰ ਸਿੰਘ ਤੇ ਕਸਤੂਰ ਸਿੰਘ ਨੇ ਆਪਸ ਵਿਚ ਸਲਾਹ ਕੀਤੀ ਕਿ ਬਾਬਾ ਦੀਪ ਸਿੰਘ ਜੀ ਨੂੰ ਮਿਲਿਆ ਜਾਏ। ਉਨ੍ਹਾਂ ਨੂੰ ਸਾਰੀ ਰਿਪੋਰਟ ਦਿੱਤੀ ਜਾਏ ਤੇ ਉਨ੍ਹਾਂ ਰਾਹੀਂ ਹੀ ਕਰਮ ਸਿੰਘ ਨੂੰ ਇਕ ਵਾਰ ਕਰਤਾਰਪੁਰ ਜਾਣ ਲਈ ਪ੍ਰੇਰਿਆ ਜਾਏ। ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਪਿੱਛੋਂ ਲੰਗਰ ਛਕ ਕੇ ਜਦ ਸਾਰੇ ਵਿਹਲੇ ਹੋਏ ਤਾਂ ਮੌਕਾ ਦੇਖ ਕੇ, ਜਦ

ਬਾਬਾ ਦੀਪ ਸਿੰਘ ਜੀ ਇਕੱਲੇ ਬੈਠੇ ਸਨ, ਉਹ ਦੋਵੇਂ ਉਨ੍ਹਾਂ ਪਾਸ ਫ਼ਤਹਿ ਬੁਲਾ ਕੇ ਜਾ ਬੈਠੇ। ਇਨ੍ਹਾਂ ਨੇ ਪਹਿਲਾਂ ਦੁਆਬੇ ਵਿਚ ਵੱਧ ਰਹੀ ਸਿੱਖੀ ਬਾਰੇ ਸਮਾਚਾਰ ਸੁਣਾਏ ਤੇ ਫਿਰ ਦੱਸਿਆ ਕਿ ਇਲਾਕੇ ਦੇ ਚੌਧਰੀ ਤੇ ਫ਼ੌਜਦਾਰ ਕਿਸ ਤਰ੍ਹਾਂ ਜਨ-ਸਾਧਾਰਨ ਨੂੰ ਦੁਖੀ ਕਰ ਰਹੇ ਹਨ। ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਕਿਵੇਂ ਖ਼ਤਰੇ ਵਿਚ ਹੈ। ਫਿਰ ਉਨ੍ਹਾਂ ਦੱਸਿਆ ਕਿ ਸਿੰਘ ਸੱਜ ਰਹੇ ਨੌਜਵਾਨਾਂ ਦੇ ਮਾਪਿਆਂ ਨੂੰ ਹਾਕਮ ਵਰਗ ਤੰਗ ਕਰਦਾ ਹੈ। ਇਥੇ ਉਨ੍ਹਾਂ ਕਰਮ ਸਿੰਘ ਦੇ ਪਿਤਾ ਲਾਭ ਚੰਦ ਨਾਲ ਵਾਪਰੀਆਂ ਗੱਲਾਂ ਵਿਸਥਾਰ ਨਾਲ ਦੱਸੀਆਂ। ਫਿਰ ਇਹ ਵੀ ਦੱਸ ਦਿੱਤਾ ਕਿ ਕਰਮ ਸਿੰਘ ਦੀ ਮੰਗੇਤਰ ਨੂੰ ਕਿਸ ਤਰ੍ਹਾਂ ਚੌਧਰੀ ਦੇ ਬੰਦੇ ਚੁੱਕ ਕੇ ਲੈ ਗਏ ਸਨ ਤੇ ਉਨ੍ਹਾਂ ਜਾ ਕੇ ਛੁਡਾਈ ਏ ਪਰ ਪਿੱਛੋਂ ਉਹ ਕੁੜੀਆਂ ਦੇ ਪਿਉ ਨੂੰ ਇਤਨਾ ਦੁਖੀ ਕਰਦੇ ਰਹੇ ਹਨ ਕਿ ਉਹ ਵਿਚਾਰਾ ਪਿੰਡ ਛੱਡ ਕੇ ਕਿਧਰੇ ਦੌੜ ਗਿਆ ਏ ਟੱਬਰ ਸਮੇਤ। ਫਿਰ ਉਨ੍ਹਾਂ ਇਹ ਵੀ ਰਿਪੋਰਟ ਦਿੱਤੀ ਕਿ ਕਿਸ ਤਰ੍ਹਾਂ ਸਮਝਦਾਰ, ਸਾਊ ਤੇ ਇਨਸਾਨੀਅਤ ਦਾ ਜਜ਼ਬਾ ਰੱਖਣ ਵਾਲੇ ਮੁਸਲਮਾਨ ਵੀ ਸਾਡੇ ਨਾਲ ਹਮਦਰਦੀ ਰੱਖਦੇ ਹਨ ਤੇ ਸਾਡੇ ਨਾਲ ਜੱਦੋ-ਜਹਿਦ ਵਿਚ ਸ਼ਾਮਲ ਹੋਣ ਲਈ ਤਿਆਰ ਹਨ।

"ਤੁਹਾਡੀ ਕੀ ਸਲਾਹ ਏ, ਸਾਨੂੰ ਹੁਣ ਕੀ ਕਰਨਾ ਚਾਹੀਦਾ ਏ?" ਬਾਬਾ ਦੀਪ ਸਿੰਘ ਨੇ ਉਨ੍ਹਾਂ ਦੇ ਮਨ ਦੀ ਗੱਲ ਜਾਣਨ ਲਈ ਪੁੱਛਿਆ।

"ਅਸੀਂ ਨਾਚੀਜ਼ ਕੀ ਸਲਾਹ ਦੇ ਸਕਦੇ ਹਾਂ," ਕਿੱਕਰ ਸਿੰਘ ਨੇ ਕਿਹਾ, "ਇਕ ਤਾਂ ਦੁਆਬੇ ਤੇ ਮਾਝੇ ਵਿਚ ਗੁਰੂ-ਘਰ ਨਾਲ ਜੁੜੇ ਲੋਕਾਂ ਨੂੰ ਜਥੇਬੰਦ ਕਰਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਲਝਾਣ ਲਈ ਜਥੇਦਾਰ ਨਿਯੁਕਤ ਕਰਨੇ ਚਾਹੀਦੇ ਹਨ। ਉਹ ਜਥੇਦਾਰ ਇਕ ਤਾਂ ਇਲਾਕੇ ਵਿਚ ਸੰਬੰਧਤ ਲੋਕਾਂ ਨਾਲ ਸੰਪਰਕ ਬਣਾ ਕੇ ਰੱਖਣ ਤੇ ਦੂਜੇ ਪਾਸੇ ਤੁਹਾਡੇ ਨਾਲ ਜੁੜੇ ਰਹਿਣ। ਗੁਰੂ-ਘਰ ਵੱਲੋਂ ਵੀ ਕੋਈ ਆਦੇਸ਼ ਆਏ ਤੇ ਉਸ 'ਤੇ ਤੁਰਤ ਸਾਰੇ ਇਲਾਕੇ ਵਿਚ ਅਮਲ ਸ਼ੁਰੂ ਹੋ ਜਾਏ।"

"ਮੇਰਾ ਖ਼ਿਆਲ ਏ ਕਿ ਕਰਮ ਸਿੰਘ ਨੂੰ ਦੁਆਬੇ ਵਿਚ ਭੇਜ ਦਿਉ। ਇਹਦੇ ਨਾਲੋਂ ਵਧੀਆ ਹੋਰ ਕੋਈ ਨਹੀਂ," ਕਸਤੂਰ ਸਿੰਘ ਨੇ ਕਿਹਾ, "ਕਰਤਾਰਪੁਰ ਵਿਚ ਵੀ ਕਈ ਮਸਲੇ ਨੇ, ਨਾਲੇ ਇਹਦੀ ਮੰਗੇਤਰ ਦਾ ਵੀ ਸੁਆਲ ਏ। ਕੁਝ ਸਮਾਂ ਲਾ ਆਏ, ਜਦ ਗੁਰੂ ਮਹਾਰਾਜ ਦੱਖਣ ਵੱਲੋਂ ਵਾਪਸ ਆ ਗਏ ਤਾਂ ਇਹ ਫਿਰ ਸੇਵਾ ਵਿਚ ਹਾਜ਼ਰ ਹੋ ਜਾਏ। ਅੱਗੋਂ ਜਿਸ ਤਰ੍ਹਾਂ ਤੁਸੀਂ ਠੀਕ ਸਮਝੋ।"

ਇਹ ਤਾਂ ਉੱਠ ਕੇ ਚਲੇ ਗਏ ਪਰ ਬਾਬਾ ਦੀਪ ਸਿੰਘ ਇਨ੍ਹਾਂ ਦੀਆਂ ਗੱਲਾਂ 'ਤੇ ਕਾਫ਼ੀ ਰਾਤ ਗਏ ਤਕ ਸੋਚ-ਵਿਚਾਰ ਕਰਦੇ ਰਹੇ। ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਨਿਤਨੇਮ ਕਰਨ ਪਿੱਛੋਂ ਕੀਰਤਨ ਸੁਣਨ ਵਿਚ ਲੱਗ ਗਏ ਤੇ ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਬਾਬਾ ਦੀਪ ਸਿੰਘ ਨੇ ਕਰਮ ਸਿੰਘ ਨੂੰ ਬੁਲਾ ਕੇ ਕਿਹਾ, "ਤੁਸੀਂ ਅੱਜ ਤੋਂ ਜਥੇਦਾਰ ਹੋ ਤੇ ਤੁਹਾਡਾ ਕੰਮ ਦੁਆਬੇ ਵਿਚ ਸਿੰਘਾਂ ਦੀ ਜਥੇਬੰਦੀ ਮਜ਼ਬੂਤ ਕਰਨਾ ਏ। ਗੁਰੂ ਮਹਾਰਾਜ ਨੇ ਵੀ ਤੁਹਾਡੀ ਇਹੀ ਸੇਵਾ ਲਾਈ ਸੀ। ਜਦ ਗੁਰੂ ਮਹਾਰਾਜ ਦਾ ਕੋਈ ਨਵਾਂ ਹੁਕਮਨਾਮਾ ਆਇਆ ਤਾਂ ਤੁਹਾਨੂੰ ਪਤਾ ਦੇ ਦਿਆਂਗੇ। ਸਾਡੇ ਨਾਲ ਸੰਪਰਕ ਬਣਾਈ ਰੱਖਣਾ। ਕਦੇ ਕਦੇ, ਕੋਈ ਨਾ ਕੋਈ ਸੁਨੇਹਾ ਮਿਲਦੇ ਰਹਿਣਾ ਚਾਹੀਦਾ ਏ। ਹਾਂ, ਸੱਚ, ਤੁਹਾਡੀ ਮੰਗੇਤਰ ਨੂੰ ਵੀ ਜੋ ਸਮੱਸਿਆ ਆਈ ਸੀ, ਉਸ ਦਾ ਵੀ ਕੁਝ ਹੱਲ ਲੱਭਣਾ।"

"ਉਹਦਾ ਪਿਤਾ ਤਾਂ ਮੇਰੇ ਸਿੰਘ ਸੱਜਣ 'ਤੇ ਰਿਸ਼ਤਾ ਤੋੜਨ ਦੀ ਗੱਲ ਕਰ ਗਿਆ ਸੀ," ਕਰਮ ਸਿੰਘ ਨੇ ਕਿਹਾ।

"ਕੋਈ ਗੱਲ ਨਹੀਂ, ਉਹ ਜਜ਼ਬਾਤੀ ਬੰਦਾ ਹੋਏਗਾ," ਬਾਬਾ ਦੀਪ ਸਿੰਘ ਨੇ ਕਿਹਾ, "ਅਜਿਹੇ ਬੰਦੇ ਹਾਲਾਤ ਬਦਲ ਜਾਣ 'ਤੇ ਛੇਤੀ ਬਦਲ ਵੀ ਜਾਂਦੇ ਨੇ। ਤੁਸੀਂ ਜਾਓ ਤੇ ਕਰਤਾਰਪੁਰ ਵਿਚ ਹੀ ਆਪਣਾ ਕੇਂਦਰੀ ਸਥਾਨ ਰੱਖਣਾ।"

ਦੋ ਦਿਨਾਂ ਪਿੱਛੋਂ ਹੀ ਕਰਮ ਸਿੰਘ ਦੁਆਬੇ ਦੇ ਸਿੰਘਾਂ ਦੇ ਜਥੇ ਸਮੇਤ ਸਾਬੋ ਕੀ ਤੋਂ ਆ ਗਿਆ।

11

ਜਥੇਦਾਰ ਕਰਮ ਸਿੰਘ ਕਰਤਾਰਪੁਰ ਆਪਣੇ ਘਰ ਆ ਗਿਆ। ਸਾਰੇ ਪਰਵਾਰ ਨੂੰ ਖੁਸ਼ੀਆਂ ਤੇ ਚਾਅ ਚੜ੍ਹ ਗਿਆ। ਸਭ ਤੋਂ ਵੱਧ ਖੁਸ਼ੀ ਮਾਂ ਨੂੰ ਸੀ, ਜੋ ਸੱਚਮੁੱਚ ਪੁੱਤਰ ਨੂੰ ਮਿਲਣ ਤੇ ਦਰਸ਼ਨ ਕਰਨ ਲਈ ਓਦਰ ਗਈ ਸੀ। ਉਹਨੇ ਉਸੇ ਵੇਲੇ ਕਿਸੇ ਬਾਲ ਨੂੰ ਭੇਜ ਕੇ ਹਲਵਾਈ ਦੀ ਹੱਟੀ ਤੋਂ ਲੱਡੂ ਮੰਗਵਾਏ ਤੇ ਜਿਹੜਾ ਵੀ ਕਰਮ ਸਿੰਘ ਨੂੰ ਮਿਲਣ ਤੇ ਪਰਵਾਰ ਨੂੰ ਵਧਾਈ ਦੇਣ ਆਏ, ਉਸ ਦਾ ਮੂੰਹ ਮਿੱਠਾ ਕਰਾਉਂਦੀ। ਉਹਨੇ ਆਪਣੀ ਕਾੜ੍ਹਨੀ ਦਾ ਸਾਰਾ ਹੀ ਦੁੱਧ ਕਰਮ ਸਿੰਘ ਨਾਲ ਆਏ ਸਿੰਘਾਂ ਨੂੰ ਪਿਆ ਦਿੱਤਾ। ਝੱਟ ਹੀ ਉਹਦੀਆਂ ਗੁਆਂਢਣਾਂ ਤੇ ਸਾਕ-ਸਨੇਹੀ ਆਪਣੇ ਘਰਾਂ ਤੋਂ ਦੁੱਧ, ਦਹੀਂ, ਲੱਸੀ ਲੈ ਆਏ। ਕਈਆਂ ਦੇ ਘਰ ਸਾਗ ਚਾੜ੍ਹਿਆ ਹੋਇਆ ਸੀ, ਉਹ ਵੀ ਇਨ੍ਹਾਂ ਦੇ ਘਰ ਆ ਗਿਆ। ਕਈ ਜ਼ਨਾਨੀਆਂ ਇਨ੍ਹਾਂ ਦੇ ਵਿਹੜੇ ਵਿਚ ਲੱਗੀ ਲੋਹ ਥੱਲੇ ਅੱਗ ਬਾਲ ਕੇ ਰੋਟੀਆਂ ਪਕਾਣ ਲੱਗ ਪਈਆਂ। ਕੋਈ ਆਟਾ ਗੁੰਨ੍ਹਣ ਲੱਗ ਪਈ ਤੇ ਕਿਸੇ ਨੇ ਚੌਂਕੇ-ਚੁੱਲ੍ਹੇ ਦਾ ਹੋਰ ਕੰਮ ਸੰਭਾਲ ਲਿਆ ਕਿਉਂਕਿ ਕਰਮ ਸਿੰਘ ਦੀ ਮਾਂ ਨੂੰ ਆਏ ਗਏ ਦਾ ਸੁਆਗਤ ਕਰਨ ਤੇ ਕਰਮ ਸਿੰਘ ਨੂੰ ਮਿਲਣ ਆਉਣ ਵਾਲਿਆਂ ਤੋਂ ਹੀ ਵਿਹਲ ਨਹੀਂ ਸੀ।

ਲਾਭ ਚੰਦ ਵੀ ਬੜਾ ਖੁਸ਼ ਸੀ, ਪਰ ਉਹਦੇ ਚਿਹਰੇ ਤੋਂ ਕੁਝ ਚਿੰਤਾ ਦੀਆਂ ਨਿਸ਼ਾਨੀਆਂ ਵੀ ਸਾਫ਼ ਉਭਰ ਰਹੀਆਂ ਸਨ। ਕਰਮ ਸਿੰਘ ਨੇ ਸੁੱਖ-ਸਾਂਦ ਸਾਧਾਰਨ ਤੌਰ 'ਤੇ ਪੁੱਛਣ ਪਿੱਛੋਂ ਪਿਤਾ ਨੂੰ ਕਿਹਾ, "ਮੇਰੇ ਨਾਲ 20-22 ਸਿੰਘਾਂ ਦਾ ਜਥਾ ਇਥੇ ਰਹੇਗਾ। ਬਹੁਤੇ ਤਾਂ ਅੱਗੇ ਪਿੰਡਾਂ ਨੂੰ ਗਏ ਨੇ। ਕੋਈ ਅੱਜ ਰਾਤ ਤੇ ਕੁਝ ਕੱਲ੍ਹ ਸ਼ਾਮ ਤਕ ਇਥੇ ਪਹੁੰਚ ਜਾਣਗੇ। ਮੈਂ ਇਨ੍ਹਾਂ ਦਾ ਜਥੇਦਾਰ ਥਾਪ ਕੇ ਭੇਜਿਆ ਗਿਆ ਹਾਂ, ਇਨ੍ਹਾਂ ਦੇ ਠਹਿਰਨ ਦਾ ਪ੍ਰਬੰਧ ਕਰਨਾ ਏ," ਪਿਤਾ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਕਰਮ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ, "ਇਸ ਘਰ ਵਿਚ ਤਾਂ ਇਤਨੇ ਬੰਦੇ ਠਹਿਰ ਨਹੀਂ ਸਕਦੇ। ਇਨ੍ਹਾਂ ਲਈ ਅਜਿਹੀ ਹਵੇਲੀ ਚਾਹੀਦੀ ਏ, ਜਿਥੇ ਘੋੜੇ ਵੀ ਬੱਝ ਸਕਣ ਤੇ ਇਹ ਸਿੰਘ ਵੀ ਠਹਿਰ ਸਕਣ, ਇਨ੍ਹਾਂ ਦੇ ਲੰਗਰ ਪਾਣੀ ਦਾ ਵੀ ਉਥੇ ਹੀ ਪ੍ਰਬੰਧ ਕਰਨਾ ਪਵੇਗਾ।"

"ਕੋਈ ਨਹੀਂ ਸਭ ਹੋ ਜਾਏਗਾ," ਲਾਭ ਚੰਦ ਨੇ ਬੜੀ ਤਸੱਲੀ ਦਿੰਦਿਆਂ ਕਿਹਾ, "ਆਪਣੀ ਪੱਤੀ ਦੇ ਸਾਰੇ ਲੋਕ ਹੀ ਆਪਣੇ ਨਾਲ ਹਨ। ਕਈਆਂ ਨੇ ਬਾਹਰਵਾਰ ਹਵੇਲੀਆਂ ਬਣਾਈਆਂ ਹੋਈਆਂ ਹਨ, ਉਨ੍ਹਾਂ ਵਿਚੋਂ ਜਿਸ ਦੀ ਵੀ ਹਵੇਲੀ ਖ਼ਾਲੀ ਹੋਈ, ਮਿਲ ਜਾਏਗੀ। ਅੰਨ ਪਾਣੀ ਦਾ ਵੀ ਪ੍ਰਬੰਧ ਹੋ ਜਾਏਗਾ। ਮਹਿਰੇ ਵੀ ਬੁਲਾਂਦੇ ਹਾਂ, ਉਨ੍ਹਾਂ ਵਿਚੋਂ ਕਿਸੇ ਨਾ ਕਿਸੇ ਦੀ ਸੇਵਾ ਪ੍ਰਾਪਤ ਕਰ ਲਵਾਂਗੇ।"

"ਉਹਦੀ ਤੁਸੀਂ ਚਿੰਤਾ ਨਾ ਕਰੋ," ਕਰਮ ਸਿੰਘ ਨੇ ਕਿਹਾ, "ਸਿੰਘ ਆਪਣਾ ਲੰਗਰ ਤਾਂ ਆਪ ਤਿਆਰ ਕਰਨ ਦੇ ਆਦੀ ਹਨ। ਇਹ ਕਿਸੇ ਦੂਜੇ ਦਾ ਤਿਆਰ ਕੀਤਾ ਲੰਗਰ

ਖ਼ੁਸ਼ੀ ਨਾਲ ਨਹੀਂ ਖਾਂਦੇ। ਇਹ ਤਾਂ ਲੰਗਰ ਵਿਚ ਭਾਂਡੇ ਮਾਂਜਣਾ ਵੀ ਇਕ ਵੱਡੀ ਸੇਵਾ ਅਨੁਭਵ ਕਰਦੇ ਹਨ। ਇਕ ਬੰਦਾ ਹੀ ਇਨ੍ਹਾਂ ਨੂੰ ਬਥੇਰਾ ਹੈ ਜੋ ਲੋੜ ਦੀ ਚੀਜ਼ ਵਸਤ ਲਿਆ ਦੇਵੇ। ਹਾਂ, ਇਨ੍ਹਾਂ ਦੇ ਘੋੜਿਆਂ ਲਈ ਪੱਠੇ ਤੇ ਦਾਣਾ ਆਦਿ ਲਿਆਉਣ ਵਾਲਾ ਇਕ ਕਾਮਾ ਚਾਹੀਦਾ ਏ। ਬਾਕੀ ਸਾਰਾ ਕੰਮ ਇਹ ਆਪੇ ਕਰ ਲੈਣਗੇ।"

ਇਤਨੇ ਵਿਚ ਸਾਰੇ ਕਰਤਾਰਪੁਰ ਵਿਚ ਹੀ ਕਰਮ ਸਿੰਘ ਦੇ ਆਉਣ ਦੀ ਖ਼ਬਰ ਘੁੰਮ ਗਈ। ਰਹੀਮ ਖ਼ਾਨ ਤੇ ਅੱਲਾ ਦਿੱਤਾ ਨੂੰ ਵੀ ਪਤਾ ਲੱਗਾ। ਉਹ ਜਿਹੜਾ ਕੰਮ ਕਰਦੇ ਪਏ ਸਨ, ਉਥੇ ਹੀ ਛੱਡ ਕੇ ਉਸੇ ਵੇਲੇ ਕਰਮ ਸਿੰਘ ਨੂੰ ਮਿਲਣ ਆ ਗਏ। ਉਸ ਵੇਲੇ ਹੀ ਪਿਉ ਪੁੱਤਰ ਜਥੇ ਦੇ ਠਹਿਰਨ ਲਈ ਥਾਂ ਦੀ ਗੱਲ ਕਰ ਰਹੇ ਸਨ। ਰਹੀਮ ਖ਼ਾਨ ਨੇ ਆਉਂਦਿਆਂ ਕਰਮ ਸਿੰਘ ਨੂੰ ਜੱਫੀ ਪਾਂਦਿਆਂ ਪਿਆਰ ਦਾ ਪ੍ਰਗਟਾਵਾ ਕੀਤਾ ਤੇ ਅੰਦਰ ਵੜਦਿਆਂ ਸੁਣੀ ਗੱਲ ਨੂੰ ਜਾਣਨ ਲਈ ਪੁੱਛਿਆ, "ਕਾਹਦੇ ਲਈ ਥਾਂ ਚਾਹੀਦੀ ਏ। ਕਿਤਨੀ ਕੁ ਥਾਂ ਚਾਹੀਦੀ ਏ ?"

"ਕਰਮ ਸਿੰਘ ਨਾਲ ਪੰਜੀ ਕੁ ਸਿੰਘਾਂ ਦਾ ਜਥਾ ਕੁਝ ਦਿਨ ਰਹਿਣਾ ਚਾਹੁੰਦਾ ਏ। ਉਨ੍ਹਾਂ ਦੇ ਘੋੜਿਆਂ ਲਈ ਥਾਂ ਬਾਰੇ ਸੋਚ ਰਿਹਾ ਸਾਂ," ਬਾਪੂ ਲਾਭ ਚੰਦ ਨੇ ਨਿਝੱਕ ਹੋ ਕੇ ਸਾਰੀ ਗੱਲ ਤੁਰਤ ਦੱਸ ਦਿੱਤੀ, ਪਰ ਨਾਲ ਹੀ ਕਿਹਾ, "ਆਪਣਾ ਕਰਮ ਸਿੰਘ ਸਾਰੇ ਦੁਆਬੇ ਦਾ ਜਥੇਦਾਰ ਥਾਪ ਦਿੱਤਾ ਗਿਆ ਏ।"

'ਫਿਰ ਤਾਂ ਬਹੁਤ ਬਹੁਤ ਵਧਾਈਆਂ," ਅੱਲਾ ਦਿੱਤਾ ਨੇ ਕੋਲੋਂ ਆਖਿਆ, "ਲਿਆ ਬਈ ਚਾਚੀ, ਛੇਤੀ ਮੂੰਹ ਮਿੱਠਾ ਕਰਾ। ਭਰਾ ਸਾਡਾ ਜਥੇਦਾਰ ਬਣ ਗਿਆ ਏ, ਰੱਬ ਕਰੇ ਇਹ ਕੱਲ੍ਹ ਨੂੰ ਦੁਆਬੇ ਦਾ ਫ਼ੌਜਦਾਰ ਬਣ ਜਾਏ।"

"ਤੇਰੇ ਮੂੰਹ ਸ਼ੱਕਰ ਪਾਵਾਂ," ਕੋਲ ਬੈਠੇ ਕਰਮ ਸਿੰਘ ਦੇ ਦੋਸਤ ਰੇਸ਼ਮ ਨੇ ਕਿਹਾ, "ਕਰਮ ਸਿੰਘ ਫ਼ੌਜਦਾਰ ਬਣ ਜਾਏ ਤਾਂ ਸਾਡੇ ਪਉ ਬਾਰਾਂ ਨਾ ਹੋ ਜਾਣ। ਸੱਚਮੁੱਚ ਲੋਕੀ ਜਿੰਨੇ ਫ਼ੌਜਦਾਰ ਤੋਂ ਦੁਖੀ ਨੇ, ਉਹ ਤਾਂ ਖ਼ੁਸ਼ ਹੋ ਜਾਣ। ਕਈਆਂ ਦੇ ਘਰ ਘਿਉ ਦੇ ਦੀਵੇ ਬਲਣ।"

"ਹਾਂ, ਚਾਚਾ ਜੇਕਰ ਮੇਰੀ ਹਵੇਲੀ ਨਾਲ ਕੰਮ ਸਰਦਾ ਏ ਤਾਂ ਮੈਂ ਖ਼ਾਲੀ ਕਰ ਦਿੰਦਾ ਹਾਂ," ਰਹੀਮ ਖ਼ਾਨ ਨੇ ਕਿਹਾ, "ਉਹ ਕੌਲਾਂ ਦੀ ਕਬਰ ਕੋਲ, ਅਗਲੇ ਪਾਸੇ ਬਥੇਰੀ ਥਾਂ ਖੁਲ੍ਹੀ ਪਈ ਏ, ਬਾਹਰ ਅੰਦਰ ਜਾਣ ਲਈ ਵੀ ਕੋਈ ਦਿੱਕਤ ਨਹੀਂ ਹੋਏਗੀ।"

"ਪਰ ਉਥੇ ਤਾਂ ਤੁਸੀਂ ਰਹਿੰਦੇ ਹੋ," ਲਾਭ ਚੰਦ ਨੇ ਕਿਹਾ, "ਤੁਹਾਡਾ ਪਰਵਾਰ ਵੀ ਉਥੇ ਹੀ ਏ, ਉਨ੍ਹਾਂ ਨੂੰ ਤਕਲੀਫ਼ ਹੋਏਗੀ।"

"ਤਕਲੀਫ਼ ਕਾਹਦੀ," ਰਹੀਮ ਖ਼ਾਨ ਨੇ ਝੱਟ ਗੱਲ ਟੋਕ ਕੇ ਕਿਹਾ, "ਸਾਡੇ ਕੋਲ ਪੁਰਾਣਾ ਘਰ ਵੀ ਖ਼ਾਲੀ ਪਿਆ ਏ। ਮੈਂ ਟੱਬਰ ਨੂੰ ਕੁਝ ਵਕਤ ਲਈ ਉਥੇ ਲੈ ਆਵਾਂਗਾ। ਕਰਮ ਸਿੰਘ ਸਾਡਾ ਸਾਰਿਆਂ ਦਾ ਸਾਂਝਾ ਕੰਮ ਕਰ ਰਿਹਾ ਏ। ਅਸੀਂ ਤਾਂ ਇਹਦੀ ਕਾਮਯਾਬੀ ਲਈ ਦੁਆ ਕਰਦੇ ਰਹਿੰਦੇ ਹਾਂ। ਸਾਡਾ ਖ਼ਾਨਦਾਨ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਹੀ ਇਥੇ ਆ ਕੇ ਵਸਿਆ ਸੀ ਤੇ ਅਸੀਂ ਜਾਣਦੇ ਹਾਂ ਕਿ ਉਹ ਖ਼ੁਦਾ ਦਾ ਨੂਰ ਨੇ। ਉਨ੍ਹਾਂ ਦੀ ਲੜਾਈ ਕਿਸੇ ਮਜ਼ਹਬ ਜਾਂ ਖ਼ਾਨਦਾਨ ਨਾਲ ਨਹੀਂ। ਉਹ ਤਾਂ ਜ਼ੁਲਮ ਦੇ ਖ਼ਿਲਾਫ਼ ਨੇ ਤੇ ਇਨਸਾਨੀਅਤ ਲਈ ਲੜ ਰਹੇ ਹਨ। ਉਨ੍ਹਾਂ ਦੇ ਜੇਕਰ ਕੰਮ ਆ ਜਾਈਏ ਤਾਂ ਇਸ ਤੋਂ ਵੱਡਾ ਸੁਆਬ ਹੋਰ ਕੋਈ ਨਹੀਂ।"

"ਇਨ੍ਹਾਂ ਸਿੰਘਾਂ ਨੂੰ ਕਦੋਂ ਉਥੇ ਭੇਜੀਏ ?" ਕਰਮ ਸਿੰਘ ਨੇ ਗੱਲ ਮੁਕਾਈ ਤੇ ਅਖ਼ੀਰ ਪੁੱਛ ਲਿਆ, "ਤੁਸੀਂ ਹਵੇਲੀ ਕੱਦ ਤਕ ਖ਼ਾਲੀ ਕਰ ਦਿਉਗੇ ?"

"ਅੱਜ ਸ਼ਾਮ ਤਕ," ਕਹਿ ਕੇ ਰਹੀਮ ਖ਼ਾਨ ਉਸੇ ਵੇਲੇ ਉੱਠ ਕੇ ਅੱਲਾ ਦਿੱਤਾ ਦੇ

ਨਾਲ ਚਲਾ ਗਿਆ। ਪਿੱਛੋਂ ਇਕ ਸਿੰਘ ਨੇ ਕਿਹਾ, "ਤੁਸੀਂ ਬੜੇ ਅਜੀਬ ਜੇ। ਉਧਰ ਸਾਡੀ ਮੁਸਲਮਾਨ ਫ਼ੌਜਦਾਰ ਨਾਲ ਲੜਾਈ ਏ ਤੇ ਤੁਸੀਂ ਆਪ ਹੀ ਉਨ੍ਹਾਂ ਦੇ ਘੇਰੇ ਵਿਚ ਆ ਰਹੇ ਹੋ। ਇਹਨੇ ਫ਼ੌਜਦਾਰ ਨੂੰ ਜੇ ਦੱਸ ਭੇਜਿਆ ਤਾਂ ਉਹ ਝੱਟ ਆ ਕੇ ਘੇਰ ਲਏਗਾ।"

"ਤੁਹਾਡੀਆਂ ਦੋਵੇਂ ਗੱਲਾਂ ਤੇ ਸੋਚ ਠੀਕ ਨਹੀਂ," ਕਰਮ ਸਿੰਘ ਨੇ ਕਿਹਾ, "ਇਕ ਤਾਂ ਤੁਸੀਂ ਇਨ੍ਹਾਂ ਬੰਦਿਆਂ ਨੂੰ ਨਹੀਂ ਜਾਣਦੇ। ਇਹ ਗੁਰੂ-ਘਰ ਦੇ ਸ਼ਰਧਾਲੂ ਹਨ। ਇਨ੍ਹਾਂ ਦਾ ਨਿਸਚਾ ਗੁਰੂ-ਘਰ 'ਤੇ ਬਹੁਤ ਹੈ। ਇਹ ਤਾਂ ਪਿਤਾ ਜੀ ਨਾਲ ਫ਼ੌਜਦਾਰ ਪਾਸ ਰੋਸ ਪ੍ਰਗਟ ਕਰਨ ਵੀ ਗਏ ਸਨ। ਫ਼ੌਜਦਾਰ ਨੇ ਮੁਸਲਮਾਨ ਹੋ ਕੇ ਕਾਫ਼ਰਾਂ ਦੀ ਮਦਦ ਕਰਨ ਦੇ ਤਾਹਨੇ ਵੀ ਦਿੱਤੇ ਸਨ ਪਰ ਇਨ੍ਹਾਂ ਪ੍ਰਵਾਹ ਨਹੀਂ ਕੀਤੀ ਤੇ ਸਾਡੇ ਨਾਲ ਡਟ ਕੇ ਹਰ ਦੁਖ-ਸੁਖ ਵਿਚ ਖੜ੍ਹੇ ਹੁੰਦੇ ਹਨ। ਦੂਜਾ ਇਹ ਧਾਰਨਾ ਵੀ ਗ਼ਲਤ ਹੈ ਕਿ ਸਾਡੀ ਲੜਾਈ ਸਾਰੀ ਮੁਸਲਮਾਨ ਕੌਮ ਨਾਲ ਹੈ। ਬਹੁਤੇ ਮੁਸਲਮਾਨ ਸਾਡੇ ਮਿੱਤਰ ਹਨ। ਉਹ ਵੀ ਅੰਦਰੋ-ਅੰਦਰੀ ਇਸ ਹਾਕਮ ਵਰਗ ਨਾਲ ਗੁੱਸੇ ਹਨ। ਉਹ ਜਾਣਦੇ ਹਨ ਕਿ ਇਹ ਮਜ਼ਹਬ ਦੇ ਨਾਮ 'ਤੇ ਮੁਸਲਮਾਨਾਂ ਦੀ ਹਮਦਰਦੀ ਜਿੱਤਣ ਦੀ ਚਾਲ ਖੇਡ ਰਹੇ ਹਨ। ਸਾਡੀ ਫ਼ੌਜਦਾਰ ਨਾਲ ਲੜਾਈ ਹੋ ਸਕਦੀ ਹੈ ਪਰ ਆਮ ਮੁਸਲਮਾਨ ਨਾਲ ਨਹੀਂ।"

"ਸਾਨੂੰ ਤੇ ਇਨ੍ਹਾਂ 'ਤੇ ਅਜੇ ਇਤਬਾਰ ਨਹੀਂ ਬੱਝਦਾ," ਉਸ ਸਿੰਘ ਨੇ ਮੁੜ ਕੇ ਆਪਣੇ ਪੱਖ 'ਤੇ ਜ਼ੋਰ ਦਿੰਦਿਆਂ ਕਿਹਾ, "ਸਾਡੇ ਤਜਰਬੇ ਵਿਚ ਅਜੇ ਨੇਕ ਬੰਦੇ ਨਹੀਂ ਆਏ।"

"ਨੇਕ ਬੰਦੇ ਹਰ ਕੌਮ ਤੇ ਹਰ ਫ਼ਿਰਕੇ ਵਿਚ ਹੀ ਨਹੀਂ, ਹਰ ਖ਼ਾਨਦਾਨ ਵਿਚ ਵੀ ਹੋ ਸਕਦੇ ਹਨ," ਕਰਮ ਸਿੰਘ ਨੇ ਸਮਝਾਇਆ, "ਜਿਥੇ ਨੇਕ ਬੰਦੇ ਹਨ, ਉਥੇ ਬਦ ਵੀ ਕਈ ਨਿਕਲ ਸਕਦੇ ਹਨ, ਪਰ ਇਹ ਧਾਰਨਾ ਕਦੇ ਨਹੀਂ ਬਣਨੀ ਚਾਹੀਦੀ ਕਿ ਇਕ ਮਜ਼ਹਬ ਦੇ ਸਾਰੇ ਲੋਕ ਹੀ ਮਾੜੇ ਹਨ ਜਾਂ ਸਾਰੇ ਹੀ ਚੰਗੇ ਹੋ ਸਕਦੇ ਹਨ। ਫ਼ਿਰਕੂ ਸੋਚ ਕਿਤਨੀ ਮਾੜੀ ਹੈ, ਪਰ ਤੁਹਾਨੂੰ ਹਰ ਮਜ਼ਹਬ ਵਿਚ ਅਜਿਹੇ ਲੋਕ ਮਿਲ ਪੈਣਗੇ, ਜਿਨ੍ਹਾਂ ਨੂੰ ਇਨਸਾਨੀਅਤ ਨਾਲ ਉਤਨਾ ਹੀ ਪਿਆਰ ਹੈ ਜਿਤਨਾ ਕਿ ਆਪਣੇ ਮਜ਼ਹਬ ਨਾਲ। ਜੇ ਕਦੇ ਮੌਕਾ ਬਣਿਆ ਤਾਂ ਦੇਖਣਾ ਕਿ ਇਹ ਦੋਵੇਂ ਮੁਸਲਮਾਨ ਤੁਹਾਡੇ ਕਿਤਨੇ ਕੰਮ ਆਉਂਦੇ ਹਨ। ਦੋ ਦਿਨ ਦੇ ਵਰਤਾਰੇ ਵਿਚ ਹੀ ਤੁਸੀਂ ਸਮਝ ਜਾਉਗੇ।"

ਇਤਨੇ ਵਿਚ ਰੋਟੀ ਤਿਆਰ ਹੋ ਕੇ ਆ ਗਈ। ਸਿੰਘਾਂ ਨੇ ਬੜੇ ਪ੍ਰੇਮ ਨਾਲ ਬੈਠ ਕੇ ਪ੍ਰਸ਼ਾਦਾ ਛਕਿਆ। ਫਿਰ ਆਰਾਮ ਕਰਨ ਲਈ ਵੱਡੇ ਪਸਾਰ ਵਿਚ ਹੀ ਲੇਟ ਗਏ। ਕਰਮ ਸਿੰਘ ਅਜੇ ਵੀ ਬਾਹਰ ਮਿਲਣ ਆਉਣ ਵਾਲਿਆਂ ਨਾਲ ਗੱਲ-ਬਾਤ ਵਿਚ ਰੁੱਝਾ ਹੋਇਆ ਸੀ। ਲਾਭ ਚੰਦ ਉਨ੍ਹਾਂ ਸਿੰਘਾਂ ਦੇ ਘੋੜਿਆਂ ਲਈ ਪੱਠੇ ਤੇ ਦਾਣਾ ਆਦਿ ਦਾ ਪ੍ਰਬੰਧ ਕਰਨ ਵਿਚ ਲੱਗ ਗਿਆ।

ਜਦ ਲਾਭ ਚੰਦ ਵਿਹਲਾ ਹੋਇਆ ਤਾਂ ਪੁੱਤਰ ਨੂੰ ਇਕ ਵੱਖਰੇ ਕਮਰੇ ਵਿਚ ਲਿਜਾ ਕੇ ਉਹ ਸਾਰੀ ਹੱਡ-ਬੀਤੀ ਸੁਣਾ ਦਿੱਤੀ, ਜੋ ਉਸ ਪਿੱਛੋਂ ਵਾਪਰੀ ਸੀ। ਦੋ-ਤਿੰਨ ਵਾਰ ਭਾਗਾਂ, ਕਰਮ ਸਿੰਘ ਦੀ ਮਾਂ ਅੰਦਰ ਆਈ, ਪਰ ਲਾਭ ਚੰਦ ਕੋਈ ਨਾ ਕੋਈ ਬਹਾਨਾ ਬਣਾ ਕੇ ਜਾਂ ਕੰਮ ਕਹਿ ਕੇ ਉਹਨੂੰ ਬਾਹਰ ਭੇਜ ਦਿੰਦਾ। ਉਹ ਜਾਣਦਾ ਸੀ ਕਿ ਔਰਤਾਂ ਦਾ ਦਿਲ ਮਰਦਾਂ ਦੇ ਟਾਕਰੇ ਕਮਜ਼ੋਰ ਤੇ ਨਰਮ ਹੁੰਦਾ ਹੈ। ਉਹ ਦੁਸ਼ਮਣ ਦੀਆਂ ਧਮਕੀਆਂ ਬਰਦਾਸ਼ਤ ਨਹੀਂ ਕਰ ਸਕਦੀਆਂ। ਅਖ਼ੀਰ ਸਾਰਾ ਕਿੱਸਾ ਸੁਣਾ ਕੇ ਲਾਭ ਚੰਦ ਨੇ ਪੁੱਛਿਆ, "ਫ਼ੌਜਦਾਰ ਨੂੰ ਮਿਲਣ ਜਾਣ ਬਾਰੇ ਤੇਰਾ ਕੀ ਵਿਚਾਰ ਹੈ? ਉਹਨੂੰ ਸਾਡੇ ਵਿਰੋਧੀਆਂ ਤੇ ਗੁਰੂ-ਘਰ ਦੇ ਟਾਕਰੇ ਹਕੂਮਤ ਨਾਲ ਸਹਿਯੋਗ ਕਰਨ ਵਾਲਿਆਂ ਨੇ ਚੁਗ਼ਲੀ ਜਾ ਕਰਨੀ ਏ। ਇਸ ਲਈ ਸਾਨੂੰ ਹੁਣ ਤੋਂ ਹੀ ਸੋਚਣਾ ਪਵੇਗਾ ਕਿ ਅਸੀਂ ਕੀ ਕਰਨਾ ਹੈ।"

"ਕੋਈ ਗੱਲ ਨਹੀਂ, ਜੇਕਰ ਫ਼ੌਜਦਾਰ ਨਾਲ ਗੱਲ ਕਰਨੀ ਪਈ ਤਾਂ ਮੈਂ ਜਾਵਾਂਗਾ," ਕਰਮ ਸਿੰਘ ਨੇ ਰਾਏ ਦਿੱਤੀ, "ਤੁਹਾਡੇ ਸਿਰ ਕੋਈ ਗੱਲ ਨਹੀਂ ਆਉਣੀ ਚਾਹੀਦੀ। ਉਹਨੂੰ ਸੁਨੇਹਾ ਭੇਜ ਦਿੰਦੇ ਹਾਂ ਕਿ ਮੈਂ ਆ ਗਿਆ ਹਾਂ। ਜੇਕਰ ਉਹਨੇ ਮੈਨੂੰ ਫੜਨ ਲਈ ਫ਼ੌਜੀ ਭੇਜ ਦਿੱਤੇ ਤਾਂ ਸਮਝ ਲਵਾਂਗੇ ਕਿ ਉਹਦਾ ਵਤੀਰਾ ਠੀਕ ਨਹੀਂ। ਫਿਰ ਉਹਨੂੰ ਉਹਦੇ ਵਤੀਰੇ ਨਾਲ ਢੁਕਵਾਂ ਹੀ ਉੱਤਰ ਦਿਆਂਗੇ। ਜੇ ਉਹਨੇ ਇਕ ਦੋ ਬੰਦਿਆਂ ਹੱਥ ਸੁਨੇਹਾ ਭੇਜਿਆ ਕਿ ਉਹਨੂੰ ਕਿਸੇ ਦਿਨ ਜਾਂ ਕਿਸੇ ਵਕਤ ਮਿਲ ਲਵਾਂ ਤਾਂ ਉਸ ਪਿੱਛੋਂ ਮੈਂ ਚਾਰ ਸਿੰਘਾਂ ਨਾਲ ਉਹਨੂੰ ਮਿਲਣ ਚਲਾ ਜਾਵਾਂਗਾ।"

"ਉਹ ਜੇਕਰ ਉੱਚਾ-ਨੀਵਾਂ ਬੋਲਿਆ ਤਾਂ ਤੁਸੀਂ ਬਰਦਾਸ਼ਤ ਨਹੀਂ ਕਰਨਾ," ਲਾਭ ਚੰਦ ਨੇ ਆਖਿਆ, "ਇਉਂ ਲੜਾਈ ਵਧਾਣ ਨੂੰ ਵੀ ਜੀਅ ਨਹੀਂ ਕਰਦਾ।"

"ਉਹਦਾ ਉੱਤਰ ਦੇਖ ਕੇ ਅਗਲੀ ਗੱਲ ਦਾ ਫ਼ੈਸਲਾ ਕਰਾਂਗੇ," ਕਰਮ ਸਿੰਘ ਨੇ ਗੱਲ ਮੁਕਾਈ, "ਤੁਸੀਂ ਹੁਣੇ ਕਿਸੇ ਨੂੰ ਸੁਨੇਹਾ ਦੇ ਕੇ ਭੇਜ ਦਿਉ।"

"ਕੋਈ ਨਹੀਂ ਜਾਏਗਾ," ਲਾਭ ਚੰਦ ਦਾ ਕਹਿਣਾ ਸੀ, "ਅੱਗੇ ਜਿਹੜੇ ਇਕ ਵਾਰ ਗਏ, ਕੋਈ ਦੂਜੀ ਵਾਰ ਮੇਰੇ ਨਾਲ ਨਹੀਂ ਗਏ। ਕਈਆਂ ਨੂੰ ਪਹਿਲੀ ਵਾਰ ਹੀ ਨਾਲ ਜਾਣ ਤੋਂ ਪਹਿਲਾਂ ਬੁਖ਼ਾਰ ਚੜ੍ਹ ਗਿਆ ਸੀ।"

"ਤੁਸੀਂ ਅੱਲਾ ਦਿੱਤਾ ਨੂੰ ਭੇਜ ਦਿਉ," ਕਰਮ ਸਿੰਘ ਨੇ ਝੱਟ ਸੋਚਣ ਪਿੱਛੋਂ ਰਾਏ ਦਿੱਤੀ, "ਉਹ ਤਾਂ ਨਹੀਂ ਡਰਦਾ। ਫ਼ੌਜਦਾਰ ਉਹਦਾ ਦੀਨ ਦਾ ਭਾਈ ਏ। ਉਹ ਉਂਝ ਵੀ ਸਿਆਣਾ ਏ। ਬਹੁਤ ਕੁਝ ਭਾਂਪ ਕੇ ਆਏਗਾ।"

"ਇਹ ਠੀਕ ਏ," ਲਾਭ ਚੰਦ ਮੰਨ ਗਿਆ। ਉਹਨੇ ਉਸੇ ਵੇਲੇ ਇਕ ਮੁੰਡਾ ਅੱਲਾ ਦਿੱਤਾ ਦੇ ਘਰ ਭੇਜਿਆ, ਪਰ ਉਹ ਛੇਤੀ ਮੁੜ ਆਇਆ, ਕਿਉਂਕਿ ਅੱਲਾ ਦਿੱਤਾ ਘਰ ਨਹੀਂ ਸੀ। ਇਨ੍ਹਾਂ ਨੂੰ ਵੀ ਯਾਦ ਆ ਗਿਆ ਕਿ ਉਹ ਤਾਂ ਰਹੀਮ ਖ਼ਾਨ ਦੇ ਨਾਲ ਹੀ ਉਹਦੀ ਹਵੇਲੀ ਗਿਆ ਹੋਵੇਗਾ, ਜਿਥੇ ਉਹਨੇ ਘਰ ਖ਼ਾਲੀ ਕਰਨਾ ਏ। ਇਹ ਉਹਦਾ ਸਾਮਾਨ ਚੁਕਾਣ ਤੇ ਸਾਂਭਣ ਗਿਆ ਹੋਵੇਗਾ।

ਹਵੇਲੀ ਖ਼ਾਲੀ ਕਰ ਕੇ ਦੋਵੇਂ ਫਿਰ ਸ਼ਾਮ ਨੂੰ ਕਰਮ ਸਿੰਘ ਦੇ ਘਰ ਪਹੁੰਚ ਗਏ। ਲਾਭ ਚੰਦ ਨੇ ਉਨ੍ਹਾਂ ਨੂੰ ਦੱਸਿਆ, "ਵਿਚਾਰ ਇਹ ਬਣਿਆ ਹੈ ਕਿ ਅੱਲਾ ਦਿੱਤਾ ਜੀ ਤੁਸੀਂ ਜਲੰਧਰ ਫ਼ੌਜਦਾਰ ਪਾਸ ਜਾਉ ਤੇ ਉਹਨੂੰ ਮੇਰਾ ਸੁਨੇਹਾ ਦਿਉ ਕਿ ਕਰਮ ਸਿੰਘ ਆ ਗਿਆ ਏ। ਜੇਕਰ ਉਹਦੇ ਨਾਲ ਕੋਈ ਗੱਲ-ਬਾਤ ਕਰਨੀ ਏ ਤਾਂ ਉਹ ਆ ਸਕਦਾ ਏ। ਇਹ ਵੀ ਚੰਗੀ ਤਰ੍ਹਾਂ ਘੋਖ ਆਉਣਾ ਕਿ ਉਹਦਾ ਵਤੀਰਾ ਕਿਤਨਾ ਕੁ ਦੁਸ਼ਮਣੀ ਵਾਲਾ ਹੈ ਤੇ ਕਰਮ ਸਿੰਘ ਨਾਲ ਕੀ ਗੱਲ ਕਰਨੀ ਚਾਹੁੰਦਾ ਏ।"

"ਬਹੁਤ ਅੱਛਾ," ਅੱਲਾ ਦਿੱਤਾ ਨੇ ਕਿਹਾ, "ਪਰ ਰਹੀਮ ਖ਼ਾਨ ਵੀ ਮੇਰੇ ਨਾਲ ਚੱਲੇ। ਇਕ ਬੰਦਾ ਕੁਝ ਨਹੀਂ ਹੁੰਦਾ। ਇਕ ਇਕ ਤੇ ਦੋ ਯਾਰਾਂ। ਅਸੀਂ ਦੋਵੇਂ ਉਹਦੇ ਨਾਲ ਚੰਗੀ ਤਰ੍ਹਾਂ ਗੱਲ ਵੀ ਕਰ ਲਵਾਂਗੇ ਤੇ ਉਹਦੇ ਅੰਦਰ ਦੀ ਗੱਲ ਵੀ ਸਮਝ ਆਵਾਂਗੇ।"

ਰਾਤ ਨੂੰ ਸਿੰਘਾਂ ਨੇ ਰਹੀਮ ਖ਼ਾਨ ਦੀ ਹਵੇਲੀ ਵਿਚ ਡੇਰਾ ਜਾ ਲਾਇਆ। ਲੰਗਰ ਤਾਂ ਜਥੇਦਾਰ ਕਰਮ ਸਿੰਘ ਦੇ ਘਰ ਤੋਂ ਪੱਕ ਕੇ ਚਲਾ ਗਿਆ। ਘੋੜਿਆਂ ਲਈ ਪੱਠੇ ਤੇ ਗੁਤਾਵਾ ਦਾਣਾ ਆਦਿ ਵੀ ਲਾਭ ਚੰਦ ਦੇ ਗੁਆਂਢੀਆਂ ਨੇ ਭੇਜ ਦਿੱਤਾ। ਜਿਹੜੇ ਸਿੰਘ ਹਵੇਲੀ ਵਿਚ ਗਏ, ਉਨ੍ਹਾਂ ਕਿਹਾ ਕਿ ਅਗਲੀ ਸਵੇਰ ਤੋਂ ਉਹ ਆਪਣਾ ਲੰਗਰ ਆਪ ਤਿਆਰ ਕੀਤਾ ਕਰਨਗੇ। ਰਾਤ ਨੂੰ ਉਨ੍ਹਾਂ ਹਵੇਲੀ ਦੇ ਉਪਰ ਛੱਤ 'ਤੇ ਆਪਣਾ ਪਹਿਰਾ ਲਾ ਦਿੱਤਾ। ਵਾਰੀ ਵਾਰੀ ਹਰ ਸਿੰਘ ਕੋਠੇ 'ਤੇ ਰਾਤ ਜਾਗਦਾ ਰਿਹਾ ਤਾਕਿ ਕੋਈ ਦੁਸ਼ਮਣ ਜੇਕਰ ਹਵੇਲੀ

ਵੱਲ ਆਉਂਦਾ ਜਾਪੇ ਤਾਂ ਉਹ ਸੁੱਤੇ ਪਏ ਸਿੰਘਾਂ ਨੂੰ ਸਾਵਧਾਨ ਰਹਿਣ ਲਈ ਕਹਿ ਦੇਵੇ। ਸਿੰਘ ਇਨ੍ਹਾਂ ਦਿਨਾਂ ਵਿਚ ਪੂਰੇ ਸ਼ਸਤਰ-ਬਸਤਰ ਸਜਾ ਕੇ ਹੀ ਸੁੱਤਾ ਕਰਦੇ ਸਨ। ਇਸ ਸਾਵਧਾਨੀ ਨੂੰ ਉਹ ਕਮਜ਼ੋਰੀ ਜਾਂ ਡਰ ਨਹੀਂ ਸਨ ਸਮਝਦੇ, ਸਗੋਂ ਇਹ ਵਿਚਾਰ ਸੀ ਕਿ ਦੁਸ਼ਮਣ ਨੂੰ ਕਦੇ ਵੀ ਕਮਜ਼ੋਰ ਨਹੀਂ ਸਮਝਣਾ ਚਾਹੀਦਾ ਤੇ ਆਪਣੇ ਆਪ ਬਾਰੇ ਕਦੇ ਅਵੇਸਲੇ ਨਹੀਂ ਹੋਣਾ ਚਾਹੀਦਾ।

ਸ਼ਾਮ ਨੂੰ ਹੀ ਉਹ ਸਿੰਘ ਵੀ ਆਉਣੇ ਸ਼ੁਰੂ ਹੋ ਗਏ ਜੋ ਸਵੇਰੇ-ਸਵੇਰੇ ਆਪਣੇ ਪਿੰਡਾਂ ਵੱਲ ਚਲੇ ਗਏ ਸਨ। ਉਹ ਆਪਣੇ ਪਰਵਾਰਾਂ ਨੂੰ ਮਿਲ ਕੇ ਛੇਤੀ ਹੀ ਵਾਪਸ ਆਉਣੇ ਸ਼ੁਰੂ ਹੋ ਗਏ। ਅਸਲ ਵਿਚ ਉਨ੍ਹਾਂ ਅੰਦਰ ਵੀ ਇਹੀ ਤੌਖਲਾ ਸੀ ਕਿ ਕਿਧਰੇ ਹਕੂਮਤ ਦੇ ਪੁਰਜ਼ੇ ਇਕੱਲੇ ਇਕੱਲੇ ਨੂੰ ਘੇਰ ਕੇ ਨੁਕਸਾਨ ਨਾ ਕਰ ਦੇਣ। ਦੂਜਾ ਉਹ ਜਥੇਦਾਰ ਕਰਮ ਸਿੰਘ ਨੂੰ ਇਕੱਲੇ ਨਹੀਂ ਸਨ ਛੱਡਣਾ ਚਾਹੁੰਦੇ। ਇਸ ਲਈ ਕੱਲ੍ਹ ਨੂੰ ਵਾਪਸ ਆਉਣ ਦਾ ਵਚਨ ਕਰਨ ਵਾਲੇ ਵੀ ਇਕ ਦਿਨ ਪਹਿਲਾਂ ਹੀ ਮੁੜ ਆਏ।

ਕਰਮ ਸਿੰਘ ਵੀ ਰਾਤ ਸਾਥੀਆਂ ਨਾਲ ਹੀ ਹਵੇਲੀ ਵਿਚ ਸੌਣ ਲਈ ਜਾਣ ਲੱਗਾ ਤਾਂ ਉਹਦੇ ਪਿਤਾ ਤੇ ਮਾਂ ਨੇ ਕਿਹਾ ਕਿ ਉਹ ਝੱਟ ਉਨ੍ਹਾਂ ਕੋਲ ਬੈਠ ਕੇ ਗੱਲ-ਬਾਤ ਤਾਂ ਕਰ ਜਾਏ। ਕਿਤਨੇ ਸਮੇਂ ਪਿੱਛੋਂ ਘਰ ਆਇਆ ਏ। ਕੋਈ ਗੁਰੂ-ਘਰ ਦੇ ਸਮਾਚਾਰ ਤਾਂ ਦੱਸ ਜਾ। ਸਾਡੀ ਸਾਰੀ ਬਰਾਦਰੀ ਭੈਣ ਗੁਜਰੀ ਜੀ ਦੇ ਪਰਵਾਰ ਨਾਲ ਜੋ ਕੁਝ ਬੀਤ ਰਹੀ ਏ, ਉਹ ਜਾਣਨ ਲਈ ਉਤਾਵਲੀ ਏ। ਸਾਰੇ ਸਾਡੇ ਪਾਸੋਂ ਆ ਕੇ ਪੁੱਛਦੇ ਨੇ। ਉਨ੍ਹਾਂ ਭਾਣੇ ਸਾਨੂੰ ਸਭ ਖ਼ਬਰ ਏ ਪਰ ਅਸੀਂ ਦੱਸਦੇ ਨਹੀਂ।

ਕਰਮ ਸਿੰਘ ਨੇ ਉਨ੍ਹਾਂ ਕੋਲ ਝੱਟ ਬੈਠਣਾ ਮੰਨ ਲਿਆ ਤੇ ਉਨ੍ਹਾਂ ਦੇ ਉਪਰ-ਥਲੀ ਪੁੱਛੇ ਕਈ ਸਵਾਲਾਂ ਦੇ ਉੱਤਰ ਦੇਣੇ ਸ਼ੁਰੂ ਕਰ ਦਿੱਤੇ, "ਗੁਰੂ ਕਲਗੀਧਰ ਪਾਤਸ਼ਾਹ ਤਾਂ ਦਿੱਲੀ ਪਹੁੰਚ ਗਏ ਸਨ। ਕੁਝ ਸਮਾਂ ਉਥੇ ਠਹਿਰੇ ਸਨ ਤੇ ਫਿਰ ਦੱਖਣ ਵੱਲ ਚਲੇ ਗਏ ਨੇ। ਜਦੋਂ ਅਸੀਂ ਸਾਬੋ ਕੀ ਤੋਂ ਚੱਲਣ ਲੱਗੇ ਸਾਂ ਤਾਂ ਪਤਾ ਆਇਆ ਸੀ ਕਿ ਉਹ ਦੱਖਣ ਵਿਚ ਗੁਦਾਵਰੀ ਨਦੀ ਦੇ ਕੰਢੇ ਕਿਸੇ ਨਾਦੇੜ ਨਾਮ ਦੇ ਨਗਰ ਵਿਚ ਜਾ ਟਿਕੇ ਹਨ।"

"ਦਿੱਲੀ ਵਿਚ ਉਹ ਆਪਣੇ ਪਰਵਾਰ ਸੁੰਦਰੀ ਜੀ ਪਾਸ ਹੀ ਠਹਿਰੇ ਹੋਣਗੇ ?" ਲਾਭ ਚੰਦ ਨੇ ਪੁੱਛਿਆ, "ਸੁਣਿਆ ਏ ਕਿ ਉਨ੍ਹਾਂ ਦੇ ਮਹਿਲ ਦਿੱਲੀ ਵਿਚ ਹੀ ਕਿਧਰੇ ਰਹਿੰਦੇ ਹਨ। ਉਹ ਸਰਸਾ ਨਦੀ ਪਾਰ ਕਰ ਕੇ ਵਿਛੜ ਗਏ ਸਨ ਤੇ ਪਤਾ ਨਹੀਂ ਕਿਵੇਂ ਦਿੱਲੀ ਜਾ ਪਹੁੰਚੇ। ਉਹ ਤੇ ਖ਼ਤਰਨਾਕ ਥਾਂ ਏ, ਉਥੇ ਕਿਵੇਂ ਚਲੇ ਗਏ ?"

"ਉਹ ਦਿੱਲੀ ਮਾਤਾ ਸੁੰਦਰੀ ਜੀ ਪਾਸ ਨਹੀਂ ਸਨ ਠਹਿਰੇ। ਉਨ੍ਹਾਂ ਕੋਲ ਤਾਂ ਇਕ ਛੋਟਾ ਜਿਹਾ ਮਕਾਨ ਏ, ਗੁਰੂ ਸਾਹਿਬ ਦੇ ਨਾਲ ਪੰਜ ਸੌ ਘੋੜ ਸਵਾਰਾਂ ਦੀ ਫ਼ੌਜ ਏ। ਪੰਝੀ ਤੀਹ ਹੋਰ ਵਿਦਵਾਨ ਤੇ ਸਹਾਇਕ ਨੇ। ਇਤਨੇ ਬੰਦੇ ਸ਼ਹਿਰ ਵਿਚ ਕਿਥੇ ਠਹਿਰ ਸਕਦੇ ਨੇ। ਬਾਹਰਵਾਰ ਇਕ ਸਿਖ ਮੋਤੀ ਸ਼ਾਹ ਦੇ ਪਿੰਡ ਠਹਿਰੇ ਨੇ, ਜਿਥੇ ਖੁੱਲ੍ਹੀ ਥਾਂ ਘੋੜ ਸਵਾਰਾਂ ਦੀ ਛਾਉਣੀ ਵੀ ਪੈ ਗਈ ਸੀ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਤੁਸੀਂ ਇਥੇ ਪਤਾ ਨਹੀਂ ਕੀ ਕੀ ਸੁਣਦੇ ਰਹੇ ਹੋ। ਮੈਨੂੰ ਤਾਂ ਸਾਬੋ ਕੀ ਤੋਂ ਇਹੀ ਪਤਾ ਲੱਗਾ ਸੀ ਕਿ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਨੂੰ ਗੁਰੂ ਕਲਗੀਧਰ ਪਾਤਸ਼ਾਹ ਨੇ ਆਪ ਭਾਈ ਮਨੀ ਸਿੰਘ ਦੇ ਨਾਲ ਦਿੱਲੀ ਭੇਜਿਆ ਸੀ। ਚਰਚਾ ਸੁਣਿਆ ਏ ਕਿ ਦਿੱਲੀ ਤੋਂ ਕੋਈ ਹਕੂਮਤ ਨਾਲ ਗੱਲ-ਬਾਤ ਲਈ ਸੱਦਾ ਆਇਆ ਸੀ ਜਾਂ ਹਕੂਮਤ ਤਕ ਕੋਈ ਖ਼ਾਸ ਗੱਲ ਪਹੁੰਚਾਣੀ ਸੀ। ਇਸ ਲਈ ਕੋਈ ਕੰਮ ਮਿਥ ਕੇ ਹੀ ਮਾਤਾ ਸੁੰਦਰੀ ਨੂੰ ਦਿੱਲੀ ਜਾਣ ਦਾ ਆਦੇਸ਼ ਹੋਇਆ ਸੀ। ਮੈਨੂੰ ਸਾਬੋ ਕੀ ਮਿਲੇ ਤਾਂ ਨਹੀਂ, ਮੇਰੇ ਜਾਣ ਤੋਂ ਪਹਿਲਾਂ ਹੀ ਉਹ ਦਿੱਲੀ ਤੋਂ ਆਏ ਸਨ ਪਰ ਕਲਗੀਧਰ

ਪਾਤਸ਼ਾਹ ਨੇ ਤੁਰਤ ਵਾਪਸ ਦਿੱਲੀ ਭੇਜ ਦਿੱਤਾ। ਇਸ ਤੋਂ ਵੀ ਜਾਪਦਾ ਏ ਜ਼ਰੂਰ ਦਿੱਲੀ ਕੋਈ ਵੱਡੀ ਜ਼ਿੰਮੇਵਾਰੀ ਉਨ੍ਹਾਂ ਸਪੁਰਦ ਕੀਤੀ ਹੋਏਗੀ, ਜਿਸ ਕਾਰਨ ਉਨ੍ਹਾਂ ਨੂੰ ਛੇਤੀ ਦਿੱਲੀ ਪਰਤਣਾ ਪਿਆ। ਹੁਣ ਵੀ ਸੁਣਿਆ ਏ ਕਿ ਦੱਖਣ ਵੱਲ ਜਾਣ ਸਮੇਂ ਵੀ ਮਾਤਾ ਸੁੰਦਰੀ ਨੂੰ ਨਾਲ ਨਹੀਂ ਲੈ ਕੇ ਗਏ। ਉਨ੍ਹਾਂ ਨੂੰ ਦਿੱਲੀ ਰਹਿਣ ਲਈ ਪੱਕੀ ਕਰ ਕੇ ਗਏ ਹਨ। ਸੁਣਿਆ ਏ ਕਿ ਮਾਤਾ ਸਾਹਿਬ ਦੇਵਾਂ ਨਾਲ ਗਈ ਏ। ਇਹ ਬੜੀਆਂ ਡੂੰਘੀਆਂ ਗੱਲਾਂ ਨੇ, ਸਾਡੀ ਸਾਧਾਰਨ ਅਕਲ ਦੀ ਪਹੁੰਚ ਤੋਂ ਬਾਹਰ ਹਨ।"

"ਗੁਰੂ ਜੀ ਦੱਖਣ ਤੋਂ ਕਦੋਂ ਵਾਪਸ ਮੁੜ ਰਹੇ ਨੇ?" ਲਾਭ ਚੰਦ ਨੇ ਪੁੱਛਿਆ।

"ਇਹ ਤਾਂ ਸਾਨੂੰ ਨਹੀਂ ਪਤਾ," ਕਰਮ ਸਿੰਘ ਨੇ ਕਿਹਾ, "ਗੁਰੂ ਮਹਾਰਾਜ ਦੀਆਂ ਗੱਲਾਂ ਗੁਰੂ ਜੀ ਹੀ ਜਾਣਨ। ਪਤਾ ਨਹੀਂ ਕੀ ਕੀ ਕੌਤਕ ਵਰਤਾ ਰਹੇ ਨੇ। ਸਾਡੀ ਸਾਰਿਆਂ ਦੀ ਇੱਛਾ ਤਾਂ ਇਹ ਹੀ ਹੈ ਕਿ ਬਹਾਦਰ ਸ਼ਾਹ ਨਾਲ ਗੱਲ ਮੁੱਕ ਜਾਏ ਤੇ ਅਮਨ ਚੈਨ ਨਾਲ ਧਰਮ ਪ੍ਰਚਾਰ ਵੱਲ ਜੁੱਟੀਏ।"

ਕਾਫ਼ੀ ਦੇਰ ਰਾਤ ਗਈ ਤਕ ਦੋਵੇਂ ਪਿਉ-ਪੁੱਤਰ ਗੱਲਾਂ ਕਰਦੇ ਰਹੇ ਤੇ ਅਖ਼ੀਰ ਕਰਮ ਸਿੰਘ ਨੇ ਕਿਹਾ, "ਹੁਣ ਝੱਟ ਸੌਂ ਲਈਏ। ਅੰਮ੍ਰਿਤ ਵੇਲੇ ਫਿਰ ਉੱਠਣਾ ਹੈ," ਇਹ ਕਹਿ ਕੇ ਉਹ ਬਾਹਰ ਉਸੇ ਹਵੇਲੀ ਵਿਚ ਚਲੇ ਗਏ, ਜਿਥੇ ਸਾਥੀ ਸਿੰਘ ਆਰਾਮ ਕਰ ਰਹੇ ਸਨ। ਬਾਹਰਲੇ ਦਰਵਾਜ਼ੇ ਦਾ ਮਾੜਾ ਜਿਹਾ ਖੜਕਾ ਹੋਣ 'ਤੇ ਵੀ ਸਿੰਘ ਜਾਗ ਪਏ ਤੇ ਤੁਰਤ ਸਭ ਨੇ ਆਪਣੇ ਸ਼ਸਤਰਾਂ 'ਤੇ ਹੱਥ ਰੱਖ ਲਏ। ਕੋਠੇ ਉਪਰ ਪਹਿਰਾ ਦੇ ਰਹੇ ਸਿੰਘ ਨੇ ਪਹਿਲਾਂ ਆਵਾਜ਼ ਦਿੱਤੀ ਤੇ ਜਦ ਨੇੜੇ ਆਇਆ ਤਾਂ ਜਥੇਦਾਰ ਨੂੰ ਪਛਾਣ ਲਿਆ ਤੇ ਫ਼ਤਹਿ ਬੁਲਾਈ।

ਅੰਮ੍ਰਿਤ ਵੇਲੇ ਉੱਠ ਕੇ ਸਭ ਨੇ ਬਾਹਰ ਜਾ ਕੇ ਦਾਤਣ ਕਰ ਕੇ ਇਸ਼ਨਾਨ ਕੀਤਾ ਤੇ ਫਿਰ ਪਾਠ ਕਰਨ ਵਿਚ ਰੁੱਝ ਗਏ। ਜਿਨ੍ਹਾਂ ਨੂੰ ਨਿਤਨੇਮ ਦੀਆਂ ਬਾਣੀਆਂ ਕੰਠ ਸਨ, ਉਹ ਤਾਂ ਜ਼ਬਾਨੀ ਪਾਠ ਕਰਦੇ ਰਹੇ ਤੇ ਜਿਨ੍ਹਾਂ ਨੂੰ ਅਜੇ ਕੰਠ ਨਹੀਂ ਸਨ ਹੋਈਆਂ, ਉਹ ਗੁਟਕੇ ਲੈ ਕੇ ਉਨ੍ਹਾਂ ਤੋਂ ਪੜ੍ਹਦੇ ਰਹੇ। ਹਵੇਲੀ ਵਿਚ ਇਕ ਵਾਰ ਤਾਂ ਪ੍ਰਭੂ-ਪਰਮੇਸ਼ਰ ਦੇ ਨਾਮ-ਸਿਮਰਨ ਦੀ ਝੜੀ ਲੱਗ ਗਈ।

ਕਰਮ ਸਿੰਘ ਪਾਠ ਕਰ ਕੇ ਤੇ ਵਿਹਲਾ ਹੋ ਕੇ ਮੁੜ ਘਰ ਆ ਗਿਆ ਤਾਕਿ ਪਤਾ ਕਰੇ ਕਿ ਫ਼ੌਜਦਾਰ ਜਲੰਧਰ ਵੱਲ ਭੇਜਿਆ ਰਹੀਮ ਖ਼ਾਨ ਤੇ ਅੱਲਾ ਦਿੱਤਾ ਕੀ ਸੁਨੇਹਾ ਲੈ ਕੇ ਆਏ ਹਨ। ਘਰ ਆਇਆ ਤਾਂ ਮਾਂ-ਪਿਉ ਨੇ ਮੁੜ ਕੇ ਗੱਲਾਂ ਵਿਚ ਲਾ ਲਿਆ। ਮਾਂ ਕਹਿਣ ਲੱਗੀ, "ਪੁੱਤਰਾ, ਮੇਰੇ ਕੋਲ ਬੈਠ ਕੇ ਦੁਖ-ਸੁਖ ਫੋਲਣ ਦਾ ਤਾਂ ਤੇਰੇ ਪਾਸ ਵਕਤ ਹੀ ਨਹੀਂ। ਮੈਂ ਕੱਲ੍ਹ ਵੀ ਜਿਤਨੀ ਵਾਰ ਗੱਲ ਕਰਨ ਲੱਗੀ ਸਾਂ, ਕੋਈ ਨਾ ਕੋਈ ਉਤੋਂ ਆ ਜਾਂਦਾ ਸੀ। ਮੈਨੂੰ ਗੱਲ ਕਰਨ ਲਈ ਵਿਹਲ ਹੀ ਨਹੀਂ ਮਿਲਿਆ। ਰਾਤ ਨੂੰ ਤੇਰਾ ਬਾਪੂ ਗੱਲ ਕਰਨੀ ਚਾਹੁੰਦਾ ਸੀ ਤੇ ਬਾਰ-ਬਾਰ ਉਹਨੇ ਮੈਨੂੰ ਕੋਲੋਂ ਉਠਾ ਦਿੱਤਾ। ਹੁਣ ਫਿਰ ਲੋਕਾਂ ਦੀ ਆਵਾਜਾਈ ਸ਼ੁਰੂ ਹੋ ਜਾਏਗੀ, ਇਸ ਲਈ ਪਹਿਲਾਂ ਮੇਰੇ ਨਾਲ ਗੱਲ ਕਰ ਲੈ।"

"ਠੀਕ ਏ ਮਾਂ ਜੀ," ਕਰਮ ਸਿੰਘ ਨੇ ਉੱਤਰ ਦਿੱਤਾ, "ਮੈਂ ਤਾਂ ਉਚੇਚਾ ਤੁਹਾਨੂੰ ਹੀ ਮਿਲਣ ਆਇਆ ਹਾਂ। ਉਂਝ ਮੇਰਾ ਵਿਚਾਰ ਦੁਆਬੇ ਦਾ ਕੇਂਦਰ ਪਲਾਹੀ ਜਾਂ ਰਾਹੋਂ ਵਿਚ ਬਣਾਨ ਦਾ ਸੀ ਪਰ ਫਿਰ ਬਾਬਾ ਦੀਪ ਸਿੰਘ ਜੀ ਨੇ ਇਹੀ ਆਦੇਸ਼ ਦਿੱਤਾ ਕਿ ਕਰਤਾਰਪੁਰ ਵਿਚ ਹੀ ਰਹਾਂ ਤਾਂ ਮੇਰੇ ਦਿਲ ਦੀ ਗੱਲ ਵੀ ਉਨ੍ਹਾਂ ਬੁੱਝ ਲਈ ਸੀ। ਤੁਸੀਂ ਹੁਕਮ ਕਰੋ, ਮੈਂ ਕਿਸੇ ਹੋਰ ਨਾਲ ਗੱਲ-ਬਾਤ ਪਿੱਛੋਂ ਕਰਾਂਗਾ।"

"ਇਹ ਤੇ ਤੂੰ ਜਾਣਦਾ ਏਂ," ਮਾਂ ਭਾਗਾਂ ਨੇ ਕਹਿਣਾ ਸ਼ੁਰੂ ਕੀਤਾ, "ਦਿਆਲਪੁਰੀਆ ਸ਼ਾਮੂ ਸ਼ਾਹ ਆਪਣੀ ਧੀ ਦੀਪੋ ਦਾ ਰਿਸ਼ਤਾ ਤੋੜ ਹੀ ਗਿਆ ਸੀ, ਇਸ ਲਈ ਹੁਣ ਤੇਰੇ

ਲਈ ਕੋਈ ਹੋਰ ਰਿਸ਼ਤਾ ਲੱਭ ਕੇ ਮੈਂ ਛੇਤੀ ਤੇਰਾ ਵਿਆਹ ਕਰਨਾ ਚਾਹੁੰਦੀ ਹਾਂ।"

"ਮਾਂ ਏਡੀ ਵੀ ਕਾਹਲੀ ਕਾਹਦੀ ਏ," ਕਰਮ ਸਿੰਘ ਨੇ ਕਿਹਾ, "ਸ਼ਾਹ ਜਦੋਂ ਦਾ ਰਿਸ਼ਤਾ ਤੋੜਨ ਦੀ ਧਮਕੀ ਦੇ ਕੇ ਗਿਆ ਏ, ਉਸ ਪਿੱਛੋਂ ਤਾਂ ਨਹੀਂ ਆਇਆ। ਕੀ ਪਤਾ ਉਹ ਗੁੱਸੇ ਵਿਚ ਕਹਿ ਗਿਆ ਹੋਵੇ ਤੇ ਪਿੱਛੋਂ ਪਛਤਾਂਦਾ ਹੋਵੇ।"

"ਉਹ ਹੁਣ ਸਾਡੇ ਮੱਥੇ ਲੱਗਣ ਜੋਗਾ ਵੀ ਨਹੀਂ ਰਿਹਾ," ਭਾਗਾਂ ਨੇ ਆਪਣੇ ਮਨ ਵਿਚ ਖੁਦਖਦੀ ਕਰ ਰਹੀ ਗੱਲ ਦੱਸਣ ਲਈ ਕਿਹਾ, "ਉਹਦੀ ਕੁੜੀ ਦੀਪੋ, ਸੁਣਿਆ ਏ ਮੁਸਲਮਾਨ ਚੌਧਰੀ ਚੁੱਕ ਕੇ ਲੈ ਗਏ ਸਨ ਤੇ ਸਿੰਘਾਂ ਨੇ ਹੀ ਜਾ ਕੇ ਛੁਡਾਈ ਸੀ। ਤੇਰਾ ਬਾਪੂ ਤਾਂ ਮੈਨੂੰ ਕੁਝ ਦੱਸਦਾ ਨਹੀਂ। ਲੋਕ ਕਹਿੰਦੇ ਨੇ ਕਿ ਸ਼ਾਹ ਹੋਰੀਂ ਟੱਬਰ ਸਮੇਤ ਦਿਆਲਪੁਰ ਛੱਡ ਕੇ ਕਿਧਰੇ ਚਲੇ ਗਏ ਨੇ। ਹੁਣ ਉਥੇ ਤਾਂ ਉਂਝ ਵੀ ਦੁਬਾਰਾ ਰਿਸ਼ਤੇ ਦੀ ਗੱਲ ਸ਼ੁਰੂ ਕਰਨ ਦੇ ਹੱਕ ਵਿਚ ਨਹੀਂ।"

"ਤੂੰ ਛੱਡ, ਸ਼ਾਮੂ ਸ਼ਾਹ ਦੇ ਕਿੱਸੇ ਨਾ ਫੋਲੀ ਜਾਹ," ਕੋਲ ਬੈਠੇ ਲਾਭ ਚੰਦ ਨੇ ਕੁਝ ਖਿੱਝ ਜਿਹੀ ਮਹਿਸੂਸ ਕਰਦਿਆਂ ਆਖਿਆ, "ਆਪਣੇ ਮਤਲਬ ਦੀ ਗੱਲ ਕਰ, ਹੁਣੇ ਬੰਦੇ ਉਤੋਂ ਆ ਗਏ ਤਾਂ ਫਿਰ ਕਹੇਂਗੀ ਕਿ ਤੈਨੂੰ ਗੱਲ ਕਰਨ ਦਾ ਮੌਕਾ ਹੀ ਨਹੀਂ ਮਿਲਿਆ।" ਸਾਫ਼ ਦਿਸਦਾ ਸੀ ਕਿ ਲਾਭ ਚੰਦ ਇਸ ਬਾਰੇ ਗੱਲ-ਬਾਤ ਛੇੜਨ ਦੇ ਹੱਕ ਵਿਚ ਨਹੀਂ।

"ਕਿਉਂ ਜੀ, ਪੁੱਤਰ ਨੂੰ ਸਾਰੀ ਗੱਲ ਦੱਸਣ ਵਿਚ ਕੀ ਹਰਜ ਏ?" ਮਾਂ ਭਾਗਾਂ ਨੇ ਪਹਿਲੀ ਵਾਰ ਪਤੀ ਦੇ ਸਾਹਮਣੇ, ਉਹਦੀ ਇੱਛਾ ਦੇ ਉਲਟ ਗੱਲ ਕਰਨ ਦਾ ਹੌਸਲਾ ਕਰਦਿਆਂ ਕਿਹਾ, "ਇਹਦੇ ਮਨ ਵਿਚ ਅਜੇ ਤਕ ਸ਼ਾਹ ਦੀ ਧੀ ਛਾਈ ਹੋਈ ਏ, ਇਸੇ ਲਈ ਉਹਦੇ ਇਕ ਵਾਰ ਨਾਂਹ ਕਰ ਜਾਣ ਨੂੰ ਕੋਈ ਗੱਲ ਨਹੀਂ ਸਮਝਦਾ। ਇਹਨੂੰ ਜਿਵੇਂ ਅਜੇ ਵੀ ਆਸ ਹੋਵੇ ਕਿ ਸ਼ਾਇਦ ਉਸੇ ਕੁੜੀ ਨਾਲ ਇਹਦਾ ਵਿਆਹ ਹੋ ਜਾਏ। ਅਸੀਂ ਮੁੰਡੇ ਵਾਲੇ ਹਾਂ, ਅਸੀਂ ਕਿਉਂ ਲਿਲਕੜੀਆਂ ਕੱਢਦੇ ਫਿਰੀਏ। ਸਾਨੂੰ ਕੋਈ ਰਿਸ਼ਤਿਆਂ ਦਾ ਘਾਟਾ ਏ। ਇਕ ਵਾਰੀ ਆਵਾਜ਼ ਕੱਢੀਏ ਤਾਂ ਕਈ ਰਿਸ਼ਤੇ ਆ ਜਾਣ।"

"ਜੇਕਰ ਤੈਨੂੰ ਕਰਮ ਸਿੰਘ ਦੀ ਝਾਕ ਉਸੇ ਪਰਵਾਰ ਵੱਲ ਨਜ਼ਰ ਆਉਂਦੀ ਏ ਤਾਂ ਮੈਂ ਵੀ ਤੈਨੂੰ ਦੱਸ ਦਿਆਂ ਕਿ ਉਸ ਕੁੜੀ ਦੇ ਮਨ ਵਿਚ ਵੀ ਅਜੇ ਤਕ ਕਰਮ ਸਿੰਘ ਵੱਸਿਆ ਹੋਇਆ ਏ," ਲਾਭ ਚੰਦ ਨੇ ਹੁਣ ਗੱਲ ਖੋਲ੍ਹਣ ਲਈ ਢੁਕਵਾਂ ਸਮਾਂ ਜਾਣ ਕੇ ਕਹਿਣਾ ਸ਼ੁਰੂ ਕੀਤਾ, "ਉਹ ਕੁੜੀ ਦੀਪੋ, ਕਰਮ ਸਿੰਘ ਨੂੰ ਹੀ ਮਿਲਣ ਲਈ ਕਰਤਾਰਪੁਰ ਆਈ ਸੀ, ਜਦੋਂ ਕਿ ਰਾਹ ਵਿਚ ਅਚਿੰਤੇ ਬਾਜ ਪੈ ਗਏ। ਮੈਂ ਤੈਨੂੰ ਹੁਣ ਤਕ ਨਹੀਂ ਸੀ ਦੱਸਿਆ। ਜ਼ਨਾਨੀਆਂ ਨੂੰ ਅਜਿਹੀ ਗੱਲ ਪਚਦੀ ਨਹੀਂ। ਕੁੜੀ ਨੇ ਮਾਪਿਆਂ ਨੂੰ ਸਾਫ਼ ਕਹਿ ਦਿੱਤਾ ਏ ਕਿ ਉਹ ਵਿਆਹ ਕਰਵਾਏਗੀ ਤਾਂ ਕਰਮ ਸਿੰਘ ਨਾਲ, ਨਹੀਂ ਤੇ ਸਾਰੀ ਉਮਰ ਅਣ-ਵਿਆਹੇ ਕੱਟ ਲਏਗੀ।"

"ਹਾਇ ਮੈਂ ਮਰ ਗਈ," ਭਾਗਾਂ ਨੇ ਹੈਰਾਨ ਹੋ ਕੇ ਆਪਣੀ ਉਂਗਲੀ ਆਪਣੇ ਬੁਲ੍ਹਾਂ 'ਤੇ ਰੱਖਦਿਆਂ ਆਖਿਆ, "ਉਸ ਕੱਚ-ਕੁਆਰੇ ਸਾਕ ਹੁੰਦਿਆਂ, ਵਿਆਹ ਤੋਂ ਪਹਿਲਾਂ ਕਰਮ ਸਿੰਘ ਨੂੰ ਮਿਲਣ ਦੀ ਦਲੇਰੀ ਕਿਵੇਂ ਕਰ ਲਈ? ਤਾਹੀਓਂ ਮੁਹੱਲੇ ਦੀਆਂ ਜ਼ਨਾਨੀਆਂ ਘੁਸਰ-ਮੁਸਰ ਕਰ ਰਹੀਆਂ ਸਨ, ਪਰ ਮੈਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ ਸੀ, ਇਸ ਲਈ ਮੇਰੇ ਪਿੜ-ਪੱਲੇ ਕੁਝ ਨਾ ਪਿਆ। ਲਓ ਜੀ! ਹੁਣ ਤਾਂ ਕੁੜੀ ਵਿਚ ਕਿੰਨੇ ਹੀ ਦੋਸ਼ ਨਿਕਲ ਆਏ ਨੇ। ਉਹ ਇਕ ਤਾਂ ਬਿਨ-ਵਿਆਹੇ ਕਰਤਾਰਪੁਰ ਆਈ ਸੀ, ਦੂਜਾ ਉਹਨੂੰ ਹਾਕਮ ਫੜ ਕੇ ਲੈ ਗਏ ਸਨ ਤੇ ਤੀਜਾ ਉਹਦਾ ਪਿਤਾ ਸਾਡੇ ਨਾਲ ਵੱਧ-ਘੱਟ ਬੋਲ ਕੇ ਗਿਆ ਏ। ਮੈਂ ਤਾਂ ਹੁਣ ਉਸ ਘਰ ਮੁੰਡਾ ਵਿਆਹੁਣ ਦੀ ਸਲਾਹ ਨਹੀਂ ਦੇ ਸਕਦੀ।"

"ਤੂੰ ਵੀ ਸ਼ਾਹ ਵਾਂਗੂ ਝੱਟ-ਪਟ ਹੀ ਬਿਨਾਂ ਵਿਚਾਰੇ ਫਤਵੇ ਦੇਣ ਲੱਗ ਪੈਂਦੀ ਏਂ,"

ਲਾਭ ਚੰਦ ਨੇ ਕਿਹਾ, "ਹਰ ਗੱਲ ਦੀ ਤਹਿ ਤਕ ਜਾਣਾ ਚਾਹੀਦਾ ਹੈ। ਮੈਂ ਤਾਂ ਇਹ ਸਾਰੀ ਗੱਲ ਕਰਮ ਸਿੰਘ 'ਤੇ ਛੱਡਣ ਲਈ ਤਿਆਰ ਹਾਂ। ਉਹ ਜਦੋਂ ਤੇ ਜਿਥੇ ਚਾਹੇਗਾ, ਅਸੀਂ ਇਹਦਾ ਵਿਆਹ ਕਰ ਦਿਆਂਗੇ। ਜ਼ਿੰਦਗੀ ਇਸ ਨੇ ਕੁੜੀ ਨਾਲ ਗੁਜ਼ਾਰਨੀ ਏ। ਅਸੀਂ ਤਾਂ ਹੁਣ ਢਲਦਾ ਪਰਛਾਵਾਂ ਹਾਂ।"

"ਸੁਖ ਨਾਲ ਸ਼ੁਭ ਸ਼ੁਭ ਗੱਲਾਂ ਮੂੰਹੋਂ ਕੱਢੋ," ਭਾਗਾਂ ਨੇ ਗੱਲ ਟੋਕ ਕੇ ਕਿਹਾ। ਉਹ ਕਦੇ ਇਹ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ ਕਿ ਉਹ ਤੇ ਉਹਦਾ ਪਤੀ ਢਲਦਾ ਪਰਛਾਵਾਂ ਹਨ ਤੇ ਮੌਤ ਉਨ੍ਹਾਂ ਦੇ ਬਹੁਤ ਨੇੜੇ ਆ ਚੁੱਕੀ ਏ। ਉਹਨੇ ਮੁੜ ਕਿਹਾ, "ਮੈਂ ਤਾਂ ਕਰਮ ਸਿੰਘ ਦਾ ਵਿਆਹ ਛੇਤੀ ਛੇਤੀ ਕਰਨਾ ਚਾਹੁੰਦੀ ਹਾਂ। ਸਾਡੇ ਵਿਹੜੇ ਵੀ ਕੋਈ ਬਾਲ ਖੇਡੇ। ਅਸੀਂ ਵੀ ਇਹਦੇ ਬੱਚਿਆਂ ਨੂੰ ਪਿਆਰ ਕਰੀਏ, ਖਿਡਾਈਏ ਤੇ ਇਉਂ ਆਪਣੀ ਵੇਲ ਵਧਦੀ ਵੇਖ ਕੇ ਮਰੀਏ।"

ਕਰਮ ਸਿੰਘ ਹੁਣ ਤਕ ਚੁੱਪ ਕਰ ਕੇ ਮਾਂ ਤੇ ਪਿਉ ਦੀ ਆਪਸ ਵਿਚਲੀ ਵਾਰਤਾਲਾਪ ਸੁਣ ਰਿਹਾ ਸੀ। ਉਹਨੇ ਇਕ ਦੋ ਵਾਰ ਯਤਨ ਕੀਤਾ ਕਿ ਉਹ ਮਾਂ ਦੀਆਂ ਗੱਲਾਂ ਦਾ ਉੱਤਰ ਦੇਵੇ ਤੇ ਉਹਦੇ ਆਖੇ ਬਚਨਾਂ ਨੂੰ ਠੀਕ ਕਰੇ ਪਰ ਉਹਦੇ ਤੋਂ ਪਹਿਲਾਂ ਹੀ ਜਦ ਬਾਪੂ ਬੋਲ ਪੈਂਦਾ ਸੀ ਤਾਂ ਉਹ ਚੁੱਪ ਕਰ ਜਾਂਦਾ। ਉਹਨੂੰ ਇਹ ਜਾਣਕਾਰੀ ਆਪਣੇ ਅੰਦਰ ਇਕ ਤੂਫ਼ਾਨ ਪੈਦਾ ਕਰਨ ਵਾਲੀ ਪ੍ਰਤੀਤ ਹੋਈ ਕਿ ਦੀਪੋ ਨੇ ਉਹਦੇ ਨਾਲ ਵਿਆਹ ਕਰਨ ਦਾ ਫ਼ੈਸਲਾ ਮਾਪਿਆਂ ਨੂੰ ਸੁਣਾ ਦਿੱਤਾ ਏ ਤੇ ਇਹ ਵੀ ਕਹਿ ਦਿੱਤਾ ਏ ਕਿ ਜੇਕਰ ਉਹਦੇ (ਕਰਮ ਸਿੰਘ) ਨਾਲ ਵਿਆਹ ਨਹੀਂ ਹੋ ਸਕਦਾ ਤਾਂ ਉਹ ਅਣ-ਵਿਆਹੀ ਹੀ ਰਹੇਗੀ। ਕਰਮ ਸਿੰਘ ਨੇ ਕਿਹਾ, "ਇਹ ਤਾਂ ਦੱਸੋ ਕਿ ਸ਼ਾਮੂ ਸ਼ਾਹ ਹੋਰੀਂ ਪਰਿਵਾਰ ਸਮੇਤ ਕਿਥੇ ਚਲੇ ਗਏ ਨੇ, ਕੁਝ ਪਤਾ ਲੱਗਾ ਏ ਕਿ ਨਹੀਂ ?"

"ਮੈਂ ਤਾਂ ਉਨ੍ਹਾਂ ਪਿੱਛੇ ਦਿਆਲਪੁਰ ਗਿਆ ਹੀ ਨਹੀਂ," ਲਾਭ ਚੰਦ ਨੇ ਦੱਸਿਆ, "ਸੁਣਨ ਵਿਚ ਆਇਆ ਏ ਕਿ ਚੌਧਰੀ ਉਹਨੂੰ ਕੁੜੀ ਚੁੱਕ ਲਿਜਾਣ ਦੀ ਧਮਕੀ ਦਿੰਦਾ ਸੀ ਤੇ ਉਹ ਵਿਚਾਰਾ ਡਰਦਾ ਮਾਰਾ ਕਿਧਰੇ ਚਲਾ ਗਿਆ ਹੈ।"

"ਸਾਨੂੰ ਕੀ, ਜਿਥੇ ਜੀਅ ਕਰੇ ਜਾਵੇ, ਅਸੀਂ ਉਹਦੇ ਪਿੱਛੇ ਥੋੜ੍ਹਾ ਦੌੜਨਾ ਏ," ਮਾਂ ਭਾਗਾਂ ਕੋਲੋਂ ਚੁੱਪ ਨਾ ਰਹਿ ਹੋਇਆ ਤੇ ਉਹਨੇ ਮੁੜ ਟੀਕਾ-ਟਿੱਪਣੀ ਕਰ ਦਿੱਤੀ।

"ਇਹ ਸਾਡੀ ਸੋਚ ਗ਼ਲਤ ਹੈ," ਕਰਮ ਸਿੰਘ ਬੋਲ ਪਿਆ, "ਅਸੀਂ ਤਾਂ ਕਿਸੇ ਨਾਲ ਧੱਕਾ ਹੋਵੇ, ਉਹਦੀ ਮਦਦ 'ਤੇ ਪਹੁੰਚਦੇ ਹਾਂ। ਅਸੀਂ ਅਜਿਹਾ ਜ਼ੁਲਮ ਬਰਦਾਸ਼ਤ ਨਹੀਂ ਕਰਦੇ। ਗੁਰੂ ਮਹਾਰਾਜ ਨੇ ਖ਼ਾਲਸੇ ਨੂੰ ਇਹੀ ਗੁੜ੍ਹਤੀ ਦਿੱਤੀ ਏ ਕਿ ਜ਼ਾਲਮਾਂ ਨਾਲ ਟਕਰਾ ਜਾਉ ਤੇ ਮਜ਼ਲੂਮ ਦੀ ਮਦਦ 'ਤੇ ਖੜ ਜਾਉ। ਫਿਰ ਇਹ ਨਾ ਦੇਖੋ ਕਿ ਇਸ ਵਿਚ ਨਫ਼ਾ ਹੈ ਜਾਂ ਨੁਕਸਾਨ। ਅਸੂਲ 'ਤੇ ਡਟਣਾ ਹੀ ਜੀਵਨ ਮਨੋਰਥ ਹੈ। ਇਹ ਤਾਂ ਕੁੜੀ ਮੇਰੀ ਮੰਗੇਤਰ ਸੀ ਪਰ ਮੇਰੇ ਨਾਲ ਰਿਸ਼ਤਾ ਨਾ ਹੁੰਦਾ ਤਾਂ ਵੀ ਇਹਦੀ ਮਦਦ ਕਰਨੀ ਖ਼ਾਲਸੇ ਦਾ ਧਰਮ ਸੀ। ਤੁਸੀ ਨਹੀਂ ਦੇਖਿਆ ਕਿ ਦੋ ਸਿੰਘ ਕਿਸ ਤਰ੍ਹਾਂ ਸੁਣਦੇ ਸਾਰ ਚੌਧਰੀ ਦੇ ਬੰਦਿਆਂ ਦੇ ਪਿੱਛੇ ਲੱਗ ਤੁਰੇ ਤੇ ਉਨ੍ਹਾਂ ਨੇ ਕੁੜੀਆਂ ਛੁਡਾ ਕੇ ਘਰੋ-ਘਰੀ ਪਹੁੰਚਾ ਦਿੱਤੀਆਂ। ਕੀ ਲੱਗਦੀਆਂ ਸਨ, ਉਨ੍ਹਾਂ ਸਿੰਘਾਂ ਦੀਆਂ ? ਸਿਰਫ਼ ਇਨਸਾਨੀਅਤ ਦੇ ਨਾਤੇ ਉਨ੍ਹਾਂ ਇਹ ਸੇਵਾ ਨਿਭਾਈ," ਕਰਮ ਸਿੰਘ ਨੇ ਮਾਂ ਦੇ ਮਨ ਵਿਚ ਪੈਦਾ ਹੋਏ ਸ਼ੱਕ ਨੂੰ ਦੂਰ ਕਰਦਿਆਂ ਆਖਿਆ, "ਮੈਂ ਦੀਪੋ ਦਾ ਰਿਸ਼ਤਾ ਮੰਗਣ ਲਈ ਸ਼ਾਮੂ ਸ਼ਾਹ ਦਾ ਪਤਾ ਨਹੀਂ ਪੁੱਛ ਰਿਹਾ, ਮੈਂ ਤਾਂ ਉਸ ਚੌਧਰੀ ਨੂੰ ਸੋਧਣਾ ਏ ਤੇ ਉਹਦੇ ਕੋਲੋਂ ਸ਼ਾਹ ਅੱਗੇ ਨੱਕ ਰਾਹੀਂ ਲਕੀਰਾਂ ਕਢਵਾਣੀਆਂ ਨੇ। ਫਿਰ ਸਿੰਘ ਜਾ ਕੇ ਦਿਆਲਪੁਰ ਵਚਨ ਦੇ ਆਏ ਹਨ ਕਿ ਸ਼ਾਹ ਨੂੰ ਮੁੜ ਕੇ ਪਿੰਡ ਲੈ ਆਉ। ਉਹਦੀ 'ਵਾ ਵੱਲ ਕੋਈ ਨਹੀਂ ਦੇਖੇਗਾ। ਪਿੰਡ ਦੇ ਹਿੰਦੂ ਮੁਸਲਮਾਨ

ਸਾਰੇ ਸ਼ਾਹ ਨੂੰ ਪਿੰਡ ਮੋੜ ਲਿਆਉਣ ਲਈ ਉਤਾਵਲੇ ਨੇ ਤੇ ਉਨ੍ਹਾਂ ਲੱਭਣ ਲਈ ਬੰਦੇ ਵੀ ਭੇਜੇ ਹੋਏ ਨੇ।"

ਇਨ੍ਹਾਂ ਦੀ ਗੱਲ-ਬਾਤ ਦਾ ਸਿਲਸਿਲਾ ਟੁੱਟ ਗਿਆ, ਜਦੋਂ ਅੱਲਾ ਦਿੱਤਾ ਤੇ ਰਹੀਮ ਖ਼ਾਨ ਆ ਗਏ। ਉਨ੍ਹਾਂ ਨੇ ਸਲਾਮ ਦੁਆ ਕਰਨ ਪਿੱਛੋਂ ਬੈਠਦਿਆਂ ਗੱਲ ਸ਼ੁਰੂ ਕਰ ਲਈ। ਰਹੀਮ ਖ਼ਾਨ ਕਹਿਣ ਲੱਗਾ, "ਹੱਦ ਹੋ ਗਈ ਕਰਮ ਸਿੰਘ ਜੀ, ਅਸੀਂ ਤੇ ਵੇਖ ਕੇ ਹੈਰਾਨ ਹੀ ਰਹਿ ਗਏ ਕਿ ਚੌਧਰੀ ਦਾ ਵਤੀਰਾ ਤਾਂ ਬਹੁਤ ਹੀ ਬਦਲ ਚੁੱਕਿਆ ਏ। ਅੱਗੇ ਤਾਂ ਉਹ ਸਾਨੂੰ ਵੀ ਵੱਢੂ ਵੱਢੂ ਕਰ ਕੇ ਘੂਰਦਾ ਸੀ, ਪਰ ਐਤਕੀਂ ਉਹਨੇ ਬੜੇ ਪਿਆਰ ਨਾਲ ਗੱਲ ਕੀਤੀ। ਸਾਡੀ ਉਹਨੇ ਖ਼ਾਤਰ ਵੀ ਕੀਤੀ ਤੇ ਕਹਿਣ ਲੱਗਾ ਕਿ ਕਰਮ ਸਿੰਘ ਹੋਰਾਂ ਨੂੰ ਕਹਿਣਾ ਕਿ ਜਦੋਂ ਵਕਤ ਮਿਲੇ, ਆ ਕੇ ਮਿਲ ਜਾਣ।"

"ਉਹਨੇ ਤੁਹਾਨੂੰ ਜਥੇਦਾਰ ਬਣਨ 'ਤੇ ਮੁਬਾਰਕਾਂ ਵੀ ਭੇਜੀਆਂ ਨੇ," ਅੱਲਾ ਦਿੱਤਾ ਬੋਲਿਆ, "ਇਹ ਵੀ ਹੈਰਾਨੀ ਦੀ ਗੱਲ ਏ ਕਿ ਉਹਨੂੰ ਸਾਡੇ ਨਾਲੋਂ ਵੀ ਪਹਿਲਾਂ ਪਤਾ ਏ ਕਿ ਤੁਸੀਂ ਦੁਆਬੇ ਦੇ ਜਥੇਦਾਰ ਬਣ ਕੇ ਆ ਗਏ ਹੋ।"

"ਹਕੂਮਤਾਂ ਐਵੇਂ ਤਾਂ ਨਹੀਂ ਚੱਲਦੀਆਂ," ਕਰਮ ਸਿੰਘ ਨੇ ਕਿਹਾ, "ਰਾਜ ਕਰਨ ਵਾਲਿਆਂ ਨੇ ਆਪਣੇ ਸੂਹੀਏ ਸਾਰੇ ਪਾਸੇ ਛੱਡੇ ਹੁੰਦੇ ਨੇ ਤੇ ਉਹ ਰੋਜ਼ ਦੀ ਰੋਜ਼ ਹਰ ਖ਼ਬਰ ਹਕੂਮਤ ਤਕ ਪਹੁੰਚਾਂਦੇ ਨੇ।"

"ਇਹਦਾ ਮਤਲਬ ਤਾਂ ਸਾਫ਼ ਏ ਕਿ ਕਰਮ ਸਿੰਘ ਨੂੰ ਜਾ ਕੇ ਚੌਧਰੀ ਨੂੰ ਮਿਲ ਆਉਣਾ ਚਾਹੀਦਾ ਏ," ਲਾਭ ਚੰਦ ਬੋਲਿਆ, "ਕੋਈ ਖ਼ਤਰੇ ਵਾਲੀ ਗੱਲ ਨਹੀਂ ਪਰ ਹਕੂਮਤ ਕਰਨ ਵਾਲਿਆਂ ਦਾ ਕਾਹਦਾ ਇਤਬਾਰ ਏ, ਘੜੀ ਵਿਚ ਤੋਲਾ, ਘੜੀ ਵਿਚ ਮਾਸਾ। ਇਨ੍ਹਾਂ ਦੀ ਨੀਅਤ ਬਦਲਦਿਆਂ ਦੇਰ ਨਹੀਂ ਲੱਗਦੀ।"

"ਠੀਕ ਹੈ, ਕੱਲ੍ਹ ਸਵੇਰੇ ਹੀ ਚੱਲਾਂਗੇ," ਕਰਮ ਸਿੰਘ ਨੇ ਫ਼ੈਸਲਾ ਸੁਣਾਇਆ, "ਮੇਰੇ ਨਾਲ ਪੰਜ ਸਿੰਘ ਤੇ ਇਹ ਦੋਵੇਂ ਅੱਲਾ ਦਿੱਤਾ ਤੇ ਰਹੀਮ ਖ਼ਾਨ ਜਾਣਗੇ," ਫਿਰ ਉਨ੍ਹਾਂ ਦੋਹਾਂ ਨੂੰ ਸੰਬੋਧਨ ਕਰ ਕੇ ਕਿਹਾ, "ਚੱਲੋਗੇ ਨਾ ਮੇਰੇ ਨਾਲ ?"

"ਜ਼ਰੂਰ," ਅੱਲਾ ਦਿੱਤਾ ਨੇ ਕਿਹਾ, "ਹੁਣ ਤਾਂ ਫ਼ੌਜਦਾਰ ਤੇ ਸਰਕਾਰੇ-ਦਰਬਾਰੇ ਇਹ ਗੱਲ ਪਤਾ ਲੱਗ ਗਈ ਏ ਕਿ ਅਸੀਂ ਸਿੰਘਾਂ ਦੇ ਨਾਲ ਹਾਂ। ਹੁਣ ਜਦ ਉਖਲੀ ਵਿਚ ਸਿਰ ਦਿੱਤਾ ਤਾਂ ਮੂੰਗਲੀਆਂ ਦਾ ਕੀ ਡਰ।" ਦੁੱਧ ਆ ਗਿਆ ਤੇ ਉਹ ਪੀ ਕੇ ਦੋਵੇਂ ਦੋਸਤ ਆਪਣੇ ਕਾਰ-ਵਿਹਾਰ 'ਤੇ ਚਲੇ ਗਏ ਤੇ ਕਰਮ ਸਿੰਘ ਆਪਣੇ ਸਾਥੀਆਂ ਨਾਲ ਫ਼ੌਜਦਾਰ ਨਾਲ ਕਰਨ ਵਾਲੀ ਗੱਲ-ਬਾਤ ਦੀ ਰੂਪ-ਰੇਖਾ ਤਿਆਰ ਕਰਨ ਵਿਚ ਜੁੱਟ ਗਿਆ।

12

ਸਵੇਰੇ ਸਵੇਰੇ ਪਾਠ ਤੋਂ ਵਿਹਲੇ ਹੋ ਕੇ ਤੇ ਕੀਰਤਨ ਪਿੱਛੋਂ ਅੰਨ ਪਾਣੀ ਛਕ ਕੇ ਜਲੰਧਰ ਜਾਣ ਲਈ ਸਾਰੇ ਤਿਆਰ ਹੋ ਗਏ। ਕਿੱਕਰ ਸਿੰਘ ਤੇ ਕਸਤੂਰ ਸਿੰਘ ਦੀ ਸਲਾਹ ਤੇ ਸੋਚ ਅਨੁਸਾਰ ਦਸ ਬੰਦੇ ਤਿਆਰ ਕੀਤੇ ਗਏ। ਪੰਜ ਸਿੰਘ ਸਨ, ਦੋ ਮੁਸਲਮਾਨ ਤੇ ਤਿੰਨ ਹਿੰਦੂ। ਇਨ੍ਹਾਂ ਸਾਰਿਆਂ ਨੂੰ ਘੋੜੇ ਦੇ ਕੇ ਨਾਲ ਜਾਣ ਲਈ ਬੁਲਾ ਲਿਆ ਗਿਆ। ਜਥੇ ਨਾਲ ਜਾਣ ਵਾਲਿਆਂ ਵਿਚੋਂ ਬਹੁਤਿਆਂ ਨੇ ਨਵੇਂ ਤੇ ਸੋਹਣੇ ਸੋਹਣੇ ਕੱਪੜੇ ਪਾ ਲਏ, ਜਿਵੇਂ ਕਦੇ ਕਿਸੇ ਵਿਆਹ 'ਤੇ ਜਾਣ ਲਈ ਬਣ ਫੱਬ ਕੇ ਨਿਕਲੀਦਾ ਹੈ। ਕਿੱਕਰ ਸਿੰਘ ਨੇ ਰਾਤ ਦੇ ਦੀਵਾਨ

ਵਿਚ ਇਹ ਸੁਝਾਅ ਦਿੱਤਾ ਸੀ ਕਿ ਦੁਆਬੇ ਦੇ ਫ਼ੌਜਦਾਰ ਨੂੰ ਜੇਕਰ ਸਿੰਘਾਂ ਦਾ ਦੁਆਬੇ ਦਾ ਜਥੇਦਾਰ ਮਿਲਣ ਜਾ ਰਿਹਾ ਹੈ ਤਾਂ ਉਸ ਦੀ ਠਾਠ-ਬਾਠ ਕਿਸੇ ਤਰ੍ਹਾਂ ਵੀ ਫ਼ੌਜਦਾਰ ਨਾਲੋਂ ਘੱਟ ਨਹੀਂ ਹੋਣੀ ਚਾਹੀਦੀ। ਦੂਜਾ ਉਹਦਾ ਸੁਝਾਅ ਸੀ ਕਿ ਸਾਰੀਆਂ ਜਾਤੀਆਂ ਦੇ ਪ੍ਰਤੀਨਿਧ ਨਾਲ ਜਾਣ ਦਾ ਪ੍ਰਭਾਵ ਵਧੇਰੇ ਹੋਏਗਾ। ਸਾਡਾ ਨਿਸ਼ਾਨਾ ਵੀ ਇਹੀ ਹੈ ਕਿ ਅਸੀਂ ਹਾਕਮ ਵਰਗ ਨੂੰ 'ਵੰਡੋ ਤੇ ਰਾਜ ਕਰੋ' ਦੀ ਨੀਤੀ 'ਤੇ ਨਹੀਂ ਚੱਲਣ ਦੇਣਾ। ਜਦ ਸਾਡੇ ਅੰਦੋਲਨ ਵਿਚ ਸਾਡੇ ਸੱਜੇ ਹੱਥ ਹਿੰਦੂ ਹਨ ਤੇ ਖੱਬੇ ਹੱਥ ਮੁਸਲਮਾਨ ਸਾਡੇ ਨਾਲ ਖੜੇ ਹਨ ਤਾਂ ਸਾਨੂੰ ਇਸ ਏਕਤਾ ਦਾ ਪ੍ਰਗਟਾਵਾ ਸਭ ਥਾਂ ਕਰਨਾ ਚਾਹੀਦਾ ਹੈ। ਇਸੇ ਪ੍ਰਗਟਾਏ ਵਿਚਾਰ ਨੂੰ ਸਵੀਕਾਰ ਕਰਦਿਆਂ ਸਵੇਰੇ ਦਸ ਬੰਦਿਆਂ ਦਾ ਜਥਾ ਜਲੰਧਰ ਜਾਣ ਲਈ ਤਿਆਰ ਹੋਇਆ।

ਸਵੇਰੇ ਸਿੰਘਾਂ ਦੇ ਟਿਕਾਣੇ ਵਾਲੀ ਹਵੇਲੀ 'ਤੇ ਹੀ ਇਕੱਠ ਹੋਇਆ। ਜਥੇਦਾਰ ਕਰਮ ਸਿੰਘ ਨੇ ਤੁਰਨ ਤੋਂ ਪਹਿਲਾਂ ਪਰਮਾਤਮਾ ਅੱਗੇ ਅਰਦਾਸ ਕੀਤੀ। ਕਰਤਾਰਪੁਰ ਦੇ ਹੋਰ ਵੀ ਬਹੁਤ ਸਾਰੇ ਲੋਕ ਹਵੇਲੀ ਦੇ ਬਾਹਰ ਤੇ ਅੰਦਰ ਦੇ ਇਸ ਦ੍ਰਿਸ਼ ਨੂੰ ਦੇਖਣ ਤੇ ਸੁਣਨ ਲਈ ਇਕੱਠੇ ਹੋ ਚੁੱਕੇ ਸਨ। ਜਦ ਜਥੇਦਾਰ ਕਰਮ ਸਿੰਘ ਨੇ ਅਰਦਾਸ ਵਿਚ ਇਹ ਮੰਗ ਕੀਤੀ ਕਿ ਸੱਚੇ ਪਾਤਸ਼ਾਹ ਮਨ ਨੀਵਾਂ ਤੇ ਬੁੱਧ ਉੱਚੀ ਦੀ ਦਾਤ ਬਖ਼ਸ਼ੀਂ ਤੇ ਲੋਕ-ਭਲਾਈ ਦੇ ਕਾਰਜਾਂ ਵਿਚ ਠੀਕ ਫ਼ੈਸਲੇ ਕਰਨ ਦੀ ਸੁਮੱਤ ਬਖ਼ਸ਼ੀਂ ਤਾਂ ਸੁਣਨ ਵਾਲਿਆਂ 'ਤੇ ਇਹਦਾ ਬਹੁਤ ਹੀ ਚੰਗਾ ਅਸਰ ਹੋਇਆ। ਅਖ਼ੀਰ 'ਤੇ ਜਦ ਉਹਨੇ ਅਰਦਾਸ ਵਿਚ ਆਖਿਆ, 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਤਾਂ ਉਥੇ ਮੌਜੂਦ ਹਿੰਦੂਆਂ ਮੁਸਲਮਾਨਾਂ ਦੇ ਮਨਾਂ ਵਿਚ ਜਥੇਦਾਰ ਕਰਮ ਸਿੰਘ ਅਤੇ ਸਿੱਖੀ ਬਾਰੇ ਸ਼ਰਧਾ ਤੇ ਪਿਆਰ ਭਰ ਗਿਆ। ਜੈਕਾਰਾ ਛੱਡ ਕੇ ਬੜੀ ਚੜ੍ਹਦੀ ਕਲਾ ਨਾਲ ਜਥਾ ਜਲੰਧਰ ਲਈ ਰਵਾਨਾ ਹੋਇਆ।

ਜਥੇਦਾਰ ਕਿੱਕਰ ਸਿੰਘ ਆਪ ਤਾਂ ਜਥੇ ਵਿਚ ਸ਼ਾਮਲ ਸੀ, ਪਰ ਉਹਨੇ ਸ. ਕਸਤੂਰ ਸਿੰਘ ਨੂੰ ਕਿਹਾ, "ਤੁਸੀਂ ਬਾਕੀ ਸਿੰਘਾਂ ਦਾ ਜਥਾ ਲੈ ਕੇ ਪਿੱਛੇ ਪਿੱਛੇ ਆ ਜਾਉ ਤੇ ਜਰਨੈਲੀ ਸੜਕ 'ਤੇ ਜਲੰਧਰ ਦੇ ਬਾਹਰਵਾਰ ਠਹਿਰ ਜਾਣਾ। ਜੇਕਰ ਸ਼ਾਂਤੀਪੂਰਵਕ ਸਾਰੀ ਗੱਲ-ਬਾਤ ਹੋ ਗਈ ਤਾਂ ਮੁੜਦੇ ਸਮੇਂ ਅਸੀਂ ਤੁਹਾਨੂੰ ਨਾਲ ਲੈ ਲਵਾਂਗੇ। ਜੇ ਕੋਈ ਗੜਬੜ ਹੋਈ ਤਾਂ ਤੁਹਾਨੂੰ ਸੂਚਨਾ ਭੇਜ ਦਿਆਂਗੇ, ਤੁਸੀਂ ਮੌਕੇ 'ਤੇ ਆ ਜਾਣਾ। ਅਸੀਂ ਖਿੰਗਰਾਂ ਵਾਲੇ ਦਰਵਾਜ਼ੇ ਰਾਹੀਂ ਦਾਖ਼ਲ ਹੋਵਾਂਗੇ ਤੇ ਫ਼ੌਜਦਾਰ ਦੀ ਹਵੇਲੀ ਵਰਗੇ ਕਿਲ੍ਹੇ ਤਕ ਪਹੁੰਚਾਂਗੇ। ਤੁਹਾਨੂੰ ਜੇਕਰ ਸੱਦਿਆ ਤਾਂ ਤੁਸੀਂ ਦੂਜੇ ਪਾਸਿਓਂ ਪਹੁੰਚਣਾ। ਲੜਾਈ ਵਿਚ ਅਜਿਹੇ ਪੈਂਤੜੇ ਮਹੱਤਵਪੂਰਨ ਹੁੰਦੇ ਹਨ।"

"ਦੂਜਾ ਰਾਹ ਕਿਹੜਾ ਏ?" ਕਸਤੂਰ ਸਿੰਘ ਨੇ ਪੁੱਛਿਆ।

"ਤੁਸੀਂ ਜਲੰਧਰ ਸ਼ਹਿਰ ਅੰਦਰ ਘੱਟ ਗਏ ਹੋ," ਕਿੱਕਰ ਸਿੰਘ ਨੇ ਦੱਸਿਆ, "ਤੁਸੀਂ ਮਾਈ ਹੀਰਾਂ ਦਰਵਾਜ਼ੇ ਰਾਹੀਂ ਸ਼ਹਿਰ ਵਿਚ ਦਾਖ਼ਲ ਹੋਣਾ ਤੇ ਸੌ ਕੁ ਗਜ਼ ਅੰਦਰ ਜਾ ਕੇ ਮੁੜ ਉਚਾਈ ਵੱਲ ਇਕ ਰਾਹ ਖੱਬੇ ਪਾਸੇ ਨਿਕਲਦਾ ਹੈ, ਉਹ ਸਿੱਧਾ ਫ਼ੌਜਦਾਰ ਦੇ ਕਿਲ੍ਹੇ ਵੱਲ ਹੀ ਜਾਂਦਾ ਏ।"

"ਤੁਹਾਡਾ ਮਤਲਬ ਏ ਕਿ ਜੇਕਰ ਸੰਕਟ ਦੀ ਘੜੀ ਆਈ ਤਾਂ ਫ਼ੌਜਦਾਰ ਤੁਹਾਡਾ ਰਾਹ ਉਸੇ ਪਾਸੇ ਰੋਕੇਗਾ, ਜਿਧਰੋਂ ਤੁਸੀਂ ਜਾਉਗੇ। ਦੂਜਾ ਪਾਸਾ ਖ਼ਾਲੀ ਹੋਏਗਾ ਤੇ ਸਾਨੂੰ ਉਥੇ ਤਕ ਪਹੁੰਚਣਾ ਸੌਖਾ ਹੋਏਗਾ," ਕਸਤੂਰ ਸਿੰਘ ਨੇ ਕਿਹਾ।

"ਬੜੀ ਸਾਵਧਾਨੀ ਨਾਲ ਰਹਿਣਾ ਪਵੇਗਾ," ਕਿੱਕਰ ਸਿੰਘ ਨੇ ਕਿਹਾ, "ਦੁਸ਼ਮਣ ਬਾਤ ਕਰੇ ਅਨਹੋਣੀ, ਇਹ ਫ਼ੌਜਦਾਰ ਕੋਈ ਸਾਡਾ ਮਿੱਤਰ ਨਹੀਂ। ਹਾਲਾਤ ਨਾਲ ਸਮਝੌਤਾ ਕਰਨ ਵਾਲਿਆਂ 'ਤੇ ਬਹੁਤਾ ਭਰੋਸਾ ਨਹੀਂ ਕੀਤਾ ਜਾ ਸਕਦਾ। ਅਸੀਂ ਪਹਿਲ ਨਹੀਂ ਕਰਨੀ। ਉਹਦੇ

ਗਲ ਬਦੋ-ਬਦੀ ਨਹੀਂ ਪੈਣਾ, ਪਰ ਜੇਕਰ ਉਹਨੇ ਸਾਡੇ ਜਥੇਦਾਰ ਦਾ ਨਿਰਾਦਰ ਕੀਤਾ ਜਾਂ ਉੱਚੀ-ਨੀਵੀਂ ਗੱਲ ਆਖੀ ਤਾਂ ਅਸੀਂ ਬਰਦਾਸ਼ਤ ਵੀ ਨਹੀਂ ਕਰਨਾ। ਅਜਿਹੀ ਸਥਿਤੀ ਵਿਚ ਆਪਾਂ ਮਾਰ ਨਹੀਂ ਖਾਣੀ, ਸਗੋਂ ਅਜਿਹੇ ਕਰਾਰੇ ਹੱਥ ਦੱਸਣੇ ਨੇ ਕਿ ਇਹ ਤਾਂ ਕੀ, ਹੋਰ ਹਾਕਮ ਵੀ ਅੱਗੋਂ ਖ਼ਾਲਸੇ ਨਾਲ ਟੱਕਰ ਲੈਣ ਤੋਂ ਸੰਕੋਚ ਕਰਨ।" ਅਸਲ ਵਿਚ ਜਥੇਦਾਰ ਕਰਮ ਸਿੰਘ ਨੇ ਇਨ੍ਹਾਂ ਦੋਹਾਂ ਸਿੰਘਾਂ ਨੂੰ ਜਥੇ ਦੇ ਮੀਤ ਜਥੇਦਾਰ ਥਾਪਿਆ ਹੋਇਆ ਸੀ ਤੇ ਇਨ੍ਹਾਂ ਨੂੰ ਅਧਿਕਾਰ ਸੀ ਕਿ ਇਹ ਸਥਿਤੀ ਦਾ ਨਿਰੀਖਣ ਕਰ ਕੇ ਆਪ ਵੀ ਕੋਈ ਫ਼ੈਸਲਾ ਲੈ ਸਕਦੇ ਸਨ। ਇਨ੍ਹਾਂ ਇਸ ਵਿਉਂਤ ਬਾਰੇ ਜਥੇਦਾਰ ਕਰਮ ਸਿੰਘ ਨੂੰ ਵੀ ਨਾ ਦੱਸਿਆ।

ਦਸ ਘੋੜ-ਸਵਾਰ ਜਲੰਧਰ ਸ਼ਹਿਰ ਵਿਚ ਦਾਖ਼ਲ ਹੋਏ। ਅੱਗੇ ਅੱਗੇ ਦੋਵੇਂ ਮੁਸਲਮਾਨ ਅੱਲਾ ਦਿੱਤਾ ਤੇ ਰਹੀਮ ਖ਼ਾਨ ਘੋੜਿਆਂ 'ਤੇ ਸਨ। ਉਨ੍ਹਾਂ ਪਿੱਛੇ ਦੋ ਸਿੰਘ ਘੋੜ ਸਵਾਰ, ਪਿੱਛੇ ਜਥੇਦਾਰ ਕਰਮ ਸਿੰਘ ਤੇ ਉਸ ਪਿੱਛੇ ਦੋ ਘੋੜ ਸਵਾਰ ਸਿੰਘ ਸਨ, ਪਿੱਛੇ ਤਿੰਨ ਹਿੰਦੂ ਸਨ। ਸਭ ਹੀ ਸ਼ਸਤਰਧਾਰੀ ਸਨ। ਮੁਸਲਮਾਨਾਂ ਨੇ ਤਾਂ ਬਰਛੇ ਚੁੱਕੇ ਹੋਏ ਸਨ। ਸਿੰਘਾਂ ਪਾਸ ਵੱਡੀਆਂ ਕਿਰਪਾਨਾਂ ਤੇ ਬਰਛੇ ਦੋਵੇਂ ਸਨ ਪਰ ਜਥੇਦਾਰ ਕਰਮ ਸਿੰਘ ਅਨੇਕਾਂ ਸ਼ਸਤਰਾਂ ਸਮੇਤ ਸੀ। ਉਹਦੇ ਗਾਤਰੇ ਵੱਡੀ ਕਿਰਪਾਨ ਸੀ, ਇਕ ਮੋਢੇ ਨਾਲ ਬੰਦੂਕ ਲਟਕ ਰਹੀ ਸੀ ਤੇ ਦੂਜੇ ਮੋਢੇ 'ਤੇ ਤੀਰਾਂ ਦਾ ਭੱਥਾ ਸੀ। ਪਿੱਛੇ ਆ ਰਹੇ ਹਿੰਦੂਆਂ ਪਾਸ ਡਾਂਗਾਂ ਤੇ ਟਕੂਏ ਸਨ। ਸਾਰੇ ਹੀ 20 ਤੋਂ 35 ਸਾਲਾਂ ਦੀ ਉਮਰ ਦੇ ਗੱਭਰੂ ਨੌਜਵਾਨ ਸਨ। ਸਾਰੇ ਸਿੰਘਾਂ ਦੀਆਂ ਕੰਡਾਂ 'ਤੇ ਢਾਲਾਂ ਵੀ ਬੰਨ੍ਹੀਆਂ ਹੋਈਆਂ ਸਨ।

ਜਲੰਧਰ ਸ਼ਹਿਰ ਵਿਚ ਰੌਲਾ ਪੈ ਗਿਆ। ਕਿਸੇ ਨੇ ਇਹ ਗੱਲ ਧੁਮਾ ਦਿੱਤੀ ਕਿ ਸਿੱਖਾਂ ਦਾ ਜਥਾ ਜਲੰਧਰ 'ਤੇ ਹਮਲਾ ਕਰ ਕੇ ਆ ਗਿਆ ਏ। ਇਤਨੇ ਘੋੜ ਸਵਾਰ ਤਾਂ ਫ਼ੌਜਦਾਰ ਜਾਂ ਦਿੱਲੀ ਸਰਕਾਰ ਦੇ ਹੀ ਲੋਕਾਂ ਦੇਖੇ ਸਨ, ਆਮ ਆਦਮੀਆਂ ਦੇ ਨਹੀਂ। ਦੂਜਾ ਬਹੁਤੇ ਜਲੰਧਰ ਸ਼ਹਿਰ ਵਾਸੀਆਂ ਨੇ ਪਹਿਲੀ ਵਾਰ ਸਿੰਘਾਂ ਦੇ ਦਰਸ਼ਨ ਕੀਤੇ ਸਨ। ਸਿੰਘ ਅਜਿਹੇ ਵੱਡੇ ਨਗਰਾਂ ਵਿਚ ਘੱਟ-ਵੱਧ ਹੀ ਆਉਂਦੇ ਸਨ। ਵੱਡੇ ਸ਼ਹਿਰਾਂ ਵਿਚ ਹਾਕਮ ਵਰਗ ਰਹਿੰਦਾ ਸੀ ਤੇ ਸਿੰਘਾਂ ਨਾਲ ਉਸ ਦੀ ਬਣਦੀ ਨਹੀਂ ਸੀ। ਲੋਕੀਂ ਕੁਝ ਤਾਂ ਇਨ੍ਹਾਂ ਨੂੰ ਦੇਖਣ ਲਈ ਬਾਹਰ ਰਸਤੇ ਦੇ ਨੇੜੇ ਆ ਗਏ, ਕੁਝ ਡਰਦੇ ਮਾਰੇ ਘਰਾਂ ਵਿਚ ਵੜ ਗਏ ਤੇ ਦਰਵਾਜ਼ੇ ਬੰਦ ਕਰ ਲਏ। ਜਿਹੜੇ ਘਰਾਂ ਵਿਚ ਜਾ ਵੜੇ, ਉਨ੍ਹਾਂ ਅੰਦਰ ਵੀ ਸਿੰਘਾਂ ਨੂੰ ਦੇਖਣ ਦੀ ਇੱਛਾ ਸੀ, ਇਸੇ ਲਈ ਕਈ ਆਪਣੇ ਕੋਠਿਆਂ 'ਤੇ ਚੜ੍ਹ ਗਏ।

ਉਸ ਸਮੇਂ ਸ਼ਹਿਰ ਦੀ ਹੱਦ ਮਾਈ ਹੀਰਾਂ ਦਰਵਾਜ਼ਾ ਤੇ ਉਧਰੋਂ ਖਿੰਗਰਾਂ ਵਾਲਾ ਦਰਵਾਜ਼ਾ ਹੀ ਸੀ। ਇਸ ਤੋਂ ਬਾਹਰ ਨਗਰ ਦੀ ਵੱਸੋਂ ਨਹੀਂ ਸੀ। ਸਿੰਘਾਂ ਦਾ ਇਹ ਜਥਾ ਖਿੰਗਰਾਂ ਵਾਲੇ ਦਰਵਾਜ਼ੇ ਜਦ ਪਹੁੰਚਿਆ ਤਾਂ ਫ਼ੌਜਦਾਰ ਦੇ ਆਦਮੀ ਅੱਗੇ ਸੁਆਗਤ ਕਰਨ ਲਈ ਆ ਗਏ। ਉਨ੍ਹਾਂ ਨੂੰ 'ਜੀ ਆਇਆਂ' ਕਹਿੰਦਿਆਂ ਸੁਣ ਕੇ ਅੱਲਾ ਦਿੱਤਾ ਨੇ ਕਿਹਾ, "ਦੇਖ ਲਉ, ਫ਼ੌਜਦਾਰ ਨੇ ਸੁਆਗਤ ਲਈ ਬੰਦੇ ਭੇਜ ਦਿੱਤੇ ਨੇ।"

ਉਹ ਬੰਦੇ ਅੱਗੇ ਅੱਗੇ ਚੱਲ ਕੇ ਕਿਲ੍ਹੇ ਦੇ ਮੁੱਖ ਦਵਾਰ ਤਕ ਲੈ ਆਏ। ਮੁੱਖ ਦਵਾਰ ਦਾ ਦਰਵਾਜ਼ਾ ਤਾਂ ਤੁਰਤ ਖੋਲ੍ਹ ਦਿੱਤਾ ਗਿਆ, ਪਰ ਫ਼ੌਜਦਾਰ ਦੇ ਅੰਗ ਰੱਖਿਅਕ ਫ਼ੌਜ ਦੇ ਮੁਖੀ ਨੇ ਅੱਗੇ ਹੋ ਕੇ ਕਿਹਾ, "ਇਥੇ ਨਿਯਮਾਂ ਅਨੁਸਾਰ ਹਥਿਆਰ ਅੱਗੇ ਲਿਜਾਣ ਦੀ ਆਗਿਆ ਨਹੀਂ, ਇਸ ਲਈ ਮਿਹਰਬਾਨੀ ਕਰ ਕੇ ਹਥਿਆਰ ਇਥੇ ਹੀ ਛੱਡ ਜਾਉ ਤੇ ਵਾਪਸੀ 'ਤੇ ਆ ਕੇ ਲੈ ਲੈਣੇ।"

"ਬਿਲਕੁਲ ਨਹੀਂ," ਜਥੇਦਾਰ ਕਰਮ ਸਿੰਘ ਨੇ ਆਪਣਾ ਘੋੜਾ ਅੱਗੇ ਕਰਦਿਆਂ ਆਖਿਆ, "ਅਸੀਂ ਆਪਣੇ ਹਥਿਆਰ ਇਥੇ ਜਮ੍ਹਾਂ ਕਰਾਉਣ ਲਈ ਬਿਲਕੁਲ ਤਿਆਰ ਨਹੀਂ।

ਸਾਨੂੰ ਇਹ ਹਥਿਆਰ ਹਰ ਸਮੇਂ ਆਪਣੇ ਅੰਗ-ਸੰਗ ਰੱਖਣ ਦੀ ਹਦਾਇਤ ਹੈ।"

"ਇਹ ਦਸਤੂਰ ਹੈ ਜਨਾਬ ਇਥੋਂ ਦਾ," ਅੰਗ ਰੱਖਿਅਕਾਂ ਦੇ ਮੁਖੀ ਨੇ ਮੁੜ ਦੁਹਰਾਇਆ, ਪਰ ਉਹਦੇ ਕਹਿਣ ਢੰਗ ਤੋਂ ਉਹਦੀ ਨਿੰਮ੍ਰਤਾ ਸਾਫ਼ ਪ੍ਰਗਟ ਹੋ ਰਹੀ ਸੀ। ਹਾਕਮਾਂ ਵਾਲਾ ਲਹਿਜਾ ਨਹੀਂ ਸੀ। ਜੇਕਰ ਉਹ ਕਿਸੇ ਸਾਧਾਰਨ ਨਾਗਰਿਕ ਨਾਲ ਗੱਲ ਕਰ ਰਿਹਾ ਹੁੰਦਾ ਤਾਂ ਉਹਦਾ ਤੌਰ ਤਰੀਕਾ ਹੀ ਹੋਰ ਹੁੰਦਾ। ਉਹਨੇ ਹੁਣ ਤਕ ਹਥਿਆਰ ਨਾ ਰੱਖਣ ਵਾਲਿਆਂ ਨੂੰ ਧੱਕੇ ਮਾਰ ਕੇ ਬਾਹਰ ਕੱਢ ਦੇਣਾ ਸੀ, ਪਰ ਉਹ ਜਾਣਦਾ ਸੀ ਕਿ ਇਹ ਵਿਸ਼ੇਸ਼ ਵਰਤਾਉ ਦੇ ਅਧਿਕਾਰੀ ਹਨ। ਜਾਪਦਾ ਸੀ ਕਿ ਫ਼ੌਜਦਾਰ ਨੇ ਹੀ ਉਹਨੂੰ ਅਜਿਹਾ ਕਰਨ ਲਈ ਆਖਿਆ ਹੋਇਆ ਸੀ। ਫ਼ੌਜਦਾਰ ਸਮਝਦਾ ਸੀ ਕਿ ਜੇਕਰ ਕਰਮ ਸਿੰਘ ਤੇ ਉਹਦੇ ਸਾਥੀਆਂ ਨੇ ਹਥਿਆਰ ਜਮ੍ਹਾਂ ਕਰਾ ਦਿੱਤੇ ਤਾਂ ਉਹ ਸਮਝੇਗਾ ਕਿ ਉਹ ਵੀ ਉਹਦੇ ਅੱਗੇ ਝੁਕਣ ਲਈ ਤਿਆਰ ਹਨ ਤੇ ਜੇਕਰ ਉਨ੍ਹਾਂ ਹਥਿਆਰ ਨਾ ਰੱਖੇ ਤਾਂ ਸਮਝ ਆ ਜਾਏਗੀ ਕਿ ਉਹ ਬਰਾਬਰ ਦੇ ਬਣ ਕੇ ਤਾਂ ਰਹਿਣ ਲਈ ਤਿਆਰ ਹਨ ਪਰ ਉਹ ਅਧੀਨ ਹੋ ਕੇ ਰਹਿਣਾ ਪ੍ਰਵਾਨ ਨਹੀਂ ਕਰਨਗੇ।

ਫ਼ੌਜਦਾਰ ਆਪਣੇ ਕਮਰੇ ਤੋਂ ਬਾਹਰ ਨਿਕਲ ਆਇਆ ਤੇ ਉਹਨੇ ਦੂਰੋਂ ਇਸ਼ਾਰਾ ਕੀਤਾ ਤੇ ਉਹਦੇ ਪਹਿਰੇਦਾਰਾਂ ਨੇ ਜ਼ਿਦ ਛੱਡ ਕੇ ਸ਼ਸਤਰਾਂ ਸਮੇਤ ਹੀ ਸਾਰਿਆਂ ਨੂੰ ਅੰਦਰ ਲੰਘ ਜਾਣ ਦਿੱਤਾ। ਇਹ ਸਾਰੇ ਘੋੜਿਆਂ ਤੋਂ ਉਤਰੇ ਤੇ ਘੋੜੇ ਉਥੇ ਨਿਸ਼ਚਿਤ ਥਾਂ 'ਤੇ ਛੱਡ ਕੇ ਫ਼ੌਜਦਾਰ ਕੋਲ ਪਹੁੰਚ ਗਏ, ਫ਼ੌਜਦਾਰ ਨੇ ਅੱਗੇ ਹੋ ਕੇ ਸੁਆਗਤ ਕੀਤਾ ਤੇ ਅੰਦਰ ਲੈ ਗਿਆ।

ਉਹਨੇ ਪਹਿਲਾਂ ਪੁੱਛਿਆ, "ਤੁਸੀਂ ਕਿਹੜੀ ਚੀਜ਼ ਖਾਣੀ ਪਸੰਦ ਕਰੋਗੇ?"

"ਬੜੀ ਮਿਹਰਬਾਨੀ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਅਸੀਂ ਸਵੇਰੇ ਖਾਣਾ ਖਾ ਕੇ ਚੱਲੇ ਸਾਂ। ਥੋੜ੍ਹਾ ਖਾਣਾ, ਸਾਦਾ ਖਾਣਾ ਤੇ ਘਰੋਂ ਖਾ ਕੇ ਤੁਰਨਾ ਸਾਡਾ ਨਿਯਮ ਬਣ ਗਿਆ ਹੈ।"

"ਫਿਰ ਵੀ, ਮੇਰੇ ਪਾਸ ਆਏ ਹੋ, ਕੁਝ ਤਾਂ ਖ਼ਿਦਮਤ ਦਾ ਮੌਕਾ ਦਿਓ," ਫ਼ੌਜਦਾਰ ਨੇ ਆਖਿਆ।

"ਅੱਛਾ ਫਿਰ ਕੁਝ ਫਲ ਮੰਗਵਾ ਲਉ," ਜਥੇਦਾਰ ਕਰਮ ਸਿੰਘ ਨੇ ਇਸ ਤਰ੍ਹਾਂ ਝੱਟ ਫ਼ੈਸਲਾ ਸੁਣਾ ਦਿੱਤਾ ਜਿਵੇਂ ਉਹ ਪਹਿਲਾਂ ਹੀ ਸੋਚ ਕੇ ਆਇਆ ਹੋਵੇ। ਇਹ ਵੀ ਉਨ੍ਹਾਂ ਦਾ ਬੜਾ ਸਿਆਣਪ ਭਰਿਆ ਨਿਰਣਾ ਸੀ, ਕਿਉਂਕਿ ਇਕ ਤਾਂ ਫਲਾਂ ਵਿਚ ਮਿਲਾਵਟ ਨਹੀਂ ਹੁੰਦੀ ਤੇ ਦੂਜਾ ਉਨ੍ਹਾਂ ਵਿਚ ਕੋਈ ਗੰਦ-ਮੰਦ ਜਾਂ ਮਾੜੀ ਚੀਜ਼ ਨਹੀਂ ਵਾੜੀ ਜਾ ਸਕਦੀ। ਜਿਹੜੇ ਬੰਦੇ ਸੁੱਚ-ਭਿੱਟ ਵਿਚ ਅਜੇ ਤਕ ਨਿਸਚਾ ਰੱਖਦੇ ਸਨ, ਉਨ੍ਹਾਂ ਨੂੰ ਵੀ ਫਲ ਖਾਣ ਵਿਚ ਕੋਈ ਪਰਹੇਜ਼ ਨਹੀਂ ਸੀ। ਫ਼ੌਜਦਾਰ ਦੇ ਇਸ਼ਾਰਾ ਕਰਨ ਦੀ ਦੇਰ ਸੀ, ਝੱਟ ਫਲ ਆ ਗਏ ਤੇ ਉਹ ਸਾਰਿਆਂ ਨੇ ਰਲ ਕੇ ਖਾ ਲਏ।

'ਦੱਸੋ ਜੀ, ਕਿਸ ਲਈ ਸਾਨੂੰ ਯਾਦ ਕੀਤਾ ਸੀ?" ਜਥੇਦਾਰ ਕਰਮ ਸਿੰਘ ਨੇ ਮਤਲਬ ਦੀ ਗੱਲ ਵੱਲ ਆਉਂਦਿਆਂ ਪਹਿਲਾ ਪ੍ਰਸ਼ਨ ਕਰ ਦਿੱਤਾ।

"ਕੁਝ ਨਹੀਂ, ਐਵੇਂ ਤੁਹਾਡੇ ਦਰਸ਼ਨ ਕਰਨੇ ਸਨ," ਫ਼ੌਜਦਾਰ ਕਰੀਮ ਬਖ਼ਸ਼ ਨੇ ਉੱਤਰ ਦਿੱਤਾ, "ਤੁਸੀਂ ਦੁਆਬੇ ਦੇ ਜਥੇਦਾਰ ਬਣ ਗਏ ਹੋ, ਤੁਹਾਨੂੰ ਮਿਲਣਾ ਇਸ ਲਈ ਵੀ ਜ਼ਰੂਰੀ ਸੀ।"

"ਤੁਸੀਂ ਤਾਂ ਪਹਿਲਾਂ ਦੇ ਮੈਨੂੰ ਯਾਦ ਕਰ ਰਹੇ ਸੀ," ਜਥੇਦਾਰ ਕਰਮ ਸਿੰਘ ਨੇ ਆਖਿਆ, "ਪਿਤਾ ਜੀ ਨੂੰ ਤੁਸੀਂ ਕਈ ਵਾਰ ਸੱਦਿਆ ਤੇ ਮੈਨੂੰ ਪੇਸ਼ ਕਰਨ ਲਈ ਹਦਾਇਤ ਕੀਤੀ, ਸੋ ਮੈਂ ਹਾਜ਼ਰ ਹਾਂ, ਦੱਸੋ ਕੀ ਗੱਲ ਕਰਨੀ ਹੈ?"

"ਉਸ ਵੇਲੇ ਗੱਲ ਹੋਰ ਸੀ," ਫ਼ੌਜਦਾਰ ਕਰੀਮ ਬਖ਼ਸ਼ ਨੇ ਥੋੜ੍ਹੀ ਜਿਹੀ ਬਨਾਉਟੀ

ਮੁਸਕਰਾਹਟ ਚਿਹਰੇ 'ਤੇ ਲਿਆਉਂਦਿਆਂ ਕਿਹਾ, "ਦਿੱਲੀ ਤੇ ਲਾਹੌਰ ਤੋਂ ਹਕੂਮਤ ਮੈਨੂੰ ਝਾੜ ਰਹੀ ਸੀ ਕਿ ਮੈਂ ਦੁਆਬੇ ਵਿਚ ਸਿੰਘਾਂ 'ਤੇ ਕੜੀ ਨਜ਼ਰ ਨਹੀਂ ਰੱਖ ਰਿਹਾ। ਮੈਨੂੰ ਵੀ ਕਾਰਵਾਈ ਪਾਣ ਲਈ ਕੁਝ ਕਰਨਾ ਪੈਂਦਾ ਸੀ। ਤੁਹਾਡਾ ਨਾਮ ਬਾਰ ਬਾਰ ਉਤੋਂ ਆਉਂਦਾ ਸੀ। ਇਸ ਲਈ ਮੈਂ ਤੁਹਾਡੇ ਪਿਤਾ ਜੀ ਨੂੰ ਵੀ ਤਕਲੀਫ਼ ਦਿੰਦਾ ਰਿਹਾ ਹਾਂ। ਹੁਣ ਉਹ ਦਬਾਅ ਵੀ ਘੱਟ ਗਿਆ ਹੈ। ਸਾਨੂੰ ਤਾਂ ਖ਼ੁਸ਼ੀ ਹੈ ਕਿ ਗੁਰੂ ਦਾ ਹਕੂਮਤ ਨਾਲ ਝਗੜਾ ਮੁੱਕ ਜਾਏ ਤੇ ਅਸੀਂ ਸਾਰੇ ਸ਼ਾਂਤੀ ਦੇ ਮਾਹੌਲ ਵਿਚ ਰਹੀਏ। ਹੁਣ ਬਾਦਸ਼ਾਹ ਸਲਾਮਤ ਬਹਾਦਰ ਸ਼ਾਹ ਨਾਲ ਗੁਰੂ ਜੀ ਦੀ ਗੱਲ ਮੁੱਕ ਗਈ ਏ। ਸਾਡੀ ਤਾਂ ਪਹਿਲਾਂ ਵੀ ਤੁਹਾਡੇ ਨਾਲ ਕੋਈ ਲੜਾਈ ਨਹੀਂ ਸੀ।"

"ਵੱਡਿਆਂ ਦੀਆਂ ਗੱਲਾਂ ਵੱਡੇ ਜਾਣਨ, ਆਪਣਾ ਉਸ ਉੱਚ-ਪੱਧਰੀ ਨੀਤੀ ਬਣਾਣ ਜਾਂ ਬਦਲਣ ਵਿਚ ਕੋਈ ਹਿੱਸਾ ਨਹੀਂ। ਅਸੀਂ ਤਾਂ ਹੁਕਮੀ ਬੰਦੇ ਹਾਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਸਾਡਾ ਕਿਸੇ ਨਾਲ ਵੈਰ ਨਹੀਂ, ਕਿਸੇ ਨਾਲ ਦੁਸ਼ਮਣੀ ਨਹੀਂ। ਅਸੀਂ ਤਾਂ ਲੋਕਾਂ ਵਿਚ ਇਹੀ ਗੱਲ ਪਹੁੰਚਾ ਰਹੇ ਹਾਂ ਕਿ ਰੱਬ ਇਕ ਹੈ। ਹਿੰਦੂਆਂ ਮੁਸਲਮਾਨਾਂ ਜਾਂ ਸਿੱਖਾਂ ਦਾ ਰੱਬ ਵੱਖੋ ਵੱਖਰਾ ਨਹੀਂ। ਫਿਰ ਅਸੀਂ ਸਾਰੇ ਬੰਦੇ ਉਸੇ ਰੱਬ ਦੇ ਪੈਦਾ ਕੀਤੇ ਆਪਸ ਵਿਚ ਬਰਾਬਰ ਹਾਂ। ਕੋਈ ਮਨੁੱਖ ਜਨਮ ਜਾਂ ਜਾਤ ਕਰਕੇ ਵੱਡਾ ਜਾਂ ਛੋਟਾ ਨਹੀਂ। ਸਾਡਾ ਪ੍ਰਚਾਰ ਕੋਈ ਰਾਜਸੀ ਨਹੀਂ। ਸਾਨੂੰ ਸਿਆਸਤਦਾਨ ਗ਼ਲਤ ਸਮਝ ਰਹੇ ਹਨ। ਅਸੀਂ ਇਕ ਖ਼ੁਦਾ ਦੀ ਪ੍ਰਸਤਸ਼ ਤੇ ਲੋਕਾਂ ਵਿਚ ਕਿਰਤ ਕਰਨ ਦਾ ਪ੍ਰਚਾਰ ਕਰ ਰਹੇ ਹਾਂ। ਸਾਨੂੰ ਸਮਝ ਨਹੀਂ ਆਉਂਦੀ ਕਿ ਹਕੂਮਤ ਫਿਰ ਕਿਉਂ ਸਾਡੇ ਨਾਲ ਟਕਰਾ ਰਹੀ ਹੈ। ਕਿਉਂ ਸਾਡੇ ਤੋਂ ਡਰ ਰਹੀ ਹੈ।"

ਕੁਝ ਦੇਰ ਇਸ ਤਰ੍ਹਾਂ ਵਿਚਾਰ-ਵਟਾਂਦਰੇ ਪਿੱਛੋਂ ਫ਼ੌਜਦਾਰ ਨੇ ਕਿਹਾ, "ਮੇਰੀ ਤਜਵੀਜ਼ ਏ ਕਿ ਅਸੀਂ ਦੋਵੇਂ ਕੁਝ ਦੇਰ ਲਈ ਵੱਖਰੇ ਗੱਲ-ਬਾਤ ਕਰੀਏ। ਕਈ ਰਾਜ਼ ਦੀਆਂ ਗੱਲਾਂ ਤੁਹਾਡੇ ਨਾਲ ਕਰਨ ਵਾਲੀਆਂ ਹਨ। ਮਾਫ਼ ਕਰਨਾ, ਇਨ੍ਹਾਂ ਸਾਥੀਆਂ 'ਤੇ ਬੇ-ਇਤਬਾਰੀ ਨਹੀਂ ਕਰ ਰਿਹਾ, ਸਗੋਂ ਕਈ ਰਾਜ਼ ਸਿਰਫ਼ ਤੁਹਾਡੇ ਨਾਲ ਹੀ ਸਾਂਝੇ ਕੀਤੇ ਜਾ ਸਕਦੇ ਹਨ।"

"ਠੀਕ ਏ, ਇਹ ਸਾਰੇ ਬਾਹਰ ਚਲੇ ਜਾਂਦੇ ਹਨ," ਜਥੇਦਾਰ ਕਰਮ ਸਿੰਘ ਨੇ ਕਿਹਾ।

"ਨਹੀਂ, ਇਹ ਬਾਹਰ ਕਿਉਂ ਜਾਣ," ਫ਼ੌਜਦਾਰ ਨੇ ਆਖਿਆ, "ਮੇਰੇ ਬੰਦੇ ਇਨ੍ਹਾਂ ਕੋਲ ਬੈਠ ਕੇ ਗੱਲਾਂ ਕਰਨਗੇ, ਇਨ੍ਹਾਂ ਦੀ ਖ਼ਿਦਮਤ ਦੁੱਧ ਲੱਸੀ ਨਾਲ ਕਰਨਗੇ ਤੇ ਅਸੀਂ ਝੱਟ ਨਾਲ ਦੇ ਕਮਰੇ ਵਿਚ ਗੱਲ ਕਰ ਲਵਾਂਗੇ।"

ਦੋਵੇਂ ਉੱਠ ਕੇ ਫ਼ੌਜਦਾਰ ਦੇ ਇਸ਼ਾਰੇ ਨਾਲ ਦੱਸੇ ਕਮਰੇ ਵਿਚ ਚਲੇ ਗਏ ਤੇ ਕਮਰਾ ਅੰਦਰੋਂ ਬੰਦ ਕਰ ਲਿਆ। ਸਿੰਘਾਂ ਨੂੰ ਪਹਿਲਾਂ ਤਾਂ ਤੌਖ਼ਲਾ ਹੋਇਆ ਕਿ ਕਿਧਰੇ ਵੱਖਰੇ ਪਾਸੇ ਤੇ ਸਾਡੀਆਂ ਅੱਖਾਂ ਤੋਂ ਓਹਲੇ ਲਿਜਾ ਕੇ ਕੋਈ ਹੋਰ ਗੱਲ ਨਾ ਵਾਪਰੇ ਪਰ ਫਿਰ ਉਹਨਾਂ ਨੂੰ ਹੌਸਲਾ ਹੋ ਗਿਆ ਕਿ ਜਥੇਦਾਰ ਕਰਮ ਸਿੰਘ ਨਾਲ ਮਾੜਾ ਵਰਤਾਉ ਕਰਨਾ ਕੋਈ ਆਸਾਨ ਨਹੀਂ। ਅੱਲਾ ਦਿੱਤਾ ਨੇ ਕਿਹਾ, "ਵੇਖ ਲਉ, ਅਸੀਂ ਠੀਕ ਦੱਸਿਆ ਸੀ ਨਾ ਕਿ ਫ਼ੌਜਦਾਰ ਦਾ ਵਤੀਰਾ ਬਦਲਿਆ ਹੋਇਆ ਏ," ਫਿਰ ਉਹਨੇ ਹਿੰਦੂਆਂ ਨੂੰ ਸੰਬੋਧਨ ਕਰ ਕੇ ਕਿਹਾ, "ਤੁਸੀਂ ਤਾਂ ਪਹਿਲੀ ਵਾਰ ਲਾਭ ਚੰਦ ਜੀ ਦੇ ਨਾਲ ਆਏ ਸੀ, ਉਦੋਂ ਫ਼ੌਜਦਾਰ ਕਿਸ ਤਰ੍ਹਾਂ ਅੱਖਾਂ ਲਾਲ ਕਰ ਕੇ ਡਰਾਂਦਾ ਤੇ ਧਮਕਾਂਦਾ ਸੀ। ਅੱਜ ਉਹੀ ਕਹਿੰਦਾ ਏ ਕਿ ਉਦੋਂ ਉਹਨੂੰ ਉਤੋਂ ਆਈ ਹਦਾਇਤ 'ਤੇ ਮਜਬੂਰੀ ਸੀ। ਇਹ ਸਾਰੇ ਹਾਕਮ ਲੋਕ ਇਸੇ ਤਰ੍ਹਾਂ ਦੇ ਹੁੰਦੇ ਨੇ। ਪਹਿਲਾਂ ਅਗਲੇ ਨੂੰ ਧਰਕਾਂਦੇ ਨੇ ਤੇ ਜੇਕਰ ਕੋਈ ਇਨ੍ਹਾਂ ਤੋਂ ਨਾ ਧਰਕੇ ਤਾਂ ਆਪ ਧਰਕ ਜਾਂਦੇ ਨੇ।"

"ਜ਼ਰਾ ਹੌਲੀ ਗੱਲ ਕਰੋ," ਕਿੱਕਰ ਸਿੰਘ ਨੇ ਕਿਹਾ, "ਇਥੇ ਕੰਧਾਂ ਨੂੰ ਵੀ ਕੰਨ ਨੇ। ਕੀ ਪਤਾ ਕੌਣ ਤੇ ਕਿਥੋਂ ਤੁਹਾਡੀ ਗੱਲ ਸੁਣ ਰਿਹਾ ਏ।"

"ਸੁਣਦਾ ਏ ਤਾਂ ਸੁਣਦਾ ਰਹੇ, ਸਾਨੂੰ ਕਿਸੇ ਦਾ ਡਰ ਨਹੀਂ," ਰਹੀਮ ਖ਼ਾਨ ਨੇ ਕੋਲੋਂ ਕਿਹਾ, "ਸਾਡੀ ਫ਼ੌਜਦਾਰ ਨੇ ਬੜੀ ਬੇਇੱਜ਼ਤੀ ਕੀਤੀ ਸੀ। ਸਾਨੂੰ ਉਦੋਂ ਇਸਲਾਮ ਵਿਚ ਹੁੰਦਿਆਂ ਤੁਹਾਡੇ ਨਾਲ ਸਾਂਝ ਰੱਖਣ 'ਤੇ ਘੂਰਦਾ ਸੀ। ਇਹੀ ਉਦੋਂ ਤੁਹਾਨੂੰ ਸਿੱਖਾਂ ਨੂੰ ਕਾਫ਼ਰ ਕਹਿੰਦਾ ਸੀ।"

"ਇਹ ਕੱਚੇ ਰੰਗ ਦੇ ਰੰਗੇ ਹੁੰਦੇ ਨੇ," ਕਿੱਕਰ ਸਿੰਘ ਨੇ ਬੜੀ ਹੌਲੀ ਸੁਰ ਵਿਚ ਗੱਲ ਕਰਦਿਆਂ ਕਿਹਾ, "ਉਦੋਂ ਰੰਗ ਹੋਰ ਸੀ ਤੇ ਹੁਣ ਹੋਰ। ਉਦੋਂ ਜਿਸ ਘੋੜੇ 'ਤੇ ਸਵਾਰ ਸਨ, ਉਥੋਂ ਹੁਣ ਲੱਥੇ ਹੋਏ ਨੇ। ਗੁਰੂ ਮਹਾਰਾਜ ਦੀ ਬਾਦਸ਼ਾਹ ਨਾਲ ਗੱਲ-ਬਾਤ ਹੋ ਜਾਣ ਪਿੱਛੋਂ ਇਨ੍ਹਾਂ ਦੀ ਕੀ ਮਜਾਲ ਏ, ਜੋ ਦੁਸ਼ਮਣਾਂ ਵਾਲੀ ਕੌਰੀ ਅੱਖ ਨਾਲ ਵੇਖ ਸਕਣ।"

"ਹੋ ਵੀ ਕਮਾਲ ਗਿਆ ਏ," ਇਕ ਹਿੰਦੂ ਭਗਵਾਨ ਦਾਸ ਬੋਲਿਆ, "ਗੁਰੂ ਮਹਾਰਾਜ ਨੇ ਬੜੇ ਚੰਗੇ ਮੌਕੇ ਦਿੱਲੀ ਪਹੁੰਚ ਕੇ ਤਖ਼ਤ ਲਈ ਭਰਾਵਾਂ ਦੀ ਲੜਾਈ ਵਿਚ ਬਹਾਦਰ ਸ਼ਾਹ ਦਾ ਸਾਥ ਦਿੱਤਾ ਏ। ਬਸ ਇਸ ਨਾਲ ਹੀ ਸਾਰੇ ਹਾਕਮਾਂ ਦੀ ਤੱਕਣੀ ਬਦਲ ਗਈ ਏ। ਹੁਣ ਜਦ ਗੁਰੂ ਮਹਾਰਾਜ ਵਾਪਸ ਪੰਜਾਬ ਆਏ ਤਾਂ ਦੇਖਣਾ ਇਨ੍ਹਾਂ ਹਾਕਮਾਂ ਨੇ ਹੀ ਅੱਗੇ ਹੋ ਕੇ ਸਲਾਮਾਂ ਕਰਨੀਆਂ ਨੇ।"

"ਇਹ ਤਾਂ ਦਿਸਦਾ ਈ ਪਿਆ ਏ," ਦੂਜਾ ਕੋਲੋਂ ਬੋਲ ਪਿਆ, "ਹਿੰਦੂ ਮੁਸਲਮਾਨ ਤਾਂ ਇਥੇ ਭਰਾਵਾਂ ਵਾਂਗ ਮਿਲ-ਜੁਲ ਕੇ ਰਹਿ ਰਹੇ ਹਨ। ਇਹ ਹਾਕਮ ਲੋਕ ਹੀ ਟਿਕਣ ਨਹੀਂ ਦਿੰਦੇ। ਧਰਮ ਨੂੰ ਤਾਂ ਇਹ ਆਪਣੀਆਂ ਹਕੂਮਤਾਂ ਤੇ ਰਾਜ-ਗੱਦੀਆਂ ਬਚਾਉਣ ਲਈ ਵਰਤ ਰਹੇ ਹਨ। ਲੋਕੀਂ ਹਨ ਕਿ ਬਿਲਕੁਲ ਹੀ ਅਨਜਾਣ ਤੇ ਬੁੱਧੂ, ਇਨ੍ਹਾਂ ਦੀਆਂ ਚਾਲਾਂ ਵਿਚ ਝੱਟ ਆ ਜਾਂਦੇ ਹਨ।"

ਦੂਜੇ ਕਮਰੇ ਵਿਚ ਬੈਠਦਿਆਂ ਫ਼ੌਜਦਾਰ ਕਰੀਮ ਬਖ਼ਸ਼ ਨੇ ਗੱਲ ਸ਼ੁਰੂ ਕੀਤੀ, "ਅੱਛਾ, ਹੁਣ ਗੁਰੂ ਸਾਹਿਬ ਕਦੋਂ ਦੇਸ਼ ਵਾਪਸ ਆ ਰਹੇ ਹਨ ?"

"ਮੈਂ ਪਹਿਲਾਂ ਹੀ ਤੁਹਾਨੂੰ ਦੱਸ ਚੁਕਿਆ ਹਾਂ ਕਿ ਸਾਨੂੰ ਕੁਝ ਪਤਾ ਨਹੀਂ, ਗੁਰੂ ਮਹਾਰਾਜ ਕਦੋਂ ਆ ਰਹੇ ਹਨ," ਜਥੇਦਾਰ ਕਰਮ ਸਿੰਘ ਨੇ ਕਿਹਾ।

"ਫਿਰ ਵੀ ਕੁਝ ਤਾਂ ਪਤਾ ਹੋਏਗਾ ?" ਫ਼ੌਜਦਾਰ ਨੇ ਜ਼ੋਰ ਦਿੰਦਿਆਂ ਕਿਹਾ, "ਮੇਰਾ ਖ਼ਿਆਲ ਹੈ ਕਿ ਬਾਦਸ਼ਾਹ ਸਲਾਮਤ ਦੇ ਨਾਲ ਹੀ ਦੱਖਣ ਤੋਂ ਮੁੜਨਗੇ, ਫਿਰ ਉਨ੍ਹਾਂ ਦੇ ਆਇਆਂ ਇਧਰ ਪੰਜਾਬ ਵਿਚ ਕਾਫ਼ੀ ਵੱਡੀਆਂ ਤਬਦੀਲੀਆਂ ਹੋਣਗੀਆਂ। ਕਈ ਫ਼ੌਜਦਾਰ ਤੇ ਚੌਧਰੀ ਬਦਲੇ ਜਾਣਗੇ। ਅਜਿਹੇ ਮੌਕੇ 'ਤੇ ਤੁਹਾਡੀ ਹਮਦਰਦੀ ਮੈਨੂੰ ਮਿਲ ਜਾਏ ਤਾਂ ਲਾਹੌਰ ਜਾਂ ਸਰਹੰਦ ਦਾ ਸੂਬਾ ਬਣ ਸਕਦਾ ਹਾਂ। ਇਥੋਂ ਦੇ ਦੂਜੇ ਸੂਬੇਦਾਰ ਮਹਾਰਾਜ ਵਿਰੁੱਧ ਜੰਗਾਂ ਕਰਦੇ ਰਹੇ ਹਨ। ਮੈਂ ਗੁਰੂ ਸਾਹਿਬ ਵਿਰੁੱਧ ਕਿਸੇ ਲੜਾਈ ਵਿਚ ਹਿੱਸੇਦਾਰ ਨਹੀਂ ਰਿਹਾ।"

ਹੁਣ ਕਰਮ ਸਿੰਘ ਨੂੰ ਸਾਰੀ ਗੱਲ ਸਮਝਦਿਆਂ ਦੇਰ ਨਾ ਲੱਗੀ ਕਿ ਕਿਉਂ ਫ਼ੌਜਦਾਰ ਉਨ੍ਹਾਂ ਵੱਲ ਵਤੀਰਾ ਬਦਲੀ ਬੈਠਾ ਹੈ। ਉਹਨੂੰ ਸਮਝ ਆ ਗਈ ਕਿ ਸਿੱਖਾਂ ਨਾਲ ਵੈਰ ਵਿਰੋਧ ਰੱਖ ਕੇ ਬਹੁਤੀ ਦੇਰ ਰਾਜ-ਗੱਦੀ ਨਹੀਂ ਸੰਭਾਲੀ ਜਾ ਸਕਦੀ। ਜੇਕਰ ਬਾਦਸ਼ਾਹ ਨੂੰ ਵੀ ਉਨ੍ਹਾਂ ਦੀ ਮਦਦ ਦੀ ਲੋੜ ਪੈ ਸਕਦੀ ਏ ਤਾਂ ਹੋਰ ਕੌਣ ਵਿਚਾਰਾ ਹੈ। ਸਾਰੀ ਗੱਲ ਸਮਝਣ ਪਿੱਛੋਂ ਜਥੇਦਾਰ ਕਰਮ ਸਿੰਘ ਨੇ ਕਿਹਾ, "ਦੇਖੋ ਜੀ, ਸਿੱਖਾਂ ਨੂੰ ਸਿਰਫ਼ ਇਹੀ ਚਾਹੀਦਾ ਏ ਕਿ ਹਕੂਮਤ ਲੋਕਾਂ ਨੂੰ ਜਬਰੀ ਆਪਣਾ ਧਰਮ ਵਿਸ਼ਵਾਸ ਬਦਲਣ ਲਈ ਮਜਬੂਰ ਨਾ ਕਰੇ। ਦੂਜਾ ਲੋਕਾਂ 'ਤੇ ਜਬਰ ਜ਼ੁਲਮ ਨਾ ਹੋਵੇ। ਜਿਹੜਾ ਹਾਕਮ ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖੇਗਾ, ਉਹਦੇ ਨਾਲ ਸਾਡੀ ਕੋਈ ਲੜਾਈ ਨਹੀਂ ਹੋਵੇਗੀ। ਅਸੀਂ ਉਹਦੀ ਹਕੂਮਤ ਲਈ ਕੋਈ ਖ਼ਤਰਾ ਨਹੀਂ ਬਣਨ ਲੱਗੇ। ਤੁਸੀਂ ਵੀ ਇਸ ਤਰ੍ਹਾਂ ਦੀ ਨੀਤੀ 'ਤੇ ਚਲੋ, ਅਸੀਂ ਜ਼ਰੂਰ ਤੁਹਾਡਾ ਸਾਥ ਦਿਆਂਗੇ।

ਜੇਕਰ ਤੁਸੀਂ ਜਨ-ਸਾਧਾਰਨ ਨੂੰ ਦੁਖੀ ਕੀਤਾ ਤਾਂ ਫਿਰ ਅਸੀਂ ਤਾਂ ਲੋਕਾਂ ਨਾਲ ਖੜੇ ਹੋਵਾਂਗੇ, ਤੁਹਾਡੇ ਨਾਲ ਨਹੀਂ।"

"ਦੇਖੋ ਜਥੇਦਾਰ ਸਾਹਿਬ! ਕੁਦਰਤ ਨੇ ਕੈਸਾ ਮੌਕਾ ਮੇਲ ਬਣਾਇਆ ਏ, ਇਕ ਪਾਸੇ ਤੁਸੀਂ ਦੁਆਬੇ ਦੇ ਜਥੇਦਾਰ ਬਣ ਕੇ ਆ ਗਏ ਹੋ ਤੇ ਦੂਜੇ ਪਾਸੇ ਮੈਨੂੰ ਖੁਦਾ ਨੇ ਇਥੋਂ ਦਾ ਫ਼ੌਜਦਾਰ ਬਣਾ ਦਿੱਤਾ ਏ। ਜੇਕਰ ਅਸੀਂ ਦੋਵੇਂ ਇਕ ਦੂਜੇ ਨਾਲ ਮਿਲ ਕੇ ਚੱਲੀਏ ਤੇ ਸਾਡੇ ਵਿਚ ਇਤਫ਼ਾਕ ਰਹੇ ਤਾਂ ਇਥੇ ਸਾਡੇ ਵਿਰੁੱਧ ਚਿੜੀ ਨਹੀਂ ਫਟਕ ਸਕਦੀ। ਬੱਸ, ਮੈਂ ਤਾਂ ਤੁਹਾਡੇ ਨਾਲ ਦੋਸਤੀ ਤੇ ਸਾਂਝ ਰੱਖਣ ਦਾ ਚਾਹਵਾਨ ਹਾਂ। ਆਸ ਹੈ ਕਿ ਤੁਸੀਂ ਵੀ ਦੋਸਤੀ ਦਾ ਹੱਥ ਵਧਾਉਗੇ।" ਫ਼ੌਜਦਾਰ ਬੜੀ ਲੰਮੀ ਗੱਲ ਇਸ ਵਿਸ਼ੇ 'ਤੇ ਕਰਨੀ ਚਾਹੁੰਦਾ ਸੀ, ਪਰ ਜਥੇਦਾਰ ਕਰਮ ਸਿੰਘ ਨੇ ਉਹਦੀ ਗੱਲ ਵਿਚੋਂ ਕੱਟ ਕੇ ਕਿਹਾ, "ਤੁਹਾਡੇ ਪ੍ਰਬੰਧ ਵਿਚ ਕਈ ਥਾਂ ਹਨੇਰ ਵਰਤ ਰਿਹਾ ਏ। ਅਸੀਂ ਇਸ ਤਰ੍ਹਾਂ ਦੀਆਂ ਗ਼ਲਤ ਗੱਲਾਂ ਵੱਲ ਅੱਖਾਂ ਨਹੀਂ ਮੀਟ ਸਕਦੇ।"

"ਕੋਈ ਮਿਸਾਲ ਤਾਂ ਦਿਉ," ਕਰੀਮ ਬਖ਼ਸ਼ ਫ਼ੌਜਦਾਰ ਨੇ ਪੁੱਛਿਆ।

"ਲਉ, ਮੈਂ ਤੁਹਾਨੂੰ ਦੱਸਦਾ ਹਾਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਅਜੇ ਪਿਛਲੇਰੇ ਮਹੀਨੇ ਦੀ ਗੱਲ ਏ, ਰਾਮ ਨਗਰ ਦੇ ਚੌਧਰੀ ਦੇ ਬੰਦਿਆਂ ਨੇ ਦੋ ਹਿੰਦੂ ਕੁੜੀਆਂ ਜਬਰੀ ਚੁੱਕ ਲਈਆਂ, ਜੋ ਕਰਤਾਰਪੁਰ ਤੋਂ ਦਿਆਲਪੁਰ ਨੂੰ ਜਾ ਰਹੀਆਂ ਸਨ। ਉਹ ਸਿੰਘਾਂ ਨੇ ਜਾ ਕੇ ਛੁਡਾ ਲਿਆਂਦੀਆਂ, ਪਰ ਚੌਧਰੀ ਦੇ ਬੰਦੇ ਜਾ ਕੇ ਧਮਕੀਆਂ ਦਿੰਦੇ ਨੇ ਕਿ ਉਹ ਛੱਡਣਗੇ ਨਹੀਂ। ਜੇਕਰ ਕੋਈ ਹਿੰਦੂ, ਸਿਖ ਜਾਂ ਮੁਸਲਮਾਨ ਟੱਬਰ ਇਸ ਤਰ੍ਹਾਂ ਦੀਆਂ ਧਮਕੀਆਂ ਤੋਂ ਹਾਕਮ ਵਰਗ ਦੀਆਂ ਜ਼ਿਆਦਤੀਆਂ ਦੇਖ ਕੇ ਘਰ-ਬਾਰ ਛੱਡ ਜਾਏ ਤਾਂ ਇਹ ਕਿਤਨੇ ਦੁੱਖ ਦੀ ਗੱਲ ਏ। ਹਕੂਮਤ ਵਿਚ ਬੈਠੇ ਲੋਕ ਭਾਵੇਂ ਇਹਨੂੰ ਗੰਭੀਰਤਾ ਨਾਲ ਨਾ ਲੈਣ ਪਰ ਅਸੀਂ ਤਾਂ ਅਜਿਹੀਆਂ ਘਟਨਾਵਾਂ ਦੇਖ ਸੁਣ ਕੇ ਚੁੱਪ ਨਹੀਂ ਰਹਿ ਸਕਦੇ।"

"ਮੈਂ ਅੱਜ ਹੀ ਇਸ ਵਾਕਿਆ ਦੀ ਪੜਤਾਲ ਕਰਾ ਕੇ ਚੌਧਰੀ ਨੂੰ ਕਰੜਾ ਦੰਡ ਦਿਆਂਗਾ," ਫ਼ੌਜਦਾਰ ਬੋਲਿਆ, ""ਤੁਸੀਂ ਮੇਰੀ ਮਦਦ ਕਰੋ, ਅਜਿਹੀ ਕੋਈ ਮਾੜੀ ਗੱਲ ਕਿਧਰੇ ਹੋਵੇ ਤਾਂ ਫ਼ੌਰਨ ਮੇਰੇ ਤਕ ਪਹੁੰਚਾਉ। ਮੈਂ ਇਨਸਾਫ਼ ਕਰਾਂਗਾ ਤੇ ਇਸ ਤਰ੍ਹਾਂ ਦੀ ਜ਼ਿਆਦਤੀ ਕਰਨ ਵਾਲੇ ਨੂੰ ਬਰਦਾਸ਼ਤ ਨਹੀਂ ਕਰਾਂਗਾ।"

"ਦਿਆਲਪੁਰ ਦੇ ਕਿਹੜੇ ਟੱਬਰ ਨਾਲ ਜ਼ਿਆਦਤੀ ਹੋਈ ਏ ?" ਫ਼ੌਜਦਾਰ ਨੇ ਪੁੱਛਿਆ।

"ਇਕ ਤਾਂ ਸ਼ਾਮੂ ਸ਼ਾਹ ਏ, ਦੂਜੇ ਦਾ ਨਾਮ ਮੈਨੂੰ ਨਹੀਂ ਪਤਾ। ਉਹ ਦਿਆਲਪੁਰੋਂ ਪਤਾ ਕੀਤਾ ਜਾ ਸਕਦਾ ਏ।"

"ਠੀਕ ਏ, ਮੈਂ ਪਤਾ ਕਰ ਲਵਾਂਗਾ," ਫ਼ੌਜਦਾਰ ਨੇ ਕਿਹਾ, "ਇਕ ਤਾਂ ਆਪਣੇ ਇਲਾਕੇ ਵਿਚ ਗੜਬੜ ਨਹੀਂ ਹੋਣੀ ਚਾਹੀਦੀ ਤੇ ਦੂਜਾ ਤੁਹਾਡੇ ਨਾਲ ਸਹਿਯੋਗ ਤੇ ਦੋਸਤੀ ਦਾ ਇੱਛਕ ਹਾਂ।" ਫ਼ੌਜਦਾਰ ਨੇ ਸਾਰੀ ਲੰਮੀ ਚੌੜੀ ਗੱਲ-ਬਾਤ ਦੇ ਅਖ਼ੀਰ 'ਤੇ ਮੁੜ ਕੇ ਕਿਹਾ।

"ਚਲੋ ਜੇਕਰ ਤੁਹਾਡਾ ਰੁਖ਼ ਸਾਡੇ ਵੱਲ ਤੇ ਲੋਕਾਂ ਵੱਲ ਠੀਕ ਰਿਹਾ ਤਾਂ ਅਸੀਂ ਵੀ ਸਮਾਂ ਆਉਣ 'ਤੇ ਤੁਹਾਡੇ ਕੰਮ ਆ ਸਕਦੇ ਹਾਂ," ਜਥੇਦਾਰ ਕਰਮ ਸਿੰਘ ਨੇ ਵੀ ਗੱਲ ਮੁਕਾਈ, "ਸਾਨੂੰ ਲੋਕਾਂ ਨੂੰ ਮਜ਼ਹਬ ਦੇ ਨਾਮ 'ਤੇ ਲੜਾਣਾ ਨਹੀਂ ਚਾਹੀਦਾ, ਹਰ ਕਿਸੇ ਨੂੰ ਆਪਣੇ ਧਰਮ ਵਿਸ਼ਵਾਸ ਅਨੁਸਾਰ ਰੱਬ ਦੀ ਪੂਜਾ ਜਾਂ ਬੰਦਗੀ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਤੁਸੀਂ ਜਾਣਦੇ ਹੀ ਹੋਵੋਗੇ ਕਿ ਗੁਰੂ ਤੇਗ ਬਹਾਦਰ ਸਾਡੇ ਫੁੱਫੜ ਵੀ ਲੱਗਦੇ ਸਨ। ਉਨ੍ਹਾਂ ਦੇ ਘਰੋਂ ਮਾਤਾ ਗੁਜਰੀ ਮੇਰੀ ਰਿਸ਼ਤੇਦਾਰੀ ਵਿਚੋਂ ਭੂਆ ਲੱਗਦੀ ਸੀ।"

"ਫਿਰ ਤਾਂ ਗੁਰੂ ਸਾਹਿਬ, ਤੁਹਾਡੇ ਭਰਾ ਲੱਗੇ," ਫ਼ੌਜਦਾਰ ਨੇ ਹੋਰ ਉਤਸੁਕਤਾ ਨਾਲ

ਪੁੱਛਿਆ। ਉਹਨੂੰ ਅੰਦਰੋਂ ਖ਼ੁਸ਼ੀ ਮਹਿਸੂਸ ਹੋਈ ਕਿ ਗੁਰੂ ਗੋਬਿੰਦ ਸਿੰਘ ਦਾ ਭਰਾ ਜੇਕਰ ਉਹਦੇ ਨਾਲ ਹੋ ਜਾਏ ਤਾਂ ਉਹ ਬਹਾਦਰ ਸ਼ਾਹ ਬਾਦਸ਼ਾਹ ਦੇ ਹੁੰਦਿਆਂ ਪੰਜਾਬ ਦਾ ਸਭ ਤੋਂ ਵੱਡਾ ਹਾਕਮ ਬਣ ਸਕਦਾ ਏ।

"ਭਰਾ ਦੀ ਰਿਸ਼ਤੇਦਾਰੀ ਤਾਂ ਬਹੁਤ ਛੋਟੀ ਗੱਲ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਉਹ ਤਾਂ ਸਾਡੇ ਗੁਰਦੇਵ ਹਨ। ਖ਼ਾਲਸਾ ਪੰਥ ਦੇ ਜਨਮ ਦਾਤਾ ਹਨ। ਉਨ੍ਹਾਂ ਸਾਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਏ। ਉਨ੍ਹਾਂ ਦੀ ਇਸ ਕ੍ਰਿਪਾ-ਦ੍ਰਿਸ਼ਟੀ ਸਦਕਾ ਹੀ ਅਸੀਂ ਚਿੜੀਆਂ ਵਰਗੇ ਮਨੁੱਖ ਜਾਬਰ ਬਾਜ਼ਾਂ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਏ ਹਾਂ। ਉਨ੍ਹਾਂ ਦੇ ਚਿਹਰੇ 'ਤੇ ਅਜਿਹਾ ਰੱਬੀ ਨੂਰ ਏ ਕਿ ਵੱਡੇ ਵੱਡੇ ਆਕੜਖ਼ਾਨ ਤੇ ਜਾਬਰ ਲੋਕ ਅੱਖ ਪੁੱਟ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਵੇਖ ਵੀ ਨਹੀਂ ਸਕਦੇ। ਮੈਂ ਉਨ੍ਹਾਂ ਨੂੰ ਭਰਾ ਨਹੀਂ, ਆਪਣਾ ਗੁਰਦੇਵ ਤੇ ਜਗਤ ਤਾਰਕ ਸਮਝਦਾ ਹਾਂ। ਉਹ ਵੀ ਰਿਸ਼ਤੇਦਾਰੀਆਂ ਦੇ ਚੱਕਰ ਤੇ ਮੋਹ ਵਿਚ ਨਹੀਂ ਪੈਂਦੇ। ਜਿਨ੍ਹਾਂ ਆਪਣੇ ਚਾਰੇ ਸਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ, ਉਹ ਹੋਰ ਕਿਸੇ ਰਿਸ਼ਤੇਦਾਰੀ ਨੂੰ ਕੀ ਮਹੱਤਤਾ ਦੇ ਸਕਦੇ ਹਨ।"

"ਅੱਛਾ, ਇਹ ਗੱਲ ਏ," ਫ਼ੌਜਦਾਰ ਬੋਲਿਆ, "ਜਦੋਂ ਵੀ ਉਹ ਪੰਜਾਬ ਆਏ, ਮੈਨੂੰ ਉਨ੍ਹਾਂ ਦੇ ਦਰਸ਼ਨ ਕਰਾਉਣੇ। ਇਹ ਤੁਹਾਡਾ ਦੋਸਤੀ ਵੱਜੋਂ ਫ਼ਰਜ਼ ਹੋਏਗਾ। ਰੱਬ ਦੇ ਅਜਿਹੇ ਨੂਰ ਦੇ ਦਰਸ਼ਨ ਕਰਨੇ ਤਾਂ ਜ਼ਰੂਰੀ ਹਨ, ਇਸ ਨਾਲੋਂ ਵੱਡਾ ਹੋਰ ਸੁਆਬ ਕੀ ਏ ?"

"ਜੋ ਭਾਗਾਂ ਵਿਚ ਹੋਇਆ," ਜਥੇਦਾਰ ਕਰਮ ਸਿੰਘ ਨੇ ਕੋਈ ਠੋਸ ਉੱਤਰ ਨਾ ਦਿੰਦਿਆਂ ਕਿਹਾ, "ਸਾਡੇ ਤਾਂ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਗੁਰੂ ਮਹਾਰਾਜ ਦੱਖਣ ਵੱਲ ਚਲੇ ਜਾਣਗੇ। ਉਹ ਤਾਂ ਔਰੰਗਜ਼ੇਬ ਨੂੰ ਮਿਲਣ ਜਾ ਰਹੇ ਸਨ, ਜਦੋਂ ਰਾਹ ਵਿਚ ਹੀ ਖ਼ਬਰ ਮਿਲ ਗਈ ਕਿ ਬਾਦਸ਼ਾਹ ਦੀ ਮੌਤ ਹੋ ਗਈ ਏ। ਗੁਰੂ ਮਹਾਰਾਜ ਦਿੱਲੀ ਚਲੇ ਗਏ ਤੇ ਅੱਗੋਂ ਬਹਾਦਰ ਸ਼ਾਹ ਨਾਲ ਮੇਲ-ਮਿਲਾਪ ਹੋ ਗਿਆ।"

"ਗੁਰੂ ਸਾਹਿਬ ਤੁਹਾਨੂੰ ਕਿਉਂ ਨਾ ਨਾਲ ਲੈ ਗਏ ?" ਫ਼ੌਜਦਾਰ ਨੇ ਪੁੱਛਿਆ, "ਅਸੀਂ ਤਾਂ ਹਰ ਕੰਮ ਵਿਚ ਆਪਣੇ ਭਰਾਵਾਂ ਤੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਅੱਗੇ ਰੱਖਦੇ ਹਾਂ। ਇਹੀ ਸਾਡੇ ਵਿਸ਼ਵਾਸ ਦੇ ਲੋਕ ਹੁੰਦੇ ਹਨ।"

"ਅਸੀਂ ਤਾਂ ਹੋਰ ਕੁਝ ਦੇਖ ਰਹੇ ਹਾਂ। ਜਿਹੜਾ ਵੀ ਮੁਗ਼ਲ ਬਾਦਸ਼ਾਹ ਬਣਦਾ ਏ, ਉਹਦੀ ਪਹਿਲਾਂ ਲੜਾਈ ਭਰਾਵਾਂ ਨਾਲ ਹੁੰਦੀ ਏ। ਭਰਾ ਮਾਰ ਕੇ ਹੀ ਰਾਜ ਸੰਭਾਲਦੇ ਹਨ। ਔਰੰਗਜ਼ੇਬ ਨੇ ਨਾ ਸਿਰਫ਼ ਭਰਾ ਮਾਰੇ, ਸਗੋਂ ਪਿਉ ਨੂੰ ਵੀ ਕੈਦ ਕੀਤੀ ਰੱਖਿਆ," ਜਥੇਦਾਰ ਨੇ ਰਾਜ-ਗਰਦੀ ਵਿਚ ਭਰਾ-ਮਾਰੂ ਜੰਗ ਦੀਆਂ ਕਈ ਘਟਨਾਵਾਂ ਇਕੋ ਸਾਹੇ ਸੁਣਾ ਦਿੱਤੀਆਂ ਤੇ ਮੁੜ ਕਿਹਾ, "ਮੈਂ ਪਹਿਲਾਂ ਤੁਹਾਨੂੰ ਦੱਸਿਆ ਏ ਕਿ ਗੁਰੂ ਮਹਾਰਾਜ ਦਾ ਜਿਵੇਂ ਹੁਕਮ ਹੋਵੇ, ਜਿਸ ਨੂੰ ਚਾਹੁਣ, ਨਾਲ ਸੇਵਾ ਲਈ ਲਿਜਾ ਸਕਦੇ ਨੇ। ਉਂਝ ਵੀ ਮੈਂ ਦੁਆਬੇ ਆਇਆ ਸਾਂ, ਜਦੋਂ ਉਹ ਪਿੱਛੋਂ ਚਲੇ ਗਏ। ਜੇਕਰ ਮੈਂ ਉਸ ਵੇਲੇ ਸਾਬੋ ਕੀ ਹੁੰਦਾ ਤਾਂ ਸ਼ਾਇਦ ਮੇਰੀ ਸੇਵਾ ਵੀ ਨਾਲ ਲੱਗ ਜਾਂਦੀ। ਉਨ੍ਹਾਂ ਸਾਹਮਣੇ ਮੇਰਾ ਭਰਾ ਹੋਣਾ ਕੋਈ ਮਹੱਤਵ ਨਹੀਂ ਰੱਖਦਾ।"

"ਅੱਛਾ, ਫਿਰ ਕਦੇ ਕਦੇ ਮਿਲਦੇ ਰਹਿਣਾ," ਫ਼ੌਜਦਾਰ ਨੇ ਕਿਹਾ, "ਮੈਂ ਵੀ ਜਦੋਂ ਕਰਤਾਰਪੁਰ ਵੱਲ ਆਇਆ ਤਾਂ ਤੁਹਾਡੇ ਘਰ ਵੀ ਆਵਾਂਗਾ, ਪਰ ਇਕ ਗੱਲ ਏ ਤੁਸੀਂ ਮੈਨੂੰ ਕਰਤਾਰਪੁਰ ਆਉਣ ਦਾ ਸੱਦਾ ਹੀ ਨਹੀਂ ਦਿੱਤਾ।"

"ਮੇਰਾ ਆਪਣਾ ਪਤਾ ਨਹੀਂ, ਕਿੰਨਾ ਕੁ ਚਿਰ ਕਰਤਾਰਪੁਰ ਵਿਚ ਹਾਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਹੋ ਸਕਦਾ ਏ ਕਿ ਛੇਤੀ ਸੱਦਾ ਆ ਜਾਏ ਤੇ ਮੈਂ ਸਾਬੋ ਕੀ ਚਲਾ ਜਾਵਾਂ। ਜੇਕਰ ਉਥੇ ਨਾ ਗਿਆ ਤਾਂ ਦੁਆਬੇ ਵਿਚ ਕਿਧਰੇ ਤੁਰ ਫਿਰ ਕੇ ਸਮਾਂ ਗੁਜ਼ਾਰਾਂਗਾ।

ਮੇਰਾ ਚਿੱਤ ਕਰਦਾ ਏ ਕਿ ਅਨੰਦਪੁਰ ਵੱਲ ਚੱਕਰ ਲਾਵਾਂ। ਜਦੋਂ ਦੇ ਗੁਰੂ ਮਹਾਰਾਜ ਉਥੋਂ ਗਏ ਨੇ, ਪਤਾ ਨਹੀਂ ਕੀ ਹਾਲ ਏ। ਆਖ਼ਰ ਅਨੰਦਪੁਰ ਵੀ ਦੁਆਬੇ ਦਾ ਹੀ ਇਕ ਹਿੱਸਾ ਏ, ਇਸ ਲਈ ਮੇਰੀ ਜ਼ਿੰਮੇਵਾਰੀ ਬਣਦੀ ਏ ਕਿ ਉਥੋਂ ਦੇ ਪ੍ਰਬੰਧ ਵੱਲ ਵੀ ਧਿਆਨ ਦਿਆਂ।"

"ਮੇਰੇ ਲਾਇਕ ਕੋਈ ਕੰਮ ਹੋਇਆ ਤਾਂ ਦੱਸਣਾ," ਫ਼ੌਜਦਾਰ ਨੇ ਪੇਸ਼ਕਸ਼ ਕੀਤੀ, "ਜੇਕਰ ਅਨੰਦਪੁਰ ਦੇ ਢੱਠੇ ਮਕਾਨ ਮੁੜ ਖੜੇ ਕਰਨੇ ਨੇ ਤਾਂ ਮੈਂ ਕੁਝ ਮਿਸਤਰੀ ਤੇ ਸਮਾਨ ਇਥੋਂ ਭੇਜ ਦਿਆਂਗਾ। ਨੇੜੇ ਦੇ ਭੱਠਿਆਂ ਤੇ ਮਾਲੀਆਂ ਨੂੰ ਕਹਿ ਦਿਆਂਗਾ ਕਿ ਉਹ ਇੱਟਾਂ ਪਕਾ ਕੇ ਤੁਹਾਨੂੰ ਪਹੁੰਚਾ ਦੇਣ।"

"ਤੁਹਾਡੀ ਮਿਹਰਬਾਨੀ," ਜਥੇਦਾਰ ਕਰਮ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ, "ਸਾਡਾ ਵਿਸ਼ਵਾਸ ਏ ਕਿ ਗੁਰੂ-ਘਰ ਵਿਚ ਹਰ ਉਸਾਰੀ ਸਿੱਖਾਂ ਦੀ ਕਿਰਤ ਕਮਾਈ ਤੇ ਹੱਥੀਂ ਸੇਵਾ ਨਾਲ ਹੀ ਹੋਣੀ ਚਾਹੀਦੀ ਏ। ਤੁਸੀਂ ਸੁਣਿਆ ਨਹੀਂ, ਜਦੋਂ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਨੂੰ ਅੰਮ੍ਰਿਤਸਰ ਵਾਲੀ ਜ਼ਮੀਨ ਦੇਣੀ ਚਾਹੀ ਤਾਂ ਗੁਰੂ ਮਹਾਰਾਜ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਉਹਦੀ ਥਾਂ ਉਨ੍ਹਾਂ ਇਥੇ ਜ਼ਮੀਨ ਮੁੱਲ ਖ਼ਰੀਦ ਕੇ ਨਗਰ ਵਸਾ ਲਿਆ। ਇਸੇ ਤਰ੍ਹਾਂ ਜਹਾਂਗੀਰ ਬਾਦਸ਼ਾਹ ਨੇ ਅਕਾਲ ਬੁੰਗੇ ਦੀ ਉਸਾਰੀ ਸਮੇਂ ਸਰਕਾਰੀ ਖ਼ਜ਼ਾਨੇ ਵਿਚੋਂ ਰਕਮ ਦੇਣੀ ਚਾਹੀ ਸੀ ਤਾਂ ਗੁਰੂ ਹਰਿਗੋਬਿੰਦ ਜੀ ਨੇ ਉਹ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਜੋ ਪੂਰਨੇ ਗੁਰੂ ਮਹਾਰਾਜ ਪਾ ਗਏ ਹਨ, ਅਸੀਂ ਉਨ੍ਹਾਂ ਦੇ ਉਲਟ ਕੁਝ ਨਹੀਂ ਕਰ ਸਕਦੇ, ਇਕ ਕਦਮ ਵੀ ਨਹੀਂ ਚੱਲ ਸਕਦੇ।"

ਚੰਗਾ, ਝੱਟ ਗੱਲ-ਬਾਤ ਕਰ ਕੇ ਇਕ ਦੂਜੇ ਨੂੰ ਸਮਝ ਕੇ ਦੋਵੇਂ ਬਾਹਰ ਆ ਗਏ ਤੇ ਸਾਰਾ ਜਥਾ ਫ਼ਤਹਿ ਬੁਲਾ ਕੇ ਘੋੜਿਆਂ 'ਤੇ ਸਵਾਰ ਹੋ ਕੇ ਵਿਦਾ ਹੋ ਗਿਆ। ਜਦ ਖਿੰਗਰਾਂ ਦਰਵਾਜ਼ੇ ਦੇ ਬਾਹਰ ਪਹੁੰਚੇ ਤਾਂ ਜਲੰਧਰ ਦੇ ਕਈ ਹਿੰਦੂ ਉਨ੍ਹਾਂ ਨੂੰ ਆ ਕੇ ਮਿਲ ਪਏ ਤੇ ਉਨ੍ਹਾਂ ਨੂੰ ਰੋਕ ਕੇ ਬੇਨਤੀ ਕੀਤੀ, "ਅਸੀਂ ਨਗਰ ਨਿਵਾਸੀ ਤੁਹਾਨੂੰ 'ਜੀ ਆਇਆਂ' ਕਹਿਣਾ ਚਾਹੁੰਦੇ ਹਾਂ, ਤੁਸੀਂ ਸਾਨੂੰ ਕੋਈ ਵਕਤ ਦਿਉ। ਜੇ ਅੱਜ ਹੀ ਆਖੋ ਤਾਂ ਅਸੀਂ ਹੁਣੇ ਇਕੱਠ ਕਰ ਸਕਦੇ ਹਾਂ।"

"ਅੱਜ ਤਾਂ ਇਕੱਠ ਦੀ ਲੋੜ ਨਹੀਂ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਪਹਿਲਾਂ ਤਾਂ ਤੁਸੀਂ ਕਿਸੇ ਸਿੰਘ ਨੂੰ ਜਲ ਪਾਣੀ ਵੀ ਪੁੱਛਣ ਤੋਂ ਡਰਦੇ ਸੀ। ਕਿਸੇ ਸਿੰਘ ਨੂੰ ਰਾਤ ਕੱਟਣ ਲਈ ਥਾਂ ਵੀ ਨਹੀਂ ਸੀ ਦਿੰਦੇ, ਪਰ ਹੁਣ ਤੁਸੀਂ ਦਿਨ ਦੇ ਚਾਨਣ ਵਿੱਚ ਸਾਨੂੰ 'ਜੀ ਆਇਆਂ' ਕਹਿਣਾ ਚਾਹੁੰਦੇ ਹੋ।"

"ਨਹੀਂ ਜੀ, ਇਹ ਗੱਲ ਨਹੀਂ," ਇਕ ਬਜ਼ੁਰਗ ਨੇ ਕਿਹਾ, "ਪਹਿਲਾਂ ਹਾਕਮਾਂ ਦੀ ਸਖ਼ਤੀ ਤੋਂ ਡਰਦੇ ਸਾਂ। ਹੁਣ ਜਦੋਂ ਹਾਕਮ ਵੀ ਤੁਹਾਨੂੰ ਮਿਲਣ ਲੱਗ ਪਏ ਨੇ, ਫਿਰ ਸਾਡੇ ਅੰਦਰ ਲੁਕੇ ਤੁਹਾਡੇ ਪਿਆਰ ਤੇ ਸਤਿਕਾਰ ਨੇ ਉਛਾਲਾ ਖਾਧਾ ਏ, ਅਸੀਂ ਵੀ ਤੁਹਾਡੇ ਨਾਲ ਝੱਟ ਮਿਲਣਾ ਚਾਹੁੰਦੇ ਹਾਂ।"

"ਚਲੋ ਫਿਰ ਕਿਸੇ ਦਿਨ ਮਿਲ ਬੈਠਾਂਗੇ," ਜਥੇਦਾਰ ਜੀ ਨੇ ਗੱਲ ਮੁਕਾਈ, "ਹੁਣ ਤੁਹਾਨੂੰ ਕੋਈ ਸ਼ਿਕਾਇਤ ਫ਼ੌਜਦਾਰ ਤੋਂ ਹੋਵੇ ਜਾਂ ਕੋਈ ਤੁਹਾਡੀ ਇੱਜ਼ਤ ਜਾਂ ਜਾਨ-ਮਾਲ 'ਤੇ ਹੱਥ ਪਾਏ ਤਾਂ ਕਰਤਾਰਪੁਰ ਮੈਨੂੰ ਪਤਾ ਦੇਣਾ, ਅਸੀਂ ਆਪੇ ਨਜਿੱਠ ਲਵਾਂਗੇ। ਇਕ ਗੱਲ ਯਾਦ ਰੱਖੋ, ਜੋ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਖੀ ਸੀ ਕਿ ਅਸੀਂ ਨਾ ਕਿਸੇ ਨੂੰ ਨਜਾਇਜ਼ ਡਰਾਉਣਾ ਏ ਤੇ ਨਾ ਹੀ ਕਿਸੇ ਦਾ ਅਯੋਗ ਡਰ ਆਪਣੇ ਅੰਦਰ ਰੱਖਣਾ ਏ।"

ਇਥੋਂ ਚੱਲ ਕੇ ਜਦ ਜਥਾ ਸ਼ਹਿਰ ਦੀ ਜੂਹ ਤੋਂ ਬਾਹਰ ਨਿਕਲਿਆ ਤਾਂ ਅੱਗੋਂ ਸਰਦਾਰ ਕਸਤੂਰ ਸਿੰਘ ਜਥੇ ਸਮੇਤ ਮਿਲ ਪਏ। ਉਨ੍ਹਾਂ ਫ਼ਤਹਿ ਬੁਲਾ ਕੇ ਬੜੀ ਉਤਸੁਕਤਾ ਨਾਲ

ਪੁੱਛਿਆ ਕਿ ਫ਼ੌਜਦਾਰ ਨਾਲ ਕੀ ਗੱਲ ਹੋਈ ਏ ? ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਸੜਕ 'ਤੇ ਰਾਹ ਜਾਂਦਿਆਂ ਨਾ ਪੂਰੀ ਗੱਲ ਹੋ ਸਕਦੀ ਏ ਤੇ ਨਾ ਕਰਨੀ ਚਾਹੀਦੀ ਏ, ਇਸ ਲਈ ਕਰਤਾਰਪੁਰ ਚੱਲ ਕੇ ਆਪਾਂ ਸਾਰੇ ਹਾਲਾਤ 'ਤੇ ਵਿਚਾਰ ਕਰਾਂਗੇ।"

13

ਜਥੇਦਾਰ ਕਰਮ ਸਿੰਘ ਨੂੰ ਇਕ ਦਿਨ ਕੁਝ ਵਧੇਰੇ ਹੀ ਗੰਭੀਰ ਤੇ ਸੋਚ ਵਿਚ ਡੁੱਬਾ ਦੇਖ ਕੇ ਪਿਤਾ ਲਾਭ ਚੰਦ ਨੇ ਪੁੱਛਿਆ, "ਕੀ ਗੱਲ ਏ ? ਮੇਰਾ ਜਥੇਦਾਰ ਪੁੱਤਰ ਅੱਜ ਕਿਨ੍ਹਾਂ ਸੋਚਾਂ ਵਿਚ ਡੁੱਬਾ ਹੋਇਆ ਏਂ ? ਕੋਈ ਨਵਾਂ ਸੰਕਟ ਉੱਠ ਖੜਾ ਹੋਇਆ ਏ ?"

"ਨਹੀਂ ਪਿਤਾ ਜੀ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਸੰਕਟ ਵਿਚ ਤਾਂ ਅਸੀਂ ਬਿਲਕੁਲ ਚਿੰਤਾ ਨਹੀਂ ਕਰਦੇ। ਸਾਡਾ ਵਿਸ਼ਵਾਸ ਹੁੰਦਾ ਏ ਕਿ ਜੇਕਰ ਅਸੀਂ ਸੱਚ 'ਤੇ ਪਹਿਰਾ ਦੇ ਰਹੇ ਹਾਂ ਤਾਂ ਨਿਸਚੇ ਹੀ ਝੂਠ ਨਾਲ ਲੜਾਈ ਵਿਚ ਜਿੱਤ ਅਖ਼ੀਰ ਸਾਡੀ ਹੀ ਹੋਵੇਗੀ।"

"ਫਿਰ ਸੋਚ ਕੀ ਰਹੇ ਹੋ ?" ਲਾਭ ਚੰਦ ਨੇ ਕੋਲ ਹੀ ਮੰਜੇ 'ਤੇ ਬੈਠਦਿਆਂ ਕਿਹਾ, "ਜਥੇ ਦੇ ਖ਼ਰਚੇ ਬਾਰੇ ਤਾਂ ਚਿੰਤਾਤੁਰ ਨਹੀਂ। ਇਹ ਬਿਲਕੁਲ ਨਹੀਂ ਸੋਚਣਾ। ਮੈਂ ਇਹਦਾ ਪ੍ਰਬੰਧ ਕਰਦਾ ਰਹਾਂਗਾ। ਧਨ ਕਾਹਦੇ ਲਈ ਹੁੰਦਾ ਏ। ਜਥਾ ਇਥੇ ਠਹਿਰਨ ਨਾਲ ਸਾਡਾ ਕਿਤਨਾ ਮਾਣ ਸਤਿਕਾਰ ਵੱਧ ਗਿਆ ਏ, ਸਾਰਾ ਇਲਾਕਾ ਜਾਣਦਾ ਏ ਕਿ ਹੁਣ ਤਾਂ ਫ਼ੌਜਦਾਰ ਵੀ ਸਾਨੂੰ ਆਪਣੇ ਬਰਾਬਰ ਦਾ ਸਮਝਣ ਲੱਗ ਪਿਆ ਏ।"

"ਪਿਤਾ ਜੀ, ਇਹ ਸਭ ਮਾਣ ਵਡਿਆਈ ਗੁਰੂ ਦੀ ਕ੍ਰਿਪਾ ਕਰਕੇ ਏ, ਇਸ ਵਿਚ ਸਾਡਾ ਕੁਝ ਵੀ ਨਹੀਂ," ਜਥੇਦਾਰ ਕਰਮ ਸਿੰਘ ਨੇ ਬੜੀ ਨਿਮਰਤਾ ਨਾਲ ਆਖਿਆ, "ਬਾਣੀ ਵਿਚ ਆਉਂਦਾ ਹੈ, 'ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ' ਸਾਨੂੰ ਉਸ ਸਰਬ ਸ਼ਕਤੀਮਾਨ ਪ੍ਰਭੂ ਨੂੰ ਯਾਦ ਰੱਖਦਿਆਂ ਹਰ ਕੰਮ ਕਰਨਾ ਚਾਹੀਦਾ ਹੈ ਤੇ ਕਿਸੇ ਕੰਮ ਦਾ ਹੰਕਾਰ ਨਹੀਂ ਨੇੜੇ ਆਉਣ ਦੇਣਾ ਚਾਹੀਦਾ।"

"ਮੈਨੂੰ ਤਾਂ ਗੁਰੂ ਮਹਾਰਾਜ ਦੇ ਨੇੜੇ ਰਹਿ ਕੇ ਉਹ ਕੁਝ ਸਿੱਖਣ ਤੇ ਸਮਝਣ ਦਾ ਮੌਕਾ ਨਹੀਂ ਮਿਲਿਆ ਜੋ ਤੁਸੀਂ ਕਈ ਕਈ ਮਹੀਨੇ ਸਾਥੋਂ ਦੂਰ ਰਹਿ ਕੇ ਸਿੱਖ ਆਏ ਹੋ," ਲਾਭ ਚੰਦ ਨੇ ਕਿਹਾ, "ਫਿਰ ਉਸ ਗੱਲ ਦਾ ਤਾਂ ਤੁਸੀਂ ਉੱਤਰ ਨਹੀਂ ਦਿੱਤਾ ਕਿ ਅੱਜ ਕਿਨ੍ਹਾਂ ਸੋਚਾਂ ਵਿਚ ਹੋ ?"

"ਮੈਂ ਤੁਹਾਡੇ ਨਾਲ ਗੱਲ ਕਰਨ ਤੋਂ ਸੰਕੋਚ ਕਰ ਰਿਹਾ ਸਾਂ," ਜਥੇਦਾਰ ਕਰਮ ਸਿੰਘ ਨੇ ਪਿਤਾ ਨਾਲ ਅਖ਼ੀਰ ਗੱਲ ਕਰ ਹੀ ਦਿੱਤੀ, "ਮੈਂ ਦਿਆਲਪੁਰੀਏ ਸ਼ਾਹ ਦੇ ਪਰਵਾਰ ਬਾਰੇ ਸੋਚ ਰਿਹਾ ਸਾਂ। ਉਹ ਕਿੱਥੇ ਚਲੇ ਗਏ ਹਨ ਤੇ ਕਿਸ ਤਰ੍ਹਾਂ ਉਨ੍ਹਾਂ ਨਾਲ ਹੋਏ ਧੱਕੇ ਨੂੰ ਦੂਰ ਕਰਵਾਇਆ ਜਾਏ। ਹੋਰ ਕਿਸੇ ਦੀ ਅਜਿਹੀ ਸਮੱਸਿਆ ਹੋਵੇ ਤਾਂ ਮੈਂ ਝੱਟ ਜਥਾ ਲੈ ਕੇ ਪਹੁੰਚ ਜਾਂਦਾ ਤੇ ਵੱਡੀ ਤੋਂ ਵੱਡੀ ਤਾਕਤ ਨਾਲ ਵੀ ਟੱਕਰ ਲੈਣ ਤੋਂ ਸੰਕੋਚ ਨਾ ਕਰਦਾ, ਪਰ ਇਥੇ ਮੇਰੇ ਨਾਲ ਉਨ੍ਹਾਂ ਦੀ ਰਿਸ਼ਤੇਦਾਰੀ ਦਾ ਭੁਲੇਖਾ ਲੱਗਾ ਹੋਇਆ ਏ। ਹੋਰ ਤੇ ਹੋਰ, ਮਾਂ ਜੀ ਵੀ ਠੀਕ ਨਹੀਂ ਸੋਚਦੇ। ਜਦ ਵੀ ਮੈਂ ਸ਼ਾਹ ਦੀ ਗੱਲ ਕਰਾਂ ਤਾਂ ਉਨ੍ਹਾਂ ਦੇ ਮਨ ਵਿਚ ਝੱਟ ਆ ਜਾਂਦਾ ਏ ਕਿ ਮੈਂ ਉਥੇ ਹੀ ਵਿਆਹ ਕਰਵਾਉਣਾ ਏ। ਇਸੇ ਤਰ੍ਹਾਂ ਜੇਕਰ ਜਥਾ ਵੀ ਇਹ ਸੋਚੇ ਕਿ ਮੈਂ ਆਪਣੀ ਖ਼ਾਤਰ ਉਨ੍ਹਾਂ ਨੂੰ ਕਿਸੇ ਝਗੜੇ ਵਿਚ ਵਰਤ ਰਿਹਾ ਹਾਂ ਤਾਂ ਕਿਤਨੀ

ਮਾੜੀ ਗੱਲ ਹੋਏਗੀ ?"

"ਤੁਸੀਂ ਸਭ ਨੂੰ ਦੱਸ ਦਿਉ ਕਿ ਤੁਹਾਡਾ ਉਥੇ ਰਿਸ਼ਤਾ ਟੁੱਟ ਚੁੱਕਾ ਏ," ਪਿਤਾ ਨੇ ਸੁਝਾਅ ਦਿੱਤਾ।

"ਮੈਂ ਅਜਿਹੀ ਕੱਚੀ ਗੱਲ ਨਹੀਂ ਕਰ ਸਕਦਾ," ਕਰਮ ਸਿੰਘ ਨੇ ਉੱਤਰ ਦਿੱਤਾ, "ਤੁਸੀਂ ਆਪ ਹੀ ਪਹਿਲਾਂ ਕਹਿੰਦੇ ਸੀ ਕਿ ਸ਼ਾਹ ਐਵੇਂ ਗੁੱਸੇ ਵਿਚ ਆ ਕੇ ਕਹਿ ਗਿਆ ਏ, ਅਜੇ ਉਹਦੀ ਆਖੀ ਗੱਲ ਨੂੰ ਪ੍ਰਗਟ ਨਹੀਂ ਕਰਨਾ। ਹੁਣ ਤੁਸੀਂ ਵਿਚਾਰ ਕਿਵੇਂ ਬਦਲ ਲਿਆ ਏ ਕਿ ਇਹਨੂੰ ਨਸ਼ਰ ਕਰ ਦਈਏ।"

"ਗੱਲ ਇਹ ਹੈ ਕਿ ਤੁਹਾਡੇ ਲਈ ਕਈ ਰਿਸ਼ਤੇ ਆਏ ਨੇ," ਲਾਭ ਚੰਦ ਨੇ ਦੱਸਿਆ, "ਕਈ ਤਾਂ ਗੱਲ ਕਰਨ ਤੋਂ ਇਸੇ ਲਈ ਝਿਜਕਦੇ ਨੇ ਕਿ ਤੁਹਾਡਾ ਰਿਸ਼ਤਾ ਦਿਆਲਪੁਰ ਹੋ ਚੁੱਕਿਆ ਏ, ਪਰ ਜਦੋਂ ਤੋਂ ਸ਼ਾਹ ਦੇ ਕਿਧਰੇ ਅਲੋਪ ਹੋ ਜਾਣ ਦੀ ਗੱਲ ਧੁੰਮੀ ਏ, ਕਈਆਂ ਨੇ ਮੈਨੂੰ ਪੁੱਛਿਆ ਏ। ਕਈ ਤਾਂ ਬੜੇ ਤਰੀਕੇ ਨਾਲ ਗੱਲ ਛੇੜਦੇ ਨੇ। ਸਿੱਧੀ ਗੱਲ ਕਰਨ ਦੀ ਥਾਂ ਪਹਿਲਾਂ ਪੁੱਛਦੇ ਨੇ, ਕਦੋਂ ਕਰਮ ਸਿੰਘ ਦਾ ਵਿਆਹ ਕਰ ਰਹੇ ਹੋ ? ਕਦੋਂ ਕੁ ਮਠਿਆਈ ਖੁਆਉਗੇ ? ਕਦੋਂ ਕੁ ਰੌਣਕਾਂ ਲੱਗਣਗੀਆਂ ? ਟੋਹਦੇ ਨੇ ਕਿ ਸ਼ਾਹ ਦੇ ਘਰ ਦਾ ਰਿਸ਼ਤਾ ਟੁੱਟ ਗਿਆ ਏ ਕਿ ਨਹੀਂ। ਕਰਤਾਰਪੁਰ ਵਿਚ ਕਈਆਂ ਨੂੰ ਤਾਂ ਉਸੇ ਦਿਨ ਦੀ ਖ਼ਬਰ ਏ ਕਿ ਸ਼ਾਹ ਰਿਸ਼ਤਾ ਤੋੜ ਗਿਆ ਏ ਪਰ ਲੋਕ ਸਾਡੇ ਮੂੰਹੋਂ ਸੁਣਨਾ ਚਾਹੁੰਦੇ ਨੇ। ਅਸੀਂ 'ਵਾਜ ਕੱਢੀ ਤਾਂ ਝੱਟ ਰਿਸ਼ਤੇ ਆਉਣੇ ਸ਼ੁਰੂ ਹੋ ਜਾਣਗੇ।"

"ਅੱਛਾ, ਅਜੇ ਤੁਸੀਂ ਚੁੱਪ ਰਹੋ," ਜਥੇਦਾਰ ਕਰਮ ਸਿੰਘ ਨੇ ਕਿਹਾ, "ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ। ਹਾਲਾਤ ਕਿਵੇਂ ਕਰਵੱਟ ਬਦਲਦੇ ਨੇ। ਗੁਰੂ ਮਹਾਰਾਜ ਦੇ ਦੱਖਣ ਤੋਂ ਮੁੜਨ ਪਿੱਛੋਂ ਸਥਿਤੀ ਸਪੱਸ਼ਟ ਹੋਏਗੀ। ਫਿਰ ਹੀ ਵਿਆਹ ਬਾਰੇ ਸੋਚਾਂਗੇ।"

ਇਤਨੇ ਵਿਚ ਕਿੱਕਰ ਸਿੰਘ ਤੇ ਕਸਤੂਰ ਸਿੰਘ ਦੋਵੇਂ ਆ ਗਏ, ਇਸ ਲਈ ਪਿਉ-ਪੁੱਤਰ ਦੀ ਗੱਲ-ਬਾਤ ਦਾ ਸਿਲਸਿਲਾ ਟੁੱਟ ਗਿਆ। ਕੁਦਰਤੀ ਸੀ, ਉਹ ਸਿੰਘਾਂ ਸਾਹਮਣੇ ਆਪਣੇ ਰਿਸ਼ਤੇ ਦੀ ਗੱਲ-ਬਾਤ ਕਿਸ ਤਰ੍ਹਾਂ ਜਾਰੀ ਰੱਖ ਸਕਦੇ ਸਨ। ਫ਼ਤਹਿ ਬੁਲਾ ਕੇ ਦੋਵੇਂ ਬੈਠ ਗਏ ਤੇ ਕਿੱਕਰ ਸਿੰਘ ਨੇ ਕਿਹਾ, "ਕਿਸ ਤਰ੍ਹਾਂ ਯਾਦ ਕੀਤਾ ਏ ਸਾਨੂੰ। ਹੁਣੇ ਤੁਹਾਡਾ ਸੁਨੇਹਾ ਪਹੁੰਚਿਆ ਤੇ ਅਸੀਂ ਕਿਹਾ ਕਿ ਹੁਣੇ ਚੱਲ ਕੇ ਗੱਲ ਕਰ ਆਉਂਦੇ ਹਾਂ। ਆਮ ਗੱਲ-ਬਾਤ ਲਈ ਤੁਸੀਂ ਵੀ ਹਵੇਲੀ ਵਿਚ ਆ ਜਾਂਦੇ, ਕੋਈ ਖ਼ਾਸ ਗੱਲ ਹੋਵੇਗੀ ਜਿਸ ਕਰਕੇ ਇਥੇ ਯਾਦ ਕੀਤਾ ਸੀ।"

"ਮੈਂ ਇਕ ਦੋ-ਚਿੱਤੀ ਵਿਚ ਸਾਂ," ਜਥੇਦਾਰ ਕਰਮ ਸਿੰਘ ਬੋਲਿਆ, "ਫ਼ੈਸਲਾ ਨਹੀਂ ਸੀ ਕਰ ਹੁੰਦਾ ਕਿ ਕੀ ਕਦਮ ਚੁੱਕਿਆ ਜਾਏ। ਦਿਆਲਪੁਰ ਦੇ ਸ਼ਾਹ ਦੀ ਸਮੱਸਿਆ ਸਾਹਮਣੇ ਹੈ। ਉਹਨੂੰ ਲੱਭ ਕੇ ਕਿਸ ਤਰ੍ਹਾਂ ਵਾਪਸ ਪਿੰਡ ਲਿਆਂਦਾ ਜਾਏ। ਫਿਰ ਉਹਨੂੰ ਧਮਕੀਆਂ ਦੇਣ ਵਾਲੇ ਚੌਧਰੀ ਨੂੰ ਕਿਸ ਤਰ੍ਹਾਂ ਸੋਧਿਆ ਜਾਏ। ਮੈਂ ਉਸ ਦਿਨ ਤੁਹਾਡੇ ਨਾਲ ਗੱਲ ਕਰਨੀ ਭੁੱਲ ਗਿਆ ਸਾਂ। ਫ਼ੌਜਦਾਰ ਨਾਲ ਵੀ ਸ਼ਾਹ ਦਾ ਮਾਮਲਾ ਛਿੜਿਆ ਸੀ ਤੇ ਉਹਨੇ ਵੀ ਚੌਧਰੀ ਵਿਰੁੱਧ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਸੀ। ਫ਼ੌਜਦਾਰ ਵੀ ਸ਼ਾਹ ਦੀ ਭਾਲ ਕਰਵਾਏਗਾ। ਜੇਕਰ ਫ਼ੌਜਦਾਰ ਤੋਂ ਪਹਿਲਾਂ ਅਸੀਂ ਇਹ ਮਸਲਾ ਹੱਲ ਕਰ ਲਈਏ ਤਾਂ ਇਲਾਕੇ ਵਿਚ ਇਹਦਾ ਚੰਗਾ ਅਸਰ ਹੋਏਗਾ।"

"ਤੁਹਾਡੀ ਸੋਚ ਬਿਲਕੁਲ ਠੀਕ ਏ," ਕਿੱਕਰ ਸਿੰਘ ਨੇ ਆਖਿਆ, "ਇਸ ਵੇਲੇ ਸਾਡੇ ਪਾਸਿਉਂ ਦੋ ਬੰਦੇ ਸ਼ਾਹ ਦੀ ਭਾਲ ਵਿਚ ਲੱਗੇ ਹੋਏ ਹਨ। ਇਕ ਤਾਂ ਦਿਆਲਪੁਰ ਦੇ ਇਬਰਾਹੀਮ ਨੂੰ ਅਸੀਂ ਇਹ ਕੰਮ ਸੌਂਪਿਆ ਸੀ। ਉਹਦੇ ਤੋਂ ਪਤਾ ਕਰਨਾ ਚਾਹੀਦਾ ਏ ਕਿ ਹੁਣ ਤਕ ਕੁਝ

ਪਤਾ ਲੱਗਾ ਏ ਕਿ ਨਹੀਂ। ਦੂਜਾ ਬੰਦਾ ਕਰਤਾਰਪੁਰ ਦਾ ਗੌਤਮ ਏ। ਇੰਞ ਕਰ ਲਊ, ਅਸੀਂ ਦੋਵੇਂ, ਮੈਂ ਤੇ ਕਸਤੂਰ ਸਿੰਘ ਦਿਆਲਪੁਰ ਹੋ ਆਉਂਦੇ ਹਾਂ ਤੇ ਤੁਹਾਨੂੰ ਆ ਕੇ ਸ਼ਾਮ ਤਕ ਦੱਸ ਦਿਆਂਗੇ ਕਿ ਉਥੇ ਕੀ ਹਾਲਾਤ ਏ ਤੇ ਸ਼ਾਹ ਦਾ ਕੁਝ ਪਤਾ ਲੱਗਾ ਏ ਕਿ ਨਹੀਂ। ਤੁਸੀਂ ਗੌਤਮ ਨੂੰ ਬੁਲਾ ਕੇ ਇਥੇ ਪੁੱਛ ਸਕਦੇ ਹੋ।"

"ਇਹ ਠੀਕ ਏ," ਤੁਰਤ ਹੀ ਜਥੇਦਾਰ ਕਰਮ ਸਿੰਘ ਨੇ ਫ਼ੈਸਲਾ ਦੇ ਦਿੱਤਾ, "ਤੁਸੀਂ ਬੇਸ਼ੱਕ ਆਪਣੇ ਨਾਲ ਹੋਰ ਸਿੰਘ ਵੀ ਲੈ ਜਾਉ। ਇਕ ਥਾਂ ਬੈਠੇ ਬੈਠੇ ਬੰਦੇ ਅੱਕ ਵੀ ਜਾਂਦੇ ਨੇ। ਇਸੇ ਬਹਾਨੇ ਤੁਰ ਫਿਰ ਆਉਣਗੇ।" ਦਿਲੋਂ ਜਥੇਦਾਰ ਕਰਮ ਸਿੰਘ ਇਸ ਸੁਝਾਅ 'ਤੇ ਬਹੁਤ ਖ਼ੁਸ਼ ਸੀ। ਉਹ ਆਪ ਦਿਆਲਪੁਰ ਨਹੀਂ ਸੀ ਜਾਣਾ ਚਾਹੁੰਦਾ। ਜਿਹੜੇ ਪਿੰਡ ਵਿਚ ਬੰਦੇ ਦਾ ਰਿਸ਼ਤਾ ਹੋ ਜਾਏ, ਉਥੇ ਵਿਆਹ ਤੋਂ ਪਹਿਲਾਂ ਚੱਕਰ ਮਾਰਨਾ ਜਾਂ ਕਿਸੇ ਹੋਰ ਬਹਾਨੇ ਜਾਣਾ ਵੀ ਕਈ ਨਵੇਂ ਭੁਲੇਖਿਆਂ ਨੂੰ ਜਨਮ ਦੇ ਸਕਦਾ ਹੈ। ਉਹਦੀ ਮਾਨਸਕ ਗੁੰਝਲ ਦਾ ਹੱਲ ਕਿੱਕਰ ਸਿੰਘ ਨੇ ਆਪ ਹੀ ਤਜਵੀਜ਼ ਦੇ ਕੇ ਕੱਢ ਦਿੱਤਾ।

ਘਰ ਸਾਗ ਤੇ ਮੱਕੀ ਦੀ ਰੋਟੀ ਤਿਆਰ ਹੋ ਰਹੀ ਸੀ। ਉਹ ਛਕ ਕੇ ਦੋਵੇਂ ਸਿੰਘ ਮੁੜ ਹਵੇਲੀ ਆ ਗਏ ਤੇ ਤਿੰਨ ਸਿੰਘ ਹੋਰ ਨਾਲ ਲੈ ਕੇ ਪੰਜਾਂ ਦਾ ਜਥਾ ਦਿਆਲਪੁਰ ਨੂੰ ਚੱਲ ਪਿਆ। ਕਰਤਾਰਪੁਰ ਤੇ ਦਿਆਲਪੁਰ ਵਿਚਕਾਰ ਕੋਈ ਬਹੁਤੀ ਦੂਰੀ ਨਹੀਂ ਸੀ, ਇਸ ਲਈ ਝੱਟ ਹੀ ਇਹ ਦਿਆਲਪੁਰ ਪਹੁੰਚ ਗਏ। ਉਥੋਂ ਇਨ੍ਹਾਂ ਇਬਰਾਹੀਮ ਦਾ ਘਰ ਪੁੱਛਿਆ, ਉਹਨੇ ਸਮਝਾਇਆ ਵੀ ਸੀ, ਜਦ ਉਹ ਮਿਲਿਆ ਸੀ। ਇਹ ਝੱਟ ਉਹਦੇ ਘਰ ਜਾ ਪਹੁੰਚੇ। ਮੁਸਲਮਾਨੀ ਵੱਸੋਂ ਵਾਲੇ ਖੇਤਰ ਵਿਚ ਸਿੰਘਾਂ ਦੇ ਘੋੜਿਆਂ ਦੀਆਂ ਟਾਪਾਂ ਸੁਣ ਕੇ ਕਈ ਲੋਕ ਘਰਾਂ ਤੋਂ ਨਿਕਲ ਆਏ ਤੇ ਜਦੋਂ ਪਤਾ ਲੱਗਾ ਕਿ ਇਹ ਇਬਰਾਹੀਮ ਦਾ ਘਰ ਪੁੱਛ ਰਹੇ ਹਨ ਤਾਂ ਹੋਰ ਵੀ ਚਿੰਤਾ ਮਹਿਸੂਸ ਹੋਣ ਲੱਗੀ। ਅੱਗੇ ਕਦੇ ਸਿਖ ਨਾ ਤਾਂ ਇਸ ਤਰ੍ਹਾਂ ਮੁਸਲਮਾਨੀ ਪੱਤੀ ਵਿਚ ਆਏ ਸਨ ਤੇ ਨਾ ਕਦੇ ਕਿਸੇ ਮੁਸਲਮਾਨ ਦਾ ਘਰ ਪੁੱਛਿਆ ਸੀ।

ਇਬਰਾਹੀਮ ਦੇ ਘਰ ਅੱਗੇ ਘੋੜੇ ਜਾ ਖੜੇ ਹੋਏ। ਕੁੰਡਾ ਖੜਕਾਇਆ ਤੇ ਉਹਦੀ ਵਹੁਟੀ ਨੇ ਦਰਵਾਜ਼ੇ ਦੀ ਝੀਥ ਵਿਚੋਂ ਹੀ ਵੇਖ ਕੇ ਕਹਿ ਦਿੱਤਾ ਕਿ ਉਹ ਘਰ ਨਹੀਂ।

"ਖੇਤਾਂ ਵਿਚ ਗਿਆ ਹੋਇਆ ਏ ਜਾਂ ਕਿਧਰੇ ਬਾਹਰ ਹੈ," ਸਿੰਘਾਂ 'ਚੋਂ ਇਕ ਨੇ ਆਵਾਜ਼ ਦੇ ਕੇ ਪੁੱਛ ਲਿਆ।

"ਨਹੀਂ, ਹੈ ਤਾਂ ਪਿੰਡ ਵਿਚ ਹੀ," ਅੰਦਰੋਂ ਫਿਰ ਜਨਾਨਾ ਆਵਾਜ਼ ਆਈ, "ਹੁਣੇ ਆ ਜਾਏਗਾ।"

"ਠੀਕ ਏ," ਕਿੱਕਰ ਸਿੰਘ ਨੇ ਕਿਹਾ, "ਅਸੀਂ ਉਡੀਕ ਲੈਂਦੇ ਹਾਂ।" ਸਿੰਘਾਂ ਨੇ ਘੋੜੇ ਘਰ ਦੇ ਸਾਹਮਣੇ ਵੱਡੇ ਬੋਹੜ ਦੀ ਛਾਂ ਹੇਠ ਬੰਨ੍ਹ ਦਿੱਤੇ ਤੇ ਆਪ ਉਥੇ ਹੀ ਗੱਲਾਂ ਕਰਨ ਵਿਚ ਰੁੱਝ ਗਏ।

ਪਿੰਡ ਵਿਚ ਰੌਲਾ ਪੈ ਗਿਆ ਸੀ ਕਿ ਸਿੰਘ ਹਮਲਾ ਕਰ ਕੇ ਆ ਗਏ ਹਨ ਤੇ ਉਹ ਇਬਰਾਹੀਮ ਦਾ ਘਰ ਪੁੱਛ ਰਹੇ ਹਨ। ਇਬਰਾਹੀਮ ਕਿਸੇ ਦੋਸਤ ਮਿੱਤਰ ਦੇ ਘਰ ਵਿਚ ਸੀ ਤੇ ਉਹ ਘਰ ਪੱਤੀ ਦੇ ਦੂਜੇ ਪਾਸੇ ਸੀ। ਉਥੇ ਪਿੰਡ ਵਿਚ ਸਿੱਖਾਂ ਦੇ ਆਉਣ ਦੀ ਜਦ ਸੂਚਨਾ ਪਹੁੰਚੀ ਤਾਂ ਇਬਰਾਹੀਮ ਝੱਟ ਆਪਣੇ ਘਰ ਨੂੰ ਦੌੜਿਆ। ਰਾਹ ਵਿਚ ਉਹਨੂੰ ਕਈਆਂ ਨੇ ਰੋਕਿਆ ਕਿ ਉਹ ਘਰ ਨਾ ਜਾਏ। ਸਿਖ ਪਤਾ ਨਹੀਂ ਉਸ ਨਾਲ ਕੀ ਵਿਹਾਰ ਕਰਨਗੇ। ਸਿੱਖਾਂ ਬਾਰੇ ਹਾਕਮ ਵਰਗ ਤੇ ਮੌਲਵੀਆਂ ਨੇ ਅਜਿਹਾ ਪ੍ਰਚਾਰ ਕੀਤਾ ਹੋਇਆ ਸੀ ਕਿ ਉਹ ਮੁਸਲਮਾਨਾਂ ਦੇ ਵਿਰੁੱਧ ਹਨ। ਮੁਸਲਮਾਨਾਂ ਨੂੰ ਲੁੱਟ ਲਿਜਾਂਦੇ ਹਨ ਤੇ ਕਾਫ਼ਰ ਲੋਕ ਹਨ, ਪਰ ਇਬਰਾਹੀਮ ਜਾਣਦਾ ਸੀ ਕਿ ਸਿਖ ਕੌਣ ਹਨ? ਉਹਨੇ ਕਿਸੇ ਨੂੰ ਵੀ ਇਨ੍ਹਾਂ ਸਿੰਘਾਂ ਨਾਲ

ਹੋਈ ਆਪਣੀ ਪਹਿਲੀ ਗੱਲ-ਬਾਤ ਤੋਂ ਜਾਣੂੰ ਵੀ ਨਹੀਂ ਸੀ ਕਰਾਇਆ। ਇਸੇ ਲਈ ਜਿਥੇ ਹੋਰ ਲੋਕਾਂ ਦੇ ਚਿਹਰੇ ਤੋਂ ਸਾਫ਼ ਚਿੰਤਾ ਪੜ੍ਹੀ ਜਾ ਸਕਦੀ ਸੀ, ਉਥੇ ਇਬਰਾਹੀਮ ਖ਼ੁਸ਼ ਸੀ। ਉਹਦਾ ਰੰਗ ਢੰਗ ਹੀ ਹੋਰ ਸੀ। ਉਹ ਕਿਧਰੇ ਨਾ ਰੁਕਿਆ ਤੇ ਸਿੱਧਾ ਆ ਕੇ ਸਿੰਘਾਂ ਨੂੰ ਮਿਲਿਆ। ਲੋਕਾਂ ਨੇ ਕੋਠੇ 'ਤੇ ਚੜ੍ਹ ਕੇ ਦੇਖਿਆ ਜਾਂ ਮਕਾਨਾਂ ਦੀਆਂ ਝੀਥਾਂ ਵਿਚੋਂ ਝਾਕਿਆ, ਇਬਰਾਹੀਮ ਤਾਂ ਜੱਫੀਆਂ ਪਾ ਪਾ ਕੇ ਇਨ੍ਹਾਂ ਸਿੰਘਾਂ ਨੂੰ ਮਿਲ ਰਿਹਾ ਸੀ ਜਿਵੇਂ ਜੁਗਾਂ ਪੁਰਾਣੇ ਵਿਛੜੇ ਮਿੱਤਰ ਮਿਲਦੇ ਹਨ। ਜਿਨ੍ਹਾਂ ਨੇ ਪ੍ਰੀਤ ਮਿਲਣੀ ਦਾ ਦ੍ਰਿਸ਼ ਦੇਖਿਆ, ਉਨ੍ਹਾਂ ਅਨੁਭਵ ਕਰ ਲਿਆ ਕਿ ਇਹ ਇਬਰਾਹੀਮ ਦੇ ਜਾਣੂੰ ਹਨ। ਉਹਦੇ ਦੁਸ਼ਮਣ ਨਹੀਂ ਹੋ ਸਕਦੇ। ਦੁਸ਼ਮਣ ਕਦੇ ਇਸ ਤਰ੍ਹਾਂ ਨਹੀਂ ਗਲੇ ਮਿਲਿਆ ਕਰਦੇ।

ਇਬਰਾਹੀਮ ਨੇ ਆਪਣੇ ਘਰ ਦਾ ਦਰਵਾਜ਼ਾ ਖੁਲ੍ਹਵਾਇਆ ਤੇ ਝੱਟ-ਪਟ ਅੰਦਰ ਵਿਹੜੇ ਵਿਚ ਮੰਜੇ ਡਾਹ ਕੇ, ਉੱਤੇ ਚਾਦਰਾਂ ਵਿਛਾ ਕੇ ਸਿੰਘਾਂ ਨੂੰ ਬਿਠਾਇਆ। ਤ੍ਰੀਮਤ ਉਹਦੀ ਅੰਦਰ ਪਰਦੇ ਵਿਚ ਸੀ। ਉਹਨੂੰ ਗੁੱਸੇ ਨਾਲ ਕਹਿਣ ਲੱਗਾ, "ਤੈਨੂੰ ਮੈਂ ਦੱਸਿਆ ਹੋਇਆ ਸੀ ਕਿ ਸਿੰਘ ਕਦੇ ਵੀ ਆ ਸਕਦੇ ਹਨ। ਇਨ੍ਹਾਂ ਦੀ ਮੇਰੀ ਗ਼ੈਰ-ਹਾਜ਼ਰੀ ਵਿਚ ਖ਼ਾਤਰ ਕਰਨੀ ਹੋਵੇਗੀ, ਪਰ ਤੂੰ ਕੁੰਡਾ ਵੀ ਨਹੀਂ ਖੋਲ੍ਹਿਆ।"

"ਨਹੀਂ ਬਈ, ਸਾਡੇ ਆਉਣ 'ਤੇ ਪਤਨੀ ਨੂੰ ਇਉਂ ਗੁੱਸੇ ਨਹੀਂ ਹੋਣਾ," ਕਿੱਕਰ ਸਿੰਘ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਤੁਹਾਡੀਆਂ ਔਰਤਾਂ ਪਰਦੇ ਵਿਚ ਰਹਿੰਦੀਆਂ ਹਨ, ਪਰ ਸਾਡੀ ਇਸ ਭੈਣ ਨੇ ਸਾਨੂੰ ਦੱਸ ਦਿੱਤਾ ਸੀ ਕਿ ਤੁਸੀਂ ਕਿਧਰੇ ਬਾਹਰ ਨਹੀਂ ਗਏ, ਪਿੰਡ ਵਿਚ ਹੀ ਹੋ।"

"ਲੈ ਬਈ, ਸੁਣ ਲਿਆ ਈ, ਇਹ ਤੈਨੂੰ ਭੈਣ ਕਹਿ ਰਹੇ ਨੇ," ਇਬਰਾਹੀਮ ਨੇ ਕਿਹਾ, "ਕਦੇ ਭੈਣਾਂ ਆਪਣੇ ਭਰਾਵਾਂ ਤੋਂ ਵੀ ਇਉਂ ਪਰਦਾ ਕਰਦੀਆਂ ਨੇ," ਇਬਰਾਹੀਮ ਨੇ ਕਿਹਾ ਤੇ ਅੰਦਰ ਉਹਨੂੰ ਬਾਹਰ ਸੱਦਣ ਲਈ ਚਲਾ ਗਿਆ। ਅੱਗੋਂ ਉਹਦੀ ਤ੍ਰੀਮਤ ਨੇ ਕਿਹਾ, "ਹੁਣ ਝਾਕਾ ਪੈ ਗਿਆ ਏ। ਪਰਦਾ ਕਰ ਕੇ ਜਾਂਦਿਆਂ ਵੀ ਸ਼ਰਮ ਆਉਂਦੀ ਏ। ਠਹਿਰ ਕੇ ਮੈਂ ਆਪੇ ਬਾਹਰ ਆ ਜਾਵਾਂਗੀ। ਹੁਣ ਇਨ੍ਹਾਂ ਲਈ ਪਾਣੀ, ਲੱਸੀ, ਕੀ ਤਿਆਰ ਕਰਾਂ?"

ਇਬਰਾਹੀਮ ਬਾਹਰ ਆ ਗਿਆ। ਉਹਨੇ ਆ ਕੇ ਪੁੱਛਿਆ, "ਦੁੱਧ ਲਉਗੇ ਜਾਂ ਲੱਸੀ?"

"ਕਿਸੇ ਚੀਜ਼ ਦੀ ਲੋੜ ਨਹੀਂ," ਕਸਤੂਰ ਸਿੰਘ ਬੋਲਿਆ, "ਬੱਸ ਅਸੀਂ ਮਿਲਣ ਆਏ ਹਾਂ ਤੇ ਪੁੱਛਣ ਆਏ ਹਾਂ ਕਿ ਸ਼ਾਮੂ ਸ਼ਾਹ ਹੋਰੀਂ ਕਿਧਰ ਗਏ ਨੇ, ਕੁਝ ਪਤਾ ਲੱਗਾ?"

"ਹਾਂ, ਪਤਾ ਲੱਗਾ ਏ ਕਿ ਉਹ ਫਗਵਾੜੇ ਕਿਸੇ ਰਿਸ਼ਤੇਦਾਰ ਕੋਲ ਰਹਿ ਰਹੇ ਨੇ," ਇਬਰਾਹੀਮ ਨੇ ਦੱਸਿਆ, "ਕਿਤਨੇ ਦਿਨ ਤਾਂ ਕੋਈ ਸੋਅ ਹੀ ਨਹੀਂ ਲੱਗੀ, ਅਖ਼ੀਰ ਅਸੀਂ ਸ਼ਾਹ ਦੇ ਭਤੀਜਿਆਂ ਨੂੰ ਭੇਜਿਆ। ਉਹ ਕਈ ਰਿਸ਼ਤੇਦਾਰਾਂ ਪਾਸ ਗਏ ਤੇ ਅਖ਼ੀਰ ਉਨ੍ਹਾਂ ਹੀ ਆ ਕੇ ਦੱਸਿਆ ਏ ਕਿ ਸ਼ਾਹ ਜੀ ਟੱਬਰ ਸਮੇਤ ਫਗਵਾੜੇ ਆਪਣੇ ਸਹੁਰਿਆਂ 'ਚੋਂ ਕਿਸੇ ਦੇ ਘਰ ਰਹਿ ਰਹੇ ਹਨ।"

"ਕੋਈ ਪਤਾ ਲੱਗਾ ਕਿ ਕਿਸ ਦੇ ਘਰ ਨੇ। ਫਗਵਾੜੇ ਜਾ ਕੇ ਉਨ੍ਹਾਂ ਦਾ ਕਿਵੇਂ ਪਤਾ ਲੱਗੇਗਾ," ਕਿੱਕਰ ਸਿੰਘ ਨੇ ਪੁੱਛਿਆ।

"ਇਹ ਤਾਂ ਮੈਨੂੰ ਉਨ੍ਹਾਂ ਨਹੀਂ ਦੱਸਿਆ," ਇਬਰਾਹੀਮ ਨੇ ਉੱਤਰ ਦਿੱਤਾ, "ਹੁਕਮ ਕਰੋ ਤਾਂ ਮੈਂ ਉਨ੍ਹਾਂ ਦੇ ਭਤੀਜੇ ਨੂੰ ਬੁਲਾ ਲਵਾਂ। ਤੁਸੀਂ ਪੁੱਛ ਲਉ। ਸ਼ਾਇਦ ਤੁਹਾਨੂੰ ਦੱਸ ਦੇਣ। ਸਾਨੂੰ ਮੁਸਲਮਾਨ ਹੋਣ ਕਾਰਨ ਦੱਸਣ ਤੋਂ ਝਿਜਕਦੇ ਹੋਣਗੇ।"

"ਚਲੋ, ਕਿਸੇ ਨੂੰ ਭੇਜ ਕੇ ਬੁਲਾ ਲਉ," ਕਿੱਕਰ ਸਿੰਘ ਨੇ ਗੱਲ ਮੁਕਾਈ। ਇਬਰਾਹੀਮ ਨੇ ਬਾਹਰ ਨਿਕਲ ਕੇ ਗੁਆਂਢੀਆਂ ਦੇ ਇਕ ਮੁੰਡੇ ਨੂੰ ਹਿੰਦੂਆਂ ਦੀ ਪੱਤੀ ਵੱਲ ਭੇਜਿਆ।

ਅੰਦਰ ਆ ਕੇ ਉਹ ਕਹਿਣ ਲੱਗਾ, "ਤੁਸੀਂ ਦੱਸਿਆ ਨਹੀਂ, ਕੀ ਖਾਉਗੇ, ਕੀ ਪੀਉਗੇ?"

"ਜੋ ਘਰ ਵਿਚ ਏ," ਕਸਤੂਰ ਸਿੰਘ ਨੇ ਹੁਣ ਉੱਤਰ ਦਿੱਤਾ, "ਬਾਹਰੋਂ ਕਿਧਰੋਂ ਲੈਣ ਨਹੀਂ ਜਾਣਾ।"

"ਘਰ ਵਿਚ ਤਾਂ ਦੁੱਧ ਤੇ ਲੱਸੀ ਏ।"

"ਫਿਰ ਦੁੱਧ ਹੀ ਲੈ ਆਉ," ਕਸਤੂਰ ਸਿੰਘ ਬੋਲਿਆ।

ਉਹ ਦੁੱਧ ਦੀ ਗਰਮ ਹੋ ਰਹੀ ਕਾੜ੍ਹਨੀ ਚੁੱਕ ਲਿਆਇਆ। ਸ਼ੱਕਰ ਤੇ ਛੰਨੇ ਲਿਆ ਰੱਖੇ। ਸਿੰਘਾਂ ਨੇ ਆਪ ਹੀ ਦੁੱਧ ਪਾਇਆ ਤੇ ਸ਼ੱਕਰ ਰਲਾ ਕੇ ਪੀ ਲਿਆ।

"ਤੁਸੀਂ ਜੋ ਦੂਜਾ ਕੰਮ ਆਪਣੇ ਜ਼ਿੰਮੇ ਲਿਆ ਸੀ, ਉਸ ਦਾ ਕੀ ਕੀਤਾ ਜੇ?" ਕਿੱਕਰ ਸਿੰਘ ਨੇ ਪੁੱਛਿਆ, "ਕਿਤਨੇ ਕੁ ਗੱਭਰੂ ਨਾਲ ਰਲਾਏ ਜੇ? ਸ਼ਾਹ ਨੂੰ ਵਾਪਸ ਪਿੰਡ ਲਿਆਉਣ ਲਈ ਕੀ ਕੀਤਾ ਜੇ?"

"ਅਜੇ ਕੁਝ ਮੁਸ਼ਕਲਾਂ ਨੇ," ਇਬਰਾਹੀਮ ਨੇ ਦੱਸਿਆ, "ਇਕ ਤਾਂ ਬਦ-ਕਿਸਮਤੀ ਏ ਕਿ ਹਿੰਦੂ ਮੁਸਲਮਾਨ ਦੋਵੇਂ ਇਕ ਦੂਜੇ 'ਤੇ ਪੂਰਾ ਭਰੋਸਾ ਨਹੀਂ ਕਰਦੇ। ਇਕ ਜਿਹੜੇ ਧਰਮ ਦੇ ਠੇਕੇਦਾਰ ਨੇ, ਇਹ ਵੀ ਇਤਫ਼ਾਕ ਨਹੀਂ ਹੋਣ ਦਿੰਦੇ। ਨਿੱਤ ਕੋਈ ਨਾ ਕੋਈ ਸਿਆਪਾ ਖੜ੍ਹਾ ਕਰੀ ਰੱਖਦੇ ਨੇ। ਹੁਣ ਤੁਸੀਂ ਦੇਖ ਲਉ, ਮੈਨੂੰ ਸ਼ਾਹ ਦੇ ਭਤੀਜਿਆਂ ਨੇ ਉਹਦਾ ਪੂਰਾ ਪਤਾ-ਥਹੁ ਹੀ ਨਹੀਂ ਦਿੱਤਾ। ਮੈਨੂੰ ਤਾਂ ਇਹ ਵੀ ਨਹੀਂ ਸਮਝ ਆਈ ਕਿ ਸੱਚਮੁੱਚ ਸ਼ਾਮੂ ਸ਼ਾਹ ਫਗਵਾੜੇ ਵਿਚ ਏ ਜਾਂ ਐਵੇਂ ਉਹਦੇ ਰਿਸ਼ਤੇਦਾਰਾਂ ਨੇ ਟਰਕਾ ਦਿੱਤਾ ਏ।"

"ਇਧਰ ਮੁਸਲਮਾਨਾਂ ਦੀ ਪੱਤੀ ਵਿਚ ਕੀ ਹਾਲ ਏ?" ਕਿੱਕਰ ਸਿੰਘ ਦਾ ਅਗਲਾ ਸਵਾਲ ਸੀ, "ਫ਼ਜ਼ਲ ਅਲੀ ਸੁਣਿਆ ਏ, ਤੁਹਾਡੇ ਵਿਚੋਂ ਸਿਰ-ਕੱਢ ਏ।"

"ਇਹਦਾ ਮਤਲਬ ਏ ਕਿ ਤੁਸੀਂ ਸਾਰੀ ਜਾਣਕਾਰੀ ਰੱਖਦੇ ਹੋ," ਇਬਰਾਹੀਮ ਨੇ ਹੈਰਾਨੀ ਨਾਲ ਕਿਹਾ, "ਉਹ ਤਾਂ ਬਹੁਤ ਹੀ ਚੰਗਾ ਬੰਦਾ ਏ। ਉਹਦੇ ਨਾਲ ਦੇ ਫੱਤੂ, ਅਕਬਰ ਤੇ ਅਸਲਮ ਵੀ ਚੰਗੇ ਨੇ, ਪਰ ਪਿੰਡ ਵਿਚ ਉਨ੍ਹਾਂ ਵਿਰੁੱਧ ਵੀ ਇਕ ਤਕੜਾ ਧੜਾ ਉੱਠ ਬੈਠਾ ਏ। ਉਹ ਕਹਿੰਦੇ ਨੇ ਫ਼ਜ਼ਲ ਅਲੀ ਹਿੰਦੂਆਂ ਦਾ ਹਮਦਰਦ ਕਿਉਂ ਏ? ਕਾਫ਼ਰਾਂ ਨਾਲ ਸਾਂਝ ਨਹੀਂ ਰੱਖਣ ਦੇਣੀ। ਮੈਂ ਫ਼ਜ਼ਲ ਅਲੀ ਦੇ ਬੰਦਿਆਂ ਨਾਲ ਗੱਲ ਕੀਤੀ ਏ, ਉਹ ਸਾਡਾ ਸਾਥ ਦੇਣਗੇ। ਅਜੇ ਫ਼ਜ਼ਲ ਅਲੀ ਨਾਲ ਮੇਰੀ ਸਿੱਧੀ ਗੱਲ-ਬਾਤ ਨਹੀਂ ਹੋਈ।"

"ਸ਼ਾਬਾਸ਼, ਤੁਸੀਂ ਯਤਨ ਕਰਦੇ ਰਹੋ," ਕਿੱਕਰ ਸਿੰਘ ਨੇ ਉਹਦੀ ਪ੍ਰਸੰਸਾ ਕਰਦਿਆਂ ਕਿਹਾ, "ਅੱਜ ਅਸੀਂ ਸ਼ਾਹ ਦੇ ਭਤੀਜੇ ਵੀ ਤੁਹਾਡੇ ਨਾਲ ਜੋੜ ਦਿਆਂਗੇ। ਜੋ ਤਾਕਤ ਸਾਰਿਆਂ ਦੇ ਇਕੱਠੇ ਹੋਣ ਨਾਲ ਬਣਦੀ ਏ, ਉਹ ਆਪਸ ਵਿਚ ਪਾਟ ਕੇ ਰਿਹਾਂ ਨਹੀਂ ਬਣ ਸਕਦੀ।"

ਇਤਨੇ ਵਿਚ ਸ਼ਾਮੂ ਸ਼ਾਹ ਦੇ ਦੋ ਭਤੀਜੇ ਰਾਮ ਤੇ ਸ਼ਾਮ ਵੀ ਆ ਗਏ। ਉਨ੍ਹਾਂ ਨੇ ਆਉਂਦਿਆਂ ਸਿੰਘਾਂ ਦੇ ਜਥੇ ਅੱਗੇ ਹੱਥ ਜੋੜੇ ਤੇ ਕਿੱਕਰ ਸਿੰਘ ਦੇ ਪੈਰੀਂ ਹੱਥ ਲਾਉਣ ਲਈ ਝੁਕੇ, ਪਰ ਕਿੱਕਰ ਸਿੰਘ ਨੇ ਅੱਗੋਂ ਮੋਢਾ ਫੜ ਲਿਆ ਤੇ ਕਿਹਾ, "ਨਾ ਬਈ, ਅਸੀਂ ਪੈਰੀਂ ਹੱਥ ਨਹੀਂ ਲਵਾਂਦੇ। ਸਾਡੇ ਵਿਚ ਤਾਂ ਫ਼ਤਹਿ ਚੱਲਦੀ ਏ।"

"ਹਾਂ ਬਈ ਦੱਸੋ, ਸ਼ਾਮੂ ਸ਼ਾਹ ਹੋਰੀਂ ਕਿਥੇ ਨੇ?" ਕਸਤੂਰ ਸਿੰਘ ਨੇ ਪੁੱਛਿਆ, "ਅਸੀਂ ਉਨ੍ਹਾਂ ਨੂੰ ਮੁੜ ਕੇ ਇਸ ਪਿੰਡ ਲਿਆਉਣਾ ਏ। ਹੁਣ ਕੋਈ ਖ਼ਤਰਾ ਨਹੀਂ।"

"ਚੌਧਰੀ ਦੇ ਬੰਦੇ ਤਾਂ ਅਜੇ ਤਕ ਪਿੱਛਾ ਨਹੀਂ ਛੱਡ ਰਹੇ," ਸ਼ਾਮ ਨੇ ਦੱਸਿਆ।

"ਉਹ ਹੁਣ ਨਹੀਂ ਆਉਣਗੇ," ਕਸਤੂਰ ਸਿੰਘ ਨੇ ਸਮਝਾਇਆ, "ਸਾਡੇ ਜਥੇਦਾਰ ਦੀ ਗੱਲ ਫ਼ੌਜਦਾਰ ਨਾਲ ਹੋ ਗਈ ਏ। ਚੌਧਰੀ ਦਾ ਮੱਕੂ ਠੱਪ ਦਿੱਤਾ ਗਿਆ ਏ।"

"ਉਹ ਜੀ, ਫਗਵਾੜੇ ਆਪਣੇ ਇਕ ਸਾਲੇ ਕੋਲ ਰਹਿ ਰਹੇ ਹਨ," ਰਾਮ ਨੇ ਦੱਸ ਦਿੱਤਾ।

"ਕੀ ਨਾਮ ਏ ਉਨ੍ਹਾਂ ਦੇ ਸਾਲੇ ਦਾ ?"

"ਭਜਨ ਲਾਲ," ਰਾਮ ਨੇ ਦੱਸਿਆ।

"ਪਹਿਲੀ ਗਲੀ ਏ ਨਾ," ਕੁਝ ਇਸ ਤਰ੍ਹਾਂ ਦਾ ਰਾਮ ਨੇ ਦੱਸਿਆ। ਅਸਲ ਵਿਚ ਉਹਨੂੰ ਮੁਹੱਲੇ ਤੇ ਗਲੀ ਦਾ ਪੂਰਾ ਤੇ ਠੀਕ ਨਾਮ ਨਹੀਂ ਸੀ ਆਉਂਦਾ, "ਇਸ ਤਰ੍ਹਾਂ ਕਰਨਾ, ਬੰਗੇ ਵੱਲ ਨੂੰ ਜਾਂਦੇ ਰਾਹ 'ਤੇ ਫਗਵਾੜੇ ਦੇ ਅੰਦਰ ਵੜਦਿਆਂ ਕਿਸੇ ਹੱਟੀ ਵਾਲੇ ਤੋਂ ਪੁੱਛ ਲਓ, ਕੱਪੜੇ ਵਾਲੇ ਭਜਨ ਲਾਲ ਦਾ ਘਰ ਜਾਂ ਹੱਟੀ। ਹਰ ਕੋਈ ਤੋੜ ਘਰ ਛੱਡ ਕੇ ਆਏਗਾ। ਬੜੇ ਮੰਨੇ-ਪ੍ਰਮੰਨੇ ਨੇ ਉਥੋਂ ਦੇ ਰਹਿਣ ਵਾਲੇ ਉਹ।"

"ਚਲੋ ਅਸੀਂ ਪਤਾ ਕਰ ਲਵਾਂਗੇ," ਕਿੱਕਰ ਸਿੰਘ ਨੇ ਗੱਲ ਮੁਕਾਈ ਤੇ ਦੂਜਾ ਮਸਲਾ ਛੇੜ ਲਿਆ, "ਅਸੀਂ ਚਾਹੁੰਦੇ ਹਾਂ ਕਿ ਪਿੰਡ ਵਿਚ ਸਾਰੇ ਹਿੰਦੂ ਮੁਸਲਮਾਨ ਇਕ-ਮਿਕ ਹੋ ਕੇ ਰਹੋ ਤੇ ਇਕ ਦੂਜੇ ਵਿਰੁੱਧ ਭੈੜੀ ਪ੍ਰਚਾਰ ਬੰਦ ਕਰ ਦਿੱਤਾ ਜਾਏ। ਜੋ ਪਿੰਡ ਵਿਚ ਇਤਫ਼ਾਕ ਦੇ ਹਾਮੀ ਹਨ, ਉਨ੍ਹਾਂ ਨੂੰ ਇਕੱਠੇ ਕਰਨਾ ਚਾਹੀਦਾ ਏ ਤੇ ਇਹ ਕੰਮ ਅਸੀਂ ਇਬਰਾਹੀਮ ਨੂੰ ਸੌਂਪ ਦਿੱਤਾ ਏ। ਇਹਨੂੰ ਮੁਸਲਮਾਨ ਤੇ ਆਪਣਾ ਦੁਸ਼ਮਣ ਨਾ ਸਮਝੋ, ਸਗੋਂ ਇਹ ਭਰਾ ਏ ਤੁਹਾਡਾ। ਤੁਸੀਂ ਹਿੰਦੂ ਮੁੰਡੇ ਇਕੱਠੇ ਕਰੋ ਤੇ ਇਹ ਮੁਸਲਮਾਨ। ਰਲ ਕੇ ਜਦੋਂ ਬੈਠੋਗੇ ਤਾਂ ਕਈ ਗਲਤ-ਫ਼ਹਿਮੀਆਂ ਆਪੇ ਦੂਰ ਹੋ ਜਾਣਗੀਆਂ। ਪਿੰਡ ਵਿਚ ਏਕਤਾ ਹੋਈ ਤਾਂ ਕੋਈ ਵੀ ਦੁਸ਼ਮਣ ਅੱਖ ਪੱਟ ਕੇ ਇਧਰ ਨਹੀਂ ਦੇਖ ਸਕੇਗਾ। ਅਸੀਂ ਤੁਹਾਡੇ ਨਾਲ ਹਾਂ ਤੇ ਜਦੋਂ ਵੀ ਲੋੜ ਪਈ, ਆਵਾਜ਼ ਮਾਰਿਆ ਜੇ, ਕਰਤਾਰਪੁਰ ਅਸੀਂ ਰਹਿ ਰਹੇ ਹਾਂ। ਝੱਟ ਹਰ ਔਖੀ ਘੜੀ ਤੁਹਾਡੇ ਕੋਲ ਆ ਸਕਦੇ ਹਾਂ।"

"ਕਰਤਾਰਪੁਰ ਕਿੱਥੇ ਕੁ ਰਹਿੰਦੇ ਹੋ ?" ਸ਼ਾਮ ਨੇ ਪੁੱਛਿਆ।

"ਕਰਮ ਸਿੰਘ ਸਾਡਾ ਜਥੇਦਾਰ ਏ," ਕਿੱਕਰ ਸਿੰਘ ਨੇ ਸਮਝਾਇਆ, "ਜੀਹਦੇ ਨਾਲ ਸ਼ਾਮੂ ਸ਼ਾਹ ਦੀ ਲੜਕੀ ਦਾ ਰਿਸ਼ਤਾ ਹੋਇਆ ਸੀ। ਬੱਸ ਸਾਰਾ ਜਥਾ ਉਹਦੇ ਨਾਲ ਏ।"

"ਕਰਮਾ ਆਪਣਾ ਜਥੇਦਾਰ ਬਣ ਗਿਆ ਏ," ਰਾਮ ਨੇ ਹੈਰਾਨੀ ਨਾਲ ਸ਼ਾਮ ਵੱਲ ਦੇਖਦਿਆਂ ਕਿਹਾ, "ਤੁਹਾਨੂੰ ਕਿਵੇਂ ਪਤਾ ਏ ਕਿ ਸਾਡੀ ਭੈਣ ਉਹਦੇ ਨਾਲ ਮੰਗੀ ਹੋਈ ਏ।"

"ਛੱਡੋ ਇਨ੍ਹਾਂ ਗੱਲਾਂ ਨੂੰ," ਕਿੱਕਰ ਸਿੰਘ ਬੋਲਿਆ, "ਸਾਨੂੰ ਕੀ ਨਹੀਂ ਪਤਾ। ਅਸੀਂ ਹਰ ਗੱਲ ਦੀ ਖ਼ਬਰ ਰੱਖਦੇ ਹਾਂ। ਅਜਿਹਾ ਨਾ ਹੋਵੇ ਤਾਂ ਹਕੂਮਤ ਨਾਲ ਟੱਕਰ ਵਿਚ ਅਸੀਂ ਕਦੋਂ ਦੇ ਫੇਲ੍ਹ ਹੋ ਗਏ ਹੁੰਦੇ। ਲੜਾਈ ਜਾਂ ਮੁਕਾਬਲੇ ਵਿਚ ਜਿਥੇ ਤਾਕਤ ਲੜਦੀ ਏ, ਉਥੇ ਹੁਸ਼ਿਆਰੀ ਦਾ ਵੀ ਆਪਣਾ ਸਥਾਨ ਹੈ। ਜੋ ਵਧੇਰੇ ਸਾਵਧਾਨ ਰਹੇ, ਉਹ ਛੇਤੀ ਸਫਲ ਹੁੰਦਾ ਏ।" ਇਉਂ ਪਿੰਡ ਵਿਚ ਏਕਤਾ ਲਈ ਯਤਨ ਅਰੰਭ ਕਰ ਕੇ ਇਹ ਜਥਾ ਸ਼ਾਮ ਤਕ ਵਾਪਸ ਕਰਤਾਰਪੁਰ ਆ ਗਿਆ।

ਉਧਰ ਜਥੇਦਾਰ ਕਰਮ ਸਿੰਘ ਨੇ ਗੌਤਮ ਨੂੰ ਬੁਲਾ ਭੇਜਿਆ ਸੀ। ਉਹ ਘਰ ਨਹੀਂ ਸੀ, ਇਸ ਲਈ ਸਾਰਾ ਦਿਨ ਉਹ ਵੀ ਨਾ ਮਿਲ ਸਕਿਆ। ਸ਼ਾਮ ਨੂੰ ਉਹ ਵੀ ਆ ਗਿਆ ਤੇ ਜਥੇਦਾਰ ਕਰਮ ਸਿੰਘ ਨੇ ਉਹਨੂੰ ਪੁੱਛਿਆ, "ਸ਼ਾਮੂ ਸ਼ਾਹ ਦਿਆਲਪੁਰੀਏ ਦਾ ਪਰਵਾਰ ਕਿਥੇ ਗਿਆ ਏ ? ਤੁਹਾਨੂੰ ਕੁਝ ਪਤਾ ਏ ?"

"ਪਹਿਲਾਂ ਤਾਂ ਪਤਾ ਨਹੀਂ ਸੀ, ਪਰ ਜਦੋਂ ਦੇ ਕਿੱਕਰ ਸਿੰਘ ਹੋਰੀਂ ਦੁਬਾਰਾ ਮਿਲ ਕੇ ਗਏ ਨੇ, ਮੈਂ ਪਤਾ ਕੀਤਾ ਏ। ਉਹ ਕਦੇ ਫਗਵਾੜੇ ਤੇ ਕਦੇ ਰਾਹੋਂ ਚਲੇ ਜਾਂਦੇ ਨੇ। ਕਿਧਰੇ ਅਜੇ ਟਿਕ ਕੇ ਨਹੀਂ ਬੈਠੇ," ਗੌਤਮ ਨੇ ਦੱਸਿਆ, "ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਹੀ ਸੂਹ ਲੱਗੀ ਏ, ਪਰ ਰਿਸ਼ਤੇਦਾਰ ਵੀ ਸਾਰੇ ਇਕੋ ਜਿਹੇ ਨਹੀਂ। ਕਈਆਂ ਨੂੰ ਉਨ੍ਹਾਂ ਨਾਲ ਹਮਦਰਦੀ ਏ

ਤੇ ਕੁਝ ਅਜਿਹੇ ਵੀ ਨੇ, ਜੋ ਦਿਆਲਪੁਰ ਵਿਚ ਉਨ੍ਹਾਂ ਦੀ ਜ਼ਮੀਨ ਤੇ ਦੁਕਾਨ ਦੋਵੇਂ ਸਾਂਭ ਲੈਣ ਦੀ ਝਾਕ ਵਿਚ ਨੇ। ਉਹ ਨਹੀਂ ਚਾਹੁੰਦੇ ਕਿ ਸ਼ਾਹ ਹੋਰੀਂ ਮੁੜ ਕੇ ਪਿੰਡ ਆ ਜਾਣ ਤੇ ਸਭ ਕੁਝ ਸਾਂਭਿਆ ਖੁੱਸ ਜਾਏ।"

"ਕੋਈ ਗੱਲ ਨਹੀਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਅਜਿਹੇ ਭੈੜੇ ਰਿਸ਼ਤੇਦਾਰਾਂ ਨੂੰ ਵੀ ਸੋਧ ਲਵਾਂਗੇ। ਤੁਸੀਂ ਚੱਲੋਗੇ ਸਾਡੇ ਨਾਲ ਫਗਵਾੜੇ ਤੇ ਰਾਹੋਂ।"

"ਮੈਨੂੰ ਜਾਣ ਨੂੰ ਕੋਈ ਉਜਰ ਨਹੀਂ," ਗੌਤਮ ਨੇ ਉੱਤਰ ਦਿੱਤਾ, "ਮੈਂ ਤਾਂ ਸਿੰਘਾਂ ਦੇ ਨਾਲ ਚੌਧਰੀ ਦੀ ਹਵੇਲੀ ਤਕ ਗਿਆ ਸਾਂ ਤੇ ਕੁੜੀਆਂ ਛੁਡਾ ਕੇ ਲਿਆਂਦੀਆਂ ਸਨ। ਸ਼ਾਹ ਨਾਲ ਸਾਡੀ ਕੋਈ ਰਿਸ਼ਤੇਦਾਰੀ ਜਾਂ ਸਾਂਝ ਨਹੀਂ। ਉਨ੍ਹਾਂ ਦੀ ਲੜਕੀ ਨਾਲ ਜਿਹੜੀ ਦੂਜੀ ਕੁੜੀ ਸੀ, ਉਹ ਮੇਰੀ ਘਰਵਾਲੀ ਦੀ ਮਸੇਰ ਭੈਣ ਸੀ। ਬਸ ਉਹਦੇ ਕਰਕੇ ਹੀ ਅਸੀਂ ਇਸ ਮਾਮਲੇ ਵਿਚ ਰਗੜੀਂਦੇ ਰਹੇ ਹਾਂ।"

"ਬੰਤੋ ਕੁੜੀ ਦੀ ਗੱਲ ਕਰਦੇ ਹੋ ?"

"ਜੀ ਆਂ।"

"ਉਹ ਤੇ ਕਿਸੇ ਸਿੰਘ ਨਾਲ ਵਿਆਹੀ ਹੋਈ ਨਹੀਂ ਸੀ ?" ਕਰਮ ਸਿੰਘ ਨੇ ਪੁਰਾਣੀ ਯਾਦ ਤਾਜ਼ਾ ਕਰਦਿਆਂ ਪੁੱਛਿਆ।

"ਬਿਲਕੁਲ ਉਹ," ਗੌਤਮ ਨੇ ਦੱਸਿਆ, "ਉਹਦਾ ਤਾਂ ਮੁਕਲਾਵਾ ਵੀ ਚਲਾ ਗਿਆ ਏ। ਉਹਦੀ ਗੋਦੀ ਤਾਂ ਸੁਖ ਨਾਲ ਹੁਣ ਇਕ ਬਾਲ ਵੀ ਏ ?"

ਇਹ ਗੱਲਾਂ ਅਜੇ ਕਰ ਹੀ ਰਹੇ ਸਨ ਕਿ ਕਿੱਕਰ ਸਿੰਘ ਹੋਰੀਂ ਪਹੁੰਚ ਗਏ। ਉਨ੍ਹਾਂ ਵੀ ਇਹੀ ਸੂਚਨਾ ਦਿੱਤੀ ਕਿ ਸ਼ਾਮੂ ਸ਼ਾਹ ਹੋਰੀਂ ਫਗਵਾੜੇ ਆਪਣੇ ਸਾਲੇ ਕੋਲ ਰਹਿ ਰਹੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਬਰਾਹੀਮ ਨੇ ਕਿਸ ਤਰ੍ਹਾਂ ਉਨ੍ਹਾਂ ਨੂੰ ਇਕ ਬਹੁਤ ਚੰਗੇ ਢੰਗ ਨਾਲ 'ਜੀ ਆਇਆਂ' ਆਖਿਆ ਏ ਤੇ ਕਿਸ ਤਰ੍ਹਾਂ ਉਹ ਪਿੰਡ ਵਿਚ ਹਿੰਦੂ ਮੁਸਲਮਾਨ ਏਕੇ ਲਈ ਯਤਨ ਕਰ ਰਿਹਾ ਏ। ਉਨ੍ਹਾਂ ਜਦ ਸ਼ਾਮੂ ਸ਼ਾਹ ਦੇ ਭਤੀਜੇ ਰਾਮ ਤੇ ਸ਼ਾਮ ਨਾਲ ਆਪਣੀ ਗੱਲ-ਬਾਤ ਬਾਰੇ ਦੱਸਿਆ ਤਾਂ ਗੌਤਮ ਕੋਲੋਂ ਬੋਲ ਪਿਆ, "ਇਹ ਦੋਵੇਂ ਮੁੰਡੇ ਇਕ ਭਰਾ ਦੇ ਹਨ। ਦੂਜੇ ਭਰਾ ਦੇ ਮੁੰਡਿਆਂ ਨੇ ਸ਼ਾਮੂ ਸ਼ਾਹ ਦਾ ਸਾਰਾ ਕੁਝ ਸੰਭਾਲ ਲਿਆ ਏ। ਉਹੀ ਯਤਨ ਕਰ ਰਹੇ ਹਨ ਤੇ ਹੋਰ ਵਧੇਰੇ ਡਰਾ ਰਹੇ ਹਨ। ਇਨ੍ਹਾਂ ਰਾਮ ਤੇ ਸ਼ਾਮ ਨੂੰ ਇਸ ਲਈ ਵਧੇਰੇ ਖਿਝ ਏ ਕਿ ਉਹ ਇਕੱਲੇ ਕਿਉਂ ਚਾਚੇ ਦਾ ਮਾਲ ਸੰਭਾਲੀ ਬੈਠੇ ਨੇ। ਇਹ ਤਾਂ ਚਾਹੁਣਗੇ ਕਿ ਸ਼ਾਹ ਵਾਪਸ ਆ ਜਾਏ ਤੇ ਆਪਣੀ ਸਾਰੀ ਦਬਾਈ ਜਾਇਦਾਦ ਉਨ੍ਹਾਂ ਤੋਂ ਵਾਪਸ ਲੈ ਲਵੇ। ਤੁਸੀਂ ਠੀਕ ਬੰਦਿਆਂ ਤਕ ਪਹੁੰਚ ਗਏ ਸੀ।"

"ਚੰਗਾ, ਤੁਸੀਂ ਕੱਲ੍ਹ ਫਗਵਾੜੇ ਵੱਲ ਨਿਕਲ ਜਾਣਾ," ਜਥੇਦਾਰ ਕਰਮ ਸਿੰਘ ਨੇ ਕਿੱਕਰ ਸਿੰਘ ਤੇ ਕਸਤੂਰ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ, "ਸ਼ਾਹ ਹੋਰਾਂ ਤਕ ਪਹੁੰਚ ਕੇ ਇਹ ਪਤਾ ਕਰਨਾ ਕਿ ਚੌਧਰੀ ਹੁਣ ਤਾਂ ਪਿੱਛੇ ਨਹੀਂ ਆਉਂਦਾ ? ਕੀ ਉਹ ਪਿੰਡ ਵਾਪਸ ਆਉਣ ਲਈ ਤਿਆਰ ਨੇ ਕਿ ਨਹੀਂ ? ਫ਼ੌਜਦਾਰ ਨੇ ਉਨ੍ਹਾਂ ਬਾਰੇ ਕੁਝ ਕੀਤਾ ਏ ਕਿ ਨਹੀਂ ? ਜਥਾ ਨਾਲ ਹੀ ਲੈ ਜਾਉ। ਨਾਲੇ ਇਸੇ ਬਹਾਨੇ ਇਕ ਵਾਰ ਪਲਾਹੀ ਹੋ ਆਉ। ਉਥੇ ਵੀ ਗੁਰੂ ਕੀ ਸੰਗਤ ਰਹਿੰਦੀ ਏ। ਜੇ ਵਕਤ ਮਿਲੇ ਤਾਂ ਪਿੰਡ ਮਊ ਵੀ ਹੋ ਆਉਣਾ। ਤੁਹਾਨੂੰ ਪਤਾ ਏ, ਉਥੇ ਗੁਰੂ ਅਰਜਨ ਦੇਵ ਜੀ ਵਿਆਹੇ ਗਏ ਸਨ। ਜ਼ਰੂਰ ਉਸ ਪਿੰਡ ਵਿਚ ਵੀ ਗੁਰੂ ਕੀ ਫ਼ੌਜ ਵੱਸਦੀ ਹੋਏਗੀ। ਜੇ ਇਥੋਂ ਨਿਕਲੇ ਹੀ ਹੋ ਤਾਂ ਰਾਹੋਂ ਤਕ ਦਾ ਚੱਕਰ ਲਾ ਆਉਣਾ। ਤੁਹਾਡੇ ਵਾਪਸ ਮੁੜਨ 'ਤੇ ਸਾਰੇ ਜਥੇ ਦੇ ਅਨੰਦਪੁਰ ਵੱਲ ਜਾਣ ਦਾ ਵਿਚਾਰਾਂਗੇ।"

"ਜੇ ਲੋੜ ਸਮਝੋ ਤਾਂ ਮੈਂ ਵੀ ਨਾਲ ਜਾਣ ਲਈ ਤਿਆਰ ਹਾਂ," ਗੌਤਮ ਨੇ ਕਿਹਾ।

"ਤੁਹਾਡੀ ਲੋੜ ਨਹੀਂ," ਕਿੱਕਰ ਸਿੰਘ ਨੇ ਕਿਹਾ, "ਜੇ ਤੇ ਸਿਰਫ਼ ਫਗਵਾੜੇ ਤਕ ਜਾਣਾ ਹੁੰਦਾ ਤਾਂ ਖੁਸ਼ੀ ਨਾਲ ਤੁਸੀਂ ਸਾਡੇ ਨਾਲ ਚੱਲਦੇ ਪਰ ਸਾਡਾ ਕੀ ਏ, ਅਸੀਂ ਰਾਹੋਂ ਤਕ ਜਾ ਕੇ ਮੁੜਦਿਆਂ ਮਹੀਨਾ ਵੀ ਲਾ ਸਕਦੇ ਹਾਂ। ਤੁਸੀਂ ਕਿਥੇ ਇਤਨਾ ਵਕਤ ਘਰ ਤੋਂ ਬਾਹਰ ਰਹਿ ਸਕਦੇ ਹੋ।" ਗੌਤਮ ਇਸ ਪਿੱਛੋਂ ਉੱਠ ਕੇ ਚਲਾ ਗਿਆ ਤੇ ਜਾਂਦੀ ਵਾਰ ਕਹਿ ਗਿਆ ਕਿ ਉਹਦੇ ਘਰ ਦੋ ਮੱਝਾਂ ਹਨ, ਇਕ ਮੱਝ ਦਾ ਦੁੱਧ ਉਹ ਸਿੰਘਾਂ ਦੇ ਡੇਰੇ ਦੋਵੇਂ ਵੇਲੇ ਭੇਜ ਦਿੱਤਾ ਕਰੇਗਾ।

"ਇਕ ਗੱਲ ਹੋਰ ਵੀ ਜ਼ਰੂਰੀ ਕਰਨੀ ਸੀ," ਜਥੇਦਾਰ ਕਰਮ ਸਿੰਘ ਨੇ ਗੌਤਮ ਦੇ ਉੱਠ ਜਾਣ ਪਿੱਛੋਂ ਕਿਹਾ, "ਜਿਥੇ ਵੀ ਜਾਉ, ਸਿੰਘਾਂ ਨੂੰ ਮੇਰੀ ਫ਼ੌਜਦਾਰ ਨਾਲ ਹੋਈ ਗੱਲ-ਬਾਤ ਤੋਂ ਜਾਣੂੰ ਕਰਾਈ ਜਾਣਾ। ਇਹਦਾ ਬਹੁਤ ਚੰਗਾ ਅਸਰ ਹੋਏਗਾ। ਸਿੰਘਾਂ ਵਿਚ ਸਵੈ-ਵਿਸ਼ਵਾਸ ਤੇ ਚੜ੍ਹਦੀ ਕਲਾ ਹੋਰ ਵਧੇਰੇ ਆਏਗੀ। ਜਿਹੜੇ ਫ਼ੌਜਦਾਰ ਤੋਂ ਸਾਰੇ ਲੋਕੀਂ ਡਰਦੇ ਫਿਰਦੇ ਨੇ, ਉਹ ਡਰ ਵੀ ਇਸ ਗੱਲ ਨਾਲ ਘਟੇਗਾ।"

"ਇਹ ਗੱਲ ਤੁਹਾਡੀ ਠੀਕ ਏ," ਕਿੱਕਰ ਸਿੰਘ ਨੇ ਕਿਹਾ, "ਦਿਆਲਪੁਰ ਵਿਚ ਵੀ ਪਹਿਲਾਂ ਸ਼ਾਹ ਦੇ ਭਤੀਜੇ ਡਰਦੇ ਮਾਰੇ ਫਗਵਾੜੇ ਦਾ ਪਤਾ ਦੱਸਣ ਲਈ ਤਿਆਰ ਨਹੀਂ ਸਨ, ਪਰ ਜਦੋਂ ਅਸੀਂ ਫ਼ੌਜਦਾਰ ਨਾਲ ਹੋਈ ਗੱਲ ਦੱਸੀ ਤਾਂ ਉਹ ਝੱਟ ਨਿਝੱਕ ਹੋ ਕੇ ਗੱਲਾਂ ਕਰਨ ਲੱਗ ਪਏ।"

ਸੂਰਜ ਦਿਨ ਭਰ ਦੇ ਪਹਿਰੇ ਪਿੱਛੋਂ ਪੱਛਮ ਵਿਚ ਡੁੱਬਦਾ ਨਜ਼ਰ ਆਉਣ ਲੱਗਾ। ਅਖੀਰ ਵੇਲੇ ਦੀ ਲਾਲੀ ਚੁਫੇਰੇ ਪਸਰ ਰਹੀ ਸੀ। ਜਦੋਂ ਜਥੇਦਾਰ ਕਰਮ ਸਿੰਘ ਨੇ ਕਿਹਾ, "ਚਲੋ ਹਵੇਲੀ ਵਿਚ ਚੱਲੀਏ, ਰਹਰਾਸਿ ਦੇ ਪਾਠ ਦਾ ਵੇਲਾ ਹੋ ਗਿਆ ਹੈ, ਸਿੰਘ ਉਡੀਕਦੇ ਹੋਣਗੇ।" ਇਹ ਤਿੰਨੇ ਜਥੇਦਾਰ ਕਰਮ ਸਿੰਘ ਦੇ ਘਰ ਤੋਂ ਬਾਹਰਲੀ ਉਸ ਹਵੇਲੀ ਵੱਲ ਚੱਲ ਪਏ, ਜਿਥੇ ਜਥੇ ਦਾ ਡੇਰਾ ਸੀ।

14

ਜਥਾ ਪਲਾਹੀ ਪਹੁੰਚ ਗਿਆ। ਇਸ ਪਿੰਡ ਵਿਚ ਗੁਰੂ-ਘਰ ਦੇ ਬਹੁਤ ਸਾਰੇ ਪ੍ਰੇਮੀ ਰਹਿੰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਇਥੇ ਚਰਨ ਪਾਏ ਤੇ ਕੁਝ ਦਿਨ ਠਹਿਰੇ ਤਾਂ ਬਹੁਤ ਸਾਰੇ ਲੋਕ ਗੁਰੂ-ਘਰ ਨਾਲ ਜੁੜ ਗਏ। ਗੁਰੂ ਸਾਹਿਬ ਦੀ ਸ਼ਖ਼ਸੀਅਤ, ਗੁਰਬਾਣੀ ਦੇ ਕੀਰਤਨ, ਢਾਡੀਆਂ ਦੀਆਂ ਵਾਰਾਂ ਤੇ ਗੁਰੂ ਨਾਨਕ ਦੀ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਦਾ ਇਹ ਨਤੀਜਾ ਸੀ। ਜਦੋਂ ਕਲਗੀਧਰ ਪਾਤਸ਼ਾਹ ਨੇ ਅਨੰਦਪੁਰ ਵਿਚ ਵਿਸਾਖੀ ਦੇ ਦਿਨ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਪੰਜ ਪਿਆਰਿਆਂ ਨੂੰ ਛਕਾਇਆ, ਮੁੜ ਉਨ੍ਹਾਂ ਹੱਥੋਂ ਆਪ ਛਕਿਆ ਤਾਂ ਉਸ ਤੋਂ ਅਗਲੇ ਦਿਨ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲਿਆਂ ਵਿਚ ਇਕ ਨੌਜਵਾਨ ਪਲਾਹੀ ਦਾ ਵੀ ਸੀ। ਉਹ ਜਦੋਂ ਵਾਪਸ ਪਿੰਡ ਆਇਆ ਤਾਂ ਇਨ੍ਹਾਂ ਸਿੱਖਾਂ ਵਿਚ ਕਈ ਸਿੰਘ ਸੱਜ ਗਏ ਤੇ ਕਈ ਸਿੰਘ ਸਜਣ ਬਾਰੇ ਸੋਚਣ ਲੱਗੇ। ਜਥੇਦਾਰ ਕਰਮ ਸਿੰਘ ਨੂੰ ਇਸ ਪਿੰਡ ਦੀ ਗੁਰੂ-ਘਰ ਨਾਲ ਸਾਂਝ ਦਾ ਗਿਆਨ ਸੀ। ਉਹਨੇ ਇਸ ਪਿੰਡ ਦੇ ਲੋਕਾਂ ਦੇ ਪਿਆਰ ਤੇ ਸ਼ਰਧਾ ਬਾਰੇ ਸਾਥੋ ਕੀ ਤੋਂ ਵੀ ਸੁਣ ਲਿਆ ਸੀ। ਇਸੇ ਲਈ ਦੁਆਬੇ ਵਿਚ ਸਿਖ ਲਹਿਰ ਨੂੰ ਜਥੇਬੰਦ ਕਰਦਿਆਂ ਪਹਿਲਾਂ ਵੀ ਜਥੇਦਾਰ ਕਰਮ ਸਿੰਘ ਇਥੇ ਆ ਚੁੱਕਿਆ ਸੀ।

ਜਥੇ ਨੂੰ ਉਹਨੇ ਦੱਸਿਆ ਸੀ ਕਿ ਇਹ ਪਿੰਡ ਪਹਿਲਾਂ ਕੁਝ ਕੁ ਗਿਣਤੀ ਦੇ ਘਰਾਂ ਦਾ ਇਕ ਬਹੁਤ ਹੀ ਛੋਟਾ ਪਿੰਡ ਸੀ। ਘਰ ਵੀ ਬਹੁਤੇ ਕੱਖਾਂ ਕਾਨਿਆਂ ਦੇ ਸਨ। ਕੁਝ ਕੁ ਮਿੱਟੀ ਦੇ ਕੋਠੇ ਸਨ, ਪਰ ਛੇਵੀਂ ਨਾਨਕ ਜੋਤ ਦੇ ਚਰਨ ਪਾਂਦਿਆਂ ਇਸ ਪਿੰਡ ਵਿਚ ਲਹਿਰਾਂ ਬਹਿਰਾਂ ਹੋ ਗਈਆਂ। ਪਹਿਲੀ ਵਾਰ ਪਿੰਡ ਵਾਲਿਆਂ ਨੇ ਗੁਰੂ ਜੀ ਦੇ ਚਰਨ ਪਾਣ ਵਾਲੀ ਥਾਂ 'ਤੇ ਆਵੇ ਦੀਆਂ ਪੱਕੀਆਂ ਇੱਟਾਂ ਲਿਆ ਕੇ ਲਾਈਆਂ ਤੇ ਇਉਂ ਯਾਦਗਾਰ ਬਣਾਈ। ਬੱਸ ਫਿਰ ਕੀ ਸੀ, ਗੁਰੂ ਦੀ ਅਜਿਹੀ ਕ੍ਰਿਪਾ ਹੋਈ ਕਿ ਜਿਸ ਨੇ ਵੱਧ ਸੇਵਾ ਕੀਤੀ, ਉਹਦੀ ਆਪਣੀ ਪੱਕੀ ਹਵੇਲੀ ਵੀ ਬਣ ਗਈ। ਆਸ ਪਾਸ ਦੇ ਪਿੰਡਾਂ ਦੀ ਜ਼ਮੀਨ ਵੀ ਇਥੋਂ ਦੇ ਵਸਨੀਕ ਖਰੀਦਣ ਦੇ ਸਮਰੱਥ ਹੋ ਗਏ। ਕੁਝ ਸਾਲਾਂ ਵਿਚ ਹੀ ਆਲੇ-ਦੁਆਲੇ ਦੇ ਪਿੰਡਾਂ ਨਾਲੋਂ ਪਲਾਹੀ ਵਿਚ ਵਧੇਰੇ ਵਿਕਾਸ ਹੋ ਗਿਆ। ਲੋਕਾਂ ਦਾ ਇਕ ਦ੍ਰਿੜ੍ਹ ਨਿਸਚਾ ਬੱਝ ਗਿਆ ਸੀ ਕਿ ਇਹ ਸਾਰਾ ਵਿਕਾਸ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਹੀ ਹੋ ਰਿਹਾ ਹੈ।

ਜਦ ਜਥਾ ਲੈ ਕੇ ਕਿੱਕਰ ਸਿੰਘ ਹੋਰੀਂ ਇਥੇ ਪਹੁੰਚੇ ਤਾਂ ਸਾਰੇ ਪਿੰਡ ਨੂੰ ਇਕ ਤਰ੍ਹਾਂ ਦਾ ਚਾਅ ਚੜ੍ਹ ਗਿਆ। ਜਥਾ ਉਸੇ ਧਰਮਸ਼ਾਲਾ ਵਿਚ ਠਹਿਰਿਆ, ਜਿਹੜੀ ਪੱਕੀ ਬਣੀ ਹੋਈ ਸੀ। ਪਿੰਡ ਵਿਚੋਂ ਸ਼ਾਇਦ ਹੀ ਕੋਈ ਘਰ ਰਹਿ ਗਿਆ ਹੋਵੇ, ਜਿਸ ਨੇ ਦੁੱਧ, ਲੱਸੀ ਤੇ ਲੰਗਰ ਪਕਾ ਕੇ ਸਿੰਘਾਂ ਲਈ ਨਾ ਭੇਜਿਆ ਹੋਵੇ। ਸਾਊ ਤੇ ਧਰਮ ਭਾਵ ਵਾਲੇ ਬੰਦਿਆਂ ਵਿਚ ਸਹਿਨਸ਼ੀਲਤਾ ਤੇ ਸਬਰ ਸੰਤੋਖ ਤੋਂ ਛੁੱਟ ਸਾਂਝੀ ਭਾਵਨਾ ਵੀ ਪਰਬਲ ਹੁੰਦੀ ਹੈ। ਅਜਿਹੇ ਵਾਤਾਵਰਣ ਵਿਚ ਵੱਖ ਵੱਖ ਜਾਤੀਆਂ ਵਿਚ ਵੈਰ-ਵਿਰੋਧ ਤੇ ਈਰਖਾ ਦੀ ਥਾਂ ਪ੍ਰੇਮ-ਭਾਵ ਤੇ ਭਾਈਚਾਰਕ ਸਾਂਝ ਵਧੇਰੇ ਹੁੰਦੀ ਹੈ। ਦੋ ਮੁਸਲਮਾਨ ਆਪਣੀਆਂ ਮੱਝਾਂ ਲੈ ਕੇ ਸਿੰਘਾਂ ਪਾਸ ਆਏ ਤੇ ਕਹਿਣ ਲੱਗੇ, "ਤੁਸੀਂ ਪਿੰਡ ਦੇ ਮਹਿਮਾਨ ਹੋ, ਇਨ੍ਹਾਂ ਮੱਝਾਂ ਦੀਆਂ ਧਾਰਾਂ ਕੱਢ ਲਉ। ਅਸੀਂ ਤੁਹਾਡੇ ਲਈ ਦੁੱਧ ਲਿਆਏ ਹਾਂ।"

ਜਥੇਦਾਰ ਕਿੱਕਰ ਸਿੰਘ ਉਠਿਆ ਤੇ ਦੋਵੇਂ ਹੱਥ ਜੋੜ ਕੇ ਉਨ੍ਹਾਂ ਦੇ ਪਿਆਰ ਦਾ ਸਤਿਕਾਰ ਕੀਤਾ, ਉਨ੍ਹਾਂ ਨੂੰ ਗਲੇ ਲਗਾ ਕੇ ਮਿਲਿਆ ਤੇ ਕਹਿਣ ਲੱਗਾ, "ਬਲਿਹਾਰ ਜਾਈਏ ਤੁਹਾਡੇ ਇਸ ਪ੍ਰੇਮ ਤੋਂ, ਆਉ ਲੰਘ ਆਉ। ਲੰਗਰ ਤਿਆਰ ਏ, ਸਾਡੇ ਨਾਲ ਬੈਠ ਕੇ ਛਕੋ।"

"ਪਰ ਅਸੀਂ ਤਾਂ ਮੁਸਲਮਾਨ ਹਾਂ," ਇਕ ਬੋਲ ਪਿਆ, "ਸਾਡੇ ਨਾਲ ਲੱਗਿਆਂ ਹਿੰਦੂ ਲੋਕ ਭਿੱਟ ਮਹਿਸੂਸ ਕਰਦੇ ਨੇ। ਅਸੀਂ ਤਾਹੀਉਂ ਦੁੱਧ ਚੋ ਕੇ ਨਹੀਂ ਆਂਦਾ। ਮੱਝਾਂ ਹੀ ਲੈ ਆਏ ਹਾਂ।"

"ਨਹੀਂ ਭਰਾ ਜੀ, ਸਾਡੇ ਵਿਚ ਅਜਿਹਾ ਕੋਈ ਵਿਚਾਰ ਨਹੀਂ ਹੈ," ਕਿੱਕਰ ਸਿੰਘ ਨੇ ਦੱਸਿਆ, "ਅਸੀਂ ਤਾਂ ਗੁਰੂ ਕਾ ਲੰਗਰ ਹੀ ਸਮਝਦੇ ਹਾਂ, ਜਿਸ ਵਿਚ ਹਰ ਕੋਈ ਧਰਮ ਦਾ ਮਨੁੱਖ ਬਿਨਾਂ ਕਿਸੇ ਵਿਤਕਰੇ ਪੰਗਤ ਵਿਚ ਬੈਠ ਕੇ ਲੰਗਰ ਛਕ ਸਕਦਾ ਹੈ। ਆਉ ਸਾਡੇ ਨਾਲ ਬੈਠ ਕੇ ਰੋਟੀ ਖਾਉ। ਇਹ ਸਭ ਰੱਬ ਦੀ ਦਿੱਤੀ ਦਾਤ ਏ ਤੇ ਅਸੀਂ ਸਾਰੇ ਰੱਬ ਦੇ ਬੰਦੇ ਆਪਸ ਵਿਚ ਭਰਾ ਹਾਂ।"

"ਫਿਰ ਅਸੀਂ ਧਾਰ ਕੱਢ ਕੇ ਦੁੱਧ ਆਪ ਹੀ ਦੇ ਜਾਈਏ?" ਦੂਜੇ ਮੁਸਲਮਾਨ ਨੇ ਪੁੱਛਿਆ।

"ਬੇਸ਼ੱਕ ਇਥੇ ਹੀ ਕੱਢ ਲਉ," ਇਕ ਹੋਰ ਸਿੰਘ ਨੇ ਕਿਹਾ, "ਇਕ ਦੀ ਧਾਰ ਤੁਸੀਂ ਕੱਢੋ ਤੇ ਦੂਜੀ ਮੈਂ ਚੋਅ ਲੈਂਦਾ ਹਾਂ।"

"ਪਿੰਡ 'ਚੋਂ ਬਹੁਤ ਦੁੱਧ ਆ ਗਿਆ ਏ, ਸਾਨੂੰ ਲੋੜ ਤਾਂ ਨਹੀਂ ਸੀ ਪਰ ਅਸੀਂ ਤੁਹਾਨੂੰ ਵੀ ਨਹੀਂ ਮੋੜ ਸਕਦੇ," ਜਥੇਦਾਰ ਕਿੱਕਰ ਸਿੰਘ ਨੇ ਕਿਹਾ, "ਫਿਰ ਲੰਗਰ ਸਾਡੇ ਨਾਲ ਛਕ ਕੇ ਜਾਣਾ।"

ਉਹ ਦੋਵੇਂ ਮੁਸਲਮਾਨ ਬੜੇ ਪ੍ਰਸੰਨ ਹੋਏ। ਲੰਗਰ ਛਕਦਿਆਂ ਵੀ ਉਹ ਆਪਸ ਵਿਚ ਗੱਲਾਂ ਕਰਦੇ ਰਹੇ ਕਿ ਪ੍ਰਚਾਰ ਤਾਂ ਸਿੱਖਾਂ ਵਿਰੁੱਧ ਹੋ ਰਿਹਾ ਹੈ ਪਰ ਦੇਖਣ ਵਿਚ ਤੇ ਵਰਤਣ ਵਿਚ ਇਹ ਫ਼ਰਿਸ਼ਤੇ ਲੱਗਦੇ ਹਨ। ਕਿਤਨਾ ਮਿੱਠਾ ਬੋਲਦੇ ਹਨ, ਕਿਤਨਾ ਬਰਾਬਰੀ ਦਾ ਸਭ ਨੂੰ ਅਹਿਸਾਸ ਕਰਵਾਂਦੇ ਹਨ। ਜੇ ਸਿਖ ਇਤਨੇ ਚੰਗੇ ਹਨ ਤਾਂ ਇਨ੍ਹਾਂ ਦਾ ਗੁਰੂ ਕਿਤਨਾ ਵੱਧ ਚੰਗਾ ਹੋਏਗਾ। ਹਕੂਮਤ ਨੇ ਐਵੇਂ ਗੁਰੂ ਦੇ ਪੁੱਤਰ ਮਰਵਾ ਦਿੱਤੇ ਹਨ। ਇਹ ਤਾਂ ਫ਼ਰਿਸ਼ਤੇ ਹਨ, ਫ਼ਰਿਸ਼ਤੇ।

ਸ਼ਾਮ ਨੂੰ ਪਿੰਡ ਦੇ ਮੁਖੀਏ ਤੇ ਸਿੰਘ ਵੀ ਆ ਗਏ ਤੇ ਰਹਿਰਾਸਿ ਦੇ ਪਾਠ ਪਿੱਛੋਂ ਇਕੱਤਰਤਾ ਸ਼ੁਰੂ ਹੋ ਗਈ। ਦੇਸ਼ ਦੇ ਹਾਲਾਤ, ਪੰਥ ਦੀ ਦਸ਼ਾ, ਗੁਰੂ-ਘਰ ਦੇ ਵਿਚਾਰ ਤੇ ਪ੍ਰਚਾਰ ਬਾਰੇ ਗੱਲਾ ਕਰਨ ਪਿੱਛੋਂ ਕਿੱਕਰ ਸਿੰਘ ਨੇ ਆਪਣੇ ਆਉਣ ਦਾ ਮਨੋਰਥ ਬਿਆਨ ਕਰਦਿਆਂ ਕਿਹਾ, "ਕਰਤਾਰਪੁਰ ਦੇ ਨੇੜੇ ਦਿਆਲਪੁਰ ਪਿੰਡ ਦਾ ਇਕ ਸ਼ਾਹ ਚੌਧਰੀਆਂ ਤੋਂ ਡਰਦਾ ਪਿੰਡ ਛੱਡ ਕੇ ਫਗਵਾੜੇ ਆ ਗਿਆ ਏ, ਉਹਨੂੰ ਮਿਲਣਾ ਏ ਤੇ ਵਾਪਸ ਪਿੰਡ ਭੇਜਣਾ ਏ। ਅਸੀਂ ਸਮਝਦੇ ਹਾਂ ਕਿ ਇਉਂ ਜੇਕਰ ਡਰ ਕੇ ਲੋਕ ਪਿੰਡ ਛੱਡਣ ਲੱਗ ਪਏ ਤਾਂ ਧੱਕਾ ਕਰਨ ਵਾਲਿਆਂ ਦੀ ਹੋਰ ਚੜ੍ਹ ਮੱਚ ਜਾਏਗੀ। ਉਹ ਤਾਂ ਹਟਣਗੇ, ਜੇਕਰ ਲੋਕ ਅੱਗੋਂ ਡਟ ਕੇ ਟਾਕਰੇ ਲਈ ਤਿਆਰ ਹੋਏ।"

"ਕੀ ਨਾਮ ਏ ਸ਼ਾਹ ਦਾ ਤੇ ਕਿਸ ਕੋਲ ਆ ਕੇ ਰਹਿ ਰਿਹਾ ਏ?" ਇਕ ਆਦਮੀ ਨੇ ਕਿਹਾ, "ਫਗਵਾੜਾ ਕੋਈ ਬਹੁਤ ਵੱਡਾ ਨਹੀਂ। ਅਸੀਂ ਬਹੁਤੇ ਲੋਕਾਂ ਨੂੰ ਜਾਣਦੇ ਹਾਂ।"

"ਕੋਈ ਭਜਨ ਲਾਲ ਕੱਪੜੇ ਵਾਲਾ ਏ," ਕਿੱਕਰ ਸਿੰਘ ਨੇ ਦੱਸਿਆ, "ਦਿਆਲਪੁਰ ਤੋਂ ਆਏ ਸ਼ਾਹ ਦਾ ਨਾਮ ਸ਼ਾਮੂ ਸ਼ਾਹ ਏ।"

"ਕੱਲ੍ਹ ਦੁਪਹਿਰ ਤਕ ਤੁਹਾਨੂੰ ਸਾਰੀ ਸੂਚਨਾ ਮਿਲ ਜਾਏਗੀ," ਉਸੇ ਬੰਦੇ ਨੇ ਉੱਤਰ ਦਿੱਤਾ, "ਜੇ ਆਖੋ ਤਾਂ ਸ਼ਾਮੂ ਸ਼ਾਹ ਨੂੰ ਨਾਲ ਲਈ ਆਈਏ।"

"ਉਹ ਬਹੁਤ ਡਰਿਆ ਹੋਇਆ ਏ," ਕਿੱਕਰ ਸਿੰਘ ਨੇ ਕਿਹਾ, "ਚੌਧਰੀ ਉਹਦੀ ਲੜਕੀ ਚੁੱਕ ਲਿਜਾਣ ਦੀ ਧਮਕੀ ਦਿੰਦਾ ਸੀ, ਉਹਦਾ ਤਾਂ ਅਸੀਂ ਮੱਕੂ ਠੱਪ ਆਏ ਹਾਂ, ਉਹਨੂੰ ਦੱਸ ਦੇਣਾ। ਜੇਕਰ ਉਹ ਨਾ ਆਉਣਾ ਪਸੰਦ ਕਰੇ ਤਾਂ ਅਸੀਂ ਉਹਦੇ ਕੋਲ ਚਲੇ ਚੱਲਾਂਗੇ।"

ਦੂਜੇ ਦਿਨ ਸਵੇਰੇ ਦੋ ਬੰਦੇ, ਇਕ ਸਿੰਘ ਤੇ ਇਕ ਸਹਿਜਧਾਰੀ ਫਗਵਾੜੇ ਨੂੰ ਚੱਲ ਪਏ ਤੇ ਛੇਤੀ ਹੀ ਉਨ੍ਹਾਂ ਭਜਨ ਲਾਲ ਦੀ ਦੁਕਾਨ ਦਾ ਪਤਾ ਕਰ ਲਿਆ। ਉਸ ਵੇਲੇ ਨਗਰ ਵਿਚ ਕੱਪੜੇ ਦੀਆਂ ਕੁਲ ਦੋ ਕੁ ਤਾਂ ਦੁਕਾਨਾਂ ਸਨ। ਬਾਕੀ ਅੱਠ ਦਸ ਦੁਕਾਨਾਂ ਅੰਨ ਦਾਣੇ ਦੀਆਂ, ਕੁਝ ਹਲਵਾਈਆਂ ਤੇ ਕੁਝ ਸਬਜ਼ੀਆਂ ਆਦਿ ਵੇਚਣ ਵਾਲਿਆਂ ਦੀਆਂ ਸਨ।

ਭਜਨ ਲਾਲ ਇਨ੍ਹਾਂ ਨੂੰ ਦੇਖ ਕੇ ਡਰ ਗਿਆ ਤੇ ਜਦੋਂ ਇਨ੍ਹਾਂ ਸ਼ਾਮੂ ਸ਼ਾਹ ਦਾ ਪਤਾ ਪੁੱਛਿਆ ਤਾਂ ਭਜਨ ਲਾਲ ਸਾਫ਼ ਮੁੱਕਰ ਗਿਆ। ਉਹਨੇ ਕਿਹਾ, "ਮੇਰੇ ਪਾਸ ਆਇਆ ਤਾਂ ਸੀ, ਪਰ ਕੁਝ ਦਿਨਾਂ ਪਿੱਛੋਂ ਹੀ ਕਿਧਰੇ ਹੋਰ ਚਲਾ ਗਿਆ ਏ। ਮੈਨੂੰ ਉਸ ਪਿੱਛੋਂ ਕੁਝ ਪਤਾ ਨਹੀਂ ਕਿ ਕਿਥੇ ਏ।"

"ਅਸੀਂ ਉਹਦੇ ਭਲੇ ਲਈ ਢੂੰਡਣ ਚੜ੍ਹੇ ਹਾਂ," ਸਿੰਘ ਨੇ ਕਿਹਾ, "ਤੁਹਾਨੂੰ ਦੋਸਤ ਦੁਸ਼ਮਣ ਦੀ ਵੀ ਪਛਾਣ ਨਹੀਂ। ਹਾਕਮ ਵਰਗ ਆਏ ਤਾਂ ਉਹਨੂੰ ਭਾਵੇਂ ਆਖੋ ਕਿ ਉਹ ਇਥੇ ਨਹੀਂ ਪਰ ਸਾਡੇ ਸਾਹਮਣੇ ਝੂਠ ਬੋਲਣ ਦਾ ਕੀ ਲਾਭ? ਅਸੀਂ ਉਹਦੀ ਸਮੱਸਿਆ ਹੱਲ ਕਰਨ ਆਏ ਹਾਂ। ਉਹਦੇ ਹਮਦਰਦ ਸਾਡੇ ਪਿੰਡ ਪਲਾਹੀ ਆਏ ਬੈਠੇ ਨੇ। ਤੁਸੀਂ ਨਹੀਂ ਦੱਸੋਗੇ ਤਾਂ ਉਹ ਵਾਪਸ ਮੁੜ ਜਾਣਗੇ। ਉਹ ਸ਼ਾਹ ਤੋਂ ਕੁਝ ਲੈਣ ਨਹੀਂ, ਕੁਝ ਦੇਣ ਆਏ ਹਨ।"

"ਉਹ ਕੌਣ ਨੇ?" ਭਜਨ ਲਾਲ ਨੇ ਉਤਸੁਕਤਾ ਨਾਲ ਪੁੱਛਿਆ।

"ਗੁਰਸਿੱਖ ਨੇ," ਸਹਿਜਧਾਰੀ ਬੋਲ ਪਿਆ, ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਵਾਲੇ

ਨੇ, ਕਰਤਾਰਪੁਰੋਂ ਆਏ ਨੇ। ਹੋਰ ਦੱਸੋ ਕੀ ਜਾਣਨਾ ਚਾਹੁੰਦੇ ਹੋ ?"

"ਅਸਲ ਗੱਲ ਏ ਕਿ ਸ਼ਾਹ ਹੋਰਾਂ ਨੇ ਸਖ਼ਤ ਤਾੜਨਾ ਕੀਤੀ ਹੋਈ ਏ ਕਿ ਕਿਸੇ ਨੂੰ ਵੀ ਉਨ੍ਹਾਂ ਦੇ ਇਥੇ ਹੋਣ ਦੀ ਖ਼ਬਰ ਨਹੀਂ ਦੇਣੀ।" ਭਜਨ ਲਾਲ ਦਾ ਹੁਣ ਵਤੀਰਾ ਵੀ ਬਦਲ ਗਿਆ ਤੇ ਗੱਲ-ਬਾਤ ਦਾ ਲਹਿਜਾ ਵੀ। ਉਹਨੇ ਦੱਸਿਆ, "ਕੁਝ ਦਿਨ ਵਿਚੋਂ ਉਹ ਰਾਹੋਂ ਚਲੇ ਗਏ ਸਨ, ਪਰ ਅੱਜ-ਕੱਲ੍ਹ ਇਥੇ ਹੀ ਹਨ। ਹੁਣੇ ਮੁੰਡਾ ਆ ਜਾਂਦਾ ਏ ਤੇ ਉਹਨੂੰ ਭੇਜ ਕੇ ਸ਼ਾਹ ਨਾਲ ਤੁਹਾਨੂੰ ਮਿਲਾ ਦਿੰਦਾ ਹਾਂ।"

"ਠੀਕ ਏ," ਸਿੰਘ ਨੇ ਆਖਿਆ, "ਜੇ ਠੀਕ ਸਮਝੋ ਤਾਂ ਅਸੀਂ ਮੁੰਡੇ ਦੇ ਨਾਲ ਹੀ ਘਰ ਜਾ ਮਿਲਦੇ ਹਾਂ।"

"ਨਹੀਂ, ਤੁਹਾਡਾ ਸਾਡੇ ਘਰ ਜਾਣਾ ਠੀਕ ਨਹੀਂ ਹੋਵੇਗਾ," ਭਜਨ ਲਾਲ ਨੇ ਕਿਹਾ, "ਲੋਕੀਂ ਕਈ ਤਰ੍ਹਾਂ ਦੇ ਨੇ। ਸਿੰਘ ਦਾ ਸਾਡੇ ਘਰ ਜਾਣਾ ਦੇਖ ਕੇ ਗੱਲਾਂ ਬਣਾਣਗੇ।"

"ਚਲੋ, ਜਿਵੇਂ ਤੁਸੀਂ ਠੀਕ ਸਮਝੋ," ਸਿੰਘ ਨੇ ਕਿਹਾ, "ਫਿਰ ਤਾਂ ਸਾਡਾ ਤੁਹਾਡੀ ਹੱਟੀ 'ਤੇ ਬੈਠਣਾ ਵੀ ਚੰਗਾ ਨਹੀਂ ਲੱਗਦਾ ਹੋਏਗਾ ?"

"ਨਹੀਂ, ਅਜਿਹੀ ਗੱਲ ਨਹੀਂ, ਹੱਟੀ 'ਤੇ ਤਾਂ ਹਰ ਤਰ੍ਹਾਂ ਦਾ ਗਾਹਕ ਆ ਸਕਦਾ ਹੈ," ਭਜਨ ਲਾਲ ਨੇ ਕਿਹਾ।

ਲੜਕੇ ਨੇ ਘਰ ਜਾ ਕੇ ਦੱਸਿਆ ਕਿ ਦੁਕਾਨ 'ਤੇ ਇਕ ਸਿਖ ਅਤੇ ਇਕ ਹਿੰਦੂ ਆਏ ਨੇ ਤੇ ਉਹ ਸ਼ਾਹ ਜੀ ਨੂੰ ਮਿਲਣਾ ਚਾਹੁੰਦੇ ਨੇ। ਇਹ ਸੁਨੇਹਾ ਦੀਪੋ ਦੀ ਮਾਂ ਰੁਕਮਣੀ ਨੇ ਹੀ ਸੁਣਿਆ। ਦੀਪੋ ਦੀ ਕੰਨੀ ਵੀ ਆਵਾਜ਼ ਪੈ ਗਈ ਕਿ ਕੋਈ ਸਿਖ ਦੁਕਾਨ 'ਤੇ ਆਇਆ ਹੈ, ਉਹ ਵੀ ਝੱਟ-ਪਟ ਜਿਹੜਾ ਕੰਮ ਰਸੋਈ ਵਿਚ ਕਰ ਰਹੀ ਸੀ, ਉਹ ਛੱਡ ਕੇ ਆ ਗਈ। ਉਹਨੂੰ ਇਕ ਦਮ ਖਿਆਲ ਆਇਆ ਕਿ ਭਾਵੇਂ ਸਾਡਾ ਪਤਾ ਕਰਦਾ ਕਰਮ ਸਿੰਘ ਹੀ ਆ ਗਿਆ ਹੋਵੇ। ਉਹਦੇ ਇਸ ਫੁਰਨੇ ਪਿੱਛੇ ਅਸਲ ਵਿਚ ਉਹਦਾ ਇਹ ਵਿਸ਼ਵਾਸ ਵੀ ਕੰਮ ਕਰ ਰਿਹਾ ਸੀ ਕਿ ਕਰਮ ਸਿੰਘ ਜ਼ਰੂਰ ਉਹਨੂੰ ਅਪਣਾ ਲਏਗਾ। ਉਹਦਾ ਮਨ ਕਹਿੰਦਾ ਸੀ ਕਿ ਉਹਦੇ ਚੌਧਰੀਆਂ ਦੇ ਫੜੇ ਜਾਣ ਪਿੱਛੋਂ ਸਿੱਖਾਂ ਦਾ ਆ ਕੇ ਛੁਡਾ ਲਿਜਾਣਾ ਉਹਦੇ ਅਜੇ ਤਕ ਪਾਕ ਪਵਿੱਤਰ ਹੋਣ ਦਾ ਸਬੂਤ ਹੈ ਤੇ ਜ਼ਰੂਰ ਉਨ੍ਹਾਂ ਨੂੰ ਛੁਡਾਣ ਵਾਲੇ ਸਿੰਘਾਂ ਨੇ ਕਰਮ ਸਿੰਘ ਨੂੰ ਸਾਰੀ ਗੱਲ ਦੱਸ ਦਿੱਤੀ ਹੋਵੇਗੀ। ਭਾਵੇਂ ਉਹਨੂੰ ਇਹ ਨਹੀਂ ਸੀ ਪਤਾ ਕਿ ਕਰਮ ਸਿੰਘ ਕਦੋਂ ਕਰਤਾਰਪੁਰ ਆਇਆ ਹੋਵੇਗਾ ਪਰ ਉਹ ਸਮਝਦੀ ਸੀ ਕਿ ਕਰਮ ਸਿੰਘ ਨੂੰ ਜ਼ਰੂਰ ਪਤਾ ਲੱਗ ਗਿਆ ਹੋਵੇਗਾ ਕਿ ਉਹ ਉਹਨੂੰ ਮਿਲਣ ਲਈ ਮੁਸੀਬਤ ਵਿਚ ਫਸ ਗਈ ਸੀ।

"ਕੌਣ ਨੇ ਇਹ ਬੰਦੇ ?" ਰੁਕਮਣੀ ਨੇ ਪੁੱਛਿਆ, "ਕੀ ਨਾਮ ਏ ਉਨ੍ਹਾਂ ਦਾ ਤੇ ਕਿਥੋਂ ਆਏ ਨੇ ?"

"ਇਹ ਤਾਂ ਮੈਨੂੰ ਪਤਾ ਨਹੀਂ," ਲੜਕੇ ਨੇ ਕਿਹਾ, "ਮੈਂ ਹੱਟੀ 'ਤੇ ਬਾਹਰੋਂ ਆਇਆ ਤਾਂ ਉਹ ਪਹਿਲਾਂ ਦੇ ਬੈਠੇ ਹੋਏ ਸਨ। ਮੈਨੂੰ ਇਤਨਾ ਕੁ ਪਤਾ ਏ ਕਿ ਉਹ ਦੋਵੇਂ ਤਾਂ ਲਾਗਲੇ ਪਿੰਡ ਪਲਾਹੀ ਤੋਂ ਆਏ ਨੇ ਤੇ ਉਥੋਂ ਪਤਾ ਨਹੀਂ ਕਿਸ ਦਾ ਸੁਨੇਹਾ ਲਿਆਏ ਨੇ। ਮੈਨੂੰ ਆਪਣੇ ਸ਼ਾਹ ਜੀ ਨੇ ਇਹੀ ਕਿਹਾ ਏ ਕਿ ਸ਼ਾਮੂ ਸ਼ਾਹ ਜੀ ਨੂੰ ਬੁਲਾ ਲਿਆ। ਉਹਨਾਂ ਨੂੰ ਮਿਲਣ ਵਾਲੇ ਆਏ ਨੇ।"

ਇਤਨੇ ਵਿਚ ਸ਼ਾਮੂ ਸ਼ਾਹ ਜੀ ਵੀ ਉੱਠ ਕੇ ਬਾਹਰ ਆ ਗਏ। ਉਹ ਝੱਟ ਹੱਟੀ 'ਤੇ ਜਾਣ ਲਈ ਤਿਆਰ ਹੋ ਗਏ। ਰੁਕਮਣੀ ਨੇ ਤੁਰਦਿਆਂ ਆਖਿਆ, "ਜ਼ਰਾ ਠਰ੍ਹੰਮੇ ਨਾਲ ਗੱਲ ਕਰਿਆ ਜੇ। ਆਪਣੀਆਂ ਨਾ ਮਾਰਦੇ ਰਹਿਣਾ। ਅਗਲੇ ਦੀ ਗੱਲ ਸੁਣਨੀ ਤੇ ਕਹਿਣਾ ਕਿ ਸੋਚ ਕੇ ਉੱਤਰ ਦਿਆਂਗੇ।"

"ਮੈਨੂੰ ਤੂੰ ਅੰਞਾਣਾ ਸਮਝਦੀ ਏਂ," ਸ਼ਾਮੂ ਸ਼ਾਹ ਨੇ ਕਿਹਾ, "ਹੈਰਾਨੀ ਤਾਂ ਇਸ ਗੱਲ ਦੀ ਏ ਕਿ ਸਾਡਾ ਖੁਰਾ ਨੱਪੀ ਕਿਵੇਂ ਲੋਕ ਇਥੇ ਆ ਪਹੁੰਚੇ ਨੇ। ਜੇ ਅਜਿਹੀ ਗੱਲ ਸਾਡੇ ਇਥੇ ਆਉਣ ਦੀ ਧੁੰਮ ਗਈ ਏ ਤਾਂ ਚੌਧਰੀ ਤੇ ਫ਼ੌਜਦਾਰ ਨੂੰ ਵੀ ਪਤਾ ਲੱਗ ਸਕਦਾ ਏ।"

ਸ਼ਾਮੂ ਸ਼ਾਹ ਹੋਰੀਂ ਭਜਨ ਲਾਲ ਦੀ ਦੁਕਾਨ 'ਤੇ ਆ ਗਏ। ਇਥੇ ਉਨ੍ਹਾਂ ਨੇ ਦੋਹਾਂ ਬੰਦਿਆਂ ਨੂੰ ਬੜੇ ਗਹੁ ਨਾਲ ਦੇਖਿਆ, ਪਰ ਕੋਈ ਵੀ ਪਛਾਤਾ ਚਿਹਰਾ ਨਹੀਂ ਸੀ। ਫਿਰ ਵੀ ਰਿਵਾਜਨ ਉਨ੍ਹਾਂ ਹੱਥ ਜੋੜ ਕੇ ਨਮਸਕਾਰ ਕੀਤਾ ਤੇ ਬੈਠ ਗਏ। ਉਨ੍ਹਾਂ ਨੇ ਆਉਂਦਿਆਂ ਜਿਤਨੀ ਦੇਰ ਲਾਈ, ਭਜਨ ਲਾਲ ਉਨ੍ਹਾਂ ਦੋਹਾਂ ਨਾਲ ਗੱਲ-ਬਾਤ ਕਰਦਿਆਂ ਉਨ੍ਹਾਂ ਦੀ ਗੱਲ ਸੁਣਦਾ ਤੇ ਸਮਝਦਾ ਰਿਹਾ। ਵਿਚ ਵਿਚ ਇਕ ਦੋ ਵਾਰ ਗਾਹਕ ਵੀ ਆ ਗਏ ਤੇ ਗੱਲ-ਬਾਤ ਦਾ ਸਿਲਸਿਲਾ ਵਿਚੇ ਛੱਡ ਕੇ ਭਜਨ ਲਾਲ ਗਾਹਕਾਂ ਨੂੰ ਕੱਪੜਾ ਆਦਿ ਵੀ ਦਿੰਦਾ ਰਿਹਾ। ਅੱਗੇ ਉਹਦਾ ਯਤਨ ਹੁੰਦਾ ਸੀ ਕਿ ਗਾਹਕ ਵੱਧ ਤੋਂ ਵੱਧ ਸਮਾਂ ਉਹਦੀ ਦੁਕਾਨ 'ਤੇ ਬੈਠੇ। ਲਵੇ ਭਾਵੇਂ ਇਕ-ਅੱਧ ਕੱਪੜਾ ਪਰ ਉਹ ਵੱਧ ਤੋਂ ਵੱਧ ਕੱਪੜਾ ਕੱਢ ਕੇ ਉਹਦੇ ਅੱਗੇ ਢੇਰੀ ਕਰਦਾ। ਅੱਜ ਉਹਦਾ ਸੁਭਾਅ ਦੇ ਉਲਟ ਵਤੀਰਾ ਸੀ। ਉਹ ਚਾਹੁਣ ਲੱਗਾ ਕਿ ਗਾਹਕ ਅੱਵਲ ਤਾਂ ਆਵੇ ਨਾ ਪਰ ਜੇਕਰ ਆ ਜਾਵੇ ਤਾਂ ਝੱਟ-ਪਟ ਵਸਤ ਲੈ ਕੇ ਤੁਰਦਾ ਬਣੇ। ਉਹਦੀ ਸਾਰੀ ਦਿਲਚਸਪੀ ਸ਼ਾਮੂ ਸ਼ਾਹ ਦੇ ਮਸਲੇ ਵੱਲ ਸੀ।

ਪਹਿਲਾਂ ਤਾਂ ਜਦ ਸ਼ਾਮੂ ਸ਼ਾਹ ਪਰਵਾਰ ਸਮੇਤ ਉਹਦੇ ਕੋਲ ਆਇਆ ਤਾਂ ਉਹਨੂੰ ਖ਼ੁਸ਼ੀ ਹੋਈ। ਇਹ ਜਾਣ ਕੇ ਵੀ ਪ੍ਰਸੰਨਤਾ ਹੋਈ ਕਿ ਜ਼ਾਲਮ ਚੌਧਰੀਆਂ ਤੋਂ ਉਹ ਇੱਜ਼ਤ ਬਚਾ ਕੇ ਆ ਗਿਆ ਏ। ਅੱਗੇ ਕਦੇ ਵੀ ਉਹਦੀ ਭੈਣ ਆ ਕੇ ਮਹੀਨਾ ਦੋ ਮਹੀਨੇ ਉਹਦੇ ਘਰ ਨਹੀਂ ਸੀ ਰਹੀ। ਸ਼ਾਮੂ ਸ਼ਾਹ ਹੋਰੀਂ ਉਹਨੂੰ ਦੋ-ਤਿੰਨ ਦਿਨਾਂ ਤੋਂ ਵੱਧ ਕਦੇ ਛੁਟੀ ਹੀ ਨਹੀਂ ਸਨ ਦਿੰਦੇ, ਪਰ ਕੁਝ ਹੀ ਦਿਨਾਂ ਪਿੱਛੋਂ ਉਹ ਸਾਰਾ ਚਾਅ ਲੱਥ ਗਿਆ ਤੇ ਫਿਰ ਭੈਣ ਦਾ ਪਰਵਾਰ ਇਕ ਭਾਰ ਬਣ ਗਿਆ। ਉਹਨੂੰ ਇਹ ਗੱਲ ਹੋਰ ਚੁਭਦੀ, ਜਦ ਭੈਣ ਜਾਂ ਸ਼ਾਹ ਜੀ ਇਹ ਕਹਿ ਦਿੰਦੇ ਕਿ ਅਸੀਂ ਤਾਂ ਉੱਜੜ ਕੇ ਤੇਰੇ ਕੋਲ ਆ ਗਏ ਹਾਂ। ਹੁਣ ਭਣੇਵੀਂ ਦਾ ਵਿਆਹ ਤੂੰ ਕਰਨਾ ਏ। ਇਹ ਭਾਰਾ ਤੂੰ ਹੀ ਲਾਹੁਣਾ ਏ। ਭਜਨ ਲਾਲ ਨੂੰ ਇਹ ਗੱਲ ਵੀ ਰੜਕਦੀ ਸੀ ਕਿ ਉਹਨੇ ਆਪਣੇ ਪੱਲਿਓਂ ਚੋਖਾ ਧਨ ਲਾ ਕੇ ਸ਼ਾਮੂ ਸ਼ਾਹ ਨੂੰ ਹੱਟੀ ਵੀ ਪਾ ਦਿੱਤੀ ਸੀ, ਪਰ ਉਹ ਚਲਾ ਨਹੀਂ ਸਕੇ। ਆਖ਼ਰ ਨਵਾਂ ਕੰਮ ਚੱਲਦਿਆਂ ਸਮਾਂ ਤਾਂ ਲੱਗਦਾ ਏ। ਸ਼ਾਹ ਹੋਰੀਂ ਕਾਹਲੇ ਪੈ ਗਏ ਤੇ ਅਖ਼ੀਰ ਉਹ ਹੱਟੀ ਛੱਡ ਕੇ ਬਹਿ ਗਏ। ਲਾਈ ਰਾਸ ਮੂੜ੍ਹੀ ਵੀ ਖੁਰਦ ਬੁਰਦ ਹੋ ਗਈ।

"ਜੇ ਇਥੇ ਹੱਟੀ ਨਹੀਂ ਚੱਲਦੀ ਤਾਂ ਹੋਰ ਕਿਧਰੇ ਕੰਮ ਸ਼ੁਰੂ ਕਰ ਲਉ," ਭਜਨ ਲਾਲ ਦੇ ਇਸ ਸੁਝਾਅ 'ਤੇ ਸ਼ਾਮੂ ਸ਼ਾਹ ਹੋਰੀਂ ਬਹੁਤ ਔਖੇ ਹੋ ਗਏ। ਉਨ੍ਹਾਂ ਕਈ ਚੰਗੀਆਂ ਮੰਦੀਆਂ ਗੱਲਾਂ ਸੁਣਾ ਦਿੱਤੀਆਂ। ਭਜਨ ਲਾਲ ਇਹ ਤਾਹਨੇ ਮਿਹਣੇ ਇਸ ਲਈ ਸਹਿ ਗਿਆ ਕਿਉਂਕਿ ਸ਼ਾਹ ਜੀ ਉਸ ਦੇ ਬਹਿਨੋਈ ਸਨ। ਜੇਕਰ ਉਨ੍ਹਾਂ ਦੇ ਘਰ ਭੈਣ ਨਾ ਦਿੱਤੀ ਹੁੰਦੀ ਤਾਂ ਭਜਨ ਲਾਲ ਨੇ ਵੀ ਇਕ ਦੀਆਂ ਦੋ ਅੱਗੋਂ ਸੁਣਾ ਦੇਣੀਆਂ ਸਨ, ਪਰ ਰਿਸ਼ਤਾ ਹੀ ਅਜਿਹਾ ਸੀ ਕਿ ਸ਼ਾਹ ਦੀ ਹਰ ਜ਼ਿਆਦਤੀ ਬਰਦਾਸ਼ਤ ਕਰਨੀ ਪਈ ਸੀ। ਫਿਰ ਵੀ ਭਜਨ ਲਾਲ ਨੇ ਆਪਣੀ ਭੈਣ ਰੁਕਮਣੀ ਨੂੰ ਕਹਿ ਕੇ ਰਾਹੋਂ ਭਿਜਵਾ ਦਿੱਤਾ ਸੀ, ਪਰ ਉਥੇ ਪਰਵਾਰ ਦਾ ਬਿਲਕੁਲ ਹੀ ਦਿਲ ਨਾ ਲੱਗਾ। ਉਥੇ ਬਹੁਤੀ ਨੇੜੇ ਦੀ ਰਿਸ਼ਤੇਦਾਰੀ ਨਹੀਂ ਸੀ। ਇਸੇ ਲਈ ਅੱਜ ਭਜਨ ਲਾਲ ਦੀ ਸਾਰੀ ਦਿਲਚਸਪੀ ਇਸ ਗੱਲ ਵਿਚ ਸੀ ਕਿ ਹੁਣ ਗੱਲ-ਬਾਤ ਕਰ ਕੇ ਜੇਕਰ ਸ਼ਾਮੂ ਸ਼ਾਹ ਦਾ ਪਰਵਾਰ ਮੁੜ ਆਪਣੇ ਘਰ ਦਿਆਲਪੁਰ ਚਲਾ ਜਾਏ ਤਾਂ ਬਹੁਤ ਸਾਰੀਆਂ ਔਕੜਾਂ ਦੂਰ ਹੋ ਸਕਦੀਆਂ ਹਨ। ਉਹਦੇ 'ਤੇ ਪਿਆ ਭਾਰ ਵੀ ਹੌਲਾ ਹੋ ਸਕਦਾ ਹੈ। ਇਸੇ

ਲਈ ਉਹਨੇ ਗੱਲ-ਬਾਤ ਦਾ ਸਿਲਸਿਲਾ ਸ਼ੁਰੂ ਕਰਦਿਆਂ ਪਲਾਹੀ ਦੇ ਦੋਹਾਂ ਬੰਦਿਆਂ ਨੂੰ ਕਿਹਾ, "ਲਉ ਜੀ, ਸ਼ਾਹ ਹੋਰੀਂ ਆ ਗਏ ਜੇ। ਤੁਸੀਂ ਹੁਣ ਹੱਟੀ ਦੇ ਪਿਛਲੇ ਪਾਸੇ ਵਾਲੀ ਖੁੱਲ੍ਹੀ ਥਾਂ ਬੈਠ ਕੇ ਗੱਲਾਂ ਕਰ ਲਉ।"

ਉਨ੍ਹਾਂ ਦੋਹਾਂ ਬੰਦਿਆਂ ਨੇ ਸ਼ਾਮੂ ਸ਼ਾਹ ਨੂੰ ਸਮਝਾਇਆ ਕਿ ਸਿੰਘਾਂ ਦਾ ਜਥਾ ਪਲਾਹੀ ਠਹਿਰਿਆ ਹੋਇਆ ਏ ਤੇ ਉਹ ਤੁਹਾਨੂੰ ਮਿਲਣਾ ਚਾਹੁੰਦੇ ਨੇ। ਜੇਕਰ ਤੁਸੀਂ ਕਹੋ ਤਾਂ ਉਹ ਮਿਲਣ ਲਈ ਫਗਵਾੜੇ ਹੀ ਆ ਸਕਦੇ ਨੇ। ਪਰ ਇਥੇ ਭਜਨ ਲਾਲ ਹੋਰੀਂ ਡਰ ਰਹੇ ਨੇ, ਇਸ ਲਈ ਚੰਗਾ ਹੋਵੇ ਜੇਕਰ ਤੁਸੀਂ ਪਲਾਹੀ ਆ ਜਾਉ। ਉਥੇ ਕੋਈ ਡਰ ਨਹੀਂ।

"ਸੱਚੀ ਗੱਲ ਏ, ਮੈਂ ਜਦੋਂ ਦਾ ਫਗਵਾੜੇ ਆਇਆ ਹਾਂ। ਮੈਂ ਕਿਸੇ ਨੂੰ ਨਹੀਂ ਮਿਲਿਆ। ਲੁਕ ਕੇ ਜ਼ਿੰਦਗੀ ਗੁਜ਼ਾਰ ਰਿਹਾ ਹਾਂ। ਚਾਹੁੰਦਾ ਸਾਂ ਕਿ ਲੜਕੀ ਦਾ ਰਿਸ਼ਤਾ ਕਰ ਕੇ ਹੀ ਪਿੰਡ ਮੁੜਾਂ ਪਰ ਇਹਦੇ ਲੇਖ ਸੰਜੋਗ ਹੀ ਨਹੀਂ ਉੱਠ ਰਹੇ," ਸ਼ਾਮੂ ਸ਼ਾਹ ਨੇ ਦੱਸਿਆ, "ਮੈਂ ਭਜਨ ਲਾਲ ਨਾਲ ਗੱਲ ਕਰ ਕੇ ਹੀ ਤੁਹਾਨੂੰ ਦੱਸ ਸਕਦਾ ਹਾਂ।"

ਸ਼ਾਹ ਉੱਠ ਕੇ ਹੱਟੀ ਵਿਚ ਗੱਦੀ 'ਤੇ ਬੈਠੇ ਭਜਨ ਲਾਲ ਕੋਲ ਆ ਗਿਆ ਤੇ ਕਿਤਨਾ ਚਿਰ ਦੋਵੇਂ ਘੁਸਰ-ਮੁਸਰ ਕਰਦੇ ਰਹੇ। ਅਖ਼ੀਰ ਇਹੀ ਫ਼ੈਸਲਾ ਹੋਇਆ ਕਿ ਕੱਲ੍ਹ ਤੜਕੇ ਹੀ ਪਲਾਹੀ ਪਹੁੰਚ ਜਾਵਾਂਗੇ ਤੇ ਉਥੇ ਭਜਨ ਲਾਲ ਦੇ ਇਕ ਪੁਰਾਣੇ ਗਾਹਕ ਗਿਰਧਾਰੀ ਲਾਲ ਦੇ ਘਰ ਠਹਿਰਾਂਗੇ ਤੇ ਉਸ ਪਿੱਛੋਂ ਸਿੰਘਾਂ ਨੂੰ ਮਿਲ ਲਵਾਂਗੇ। ਸ਼ਾਹ ਨੇ ਇਹ ਵੀ ਮਨਾ ਲਿਆ ਕਿ ਭਜਨ ਲਾਲ ਵੀ ਨਾਲ ਚੱਲੇਗਾ। ਭਜਨ ਲਾਲ ਲਈ ਹੱਟੀ ਕੁਝ ਸਮੇਂ ਲਈ ਛੱਡਣੀ ਵੀ ਬਹੁਤ ਔਖੀ ਸੀ ਪਰ ਉਹ ਸ਼ਾਮੂ ਸ਼ਾਹ ਦੇ ਵਾਪਸ ਦਿਆਲਪੁਰ ਜਾਣ ਲਈ ਪ੍ਰਬੰਧ ਕਰਦਿਆਂ ਸਾਰਾ ਦਿਨ ਹੱਟੀ ਬੰਦ ਵੀ ਰੱਖ ਸਕਦਾ ਸੀ। ਕਈ ਸਾਲ ਪਹਿਲਾਂ ਜਦੋਂ ਭਜਨ ਲਾਲ ਦੀ ਮਾਂ ਮਰੀ ਸੀ, ਉਦੋਂ ਇਹਨੇ ਹੱਟੀ ਬੰਦ ਕੀਤੀ ਸੀ, ਨਹੀਂ ਤੇ ਆਪ ਨੂੰ ਭਾਵੇਂ ਤਾਪ ਚੜ੍ਹਿਆ ਰਹੇ, ਇਹ ਹੱਟੀ ਨਹੀਂ ਸੀ ਬੰਦ ਕਰਦਾ।

ਉਨ੍ਹਾਂ ਬੱਚਿਆਂ ਹੱਥ ਸੁਨੇਹਾ ਭੇਜ ਦਿੱਤਾ ਕਿ ਕੱਲ੍ਹ ਆਵਾਂਗੇ। ਉਹ ਸੰਤੁਸ਼ਟ ਹੋ ਗਏ ਕਿ ਇਹ ਆਉਣਗੇ। ਕਿਉਂਕਿ ਗਿਰਧਾਰੀ ਲਾਲ ਦੇ ਘਰ ਠਹਿਰਨ ਦਾ ਵੀ ਸੁਨੇਹਾ ਦੇ ਦਿੱਤਾ ਸੀ। ਝੱਟ ਉਨ੍ਹਾਂ ਦੇ ਜਾਣ ਪਿੱਛੋਂ ਵੀ ਦੋਵੇਂ ਬੈਠੇ ਗੱਲਾਂ ਕਰਦੇ ਰਹੇ। ਕਈ ਤਰ੍ਹਾਂ ਦੀਆਂ ਵਿਉਂਤਾਂ ਸੋਚਦੇ ਰਹੇ। ਜਦ ਕਾਫ਼ੀ ਦੇਰ ਤਕ ਸ਼ਾਹ ਘਰ ਨਾ ਮੁੜਿਆ ਤਾਂ ਰੁਕਮਣੀ ਤੇ ਦੀਪੋ ਵੀ ਦੁਕਾਨ 'ਤੇ ਆ ਗਈਆਂ। ਉਨ੍ਹਾਂ ਲਈ ਘਰ ਉਡੀਕ ਕਰਨੀ ਔਖੀ ਹੋ ਗਈ ਸੀ। ਉਡੀਕ ਦਾ ਇਕ ਇਕ ਪਲ ਲੰਮਾ ਸਮਾਂ ਜਾਪਦਾ ਹੈ। ਉਂਝ ਵੀ ਤੌਖਲਾ ਸੀ ਕਿ ਕੋਈ ਨਵੀਂ ਬਿਪਤਾ ਨਾ ਆ ਜਾਵੇ। ਮਾਵਾਂ ਧੀਆਂ ਨੂੰ ਇਹ ਵੀ ਖ਼ਿਆਲ ਸੀ ਕਿ ਕਿਧਰੇ ਕਰਮ ਸਿੰਘ ਨਾ ਆ ਗਿਆ ਹੋਵੇ। ਉਨ੍ਹਾਂ ਦੀ ਦਿਲਚਸਪੀ ਅਜੇ ਤਕ ਕਰਮ ਸਿੰਘ ਨਾਲ ਰਿਸ਼ਤਾ ਕਰਨ ਦੀ ਸੀ। ਪਹਿਲਾਂ ਤਾਂ ਰੁਕਮਣੀ ਵੀ ਇਥੇ ਸਾਕ ਨਾ ਕਰਨ ਦੀ ਹਮਾਇਤ ਕਰਨ ਲੱਗ ਪਈ ਸੀ, ਪਰ ਜਦੋਂ ਫਗਵਾੜੇ ਆ ਕੇ ਨਾ ਤਾਂ ਇਨ੍ਹਾਂ ਦੇ ਪੈਰ ਲੱਗੇ ਤੇ ਨਾ ਹੀ ਕੁੜੀ ਦਾ ਕਿਧਰੇ ਰਿਸ਼ਤਾ ਹੋਇਆ ਤਾਂ ਮੁੜ ਕੇ ਉਹ ਕਰਮ ਸਿੰਘ ਬਾਰੇ ਹੀ ਸੋਚਣ ਲਈ ਮਜਬੂਰ ਹੋ ਗਈ। ਸ਼ਾਹ ਅਜੇ ਵੀ ਪਹਿਲਾਂ ਵਾਲੇ ਵਿਚਾਰ 'ਤੇ ਹੀ ਡਟਿਆ ਹੋਇਆ ਸੀ ਕਿ ਸਿੰਘ ਬਣ ਚੁੱਕੇ ਕਰਮੇ ਨਾਲ ਰਿਸ਼ਤਾ ਨਹੀਂ ਕਰਨਾ। ਸਿੱਖਾਂ ਦੇ ਉਹਦੀ ਧੀ ਛੁਡਾ ਕੇ ਵਾਪਸ ਲਿਆ ਦੇਣ ਦਾ ਵੀ ਬਾਕੀ ਪਰਵਾਰ 'ਤੇ ਅਸਰ ਸੀ, ਪਰ ਸ਼ਾਹ 'ਤੇ ਬਹੁਤ ਹੀ ਘੱਟ ਪ੍ਰਭਾਵ ਸੀ।

"ਕਿਉਂ ਕਰਮ ਸਿੰਘ ਵੀ ਆਇਆ ਏ ?" ਰੁਕਮਣੀ ਨੇ ਪੁੱਛਿਆ। ਅਸਲ ਵਿਚ ਇਹ ਪ੍ਰਸ਼ਨ ਤਾਂ ਦੀਪੋ ਦਾ ਸੀ, ਪਰ ਉਹ ਆਪ ਪੁੱਛ ਨਹੀਂ ਸੀ ਸਕਦੀ। ਉਹਦਾ ਕਰਮ ਸਿੰਘ ਬਾਰੇ ਪੁੱਛਣਾ ਸਮਾਜਕ ਕਦਰਾਂ-ਕੀਮਤਾਂ ਅਨੁਸਾਰ ਅਤਿ ਘਟੀਆ ਸੋਚ ਸੀ। ਉਹਨੇ ਆਪਣੀ

ਸ਼ਾਂ ਮਾਂ ਨੂੰ ਇਹ ਸਵਾਲ ਪੁੱਛਣ ਲਈ ਤਿਆਰ ਕਰ ਲਿਆ।

“ਜਿਹੜੇ ਸੱਜਣ ਆਏ ਸਨ, ਇਹ ਤਾਂ ਪਲਾਹੀ ਪਿੰਡ ਦੇ ਹੀ ਸਨ,” ਭਜਨ ਲਾਲ ਨੇ ਦੱਸਿਆ, “ਉਨ੍ਹਾਂ ਨੂੰ ਪਤਾ ਨਹੀਂ ਕਿ ਜਥੇ ਨਾਲ ਹੋਰ ਕੌਣ ਕੌਣ ਏ। ਇਹ ਉਹ ਦੱਸ ਗਏ ਨੇ ਕਿ ਜਥਾ ਕਰਤਾਰਪੁਰ ਤੋਂ ਹੀ ਆਇਆ ਸੀ। ਕੱਲ੍ਹ ਪਤਾ ਲੱਗ ਜਾਏਗਾ ਕਿ ਕਰਤਾਰਪੁਰੋਂ ਕੌਣ ਕੌਣ ਆਇਆ ਏ।”

ਦੂਜੇ ਦਿਨ ਸਵੇਰੇ ਮੂੰਹ ਹਨੇਰੇ ਹੀ ਦੋਵੇਂ ਸ਼ਾਹ ਫਗਵਾੜੇ ਤੋਂ ਪਲਾਹੀ ਨੂੰ ਚੱਲ ਪਏ ਤੇ ਸੂਰਜ ਨਿਕਲਦੇ ਤਕ ਉਹ ਪਲਾਹੀ ਪਹੁੰਚ ਗਏ। ਸਿੱਧਾ ਉਹ ਗਿਰਧਾਰੀ ਲਾਲ ਦੇ ਘਰ ਹੀ ਗਏ। ਉਹਨੂੰ ਵੀ ਰਾਤ ਪਲਾਹੀ ਦੇ ਉਨ੍ਹਾਂ ਬੰਦਿਆਂ ਨੇ ਦੱਸ ਦਿੱਤਾ ਸੀ ਕਿ ਸਵੇਰੇ ਭਜਨ ਲਾਲ ਹੋਰੀਂ ਆ ਰਹੇ ਹਨ। ਇਸ ਲਈ ਉਹ ਘਰ ਹੀ ਸੀ ਨਹੀਂ ਤੇ ਮੂੰਹ ਹਨੇਰੇ ਹੀ ਉਹ ਵੀ ਆਪਣੇ ਕੰਮ ਕਾਜ ’ਤੇ ਨਿਕਲ ਜਾਇਆ ਕਰਦਾ ਸੀ। ਗਿਰਧਾਰੀ ਲਾਲ ਦਾ ਕੰਮ ਵੀ ਵਿਆਜ ’ਤੇ ਪੈਸੇ ਦੇਣਾ ਹੁੰਦਾ ਸੀ। ਉਹਨੇ ਭਾਵੇਂ ਪ੍ਰਗਟ ਤੌਰ ’ਤੇ ਪਲਾਹੀ ਵਿਚ ਦੁਕਾਨ ਬਣਾਈ ਹੋਈ ਸੀ, ਪਰ ਅਸਲ ਆਮਦਨ ਉਹਦੀ ਵਿਆਜੀ ਦਿੱਤੀ ਰਕਮ ਤੋਂ ਹੀ ਸੀ। ਇਕ ਵਾਰ ਜਿਸ ਪਰਵਾਰ ਨੇ ਉਹਦੇ ਤੋਂ ਕਿਸੇ ਮੁਸ਼ਕਲ ਸਮੇਂ ਸੌ ਦੋ ਸੌ ਰੁਪਿਆ ਲੈ ਲਿਆ, ਫਿਰ ਉਹ ਸਾਰੀ ਉਮਰ ਇਹਦਾ ਕਰਜ਼ਾ ਨਹੀਂ ਲਾਹ ਸਕਿਆ। ਕਈ ਪਰਵਾਰਾਂ ਤੋਂ ਇਹਨੇ ਤਿੰਨ ਤਿੰਨ ਪੁਸ਼ਤਾਂ ਤਕ ਜਾ ਕੇ ਰਕਮ ਉਗਰਾਹੀ ਸੀ।

ਉਹਦਾ ਪਹਿਲਾ ਅਨੁਮਾਨ ਸੀ ਕਿ ਭਜਨ ਲਾਲ ਉਹਦੇ ਤੋਂ ਰਕਮ ਲੈਣ ਲਈ ਆਇਆ ਹੋਵੇਗਾ। ਵਪਾਰੀਆਂ ਪਾਸ ਜਿਤਨਾ ਵੀ ਪੈਸਾ ਹੋਵੇ, ਥੋੜ੍ਹਾ ਹੈ। ਵਪਾਰ ਦਾ ਖਿਲਾਰਾ ਹੀ ਕੁਝ ਇਸ ਤਰ੍ਹਾਂ ਦਾ ਏ। ਅੱਗੇ ਵੀ ਕਈ ਵਾਰ ਭਜਨ ਲਾਲ ਨੇ ਇਹਦੇ ਤੋਂ ਰਕਮ ਫੜੀ ਸੀ ਤੇ ਇਹ ਵੀ ਕਈ ਵਾਰ ਉਹਦੀ ਦੁਕਾਨ ਤੋਂ ਸੌਦਾ ਬਿਨਾ ਮੁੱਲ ਦਿੱਤੇ ਚੁੱਕ ਲਿਆਇਆ ਕਰਦਾ ਸੀ। ਇਨ੍ਹਾਂ ਭਜਨ ਲਾਲ ਦੀ ਕੋਈ ਰਕਮ ਹੁਣ ਨਹੀਂ ਸੀ ਦੇਣੀ, ਨਹੀਂ ਤੇ ਉਹਨੂੰ ਚਿੰਤਾ ਲੱਗ ਜਾਂਦੀ ਕਿ ਸ਼ਾਹ ਦੇ ਆਉਣ ਤਕ ਰਕਮ ਦਾ ਪ੍ਰਬੰਧ ਕਰੇ। ਇਸੇ ਲਈ ਉਹਦਾ ਅਨੁਮਾਨ ਸੀ ਕਿ ਐਤਕੀਂ ਭਜਨ ਲਾਲ ਰਕਮ ਉਧਾਰ ਲੈਣ ਆ ਰਿਹਾ ਹੋਵੇਗਾ।

ਜਦ ਦੋਵੇਂ ਸ਼ਾਮੂ ਸ਼ਾਹ ਤੇ ਭਜਨ ਲਾਲ ਇਕੱਠੇ ਉਹਦੇ ਘਰ ਅੰਦਰ ਦਾਖ਼ਲ ਹੋਏ ਤਾਂ ਉਹਨੂੰ ਨਵਾਂ ਫੁਰਨਾ ਫੁਰਿਆ ਕਿ ਨਾਲ ਆ ਰਹੇ ਬੰਦੇ ਨੂੰ ਕਰਜ਼ਾ ਲੈ ਕੇ ਦੇਣਾ ਹੋਵੇਗਾ। ਜਦੋਂ ਉਨ੍ਹਾਂ ਨੇ ਪਾਣੀ-ਧਾਣੀ ਪੀ ਕੇ ਆਪਣੇ ਆਉਣ ਦਾ ਕਾਰਨ ਦੱਸਿਆ ਤਾਂ ਗਿਰਧਾਰੀ ਲਾਲ ਨੂੰ ਮਾਮਲਾ ਸਮਝ ਆ ਗਿਆ। ਉਹ ਵੀ, ਜੋ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਹਵਾ ਦੇ ਰੁਖ਼ ਦਾ ਅਨੁਮਾਨ ਲਾਣ ਵਿਚ ਵੀ ਸਿਆਣਾ ਸੀ, ਤਾਕੀਦ ਕਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸ਼ਾਹ ਨਾਲ ਸੰਬੰਧ ਚੰਗੇ ਹੋਣ ਦਾ ਪੰਜਾਬ ਵਿਚ ਪ੍ਰਭਾਵ ਚੰਗਾ ਹੋ ਗਿਆ ਹੈ। ਹੁਣ ਹਾਕਮ ਵਰਗ ਡਰਨ ਲੱਗ ਪਿਆ ਹੈ ਕਿ ਬਹਾਦਰ ਸ਼ਾਹ ਦਿੱਲੀ ਦੇ ਤਖ਼ਤ ਦਾ ਮਾਲਕ ਬਣ ਕੇ ਪੰਜਾਬ ਵਿਚ ਉਹੀ ਕੁਝ ਕਰੇਗਾ, ਜੋ ਗੁਰੂ ਸਾਹਿਬ ਚਾਹੁਣਗੇ। ਇਸੇ ਲਈ ਦੱਖਣ ਵੱਲ ਉਹ ਆਪਣੇ ਨਾਲ ਲੈ ਗਿਆ ਹੈ।

ਗਿਰਧਾਰੀ ਲਾਲ ਨੇ ਇਹ ਵੀ ਦੱਸਿਆ ਕਿ ਸਿਖ ਹੁਣ ਵਧੇਰੇ ਚੜ੍ਹਦੀ ਕਲਾ ਵਿਚ ਹਨ ਤੇ ਉਨ੍ਹਾਂ ਨੇ ਦੇਸ਼ ਭਰ ਵਿਚ ਆਪਣੀ ਜਥੇਬੰਦੀ ਮਜ਼ਬੂਤ ਕਰਨੀ ਸ਼ੁਰੂ ਕਰ ਦਿੱਤੀ ਹੈ। ਉਹਨੇ ਹੀ ਦੱਸਿਆ ਕਿ ਕਰਤਾਰਪੁਰ ਦਾ ਕੋਈ ਸਿਖ ਕਰਮ ਸਿੰਘ ਸੁਣਿਆ ਏ ਕਿ ਦੁਆਬੇ ਦਾ ਜਥੇਦਾਰ ਬਣ ਕੇ ਆ ਗਿਆ ਏ। ਜਿਹੜੇ ਹਾਕਮ ਪਹਿਲੇ ਸਿੱਖਾਂ ਮਗਰ ਸ਼ਿਕਾਰੀਆਂ ਵਾਂਗ ਲੱਗੇ ਫਿਰਦੇ ਸਨ, ਉਹ ਹੁਣ ਸਿੱਖਾਂ ਦੀ ਖ਼ੁਸ਼ਾਮਦ ਕਰਨ ਲੱਗ ਪਏ ਹਨ। ਜਲੰਧਰ ਦੇ ਫ਼ੌਜਦਾਰ ਨਾਲ ਕਰਮ ਸਿੰਘ ਦੀ ਗੱਲ-ਬਾਤ ਦੇ ਜੋ ਚਰਚੇ ਪਲਾਹੀ ਦੇ ਸਿੱਖਾਂ ਪਾਸੋਂ

ਗਿਰਧਾਰੀ ਲਾਲ ਨੇ ਸੁਣੇ, ਉਹ ਵੀ ਇਨ੍ਹਾਂ ਨੂੰ ਸੁਣਾ ਦਿੱਤੇ।

ਸਿੰਘਾਂ ਨਾਲ ਗੱਲ-ਬਾਤ ਕਰਨ ਲਈ ਸ਼ਾਮੂ ਸ਼ਾਹ ਤੇ ਭਜਨ ਲਾਲ ਆਪਣੇ ਨਾਲ ਗਿਰਧਾਰੀ ਲਾਲ ਨੂੰ ਵੀ ਲੈ ਗਏ। ਉਥੇ ਕਾਫ਼ੀ ਲੰਮੀ-ਚੌੜੀ ਗੱਲ-ਬਾਤ ਹੋਈ। ਕਿੱਕਰ ਸਿੰਘ ਨੇ ਸ਼ਾਹ ਨੂੰ ਦੱਸਿਆ ਕਿ ਕਿਸ ਤਰ੍ਹਾਂ ਜਥੇਦਾਰ ਕਰਮ ਸਿੰਘ ਦਾ ਸ਼ਾਹੀ ਸੁਆਗਤ ਫ਼ੌਜਦਾਰ ਜਲੰਧਰ ਨੇ ਕੀਤਾ ਸੀ ਤੇ ਜਦੋਂ ਤੁਹਾਡੀ ਲੜਕੀ ਨਾਲ ਵਾਪਰੀ ਦੁਰਘਟਨਾ ਤੇ ਉਸ ਪਿੱਛੋਂ ਚੌਧਰੀ ਦੀ ਕਮੀਨਗੀ ਦੀ ਗੱਲ ਕੀਤੀ ਤਾਂ ਫ਼ੌਜਦਾਰ ਨੇ ਚੌਧਰੀ ਨੂੰ ਸਖ਼ਤ ਸਜ਼ਾ ਦੇਣ ਦਾ ਵਾਅਦਾ ਕੀਤਾ। ਇਸ ਲਈ ਤੁਸੀਂ ਵਾਪਸ ਦਿਆਲਪੁਰ ਜਾ ਕੇ ਆਪਣੇ ਪਿੰਡ ਵਿਚ ਹੀ ਰਹਿ ਸਕਦੇ ਹੋ, ਹੁਣ ਕੋਈ ਤੁਹਾਡੀ ਹਵਾ ਵੱਲ ਵੀ ਨਹੀਂ ਦੇਖ ਸਕਦਾ।

ਕਾਫ਼ੀ ਜੱਕੋ-ਤੱਕੀ ਵਿਚ ਰਹਿ ਕੇ ਤੇ ਦੋ-ਚਿੱਤੀ ਪ੍ਰਗਟ ਕਰਨ ਪਿੱਛੋਂ ਸ਼ਾਮੂ ਸ਼ਾਹ ਇਸ ਸ਼ਰਤ 'ਤੇ ਪਿੰਡ ਜਾਣਾ ਮੰਨਿਆ ਕਿ ਫ਼ੌਜਦਾਰ ਦਾ ਉਹਨੂੰ ਸੁਨੇਹਾ ਆ ਜਾਏ ਤੇ ਕਿੱਕਰ ਸਿੰਘ ਕੁਝ ਸਮਾਂ ਜਥੇ ਸਮੇਤ ਦਿਆਲਪੁਰ ਦੇ ਆਸ-ਪਾਸ ਰਹੇ। ਕਿੱਕਰ ਸਿੰਘ ਨੇ ਇਹ ਵੀ ਦੱਸਿਆ ਕਿ ਦਿਆਲਪੁਰ ਦੇ ਹਿੰਦੂ ਮੁਸਲਮਾਨ ਰਲ ਕੇ ਫਗਵਾੜੇ ਆਉਣਗੇ ਤੇ ਸ਼ਾਹ ਦੇ ਪਰਵਾਰ ਨੂੰ ਸਤਿਕਾਰ ਨਾਲ ਪਿੰਡ ਲੈ ਜਾਣਗੇ। ਗਿਰਧਾਰੀ ਲਾਲ ਤੇ ਭਜਨ ਲਾਲ ਦੀ ਪ੍ਰੇਰਨਾ ਪਿੱਛੋਂ ਸ਼ਾਮੂ ਸ਼ਾਹ ਨੇ ਕੁਝ ਦਿਨਾਂ ਤਕ ਦਿਆਲਪੁਰ ਵਾਪਸ ਪਰਵਾਰ ਸਮੇਤ ਆਉਣ ਦੀ 'ਹਾਂ' ਕਰ ਦਿੱਤੀ।

15

ਦਿਆਲਪੁਰ ਤੋਂ ਹਿੰਦੂਆਂ ਮੁਸਲਮਾਨਾਂ ਦੇ ਦੋ ਦੋ ਪ੍ਰਤੀਨਿਧ ਲੈ ਕੇ ਇਬਰਾਹੀਮ ਫਗਵਾੜੇ ਦੱਸੇ ਪਤੇ 'ਤੇ ਪਹੁੰਚ ਗਿਆ ਤੇ ਸ਼ਾਮੂ ਸ਼ਾਹ ਨੂੰ ਮਿਲ ਕੇ ਬੇਨਤੀ ਕੀਤੀ ਕਿ ਉਹ ਪਿੰਡ ਵਿਚ ਵਾਪਸ ਚਲੇ ਜਾਣ। ਹੁਣ ਮਾਹੌਲ ਬਦਲ ਗਿਆ ਹੈ, ਪਹਿਲਾਂ ਵਾਲੀ ਹਾਲਤ ਨਹੀਂ ਰਹੀ। ਪਿੰਡ ਦੇ ਮੁਸਲਮਾਨ ਤੇ ਹਿੰਦੂ ਇਸ ਗੱਲ ਲਈ ਇਕ-ਮੁੱਠ ਹੋ ਗਏ ਹਨ ਕਿ ਅੱਗੋਂ ਜੇਕਰ ਕਿਸੇ ਵੀ ਪਿੰਡ ਦੇ ਵਾਸੀ 'ਤੇ ਕੋਈ ਬਿਪਤਾ ਆਈ ਤਾਂ ਸਾਰੇ ਰਲ ਕੇ ਉਹਦਾ ਟਾਕਰਾ ਕਰਨਗੇ। ਸ਼ਾਮੂ ਸ਼ਾਹ ਨੇ ਇਨ੍ਹਾਂ ਸਾਰਿਆਂ ਦੀ ਖ਼ੂਬ ਸੇਵਾ ਕੀਤੀ। ਭਜਨ ਲਾਲ ਨੇ ਵੱਧ-ਚੜ੍ਹ ਕੇ 'ਜੀ ਆਇਆਂ' ਆਖਿਆ। ਇਹ ਸਾਰੇ ਸੰਤੁਸ਼ਟ ਵਾਪਸ ਗਏ, ਜਦੋਂ ਸ਼ਾਮੂ ਸ਼ਾਹ ਨੇ ਵਚਨ ਕੀਤਾ ਕਿ ਉਹ ਅਗਲੇ ਬੁੱਧਵਾਰ ਪਿੰਡ ਆ ਜਾਏਗਾ।

ਅਸਲ ਵਿਚ ਜਦੋਂ ਕਿੱਕਰ ਸਿੰਘ ਹੋਰੀਂ ਮਿਲ ਕੇ ਗਏ ਸਨ, ਉਸ ਦਿਨ ਤੋਂ ਹੀ ਸ਼ਾਮੂ ਸ਼ਾਹ ਨੇ ਵਾਪਸ ਪਿੰਡ ਮੁੜਨ ਦਾ ਮਨ ਬਣਾ ਲਿਆ ਸੀ, ਪਰ ਉਹਨੇ ਭਜਨ ਲਾਲ ਰਾਹੀਂ ਫਗਵਾੜੇ ਦੇ ਇਕ ਜੋਤਸ਼ੀ ਤੋਂ ਪੁੱਛਿਆ ਸੀ ਕਿ ਕਿਹੜੇ ਵਾਰ ਤੇ ਕਿਹੜੇ ਵੇਲੇ ਵਾਪਸ ਦਿਆਲਪੁਰ ਜਾਣਾ ਚਾਹੀਦਾ ਹੈ। ਉਹਦਾ ਵਿਸ਼ਵਾਸ ਸੀ ਕਿ ਚੰਗੀ ਘੜੀ ਹੀ ਸਫ਼ਰ 'ਤੇ ਜਾਣਾ ਚਾਹੀਦਾ ਹੈ। ਮਾੜੇ ਵੇਲੇ ਸਫ਼ਰ ਸ਼ੁਰੂ ਕਰਦਿਆਂ ਰਾਹ ਵਿਚ ਕੋਈ ਨਵੀਂ ਮੁਸੀਬਤ ਆ ਸਕਦੀ ਏ। ਜੋਤਸ਼ੀ ਨੇ ਹੀ ਬੁੱਧਵਾਰ ਦੀ ਤਾਰੀਖ਼ ਤੇ ਦਿਨ ਠੀਕ ਦੱਸਿਆ ਸੀ। ਇਤਨੇ ਵਿਚ ਫ਼ੌਜਦਾਰ ਵੱਲੋਂ ਵੀ ਸੁਨੇਹਾ ਆ ਗਿਆ ਕਿ ਉਹ ਬੇਸ਼ੱਕ ਪਿੰਡ ਵਾਪਸ ਆ ਜਾਏ। ਉਹਨੂੰ ਤੇ ਉਹਦੇ ਪਰਵਾਰ ਨੂੰ ਕੋਈ ਖ਼ਤਰਾ ਨਹੀਂ।

ਦਿਆਲਪੁਰ ਵਾਪਸ ਜਾਂਦਿਆਂ ਇਬਰਾਹੀਮ ਕਰਤਾਰਪੁਰ ਰੁਕ ਕੇ ਗਿਆ ਤੇ ਉਥੇ ਸਿੰਘਾਂ ਦੇ ਡੇਰੇ ਉਹ ਦੱਸ ਗਿਆ ਕਿ ਬੁੱਧਵਾਰ ਸ਼ਾਹ ਵਾਪਸ ਘਰ ਆ ਰਿਹਾ ਏ। ਕਿੱਕਰ

ਸਿੰਘ ਨੇ ਜਥੇਦਾਰ ਕਰਮ ਸਿੰਘ ਨੂੰ ਸਾਰੀ ਸੂਚਨਾ ਪਹੁੰਚਾ ਦਿੱਤੀ। ਜਦ ਲਾਭ ਚੰਦ ਨੂੰ ਪਤਾ ਲੱਗਾ ਤਾਂ ਉਹਨੇ ਕਿਹਾ, "ਜੇਕਰ ਕਰਮ ਸਿੰਘ ਮੰਨ ਜਾਏ ਤਾਂ ਅਸੀਂ ਇਥੋਂ ਲੰਘਦੇ ਸਮੇਂ ਸ਼ਾਮੂ ਸ਼ਾਹ ਹੋਰਾਂ ਨੂੰ 'ਜੀ ਆਇਆਂ' ਆਖੀਏ ਤੇ ਉਨ੍ਹਾਂ ਲਈ ਰੋਟੀ ਪਾਣੀ ਦਾ ਪ੍ਰਬੰਧ ਕਰ ਦਈਏ।"

"ਬਿਲਕੁਲ ਨਹੀਂ," ਕਰਮ ਸਿੰਘ ਨੇ ਕਿਹਾ।

"ਕਿਉਂ ? ਉਹ ਸਾਡੇ ਕੁੜਮ ਹਨ ਤੇ ਤੇਰੇ ਕਹਿਣ ਅਨੁਸਾਰ ਅਜੇ ਰਿਸ਼ਤਾ ਟੁੱਟਾ ਵੀ ਨਹੀਂ। ਫਿਰ ਮਿਲਣ ਵਿਚ ਕੀ ਹਰਜ ਏ ?"

"ਉਹਨੇ ਅਜੇ ਆਪਣੇ ਬੋਲ ਵਾਪਸ ਨਹੀਂ ਲਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਦੂਜਾ, ਉਹਦੇ ਨਾਲ ਹੀ ਪਰਵਾਰ ਹੋਏਗਾ, ਉਹਦੀ ਧੀ ਹੋਏਗੀ। ਉਹ ਇਸ ਤਰ੍ਹਾਂ ਤੁਹਾਡਾ ਮਿਲਣਾ ਸ਼ਾਇਦ ਪਸੰਦ ਨਾ ਕਰੇ। ਉਂਝ ਵੀ ਕਈ ਪੱਖਾਂ ਤੋਂ ਲੋਕ ਇਹਦੇ ਅਰਥ ਕੁਝ ਹੋਰ ਵੀ ਲੈ ਸਕਦੇ ਹਨ। ਸਾਨੂੰ ਲੋਕਾਂ ਦੇ ਪ੍ਰਭਾਵ ਤੇ ਪ੍ਰਤੀਕਰਮ ਦਾ ਪਹਿਲਾਂ ਖ਼ਿਆਲ ਕਰਨਾ ਚਾਹੀਦਾ ਹੈ।"

"ਪਰ ਇਹ ਵੀ ਚੰਗਾ ਨਹੀਂ ਲੱਗਦਾ ਕਿ ਉਹ ਇਥੋਂ ਲੰਘਣ ਤੇ ਅਸੀਂ ਮਿਲਣ ਲਈ ਵੀ ਨਾ ਨਿਕਲੀਏ," ਲਾਭ ਚੰਦ ਨੇ ਕਿਹਾ।

"ਫਿਰ ਇੰਝ ਕਰ ਲਉ ਕਿ ਆਪਾਂ ਨਾ ਜਾਈਏ, ਪਰ ਗੌਤਮ ਨੂੰ ਦੱਸ ਦੇਈਏ। ਉਹ ਰੋਟੀ ਪਾਣੀ ਤਿਆਰ ਕਰ ਲਏ ਤੇ ਉਹੀ ਜਾ ਕੇ ਮਿਲੇ," ਜਥੇਦਾਰ ਕਰਮ ਸਿੰਘ ਨੇ ਸੁਝਾਅ ਦਿੱਤਾ, "ਇਧਰੋਂ ਕਿੱਕਰ ਸਿੰਘ ਹੋਰੀਂ ਮਿਲ ਪੈਣਗੇ ਤੇ ਉਨ੍ਹਾਂ ਨੂੰ ਫਿਰ ਯਕੀਨ ਦਿਵਾ ਦੇਣਗੇ ਕਿ ਹੁਣ ਕੋਈ ਖ਼ਤਰਾ ਨਹੀਂ। ਉਹ ਨਿਸਚਿੰਤ ਹੋ ਕੇ ਘਰ ਮੁੜ ਸਕਦੇ ਹਨ। ਪਿਤਾ ਜੀ, ਤੁਸੀਂ ਨਹੀਂ ਜਾਣਾ। ਇਸ ਤਰ੍ਹਾਂ ਨਾਲੇ ਪਰਖ ਹੋ ਜਾਏਗੀ ਕਿ ਉਹ ਤੁਹਾਨੂੰ ਮਿਲਣ ਦੀ ਇੱਛਾ ਵੀ ਪ੍ਰਗਟ ਕਰਦੇ ਹਨ ਕਿ ਨਹੀਂ।"

"ਇੱਛਾ ਤਾਂ ਜ਼ਰੂਰ ਪ੍ਰਗਟ ਕਰਨਗੇ," ਲਾਭ ਚੰਦ ਨੇ ਕਿਹਾ, "ਵਪਾਰੀ ਤੇ ਹਟਵਾਣੀਏ ਝੱਟ ਹਿਸਾਬ ਕਿਤਾਬ ਲਾ ਲੈਂਦੇ ਹਨ ਕਿ ਕਿਹੜੀ ਗੱਲ ਵਿਚ ਨਫ਼ਾ ਏ ਤੇ ਕਿਹੜੀ ਗੱਲ ਵਿਚ ਨਹੀਂ। ਜਦੋਂ ਉਨ੍ਹਾਂ ਸੁਣ ਲਿਆ ਕਿ ਤੁਹਾਡੇ ਨਾਲ ਫ਼ੌਜਦਾਰ ਦੀ ਗੱਲ-ਬਾਤ ਹੋਈ ਏ ਤੇ ਤੁਸੀਂ ਉਹਦੇ ਬਰਾਬਰ ਸਮਝੇ ਜਾਂਦੇ ਹੋ ਤਾਂ ਉਹਨੇ ਝੱਟ ਆਪਣਾ ਪਹਿਲਾ ਵਿਚਾਰ ਬਦਲ ਲਿਆ ਹੋਏਗਾ।"

"ਚਲੋ, ਇਹ ਵੀ ਪਤਾ ਲੱਗ ਜਾਏਗਾ ਕਿ ਉਨ੍ਹਾਂ ਦੀ ਸੋਚ ਵਿਚ ਕੀ ਤਬਦੀਲੀ ਆਈ ਏ," ਜਥੇਦਾਰ ਕਰਮ ਸਿੰਘ ਨੇ ਕਿਹਾ।

ਬੁੱਧਵਾਰ ਸਵੇਰੇ ਹੀ ਭਜਨ ਲਾਲ ਨੇ ਇਕ ਬੈਲ ਗੱਡੀ ਸਾਮਾਨ ਲਈ ਤੇ ਇਕ ਟਾਂਗਾ ਸਵਾਰੀਆਂ ਲਈ ਪ੍ਰਬੰਧ ਕਰ ਦਿੱਤਾ ਤੇ ਇਉਂ ਸ਼ਾਮੂ ਸ਼ਾਹ ਹੋਰੀਂ ਫਗਵਾੜੇ ਤੋਂ ਚੱਲ ਪਏ। ਭਜਨ ਲਾਲ ਵੀ ਉਨ੍ਹਾਂ ਦੇ ਨਾਲ ਸੀ। ਜਿਥੇ ਪਿੰਡ ਤੋਂ ਆਉਂਦਿਆਂ ਸਾਰੇ ਰਾਹ ਉਨ੍ਹਾਂ ਨੂੰ ਧੁੜਕੂ ਲੱਗਾ ਰਿਹਾ, ਉਥੇ ਹੁਣ ਵਾਪਸੀ ਸਮੇਂ ਕਾਫ਼ੀ ਹੌਸਲੇ ਤੇ ਸੰਤੁਸ਼ਟਤਾ ਵਿਚ ਸਨ।

ਸ਼ਾਮੂ ਸ਼ਾਹ ਨੇ ਰਾਹ ਵਿਚ ਭਜਨ ਲਾਲ ਨੂੰ ਕਿਹਾ, "ਕੋਈ ਹੋਰ ਰਾਹ ਨਹੀਂ, ਜਿਥੋਂ ਲੰਘ ਜਾਈਏ। ਮੈਨੂੰ ਪਤਾ ਨਹੀਂ ਕਿਉਂ ਕਰਤਾਰਪੁਰ ਤੋਂ ਲੰਘਦਿਆਂ ਡਾਕਾ ਆਉਂਦਾ ਏ। ਆਉਂਦੀ ਵਾਰ ਵੀ ਮੈਂ ਕਰਤਾਰਪੁਰ ਤੋਂ ਦੂਰੋਂ ਦੂਰੋਂ ਲੰਘਣਾ ਚਾਹੁੰਦਾ ਸਾਂ, ਪਰ ਯੱਕੇ ਵਾਲੇ ਨੇ ਕਿਹਾ ਕਿ ਹੋਰ ਕੋਈ ਰਾਹ ਹੀ ਨਹੀਂ।"

"ਆਪਾਂ ਨੂੰ ਕਰਤਾਰਪੁਰ ਤੋਂ ਲੰਘਦਿਆਂ ਕਿਉਂ ਡਰ ਆਉਂਦਾ ਏ ?" ਭਜਨ ਲਾਲ ਨੇ ਪ੍ਰਸ਼ਨ ਕੀਤਾ।

"ਤੈਨੂੰ ਚੰਗਾ ਭਲਾ ਪਤਾ ਏ ਕਿ ਦੀਪੋ ਦਾ ਇਥੇ ਰਿਸ਼ਤਾ ਕਰ ਕੇ ਆਪ ਹੀ ਤੋੜ ਲਿਆ ਸੀ। ਹੁਣ ਲਾਭ ਚੰਦ ਜਾਂ ਉਹਦੇ ਪੁੱਤਰ ਕਰਮੇ ਸਾਹਮਣੇ ਮੈਂ ਕਿਹੜਾ ਮੂੰਹ ਲੈ ਕੇ ਜਾਵਾਂ," ਸ਼ਾਮੂ ਸ਼ਾਹ ਨੇ ਕਿਹਾ, "ਉਦੋਂ ਮੈਂ ਗੁੱਸੇ ਵਿਚ ਕਈ ਵੱਧ-ਘੱਟ ਗੱਲਾਂ ਕਹਿ ਆਇਆ ਸਾਂ, ਪਰ ਉਨ੍ਹਾਂ ਨੇ ਫਿਰ ਵੀ ਸਾਡੇ ਲਈ ਜੋ ਕੁਝ ਕੀਤਾ ਏ ਤੇ ਫ਼ੌਜਦਾਰ ਤਕ ਗੱਲ ਪਹੁੰਚਾਈ ਏ, ਉਹਦੇ ਟਾਕਰੇ ਮੈਨੂੰ ਆਪਣੇ ਵਤੀਰੇ 'ਤੇ ਸ਼ਰਮ ਆ ਰਹੀ ਏ।"

"ਮੈਂ ਸਮਝਦਾ ਹਾਂ ਕਿ ਸਗੋਂ ਇਸ ਸਮੇਂ ਸਾਨੂੰ ਆਪਣੀ ਗ਼ਲਤੀ ਮੰਨ ਕੇ ਮੁੜ ਵਿਆਹ ਦੀ ਗੱਲ ਤੋਰ ਲੈਣੀ ਚਾਹੀਦੀ ਏ," ਭਜਨ ਲਾਲ ਨੇ ਸੁਝਾਅ ਦਿੱਤਾ, "ਜਦ ਇਹ ਮੌਕਾ ਲੰਘ ਗਿਆ ਤਾਂ ਫਿਰ ਉਨ੍ਹਾਂ ਨਾਲ ਗੱਲ ਕਰਨੀ ਔਖੀ ਹੋ ਜਾਏਗੀ। ਹੁਣ ਤਾਂ ਸਬੱਬ ਨਾਲ ਕਰਤਾਰਪੁਰੋਂ ਲੰਘ ਹੀ ਰਹੇ ਹਾਂ, ਕਿਉਂ ਨਾ ਝੱਟ ਯੱਕਾ ਰੋਕ ਕੇ ਲਾਭ ਚੰਦ ਤੇ ਕਰਮ ਸਿੰਘ ਦਾ ਧੰਨਵਾਦ ਹੀ ਕਰ ਆਈਏ ਕਿ ਉਨ੍ਹਾ ਨੇ ਔਖੇ ਵੇਲੇ ਸਾਥ ਦਿੱਤਾ ਏ।"

"ਮੇਰੀਆਂ ਤਾਂ ਉਨ੍ਹਾਂ ਸਾਹਮਣੇ ਹੁਣ ਅੱਖਾਂ ਉੱਚੀਆਂ ਨਹੀਂ ਹੋਣੀਆਂ," ਸ਼ਾਮੂ ਸ਼ਾਹ ਨੇ ਕਿਹਾ।

ਰੁਕਮਣੀ ਕੋਲੋਂ ਬੋਲ ਪਈ, "ਭਰਾ ਜੀ, ਤੁਸੀਂ ਹੀ ਗੱਲ ਕਰਨੀ। ਸ਼ਾਹ ਹੋਰੀਂ ਨਹੀਂ ਕਰ ਸਕਦੇ। ਇਹ ਤਾਂ ਤੋੜਨ ਨੂੰ ਸ਼ੇਰ ਨੇ, ਜੋੜਨ ਨੂੰ ਨਹੀਂ।" ਦੀਪੋ ਯੱਕੇ 'ਤੇ ਪਿੱਛੇ ਬੈਠੀ ਹੌਲੀ ਹੌਲੀ ਕਰ ਰਹੇ ਪਿਤਾ ਤੇ ਮਾਮੇ ਦੀਆਂ ਗੱਲਾਂ ਸੁਣ ਰਹੀ ਸੀ ਤੇ ਦਿਲ ਵਿਚ ਖ਼ੁਸ਼ ਹੋ ਰਹੀ ਸੀ ਕਿ ਉਹਦੇ ਪਿਤਾ ਦਾ ਹਾਲਾਤ ਨੇ ਵਿਚਾਰ ਕਿਵੇਂ ਬਦਲਣਾ ਸ਼ੁਰੂ ਕਰ ਦਿੱਤਾ ਏ। ਉਹ ਦਿਲੋਂ ਇਸ ਕਰਕੇ ਵੀ ਗਦ ਗਦ ਹੋ ਰਹੀ ਸੀ ਕਿ ਉਹਦਾ ਮੰਗੇਤਰ ਕਰਮ ਸਿੰਘ ਹੁਣ ਦੁਆਬੇ ਦਾ ਜਥੇਦਾਰ ਏ ਤੇ ਉਹਦਾ ਸੁਆਗਤ ਫ਼ੌਜਦਾਰ ਵੀ ਕਰਨ ਲੱਗ ਪਿਆ ਏ, ਉਹ ਚੁੱਪ ਰਹੀ ਤੇ ਉਹਨੇ ਪ੍ਰਭਾਵ ਦਿੱਤਾ ਕਿ ਉਹ ਅਗਲੀ ਸੀਟ 'ਤੇ ਬੈਠਿਆਂ ਦੀ ਗੱਲ ਨਹੀਂ ਸੁਣ ਰਹੀ।

ਉਨ੍ਹਾਂ ਦਾ ਯੱਕਾ ਕਰਤਾਰਪੁਰ ਪਹੁੰਚਿਆ ਤਾਂ ਅੱਗੇ ਗੌਤਮ ਤੇ ਨਿਰਮਲ, ਪਤੀ ਪਤਨੀ ਦੋਵੇਂ ਖੜੇ ਸਨ। ਉਨ੍ਹਾ ਦੇ ਨਾਲ ਹੀ ਕਿੱਕਰ ਸਿੰਘ ਤੇ ਦੋ ਹੋਰ ਸਿੰਘ ਵੀ ਖੜੇ ਸਨ। ਯੱਕਾ ਰੁਕਦੇ ਸਾਰ ਸ਼ਾਮੂ ਸ਼ਾਹ ਤੇ ਭਜਨ ਲਾਲ ਛੇਤੀ ਛੇਤੀ ਹੇਠਾਂ ਉਤਰੇ ਤੇ ਉਨ੍ਹਾਂ ਨੂੰ ਮਿਲੇ। ਦੀਪੋ ਤੇ ਉਸ ਦੀ ਮਾਂ ਨੂੰ ਨਿਰਮਲ ਮਿਲ ਪਈ। ਦੀਪੋ ਨੂੰ ਹੁਣ ਇਹੀ ਤੌਖ਼ਲਾ ਸੀ ਕਿ ਕਿਧਰੇ ਉਹਦੇ ਕਰਤਾਰਪੁਰ ਆਉਣ ਦਾ ਭਾਂਡਾ ਨਾ ਭੱਜ ਜਾਏ, ਪਰ ਉਹ ਹੈਰਾਨ ਹੋ ਗਈ ਕਿ ਗੌਤਮ ਤੇ ਨਿਰਮਲ ਨੇ ਇਸ ਸਿਲਸਿਲੇ ਵਿਚ ਉਸ ਸਮੇਂ ਕੋਈ ਗੱਲ-ਬਾਤ ਨਾ ਕੀਤੀ।

"ਚਲੋ ਘਰ, ਤੇ ਰੋਟੀ ਪਾਣੀ ਖਾ ਕੇ ਜਾਇਆ ਜੇ," ਗੌਤਮ ਨੇ ਕਿਹਾ, "ਸ਼ੁਕਰ ਹੈ ਪਰਮਾਤਮਾ ਦਾ, ਤੁਸੀਂ ਵਾਪਸ ਘਰ ਆ ਗਏ ਹੋ। ਸਾਨੂੰ ਤਾਂ ਖ਼ੁਸ਼ੀ ਹੀ ਬਹੁਤ ਹੋਈ ਏ।"

"ਨਹੀਂ, ਕੁਵੇਲਾ ਹੁੰਦਾ ਪਿਆ ਏ," ਸ਼ਾਮੂ ਸ਼ਾਹ ਨੇ ਕਿਹਾ, "ਫਿਰ ਕਦੇ ਆਵਾਂਗੇ, ਆਹ ਤੇ ਕਰਤਾਰਪੁਰ ਏ। ਅਸੀਂ ਨਿੱਤ ਇਥੇ ਆ ਸਕਦੇ ਹਾਂ, ਹੁਣ ਸਾਡੇ ਲਈ ਰੁਕਣਾ ਔਖਾ ਏ।"

"ਨਾਲ ਸਾਡੇ ਬੱਚੇ ਨੇ," ਭਜਨ ਲਾਲ ਨੇ ਅਸਲ ਗੱਲ ਵੱਲ ਆਉਂਦਿਆਂ ਕਿਹਾ, "ਤੁਸੀਂ ਜਾਣਦੇ ਹੋ ਕਿ ਦੀਪੋ ਦਾ ਇਥੇ ਰਿਸ਼ਤਾ ਕੀਤਾ ਹੋਇਆ ਏ। ਇਉਂ ਕੱਚ-ਕੁਆਰੇ ਸਾਕ ਹੁੰਦਿਆਂ ਕੁੜੀ ਦਾ ਕਰਤਾਰਪੁਰ ਠਹਿਰਨਾ ਚੰਗਾ ਨਹੀਂ ਲੱਗਦਾ।"

"ਤੁਸੀਂ ਫਿਰ ਇਥੇ ਸੜਕ 'ਤੇ ਹੀ ਰੁੱਖਾਂ ਦੀ ਛਾਵੇਂ ਰੁਕ ਜਾਉ। ਅਸੀਂ ਖਾਣ ਪੀਣ ਦਾ ਸਾਮਾਨ ਇਥੇ ਹੀ ਲੈ ਆਉਂਦੇ ਹਾਂ," ਗੌਤਮ ਨੇ ਸਮਝਾਇਆ, "ਉਂਝ ਵੀ ਕੁੜਮਾਂ ਨੂੰ ਮਿਲ ਕੇ ਜਾਣਾ ਚਾਹੀਦਾ ਏ। ਉਹ ਕੀ ਕਹਿਣਗੇ ਕਿ ਸ਼ਾਹ ਹੋਰੀਂ ਇਤਨੇ ਰੁੱਖੇ ਨੇ ਕਿ ਮਿਲ

ਕੇ ਵੀ ਨਹੀਂ ਗਏ।"

"ਇਹ ਠੀਕ ਏ," ਭਜਨ ਲਾਲ ਨੇ ਕੋਲੋਂ ਗੱਲ ਕੀਤੀ, "ਅਸੀਂ ਦੋਵੇਂ ਚੱਲ ਕੇ ਕੁੜਮਾਂ ਨੂੰ ਮਿਲ ਆਈਏ, ਜ਼ਨਾਨੀਆਂ ਇਥੇ ਹੀ ਠਹਿਰਨ। ਇਤਨੇ ਵਿਚ ਸਾਮਾਨ ਵਾਲੀ ਬੈਲ ਗੱਡੀ ਵੀ ਆ ਜਾਏਗੀ। ਉਹ ਆਪਾਂ ਨੁਸੀ ਪਿੰਡ ਨੇੜੇ ਛੱਡ ਆਏ ਹਾਂ। ਪਹੁੰਚਣ ਹੀ ਵਾਲੀ ਹੋਏਗੀ।" ਗੌਤਮ ਨੇ ਵੀ ਇਸ ਸੁਝਾਅ ਨੂੰ ਪਸੰਦ ਕੀਤਾ ਤੇ ਕਿਹਾ, "ਤੁਹਾਡੇ ਮਾਮਲੇ ਵਿਚ ਜਿਤਨਾ ਕਰਮ ਸਿੰਘ ਨੇ ਉੱਦਮ ਕੀਤਾ ਏ, ਉਸ ਦਾ ਧੰਨਵਾਦ ਕਰਨਾ ਚਾਹੀਦਾ ਏ।"

ਰੁਕਮਣੀ ਫਿਰ ਕੋਲੋਂ ਬੋਲ ਪਈ, "ਇਨ੍ਹਾਂ ਨੂੰ, ਭਰਾ ਜੀ, ਸਮਝਾਉ ਕਿ ਹੁਣ ਵੀ ਕਰਮਾ ਕਰਮਾ ਕਹੀ ਜਾਂਦੇ ਨੇ। ਸਾਰੇ ਹੁਣ ਉਹਨੂੰ ਕਰਮ ਸਿੰਘ ਤੇ ਜਥੇਦਾਰ ਕਰਕੇ ਬੁਲਾਂਦੇ ਨੇ ਤੇ ਇਹ ਫਿਰ ਉਹਦਾ ਪੂਰਾ ਨਾਮ ਕਿਉਂ ਨਹੀਂ ਲੈਂਦੇ?"

"ਮੈਨੂੰ ਪਤਾ ਏ ਕਿ ਹੁਣ ਉਹ ਜਥੇਦਾਰ ਕਰਮ ਸਿੰਘ ਏ, ਪਰ ਮੇਰੇ ਮੂੰਹ 'ਤੇ ਜੋ ਨਾਮ ਚੜ੍ਹਿਆ ਹੋਇਆ ਏ, ਉਹ ਹੌਲੀ ਹੌਲੀ ਹੀ ਉਤਰੇਗਾ," ਸ਼ਾਹ ਨੇ ਪਤਨੀ ਦੀ ਗੱਲ ਦਾ ਗੁੱਸਾ ਕਰਦਿਆਂ ਤਲਖ਼ੀ ਵਿਚ ਹੀ ਆਖਿਆ, "ਮੈਂ ਜਾ ਕੇ ਚੁੱਪ ਕਰ ਕੇ ਬੈਠਾ ਰਹਾਂਗਾ ਤੇ ਗੱਲ ਭਜਨ ਲਾਲ ਹੀ ਕਰੇਗਾ।"

ਕਿੱਕਰ ਸਿੰਘ ਹੋਰੀਂ ਸ਼ਾਹ ਨੂੰ ਮਿਲ ਕੇ ਤੇ ਤਸੱਲੀ ਦੇ ਕੇ ਚਲੇ ਗਏ, ਪਰ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਸ਼ਾਹ ਦਾ ਟੱਬਰ ਝੱਟ ਇਥੇ ਠਹਿਰੇਗਾ ਤੇ ਸ਼ਾਮੂ ਸ਼ਾਹ ਹੋਰੀਂ ਜਥੇਦਾਰ ਕਰਮ ਸਿੰਘ ਨੂੰ ਮਿਲਣ ਉਹਦੇ ਘਰ ਆ ਰਹੇ ਹਨ, ਇਸ ਲਈ ਉਹਨੇ ਪਹਿਲਾਂ ਜਾ ਕੇ ਘਰ ਸੂਚਿਤ ਕਰ ਦਿੱਤਾ ਕਿ ਸ਼ਾਹ ਹੋਰੀਂ ਆ ਰਹੇ ਹਨ। ਪਰਵਾਰ ਬਾਕੀ ਸੜਕ 'ਤੇ ਹੀ ਰੁੱਖਾਂ ਦੀ ਛਾਵੇਂ ਯੱਕੇ ਵਿਚ ਬੈਠਾ ਰਹੇਗਾ।

ਉਸੇ ਵੇਲੇ ਭਾਗਾਂ ਨੇ ਉੱਠ ਕੇ ਘਰ ਸੰਵਾਰਨਾ ਸ਼ੁਰੂ ਕਰ ਦਿੱਤਾ। ਮਰਦ ਤਾਂ ਉਸੇ ਤਰ੍ਹਾਂ ਮੰਜਿਆਂ 'ਤੇ ਬੈਠੇ ਰਹੇ, ਪਰ ਔਰਤਾਂ ਨੂੰ ਫ਼ਿਕਰ ਲੱਗ ਗਿਆ। ਮੰਜਿਆਂ ਤੋਂ ਮੈਲੇ ਖੇਸ ਲਾਹ ਕੇ ਧੋਤੇ ਹੋਏ ਖੇਸ ਵਿਛਾਣੇ ਸ਼ੁਰੂ ਕਰ ਦਿੱਤੇ। ਆਸ ਪਾਸ ਦੇ ਭਾਈਚਾਰੇ ਦੀਆਂ ਕੁੜੀਆਂ ਨੂੰ ਸੱਦ ਕੇ ਸਫ਼ਾਈ ਆਦਿ ਕਰਵਾਣੀ ਸ਼ੁਰੂ ਕਰ ਦਿੱਤੀ। ਉਧਰੋਂ ਸ਼ਾਮੂ ਸ਼ਾਹ ਤੇ ਭਜਨ ਲਾਲ ਇਨ੍ਹਾਂ ਦੇ ਘਰ ਵਿਚ ਦਾਖ਼ਲ ਹੋਏ ਤੇ ਉਧਰੋਂ ਕੁੜੀਆਂ ਭੱਜ ਕੇ ਬਾਹਰ ਸੜਕ 'ਤੇ ਦੀਪੋ ਨੂੰ ਦੇਖਣ ਚਲੀਆਂ ਗਈਆਂ।

ਕੁੜੀਆਂ ਨੂੰ ਹੀ ਬਹੁਤਾ ਚਾਅ ਹੁੰਦਾ ਏ ਨਵੀਂ ਵਹੁਟੀ ਵੇਖਣ ਦਾ ਜਾਂ ਮੰਗੀ ਹੋਈ ਕੁੜੀ ਨੂੰ ਮਿਲਣ ਦਾ। ਕੁੜੀਆਂ ਕਰਮ ਸਿੰਘ ਦੀ ਹੋਣ ਵਾਲੀ ਵਹੁਟੀ ਨੂੰ ਦੇਖਣ ਲਈ ਉਸੇ ਤਰ੍ਹਾਂ ਭੱਜ ਪਈਆਂ। ਕਿਸੇ ਦੇ ਪੈਰੀਂ ਜੁੱਤੀ ਸੀ ਤੇ ਕਿਸੇ ਦੇ ਨਹੀਂ। ਕਿਸੇ ਕੁੜੀ ਨੇ ਧੋਤੇ ਕੱਪੜੇ ਪਾਏ ਹੋਏ ਸਨ ਤੇ ਕਿਸੇ ਦੇ ਅਤਿ ਮੈਲੇ, ਪਰ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਸੀ। ਚਾਅ ਸੀ, ਬੱਸ ਦੀਪੋ ਨੂੰ ਦੇਖਣ ਦਾ।

ਸ਼ਾਮੂ ਸ਼ਾਹ ਤੇ ਭਜਨ ਲਾਲ ਉਨ੍ਹਾਂ ਦੇ ਘਰ ਪਹੁੰਚ ਗਏ। ਲਾਭ ਚੰਦ ਨੇ ਉੱਠ ਕੇ ਬਾਹਰ ਡਿਉਢੀ ਵਿਚ 'ਜੀ ਆਇਆਂ' ਆਖਿਆ। ਕਰਮ ਸਿੰਘ ਵੀ ਉੱਠ ਕੇ ਕਮਰੇ ਦੇ ਦਰਵਾਜ਼ੇ ਵਿਚ ਉਨ੍ਹਾਂ ਨੂੰ ਅੱਗੋਂ ਆ ਮਿਲਿਆ। ਸ਼ਾਮੂ ਸ਼ਾਹ ਨੇ ਘੁੱਟ ਕੇ ਜੱਫੀ ਵਿਚ ਲੈ ਲਿਆ। ਇਤਨੇ ਨਿੱਘ ਨਾਲ ਤਾਂ ਉਹ ਪਹਿਲਾਂ ਵੀ ਨਹੀਂ ਸੀ ਮਿਲਿਆ। ਭਜਨ ਲਾਲ ਨੇ ਵੀ ਉਹਨੂੰ ਪਿਆਰ ਦਿੱਤਾ। ਅੰਦਰ ਬੈਠਦਿਆਂ ਹੀ ਲਾਭ ਚੰਦ ਨੇ ਗੱਲ ਸ਼ੁਰੂ ਕੀਤੀ, "ਬਹੁਤ ਚੰਗਾ ਕੀਤਾ ਜੇ, ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਨਾ ਬਲਖ਼ ਨਾ ਬੁਖ਼ਾਰੇ। ਆਪਣੇ ਪਿੰਡ ਵਿਚ, ਜਿਥੇ ਜਿਥੇ ਕੋਈ ਵੱਸ ਰਿਹਾ ਹੈ, ਉਥੇ ਹੀ ਸੁਖੀ ਰਹਿ ਸਕਦਾ ਹੈ। ਪ੍ਰਦੇਸ ਵਿਚ ਜਾ ਕੇ ਨਾ ਦਿਲ ਲੱਗ ਸਕਦਾ ਹੈ ਤੇ ਨਾ ਹੀ ਰੋਜ਼ੀ ਦਾ ਕੋਈ ਹਾਈ-ਮਾਈ ਪ੍ਰਬੰਧ ਹੁੰਦਾ ਹੈ। ਤੁਸੀਂ

ਜਾ ਕੇ ਦੇਖ ਹੀ ਲਿਆ ਹੋਏਗਾ। ਹੁਣ ਹਾਲਾਤ ਬਦਲ ਗਈ ਏ, ਇਸ ਲਈ ਤੁਹਾਡਾ ਵਾਪਸ ਦਿਆਲਪੁਰ ਆਉਣ ਦਾ ਫ਼ੈਸਲਾ ਠੀਕ ਹੈ। ਸੁਣਾਉ, ਫਗਵਾੜੇ ਵਿਚ ਪਰਵਾਰ ਸਭ ਠੀਕ ਠਾਕ ਰਿਹਾ ਏ ?"

"ਸਭ ਸੁਖ-ਸਾਂਦ ਰਹੀ ਏ," ਸ਼ਾਮੂ ਸ਼ਾਹ ਨੇ ਕਿਹਾ, "ਇਹ ਭਜਨ ਲਾਲ ਮੇਰੀ ਪਤਨੀ ਦਾ ਭਰਾ ਏ, ਇਨ੍ਹਾਂ ਕੋਲ ਹੀ ਰਹੇ ਹਾਂ। ਤਕਲੀਫ਼ ਇਨ੍ਹਾਂ ਨੂੰ ਭਾਵੇਂ ਹੋਈ ਹੋਵੇ, ਪਰ ਸਾਨੂੰ ਤਾਂ ਔਕੜ ਨਹੀਂ ਆਈ। ਬਾਕੀ ਤੁਹਾਡੀ ਇਹ ਗੱਲ ਠੀਕ ਏ ਕਿ ਆਪਣੇ ਘਰ ਵਰਗਾ ਸੁਖ ਜਾਂ ਆਜ਼ਾਦੀ ਬਾਹਰ ਕਿਧਰੇ ਨਹੀਂ, ਪਰ ਅਸੀਂ ਕਿਹੜੇ ਸ਼ੌਕ ਨੂੰ ਗਏ ਸਾਂ। ਮਜਬੂਰੀ ਸੀ, ਤੁਸੀਂ ਜਾਣਦੇ ਹੀ ਹੋ ਕਿ ਜਿਸ ਦੇ ਪਿੱਛੇ ਇਹ ਨਿਰਦਈ ਹਾਕਮ ਪੈ ਜਾਣ, ਉਹ ਕੀ ਕਰੇ, ਕਿਧਰ ਜਾਏ ਮਰੇ। ਚੰਗੇ ਭਲੇ ਬੈਠੇ ਸੁਤਿਆਂ ਮੁਸੀਬਤ ਨੂੰ ਫੜੇ ਗਏ ਹਾਂ।"

"ਬਾਕੀ ਪਰਵਾਰ ਵੀ ਨਾਲ ਜੇ ਜਾਂ ਪਿੱਛੇ ਛੱਡ ਆਏ ਹੋ ?" ਲਾਭ ਚੰਦ ਨੇ ਪੁੱਛਿਆ। ਉਹ ਦੱਸਣਾ ਤਾਂ ਨਹੀਂ ਸਨ ਚਾਹੁੰਦੇ ਕਿ ਪਰਵਾਰ ਬਾਹਰ ਯੱਕੇ ਵਿਚ ਬੈਠਾ ਏ, ਪਰ ਹੁਣ ਝੂਠ ਵੀ ਨਹੀਂ ਸਨ ਬੋਲ ਸਕਦੇ। ਕਾਫ਼ੀ ਜੱਕੋ-ਤੱਕੀ ਪਿੱਛੋਂ ਸ਼ਾਮੂ ਸ਼ਾਹ ਨੇ ਦੱਸ ਹੀ ਦਿੱਤਾ ਕਿ ਪਰਵਾਰ ਸੜਕ 'ਤੇ ਹੀ ਛੱਡ ਆਏ ਹਾਂ। ਲਾਭ ਚੰਦ ਨੇ ਤੁਰਤ ਉੱਤਰ ਦਿੱਤਾ, "ਇਹ ਤੁਸੀਂ ਚੰਗਾ ਨਹੀਂ ਕੀਤਾ। ਲਿਆਉ ਪਰਵਾਰ ਨੂੰ ਵੀ ਘਰ ਤੇ ਉਹ ਵੀ ਮਿਲ ਕੇ ਜਾਣ।"

"ਨਹੀਂ ਜੀ, ਉਹ ਨਹੀਂ ਆਉਂਦੇ," ਭਜਨ ਲਾਲ ਨੇ ਕਿਹਾ, "ਕੁੜੀ ਵੀ ਨਾਲ ਏ ਤੇ ਉਹ ਤਾਂ ਸ਼ਗਨਾਂ ਨਾਲ ਹੀ ਇਸ ਘਰ ਆਏਗੀ, ਐਵੇਂ ਰਾਹ ਲੰਘਦਿਆਂ ਨਹੀਂ।" ਬੜੀ ਸਿਆਣਪ ਨਾਲ ਭਜਨ ਲਾਲ ਨੇ ਦੀਪੋ ਦੇ ਹੁਣ ਘਰ ਨਾ ਆਉਣ ਦੀ ਗੱਲ ਕਰਦਿਆਂ ਇਹ ਵੀ ਸੰਕੇਤ ਕਰ ਦਿੱਤਾ ਕਿ ਉਹ ਸ਼ਗਨਾਂ ਨਾਲ, ਭਾਵ ਵਿਆਹ ਪਿੱਛੋਂ ਹੀ ਇਸ ਘਰ ਆਏਗੀ। ਹੁਣ ਲਾਭ ਚੰਦ ਤੇ ਕਰਮ ਸਿੰਘ ਦੋਵੇਂ ਉਹਦੀ ਭਾਵਨਾ ਤੇ ਇਸ਼ਾਰੇ ਨੂੰ ਸਮਝ ਗਏ, ਪਰ ਉਹ ਸ਼ਾਮੂ ਸ਼ਾਹ ਦੇ ਮੂੰਹ ਤੋਂ ਇਹ ਗੱਲ ਸੁਣਨਾ ਚਾਹੁੰਦੇ ਸਨ। ਲਾਭ ਚੰਦ ਨੇ ਸ਼ਾਮੂ ਸ਼ਾਹ ਵੱਲ ਦੇਖਿਆ ਤੇ ਉਹਦੇ ਚਿਹਰੇ ਤੋਂ ਉਹਦੇ ਹਾਵ-ਭਾਵ ਸਮਝਣ ਦਾ ਯਤਨ ਕੀਤਾ। ਸ਼ਾਮੂ ਸ਼ਾਹ ਚੁੱਪ ਸੀ ਤੇ ਉਹਦੀ ਖ਼ਾਮੋਸ਼ੀ ਭੇਦ-ਭਰੀ ਨਹੀਂ ਸੀ, ਸਪੱਸ਼ਟ ਸੀ ਕਿ ਉਹਨੂੰ ਮਾਫ਼ੀ ਮੰਗਣ ਤੇ ਆਪਣੀ ਪਹਿਲਾਂ ਆਖੀ ਗੱਲ ਵਾਪਸ ਲੈਣ ਲਈ ਸ਼ਬਦ ਨਹੀਂ ਸਨ ਲੱਭ ਰਹੇ, ਇਸ ਲਈ ਭਜਨ ਲਾਲ ਨੇ ਹੀ ਉਹਦੀ ਥਾਂ ਮੁੜ ਬੋਲਣਾ ਸ਼ੁਰੂ ਕਰ ਦਿੱਤਾ, "ਸ਼ਾਹ ਜੀ ਮਹਿਸੂਸ ਕਰਦੇ ਹਨ ਕਿ ਜਜ਼ਬਾਤੀ ਹੋ ਕੇ ਪਿਛਲੀ ਵਾਰ ਕੁਝ ਗੱਲਾਂ ਕਰ ਗਏ ਸਨ, ਜੋ ਨਹੀਂ ਸਨ ਕਰਨੀਆਂ ਚਾਹੀਦੀਆਂ। ਤੁਸੀਂ ਉਨ੍ਹਾਂ ਗੱਲਾਂ ਨੂੰ ਦਿਲ 'ਤੇ ਨਾ ਲਾਉ। ਆਪਣਾ ਪਹਿਲਾਂ ਵਾਲਾ ਪਿਆਰ ਤੇ ਸਾਂਝ ਬਣੀ ਰਹਿਣੀ ਚਾਹੀਦੀ ਏ।"

"ਅਸੀਂ ਤੇ ਉਦੋਂ ਹੀ ਗੱਲ ਦਿਲ 'ਤੇ ਨਹੀਂ ਸੀ ਲਾਈ," ਲਾਭ ਚੰਦ ਨੇ ਉੱਤਰ ਦਿੱਤਾ, "ਬਾਕੀ ਇਹ ਤਾਂ ਇਨ੍ਹਾਂ ਨੇ ਦੇਖਣਾ ਏ, ਕਰਮ ਸਿੰਘ ਹੁਣ ਸਿੰਘ ਹੀ ਨਹੀਂ ਸੱਜਿਆ, ਜਥੇਦਾਰ ਵੀ ਬਣ ਗਿਆ ਏ। ਇਹਦਾ ਜੀਵਨ, ਰਹਿਣ-ਬਹਿਣ ਦਾ ਢੰਗ ਤੇ ਜਿਸ ਰਾਹ 'ਤੇ ਇਹ ਤੁਰਿਆ ਹੋਇਆ ਏ, ਜੇ ਤੁਹਾਨੂੰ ਪਸੰਦ ਏ ਤਾਂ ਅੱਜ ਵੀ ਰਿਸ਼ਤਾ ਕਾਇਮ ਏ।"

ਭਾਗਾਂ ਉਨ੍ਹਾਂ ਲਈ ਖਾਣ ਪੀਣ ਦਾ ਚੋਖਾ ਸਾਮਾਨ ਤਿਆਰ ਕਰ ਕੇ ਲੈ ਆਈ ਤੇ ਉਨ੍ਹਾਂ ਅੱਗੇ ਰੋਟੀ ਪਰੋਸ ਕੇ ਰੱਖ ਦਿੱਤੀ। ਇਹ ਦੇਖ ਕੇ ਸ਼ਾਮੂ ਸ਼ਾਹ ਨੇ ਕਿਹਾ, "ਤੁਸੀਂ ਇਹ ਖੇਚਲ ਕਿਉਂ ਕੀਤੀ। ਸਾਡੇ ਵਿਚ ਕੁੜੀਆਂ ਦੇ ਸਹੁਰੇ ਘਰ ਤੋਂ ਧੀਆਂ ਵਾਲੇ ਕੁਝ ਨਹੀਂ ਖਾਂਦੇ। ਅਸੀਂ ਤੁਹਾਡੇ ਘਰ ਦੇਣਾ ਹੀ ਦੇਣਾ ਏ, ਲੈਣਾ ਜਾਂ ਖਾਣਾ ਕੁਝ ਨਹੀਂ।"

"ਵਾਹ ਬਈ ਵਾਹ, ਇਹ ਤੁਸੀਂ ਕਿਉਂ ਸੋਚਦੇ ਹੋ, ਇਹਨੂੰ ਆਪਣਾ ਹੀ ਘਰ ਸਮਝੋ," ਲਾਭ ਚੰਦ ਨੇ ਥਾਲੀ ਅੱਗੇ ਕਰਦਿਆਂ ਕਿਹਾ।

ਹੁਣ ਤਕ ਕਰਮ ਸਿੰਘ ਚੁੱਪ ਸੀ। ਵੱਡਿਆਂ ਦੀ ਗੱਲ-ਬਾਤ ਵਿਚ, ਖ਼ਾਸ ਕਰਕੇ ਜਦੋਂ ਉਹਦੇ ਰਿਸ਼ਤੇ ਦੀ ਗੱਲ ਚੱਲ ਰਹੀ ਹੋਵੇ, ਉਹ ਬੋਲਣਾ ਠੀਕ ਨਹੀਂ ਸੀ ਸਮਝਦਾ, ਪਰ ਹੁਣ ਉਹਦੇ ਤੋਂ ਰਹਿ ਨਾ ਹੋਇਆ ਤੇ ਉਹਨੇ ਕਿਹਾ, "ਸਾਡੇ ਸਿੰਘਾਂ ਵਿਚ ਇਹ ਵਹਿਮ ਤੇ ਫ਼ਰਕ ਬਿਲਕੁਲ ਨਹੀਂ ਚੱਲ ਸਕਦਾ। ਅਸੀਂ ਇਸ ਗੱਲ ਦੇ ਸਖ਼ਤ ਵਿਰੁੱਧ ਹਾਂ ਕਿ ਧੀਆਂ ਦੇ ਸਹੁਰੇ ਆ ਕੇ ਮਾਪੇ ਕੁਝ ਨਾ ਖਾਣ, ਕਿਉਂ ਜਿਥੇ ਧੀ ਰਹਿੰਦੀ ਹੋਵੇ, ਉਥੇ ਉਨ੍ਹਾਂ ਦਾ ਹੱਕ ਕੁਝ ਨਹੀਂ, ਇਹ ਗਲਤ ਰਿਵਾਜ ਹੁਣ ਨਹੀਂ ਚੱਲਣਾ। ਤੁਸੀਂ ਆਪਣਾ ਘਰ ਸਮਝ ਕੇ ਖਾਉ।"

ਲਾਭ ਚੰਦ ਉੱਠ ਕੇ ਬਾਹਰ ਆ ਗਿਆ। ਉਹਨੇ ਭਾਗਾਂ ਨੂੰ ਦੱਸਿਆ ਕਿ ਸ਼ਾਮੂ ਸ਼ਾਹ ਹੋਰੀਂ ਆਪਣੇ ਆਖੇ ਬੋਲ ਵਾਪਸ ਲੈ ਕੇ ਮਾਫ਼ੀ ਮੰਗ ਰਹੇ ਹਨ ਤੇ ਉਨ੍ਹਾਂ ਕਰਮ ਸਿੰਘ ਨਾਲ ਲੜਕੀ ਦੇ ਵਿਆਹ ਦੀ ਗੱਲ ਤੋਰ ਲਈ ਏ। ਨਾਲ ਇਹ ਵੀ ਦੱਸਿਆ ਕਿ ਦੀਪੋ ਤੇ ਉਹਦੀ ਮਾਂ ਨਗਰ ਦੇ ਬਾਹਰ ਸੜਕ 'ਤੇ ਯੱਕੇ ਵਿਚ ਹੀ ਬੈਠੀਆਂ ਹਨ। ਤੁਸੀਂ ਉਥੇ ਜਾ ਕੇ ਮਿਲ ਆਉ। ਘਰ ਆਉਣ ਲਈ ਆਖੋ, ਪਰ ਜੇ ਨਾ ਆਉਣ ਤਾਂ ਉਥੇ ਹੀ ਮਿਲ ਆਉ। ਇਨ੍ਹਾਂ ਨੂੰ ਰੋਟੀ ਪਾਣੀ ਦੇ ਕੇ ਤੇ ਉਪਰੋਂ ਹੋਰ ਸੇਵਾ ਲਈ ਇਕ ਦੋ ਜ਼ਨਾਨੀਆਂ ਛੱਡ ਕੇ ਭਾਗਾਂ ਇਕ ਹੋਰ ਔਰਤ ਨੂੰ ਨਾਲ ਲੈ ਕੇ ਰੁਕਮਣੀ ਤੇ ਦੀਪੋ ਨੂੰ ਮਿਲਣ ਲਈ ਚਲੀਆਂ ਗਈਆਂ।

ਰੋਟੀ ਖਾ ਕੇ ਸ਼ਾਮੂ ਸ਼ਾਹ ਤੇ ਭਜਨ ਲਾਲ ਵੀ ਉੱਠ ਬੈਠੇ। ਉਨ੍ਹਾਂ ਕਰਮ ਸਿੰਘ ਦੀ ਝੋਲੀ ਕੁਝ ਰੁਪਏ ਪਾਣ ਦਾ ਯਤਨ ਕੀਤਾ, ਪਰ ਕਰਮ ਸਿੰਘ ਨੇ ਇਹ ਰੁਪਏ ਲੈਣ ਤੋਂ ਨਾਂਹ ਕਰ ਦਿੱਤੀ। ਫਿਰ ਉਨ੍ਹਾਂ ਦੇ ਜ਼ੋਰ ਦੇਣ 'ਤੇ ਇਕ ਰੁਪਿਆ ਰੱਖ ਲਿਆ। ਤੁਰਨ ਲੱਗਿਆਂ ਸ਼ਾਮੂ ਸ਼ਾਹ ਨੇ ਕਿਹਾ, "ਮੈਂ ਕੁਝ ਦਿਨਾਂ ਤਕ ਆਵਾਂਗਾ ਤੇ ਫਿਰ ਆਪਾਂ ਵਿਆਹ ਦੀ ਤਾਰੀਖ਼ ਮਿਥ ਲਵਾਂਗੇ। ਤੁਸੀਂ ਜਦੋਂ ਹੁਕਮ ਕਰੋਗੇ, ਅਸੀਂ ਵਿਆਹ ਲਈ ਤਿਆਰ ਹਾਂ। ਠੀਕ ਸੋਚ ਰੱਖਿਆ ਜੇ।"

ਲਾਭ ਚੰਦ ਤੇ ਉਨ੍ਹਾਂ ਦੇ ਨਾਲ ਦੋ ਮਰਦ ਹੋਰ ਨਗਰ ਤੋਂ ਬਾਹਰ ਕੁੜਮਾਂ ਨੂੰ ਛੱਡਣ ਆਏ। ਅੱਗੋਂ ਨਿਰਮਲ ਤੇ ਗੌਤਮ ਮਿਲ ਪਏ। ਉਹ ਰੁਕਮਣੀ ਤੇ ਦੀਪੋ ਨੂੰ ਰੋਟੀ ਖੁਆ ਕੇ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਕਰਤਾਰਪੁਰ ਦੀਆਂ ਕੁੜੀਆਂ ਨੂੰ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ ਏ, ਉਹ ਤਾਂ ਝੁੰਡ ਪੂਰਾ ਉਥੇ ਪਹੁੰਚ ਗਿਆ ਸੀ। ਬੜੀ ਮੁਸ਼ਕਲ ਨਾਲ ਭਾਗਾਂ ਦੇ ਪਹੁੰਚਣ 'ਤੇ ਕੁੜੀਆਂ ਉਥੋਂ ਤੁਰੀਆਂ।

ਜਦ ਸ਼ਾਮੂ ਸ਼ਾਹ ਹੋਰੀਂ ਯੱਕੇ ਕੋਲ ਪਹੁੰਚੇ ਤਾਂ ਭਾਗਾਂ ਨੇ ਵੀ ਵਾਪਸ ਮੁੜਨ ਦੀ ਕੀਤੀ। ਉਹ ਜਿਥੇ ਰੁਕਮਣੀ ਨੂੰ ਮਿਲੀ, ਉਥੇ ਦੀਪੋ ਨੂੰ ਆਪਣੀ ਗਲਵੱਕੜੀ ਵਿਚ ਲੈ ਕੇ ਕਿੰਨਾ ਚਿਰ ਪਿਆਰ ਕਰਦੀ ਰਹੀ। ਇਹ ਕੁਦਰਤੀ ਪਿਆਰ ਹੁੰਦਾ ਏ, ਜਿਸ ਬੱਚੀ ਨੇ ਨੂੰਹ ਬਣ ਕੇ ਘਰ ਆਉਣਾ ਹੈ, ਉਹਦੇ ਪ੍ਰਤੀ ਪਿਆਰ ਦਾ ਜਜ਼ਬਾ ਉਛਲ ਪੈਂਦਾ ਹੈ। ਪੰਜ ਵਾਰ ਆਪਣੀ ਛਾਤੀ ਨਾਲ ਦੀਪੋ ਨੂੰ ਲਾ ਕੇ ਭਾਗਾਂ ਨੇ ਉਹਦਾ ਮੱਥਾ ਚੁੰਮਿਆ ਤੇ ਸਿਰ 'ਤੇ ਪਿਆਰ ਦਿੱਤਾ। ਸ਼ਾਹ ਹੋਰਾਂ ਨੂੰ ਹੱਥ ਜੋੜ ਕੇ ਵਿਦਾ ਕਰ ਕੇ ਭਾਗਾਂ ਘਰ ਮੁੜ ਆਈ।

16

ਸ਼ਾਮੂ ਸ਼ਾਹ ਪੰਜ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਵਿਆਹ ਦੀ ਤਾਰੀਖ਼ ਨਿਸਚਿਤ ਕਰਨ ਲਈ ਆ ਗਿਆ। ਇਸ ਵਾਰ ਉਹਦੇ ਦੋਵੇਂ ਭਰਾ ਨਾਲ ਨਹੀਂ ਸਨ ਆਏ। ਉਨ੍ਹਾਂ 'ਚੋਂ ਇਕ ਦਾ ਪੁੱਤਰ ਤੇ ਦੂਜੇ ਦਾ ਜਵਾਈ ਆਇਆ। ਸ਼ਾਇਦ ਉਹ ਸ਼ਰਮਸਾਰ ਸਨ ਤੇ ਆਪਣੇ ਵੱਧ-ਘੱਟ

ਬੋਲੇ ਕਾਰਨ ਝੱਕਦੇ ਸਨ ਜਾਂ ਜਵਾਨ ਮੁੰਡਿਆਂ ਨੂੰ ਭੇਜਣਾ ਉਨ੍ਹਾਂ ਵਧੇਰੇ ਠੀਕ ਸਮਝਿਆ। ਇਸ ਵਾਰ ਭਜਨ ਲਾਲ ਤੇ ਮੁਸਲਮਾਨ ਨੌਜਵਾਨ ਇਬਰਾਹੀਮ ਵੀ ਨਾਲ ਆਏ। ਉਨ੍ਹਾਂ ਪਾਸ ਮਠਿਆਈਆਂ ਦੇ ਟੋਕਰੇ ਤੇ ਕੁਝ ਗਠੜੀ ਵਿਚ ਜ਼ਨਾਨਾ ਕੱਪੜੇ ਵੀ ਸਨ। ਜਾਪਦਾ ਹੈ ਕਿ ਉਹ ਕਰਮ ਸਿੰਘ ਦੀ ਮਾਂ ਦੇ ਕੱਪੜੇ, ਪਿਤਾ ਲਈ ਪਗੜੀ ਆਦਿ ਲਿਆਏ ਸਨ।

ਲਾਭ ਚੰਦ ਨੂੰ ਪਹਿਲਾਂ ਸੂਚਨਾ ਮਿਲ ਚੁੱਕੀ ਸੀ ਕਿ ਸ਼ਾਮੂ ਸ਼ਾਹ ਹੋਰੀਂ ਆ ਰਹੇ ਹਨ। ਇਸ ਲਈ ਉਨ੍ਹਾਂ ਵੀ ਘਰ ਨੂੰ ਚੰਗੀ ਤਰ੍ਹਾਂ ਸੰਵਾਰਿਆ, ਕੰਧਾਂ 'ਤੇ ਚੂਨਾ ਫੇਰਿਆ, ਸਾਰੇ ਕਮਰਿਆਂ ਵਿਚ ਰਾਂਗਲੇ ਪਾਵਿਆਂ ਵਾਲੇ ਸੋਹਣੇ ਪਲੰਘ ਵਿਛਾਏ। ਉਨ੍ਹਾਂ ਉੱਤੇ ਡੱਬੀਆਂ ਵਾਲੇ ਖੇਸ ਵਿਛਾਏ। ਬਾਹਰ ਵਿਹੜਾ ਕੱਚਾ ਸੀ, ਉਥੇ ਸਫ਼ਾਈ ਕਰਾ ਕੇ ਪਾਣੀ ਛਿੜਕ ਦਿੱਤਾ। ਘਰ ਵਿਚ ਬਹੁਤ ਸਾਰੇ ਭਾਂਡੇ ਸਨ। ਕਈ ਭੜੋਲੀਆਂ ਭਰੀਆਂ ਹੋਈਆਂ ਸਨ। ਭਾਗਾਂ ਨੇ ਸਾਰੇ ਭਾਂਡੇ ਕੱਢ ਕੇ ਸਾਫ਼ ਕਰਵਾਏ। ਕਈ ਮੇਹਰੇ ਤੇ ਮੇਹਰੀਆਂ ਇਸ ਕੰਮ 'ਤੇ ਲਾ ਦਿੱਤੇ। ਸ਼ਾਹ ਹੋਰਾਂ ਦੇ ਆਉਣ ਤਕ ਸਾਰਾ ਘਰ ਲਿਸ਼ਕ ਪੁਸ਼ਕ ਰਿਹਾ ਸੀ। ਲਾਭ ਚੰਦ ਹੋਰਾਂ ਦੀ ਬਰਾਦਰੀ ਵੀ ਕਾਫ਼ੀ ਸੀ ਤੇ ਕਈ ਸਿਆਣੇ ਬੰਦੇ ਅੱਜ ਕੰਮ ਕਾਜ 'ਤੇ ਵੀ ਨਹੀਂ ਸਨ ਗਏ। ਇਹੋ ਵਿਚਾਰ ਸੀ ਕਿ ਬੰਦਾ ਬਰਾਦਰੀ ਨਾਲ ਹੀ ਸੋਹਣਾ ਲੱਗਦਾ ਹੈ। ਕੁੜਮ ਇਹ ਨਾ ਮਹਿਸੂਸ ਕਰਨ ਕਿ ਲਾਭ ਚੰਦ ਦੀਆਂ ਚਾਰ ਬਾਹਵਾਂ ਵੀ ਨਹੀਂ ਸਨ। ਉਂਝ ਵੀ ਲਾਭ ਚੰਦ ਸਾਰੇ ਭਾਈਚਾਰੇ ਵਿਚ ਹਰ ਕਿਸੇ ਦੇ ਦੁੱਖ-ਸੁਖ ਵਿਚ ਸ਼ਾਮਲ ਹੁੰਦਾ ਸੀ ਤੇ ਹਰ ਘੜੀ ਉਨ੍ਹਾਂ ਨਾਲ ਖੜਦਾ ਸੀ, ਹੁਣ ਉਹਦੇ ਘਰ ਵੀ ਵਿਆਹ ਦੀ ਤਿਆਰੀ ਏ।

ਸਵੇਰੇ ਸਵੇਰੇ ਹੀ ਕਈਆਂ ਦੇ ਘਰ ਤੋਂ ਮੱਝਾਂ ਗਾਵਾਂ ਦਾ ਦੁੱਧ ਆ ਗਿਆ। ਇਨ੍ਹਾਂ ਦੀਆਂ ਕਈ ਵਲਟੋਹੀਆਂ ਦੁੱਧ ਨਾਲ ਭਰੀਆਂ ਗਈਆਂ। ਭਾਗਾਂ ਨੇ ਜਦ ਕਿਸੇ ਨੂੰ ਕਿਹਾ, "ਭੈਣ, ਦੁੱਧ ਤਾਂ ਬਹੁਤ ਆ ਗਿਆ ਏ, ਤੁਸੀਂ ਖੇਚਲ ਨਾ ਕਰੋ। ਸਾਡੇ ਲਈ ਸੰਭਾਲਣਾ ਵੀ ਔਖਾ ਏ।" ਅੱਗੋਂ ਦੁੱਧ ਲਿਆਣ ਵਾਲੀ ਬੋਲੀ, "ਦੁੱਧ ਦਾ ਕੀ ਏ, ਕੁਝ ਚੌਲ ਪਾ ਕੇ ਖੀਰ ਧਰ ਲਉ। ਕੁਝ ਦਹੀਂ ਜਮਾ ਦਿਓ, ਲੱਸੀ ਦੇ ਕੰਮ ਆ ਜਾਊ।"

"ਪਤਾ ਨਹੀਂ ਸ਼ਾਹ ਜੀ ਕਿਤਨੇ ਬੰਦੇ ਆਉਂਦੇ ਨੇ ਤੇ ਫਿਰ ਇਹ ਵੀ ਪੱਕਾ ਨਹੀਂ ਕਿ ਕੁਝ ਖਾਣ ਪੀਣ ਤਕ ਠਹਿਰਦੇ ਵੀ ਨੇ ਕਿ ਨਹੀਂ," ਭਾਗਾਂ ਨੇ ਉਸ ਤੀਵੀਂ ਨੂੰ ਦੱਸਿਆ, "ਅੱਗੇ ਆਏ ਸੀ ਤਾਂ ਵੀ ਸਾਡੇ ਘਰ ਖਾਣ ਤੋਂ ਝਿਜਕਦੇ ਸਨ। ਇਹ ਤਾਂ ਕਰਮ ਸਿੰਘ ਨੇ ਸਮਝਾਇਆ ਕਿ ਅਸੀਂ ਸਿੰਘ ਇਸ ਤਰ੍ਹਾਂ ਦੇ ਵਿਚਾਰ ਨਹੀਂ ਰੱਖਦੇ। ਸੰਬੰਧੀਆਂ ਦੇ ਘਰ ਦਾ ਨਹੀਂ ਖਾਣਾ ਤਾਂ ਰਿਸ਼ਤੇਦਾਰੀ ਕਾਹਦੀ ਹੋਈ।"

"ਸਾਨੂੰ ਪਤਾ ਹੀ ਨਹੀਂ ਲੱਗਾ," ਉਹ ਤੀਵੀਂ ਅੱਗੋਂ ਕਹਿਣ ਲੱਗੀ, "ਅਸੀਂ ਉਨ੍ਹਾਂ ਲਈ ਰੋਟੀ ਤਿਆਰ ਕਰ ਲੈਂਦੇ। ਹੁਣ ਵੀ ਚੰਗਾ ਹੋਇਆ, ਦੱਸ ਦਿੱਤਾ ਏ, ਅਸੀਂ ਵੀ ਕੁਝ ਨਾ ਕੁਝ ਬਣਾ ਰੱਖਦੇ ਹਾਂ। ਜੇਕਰ ਉਹ ਤੁਹਾਡੇ ਘਰ ਦਾ ਖਾਣ ਤੋਂ ਸੰਗਣ ਤਾਂ ਅਸੀਂ ਸੇਵਾ ਕਰ ਦਿਆਂਗੇ। ਕਹਿੰਦੇ ਨੇ ਕਿ ਕੁੜੀ ਵਾਲੇ, ਜੋ ਵਹਿਮ ਕਰਨ, ਉਹ ਵੀ ਦੂਜਿਆਂ ਦੇ ਘਰ ਦਾ ਖਾ ਲੈਂਦੇ ਨੇ।"

"ਤੁਹਾਡੇ ਸਾਡੇ ਵਿਚ ਕੀ ਫ਼ਰਕ ਏ ?" ਭਾਗਾਂ ਨੇ ਕਿਹਾ, "ਅਸੀਂ ਸਾਰੇ ਭੈਣਾਂ ਭਰਾਵਾਂ ਵਾਂਗ ਰਹਿ ਰਹੇ ਹਾਂ। ਕੋਈ ਰਿਸ਼ਤੇਦਾਰੀ ਨਾ ਹੁੰਦਿਆਂ ਵੀ ਸਾਡਾ ਆਪਸ ਵਿਚ ਬਹੁਤ ਪਿਆਰ ਏ। ਪਿਆਰ ਦਾ ਰਿਸ਼ਤਾ ਹੀ ਅਸਲ ਤੇ ਪੱਕਾ ਰਿਸ਼ਤਾ ਏ। ਰਿਸ਼ਤੇਦਾਰਾਂ ਵਿਚ ਤਾਂ ਸ਼ਰੀਕਾਚਾਰੀ ਹੀ ਹੁੰਦੀ ਏ।"

ਉਹ ਤੀਵੀਂ ਗਈ ਤੇ ਹੋਰ ਆ ਗਈ। ਮਰਦ ਆ ਕੇ ਲਾਭ ਚੰਦ ਨੂੰ ਪੁੱਛਦੇ ਕਿ ਕੋਈ ਕੰਮ ਹੋਵੇ ਤਾਂ ਦੱਸੋ। ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਉਹ ਲਿਆ ਦਈਏ। ਲਾਭ ਚੰਦ ਸਭ

ਅੱਗੇ ਹੱਥ ਜੋੜਦਾ ਤੇ ਧੰਨਵਾਦ ਕਰਦਾ। ਉਹਦੀ ਨਿਮਰਤਾ, ਮਿਲਾਪੜਾ ਸੁਭਾਅ ਤੇ ਦੂਜੇ ਦੇ ਕੰਮ ਆਉਣ ਦੀ ਰੁਚੀ ਦੇ ਫਲਸਰੂਪ ਅੱਜ ਕਰਤਾਰਪੁਰ ਦੇ ਬਹੁਤੇ ਲੋਕ ਉਹਦੇ ਤੋਂ ਸੇਵਾ ਪੁੱਛਣ ਆਏ। ਸਿਰਫ਼ ਉਹੀ ਘਰ ਨਾ ਆਏ, ਜੋ ਗੁਰੂ-ਘਰ ਨਾਲ ਈਰਖਾ ਰੱਖਦੇ ਸਨ। ਜਿਨ੍ਹਾਂ ਨੂੰ ਚੰਗਾ ਨਹੀਂ ਸੀ ਲੱਗਦਾ ਕਿ ਗੁਰ-ਗੱਦੀ ਗੁਰੂ ਤੇਗ ਬਹਾਦਰ ਤੇ ਫਿਰ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਨੂੰ ਮਿਲ ਜਾਏ। ਉਹ ਵੀ ਲਾਭ ਚੰਦ ਦੇ ਘਰ ਨਾ ਆਏ, ਜੋ ਗੁਰੂ-ਘਰ ਦੇ ਦੋਖੀ ਬਣ ਕੇ ਹਕੂਮਤ ਪਾਸ ਚੁਗਲੀਆਂ ਕਰਦੇ ਰਹੇ ਸਨ। ਇਨ੍ਹਾਂ ਵਿਚੋਂ ਕੇਵਲ ਉਹੀ ਘਰ ਆਏ ਜੋ ਹਰ ਚੜ੍ਹਦੇ ਸੂਰਜ ਨੂੰ ਸਲਾਮ ਕਰਦੇ ਹੁੰਦੇ ਹਨ। ਇਸ ਸ਼੍ਰੇਣੀ ਦੇ ਲੋਕਾਂ ਨੇ ਵੀ ਤਿੰਨ ਚਾਰ ਵਾਰ ਸਿਖ ਲੋਕ-ਲਹਿਰ ਨਾਲ ਗ਼ੱਦਾਰੀ ਕੀਤੀ ਤੇ ਪੰਥ-ਵਿਰੋਧੀਆਂ ਦੇ ਕੰਨ ਭਰੇ, ਪਰ ਜਦੋਂ ਵੇਖਿਆ ਕਿ ਬਹਾਦਰ ਸ਼ਾਹ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਸੁਲ੍ਹਾ ਹੋ ਗਈ ਏ ਤੇ ਬਹਾਦਰ ਸ਼ਾਹ ਨੂੰ ਉਨ੍ਹਾਂ ਦੀ ਮਦਦ ਨਾਲ ਹੀ ਰਾਜ-ਤਖ਼ਤ ਮਿਲਿਆ ਹੈ ਤਾਂ ਉਨ੍ਹਾਂ ਅਨੁਭਵ ਕਰ ਲਿਆ ਕਿ ਹੁਣ ਮੁਗਲ ਰਾਜ ਤੇ ਗੁਰੂ ਗੋਬਿੰਦ ਸਿੰਘ ਭਾਰੂ ਹੋ ਜਾਣਗੇ ਤੇ ਪੰਜਾਬ ਵਿਚ ਸਿੰਘਾਂ ਦੀ ਚੜ੍ਹਦੀ ਕਲਾ ਹੋ ਜਾਏਗੀ। ਇਸ ਕਰਕੇ ਹੁਣ ਉਹ ਚੁਗਲੀ ਨਿੰਦਾ ਦੀ ਨੀਤੀ ਛੱਡ ਕੇ ਸਿੰਘਾਂ ਦੀ ਪ੍ਰਸੰਸਾ ਕਰਨ ਲੱਗ ਪਏ।

ਜਿਹੜੇ ਲੋਕ ਕਰਮ ਸਿੰਘ ਦੇ ਅੰਮ੍ਰਿਤ ਪਾਨ ਕਰਨ ਪਿੱਛੋਂ ਔਖੇ ਸਨ ਤੇ ਉਸ ਵਿਰੁੱਧ ਸਨ, ਉਹ ਵੀ ਰਾਜ਼ੀ ਹੋ ਗਏ। ਉਨ੍ਹਾਂ ਵਿਚੋਂ ਕਈ ਬਦਲੇ ਹਾਲਾਤ ਅਧੀਨ ਆਪਣੀ ਪਹਿਲੀ ਰਾਏ ਨੂੰ ਖੁੱਲ੍ਹੇ ਆਮ ਗ਼ਲਤ ਕਹਿਣ ਲੱਗ ਪਏ ਸਨ ਤੇ ਮੰਨਣ ਲੱਗ ਪਏ ਸਨ ਕਿ ਕਰਮ ਸਿੰਘ ਨੇ ਠੀਕ ਕੀਤਾ। ਇਹ ਸਮੇਂ ਦੀ ਮੰਗ ਸੀ। ਕਈ ਤਾਂ ਇਹ ਵੀ ਇਕੱਠਾਂ ਵਿਚ ਸਾਫ਼ ਕਹਿੰਦੇ ਕਿ ਜੇਕਰ ਕਰਮਾ ਪਹਿਲੇ ਰੂਪ ਵਿਚ ਹੀ ਲਾਭ ਚੰਦ ਦਾ ਪੁੱਤਰ ਹਟਵਾਣੀਆ ਜਾਂ ਵਪਾਰੀ ਬਣਿਆ ਰਹਿੰਦਾ ਤਾਂ ਕਰਤਾਰਪੁਰ ਤੋਂ ਬਾਹਰ ਕਿਸੇ ਨੇ ਉਹਦਾ ਨਾਮ ਨਹੀਂ ਸੀ ਜਾਣਨਾ। ਹੁਣ ਤਾਂ ਸਾਰਾ ਦੁਆਬਾ ਉਹਨੂੰ ਜਥੇਦਾਰ ਕਰਮ ਸਿੰਘ ਕਰਤਾਰਪੁਰੀਆ ਕਰਕੇ ਜਾਣਦਾ ਏ। ਉਹਦੇ ਨਾਲ ਕਰਤਾਰਪੁਰ ਦਾ ਨਾਮ ਵੀ ਹੁਣ ਬੱਚੇ ਬੱਚੇ ਦੀ ਜ਼ਬਾਨ 'ਤੇ ਹੈ।

ਸ਼ਾਮੂ ਸ਼ਾਹ ਹੋਰਾਂ ਨੇ ਆ ਕੇ ਵਿਆਹ ਦੀ ਤਾਰੀਖ਼ ਪੱਕੀ ਕਰ ਦਿੱਤੀ। ਫ਼ੈਸਲਾ ਹੋਇਆ ਕਿ ਅਗਲੇਰੇ ਬੁੱਧਵਾਰ ਜੰਞ ਦਿਆਲਪੁਰ ਜਾਏਗੀ ਤੇ ਸ਼ੁਕਰਵਾਰ ਨੂੰ ਵਿਆਹ ਹੋਏਗਾ। ਇਸ ਸਮੇਂ ਜਥੇਦਾਰ ਕਰਮ ਸਿੰਘ ਨੇ ਸਾਰਾ ਝਾਕਾ ਛੱਡ ਕੇ ਕੁਝ ਸਪੱਸ਼ਟ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂ ਕਿ ਉਸ ਸਮੇਂ ਵਿਆਹ ਵਾਲਾ ਲੜਕਾ ਬੋਲਦਾ ਨਹੀਂ ਸੀ। ਮਾਪਿਆਂ ਦਾ ਹੀ ਅਧਿਕਾਰ ਸੀ ਕਿ ਉਹ ਜਿਥੇ ਚਾਹੁਣ, ਰਿਸ਼ਤਾ ਕਰਨ, ਕੁੜੀ ਦੇਖਣ ਜਾਂ ਨਾ ਦੇਖਣ। ਵਿਚੋਲੇ 'ਤੇ ਹੀ ਵਿਸ਼ਵਾਸ ਕਰ ਕੇ ਰਿਸ਼ਤਾ ਪ੍ਰਵਾਨ ਕਰ ਲੈਣ। ਵਿਆਹ ਕਿਸ ਤਰ੍ਹਾਂ ਹੋਏਗਾ ? ਕਦੋਂ ਹੋਏਗਾ ? ਕਿਤਨੀ ਜੰਞ ਜਾਏਗੀ ? ਕਿਤਨੇ ਦਿਨ ਕੁੜਮਾਂ ਦੇ ਠਹਿਰਨਗੇ ? ਇਹ ਸਾਰਾ ਫ਼ੈਸਲਾ ਵਿਚੋਲਾ ਜਾਂ ਲੜਕੇ ਦਾ ਪਿਤਾ ਹੀ ਕਰਦਾ ਸੀ, ਪਰ ਕਰਮ ਸਿੰਘ ਦਾ ਅਮਲਾ ਕੁਝ ਸਭਿਆਚਾਰਕ ਰਹੁ-ਰੀਤੀ ਤੇ ਪ੍ਰਚੱਲਤ ਭਾਈਚਾਰਕ ਤੌਰ-ਤਰੀਕੇ ਤੋਂ ਵੱਖਰਾ ਹੀ ਸੀ। ਉਹ ਹਰ ਗੱਲ ਵਿਚ ਆਪਣੀ ਸੁਤੰਤਰ ਰਾਏ ਹੀ ਨਹੀਂ ਸੀ ਰੱਖਦਾ, ਸਗੋਂ ਆਪਣੀ ਮੰਨਵਾ ਵੀ ਲੈਂਦਾ ਸੀ। ਇਸ ਨਵੀਂ ਸੋਚ ਕਾਰਨ ਪਿਛਲੀ ਪੀੜ੍ਹੀ ਦੀ ਟੱਕਰ ਹੋ ਜਾਂਦੀ ਹੈ। ਪੁਰਾਣੀ ਪੀੜ੍ਹੀ, ਇਹਨੂੰ ਬਗ਼ਾਵਤ ਤੇ ਗੁਸਤਾਖ਼ੀ ਸਮਝਦੀ ਏ। ਆਪਣੇ ਆਪ ਨੂੰ ਤਜਰਬਾਕਾਰ ਤੇ ਹੰਡੇ ਵਰਤੇ ਹੋਣ ਕਾਰਨ ਵਧੇਰੇ ਸਿਆਣਾ ਅਨੁਭਵ ਕਰਦੀ ਏ ਤੇ ਯੁਵਕ ਵਰਗ ਨੂੰ ਅਨਜਾਣ, ਨਾ-ਤਜਰਬਾਕਾਰ ਤੇ ਜਜ਼ਬਾਤੀ ਸਮਝ ਕੇ ਉਹਦੇ 'ਤੇ ਆਪਣਾ ਹਰ ਫ਼ੈਸਲਾ ਠੋਸਦੀ ਹੈ, ਪਰ ਇਸ ਘਰ ਵਿਚ ਅਜਿਹੀ ਟੱਕਰ ਤੇ ਕੁੜੱਤਣ ਬਿਲਕੁਲ ਨਹੀਂ ਸੀ, ਕਿਉਂਕਿ ਲਾਭ ਚੰਦ ਜ਼ਮਾਨੇ ਨਾਲ ਕਦਮ ਮਿਲਾ ਕੇ ਤੁਰਨ ਵਾਲਾ ਸਿਆਣਾ ਮਨੁੱਖ ਸੀ। ਉਹਨੂੰ ਆਪਣੇ ਪੁੱਤਰ

ਦੇ ਵਿਚਾਰਾਂ ਤੇ ਸੋਚ ਨਾਲ ਹਮਦਰਦੀ ਹੀ ਨਹੀਂ, ਪੂਰੀ ਤਰ੍ਹਾਂ ਸਹਿਮਤੀ ਸੀ। ਪਿਤਾ ਦਾ ਇਹ ਸਹਿਯੋਗ ਕਰਮ ਸਿੰਘ ਨੂੰ ਦਲੇਰੀ ਨਾਲ ਮਨ-ਮਰਜ਼ੀ ਦੇ ਫ਼ੈਸਲੇ ਕਰਨ ਤੇ ਸਿਖ ਰਹੁ-ਰੀਤੀ ਅਪਣਾਉਣ ਦੀ ਖੁੱਲ੍ਹ ਦੇ ਰਿਹਾ ਸੀ। ਇਸ ਲਈ ਉਹਨੇ ਜ਼ਮਾਨੇ ਦੇ ਰਿਵਾਜ ਦੇ ਉਲਟ ਸ਼ਾਮੂ ਸ਼ਾਹ ਤੇ ਉਹਦੇ ਨਾਲ ਆਏ ਬੰਦਿਆਂ ਨੂੰ ਆਪਣੇ ਮਨ ਦੀ ਗੱਲ ਦੱਸ ਵੀ ਦਿੱਤੀ ਤੇ ਉਸ ਲਈ ਰਾਜ਼ੀ ਵੀ ਕਰ ਲਿਆ।

"ਇਹ ਵਿਆਹ ਸਿਖ ਰਹੁ-ਰੀਤੀ ਅਨੁਸਾਰ ਹੋਏਗਾ," ਜਥੇਦਾਰ ਕਰਮ ਸਿੰਘ ਨੇ ਕਿਹਾ, "ਦੂਜਾ ਅਸੀਂ ਲੋਕਾਂ ਵਾਂਗ ਪੰਜ ਸੱਤ ਦਿਨ ਨਹੀਂ ਜੇ ਜੰਞ ਰੱਖਣ ਦੇਣੀ। ਅਸੀਂ ਤਾਂ ਇਕ ਦਿਨ ਆਵਾਂਗੇ ਤੇ ਦੂਜੇ ਦਿਨ ਸਵੇਰੇ ਸਵੇਰੇ ਲਾਵਾਂ ਪਿੱਛੋਂ ਵਾਪਸ ਮੁੜ ਆਵਾਂਗੇ।"

"ਦੇਖੋ ਜੀ, ਲੋਕੀਂ ਸਾਨੂੰ ਗੱਲਾਂ ਕਰਨਗੇ," ਸ਼ਰਨ ਦਾਸ ਨੇ ਕਿਹਾ, "ਅਸੀਂ ਕੋਈ ਭੁੱਖੇ ਨੰਗੇ ਤੇ ਨਹੀਂ ਜੋ ਅਸੀਂ ਪੰਜ ਸੱਤ ਦਿਨ ਸੇਵਾ ਨਾ ਕਰ ਸਕੀਏ। ਜੰਞ ਨੇ ਇਕੋ ਵਾਰ ਆਉਣਾ ਏ, ਮੁੜ ਤੁਸੀਂ ਤਾਂ ਆਉਂਦੇ ਜਾਂਦੇ ਰਹੋਗੇ, ਪਰ ਬਰਾਦਰੀ ਨੇ ਇਕ ਰਾਤ ਵਿਚ ਸਾਡਾ ਕੀ ਵੇਖਣਾ ਏ।" ਇਹ ਸ਼ਰਨ ਦਾਸ ਸ਼ਾਮੂ ਸ਼ਾਹ ਦਾ ਭਤੀਜਾ ਸੀ, ਜਿਸ ਨੂੰ ਚਾਅ ਸੀ ਕਿ ਦੀਪੋ ਦਾ ਵਿਆਹ ਇਤਨੀ ਸ਼ਾਨੋ-ਸ਼ੌਕਤ ਨਾਲ ਕੀਤਾ ਜਾਏ ਕਿ ਲੋਕ ਕਿਤਨਾ ਚਿਰ ਇਸ ਵਿਆਹ ਦਾ ਚਰਚਾ ਕਰਦੇ ਰਹਿਣ।

"ਨਹੀਂ ਜੀ, ਅਸੀਂ ਲੋਕ-ਦਿਖਾਵੇ ਵਿਚ ਨਿਸਚਾ ਨਹੀਂ ਰੱਖਦੇ," ਜਥੇਦਾਰ ਕਰਮ ਸਿੰਘ ਨੇ ਕਿਹਾ, "ਸਾਡੇ ਨਾਲ ਤਮਾਸ਼ਬੀਨ ਤੇ ਹੁਲੜ ਮਚਾਣ ਵਾਲਾ ਕੋਈ ਨਹੀਂ ਹੋਵੇਗਾ। ਸਾਊ ਬੰਦੇ ਹੀ ਸਾਡਾ ਭਾਈਚਾਰਾ ਹਨ। ਇਸ ਲਈ ਨਾ ਅਸੀਂ ਤੁਹਾਡੇ ਬੂਹੇ ਅੱਗੇ ਭੰਗੜੇ ਪਾਣੇ ਨੇ ਤੇ ਨਾ ਹੀ ਤੁਹਾਨੂੰ ਵੇਸਵਾਵਾਂ ਮੰਗਵਾ ਕੇ ਨਚਾਣ ਦੇਣੀਆਂ ਨੇ। ਵਿਆਹ ਇਕ ਧਾਰਮਕ ਵਾਤਾਵਰਣ ਵਿਚ ਪੂਰੀ ਕੀਤੀ ਜਾਣ ਵਾਲੀ ਸਮਾਜਕ ਰਸਮ ਹੈ ਤੇ ਇਹਦੀ ਪਵਿੱਤਰਤਾ ਨੂੰ ਹਰ ਕੀਮਤ 'ਤੇ ਕਾਇਮ ਰੱਖਣਾ ਏ।"

"ਤੁਸੀਂ ਗੁਰੂ-ਘਰ ਨੂੰ ਮੰਨਦੇ ਹੋ, ਇਸ ਲਈ ਤੁਹਾਨੂੰ ਸਿਖ ਰਹੁ-ਰੀਤੀ ਅਪਣਾਉਣ ਵਿਚ ਕੋਈ ਔਖ ਨਹੀਂ," ਲਾਭ ਚੰਦ ਨੇ ਉਨ੍ਹਾਂ ਨੂੰ ਕਰਮ ਸਿੰਘ ਦੀ ਗੱਲ ਮੰਨਣ ਲਈ ਜ਼ੋਰ ਦਿੰਦਿਆਂ ਆਖਿਆ। ਅਖ਼ੀਰ ਸ਼ਾਮੂ ਸ਼ਾਹ ਮੰਨ ਗਿਆ ਕਿ ਜਿਹੜੀਆਂ ਸਾਡੀਆਂ ਰਸਮਾਂ ਜ਼ਰੂਰੀ ਹੋਈਆਂ, ਉਹ ਵੀ ਕਰ ਲਵਾਂਗੇ ਤੇ ਤੁਹਾਡੀਆਂ ਵੀ। ਇਉਂ ਬਹੁਤ ਸਾਰੀਆਂ ਗੱਲਾਂ ਸਪੱਸ਼ਟ ਕਰ ਕੇ ਅਤੇ ਖਾਣਾ ਖੁਆ ਕੇ ਸ਼ਾਮੂ ਸ਼ਾਹ ਹੋਰਾਂ ਨੂੰ ਵਿਦਾ ਕੀਤਾ। ਉਨ੍ਹਾਂ ਪਹਿਲਾਂ ਵਾਂਗ ਹੀ ਖਾਣਾ ਖਾਣ ਸਮੇਂ ਨਾਂਹ-ਨੁਕਰ ਕੀਤੀ, ਪਰ ਫਿਰ ਮੰਨ ਗਏ।

ਘੋੜੀਆਂ ਤੇ ਸ਼ਾਮੂ ਸ਼ਾਹ ਹੋਰੀਂ ਵਾਪਸ ਦਿਆਲਪੁਰ ਨੂੰ ਚੱਲ ਪਏ। ਰਾਹ ਵਿਚ ਹੋਰ ਤਾਂ ਚੁੱਪ ਰਹੇ, ਪਰ ਸ਼ਰਨ ਦਾਸ ਕਾਫ਼ੀ ਔਖਾ ਸੀ। ਉਹਨੇ ਚਾਚੇ ਨੂੰ ਸਾਫ਼ ਕਿਹਾ, "ਹੋਰ ਤਾਂ ਸਭ ਗੱਲਾਂ ਠੀਕ ਨੇ, ਪਰ ਆਪਾਂ ਬਹੁਤੇ ਹੀ ਉਨ੍ਹਾਂ ਥੱਲੇ ਲੱਗ ਗਏ ਹਾਂ। ਇਹ ਵੀ ਕੀ ਹੋਇਆ, ਹਰ ਗੱਲ ਉਨ੍ਹਾਂ ਦੀ ਹੀ ਮੰਨਦੇ ਜਾਈਏ।"

"ਆਪਾਂ ਧੀ ਵਾਲੇ ਹਾਂ," ਸ਼ਾਮੂ ਸ਼ਾਹ ਨੇ ਕਿਹਾ, "ਹਮੇਸ਼ਾਂ ਤੋਂ ਧੀਆਂ ਵਾਲੇ ਨਿੰਵਦੇ ਆਏ ਹਨ। ਕੁੜੀਆਂ ਗਾਂਦੀਆਂ ਹੁੰਦੀਆਂ ਨੇ ਕਿ 'ਬਾਬਲ ਮੇਰਾ ਕਦੀ ਨਾ ਨਿਵਿਆ ਪਰ ਧੀਆਂ ਆਣ ਨਿਵਾਇਆ'।" ਇਉਂ ਗੱਲਾਂ ਕਰਦਿਆਂ ਉਹ ਝੱਟ ਹੀ ਦਿਆਲਪੁਰ ਜਾ ਪਹੁੰਚੇ।

ਇਧਰ ਕਰਮ ਸਿੰਘ ਦੇ ਵਿਆਹ ਦੀ ਤਾਰੀਖ਼ ਨਿਸਚਿਤ ਹੋਣ ਨਾਲ ਵਿਆਹ ਦੀਆਂ ਘਰ ਵਿਚ ਤਿਆਰੀਆਂ ਸ਼ੁਰੂ ਹੋ ਗਈਆਂ। ਲਾਭ ਚੰਦ ਨੇ ਕਿਹਾ ਕਿ ਕਿਸੇ ਪੜ੍ਹੇ-ਲਿਖੇ ਮੁੰਡੇ ਨੂੰ ਬਿਠਾਉ ਤੇ ਸਾਰੇ ਦੂਰ ਨੇੜੇ ਦੇ ਰਿਸ਼ਤੇਦਾਰਾਂ ਦੀ ਸੂਚੀ ਤਿਆਰ ਕਰੋ। ਦੇਖੋ, ਆਪਾਂ ਘੱਟ ਤੋਂ ਘੱਟ ਕਿਤਨੇ ਕੁ ਬੰਦੇ ਜੰਞ ਨਾਲ ਲਿਜਾ ਸਕਦੇ ਹਾਂ। ਉਹਨੂੰ ਘਰ ਵਿਚ ਰਾਸ਼ਨ ਪਾਣੀ

ਤੇ ਪੀਣ ਖਾਣ ਦੀਆਂ ਵਸਤਾਂ ਇਕੱਠੀਆਂ ਕਰਨ ਦਾ ਫ਼ਿਕਰ ਸੀ। ਭਾਗਾਂ ਨੂੰ ਆਏ ਗਏ ਪ੍ਰਾਹੁਣਿਆਂ ਦੀ ਸੇਵਾ-ਸੰਭਾਲ ਦੀ ਚਿੰਤਾ ਸੀ, ਪਰ ਘਰ ਦੀਆਂ ਕੁੜੀਆਂ ਮੁੰਡਿਆਂ ਨੂੰ ਲੱਗਣ ਵਾਲੀ ਰੌਣਕ ਦਾ ਹੀ ਖ਼ਿਆਲ ਸੀ। ਉਸੇ ਦਿਨ ਹੀ ਸ਼ਾਮ ਨੂੰ ਕੁੜੀਆਂ ਨੇ ਗਾਉਣ ਬਿਠਾਣ ਦਾ ਫ਼ੈਸਲਾ ਕਰਵਾ ਲਿਆ। ਭਾਗਾਂ ਨੇ ਖ਼ੁਸ਼ੀ ਤੇ ਚਾਅ ਵਿਚ ਕਿਹਾ, "ਅੱਜ ਤਾਂ ਪਤਾਸੇ ਲੈ ਆਉ ਤੇ ਗੌਣ ਵਾਲੀਆਂ ਵਿਚ ਵੰਡਣੇ ਨੇ। ਕੱਲ੍ਹ ਨੂੰ ਕਹਿ ਕੇ ਲੱਡੂ-ਛੇ ਪਿੰਨੀਆਂ ਮੰਗਵਾ ਦਿਆਂਗੀ।" ਕੁੜੀਆਂ ਨੇ ਆਪੇ ਹੀ ਢੋਲਕੀ ਦਾ ਪ੍ਰਬੰਧ ਕਰ ਲਿਆ ਤੇ ਦਿਨ ਛਿਪਦੇ ਨੂੰ ਲਾਭ ਚੰਦ ਦੇ ਘਰ ਵਿਹੜੇ ਵਿਚ ਬੋਰੀਆਂ ਤੇ ਚਾਦਰਾਂ ਵਿਛਾ ਕੇ ਕੁੜੀਆਂ ਨੇ ਢੋਲਕੀ ਵਜਾਣੀ ਸ਼ੁਰੂ ਕਰ ਦਿੱਤੀ। ਦਿਨੇ ਉਹ ਘਰ ਘਰ ਜਾ ਕੇ ਸੱਦਾ ਦੇ ਆਈਆਂ ਸਨ। ਜਿਉਂ ਜਿਉਂ ਢੋਲਕੀ ਦੀ ਆਵਾਜ਼ ਗੂੰਜਦੀ, ਕੁੜੀਆਂ ਝੱਟ-ਪਟ ਘਰ ਦਾ ਕੰਮ ਮੁਕਾ ਕੇ ਕਰਮ ਸਿੰਘ ਹੋਰਾਂ ਦੇ ਘਰ ਇਕੱਠੀਆਂ ਹੋਣ ਲੱਗ ਪਈਆਂ।

ਮੈਹਰੀ ਚੰਦੋ ਤੇ ਨੈਣ ਫਤੋ ਘੋੜੀਆਂ ਗਾਣ ਲਈ ਸਾਰੇ ਕਰਤਾਰਪੁਰ ਵਿਚ ਪ੍ਰਸਿੱਧ ਸਨ। ਇਸ ਲਈ ਉਨ੍ਹਾਂ ਦੇ ਆਉਣ ਤਕ ਤਾਂ ਕੁੜੀਆਂ ਐਵੇਂ ਇਧਰ ਉਧਰ ਦੇ ਟੱਪੇ ਤੇ ਛੋਟੇ-ਮੋਟੇ ਗੀਤ ਗਾਂਦੀਆਂ ਰਹੀਆਂ, ਪਰ ਇਨ੍ਹਾਂ ਦੇ ਪਹੁੰਚਦਿਆਂ ਹੀ ਘੋੜੀਆਂ ਗਾਈਆਂ ਜਾਣ ਲੱਗੀਆਂ। ਪਹਿਲੇ ਦਿਨ ਦੇ ਇਸ ਇਸਤਰੀ ਇਕੱਠ ਵਿਚ ਇਹ ਘੋੜੀਆਂ ਗਾਈਆਂ ਗਈਆਂ :

1. ਚੰਬਾ ਖਿੜਿਆ ਮਾਲਣ ਚੁਗਦੀ ਕਿਉਂ ਨਹੀਂ
ਤੂੰ ਵੀ ਚੁਗ ਲੈ ਨੀ ਵੀਰੇ ਮਾਂਵੜੀਏ
ਕੀਕਣ ਚੁਗਾਂ ਨੀ ਬਾਬਲ ਵਣਜ ਗਿਆ
ਬਾਬਲ ਰੁਠੜਾ ਮੇਰੇ ਵੀਰ ਦਾ
ਨੀ ਮਨਾਇਓ ਜੰਞ ਸੋਹਣੀ ਚੜ੍ਹੇ।
ਉਹ ਨੀ ਮੰਨਦੇ ਕੰਮ ਰੱਬ ਕਰੇ।

2. ਮੱਥੇ 'ਤੇ ਚਮਕਣ ਵਾਲ ਮੇਰੇ ਬੰਨਰੇ ਦੇ
ਆ ਵੇ ਬੰਨਾ ਲਾ ਸ਼ਗਨਾਂ ਦੀ ਮਹਿੰਦੀ
ਮਹਿੰਦੀ ਦਾ ਰੰਗ ਸੂਹਾ ਲਾਲ ਮੇਰੇ ਬੰਨਰੇ ਦੇ
ਮੱਥੇ 'ਤੇ ਚਮਕਣ.....
ਆ ਵੇ ਵੀਰਾ ਬੰਨ੍ਹ ਸ਼ਗਨਾਂ ਦਾ ਗਾਨਾ
ਗਾਨੇ ਦੀਆਂ ਲੜੀਆਂ ਚਾਰ ਮੇਰੇ ਬੰਨਰੇ ਦੇ
ਮੱਥੇ 'ਤੇ ਚਮਕਣ.....
ਆ ਵੇ ਵੀਰਾ ਬਹਿ ਸ਼ਗਨਾਂ ਦੀ ਘੋੜੀ
ਜੋੜੀ ਭਰਾਵਾਂ ਦੀ ਨਾਲ ਮੇਰੇ ਬੰਨਰੇ ਦੇ
ਮੱਥੇ 'ਤੇ ਚਮਕਣ.....
ਆ ਵੇ ਵੀਰਾ ਲੈ ਸ਼ਗਨਾਂ ਦੀਆਂ ਲਾਵਾਂ
ਨਿੱਕੀ ਜਿਹੀ ਬੰਨੀ ਤੇਰੇ ਨਾਲ ਮੇਰੇ ਬੰਨਰੇ ਦੇ
ਮੱਥੇ 'ਤੇ ਚਮਕਣ.....
ਆ ਵੇ ਵੀਰਾ ਲਿਆ ਸ਼ਗਨਾਂ ਦੀ ਡੋਲੀ
ਮਾਂ ਨੇ ਪਾਣੀ ਪੀਤਾ ਵਾਰ ਮੇਰੇ ਬੰਨਰੇ ਦੇ
ਮੱਥੇ 'ਤੇ ਚਮਕਣ ਵਾਲ ਮੇਰੇ ਬੰਨਰੇ ਦੇ।

3. ਬੇਰੀ ਨਾਲ ਕੁੰਡੇ ਲੱਗੇ ਕੁੰਡਿਆਂ ਨਾਲ ਜ਼ੰਜੀਰ
ਨਿੱਕੇ ਵੱਡੇ ਹੱਥ ਜੋੜੇ ਜੁਗ ਜੀਣ ਭੈਣਾਂ ਦੇ ਵੀਰ
ਵੀਰਾ ਦੇ ਭੈਣਾ ਨੂੰ ਚੁੰਨੀਆਂ, ਤੇਰੀਆਂ ਸਭੇ ਮੁਰਾਦਾਂ ਪੁੰਨੀਆਂ
ਬੇਰੀ ਨਾਲ ਕੁੰਡੇ ਲੱਗੇ ਕੁੰਡਿਆਂ ਨਾਲ ਜ਼ੰਜੀਰ
ਵੀਰਾ ਵੇ ਭੈਣਾਂ ਨੂੰ ਭੋਛਣ, ਤੇਰੀਆਂ ਸਭੇ ਮੁਰਾਦਾਂ ਹੋਸਣ
ਬੇਰੀ ਨਾਲ.....
ਵੀਰਾ ਜੇ ਤੂੰ ਬੈਠਾ ਖਾਰੇ, ਤੇਰੇ ਬਾਪ ਰੁਪਈਏ ਵਾਰੇ
ਬੇਰੀ ਨਾਲ.....
ਵੀਰਾ ਜੇ ਤੂੰ ਚੜਿਓਂ ਘੋੜੀ, ਤੇਰੇ ਨਾਲ ਭਰਾਵਾਂ ਜੋੜੀ
ਬੇਰੀ ਨਾਲ.....
ਵੀਰਾ ਜੇ ਤੂੰ ਲਈਆਂ ਲਾਵਾਂ, ਤੇਰੇ ਕੋਲ ਖਲੋਤੀ ਗਾਵਾਂ
ਬੇਰੀ ਨਾਲ.....
ਵੀਰਾ ਜੇ ਤੂੰ ਆਂਦੀ ਡੋਲੀ, ਤੇਰੀ ਡੋਲੀ ਤੋਂ ਮਾਂ ਘੋਲੀ
ਬੇਰੀ ਨਾਲ ਕੁੰਡੇ ਲੱਗੇ ਕੁੰਡਿਆਂ ਨਾਲ ਜ਼ੰਜੀਰ
ਨਿੱਕੇ ਵੱਡੇ ਹੱਥ ਜੋੜੇ ਜੁਗ ਜੀਣ ਭੈਣਾਂ ਦੇ ਵੀਰ।

ਘੋੜੀਆਂ ਤੇ ਕੁਝ ਹੋਰ ਗੀਤ ਗਾਣ ਪਿੱਛੋਂ ਜ਼ਨਾਨੀਆਂ ਉੱਠ ਖੜੀਆਂ ਹੋਈਆਂ। ਕਈਆਂ ਕੁੜੀਆਂ ਨੇ ਗਿੱਧਾ ਪਾਇਆ ਤੇ ਉਹਦੇ ਨਾਲ ਬੋਲੀਆਂ ਵੀ ਪਾਈਆਂ। ਫਿਰ ਦੋ ਜ਼ਨਾਨੀਆਂ ਪਿੜ ਵਿਚ ਨਿਕਲੀਆਂ। ਇਕ ਤਾਂ ਚੁੰਨੀ ਸਿਰ 'ਤੇ ਬੰਨ੍ਹ ਕੇ ਮਰਦ ਬਣ ਗਈ ਤੇ ਦੂਜੀ ਉਹਦੀ ਪਤਨੀ ਬਣ ਗਈ। ਉਹ ਮਰਦ ਤੀਵੀਂ ਦੇ ਰੂਪ ਵਿਚ ਸਵਾਂਗ ਉਤਾਰਦੀਆਂ ਰਹੀਆਂ। ਜਦ ਜ਼ਨਾਨੀਆਂ ਦੇ ਇਕੱਠ ਨੇ ਤੁਰਨਾ ਸ਼ੁਰੂ ਕੀਤਾ ਤਾਂ ਭਾਗਾਂ ਤੇ ਉਹਦੀਆਂ ਦੋ ਜਠਾਣੀਆਂ ਨੇ ਪਤਾਸਿਆਂ ਦੇ ਟੋਕਰੇ ਕੱਢ ਕੇ ਰੱਖ ਲਏ ਤੇ ਹਰ ਇਕ ਨੂੰ ਮੁੱਠਾਂ ਭਰ ਭਰ ਕੇ ਪਤਾਸੇ ਦਿੰਦੀਆਂ ਰਹੀਆਂ।

ਦੂਜੇ ਦਿਨ ਵੀ ਇਸੇ ਤਰ੍ਹਾਂ ਰੌਣਕ ਲੱਗੀ। ਕੁੜੀਆਂ ਨੇ ਭਾਗਾਂ ਨੂੰ ਮਨਾ ਲਿਆ ਕਿ ਵਿਆਹ ਤਕ ਰੋਜ਼ ਹੀ ਉਨ੍ਹਾਂ ਦੇ ਘਰ ਇਸ ਤਰ੍ਹਾਂ ਰੌਣਕ ਲੱਗਿਆ ਕਰੇ। ਚਾਰੇ ਦਿਨ ਤਾਂ ਖ਼ੂਬ ਰੌਣਕ ਲੱਗੀ। ਕੁੜੀਆਂ ਤਾਂ ਕੀ ਅੱਧਖੜ ਤੇ ਬੁੱਢੀਆਂ ਨੇ ਵੀ ਖ਼ੂਬ ਰੌਣਕ ਲਾਈ। ਆਪਣੇ ਜਵਾਨੀ ਸਮੇਂ ਦੇ ਯਾਦ ਕੀਤੇ ਗੀਤਾਂ ਨੂੰ ਉਨ੍ਹਾਂ ਨੇ ਗਾਇਆ। ਆਪਣੇ ਦੱਬੇ ਜਜ਼ਬਾਤ ਪ੍ਰਗਟ ਕੀਤੇ। ਰਾਂਗਲੇ ਦਿਨਾਂ ਦੀਆਂ ਰੰਗੀਨ ਯਾਦਾਂ ਨੂੰ ਤਾਜ਼ਾ ਕੀਤਾ।

ਇਕ ਦਿਨ ਸਵੇਰੇ ਸਵੇਰੇ ਇਕ ਘੋੜ ਸਵਾਰ ਸਿੰਘ ਡੇਰੇ 'ਤੇ ਆਇਆ ਤੇ ਉਹਨੇ ਕੋਈ ਅਜਿਹੀ ਖ਼ਬਰ ਸੁਣਾਈ ਕਿ ਸਾਰੇ ਸਿੰਘਾਂ ਦੇ ਨੇਤਰ ਸੱਜਲ ਹੋ ਗਏ ਤੇ ਬਹੁਤਿਆਂ ਨੇ ਹੱਥ ਜੋੜ ਕੇ ਅਤੇ ਅੱਖਾਂ ਮੀਟ ਕੇ 'ਵਾਹਿਗੁਰੂ ਵਾਹਿਗੁਰੂ' ਦਾ ਉਚਾਰਨ ਸ਼ੁਰੂ ਕਰ ਦਿੱਤਾ। ਕਿੱਕਰ ਸਿੰਘ ਤੇ ਕਸਤੂਰ ਸਿੰਘ, ਉਸ ਸੁਨੇਹਾ ਲੈ ਕੇ ਆਉਣ ਵਾਲੇ ਨੂੰ ਨਾਲ ਲੈ ਕੇ ਤੁਰਤ ਕਰਮ ਸਿੰਘ ਦੇ ਘਰ ਆਏ ਤੇ ਘਬਰਾਹਟ ਵਿਚ ਫ਼ਤਹਿ ਬੁਲਾਣੀ ਵੀ ਭੁੱਲ ਗਏ। ਉਨ੍ਹਾਂ ਆਉਂਦਿਆਂ ਕਿਹਾ, "ਹਨੇਰ ਹੋ ਗਿਆ। ਭਾਣਾ ਵਰਤ ਗਿਆ। ਕਲਗੀਧਰ ਪਾਤਸ਼ਾਹ ਜੋਤੀ ਜੋਤ ਸਮਾ ਗਏ।"

"ਹੈਂ, ਕੇਵਲ ਬਤਾਲੀ ਸਾਲ ਦੀ ਆਯੂ ਵਿਚ ਹੀ," ਲਾਭ ਚੰਦ ਦੇ ਮੂੰਹੋਂ ਨਿਕਲਿਆ।

"ਹੋਇਆ ਕੀ ਏ ?" ਜਥੇਦਾਰ ਕਰਮ ਸਿੰਘ ਨੇ ਸੁਨੇਹਾ ਲਿਆਉਣ ਵਾਲੇ ਤੋਂ ਕਾਹਲੀ ਕਾਹਲੀ ਪੁੱਛ ਕੀਤੀ।

"ਪਤਾ ਨਹੀਂ ਜੀ," ਸਿੰਘ ਨੇ ਦੱਸਿਆ, "ਨਾਦੇੜ ਤੋਂ ਸੂਚਨਾ ਆਈ ਏ ਤੇ ਬਾਬਾ ਦੀਪ ਸਿੰਘ ਜੀ ਨੇ ਉਸੇ ਵੇਲੇ ਚਾਰ-ਚੁਫੇਰੇ ਬੰਦੇ ਭਜਾ ਦਿੱਤੇ ਨੇ। ਮੈਨੂੰ ਤੁਹਾਡੇ ਤਕ ਆਉਣ ਦਾ ਹੁਕਮ ਸੀ। ਸੁਣਨ ਵਿਚ ਕਈ ਗੱਲਾਂ ਆਈਆਂ ਨੇ। ਕੋਈ ਕਹਿੰਦਾ ਏ ਕਿ ਸਣੇ ਘੋੜੇ ਕਮਰੇ ਵਿਚ ਚਲੇ ਗਏ ਨੇ ਤੇ ਉਥੋਂ ਅਲੋਪ ਨੇ। ਇਕ ਚਰਚਾ ਏ ਕਿ ਪਿਛਲੇ ਦਿਨੀਂ ਪਠਾਣ ਦੇ ਵਾਰ ਨਾਲ ਜੋ ਜ਼ਖ਼ਮ ਹੋਇਆ ਸੀ, ਉਹ ਦੁਬਾਰਾ ਚਿੱਲੇ ਤੀਰ ਚੜ੍ਹਾਉਂਦਿਆਂ ਫੱਟ ਗਿਆ ਤੇ ਇਉਂ ਅੰਤਮ ਸਮਾਂ ਆ ਗਿਆ, ਪਰ ਜਿੰਨੇ ਮੂੰਹ ਉਤਨੀਆਂ ਗੱਲਾਂ।"

"ਪੰਥ ਨੂੰ ਕਿਸ ਦੇ ਲੜ ਲਾ ਗਏ ਹਨ?" ਜਥੇਦਾਰ ਕਰਮ ਸਿੰਘ ਦਾ ਅਗਲਾ ਸਵਾਲ ਸੀ।

"ਮੈਨੂੰ ਕੁਝ ਨਹੀਂ ਪਤਾ," ਸਿੰਘ ਨੇ ਦੱਸਿਆ, "ਤੁਹਾਨੂੰ ਛੇਤੀ ਸਾਬੋ ਕੀ ਪਹੁੰਚਣ ਦਾ ਆਦੇਸ਼ ਏ। ਬਸ ਬਾਕੀ ਗੱਲਾਂ ਉਥੇ ਚੱਲ ਕੇ ਪਤਾ ਕਰ ਲਿਆ ਜੇ।"

ਜਥੇਦਾਰ ਕਰਮ ਸਿੰਘ ਨੇ ਤੁਰਤ ਫ਼ੈਸਲਾ ਕਰ ਲਿਆ ਤੇ ਕਿੱਕਰ ਸਿੰਘ ਤੇ ਕਸਤੂਰ ਸਿੰਘ ਨੂੰ ਕਿਹਾ, "ਛੇਤੀ ਚੱਲ ਕੇ ਸਿੰਘਾਂ ਦੀ ਤਿਆਰੀ ਕਰੋ। ਜਥਾ ਦੋ ਹਿੱਸਿਆਂ ਵਿਚ ਵੰਡ ਕੇ ਤਲਵੰਡੀ ਨੂੰ ਤੋਰਨਾ ਹੈ। ਇਕ ਜਥਾ ਦੁਆਬੇ ਵਿਚ ਸਭ ਸਿੰਘਾਂ ਦੇ ਟਿਕਾਣਿਆਂ 'ਤੇ ਸੂਚਨਾ ਦਿੰਦਾ ਜਾਏ ਤੇ ਸਿੰਘਾਂ ਨੂੰ ਸਾਬੋ ਕੀ ਤਲਵੰਡੀ ਪਹੁੰਚਣ ਦੀ ਤਾਕੀਦ ਕਰਦਾ ਆਪ ਉਥੇ ਪਹੁੰਚ ਜਾਏ। ਮੈਂ ਕੁਝ ਸਿੰਘਾਂ ਨਾਲ ਸਿੱਧਾ ਉਥੇ ਪਹੁੰਚਦਾ ਹਾਂ। ਪੰਥ 'ਤੇ ਬੜੀ ਸੰਕਟ ਦੀ ਘੜੀ ਆ ਗਈ ਏ। ਵਾਹਿਗੁਰੂ ਕ੍ਰਿਪਾ ਕਰੇ ਤੇ ਇਸ ਸੰਕਟ 'ਚੋਂ ਪੰਥ ਨੂੰ ਆਪਣੀ ਕ੍ਰਿਪਾ ਨਾਲ ਕੱਢੇ।"

ਉਹ ਦੋਵੇਂ ਤੁਰਤ ਡੇਰੇ ਵੱਲ ਚੱਲ ਪਏ। ਕਰਮ ਸਿੰਘ ਨੇ ਪਿਤਾ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਸਾਬੋ ਕੀ ਤਲਵੰਡੀ ਜਾ ਰਿਹਾ ਹਾਂ। ਪੰਥਕ ਇਕੱਠ ਅੱਗੋਂ ਕੀ ਫ਼ੈਸਲਾ ਕਰਦਾ ਹੈ, ਮੈਂ ਕਦੋਂ ਵਾਪਸ ਆ ਸਕਦਾ ਹਾਂ, ਇਸ ਲਈ ਕੁਝ ਕਹਿ ਨਹੀਂ ਸਕਦਾ। ਤੁਸੀਂ ਦਿਆਲਪੁਰ ਸ਼ਾਹ ਜੀ ਨੂੰ ਸੁਨੇਹਾ ਭੇਜ ਦਿਓ ਕਿ ਵਿਆਹ ਦੀ ਤਾਰੀਖ਼ ਮੁਲਤਵੀ ਕਰਦੇ ਹਾਂ, ਫਿਰ ਕਦੇ ਚੰਗੇ ਦਿਨਾਂ ਵਿਚ ਵਿਆਹ ਕਰ ਲਵਾਂਗੇ।"

"ਇਹ ਠੀਕ ਏ," ਲਾਭ ਚੰਦ ਨੇ ਕਿਹਾ, "ਇਹ ਸਾਡੇ ਲਈ ਦੂਹਰੀ ਸੱਟ ਏ, ਇਕ ਤਾਂ ਪੰਥ ਦਾ ਵਾਲੀ ਚੱਲ ਵੱਸਿਆ ਤੇ ਦੂਜਾ ਸਾਡਾ ਪਰਵਾਰਕ ਘਾਟਾ ਏ। ਆਖ਼ਰ ਗੁਰੂ ਗੋਬਿੰਦ ਸਿੰਘ ਜੀ ਤੇਰੀ ਭੂਆ ਦੇ ਪੁੱਤਰ ਸਨ, ਇਉਂ ਸਾਡੇ ਘਰ ਵਿਚ ਇਹ ਜਵਾਨ ਮੌਤ ਏ। ਅਸੀਂ ਕਿਸ ਤਰ੍ਹਾਂ ਇਸ ਦੁਖ ਦੀ ਘੜੀ ਵਿਚ ਵਿਆਹ ਦੇ ਵਾਜੇ ਵਜਾ ਸਕਦੇ ਹਾਂ।"

ਭਾਗਾਂ ਤਰਲੇ ਕਰਦੀ ਰਹੀ, ਪਰ ਕਰਮ ਸਿੰਘ ਨੇ ਘਰ ਤਿਆਰ ਪਈ ਰੋਟੀ ਵੀ ਨਾ ਖਾਧੀ ਤੇ ਤੁਰਤ ਕੁਝ ਸਿੰਘਾਂ ਸਮੇਤ ਸਾਬੋ ਕੀ ਤਲਵੰਡੀ ਨੂੰ ਚੱਲ ਪਿਆ।

17

ਸ਼ਾਮੂ ਸ਼ਾਹ ਬੜਾ ਖ਼ੁਸ਼ ਆਪਣੇ ਪਿੰਡ ਦਿਆਲਪੁਰ ਮੁੜ ਆਇਆ ਤੇ ਆਉਂਦਿਆਂ ਉਸ ਪਤਨੀ ਨੂੰ ਦੱਸਿਆ ਕਿ ਲਾਭ ਚੰਦ ਤੇ ਕਰਮ ਸਿੰਘ ਨੇ ਕਰਤਾਰਪੁਰ ਪਹੁੰਚਣ 'ਤੇ ਸਾਨੂੰ ਬਹੁਤ ਚੰਗੀ ਤਰ੍ਹਾਂ 'ਜੀ ਆਇਆਂ' ਆਖਿਆ ਹੈ ਅਤੇ ਵਿਆਹ ਦੀ ਤਾਰੀਖ਼ ਵੀ ਨਿਸਚਿਤ ਕਰ ਦਿੱਤੀ ਹੈ।

"ਮੈਨੂੰ ਸਾਰਾ ਹਾਲ ਖੋਲ੍ਹ ਕੇ ਦੱਸੋ," ਰੁਕਮਣੀ ਕਹਿਣ ਲੱਗੀ, "ਐਵੇਂ ਨਿਚੋੜ ਕੱਢ ਕੇ ਗੱਲ ਨਾ ਮੁਕਾਉ। ਮੈਂ ਤਾਂ ਸਾਰੀ ਗੱਲ ਸੁਣਨੀ ਏ।"

"ਪਹਿਲਾਂ ਵਿਆਹ ਦੀ ਤਾਰੀਖ਼ ਮੁਕੱਰਰ ਹੋਣ 'ਤੇ ਵਧਾਈ ਤਾਂ ਦੇ ਲੈ," ਸ਼ਾਮੂ ਸ਼ਾਹ ਨੇ ਹੱਸਦਿਆਂ ਪਹਿਲੀ ਵਾਰ ਸੁਖਾਵੀਂ ਗੱਲ ਕੀਤੀ, "ਤੂੰ ਅੰਬ ਚੂਪਣੇ ਨੇ ਕਿ ਬੂਟੇ ਗਿਣਨੇ ਨੇ ?"

"ਦੋਵੇਂ ਗੱਲਾਂ ਕਰਨੀਆਂ ਨੇ," ਰੁਕਮਣੀ ਨੇ ਕੁਝ ਗੁੱਝੀ ਮੁਸਕਣੀ ਹੱਸਦਿਆਂ ਕਿਹਾ, "ਚੰਗੇ ਅੰਬ ਚੂਪਦਿਆਂ ਪੁੱਛੀਦਾ ਏ ਕਿ ਇਹ ਕਿਹੜੇ ਬੂਟੇ ਜਾਂ ਬਾਗ਼ ਦੇ ਅੰਬ ਨੇ। ਐਵੇਂ ਨਾ ਮੇਰੀ ਗੱਲ ਨੂੰ ਟਾਲੀ ਜਾਵੋ। ਤੁਹਾਨੂੰ ਗੱਲ ਲਾਂਹਬੇ ਪਾਉਣੀ ਆਉਂਦੀ ਏ।"

"ਅੱਛਾ ਬਈ, ਸੁਣ ਫਿਰ ਵਿਸਥਾਰ ਨਾਲ," ਇਹ ਕਹਿ ਕੇ ਸ਼ਾਮੂ ਸ਼ਾਹ ਨੇ ਕਰਤਾਰਪੁਰ ਵੜਨ ਤੋਂ ਲੈ ਕੇ ਉਥੋਂ ਤੁਰਨ ਤਕ ਦਾ ਸਾਰਾ ਹਾਲ ਦੱਸ ਕੇ ਅਖ਼ੀਰ ਕਿਹਾ, "ਹੁਣ ਵਿਆਹ ਦੀ ਤਿਆਰੀ ਕਰੋ। ਲੀੜੇ ਕੱਪੜੇ ਤੁਸੀਂ ਤਿਆਰ ਕਰਨੇ ਨੇ ਤੇ ਜੰਞ ਦੀ ਖ਼ਾਤਰ ਸੇਵਾ ਦਾ ਪ੍ਰਬੰਧ ਮੈਂ ਕਰਦਾ ਹਾਂ।"

ਸ਼ਾਮੂ ਸ਼ਾਹ ਨੇ ਆਪਣੇ ਭਰਾਵਾਂ, ਭਤੀਜਿਆਂ ਤੇ ਹੋਰ ਬੰਦਿਆਂ ਨੂੰ ਸੁਨੇਹੇ ਭੇਜ ਦਿੱਤੇ ਕਿ ਵਿਆਹ ਦੀ ਤਾਰੀਖ਼ ਨਿਸਚਿਤ ਹੋ ਗਈ ਹੈ। ਉਹ ਪੰਡਤਾਂ ਤੋਂ ਪਹਿਲਾਂ ਹੀ ਲਗਨ ਤੇ ਮਹੂਰਤ ਕਢਾ ਕੇ ਗਿਆ ਸੀ। ਉਹਦੇ ਭਾਈਚਾਰੇ ਵਿਚ ਇਸ ਗੱਲ ਦਾ ਬੜਾ ਵਹਿਮ ਹੁੰਦਾ ਸੀ ਕਿ ਜਦ ਤਾਰਾ ਡੁੱਬਾ ਹੋਵੇ ਤਾਂ ਵਿਆਹ ਨਹੀਂ ਕਰੀਦਾ। ਉਹਨੇ ਪਹਿਲਾਂ ਟੇਵਾ ਵੀ ਬਣਵਾਇਆ ਹੋਇਆ ਸੀ ਤੇ ਕਰਮ ਸਿੰਘ ਦੇ ਜਨਮ ਦੀ ਤਾਰੀਖ਼ ਤੇ ਸਮਾਂ ਪੁੱਛ ਗਿਆ ਸੀ, ਇਹ ਦੇਖਣ ਲਈ ਕਿ ਕਿਧਰੇ ਮੁੰਡਾ ਮੰਗਲੀਕ ਤਾਂ ਨਹੀਂ ? ਉਹ ਬੜਾ ਹੈਰਾਨ ਸੀ ਕਿ ਕਰਮ ਸਿੰਘ ਦੇ ਪਿਤਾ ਨੇ ਤਾਂ ਕਿਸੇ ਪੰਡਤ ਜਾਂ ਹੋਰ ਸਿਆਣੇ ਤੋਂ ਪੁੱਛਿਆ ਹੀ ਨਹੀਂ। ਜਿਹੜੀ ਤਾਰੀਖ਼ ਇਹਨੇ ਵਿਆਹ ਲਈ ਤਜਵੀਜ਼ ਕੀਤੀ, ਉਹੀ ਝੱਟ ਪ੍ਰਵਾਨ ਕਰ ਲਈ। ਉਹਨੇ ਸ਼ਾਮ ਨੂੰ ਆਪਣੇ ਰਿਸ਼ਤੇਦਾਰਾਂ ਤੇ ਨਿਕਟਵਰਤੀਆਂ ਦੀ ਇਕੱਤਰਤਾ ਬੁਲਾਈ ਤੇ ਉਸ ਵਿਚ ਫ਼ੈਸਲਾ ਹੋ ਗਿਆ ਕਿ ਵਿਆਹ ਵਾਲੇ ਦਿਨ ਤੇ ਪਹਿਲਾਂ ਦੋ ਦਿਨ, ਸਾਰਾ ਪਿੰਡ ਆਪਣਾ ਦੁੱਧ ਲੋੜ ਜੋਗਾ ਰੱਖ ਕੇ ਉਹਦੇ ਘਰ ਭੇਜ ਦਏਗਾ। ਉਸੇ ਦੁੱਧ ਦੀ ਮਠਿਆਈ ਬਣੇਗੀ, ਜੰਞ ਨੂੰ ਦਿੱਤਾ ਜਾਏਗਾ ਤੇ ਦਹੀਂ ਆਦਿ ਵੀ ਤਿਆਰ ਹੋ ਜਾਏਗਾ। ਕਈ ਪਿੰਡ ਵਾਲਿਆਂ ਨੇ ਪੇਸ਼ਕਸ਼ ਕੀਤੀ ਕਿ ਦੁੱਧ ਦਾ ਖੋਇਆ ਮਾਰ ਕੇ ਦੇ ਜਾਣਗੇ।

ਇਬਰਾਹੀਮ ਨੇ ਪੁੱਛਿਆ, "ਮੈਂ ਆਪਣੀ ਪੱਤੀ ਵਿਚੋਂ ਕੱਚਾ ਮਾਲ ਦੁੱਧ ਸ਼ੱਕਰ ਤੇ ਕਣਕ ਲਿਆ ਦਿਆਂਗਾ। ਜੇਕਰ ਤੁਸੀਂ ਕੋਈ ਤਿਆਰ ਮਾਲ ਲਿਆਉਣ ਲਈ ਆਖੋ ਤਾਂ ਉਹ ਵੀ ਲਿਆਵਾਂਗਾ। ਇਹ ਸ਼ਾਹ ਦੀ ਕੁੜੀ ਨਹੀਂ, ਸਾਰੇ ਪਿੰਡ ਦੀ ਇੱਜ਼ਤ ਏ ਤੇ ਅਸੀਂ ਜੰਞ ਦੇ ਸੁਆਗਤ ਲਈ ਸਭ ਕੁਝ ਕਰਨ ਲਈ ਤਿਆਰ ਹਾਂ।"

"ਮੈਨੂੰ ਤੁਹਾਡੇ 'ਤੇ ਇਹੀ ਉਮੀਦ ਸੀ," ਸ਼ਾਮੂ ਸ਼ਾਹ ਨੇ ਕਿਹਾ, "ਜੇਕਰ ਤੁਸੀਂ ਮੇਰੀ ਬਾਂਹ ਨਾ ਫੜਦੇ ਤਾਂ ਮੈਂ ਮੁੜ ਕੇ ਦਿਆਲਪੁਰ ਆਉਣ ਦਾ ਹੌਸਲਾ ਹੀ ਨਹੀਂ ਸਾਂ ਕਰ ਸਕਦਾ।"

"ਤੁਸੀਂ ਸਾਨੂੰ ਰੋਜ਼ ਅਜਿਹੀ ਗੱਲ ਕਹਿ ਕੇ ਸ਼ਰਮਿੰਦਾ ਨਾ ਕੀਤਾ ਕਰੋ," ਇਬਰਾਹੀਮ ਨੇ ਕਿਹਾ, "ਸਾਡੇ ਲਈ ਜੋ ਕੁਝ ਸਿੰਘ ਸਰਦਾਰ ਕਰ ਰਹੇ ਨੇ, ਉਹ ਕਿਤਨਾ ਵਡੇਰਾ ਕੰਮ ਏ, ਕਿਤਨਾ ਵੱਡਾ ਅਹਿਸਾਨ ਏ, ਅਸੀਂ ਤਾਂ ਉਹਦਾ ਬਦਲਾ ਚੁਕਾ ਹੀ ਨਹੀਂ ਸਕਦੇ।"

ਇਧਰ ਬੰਦੇ ਵਿਆਹ ਦੀ ਤਿਆਰੀ ਲਈ ਇਕੱਠ ਕਰ ਕੇ ਸਲਾਹਾਂ ਕਰ ਰਹੇ ਸਨ ਤੇ ਉਧਰ ਜਨਾਨੀਆਂ ਨੇ ਕਣਕ ਸਾਫ਼ ਕਰਨੀ, ਦਾਲਾਂ ਸਾਫ਼ ਤਿਆਰ ਕਰਨੀਆਂ ਤੇ ਹੋਰ ਨਿੱਕ-ਸੁੱਕ ਸਾਂਭਣਾ ਸ਼ੁਰੂ ਕਰ ਦਿੱਤਾ। ਰੁਕਮਣੀ ਤੋਂ ਆਗਿਆ ਲੈ ਕੇ ਕੁੜੀਆਂ ਨੇ ਰਾਤੋ ਨੂੰ ਗਾਉਣ ਬਿਠਾਉਣ ਦਾ ਸੱਦਾ ਘਰ ਘਰ ਜਾ ਕੇ ਦੇਣਾ ਸ਼ੁਰੂ ਕਰ ਦਿੱਤਾ। ਕੁੜੀਆਂ ਕੁਆਰੀਆਂ ਤੇ ਵਿਆਹੀਆਂ ਮੁਟਿਆਰਾਂ ਨੂੰ ਵਿਆਹਾਂ ਦੇ ਮੌਕੇ 'ਤੇ ਇਕੱਠੇ ਹੋਣ, ਗਾਉਣ

ਸੁਣਨ ਤੇ ਆਪ ਗਾਉਣ ਦਾ ਖ਼ਾਸ ਹੀ ਅਨੰਦ ਆਉਂਦਾ ਹੈ ਤੇ ਉਹ ਅਜਿਹਾ ਮੌਕਾ ਕਦੇ ਖੁੰਝਣ ਨਹੀਂ ਦਿੰਦੀਆਂ। ਸ਼ਾਮੂ ਸ਼ਾਹ ਦੇ ਘਰ ਵੀ ਕਈ ਦਿਨ ਇਸੇ ਤਰ੍ਹਾਂ ਰਾਤ ਨੂੰ ਜ਼ਨਾਨੀਆਂ ਗਾਂਦੀਆਂ ਤੇ ਖ਼ੂਬ ਢੋਲਕੀ ਵੱਜਦੀ। ਢੋਲਕੀ ਦੇ ਨਾਲ ਚਿਮਟਾ ਢੋਲਕੀ ਤੇ ਅਜਿਹੇ ਸੁਰ ਤਾਲ ਨਾਲ ਵੱਜਦਾ ਕਿ ਇਕ ਖ਼ਾਸ ਸੰਗੀਤਕ ਲੈਅ ਦਾ ਮਾਹੌਲ ਗੂੰਜ ਉੱਠਦਾ। ਪਿੰਡ ਵਿਚ ਸਭ ਜਾਣਦੀਆਂ ਸਨ ਕਿ ਕਿਹੜੀ ਮੁਟਿਆਰ ਨੂੰ ਸੁਹਾਗ ਗਾਣੇ ਆਉਂਦੇ ਹਨ। ਕੁੜੀ ਦੇ ਵਿਆਹ 'ਤੇ ਹੋਰ ਤਰ੍ਹਾਂ ਦੇ ਗੀਤ ਤੇ ਗਾਣੇ ਟੱਪੇ ਚੱਲਦੇ ਹਨ। ਮੁੰਡਿਆਂ ਦੇ ਵਿਆਹ 'ਤੇ ਹੋਰ ਤਰ੍ਹਾਂ ਦੇ, ਕੁੜੀਆਂ ਦੇ ਵਿਆਹ 'ਤੇ ਕੁੜੀਆਂ ਦੇ ਜਜ਼ਬਾਤ ਆਪਣੇ ਬਾਬਲ ਪਿਤਾ ਤੇ ਭਰਾ ਨਾਲ ਪਿਆਰ ਮੋਹ ਦੇ ਗੀਤ ਗਾਏ ਜਾਂਦੇ ਹਨ।

ਦੀਪੋ ਦੇ ਵਿਆਹ 'ਤੇ ਦੋ ਦਿਨ ਇਸੇ ਤਰ੍ਹਾਂ ਗੀਤ ਸੰਗੀਤ ਚੱਲਦਾ ਰਿਹਾ। ਪਹਿਲੇ ਦਿਨ ਤਾਂ ਰੁਕਮਣੀ ਨੇ ਉਚੇਚਾ ਮੰਗਵਾਏ ਵੱਡੇ ਵੱਡੇ ਚਾਰ ਪਤਾਸੇ ਹਰ ਜ਼ਨਾਨੀ ਤੇ ਕੁੜੀ ਨੂੰ ਗੀਤਾਂ ਦਾ ਸਮਾਗਮ ਖ਼ਤਮ ਹੋਣ 'ਤੇ ਦਿੱਤੇ। ਦੂਜੇ ਦਿਨ ਲੱਡੂ ਤੇ ਸ਼ੱਕਰਪਾਰੇ ਮੰਗਵਾ ਕੇ ਵੰਡੇ। ਇਹ ਸੁਹਾਗ ਕੁੜੀਆਂ ਨੇ ਦੀਪੋ ਦੇ ਘਰ ਢੋਲਕੀ ਦੀ ਤਾਲ 'ਤੇ ਗਾਏ:

1. ਬੇਟੀ ਚੰਨਣ ਦੇ ਉਹਲੇ ਉਹਲੇ ਕਿਉਂ ਖੜੀ
ਮੈਂ ਤੇ ਖੜੀ ਸੀ ਬਾਬਲ ਦੇ ਪਾਸ ਕਰਾਂ ਅਰਦਾਸ
ਬਾਬਲ ਵਰ ਲੋੜੀਏ।
ਨੀ ਬੇਟੀ ਕਿਹੋ ਜਿਹਾ ਵਰ ਲੋੜੀਏ।
ਬਾਬਲ ਜਿਉਂ ਤਾਰਿਆਂ ਵਿਚੋਂ ਚੰਨ, ਚੰਨਾਂ ਵਿਚੋਂ ਕਾਹਨ
ਕਨੱਈਆ ਵਰ ਲੋੜੀਏ।
ਬੇਟੀ.....ਵੀਰਾ, ਚਾਚਾ, ਮਾਮਾ।
2. ਕੋਠਾ ਕਿਉਂ ਨੀਵਿਆ—ਕੋਠਾ ਕਿਉਂ ਨੀਵਿਆ।
ਇਸ ਕੋਠੇ ਦੀ ਛੱਤ ਪੁਰਾਣੀ ਕੋਠਾ ਸਾਡਾ ਤਾਂ ਨੀਵਿਆ।
ਬਾਬਲ ਕਿਉਂ ਨੀਵਿਆ, ਧਰਮੀ ਕਿਉਂ ਨੀਵਿਆ
ਇਸ ਬਾਬਲ ਦੀ ਬੇਟੀ ਕੁਆਰੀ
ਬਾਬਲ ਧਰਮੀ ਤਾਂ ਨੀਵਿਆ।
ਕੋਠਾ ਕਿਉਂ.....
ਵੀਰਾ ਕਿਉਂ ਨੀਵਿਆ
ਇਸ ਵੀਰੇ ਦੀ ਭੈਣ ਕੁਆਰੀ ਵੀਰਾ ਧਰਮੀ ਤਾਂ ਨੀਵਿਆ
ਕੋਠਾ ਕਿਉਂ.....
3. ਤੇਰੇ ਮਹਿਲਾਂ ਦੇ ਵਿਚ ਵੇ ਬਾਬਲ ਡੋਲਾ ਅਟਕ ਗਿਆ
ਮਹਿਲੀਂ ਇੱਟ ਪੁਟਾ ਦਿਆਂ ਨੀ ਧੀਏ ਘਰ ਜਾ ਆਪਣੇ।
ਤੇਰੇ ਬਾਗਾਂ ਦੇ ਵਿਚ ਵੇ ਬਾਬਲ ਸਾਨੂੰ ਪਿਆਸ ਲੱਗੀ
ਬਾਗੀਂ ਖੂਹ ਲਵਾ ਦਿਆਂ ਨੀ ਧੀਏ ਘਰ ਜਾ ਆਪਣੇ।

ਕੁਝ ਕੁੜੀਆਂ ਟੱਪੇ ਬੋਲਣ ਵਿਚ ਵਿਸ਼ੇਸ਼ ਮੁਹਾਰਤ ਰੱਖਦੀਆਂ ਸਨ। ਇਸ ਲਈ ਉਨ੍ਹਾਂ ਨੂੰ ਟੱਪੇ ਤੇ ਬੋਲੀਆਂ ਪਾਣ ਲਈ ਆਖਿਆ ਗਿਆ। ਇਸ ਲਈ ਬੈਠ ਕੇ ਜਾਂ ਢੋਲਕੀ 'ਤੇ ਸਵਾਦ ਨਹੀਂ ਆ ਸਕਦਾ। ਇਸ ਲਈ ਗਿੱਧੇ ਦਾ ਪਿੜ ਬੰਨ੍ਹਣਾ ਪਿਆ। ਬੁੱਢੀਆਂ ਹੁਣ ਪਿੱਛੇ ਹਟ ਗਈਆਂ ਤੇ ਮੁਟਿਆਰਾਂ ਅੱਗੇ ਹੋ ਗਈਆਂ। ਗਿੱਧੇ ਦੇ ਪਿੜ ਵਿਚ ਬੋਲੀਆਂ ਤੇ ਟੱਪੇ ਬੋਲਣ ਵਾਲੀਆਂ ਇਕ ਪਾਸੇ ਖੜੀਆਂ ਹੋ ਗਈਆਂ ਤੇ ਟੱਪੇ ਦੀ ਆਖ਼ਰੀ ਤੁਕ ਨੂੰ ਲੈ

ਕੇ ਪਿੜ ਵਿਚ ਨੱਚਣ ਵਾਲੀਆਂ ਇਕ ਪਾਸੇ ਹੋ ਗਈਆਂ। ਜਦ ਪਿੜ ਵਿਚ ਨਿੱਤਰਦੀਆਂ ਤਾਂ ਇਕ ਪਾਸਿਉਂ ਇਕ ਅੱਗੇ ਆਉਂਦੀ ਤੇ ਦੂਜੀ ਦੂਜੇ ਪਾਸਿਉਂ। ਇਉਂ ਦੋ ਦੋ ਦੇ ਜੁੱਟ ਬਣ ਕੇ ਕੁੜੀਆਂ ਨੇ ਕਾਫ਼ੀ ਦੇਰ ਰੌਣਕ ਲਾਈ। ਕੁੜੀਆਂ ਵਿਚ ਬਹੁਤੀਆਂ ਕੁਆਰੀਆਂ ਸਨ ਜਾਂ ਉਹ ਵਿਆਹੀਆਂ, ਜੋ ਪੇਕੇ ਆਈਆਂ ਹੋਈਆਂ ਸਨ। ਨੂੰਹਾਂ ਬਹੁਤ ਘੱਟ ਅੱਗੇ ਆਉਂਦੀਆਂ। ਦੋ-ਤਿੰਨ ਹੀ ਸਹੁਰੇ ਆਈਆਂ ਕੁੜੀਆਂ ਪਿੜ ਵਿਚ ਆ ਕੇ ਨੱਚੀਆਂ ਤੇ ਉਹ ਵੀ ਸਵੈ-ਇੱਛਾ ਨਾਲ ਨਹੀਂ, ਸਗੋਂ ਉਨ੍ਹਾਂ ਨੂੰ ਧੱਕ ਕੇ ਅੱਗੇ ਕੀਤਾ ਗਿਆ।

"ਬੱਸ ਕਰ ਕੁੜੀਓ, ਉੱਤੋਂ ਅੱਧੀ ਰਾਤ ਹੋਣ ਲੱਗੀ ਏ," ਇਕ ਬੁੱਢੀ ਜ਼ਨਾਨੀ ਨੇ ਕੁੜੀਆਂ ਨੂੰ ਆਪਣਾ ਇਹ ਪ੍ਰੋਗਰਾਮ ਖ਼ਤਮ ਕਰਨ ਲਈ ਪ੍ਰੇਰਦਿਆਂ ਕਿਹਾ, "ਅਜੇ ਵਿਆਹ ਵਿਚ ਕਈ ਦਿਨ ਪਏ ਨੇ। ਤੁਸੀਂ ਕੱਲ੍ਹ ਪਰਸੋਂ ਹੋਰ ਗਾ ਕੇ ਤੇ ਨੱਚ ਕੇ ਚਾਅ ਲਾਹ ਲਿਆ ਜੇ।"

"ਬੇਬੇ, ਇਹ ਦਿਨ ਕੋਈ ਰੋਜ਼ ਰੋਜ਼ ਥੋੜ੍ਹਾ ਆਉਂਦੇ ਨੇ," ਇਕ ਮੁਟਿਆਰ ਬੋਲ ਪਈ, "ਕਦੇ ਕਦਾਈਂ ਤਾਂ ਪਿੰਡ ਵਿਚ ਵਿਆਹ ਹੁੰਦਾ ਏ। ਸਾਨੂੰ ਆਪਣੀ ਜ਼ਬਾਨ ਦੀ ਉੱਲੀ ਚੰਗੀ ਤਰ੍ਹਾਂ ਲਾਹ ਲੈਣ ਦੇ। ਰਾਤ ਆਪਣੀ ਏ, ਦੋ-ਚਾਰ ਦਿਨ ਘੱਟ ਸੌਂ ਲਿਆ ਤਾਂ ਕਿਹੜਾ ਹਨੇਰ ਆ ਚੱਲਿਆ ਏ।"

"ਸਾਨੂੰ ਤਾਂ ਪਹਿਲੀ ਰਾਤ ਹੀ ਨੀਂਦ ਆਉਂਦੀ ਏ, ਪਿਛਲੀ ਰਾਤ ਤਾਂ ਸੌਂ ਨਹੀਂ ਸਕਦੇ," ਬੁੱਢੀ ਨੇ ਦਲੀਲ ਦਿੱਤੀ।

"ਤੁਸੀਂ ਜਾ ਕੇ ਸੌਂ ਜਾਉ," ਮੁਟਿਆਰ ਨੇ ਕਿਹਾ। "ਇਉਂ ਢੋਲ ਢਮੱਕਾ ਵੱਜਦਾ ਹੋਵੇ ਤੇ ਕੁੜੀਆਂ ਨੱਚ ਰਹੀਆਂ ਹੋਣ, ਭਲਾ ਅਸੀਂ ਕਿਵੇਂ ਸੌਂ ਸਕਦੀਆਂ ਹਾਂ। ਨਾਲੇ ਅਸੀਂ ਤੁਹਾਨੂੰ ਕਿਵੇਂ ਇਕੱਲੀਆਂ ਛੱਡ ਜਾਈਏ। ਮਰਦ ਸਾਨੂੰ ਕੱਚਿਆਂ ਖਾ ਜਾਣ। ਉਹ ਕਹਿੰਦੇ ਨੇ, ਕੁੜੀਆਂ ਨੂੰ ਨਾਲ ਲਿਜਾਉ ਤੇ ਨਾਲ ਹੀ ਘਰ ਲਿਆਉ," ਬੁੱਢੀ ਨੇ ਦਲੀਲ ਦੇ ਤੌਰ 'ਤੇ ਇਕ ਹੋਰ ਬਹਾਨਾ ਲੱਭ ਲਿਆ।

"ਬੱਸ ਬੇਬੇ, ਦੋ-ਚਾਰ ਮਿੰਟ ਹੋਰ ਠਹਿਰ ਜਾ, ਅਸੀਂ ਬਸ ਕਰ ਦਿੰਦੀਆਂ ਹਾਂ। ਬਾਕੀ ਕੱਲ੍ਹ ਸਹੀ," ਇਕ ਹੋਰ ਕੁੜੀ ਨੇ ਬੇਬੇ ਨੂੰ ਸ਼ਾਂਤ ਕਰਦਿਆਂ ਆਖਿਆ। ਫਿਰ ਵੀ ਅੱਧਾ ਘੰਟਾ ਹੋਰ ਕੁੜੀਆਂ ਦਾ ਰੌਣਕ ਮੇਲਾ ਜਾਰੀ ਰਿਹਾ।

ਦੂਜੇ ਦਿਨ ਸਵੇਰੇ ਅਜੇ ਲੋਕੀਂ ਆਪਣੇ ਕੰਮਾਂ ਕਾਜਾਂ 'ਤੇ ਜਾਣ ਦੀ ਤਿਆਰੀ ਕਰ ਹੀ ਰਹੇ ਸਨ, ਕੁਝ ਕੁ ਹਲ ਵਾਹੁਣ ਵਾਲੇ ਮੂੰਹ ਹਨੇਰੇ ਹੀ ਖੇਤਾਂ ਵਿਚ ਨਿਕਲੇ ਸਨ, ਹਟਵਾਣੀਆਂ ਨੇ ਆਪਣੇ ਘਰ ਦੇ ਅਗਲੇ ਪਾਸੇ ਬਣਾਈਆਂ ਦੁਕਾਨਾਂ ਦੀਆਂ ਤਾਕੀਆਂ ਨਹੀਂ ਸਨ ਖੋਲ੍ਹੀਆਂ ਕਿ ਗੌਤਮ ਕਰਤਾਰਪੁਰ ਵਾਲਾ ਦਿਆਲਪੁਰ ਆ ਗਿਆ। ਪਹਿਲਾਂ ਉਹ ਆਪਣੇ ਰਿਸ਼ਤੇਦਾਰਾਂ ਦੇ ਘਰ ਗਿਆ ਤੇ ਉਨ੍ਹਾਂ ਵਿਚੋਂ ਕੁਝ ਸਿਆਣੇ ਬੰਦੇ ਨਾਲ ਲੈ ਕੇ ਸ਼ਾਮੂ ਸ਼ਾਹ ਦੇ ਘਰ ਪਹੁੰਚ ਗਿਆ। ਉਹਨੇ ਆਪਣੇ ਰਿਸ਼ਤੇਦਾਰਾਂ ਨੂੰ ਤਾਂ ਆਪਣੇ ਆਉਣ ਦੇ ਮਨੋਰਥ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਉਹ ਚਾਹੁੰਦਾ ਸੀ ਕਿ ਕਰਮ ਸਿੰਘ ਦੇ ਵਿਆਹ ਦੀ ਤਾਰੀਖ਼ ਮੁਲਤਵੀ ਕਰਨ ਬਾਰੇ ਕਿਸ ਤਰ੍ਹਾਂ ਸ਼ਾਮੂ ਸ਼ਾਹ ਨਾਲ ਗੱਲ ਕਰੇ। ਉਹਨੂੰ ਪਤਾ ਸੀ ਕਿ ਕਰਮ ਸਿੰਘ ਨਾਲ ਦੀਪੋ ਦਾ ਰਿਸ਼ਤਾ ਕਰਕੇ ਕਿਵੇਂ ਸ਼ਾਮੂ ਸ਼ਾਹ ਪਹਿਲਾਂ ਕਰਮ ਸਿੰਘ ਦੇ ਅੰਮ੍ਰਿਤਧਾਰੀ ਸਿੰਘ ਬਣ ਜਾਣ 'ਤੇ ਤੋੜ ਆਇਆ ਸੀ ਤੇ ਕਿਨ੍ਹਾਂ ਮੁਸ਼ਕਲਾਂ ਵਿਚੋਂ ਲੰਘਣ ਪਿੱਛੋਂ ਮੁੜ ਰਿਸ਼ਤਾ ਪੱਕਾ ਹੋਇਆ ਸੀ। ਹੁਣ ਕਰਮ ਸਿੰਘ ਦੇ ਘਰੋਂ ਤੁਰ ਜਾਣ ਪਿੱਛੋਂ ਫਿਰ ਵਿਆਹ ਮੁਲਤਵੀ ਕਰਨ ਦੀ ਗੱਲ ਅਜਿਹੇ ਢੰਗ ਨਾਲ ਕੀਤੀ ਜਾਏ ਕਿ ਇਹ ਰਿਸ਼ਤਾ ਮੁੜ ਕੇ ਨਾ ਟੁੱਟੇ, ਸਗੋਂ ਕਰਮ ਸਿੰਘ ਦੀ ਮਜਬੂਰੀ ਦਾ ਅਹਿਸਾਸ ਸ਼ਾਮੂ ਸ਼ਾਹ ਕਰ ਲਵੇ ਤੇ ਵਿਆਹ ਦੀ ਨਵੀਂ ਤਾਰੀਖ਼ ਕੁਝ ਸਮੇਂ ਪਿੱਛੋਂ ਮਿਥਣ ਲਈ ਤਿਆਰ ਹੋ ਜਾਏ। ਇਸ

ਲਈ ਉਹਨੂੰ ਜੋ ਸਲਾਹ ਮਿਲੀ ਤੇ ਰਿਸ਼ਤੇਦਾਰਾਂ ਨੇ ਉਹਦੀ ਗੱਲ ਦੀ ਪ੍ਰੋੜ੍ਹਤਾ ਕਰਨ ਲਈ ਨਾਲ ਜਾਣਾ ਸਵੀਕਾਰ ਕਰ ਲਿਆ।

ਸ਼ਾਮੂ ਸ਼ਾਹ, ਗੌਤਮ ਤੇ ਉਹਦੇ ਨਾਲ ਆਪਣੇ ਹੀ ਪਿੰਡ ਦੇ ਕੁਝ ਲੋਕਾਂ ਨੂੰ ਆਉਂਦਿਆਂ ਦੇਖ ਕੇ ਘਬਰਾ ਗਿਆ। ਵਧੇਰੇ ਘਬਰਾਹਟ ਇਸ ਲਈ ਵੀ ਸੀ ਕਿ ਘਰ ਆਉਣ ਵਾਲਿਆਂ ਵਿਚੋਂ ਕਿਸੇ ਦਾ ਵੀ ਚਿਹਰਾ ਹਸੂੰ ਹਸੂੰ ਨਹੀਂ ਸੀ ਕਰ ਰਿਹਾ। ਅੱਗੇ ਜਦੋਂ ਵੀ ਇਹ ਪਿੰਡ ਵਾਸੀ ਆਉਂਦੇ, ਕੋਈ ਹੱਸਦਾ ਆ ਕੇ ਨਮਸਤੇ ਕਰਦਾ, ਕੋਈ ਮੁਸਕਰਾ ਕੇ ਮੱਥੇ ਲੱਗਦਾ। ਅੱਜ ਤੇ ਸਾਰੇ ਇਉਂ ਸਨ, ਜਿਵੇਂ ਉਸ ਦਿਨ ਸਨ, ਜਦੋਂ ਦੀਪੋ ਹੋਰੀਂ ਗੁਆਚ ਗਈਆਂ ਸਨ। ਉਸੇ ਤਰ੍ਹਾਂ ਚਿਹਰੇ ਲੱਥੇ ਤੇ ਮੁਰਝਾਏ ਹੋਏ ਸਨ।

"ਆਉ, ਜੀ ਆਇਆਂ ਨੂੰ," ਸ਼ਾਮੂ ਸ਼ਾਹ ਨੇ ਅੱਗੇ ਹੋ ਕੇ ਸਭ ਨੂੰ ਅੰਦਰ ਲੰਘ ਆਉਣ ਦਾ ਸੱਦਾ ਦਿੱਤਾ। ਉਹ ਵੀ ਅਜਿਹਾ ਬੌਂਦਲ ਗਿਆ ਕਿ ਉਹਨੂੰ ਵੀ 'ਰਾਮ ਰਾਮ' ਕਹਿਣਾ ਭੁੱਲ ਗਿਆ। ਅੰਦਰ ਬਿਠਾਂਦਿਆਂ ਉਹਨੇ ਆਪ ਹੀ ਪੁੱਛ ਲਿਆ, "ਸੁਖ ਤਾਂ ਹੈ, ਅੱਜ ਸਵੇਰੇ ਸਵੇਰੇ ਕਿਵੇਂ ਆਏ?"

"ਗੌਤਮ ਕਰਤਾਰਪੁਰ ਤੋਂ ਬੜੀ ਮਾੜੀ ਖ਼ਬਰ ਲਿਆਇਆ ਏ," ਇਕ ਆਦਮੀ ਬੋਲ ਪਿਆ। ਉਹਦਾ ਮਨੋਰਥ ਇਥੋਂ ਹੀ ਗੱਲ-ਬਾਤ ਸ਼ੁਰੂ ਕਰਨ ਦਾ ਸੀ।

"ਹਾਇ, ਮੈਂ ਅੱਗੇ ਹੀ ਮਹਿਸੂਸ ਕਰ ਰਿਹਾ ਸਾਂ। ਜਿਵੇਂ ਤੁਸੀਂ ਆਏ ਹੋ, ਸੁਖ ਦੀ ਕੋਈ ਖ਼ਬਰ ਨਹੀਂ," ਸ਼ਾਮੂ ਸ਼ਾਹ ਨੇ ਤੌਖ਼ਲਾ ਪ੍ਰਗਟ ਕਰਦਿਆਂ ਆਖਿਆ, "ਝੱਟ-ਪਟ ਦੱਸੋ, ਕੀ ਹੋਇਆ ਏ? ਸਾਡਾ ਕਰਮਾ ਤਾਂ ਠੀਕ ਏ ਨਾ। ਪਹਿਲਾਂ ਉਹਦੇ ਸੁਖ-ਸਾਂਦ ਦੀ ਤਸੱਲੀ ਦਿਉ।"

"ਕਰਮ ਸਿੰਘ ਠੀਕ ਠਾਕ ਏ," ਗੌਤਮ ਨੇ ਉਹਦੀ ਪੁੱਛ ਦਾ ਉੱਤਰ ਦੇ ਕੇ ਉਹਨੂੰ ਸ਼ਾਂਤ ਕਰਨਾ ਚਾਹਿਆ, ਪਰ ਨਾਲ ਹੀ ਦੱਸ ਦਿੱਤਾ, "ਗੁਰੂ ਗੋਬਿੰਦ ਸਿੰਘ ਜੋਤੀ ਜੋਤ ਸਮਾ ਗਏ ਨੇ।"

"ਇਹ ਤਾਂ ਸਾਡੇ ਪਿੰਡ ਵੀ ਪਤਾ ਲੱਗ ਗਿਆ ਏ," ਸ਼ਾਮੂ ਸ਼ਾਹ ਝੱਟ ਉਹਦਾ ਵਾਕ ਪੂਰਾ ਕਰਦਿਆਂ ਕਹਿਣ ਲੱਗਾ, "ਅਸੀਂ ਤੇ ਸੁਣਿਆ ਏ ਕਿ ਉਹ ਘੋੜੇ ਸਮੇਤ ਘਰ ਵਿਚ ਵੜੇ ਤੇ ਉਥੋਂ ਅਲੋਪ ਹੋ ਗਏ ਨੇ।"

"ਇਹ ਅਜੇ ਕਿਸੇ ਨੂੰ ਸਪੱਸ਼ਟ ਨਹੀਂ ਕਿ ਭਾਣਾ ਕੀ ਵਰਤਿਆ ਏ," ਗੌਤਮ ਨੇ ਦੱਸਿਆ, "ਕਰਤਾਰਪੁਰ ਤਾਂ ਇਹ ਵੀ ਸੁਣਨ ਵਿਚ ਆਇਆ ਏ ਕਿ ਕੁਝ ਦਿਨ ਪਹਿਲਾਂ ਜਿਹੜਾ ਘਾਉ ਇਕ ਪਠਾਣ ਦੇ ਹਮਲੇ ਕਾਰਨ ਆਇਆ ਸੀ, ਉਹੀ ਘਾਉ ਮੁੜ ਕੇ ਖੁੱਲ੍ਹ ਗਿਆ ਤੇ ਆਪ ਜੋਤੀ ਜੋਤ ਸਮਾ ਗਏ।"

"ਸੁਣਿਆ ਏ ਕਿ ਵਿਸਾਹਘਾਤ ਕਰ ਕੇ ਹਮਲਾ ਕਰਨ ਵਾਲੇ ਦੋਵੇਂ ਪਠਾਣ ਥਾਂ 'ਤੇ ਹੀ ਮਾਰ ਦਿੱਤੇ ਗਏ ਸਨ?" ਸ਼ਾਮੂ ਸ਼ਾਹ ਨੇ ਪੁੱਛਿਆ।

"ਆਹੋ, ਇਕ ਪਠਾਣ ਤਾਂ ਗੁਰੂ ਜੀ ਨੇ ਹਮਲਾ ਕਰਦਿਆਂ ਥਾਂ 'ਤੇ ਹੀ ਝਟਕਾ ਦਿੱਤਾ, ਦੂਜਾ ਸਿੰਘਾਂ ਨੇ ਮਾਰ ਦਿੱਤਾ," ਗੌਤਮ ਨੇ ਦੱਸਿਆ, "ਸਾਰੇ ਤੇ ਅਸਲ ਹਾਲਾਤ ਦਾ ਅਜੇ ਸਾਨੂੰ ਕਿਸੇ ਨੂੰ ਵੀ ਪਤਾ ਨਹੀਂ। ਇਹ ਸਭ ਚਰਚੇ ਹਨ। ਹੋ ਸਕਦਾ ਏ ਕਿ ਠੀਕ ਠਾਕ ਹੋਣ। ਇਹ ਵੀ ਸੰਭਵ ਹੈ ਕਿ ਇਹਨਾਂ ਨਾਲੋਂ ਕੁਝ ਵੱਖਰੇ ਹਾਲਾਤ ਵਾਪਰੇ ਹੋਣ।"

"ਇਹ ਤਾਂ ਹੁਣ ਉਥੋਂ ਕੋਈ ਆ ਕੇ ਹੀ ਦੱਸੇਗਾ ਕਿ ਅਸਲ ਗੱਲ ਕੀ ਹੋਈ ਏ," ਸ਼ਾਮੂ ਸ਼ਾਹ ਨੇ ਕਿਹਾ।

"ਪਰ ਉਥੋਂ ਕੋਈ ਆਵੇ ਜਾਂ ਨਾ ਆਵੇ। ਇਹ ਕੌਣ ਉਡੀਕ ਸਕਦਾ ਏ," ਗੌਤਮ

ਨੇ ਕਿਹਾ, "ਇਕ ਤਾਂ ਸਭ ਨੂੰ ਗੁਰੂ ਗੋਬਿੰਦ ਸਿੰਘ ਬਾਰੇ ਜਾਣਨ ਦੀ ਉਤਸੁਕਤਾ ਹੈ ਤੇ ਦੂਜਾ ਇਹ ਪਤਾ ਕਰਨ ਦੀ ਕਿ ਉਹ ਗੁਰ-ਗੱਦੀ ਕਿਸ ਨੂੰ ਦੇ ਗਏ ਹਨ। ਇਸੇ ਲਈ ਕਰਮ ਸਿੰਘ ਇਹ ਸਮਾਚਾਰ ਸੁਣਦੇ ਸਾਰ ਕਰਤਾਰਪੁਰ ਤੋਂ ਸਾਬੋ ਕੀ ਤਲਵੰਡੀ ਚਲਿਆ ਗਿਆ ਹੈ। ਉਹ ਮੁੜ ਵਾਪਸ ਆ ਕੇ ਹੀ ਦੱਸੇਗਾ ਕਿ ਅਸਲੀ ਸਮਾਚਾਰ ਕੀ ਹਨ?"

"ਉਹ ਕਦੋਂ ਤਕ ਆਏਗਾ?" ਬੜੀ ਉਤਾਵਲਤਾ ਨਾਲ ਸ਼ਾਮੂ ਸ਼ਾਹ ਨੇ ਪੁੱਛਿਆ।

"ਕੀ ਪਤਾ, ਪੰਥ ਦੇ ਹਾਲਾਤ ਕੀ ਨੇ?" ਗੌਤਮ ਨੇ ਬੜੀ ਸਿਆਣਪ ਨਾਲ ਅਸਲੀ ਗੱਲ ਵੱਲ ਆਉਂਦਿਆਂ ਤਮਹੀਦ ਬੰਨ੍ਹ ਲਈ, "ਉਥੇ ਹੋ ਸਕਦਾ ਏ ਕਿ ਬਾਬਾ ਦੀਪ ਸਿੰਘ ਨੇ ਸਾਰੀ ਸਥਿਤੀ 'ਤੇ ਵਿਚਾਰ ਲਈ ਕੋਈ ਇਕੱਠ ਬੁਲਾਇਆ ਹੋਵੇ। ਇਹ ਵੀ ਪਤਾ ਨਹੀਂ, ਭਾਈ ਮਨੀ ਸਿੰਘ ਵੀ ਉਥੇ ਨੇ ਜਾਂ ਨਾਦੇੜ ਵਿਚ। ਉਹਨਾਂ ਦਾ ਵੀ ਕੋਈ ਸੁਨੇਹਾ ਆ ਸਕਦਾ ਏ। ਦਿੱਲੀ ਵਿਚ ਮਾਤਾ ਸੁੰਦਰੀ ਵੱਲ ਵੀ ਬੰਦੇ ਗਏ ਹੋਣਗੇ। ਇਸ ਲਈ ਕੋਈ ਅਨੁਮਾਨ ਨਹੀਂ ਲਾ ਸਕਦਾ ਕਿ ਕਰਮ ਸਿੰਘ ਨੂੰ ਕਿਤਨੇ ਕੁ ਦਿਨ ਲੱਗ ਜਾਣ।"

"ਆਪਾਂ ਤਾਂ ਵਿਆਹ ਦਾ ਦਿਨ ਮਿਥ ਲਿਆ ਏ। ਸਾਹਾ ਕਢਵਾਇਆ ਸੀ ਤੇ ਉਸ ਦਿਨ ਤਕ ਤਾਂ ਕਰਮੇ ਨੂੰ ਵਾਪਸ ਆ ਜਾਣਾ ਚਾਹੀਦਾ ਏ।"

"ਨਹੀਂ, ਉਹ ਕਹਿ ਗਿਆ ਏ ਕਿ ਵਿਆਹ ਦੀ ਤਾਰੀਖ਼ ਮੁਲਤਵੀ ਕਰ ਦਿਉ। ਮੈਂ ਵਾਪਸ ਆ ਜਾਵਾਂ, ਫਿਰ ਨਵੀਂ ਤਾਰੀਖ਼ ਮਿਥ ਲਵਾਂਗੇ," ਗੌਤਮ ਨੇ ਕਿਹਾ।

"ਇਹ ਤਾਂ ਅਤਿ ਮਾੜੀ ਤੇ ਮਨਹੂਸ ਗੱਲ ਏ," ਸ਼ਾਮੂ ਸ਼ਾਹ ਨੇ ਕਿਹਾ, "ਇਹ ਤਾਂ ਸਾਡੀ ਹੋਰ ਬਦਨਾਮੀ ਹੋਵੇਗੀ। ਇਹ ਬਦ-ਸ਼ਗਨੀ ਦੀਪੋ ਕਿਵੇਂ ਬਰਦਾਸ਼ਤ ਕਰੇਗੀ। ਕਰਮੇ ਨੂੰ ਵਿਆਹ ਕਰਾ ਕੇ ਚਲੇ ਜਾਣਾ ਚਾਹੀਦਾ ਸੀ।"

"ਸ਼ਾਹ ਜੀ, ਉਹਨਾਂ ਦੀ ਮਜਬੂਰੀ ਵੀ ਸਮਝੋ," ਗੌਤਮ ਨੇ ਸਮਝਾਇਆ, "ਗੁਰੂ ਗੋਬਿੰਦ ਸਿੰਘ ਉਹਨਾਂ ਦੇ ਜਿਥੇ ਗੁਰੂ ਸਨ, ਉਥੇ ਭਰਾ ਵੀ ਸਨ, ਆਪਣੀ ਭੂਆ ਦੇ ਪੁੱਤਰ। ਜਿਸ ਦੇ ਘਰ ਵਿਚ ਭਰਾ ਦੀ ਮੌਤ ਹੋ ਜਾਏ, ਉਹਨੂੰ ਵਿਆਹ ਦੀ ਕਦ ਸੁਝਦੀ ਏ। ਫਿਰ ਗੁਰੂ ਜੀ ਨਾਲ ਤਾਂ ਉਹਨਾਂ ਦਾ ਸਿਖ ਤੇ ਗੁਰੂ ਦਾ ਰਿਸ਼ਤਾ ਵੀ ਏ। ਉਹ ਸਿਖ ਕੌਮ ਦੇ ਭਵਿੱਖਤ ਬਾਰੇ ਵੀ ਸਾਡੇ ਨਾਲੋਂ ਵੱਧ ਚਿੰਤਾਤੁਰ ਨੇ। ਇਸ ਲਈ ਵਿਆਹ ਨੂੰ ਇਸ ਮਾਮਲੇ ਵਿਚ ਉਹ ਪਹਿਲ ਨਹੀਂ ਦੇ ਸਕਦੇ। ਤੁਸੀਂ ਚਿੰਤਾ ਨਾ ਕਰੋ, ਇਹ ਵਿਆਹ ਅਵੱਸ਼ ਹੋਏਗਾ। ਹੁਣ ਨਹੀਂ ਤਾਂ ਕੁਝ ਦਿਨ ਠਹਿਰ ਕੇ।"

ਸ਼ਾਮੂ ਸ਼ਾਹ ਨੇ ਰੁਕਮਣੀ ਨੂੰ ਦੱਸਿਆ ਤੇ ਸਾਰੇ ਘਰ ਵਿਚ ਜਿਥੇ ਵਿਆਹ ਦੀਆਂ ਖ਼ੁਸ਼ੀਆਂ ਤੇ ਹਾਸੇ-ਖੇਡੇ ਦਾ ਵਾਤਾਵਰਣ ਸੀ, ਇਕ ਦਮ ਸੋਗ ਤੇ ਗੰਭੀਰਤਾ ਛਾ ਗਈ। ਕਿਸੇ ਨੇ ਪਾਣੀ ਲੱਸੀ ਵੀ ਨਾ ਪੁੱਛਿਆ ਤੇ ਉਹ ਵੀ ਝੱਟ ਗੱਲਾਂ ਕਰ ਕੇ ਅਤੇ ਵਿਆਹ ਦੀ ਤਾਰੀਖ਼ ਅਣਮਿਥੇ ਸਮੇਂ ਲਈ ਮੁਲਤਵੀ ਕਰ ਕੇ ਚਲੇ ਗਏ।

ਪਿੰਡ ਵਿਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਧੁੰਮ ਗਈਆਂ। ਕੋਈ ਕਹਿੰਦਾ ਕਿ ਇਹ ਕੁੜੀ ਹੀ ਬੜੀ ਬਦ-ਕਿਸਮਤ ਹੈ। ਇਹਦੇ ਕਰਕੇ ਸ਼ਾਹ ਨੂੰ ਅੱਗੇ ਪਿੰਡ ਛੱਡ ਕੇ ਜਾਣਾ ਪਿਆ ਸੀ ਤੇ ਕਈ ਵਾਰ ਰੰਗ ਵਿਚ ਭੰਗ ਪੈ ਚੁੱਕੀ ਹੈ। ਇਬਰਾਹੀਮ ਵਰਗੇ ਕੁਝ ਨੌਜਵਾਨ ਸਨ ਜੋ ਸ਼ਾਹ ਨੂੰ ਹੌਸਲਾ ਦਿੰਦੇ ਕਿ ਡੁਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ। ਕਰਮ ਸਿੰਘ ਇਹ ਵਿਆਹ ਜ਼ਰੂਰ ਕਰੇਗਾ, ਪਰ ਹਾਲਾਤ ਦੀ ਮਜਬੂਰੀ ਦਾ ਸਾਨੂੰ ਵੀ ਅਹਿਸਾਸ ਕਰਨਾ ਚਾਹੀਦਾ ਏ।

ਕਰਮ ਸਿੰਘ ਆਪਣੇ ਸਾਥੀਆਂ ਸਮੇਤ ਸਾਬੋ ਕੀ ਤਲਵੰਡੀ ਪਹੁੰਚ ਗਿਆ। ਪੰਜਾਬ ਵਿਚ ਉਸ ਸਮੇਂ ਸਿਖ ਸਰਗਰਮੀਆਂ ਦਾ ਸਭ ਤੋਂ ਵੱਡਾ ਕੇਂਦਰ ਇਹੀ ਸੀ। ਪਹਿਲਾਂ ਸ੍ਰੀ ਅੰਮ੍ਰਿਤਸਰ, ਫਿਰ ਕੀਰਤਪੁਰ ਤੇ ਅਨੰਦਪੁਰ ਵੱਡੇ ਸਰਗਰਮੀਆਂ ਦੇ ਗੜ੍ਹ ਸਨ ਪਰ ਜਦੋਂ ਤੋਂ ਗੁਰੂ ਗੋਬਿੰਦ ਸਿੰਘ ਜੀ ਕਿਲ੍ਹਾ ਅਨੰਦਪੁਰ ਛੱਡ ਕੇ ਮਾਲਵੇ ਵਿਚ ਆ ਗਏ ਤਾਂ ਮੁਕਤਸਰ ਦੀ ਜੰਗ ਪਿੱਛੋਂ ਜੋ ਖਿਦਰਾਣੇ ਦੀ ਢਾਬ 'ਤੇ ਹੋਈ, ਗੁਰੂ ਸਾਹਿਬ ਨੇ ਦੋ ਸਾਲ ਤੇ ਕੁਝ ਮਹੀਨੇ ਦਾ ਸਮਾਂ ਸਾਬੋ ਕੀ ਤਲਵੰਡੀ, ਜਿਹਨੂੰ ਹੁਣ ਤਖ਼ਤ ਸ੍ਰੀ ਦਮਦਮਾ ਸਾਹਿਬ ਆਖਿਆ ਜਾਂਦਾ ਹੈ, ਵਿਖੇ ਬਿਤਾਇਆ। ਇਥੇ ਗੁਰੂ ਗ੍ਰੰਥ ਸਾਹਿਬ ਦੀ ਦੁਬਾਰਾ ਲਿਖਾਈ ਹੋਈ ਤੇ ਇਥੇ ਹੀ ਸਿਖ ਵਿਦਿਆ ਕੇਂਦਰ ਅਥਵਾ ਗੁਰਮਤਿ ਵਿਸ਼ਵ ਵਿਦਿਆਲਾ ਸ਼ੁਰੂ ਕਰ ਦਿੱਤਾ, ਇਸ ਲਈ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਇਥੋਂ ਦੱਖਣ ਵੱਲ ਚਲੇ ਜਾਣ ਪਿੱਛੋਂ ਵੀ ਇਹੀ ਸਿੱਖਾਂ ਦਾ ਇਕੱਤਰਤਾ ਕਰਨ ਤੇ ਸਾਂਝੇ ਪ੍ਰੋਗਰਾਮ ਉਲੀਕਣ ਦਾ ਗੜ੍ਹ ਸੀ।

ਸਿਖ ਜਗਤ ਗੁਰੂ ਗੋਬਿੰਦ ਸਿੰਘ ਜੀ ਦੇ ਵਿਛੋੜੇ ਨੂੰ ਬਹੁਤ ਹੀ ਮਹਿਸੂਸ ਕਰ ਰਿਹਾ ਸੀ। ਅਸਲ ਵਿਚ ਸਿੱਖਾਂ ਨੂੰ ਉਸ ਸਮੇਂ ਤਕ ਬਿਲਕੁਲ ਚਿਤ-ਚੇਤਾ ਨਹੀਂ ਸੀ ਕਿ ਕਲਗੀਆਂ ਵਾਲੇ ਸਤਿਗੁਰੂ ਇਤਨੀ ਭਰ ਜਵਾਨੀ ਵਿਚ, ਕੇਵਲ 42 ਸਾਲ ਦੀ ਸੰਸਾਰਕ ਯਾਤਰਾ ਵਿਚ ਸਦੀਵੀ ਵਿਛੋੜਾ ਦੇ ਜਾਣਗੇ। ਸਿਖ ਧਰਮ ਦੀ ਵਿਸ਼ੇਸ਼ਤਾ ਤੇ ਜੀਵਨ ਬਾਰੇ ਅਨੁਭਵ ਨੇ ਇਹ ਹੀ ਸਿਖਾਇਆ ਸੀ ਕਿ ਜੋ ਕੁਝ ਹੁੰਦਾ ਹੈ, ਅਕਾਲ ਪੁਰਖ ਦੇ ਭਾਣੇ ਵਿਚ ਹੁੰਦਾ ਹੈ ਤੇ ਸਿਖ ਨੂੰ ਉਸ ਪ੍ਰਭੂ ਦਾ ਭਾਣਾ ਮਿੱਠਾ ਕਰ ਕੇ ਮੰਨਣਾ ਚਾਹੀਦਾ ਹੈ। ਗੁਰੂ ਅਮਰਦਾਸ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਪ੍ਰਵਾਰ ਤੇ ਗੁਰਸਿੱਖਾਂ ਨੂੰ ਇਕੱਠੇ ਕਰ ਕੇ ਜੋ ਉਪਦੇਸ਼ ਦਿੱਤਾ ਤੇ ਬਾਬਾ ਸੁੰਦਰ ਜੀ ਨੇ ਉਸ ਸੰਦੇਸ਼ ਨੂੰ ਜਿਵੇਂ 'ਸੱਦ' ਵਿਚ ਕਲਮਬੰਦ ਕੀਤਾ, ਉਸ ਨੂੰ ਸਾਰੇ ਸਿਖ ਅਨੇਕਾਂ ਵਾਰ ਪੜ੍ਹ ਤੇ ਸੁਣ ਚੁੱਕੇ ਸਨ। ਉਸ ਵਿਚ ਅੰਕਤ ਇਹ ਹਦਾਇਤ ਸਭ ਨੂੰ ਪਤਾ ਸੀ ਕਿ ਗੁਰੂ ਜੀ ਕਹਿ ਗਏ ਹਨ ਕਿ ਮੇਰੇ ਪਿੱਛੋਂ ਕਿਸੇ ਨੇ ਰੋਣਾ ਨਹੀਂ। ਜੋ ਮੇਰੇ ਪਿੱਛੋਂ ਰੋਵੇਗਾ, ਉਹ ਮੈਨੂੰ ਚੰਗਾ ਨਹੀਂ ਲੱਗੇਗਾ। ਉਨ੍ਹਾਂ ਫ਼ੁਰਮਾਇਆ ਸੀ ਕਿ ਮੇਰੇ ਪਿੱਛੋਂ ਪ੍ਰਭੂ ਜੱਸ ਦਾ ਕੀਰਤਨ ਹੀ ਕੀਤਾ ਜਾਏ। ਉਸੇ ਪਰੰਪਰਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੇ ਸਮਾਚਾਰ ਮਿਲਦਿਆਂ ਇਲਾਹੀ ਬਾਣੀ ਦਾ ਅਖੰਡ ਕੀਰਤਨ ਸ਼ੁਰੂ ਹੋ ਗਿਆ। ਸਿਖ ਬੜੇ ਵੈਰਾਗ ਵਿਚ ਆ ਰਹੇ ਸਨ। ਕਈਆਂ ਦੀਆਂ ਅੱਖਾਂ ਵਿਚੋਂ ਰੋਕਣ ਦੇ ਬਾਵਜੂਦ ਆਪ-ਮੁਹਾਰੇ ਅੱਥਰੂ ਨਿਕਲ ਰਹੇ ਸਨ। ਜਜ਼ਬਾਤ 'ਤੇ ਕਾਬੂ ਪਾਣ ਦਾ ਯਤਨ ਕਈਆਂ ਦਾ ਫੇਲ੍ਹ ਹੋ ਰਿਹਾ ਸੀ। ਉਹ ਗੁਰਬਾਣੀ ਦੇ ਪਾਠ ਤੇ ਕੀਰਤਨ ਰਾਹੀਂ ਆਪਣੇ ਆਪ 'ਤੇ ਕਾਬੂ ਪਾਣ ਦਾ ਉਪਰਾਲਾ ਕਰ ਰਹੇ ਸਨ।

ਸਾਬੋ ਕੀ ਤਲਵੰਡੀ ਵਿਚ ਗੁਰੂ-ਘਰ ਦੀਆਂ ਹਾਜ਼ਰੀਆਂ ਭਰਨ ਵਾਲੇ ਬਹੁਤੇ ਸਿੱਖਾਂ ਨੂੰ ਪਤਾ ਸੀ ਕਿ ਕਰਮ ਸਿੰਘ ਦੀ ਗੁਰੂ ਸਾਹਿਬ ਨਾਲ ਦੋਹਰੀ ਸਾਂਝ ਹੈ। ਇਹ ਗੁਰੂ ਗੋਬਿੰਦ ਸਿੰਘ ਦੇ ਮਾਮੇ ਦਾ ਪੁੱਤਰ ਲੱਗਦਾ ਹੈ। ਬਹੁਤੇ ਸਿੱਖਾਂ ਨੂੰ ਪਹਿਲਾਂ ਇਹੀ ਪਤਾ ਸੀ ਕਿ ਕਲਗੀਧਰ ਪਾਤਸ਼ਾਹ ਦੇ ਮਾਮਾ ਕਿਰਪਾਲ ਜੀ ਹੀ ਹਨ ਕਿਉਂਕਿ ਮਾਮਾ ਕਿਰਪਾਲ ਜੀ ਤਾਂ ਹਰ ਸਮੇਂ ਭੈਣ ਦੇ ਨਾਲ ਹੀ ਰਹੇ ਹਨ। ਪਟਨੇ ਵਿਚ ਵੀ ਉਹੀ ਨਾਲ ਸਨ ਤੇ ਅਨੰਦਪੁਰ ਵਿਚ ਵੀ ਉਹੀ ਸਾਥ ਰਹੇ। ਪਹਿਲਾਂ ਘੱਟ ਹੀ ਕਿਸੇ ਦੀ ਗਿਆਤ ਵਿਚ ਸੀ ਕਿ ਮਾਤਾ ਗੁਜਰੀ ਜੀ ਦੇ ਚਚੇਰੇ ਭਰਾ ਵੀ ਸਨ ਤੇ ਉਨ੍ਹਾਂ ਵਿਚੋਂ ਲਾਭ ਚੰਦ ਦਾ ਪ੍ਰਵਾਰ ਬਹੁਤ ਹੀ ਗੁਰੂ-ਘਰ ਦੇ ਨੇੜੇ ਹੋ ਗਿਆ ਸੀ ਪਰ ਜਦੋਂ ਸਾਬੋ ਕੀ ਤਲਵੰਡੀ ਕਰਮ ਸਿੰਘ ਆਇਆ ਤੇ ਇਥੇ ਕਈ

ਮਹੀਨੇ ਰਹਿ ਕੇ ਦੁਆਬੇ ਦਾ ਜਥੇਦਾਰ ਬਣ ਕੇ ਨਿਕਲਿਆ ਤਾਂ ਬਹੁਤਿਆਂ ਨੂੰ ਪਤਾ ਲੱਗ ਚੁੱਕਿਆ ਸੀ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਨਕੇ ਪਰਵਾਰ ਵਿਚੋਂ ਹੈ। ਇਸੇ ਲਈ ਜਦੋਂ ਕਰਮ ਸਿੰਘ ਸਾਥੋ ਕੀ ਤਲਵੰਡੀ ਆਇਆ ਤਾਂ ਬਹੁਤ ਸਾਰੇ ਸਿਖ ਮੁਖੀ ਅਫ਼ਸੋਸ ਕਰਨ ਤੇ ਰਜ਼ਾ ਬੁਲਾਣ ਲਈ ਕਰਮ ਸਿੰਘ ਪਾਸ ਆਏ ਜੋ ਬਾਬਾ ਦੀਪ ਸਿੰਘ ਜੀ ਪਾਸ ਬੈਠਾ ਸੀ। ਅਫ਼ਸੋਸ ਤੇ ਦੁੱਖ ਦੇ ਪ੍ਰਗਟਾਵੇ ਲਈ ਬਹੁਤਿਆਂ ਪਾਸ ਕੋਈ ਸ਼ਬਦ ਜਾਂ ਵਾਕ ਨਹੀਂ ਸਨ, ਇਸ ਲਈ ਨੇੜੇ ਆ ਕੇ ਦੋਵੇਂ ਹੱਥ ਜੋੜ ਕੇ ਫ਼ਤਹਿ ਬੁਲਾਂਦੇ ਤੇ ਚੁੱਪ ਰਾਹੀਂ ਹੀ ਆਪਣੇ ਅਫ਼ਸੋਸ ਦਾ ਪ੍ਰਗਟਾਵਾ ਕਰਦੇ। ਕਰਮ ਸਿੰਘ ਨੂੰ ਜਿਵੇਂ ਬਾਬਾ ਦੀਪ ਸਿੰਘ ਜੀ ਨੇ ਸਮਝਾਇਆ ਤੇ ਸਿਖਾਇਆ ਸੀ, ਉਹ ਹਰ ਕਿਸੇ ਦੀ ਫ਼ਤਹਿ 'ਤੇ ਕੇਵਲ ਇਹ ਸ਼ਬਦ ਮੂੰਹ ਤੋਂ ਕੱਢਦਾ, "ਭਾਣਾ ਕਰਤਾਰ ਦਾ। ਜੋ ਅਕਾਲ ਪੁਰਖ ਨੂੰ ਮਨਜ਼ੂਰ ਏ, ਉਹੀ ਹੋ ਰਿਹਾ ਹੈ, ਸਾਨੂੰ ਉਹਦਾ ਭਾਣਾ ਮੰਨਣਾ ਹੀ ਪਵੇਗਾ।"

"ਜੋ ਸੁਨੇਹੇ ਤੇ ਸਮਾਚਾਰ ਨਾਦੇੜ ਤੋਂ ਮਿਲ ਰਹੇ ਹਨ, ਉਨ੍ਹਾਂ ਵਿਚ ਬੜਾ ਅੰਤਰ ਹੈ, ਇਸ ਲਈ ਸਾਨੂੰ ਸੱਚ ਤਕ ਪਹੁੰਚਣ ਲਈ ਕੀ ਕਰਨਾ ਚਾਹੀਦਾ ਹੈ," ਜਥੇਦਾਰ ਕਰਮ ਸਿੰਘ ਨੇ ਸ਼ਾਮ ਨੂੰ ਇਕੱਠੇ ਹੋਏ ਮੁਖੀਆਂ ਦੀ ਇਕੱਤਰਤਾ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, "ਹੁਣ ਤਕ ਜੋ ਸੂਚਨਾ ਆਈ ਏ, ਉਸ ਅਨੁਸਾਰ ਕਲਗੀਧਰ ਪਾਤਸ਼ਾਹ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਪੰਜਾਬ ਵਿਚ ਸਿੱਖਾਂ ਦੀ ਰਾਜਨੀਤਕ ਅਗਵਾਈ ਲਈ ਤੇ ਚੱਲ ਰਹੇ ਸੰਘਰਸ਼ ਨੂੰ ਜਾਰੀ ਰੱਖਣ ਲਈ ਇਕ ਨਵੇਂ ਸਿੰਘ ਸੱਜੇ ਮਹਾਂਪੁਰਸ਼ ਬੰਦਾ ਸਿੰਘ ਨੂੰ ਪੰਜਾਬ ਵੱਲ ਤੋਰਿਆ ਏ। ਸੁਣਿਆ ਏ ਕਿ ਜ਼ੁਲਮ ਕਰਨ ਵਾਲੇ ਜਾਬਰਾਂ ਨੂੰ ਕੀਤੇ ਕੁਕਰਮਾਂ ਦੀ ਸਜ਼ਾ ਦੇਣ ਲਈ ਬੰਦਾ ਸਿੰਘ ਨੂੰ ਆਪਣੇ ਤੀਰਾਂ ਦੇ ਭੱਥੇ ਵਿਚੋਂ ਪੰਜ ਤੀਰ ਦਿੱਤੇ ਹਨ ਤੇ ਨਾਲ ਹੀ ਪੰਜ ਮੁਖੀ ਸਿੱਖ ਸਰਦਾਰਾਂ ਨੂੰ ਤੋਰਿਆ ਹੈ। ਉਹ ਪਤਾ ਨਹੀਂ ਕਿਹੜੇ ਰਸਤਿਉਂ ਆ ਰਹੇ ਹਨ, ਕਦੋਂ ਤਕ ਇਥੇ ਪਹੁੰਚਣਗੇ, ਉਹੀ ਆ ਕੇ ਦੱਸਣਗੇ ਜਾਂ ਉਨ੍ਹਾਂ ਦਾ ਕੋਈ ਸੰਦੇਸ਼ਾ ਆਏਗਾ। ਫਿਰ ਸਪੱਸ਼ਟ ਹੋਏਗਾ ਕਿ ਕਲਗੀਧਰ ਪਾਤਸ਼ਾਹ ਸਾਡੇ ਲਈ ਕੀ ਆਦੇਸ਼ ਦੇ ਗਏ ਹਨ। ਸਾਨੂੰ ਗੁਰੂ 'ਤੇ ਭਰੋਸਾ ਰੱਖਣਾ ਚਾਹੀਦਾ ਹੈ, ਉਹ ਅਵੱਸ਼ ਆਪਣੇ ਪੰਥ ਦੇ ਹਰ ਸੰਕਟ ਵਿਚ ਸਹਾਈ ਹੋਣਗੇ।"

"ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਤਾਂ ਸਾਫ਼ ਹੀ ਹੈ ਕਿ ਜਦੋਂ ਤਕ ਖ਼ਾਲਸਾ ਆਪਣਾ ਨਿਆਰਾ ਸਰੂਪ, ਵਿਲੱਖਣ ਆਚਰਣ ਤੇ ਗੁਰਮਤਿ ਅਨੁਸਾਰ ਜੀਵਨ ਜੀਵੇਗਾ, ਗੁਰੂ ਹਰ ਸਮੇਂ ਖ਼ਾਲਸੇ ਦੇ ਅੰਗ-ਸੰਗ ਹੋਵੇਗਾ," ਦੂਜੇ ਮੁਖੀ ਗੁਰਬਖ਼ਸ਼ ਸਿੰਘ ਨੇ ਆਖਿਆ, "ਜਦੋਂ ਖ਼ਾਲਸਾ ਬਿਪਰਨ ਦੀ ਰੀਤ ਕਰ ਕੇ ਉਹਦੇ ਪਿੱਛੇ ਲੱਗ ਤੁਰੇਗਾ ਤਾਂ ਗੁਰੂ ਫਿਰ ਅਜਿਹੇ ਖ਼ਾਲਸੇ ਦੀ ਪ੍ਰਤੀਤ ਨਹੀਂ ਕਰੇਗਾ। ਖ਼ਾਲਸਾ ਨਾਮ ਹੀ ਖ਼ਾਲਸ ਹੈ, ਖੋਟ ਮਿਲਿਆ ਮਨੁੱਖ ਖ਼ਾਲਸਾ ਨਹੀਂ ਹੋ ਸਕਦਾ।"

"ਗੁਰੂ ਨੇ ਸਾਨੂੰ ਹਰ ਸਥਿਤੀ ਵਿਚ ਚੜ੍ਹਦੀ ਕਲਾ ਵਿਚ ਰਹਿੰਦਿਆਂ ਹਾਲਾਤ ਦਾ ਟਾਕਰਾ ਕਰਨ ਦੀ ਜਾਚ ਦੱਸੀ ਹੈ, ਇਸ ਲਈ ਸਾਡੇ ਵਿਚ ਢਹਿੰਦੀ ਕਲਾ ਕਿਸੇ ਕੀਮਤ 'ਤੇ ਨਹੀਂ ਆਉਣੀ ਚਾਹੀਦੀ," ਤੀਜੇ ਆਗੂ ਸ: ਨਿਧਾਨ ਸਿੰਘ ਮਝੈਲ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ, "ਸੁਣਿਆ ਏ ਕਿ ਗੁਰੂ ਮਹਾਰਾਜ ਗੁਰ-ਗੱਦੀ, ਦਸਾਂ ਪਾਤਿਸ਼ਾਹੀਆਂ ਦੀ ਜੋਤ ਸ੍ਰੀ ਗ੍ਰੰਥ ਸਾਹਿਬ ਨੂੰ ਦੇ ਗਏ ਹਨ। ਹੁਣ ਇਹ ਗ੍ਰੰਥ ਸਾਡਾ ਗੁਰੂ ਹੋਏਗਾ ਤੇ ਸਿਖ ਜਗਤ ਇਹਦੇ ਅੱਗੇ ਨਮਸਕਾਰ ਕਰ ਕੇ ਹਰ ਅਵਸਰ 'ਤੇ ਇਹਦਾ ਗੁਰਵਾਕ ਲਏਗਾ।"

"ਸਵਾਲ ਇਹ ਹੈ ਕਿ ਅਸੀਂ ਕੀ ਕਰੀਏ? ਕਿਸ ਤੋਂ ਅਗਲੀ ਜਦੋ-ਜਹਿਦ ਬਾਰੇ ਪੁੱਛੀਏ?" ਸੁੱਚਾ ਸਿੰਘ ਮਲਵਈ ਬੋਲਿਆ, "ਤੁਸੀਂ ਸਾਰਿਆਂ ਜੋ ਗੱਲਾਂ ਕਹੀਆਂ ਹਨ,

ਉਹ ਸਭ ਪ੍ਰਵਾਨ ਹਨ, ਠੀਕ ਹਨ ਪਰ ਅਸੀ ਕਿਵੇਂ ਬੰਦਾ ਸਿੰਘ ਬਹਾਦਰ ਨਾਲ ਸੰਪਰਕ ਕਰੀਏ ? ਕਿਸ ਤੋਂ ਪੰਥ ਦਾ ਅਗਲਾ ਪ੍ਰੋਗਰਾਮ ਪੁੱਛੀਏ ? ਕੀ ਗੁਰੂ ਸਾਹਿਬ ਅਗਲੇ ਪੰਜ ਪਿਆਰੇ ਨਿਯਤ ਕਰ ਗਏ ਹਨ ? ਉਹ ਪੰਜ ਪਿਆਰੇ ਕਿਥੇ ਹਨ ? ਕਿਵੇਂ ਉਨ੍ਹਾਂ ਦਾ ਫ਼ੈਸਲਾ ਸਾਰੇ ਸਿਖ ਜਗਤ ਤਕ ਪਹੁੰਚੇਗਾ ?"

"ਪੰਜ ਪਿਆਰੇ ਤਾਂ ਅੱਗੋਂ ਪੰਥ ਆਪਣੇ ਵਿਚੋਂ ਆਪ ਹੀ ਚੁਣੇਗਾ," ਬਾਬਾ ਦੀਪ ਸਿੰਘ ਨੇ ਸਪੱਸ਼ਟ ਕੀਤਾ, "ਇਹ ਪੰਚਾਇਤੀ ਪ੍ਰਥਾ ਹੈ। ਜਿਹੜੇ ਕੁਰਬਾਨੀ ਵਾਲੇ, ਆਪਾ ਗੁਰੂ ਦੇ ਦਰ 'ਤੇ ਭੇਟ ਕਰਨ ਵਾਲੇ, ਨਾਮ ਬਾਣੀ ਦੇ ਰਸੀਏ ਤੇ ਪੂਰਨ ਸੰਤ ਸਿਪਾਹੀ ਹੋਣਗੇ, ਉਹੀ ਪੰਜ ਪਿਆਰਿਆਂ ਵਿਚ ਸ਼ਾਮਲ ਹੋਣਗੇ। ਬਾਕੀ ਰਹੀ ਬੰਦਾ ਸਿੰਘ ਦੀ ਗੱਲ, ਜੋ ਹੁਕਮ ਗੁਰਦੇਵ ਦਾ ਆਏਗਾ, ਅਸੀਂ ਉਸ ਅਨੁਸਾਰ ਹੀ ਕੁਰਬਾਨੀ ਕਰਨ ਲਈ ਤਿਆਰ ਹਾਂ। ਮੇਰਾ ਵਿਚਾਰ ਹੈ ਕਿ ਜਦ ਤਕ ਗੁਰਦੇਵ ਦੇ ਭੇਜੇ ਸਿੰਘ ਆਪ ਜਾਂ ਉਨ੍ਹਾਂ ਦਾ ਸੰਦੇਸ਼ਾ ਆਉਂਦਾ ਹੈ, ਸਾਨੂੰ ਕੁਝ ਸਿੰਘ ਦਿੱਲੀ ਭੇਜਣੇ ਚਾਹੀਦੇ ਹਨ। ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵਾਂ ਜੀ ਦੋਵੇਂ ਦਿੱਲੀ ਵਿਚ ਹਨ। ਉਨ੍ਹਾਂ ਨੂੰ ਸਾਰੇ ਪੰਥ ਵੱਲੋਂ ਰਜ਼ਾ ਵੀ ਬੁਲਾ ਆਉਣ ਤੇ ਅੱਗੋਂ ਲਈ ਉਨ੍ਹਾਂ ਦੀ ਇੱਛਾ ਵੀ ਪੁੱਛ ਆਉਣ।"

"ਇਹ ਬਿਲਕੁਲ ਠੀਕ ਹੈ," ਇਕੋ ਵੇਲੇ ਕਈ ਸਰਦਾਰ ਬੋਲ ਪਏ, ਸਾਨੂੰ ਮਾਤਾ ਜੀ ਕੋਲ ਜ਼ਰੂਰ ਜਾਣਾ ਚਾਹੀਦਾ ਏ।"

"ਮੇਰਾ ਖ਼ਿਆਲ ਏ ਕਿ ਜਥੇਦਾਰ ਕਰਮ ਸਿੰਘ ਨੂੰ ਇਹ ਕੰਮ ਸੌਂਪਿਆ ਜਾਏ," ਇਕ ਸਿੰਘ ਸਰਦਾਰ ਨੇ ਸੁਝਾਅ ਰੱਖਿਆ, "ਇਹ ਉਂਝ ਵੀ ਗੁਰੂ ਪ੍ਰਵਾਰ ਵਿਚੋਂ ਨੇ। ਮਾਤਾ ਗੁਜਰੀ ਜੀ ਦੇ ਭਤੀਜੇ ਹੋਣ ਕਾਰਨ ਮਾਤਾ ਸੁੰਦਰੀ ਜੀ ਪਾਸ ਰਜ਼ਾ ਬੁਲਾਣ ਜਾਣਾ ਠੀਕ ਸਮਝਣਗੇ। ਉਂਝ ਵੀ ਸਾਡੇ ਵਿਚੋਂ ਸਭ ਤੋਂ ਸਪੱਸ਼ਟ ਗੱਲ ਕਰਨ ਤੇ ਸੁਣਨ ਵਾਲੇ ਨੇ। ਇਸ ਲਈ ਮਾਤਾ ਸੁੰਦਰੀ ਜੀ ਨੂੰ ਜਿਥੇ ਧੀਰਜ ਦੇ ਸਕਦੇ ਹਨ, ਉਥੇ ਉਨ੍ਹਾਂ ਨੂੰ ਸਾਡੇ ਸਾਰਿਆਂ ਵੱਲੋਂ ਬੇਨਤੀ ਵੀ ਕਰ ਸਕਦੇ ਹਨ ਕਿ ਪੰਥ 'ਤੇ ਬਹੁਤ ਹੀ ਭੀੜਾ ਆ ਬਣੀ ਏ, ਇਸ ਸਮੇਂ ਪੰਥ ਵਿਚ ਏਕਤਾ, ਚੜ੍ਹਦੀ ਕਲਾ ਤੇ ਆਪਣੇ ਨਿਸ਼ਾਨੇ 'ਤੇ ਪਹੁੰਚਣ ਲਈ ਉਨ੍ਹਾਂ ਦੀ ਅਗਵਾਈ ਸਹਾਇਕ ਹੋ ਸਕਦੀ ਏ।"

ਕਈ ਹੋਰਾਂ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਤਾਂ ਬਾਬਾ ਦੀਪ ਸਿੰਘ ਜੀ ਨੇ ਕਿਹਾ, "ਇਹ ਠੀਕ ਏ, ਜਥੇਦਾਰ ਕਰਮ ਸਿੰਘ ਨੂੰ ਹੀ ਭੇਜਦੇ ਹਾਂ। ਇਹ ਨਾਲੇ ਜਾ ਕੇ ਭਾਈ ਮਨੀ ਸਿੰਘ ਜੀ ਨੂੰ ਪ੍ਰੇਰਨਾ ਕਰਨਗੇ ਕਿ ਉਹ ਵੀ ਪੰਜਾਬ ਆ ਜਾਣ। ਇਸ ਔਖੇ ਵੇਲੇ ਜਿਤਨੇ ਵਿਦਵਾਨ ਤੇ ਸਿਆਣੇ ਬੰਦੇ ਇਕ ਥਾਂ ਜੁੜ ਬੈਠਣਗੇ, ਉਹ ਪੰਥਕ ਹਿੱਤ ਵਿਚ ਠੀਕ ਫ਼ੈਸਲੇ ਕਰ ਸਕਣਗੇ।"

ਜਥੇਦਾਰ ਕਰਮ ਸਿੰਘ ਨੂੰ ਅਧਿਕਾਰ ਦਿੱਤਾ ਗਿਆ ਕਿ ਉਹ ਜਿਤਨੇ ਸਿੰਘ ਆਪਣੇ ਨਾਲ ਲਿਜਾਣੇ ਚਾਹੁਣ, ਉਨ੍ਹਾਂ ਦੀ ਆਪ ਹੀ ਚੋਣ ਕਰ ਲੈਣ। ਰਾਹ ਦੇ ਖ਼ਰਚ ਤੇ ਸਫ਼ਰ ਲਈ ਲੋੜੀਂਦਾ ਹੋਰ ਜੋ ਸਾਮਾਨ ਲਿਜਾਣਾ ਚਾਹੁਣ, ਉਹ ਲੈ ਜਾਣ। ਉਨ੍ਹਾਂ ਦਿਨਾਂ ਵਿਚ ਸਫ਼ਰ 'ਤੇ ਜਾਣਾ ਕੋਈ ਆਸਾਨ ਨਹੀਂ ਸੀ। ਰਾਹ ਵਿਚ ਥਾਂ ਥਾਂ ਲੁਟੇਰੇ ਤੇ ਡਾਕੂ ਤੁਰੇ ਫਿਰਦੇ ਸਨ। ਗ਼ੈਰ-ਮੁਸਲਮਾਨਾਂ ਲਈ ਹੋਰ ਵੀ ਔਖਾ ਸੀ। ਪਤਾ ਨਹੀਂ ਕਿਥੇ ਤੇ ਕਿਹੜੇ ਪਾਸਿਉਂ ਕਿਸੇ ਨੇ ਆ ਘੇਰਨਾ ਹੈ। ਫਿਰ ਇਹ ਵੀ ਸਮੱਸਿਆ ਸੀ ਕਿ ਦਿੱਲੀ ਵਿਚ ਘੋੜ ਸਵਾਰ ਕਿਵੇਂ ਲੱਭਦੇ ਫਿਰਨਗੇ ਕਿ ਮਾਤਾ ਸੁੰਦਰੀ ਤੇ ਸਾਹਿਬ ਦੇਵਾਂ ਕਿਥੇ ਰਹਿ ਰਹੀਆਂ ਹਨ। ਉਨ੍ਹਾਂ ਦਾ ਜੋ ਪਤਾ ਪਹਿਲਾਂ ਸੀ, ਹੁਣ ਸ਼ਾਇਦ ਉਹ ਉਥੇ ਨਾ ਹੋਣ। ਉਹ ਵੀ ਸਮੇਂ ਤੇ ਹਾਲਾਤ ਅਨੁਸਾਰ ਥਾਵਾਂ ਬਦਲ ਸਕਦੀਆਂ ਹਨ।

ਜਥੇਦਾਰ ਕਰਮ ਸਿੰਘ ਨੇ ਦਿੱਲੀ ਵਿਚ ਵੱਸਦੇ ਕੁਝ ਪਤਵੰਤੇ ਸਿੱਖਾਂ ਦੇ ਸਿਰਨਾਵੇਂ ਪ੍ਰਾਪਤ ਕਰ ਲਏ ਤੇ ਫਿਰ ਰਸਤੇ ਵਿਚ ਆਉਂਦੇ ਨਗਰਾਂ ਅੰਬਾਲਾ, ਕੁਰਕਸ਼ੇਤਰ, ਕਰਨਾਲ, ਪਾਨੀਪਤ ਤੇ ਸੋਨੀਪਤ ਵਿਚ ਵੱਸਦੇ ਸਿੱਖਾਂ, ਖ਼ਾਸ ਕਰਕੇ ਸਹਿਜਧਾਰੀ ਸਿੱਖਾਂ ਦੇ ਨਾਮ ਤੇ ਪਤੇ ਵੀ ਲਿਖ ਲਏ ਤੇ ਇਉਂ ਪੂਰੀ ਤਿਆਰੀ ਪਿੱਛੋਂ ਅਰਦਾਸ ਕਰ ਕੇ ਤੇ ਗੁਰਵਾਕ ਸੁਣ ਕੇ ਚਾਰ ਸਿੰਘਾਂ ਸਮੇਤ ਪੰਜ ਦੇ ਜਥੇ ਨੇ ਦਿੱਲੀ ਵੱਲ ਚਾਲੇ ਪਾ ਦਿੱਤੇ। ਬਾਬਾ ਦੀਪ ਸਿੰਘ ਜੀ ਨੇ ਹੱਥ-ਲਿਖਤ ਬੀੜ ਵਿਚੋਂ ਵਾਕ ਲਿਆ, ਜੋ ਇਸ ਪ੍ਰਕਾਰ ਸੀ:

ਆਸਾ ਘਰੁ ੭ ਮਹਲਾ ੫ ॥

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥
ਸੰਗੀ ਸਾਥੀ ਸਗਲ ਤਰਾਂਈ ॥੧॥
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥੧॥ ਰਹਾਉ ॥
ਤੇਰਾ ਕੀਆ ਮੀਠਾ ਲਾਗੈ ॥
ਹਰਿਨਾਮੁ ਪਦਾਰਥੁ ਨਾਨਕੁ ਮਾਂਗੈ ॥੨॥

ਕਰਮ ਸਿੰਘ ਨੂੰ ਇਹ ਯਾਤਰਾ ਜੀਵਨ ਦਾ ਇਕ ਨਵਾਂ ਤਜਰਬਾ ਸੀ। ਉਹ ਦੁਆਬੇ ਤੋਂ ਬਾਹਰ ਕੇਵਲ ਸਾਬੋ ਕੀ ਤਲਵੰਡੀ ਤਕ ਹੀ ਆਇਆ ਸੀ। ਹੁਣ ਉਹਨੂੰ ਦਿੱਲੀ ਤਕ ਜਾਣਾ ਪਿਆ। ਰਾਹ ਵਿਚ ਥਾਂ ਥਾਂ ਉਹਨੂੰ ਗੁਰੂ ਨਾਨਕ ਨਾਮ-ਲੇਵਾ ਮਿਲ ਪਏ, ਜਿਹੜੇ ਬੜੇ ਪਿਆਰ ਤੇ ਸਤਿਕਾਰ ਨਾਲ ਉਹਦੀ ਸੇਵਾ ਕਰਦੇ ਰਹੇ। ਉਹਨੇ ਦੋ ਗੱਲਾਂ ਵਿਸ਼ੇਸ਼ ਤੌਰ 'ਤੇ ਦੇਖੀਆਂ। ਇਕ ਤਾਂ ਹਰ ਥਾਂ ਦੀ ਸਿਖ ਸੰਗਤ ਵਿਚ ਬੜਾ ਪ੍ਰੇਮ-ਭਾਵ ਤੇ ਮਨੁੱਖੀ ਕਦਰਾਂ-ਕੀਮਤਾਂ ਦਾ ਅਹਿਸਾਸ ਸੀ। ਹਰ ਥਾਂ ਤੋਂ ਕੁਝ ਪ੍ਰੇਮੀ ਉਹਦੇ ਨਾਲ ਅਗਲੇ ਪੜਾਅ ਤਕ ਜਾਂਦੇ ਤੇ ਅਗਲੇ ਨਗਰ ਦੀ ਸੰਗਤ ਤਕ ਇਹਨੂੰ ਪਹੁੰਚਾ ਦਿੰਦੇ। ਨੇੜੇ ਨੇੜੇ ਦੇ ਸ਼ਹਿਰਾਂ ਤੇ ਪਿੰਡਾਂ ਵਾਲੇ ਜਾਣਦੇ ਸਨ ਕਿ ਉਨ੍ਹਾਂ ਥਾਵਾਂ 'ਤੇ ਕੌਣ ਨਾਨਕ ਨਾਮ-ਲੇਵਾ ਵੱਸਦੇ ਹਨ। ਦੁਖ-ਸੁਖ ਵੇਲੇ ਉਹ ਇਕ-ਦੂਜੇ ਦੇ ਭਾਈਵਾਲ ਹੁੰਦੇ ਸਨ। ਇਉਂ ਕਰਮ ਸਿੰਘ ਨੂੰ ਕਿਸੇ ਵੀ ਥਾਂ ਸਫ਼ਰ ਵਿਚ ਕਿਸੇ ਸਿਖ ਦਾ ਘਰ ਜਾਂ ਟਿਕਾਣਾ ਨਹੀਂ ਲੱਭਣਾ ਪਿਆ। ਆਪੇ ਪ੍ਰੇਮੀ ਸਿਖ ਦੂਜੇ ਥਾਂ ਤਕ ਪਹੁੰਚਾ ਆਉਂਦੇ ਸਨ। ਹਰ ਨਗਰ ਦੇ ਸਿੱਖਾਂ ਨੂੰ ਇਹ ਵੀ ਪਤਾ ਸੀ ਕਿ ਨਾਨਕ ਨਾਮ-ਲੇਵਾ ਕਿਤਨੇ ਲੋਕ ਹਨ। ਕਿਤਨੇ ਉਨ੍ਹਾਂ ਵਿਚੋਂ ਕੇਸਾਧਾਰੀ ਅਥਵਾ ਅੰਮ੍ਰਿਤ ਛਕ ਕੇ ਸਿੰਘ ਸੱਜ ਚੁੱਕੇ ਹਨ ਤੇ ਕਿਤਨੇ ਸਹਿਜਧਾਰੀ ਹਨ। ਸਹਿਜਧਾਰੀ ਪਰਵਾਰ ਵੀ ਆਪਣੇ ਬੱਚਿਆਂ ਨੂੰ ਅੱਗੋਂ ਅੰਮ੍ਰਿਤਧਾਰੀ ਬਣਾਨ ਦਾ ਯਤਨ ਕਰ ਰਹੇ ਸਨ। ਦੂਜੀ ਗੱਲ ਕਰਮ ਸਿੰਘ ਨੇ ਇਹ ਦੇਖੀ ਕਿ ਹਰ ਥਾਂ ਹੀ ਸਿਖ ਚਿੰਤਾਤੁਰ ਹਨ ਕਿ ਪੰਥ ਦਾ ਅੱਗੋਂ ਕੀ ਹੋਵੇਗਾ ? ਇਸ ਲਈ ਸਭ ਥਾਂ ਹੀ ਕਰਮ ਸਿੰਘ ਨੂੰ ਪੱਕੀ ਕੀਤੀ ਜਾਂਦੀ ਰਹੀ ਕਿ ਉਹ ਵਾਪਸੀ 'ਤੇ ਜ਼ਰੂਰ ਉਨ੍ਹਾਂ ਪਾਸੋਂ ਹੋ ਕੇ ਜਾਏ ਤੇ ਉਨ੍ਹਾਂ ਨੂੰ ਵੀ ਮਾਤਾ ਸੁੰਦਰੀ ਜੀ ਦੇ ਆਦੇਸ਼ ਤੋਂ ਜਾਣੂੰ ਕਰਾ ਕੇ ਜਾਏ। ਇਹ ਵੀ ਸਭ ਥਾਈਂ ਜਾਣਨ ਦੀ ਜ਼ਬਰਦਸਤ ਇੱਛਾ ਸੀ ਕਿ ਕਲਗੀਧਰ ਪਾਤਸ਼ਾਹ ਪੰਥ ਨੂੰ ਅੰਤਮ ਸਮੇਂ ਕੀ ਸੰਦੇਸ਼ ਦੇ ਗਏ ਹਨ। ਕਈਆਂ ਥਾਵਾਂ 'ਤੇ ਸਿੱਖਾਂ ਨੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਲਈ ਕੁਝ ਕੱਪੜੇ ਤੇ ਕੁਝ ਹੋਰ ਵਸਤਾਂ ਆਦਿ ਵੀ ਕਰਮ ਸਿੰਘ ਨੂੰ ਦਿੱਤੀਆਂ। ਇਨ੍ਹਾਂ ਵਸਤਾਂ ਦੀ ਭੇਟ ਤੋਂ ਸਹਿਜੇ ਹੀ ਅਨੁਮਾਨ ਲੱਗ ਸਕਦਾ ਸੀ ਕਿ ਮਾਤਾਵਾਂ ਪ੍ਰਤੀ ਪੰਥ ਵਿਚ ਕਿਤਨੀ ਸਤਿਕਾਰ ਭਾਵਨਾ ਸੀ।

ਕਰਮ ਸਿੰਘ ਘੋੜੇ 'ਤੇ ਦੋ ਦਿਨਾਂ ਵਿਚ ਦਿੱਲੀ ਪਹੁੰਚ ਸਕਦਾ ਸੀ, ਪਰ ਰਸਤੇ ਵਿਚ ਸਿਖ ਸੰਗਤਾਂ ਦੇ ਪ੍ਰੇਮ ਤੇ ਸਤਿਕਾਰ ਨੇ ਉਹਦਾ ਸਫ਼ਰ ਇਕ ਹਫ਼ਤੇ ਵਿਚ ਪੂਰਾ ਹੋਣ ਦਿੱਤਾ।

ਦਿੱਲੀ ਪਹੁੰਚ ਕੇ ਉਹਨੇ ਦਰਿਆ ਜਮਨਾ ਦੇ ਕੰਢੇ ਉਸ ਸਥਾਨ 'ਤੇ ਡੇਰਾ ਲਾਇਆ, ਜਿਥੇ ਹੁਣ ਗੁਰਦੁਆਰਾ ਮਜਨੂੰ ਦਾ ਟਿੱਲਾ ਸਥਾਪਤ ਹੈ। ਇਹ ਧਰਮਸ਼ਾਲਾ ਤੇ ਦਿੱਲੀ ਦੀਆਂ ਸਿਖ ਸੰਗਤਾਂ ਦੇ ਇਕੱਠ ਦਾ ਕੇਂਦਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਥਾਪਤ ਸੀ। ਭਾਵੇਂ ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ ਹੁੰਦਾ, ਪਰ ਜਦ ਕਦੇ ਦਿੱਲੀ ਦੀ ਸਿਖ ਸੰਗਤ ਇਥੇ ਜੁੜਦੀ ਤਾਂ ਆਦਿ ਬੀੜ ਦਾ ਹੱਥ-ਲਿਖਤੀ ਸਰੂਪ ਜੋ ਦਿੱਲੀ ਵਿਚ ਕਿਸੇ ਸਿਖ ਪਰਵਾਰ ਦੇ ਕੋਲ ਸੀ, ਉਸ ਦਾ ਪ੍ਰਕਾਸ਼ ਕਰ ਲਿਆ ਜਾਂਦਾ। ਪਹਿਲਾਂ ਮਹਿਲ ਮਹੀਨੇ ਵਿਚ ਇਕ ਵਾਰੀ, ਫਿਰ ਦੋ ਵਾਰੀ ਤੇ ਫਿਰ ਸਪਤਾਹਿਕ ਇਕੱਠ ਹੋਣ ਲੱਗ ਪਿਆ। ਗੁਰਬਾਣੀ ਦੇ ਅਰਥ ਕਰਨ ਵਾਲਾ ਇਕ ਉਦਾਸੀ ਇਥੇ ਕਾਫ਼ੀ ਸਮੇਂ ਤੋਂ ਰਹਿ ਰਿਹਾ ਸੀ। ਉਹਦੇ ਪਾਸੋਂ ਗੁਰਬਾਣੀ ਕੰਠ ਵਾਲੇ ਤੇ ਗੁਰ-ਇਤਿਹਾਸ ਸੁਣਨ ਵਾਲੇ ਆਉਣ ਲੱਗ ਪਏ। ਜਦ ਤੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਜਾਂਦਿਆਂ ਤੇ ਵਾਪਸੀ 'ਤੇ ਦੋਵੇਂ ਸਮੇਂ ਮਜਨੂੰ ਦੇ ਟਿੱਲੇ ਦੇ ਸਿਖ ਧਰਮ ਕੇਂਦਰ 'ਤੇ ਆ ਕੇ ਠਹਿਰੇ ਤਾਂ ਉਸ ਸਮੇਂ ਤੋਂ ਇਸ ਦੀ ਮਹਾਨਤਾ ਹੋਰ ਵਧ ਗਈ ਸੀ। ਦਿੱਲੀ ਵਿਚ ਸਿੱਖਾਂ ਦਾ ਇਹੀ ਇਕੋ ਇਕ ਟਿਕਾਣਾ ਸੀ। ਦਿੱਲੀ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਦਗਾਰਾਂ ਵੀ ਸਨ, ਪਰ ਉਨ੍ਹਾਂ ਦੀ ਅਜੇ ਮਸੀਂ ਨਿਸ਼ਾਨਦੇਹੀ ਹੋਈ ਸੀ। ਉਥੇ ਸਿਖ ਸੰਗਤਾਂ ਦੇ ਇਕੱਠ ਹੋਣ ਲਈ ਥਾਵਾਂ ਨਹੀਂ ਸਨ। ਇਸੇ ਲਈ ਕਰਮ ਸਿੰਘ ਵੀ ਸਿੱਧਾ ਜਮਨਾ ਦੇ ਕਿਨਾਰੇ ਮਜਨੂੰ ਦੇ ਟਿੱਲੇ ਪਹੁੰਚ ਗਿਆ।

ਇਥੇ ਆ ਕੇ ਉਹਨੂੰ ਦਿੱਲੀ ਦੇ ਕਈ ਸਿਖ ਤੇ ਸਹਿਜਧਾਰੀ ਮਿਲ ਪਏ। ਉਥੋਂ ਪਤਾ ਲੱਗ ਗਿਆ ਕਿ ਅਜਮੇਰੀ ਦਰਵਾਜ਼ੇ ਦੇ ਅੰਦਰ ਜਿਥੇ ਪਹਿਲਾਂ ਮਾਤਾ ਸੁੰਦਰੀ ਜੀ ਰਹੇ ਸਨ, ਉਹ ਥਾਂ ਛੱਡ ਕੇ ਉਨ੍ਹਾਂ ਚਾਵੜੀ ਬਾਜ਼ਾਰ ਦੇ ਨੇੜੇ ਕਿਸੇ ਹੋਰ ਥਾਂ ਟਿਕਾਣਾ ਕਰ ਲਿਆ ਸੀ। ਫਿਰ ਦਿੱਲੀ ਦੀ ਸਿਖ ਸੰਗਤ ਨੇ ਦਿੱਲੀ ਦਰਵਾਜ਼ੇ ਤੋਂ ਬਾਹਰ ਕਰ ਕੇ ਇਕ ਥਾਂ ਮਾਤਾ ਸੁੰਦਰੀ ਜੀ ਲਈ ਖਰੀਦ ਲਈ ਸੀ ਤੇ ਉਥੇ ਉਨ੍ਹਾਂ ਦੀ ਹਵੇਲੀ ਬਣ ਗਈ ਹੈ ਤੇ ਦੋਵੇਂ ਮਾਤਾਵਾਂ ਹੁਣ ਉਸ ਹਵੇਲੀ ਵਿਚ ਹੀ ਰਹਿਣ ਲੱਗ ਪਈਆਂ ਹਨ। ਜਥੇਦਾਰ ਕਰਮ ਸਿੰਘ ਨੂੰ ਇਹ ਜਾਣਕਾਰੀ ਮਿਲਣ 'ਤੇ ਹੋਰ ਖ਼ੁਸ਼ੀ ਹੋਈ। ਉਹ ਸੋਚਦਾ ਸੀ ਕਿ ਪਤਾ ਨਹੀਂ ਦਿੱਲੀ ਦੀ ਹਕੂਮਤ ਸਿੰਘ ਸਰੂਪ ਵਾਲਿਆਂ ਦੇ ਘਣੀ ਆਬਾਦੀ ਵਿਚ ਫਿਰਨ ਨੂੰ ਕਿਨ੍ਹਾਂ ਅਰਥਾਂ ਵਿਚ ਲਵੇ। ਜੇਕਰ ਮਾਤਾ ਜੀ ਦਾ ਡੇਹਰਾ ਨਗਰ ਦੀ ਆਬਾਦੀ ਤੋਂ ਬਾਹਰਵਾਰ ਹੈ ਤਾਂ ਉਥੇ ਆਉਣਾ ਜਾਣਾ ਠੀਕ ਰਹੇਗਾ।

ਜਥੇਦਾਰ ਕ[illegible] ਸਿੰਘ ਨੇ ਪਹਿਲਾਂ ਇਕ ਸਥਾਨਕ ਸਹਿਜਧਾਰੀ ਨੂੰ ਭੇਜਿਆ ਤੇ ਉਸ ਰਾਹੀਂ ਖ਼ਬਰ ਪਹੁੰ[illegible] ਕਿ ਕਰਮ ਸਿੰਘ ਸਾਬੋ ਕੀ ਤਲਵੰਡੀ ਤੋਂ ਆਇਆ ਹੈ। ਉਹਦੇ ਨਾਲ ਚਾਰ ਸਿੰਘ ਹੋ[illegible] ਬਾਬਾ ਦੀਪ ਸਿੰਘ ਨੇ ਭੇਜਿਆ ਹੈ। ਪੰਥ ਦਾ ਸੁਨੇਹਾ ਲਿਆਇਆ ਹੈ। ਨਾਲ ਹੀ [illegible]ਦਾਰ ਕਰਮ ਸਿੰਘ ਨੇ ਇਹ ਵੀ ਇਤਲਾਹ ਭੇਜ ਦਿੱਤੀ ਕਿ ਉਹ ਕਰਤਾਰਪੁਰ ਜਲੰਧਰ ਦਾ ਵਸਨੀਕ ਹੈ ਤੇ ਰਿਸ਼ਤੇ ਵਿਚ ਮਾਤਾ ਗੁਜਰੀ ਜੀ ਦਾ ਭਤੀਜਾ ਲੱਗਦਾ ਹੈ।

ਇਹ ਸੁਨੇਹਾ ਜਾ ਕੇ ਜਦ ਮਾਤਾ ਸੁੰਦਰੀ ਜੀ ਨੂੰ ਦਿੱਤਾ ਗਿਆ ਤਾਂ ਕਈ ਦਿਨਾਂ ਪਿੱਛੋਂ ਉਨ੍ਹਾਂ ਦੇ ਚਿਹਰੇ 'ਤੇ ਰੌਣਕ ਆ ਗਈ। ਉਹ ਕਈ ਘਟਨਾਵਾਂ ਕਾਰਨ ਕੁਝ ਸਮੇਂ ਤੋਂ ਉਦਾਸ ਸਨ। ਉਨ੍ਹਾਂ ਨੇ ਆਪਣੇ ਸਾਰੇ ਸਪੁੱਤਰਾਂ ਦੀ ਸ਼ਹੀਦੀ ਪਿੱਛੋਂ ਇਕ ਬਾਲਕ ਨੂੰ ਗੋਦੀ ਲੈ ਕੇ, ਲੈ-ਪਾਲਕ ਪੁੱਤਰ ਬਣਾ ਲਿਆ ਸੀ ਤੇ ਜਦੋਂ ਕਲਗੀਧਰ ਪਾਤਸ਼ਾਹ ਦਿੱਲੀ ਆਏ ਤਾਂ ਉਨ੍ਹਾਂ ਨੇ ਇਸ ਗੱਲ ਨੂੰ ਪਸੰਦ ਨਾ ਕੀਤਾ ਸਗੋਂ ਆਖਿਆ ਕਿ ਇਹ ਪੁੱਤਰ ਸੁੱਖ ਦੇਣ ਦੀ ਥਾਂ ਤੁਹਾਡੇ ਲਈ ਵਧੇਰੇ ਦੁੱਖਾਂ ਦਾ ਕਾਰਨ ਬਣ ਸਕਦਾ ਹੈ। ਉਸ ਨੇ ਸੱਚਮੁੱਚ ਤੰਗ

ਕਰਨਾ ਸ਼ੁਰੂ ਕਰ ਦਿੱਤਾ ਸੀ। ਉਧਰੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਦੇ ਸਮਾਚਾਰਾਂ ਨੇ ਵਿਆਕੁਲ ਕੀਤਾ ਹੋਇਆ ਸੀ। ਉਨ੍ਹਾਂ ਆਪਣੇ ਦੁਖ ਨੂੰ ਘਟਾਉਣ ਲਈ ਆਪਣੇ ਪੰਥ ਦੀ ਸੇਵਾ-ਸੰਭਾਲ ਵੱਲ ਵਧੇਰੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਰੋਜ਼ ਸਵੇਰੇ ਇਨ੍ਹਾਂ ਸ਼ਸਤਰਾਂ ਨੂੰ ਕੱਢਦੇ, ਇਨ੍ਹਾਂ ਨੂੰ ਸਾਫ਼ ਕਰਦੇ ਤੇ ਸਾਹਮਣੇ ਰੱਖ ਕੇ ਕਿੰਨਾ ਕਿੰਨਾ ਚਿਰ ਇਨ੍ਹਾਂ ਨੂੰ ਟਕ ਲਾ ਕੇ ਬੈਠੇ ਦੇਖਦੇ ਰਹਿੰਦੇ। ਉਨ੍ਹਾਂ ਨੂੰ ਇਨ੍ਹਾਂ ਸ਼ਸਤਰਾਂ ਵਿਚੋਂ ਹੀ ਸਤਿਗੁਰਾਂ ਦੇ ਦਰਸ਼ਨ ਹੁੰਦੇ।

ਸੁਨੇਹਾ ਮਿਲਦੇ ਸਾਰ ਮਾਤਾ ਸੁੰਦਰੀ ਜੀ ਨੇ ਆਪਣੇ ਨਿਜੀ ਸੇਵਾਦਾਰਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪ ਮਜਨੂੰ ਦੇ ਟਿੱਲੇ ਜਾਣ ਤੇ ਪੰਜਾਬ ਤੋਂ ਆਏ ਸਿੰਘਾਂ ਨੂੰ ਪੂਰੇ ਸਤਿਕਾਰ ਨਾਲ ਉਨ੍ਹਾਂ ਦੇ ਡੇਰੇ ਲੈ ਆਉਣ। ਨਾਲ ਹੀ ਪੱਕੀ ਕੀਤੀ ਕਿ ਉਹ ਆਪਣਾ ਸਾਮਾਨ ਨਾਲ ਲਈ ਆਉਣ, ਦਿੱਲੀ ਆ ਕੇ ਉਨ੍ਹਾਂ ਨੂੰ ਆਪਣੇ ਇਸ ਘਰ ਵਿਚ ਹੀ ਠਹਿਰਨਾ ਸੋਭਾ ਦਿੰਦਾ ਹੈ। ਨਾਲ ਹੀ ਤਾਕੀਦ ਕੀਤੀ ਕਿ ਅੱਜ ਦੁਪਹਿਰ ਦਾ ਲੰਗਰ ਉਨ੍ਹਾਂ ਇਥੇ ਹੀ ਆ ਕੇ ਛਕਣਾ ਹੈ।

19

ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ, ਗੁਰੂ ਗੋਬਿੰਦ ਸਿੰਘ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰਾਂ ਦੀ ਸੇਵਾ ਕਰ ਕੇ ਉਨ੍ਹਾਂ ਸਾਹਮਣੇ ਬੈਠੀਆਂ ਸੁਖਮਨੀ ਸਾਹਿਬ ਦਾ ਪਾਠ ਕਰ ਰਹੀਆਂ ਸਨ, ਜਦੋਂ ਕਰਮ ਸਿੰਘ ਤੇ ਉਹਦੇ ਸਾਥੀ ਹਵੇਲੀ ਦੇ ਦਰਵਾਜ਼ੇ 'ਤੇ ਪਹੁੰਚ ਗਏ। ਉਥੇ ਉਹ ਉਡੀਕ ਕਰਨ ਲੱਗ ਪਏ ਕਿ ਮਾਤਾਵਾਂ ਪਾਠ ਤੋਂ ਵਿਹਲੀਆਂ ਹੋ ਕੇ ਆਉਣ ਤਾਂ ਉਹ ਦਰਸ਼ਨ ਕਰਨ। ਉਨ੍ਹਾਂ ਦਾ ਫੈਸਲਾ ਸੀ ਕਿ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ 'ਤੇ ਰਜ਼ਾ ਬੁਲਾਣੀ ਹੈ ਤੇ ਫਿਰ ਅਗਲੀ ਗੱਲਬਾਤ ਸ਼ੁਰੂ ਕਰਨੀ ਹੈ।

ਜਦ ਮਾਤਾਵਾਂ ਸਾਹਮਣੇ ਆਈਆਂ ਤਾਂ ਜਥੇਦਾਰ ਕਰਮ ਸਿੰਘ ਨੇ ਪਹਿਲਾਂ ਫ਼ਤਹਿ ਬੁਲਾਈ ਤੇ ਨਮਸਕਾਰ ਕੀਤੀ ਤੇ ਅੱਗੇ ਹੋ ਕੇ ਕਿਹਾ, "ਅਕਾਲ ਪੁਰਖ ਦਾ ਭਾਣਾ, ਗੁਰੂ ਸਾਹਿਬ ਦੇ ਪਿੱਛੋਂ ਤੁਹਾਡੇ 'ਤੇ ਵੱਡੀ ਜ਼ਿੰਮੇਵਾਰੀ ਆ ਪਈ ਏ। ਅਸੀਂ ਇਸ ਦੁਖ ਦੀ ਘੜੀ ਵਿਚ ਤੁਹਾਡੀ ਸੇਵਾ ਵਿਚ ਹਾਜ਼ਰ ਹੋਏ ਹਾਂ। ਸਾਨੂੰ ਕੋਈ ਸੇਵਾ ਬਖ਼ਸ਼ੀ ਜਾਏ। ਅਸੀਂ ਜੇਕਰ ਗੁਰੂ-ਪਰਵਾਰ ਦੇ ਕਿਸੇ ਕੰਮ ਆ ਸਕੀਏ।"

"ਤੁਸੀਂ ਜਾਣਦੇ ਹੀ ਹੋ, ਕਿਤਨੇ ਇਮਤਿਹਾਨ ਅੱਗੇ ਪੈ ਚੁੱਕੇ ਹਨ। ਜਿਵੇਂ ਹਰ ਸੰਕਟ ਦਾ, ਸਾਡੇ ਗੁਰਦੇਵ ਪਤੀ ਕਲਗੀਧਰ ਵਾਲੇ ਨੇ ਟਾਕਰਾ ਕੀਤਾ ਹੈ, ਉਹ ਸਾਡੇ ਸਾਹਮਣੇ ਹੈ। ਉਹ ਹਰ ਸਖ਼ਤੀ ਵਿਚ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦੇ ਰਹੇ ਹਨ ਤੇ ਉਨ੍ਹਾਂ ਸਾਨੂੰ ਸਾਰਿਆਂ ਨੂੰ, ਸਾਰੇ ਖ਼ਾਲਸਾ ਪੰਥ ਸਾਹਮਣੇ ਵੀ ਇਹੀ ਆਦਰਸ਼ ਰੱਖਿਆ ਹੈ।" ਮਾਤਾ ਸੁੰਦਰੀ ਜੀ ਨੇ ਉਕਤ ਗੱਲ ਕਹਿ ਕੇ ਹਵੇਲੀ ਅੰਦਰ ਇਕ ਕਮਰੇ ਵਿਚ ਇਨ੍ਹਾਂ ਨੂੰ ਲੈ ਗਈ, ਜਿਥੇ ਕੁਝ ਮੰਜੇ ਪਏ ਸਨ, ਕੁਝ ਮੂਹੜੇ ਸਨ ਤੇ ਕੁਝ ਬੈਠਣ ਲਈ ਕੱਪੜੇ ਚੜ੍ਹੇ ਸਟੂਲ ਸਨ।

ਸੇਵਾਦਾਰ ਪਹਿਲਾਂ ਪਾਣੀ, ਫਿਰ ਲੱਸੀ ਤੇ ਝੱਟ ਮਗਰੋਂ ਲੰਗਰ ਲੈ ਆਏ। ਬੜੇ ਪਿਆਰ ਨਾਲ ਮਾਤਾ ਨੇ ਆਪ ਲੰਗਰ ਛਕਾਇਆ। ਮਾਤਾ ਜੀ ਨੇ ਇਸ ਪਿੱਛੋਂ ਉਨ੍ਹਾਂ ਦੇ ਆਉਣ ਦਾ ਮਨੋਰਥ ਪੁੱਛਿਆ, ਪੰਜਾਬ ਵਿਚ ਖ਼ਾਲਸੇ ਦੀ ਹਾਲਤ ਬਾਰੇ ਜਾਣਕਾਰੀ ਲਈ। ਉਨ੍ਹਾਂ

ਉਚੇਚਾ ਪੁੱਛਿਆ "ਅਨੰਦਪੁਰ ਵਿਚ ਅੱਜ-ਕੱਲ੍ਹ ਕੌਣ ਕਾਬਜ਼ ਏ। ਕੀ ਉਥੇ ਮੁਗ਼ਲਾਂ ਦਾ ਕਬਜ਼ਾ ਏ? ਕੀ ਪਹਾੜੀ ਰਾਜਿਆਂ ਨੇ ਗੁਰ-ਅਸਥਾਨ 'ਤੇ ਆਪਣੇ ਝੰਡੇ ਝੁਲਾ ਦਿੱਤੇ ਹਨ?"

"ਮੈਂ ਅਨੰਦਪੁਰ ਆਪ ਅਜੇ ਨਹੀਂ ਜਾ ਸਕਿਆ। ਇਸ ਵੇਲੇ ਪੰਥਕ ਸਰਗਰਮੀਆਂ ਦਾ ਕੇਂਦਰ ਤਾਂ ਸਾਬੋ ਕੀ ਤਲਵੰਡੀ ਏ, ਜਿਸ ਦਾ ਨਾਮ ਪੰਥ ਨੇ ਦਮਦਮਾ ਸਾਹਿਬ ਰੱਖ ਲਿਆ ਏ। ਇਹ ਸਿੰਘਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਅਨੰਦਪੁਰ ਵਿਚ ਅਜੇ ਕਿਸੇ ਦਾ ਕਬਜ਼ਾ ਨਹੀਂ। ਆਪਣੇ ਕਿਲ੍ਹੇ ਦੇ ਕਿਵਾੜ ਬੰਦ ਹਨ। ਸਿੰਘ ਕਦੇ ਕਦੇ ਉਥੇ ਜਾਂਦੇ ਹਨ, ਕਿਲ੍ਹਾ ਅਨੰਦਗੜ੍ਹ ਦੀਆਂ ਕੰਧਾਂ ਨੂੰ ਚੁੰਮ ਕੇ ਮੁੜ ਆਉਂਦੇ ਹਨ। ਜਿਥੇ ਖ਼ਾਲਸੇ ਦੀ ਸਾਜਨਾ ਹੋਈ ਸੀ, ਕੇਸਗੜ੍ਹ ਦੇ ਸਥਾਨ 'ਤੇ ਅਜੇ ਦੀਵਾਨ ਨਹੀਂ ਲੱਗਦੇ, ਪਰ ਨਗਰ ਅਨੰਦਪੁਰ ਵਿਚ ਰਹਿੰਦੇ ਕੁਝ ਹਿੰਦੂ ਤੇ ਦੋ ਤਿੰਨ ਮੁਸਲਮਾਨ ਪਰਵਾਰ ਇਨ੍ਹਾਂ ਸਥਾਨਾਂ ਦੀ ਸੇਵਾ-ਸੰਭਾਲ ਕਰ ਰਹੇ ਹਨ। ਉਥੇ ਰਾਤ ਨੂੰ ਦੀਵਾ ਵੀ ਜਗਾ ਆਉਂਦੇ ਹਨ। ਖ਼ਿਆਲ ਸੀ ਕਿ ਬਾਦਸ਼ਾਹ ਬਹਾਦਰ ਸ਼ਾਹ ਨਾਲ ਚੱਲਦੀ ਗੱਲ-ਬਾਤ ਸਿਰੇ ਚੜ੍ਹ ਜਾਂਦੀ ਤਾਂ ਅਨੰਦਪੁਰ ਵਿਚ ਦੁਬਾਰਾ ਰੌਣਕਾਂ ਸ਼ੁਰੂ ਹੋ ਜਾਂਦੀਆਂ। ਸਿਖ ਤਾਂ ਅਜੇ ਵੀ ਉਥੇ ਜਾ ਕੇ ਪਰਵਾਰਾਂ ਸਮੇਤ ਵੱਸਣ ਦੇ ਇੱਛਕ ਹਨ।"

"ਚਲੋ, ਇਹ ਤਾਂ ਜੋ ਅਕਾਲ ਪੁਰਖ ਨੂੰ ਮਨਜ਼ੂਰ ਹੈ," ਮਾਤਾ ਸੁੰਦਰੀ ਨੇ ਕਿਹਾ, "ਸਾਡੀ ਇੱਛਾ ਹੈ ਕਿ ਛੇਤੀ ਤੋਂ ਛੇਤੀ ਅਨੰਦਪੁਰ ਵਿਚ ਕੇਸਗੜ੍ਹ ਦੇ ਸਥਾਨ 'ਤੇ ਪਹਿਲਾਂ ਵਾਂਗ ਹੀ ਰੱਬੀ ਬਾਣੀ ਦਾ ਕੀਰਤਨ ਹੋਵੇ ਤੇ ਸਾਧ ਸੰਗਤਾਂ ਦੇ ਜੋੜ ਮੇਲੇ ਸ਼ੁਰੂ ਹੋ ਜਾਣ। ਗੁਰੂ ਦੇਵ ਨੇ ਕੇਸਗੜ੍ਹ ਨੂੰ ਵੀ ਤਖ਼ਤ ਸਾਹਿਬ ਦਾ ਦਰਜਾ ਦਿੱਤਾ ਹੈ। ਇਸ ਲਈ ਇਥੇ ਛੇਤੀ ਰੌਣਕਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ।"

"ਮੈਂ ਇਥੇ ਜਾ ਕੇ ਇਸ ਦਾ ਪ੍ਰਬੰਧ ਕਰਾਂਗਾ," ਜਥੇਦਾਰ ਕਰਮ ਸਿੰਘ ਨੇ ਕਿਹਾ, "ਅਨੰਦਪੁਰ ਦੁਆਬੇ ਵਿਚ ਏ ਤੇ ਗੁਰਦੇਵ ਨੇ ਮੈਨੂੰ ਦੁਆਬੇ ਵਿਚ ਜਥੇਬੰਦੀ ਮਜ਼ਬੂਤ ਕਰਨ ਦੀ ਸੇਵਾ ਬਖ਼ਸ਼ੀ ਸੀ।"

"ਅਸੀਂ ਯਤਨ ਕਰਾਂਗੇ ਤੇ ਸਿੰਘਾਂ ਨੂੰ ਪਟਨੇ ਤੇ ਨਾਦੇੜ ਭੇਜਾਂਗੇ ਤਾਕਿ ਉਨ੍ਹਾਂ ਦੋਹਾਂ ਤਖ਼ਤਾਂ ਦੀ ਸੇਵਾ-ਸੰਭਾਲ ਵੀ ਹੋਵੇ ਤੇ ਉਥੇ ਅਜਿਹੇ ਸੁੰਦਰ ਗੁਰ-ਅਸਥਾਨ ਉਸਾਰੇ ਜਾਣ ਜੋ ਸਿੱਖੀ ਪ੍ਰਚਾਰ ਦੇ ਆਦਰਸ਼ਕ ਕੇਂਦਰ ਬਣਨ," ਮਾਤਾ ਜੀ ਨੇ ਆਪਣੇ ਦਿਲ ਦੀ ਇੱਛਾ ਪ੍ਰਗਟ ਕਰਦਿਆਂ ਕਿਹਾ।

"ਅਸੀਂ ਉਚੇਚੇ ਤੌਰ 'ਤੇ ਦੋ ਗੱਲਾਂ ਲਈ ਭੇਜੇ ਗਏ ਸਾਂ," ਜਥੇਦਾਰ ਕਰਮ ਸਿੰਘ ਨੇ ਸਮਾਂ, ਸਥਿਤੀ ਤੇ ਮਾਹੌਲ ਦੇਖਦਿਆਂ ਗੱਲ ਸ਼ੁਰੂ ਕਰ ਲਈ, "ਇਕ ਤਾਂ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਅਸਲ ਸਮਾਚਾਰ ਕੀ ਹਨ। ਸਿਖ ਸੰਗਤਾਂ ਥਾਂ ਥਾਂ ਜਾਣਨਾ ਚਾਹੁੰਦੀਆਂ ਹਨ। ਦੂਜਾ, ਉਹ ਪੰਥ ਦੇ ਨਾਮ ਆਖ਼ਰੀ ਸੰਦੇਸ਼ ਕੀ ਦੇ ਗਏ ਹਨ? ਉਹ ਪੰਥ ਨੂੰ ਅੱਗੋਂ ਕਿਸ ਦੇ ਲੜ ਲਾ ਗਏ ਹਨ? ਸਾਡਾ ਭਾਵ ਹੈ ਕਿ ਅੱਗੋਂ ਗੁਰ-ਗੱਦੀ ਕਿਸ ਨੂੰ ਦੇ ਗਏ ਹਨ? ਸਿਖ ਸੰਗਤਾਂ ਤੁਹਾਡਾ ਸੰਦੇਸ਼ ਤੇ ਆਦੇਸ਼ ਹੀ ਮੰਨਣਗੀਆਂ। ਇਸ ਵੇਲੇ ਕਈ ਵਿਅਕਤੀ ਦਾਅਵਾ ਕਰ ਰਹੇ ਹਨ ਕਿ ਅੱਗੋਂ ਗੁਰ-ਗੱਦੀ ਉਨ੍ਹਾਂ ਨੂੰ ਮਿਲੀ ਹੈ। ਕਈ ਸੋਢੀ ਗੁਰੂ ਬਣਨ ਦੀ ਦੌੜ ਵਿਚ ਸ਼ਾਮਲ ਹਨ। ਮਾਫ਼ ਕਰਨਾ ਤੁਹਾਡੇ ਸਪੁੱਤਰ ਨੇ ਵੀ ਦਾਅਵਾ ਕੀਤਾ ਹੈ ਕਿ ਉਹ ਅੱਗੋਂ ਸਿੱਖਾਂ ਦਾ ਗੁਰੂ ਹੈ। ਅਸੀਂ ਦਿੱਲੀ ਆ ਕੇ ਉਨ੍ਹਾਂ ਦਾ ਅਜਿਹਾ ਪ੍ਰਚਾਰ ਸੁਣਿਆ ਹੈ।"

"ਬਿਲਕੁਲ ਗ਼ਲਤ," ਮਾਤਾ ਸੁੰਦਰੀ ਨੇ ਇਕ ਦਮ ਉੱਤਰ ਦੇਣਾ ਸ਼ੁਰੂ ਕਰ ਦਿੱਤਾ, "ਕਿਸੇ ਮਨੁੱਖ ਜਾਂ ਵਿਅਕਤੀ ਨੂੰ ਗੁਰ-ਗੱਦੀ ਨਹੀਂ ਦਿੱਤੀ ਗਈ। ਦੇਹਧਾਰੀ ਗੁਰੂ ਦਾ ਤਰੀਕਾ ਖ਼ਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਨਾਦੇੜ ਵਿਚ ਗੁਰ-ਗੱਦੀ ਆਪਣੇ ਹੱਥੀਂ ਗੁਰੂ ਗ੍ਰੰਥ

ਸਾਹਿਬ ਨੂੰ ਦਿੱਤੀ ਹੈ। ਸੰਗਤ ਵਿਚ ਉਨ੍ਹਾਂ ਐਲਾਨ ਕੀਤਾ ਸੀ ਕਿ ਅੱਗੋਂ ਇਹ ਧੁਰ ਕੀ ਬਾਣੀ, ਦਸਾਂ ਪਾਤਿਸ਼ਾਹੀਆਂ ਦਾ ਸਰੂਪ ਇਹ ਗ੍ਰੰਥ ਹੀ ਹੋਏਗਾ। ਸਾਨੂੰ ਇਸ ਬਾਰੇ ਪੂਰੀ ਸੂਚਨਾ ਮਿਲ ਚੁੱਕੀ ਹੈ। ਇਸ ਲਈ ਜੇਕਰ ਸਾਡਾ ਲੈ-ਪਾਲਕ ਪੁੱਤਰ ਉਸ ਆਦੇਸ਼ ਦੀ ਉਲੰਘਣਾ ਕਰ ਕੇ ਗੁਰੂ ਬਣਨ ਦੇ ਯਤਨਾਂ ਵਿਚ ਹੈ ਤਾਂ ਅਸਫਲ ਹੋਏਗਾ। ਅਸੀਂ ਉਹਨੂੰ ਕੁਰਾਹੇ ਨਹੀਂ ਪੈਣ ਦਿਆਂਗੇ। ਜੇਕਰ ਉਹ ਨਾ ਮੁੜਿਆ ਤਾਂ ਉਸ ਨੂੰ ਤਿਆਗ ਦਿਆਂਗੇ, ਮੂੰਹ ਨਹੀਂ ਲਾਵਾਂਗੇ। ਜਿਹੜਾ ਵੀ ਗੁਰੂ ਗ੍ਰੰਥ ਸਾਹਿਬ ਦੀ ਥਾਂ ਆਪਣੀ ਗੁਰਿਆਈ ਦਾ ਢੰਡੋਰਾ ਪਿੱਟੇਗਾ, ਉਹ ਖੁਆਰ ਹੋਏਗਾ।"

"ਸਤ ਬਚਨ," ਜਥੇਦਾਰ ਕਰਮ ਸਿੰਘ ਨੇ ਕਿਹਾ, "ਅਸੀਂ ਪੰਜਾਬ ਵਿਚ ਪਿੰਡ ਪਿੰਡ ਤੇ ਘਰ ਘਰ ਸੁਨੇਹਾ ਪਹੁੰਚਾ ਦਿਆਂਗੇ ਕਿ ਕੋਈ ਵੀ ਦੇਹਧਾਰੀ ਮਨੁੱਖ ਅੱਗੋਂ ਗੁਰੂ ਨਹੀਂ ਅਖਵਾ ਸਕਦਾ। ਅੱਗੇ ਵੀ ਇਸੇ ਤਰ੍ਹਾਂ ਹੁੰਦਾ ਰਿਹਾ ਏ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤਾਂ ਬਕਾਲੇ ਵਿਚ ਬਾਈ ਸੋਢੀ ਗੱਦੀਆਂ ਲਾ ਕੇ ਬੈਠ ਗਏ ਸਨ ਪਰ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ।" ਆਪਣੇ ਦੂਜੇ ਪ੍ਰਸ਼ਨ ਦਾ ਉੱਤਰ ਮੰਗਦਿਆਂ ਉਹਨੇ ਬੇਨਤੀ ਕੀਤੀ ਕਿ ਗੁਰੂ ਜੀ ਦੇ ਅੰਤਮ ਸਮੇਂ ਦੇ ਹਾਲਾਤ ਜੋ ਤੁਸਾਂ ਤਕ ਪਹੁੰਚੇ ਹਨ, ਉਹ ਵਿਸਥਾਰ ਨਾਲ ਦੱਸ ਦਿਉ। ਮਾਤਾ ਸੁੰਦਰੀ ਨੇ ਉਹਨੂੰ ਨਾਦੇੜ ਵਿਚ ਵਾਪਰੇ ਸਾਰੇ ਸਮਾਚਾਰ ਤੋਂ ਜਾਣੂ ਕਰਾਇਆ। ਕਿਧਰੇ ਕਿਧਰੇ ਮਾਤਾ ਸਾਹਿਬ ਦੇਵਾਂ ਵੀ ਵਿਸਥਾਰ ਦੱਸਦੀ ਰਹੀ। ਉਹ ਤਾਂ ਕੁਝ ਹੀ ਦਿਨ ਪਹਿਲਾਂ ਗੁਰੂ ਗੋਬਿੰਦ ਸਿੰਘ ਦੇ ਆਦੇਸ਼ ਅਨੁਸਾਰ ਨਾਦੇੜ ਤੋਂ ਦਿੱਲੀ ਆਈ ਸੀ। ਗੁਰੂ ਜੀ ਆਪਣੀ ਦੱਖਣ ਯਾਤਰਾ ਸਮੇਂ ਸਾਹਿਬ ਦੇਵਾਂ ਨੂੰ ਨਾਲ ਲੈ ਗਏ ਸਨ। ਉਨ੍ਹਾਂ ਵੀ ਕਾਫ਼ੀ ਜਾਣਕਾਰੀ ਦਿੱਤੀ।

"ਸੁਣਿਆ ਏ ਕਿ ਕੋਈ ਬੰਦਾ ਸਿੰਘ ਗੁਰੂ ਜੀ ਨੇ ਪੰਜਾਬ ਵੱਲ ਭੇਜਿਆ ਏ, ਕੀ ਇਹ ਠੀਕ ਏ, ਸਾਨੂੰ ਕੀ ਹੁਕਮ ਏ? ਉਹਦੇ ਨਾਲ ਲੱਗ ਜਾਈਏ ਤੇ ਉਹਨੂੰ ਅਗਲੇ ਸੰਘਰਸ਼ ਲਈ ਆਗੂ ਸਵੀਕਾਰ ਕਰ ਲਈਏ?" ਜਥੇਦਾਰ ਕਰਮ ਸਿੰਘ ਹੌਲੀ ਹੌਲੀ ਸਾਰੇ ਭਰਮ ਭੁਲੇਖੇ ਤੇ ਬਾਹਰ ਹੋ ਰਹੇ ਚਰਚਿਆਂ ਬਾਰੇ ਮਾਤਾਵਾਂ ਦੇ ਵਿਚਾਰ ਜਾਣਨਾ ਚਾਹੁੰਦਾ ਸੀ। ਹੋਰ ਉਸ ਸਮੇਂ ਕੋਈ ਭਰੋਸੇਯੋਗ ਵਸੀਲਾ ਸਮਾਚਾਰਾਂ ਦੀ ਤਸਦੀਕ ਕਰਨ ਦਾ ਨਹੀਂ ਸੀ। ਮਾਤਾਵਾਂ ਨੂੰ ਭਾਈ ਮਨੀ ਸਿੰਘ ਦੇ ਭੇਜੇ ਬੰਦੇ ਸਾਰੀ ਇਤਲਾਹ ਦਈ ਜਾ ਰਹੇ ਸਨ। ਗੁਰੂ ਸਾਹਿਬ ਦੇ ਨਾਲ ਗਏ ਦੋ ਪਿਆਰਿਆਂ ਵਿਚੋਂ ਭਾਈ ਦਇਆ ਸਿੰਘ ਵੀ ਮਾਤਾ ਸੁੰਦਰੀ ਨੂੰ ਹਰ ਖ਼ਬਰ ਭੇਜਣ ਦਾ ਯਤਨ ਕਰ ਰਹੇ ਸਨ। ਇਸ ਲਈ ਉਨ੍ਹਾਂ ਦਾ ਸਿੱਧਾ ਸੰਪਰਕ ਸੀ। ਉਸ ਵੇਲੇ ਸਾਰੇ ਸਿਖ ਆਗੂਆਂ ਨੂੰ ਇਹ ਪਤਾ ਸੀ ਕਿ ਮਾਤਾ ਸੁੰਦਰੀ ਨੂੰ ਕਲਗੀਧਰ ਨੇ ਕਿਸੇ ਖ਼ਾਸ ਮਿਸ਼ਨ 'ਤੇ ਦਿੱਲੀ ਭੇਜਿਆ ਤੇ ਇਥੇ ਹੀ ਟਿਕੇ ਰਹਿਣ ਦਾ ਆਦੇਸ਼ ਦਿੱਤਾ ਸੀ। ਇਹ ਦਸੰਬਰ ਦੇ ਮਹੀਨੇ ਅਨੰਦਪੁਰ ਛੱਡਣ ਸਮੇਂ ਸਰਸਾ ਨਦੀ ਪਾਰ ਕਰ ਕੇ ਪਰਵਾਰ ਤੋਂ ਨਹੀਂ ਸਨ ਵਿਛੜੇ, ਸਗੋਂ ਦਿਨ ਦੇ ਚਾਨਣ ਵਿਚ ਬਾਕੀ ਪਰਵਾਰ ਤੋਂ ਕਈ ਘੰਟੇ ਪਹਿਲਾਂ ਇਨ੍ਹਾਂ ਦਰਿਆ ਪਾਰ ਕੀਤਾ ਤੇ ਉਚੇਚੇ ਤੌਰ 'ਤੇ ਇਨ੍ਹਾਂ ਦੇ ਸਲਾਹਕਾਰ ਤੇ ਨਜ਼ਦੀਕੀ ਬਣਾ ਕੇ ਭਾਈ ਮਨੀ ਸਿੰਘ ਜੀ ਨੂੰ ਇਨ੍ਹਾਂ ਦੇ ਨਾਲ ਭੇਜਿਆ ਸੀ। ਜਦ ਗੁਰਦੇਵ ਦਿੱਲੀ ਤੋਂ ਦੱਖਣ ਵੱਲ ਗਏ ਤਾਂ ਉਹ ਇਸੇ ਲਈ ਮਾਤਾ ਸੁੰਦਰੀ ਨੂੰ ਨਾਲ ਨਾ ਲਿਜਾ ਸਕੇ, ਕਿਉਂਕਿ ਉਨ੍ਹਾਂ ਦੇ ਕਰਨ ਵਾਲੇ ਜ਼ਰੂਰੀ ਕੰਮ ਦਿੱਲੀ ਵਿਚ ਹੀ ਸਨ। ਮਾਤਾ ਸੁੰਦਰੀ ਜੀ ਉਸੇ ਕੰਮ ਨੂੰ ਲਗਨ ਨਾਲ ਗੁਰੂ ਸਾਹਿਬ ਤੋਂ ਪਿੱਛੋਂ ਚਾਲੀ ਸਾਲ ਤਕ ਕਰਦੇ ਰਹੇ।

ਕਰਮ ਸਿੰਘ ਦੇ ਪੁੱਛੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਮਾਤਾ ਸੁੰਦਰੀ ਜੀ ਨੇ ਕਿਹਾ, "ਇਹ ਠੀਕ ਏ ਕਿ ਬੰਦਾ ਸਿੰਘ ਨੂੰ ਉਨ੍ਹਾਂ ਆਪ ਭੇਜਿਆ ਹੈ। ਅਜੇ ਤਕ ਸਾਡੇ ਪਾਸ ਹੋਰ

ਕੋਈ ਸੂਚਨਾ ਨਹੀਂ ਕਿ ਉਹ ਕਦੋਂ ਤਕ ਆ ਰਿਹਾ ਏ ਤੇ ਕਿਵੇਂ ਉਹ ਪੰਥ ਦੇ ਸੰਘਰਸ਼ ਨੂੰ ਅੱਗੋਂ ਚਲਾਏਗਾ। ਅਸੀਂ ਉਡੀਕ ਕਰ ਰਹੇ ਹਾਂ ਤੇ ਹੋ ਸਕਦਾ ਏ ਕਿ ਕਿਸੇ ਸਮੇਂ ਵੀ ਕੋਈ ਸੰਦੇਸ਼ਾ ਆ ਜਾਏ।"

"ਉਹ ਤੇ ਸੁਣਿਆ ਏ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਦਿਨ ਪਹਿਲਾਂ ਭੇਜ ਦਿੱਤਾ ਸੀ," ਕਰਮ ਸਿੰਘ ਨੇ ਪੁੱਛਿਆ।

"ਇਹ ਵੀ ਤਾਂ ਸੰਭਵ ਏ ਕਿ ਉਹ ਅਜੇ ਤੁਰਨ ਦੀ ਤਿਆਰੀ ਵਿਚ ਹੋਵੇ ਤੇ ਸਾਹਿਬਾਂ ਦੇ ਜੋਤੀ ਜੋਤ ਸਮਾਣ ਕਾਰਨ ਕੁਝ ਦਿਨ ਰੁਕ ਗਿਆ ਹੋਵੇ," ਮਾਤਾ ਜੀ ਨੇ ਸਮਝਾਇਆ, "ਸਾਡੀ ਆਪਣੀ ਇਤਲਾਹ ਇਹੀ ਏ ਕਿ ਜਿਨ੍ਹਾਂ ਨੇ ਗੁਰੂ-ਘਰ ਜਾਂ ਸਿੰਘਾਂ 'ਤੇ ਅਤਿ ਘਟੀਆ ਕਿਸਮ ਦੇ ਜ਼ੁਲਮ ਕਰ ਕੇ ਸ਼ਹੀਦ ਕਰਨ ਤਕ ਗਏ ਹਨ, ਉਨ੍ਹਾਂ ਨੂੰ ਸੋਧਣ ਲਈ ਵੀ ਤਾਂ ਕਿਸੇ ਨੂੰ ਸੇਵਾ ਸੌਂਪੀ ਜਾਣੀ ਸੀ। ਇਹ ਸੇਵਾ ਬੰਦਾ ਸਿੰਘ ਨੂੰ ਬਖ਼ਸ਼ ਦਿੱਤੀ ਗਈ ਏ। ਅਸੀਂ ਉਹੀ ਕੁਝ ਕਰਾਂਗੇ, ਜਿਸ ਬਾਰੇ ਸਾਨੂੰ ਸ਼ੰਕਾ ਨਹੀਂ ਰਹੇਗਾ ਤੇ ਸਾਹਿਬਾਂ ਦੇ ਸਪੱਸ਼ਟ ਆਦੇਸ਼ ਮਿਲਣਗੇ।"

"ਪੰਥ ਚਾਹੁੰਦਾ ਹੈ ਕਿ ਤੁਸੀਂ ਹੁਣ ਪੰਥ ਦੀ ਅੱਗੋਂ ਰਹਿਨੁਮਾਈ ਕਰੋ," ਜਥੇਦਾਰ ਕਰਮ ਸਿੰਘ ਨੇ ਬਾਬਾ ਦੀਪ ਸਿੰਘ ਜੀ ਦਾ ਨਾਮ ਲੈ ਕੇ ਉਨ੍ਹਾਂ ਦੇ ਜਜ਼ਬਾਤ ਪ੍ਰਗਟ ਕਰਦਿਆਂ ਕਿਹਾ, "ਤੁਸੀਂ ਪੰਥ ਦੀ ਅਗਵਾਈ ਦੇ ਸਮਰੱਥ ਵੀ ਹੋ।"

"ਪੰਥ ਦਾ ਗੁਰੂ ਤਾਂ ਗੁਰੂ ਗ੍ਰੰਥ ਸਾਹਿਬ ਹੀ ਹੋਵੇਗਾ," ਮਾਤਾ ਸੁੰਦਰੀ ਨੇ ਕਹਿਣਾ ਸ਼ੁਰੂ ਕੀਤਾ, "ਪੰਥ ਦੀ ਅਗਵਾਈ ਲਈ ਪੰਜ ਪਿਆਰਿਆਂ ਦੀ ਸਥਾਪਨਾ ਪਿੱਛੋਂ ਆਪਣੀ ਮਰਿਆਦਾ ਸਪੱਸ਼ਟ ਹੀ ਹੈ। ਬਾਕੀ ਜਿਥੋਂ ਤਕ ਮੇਰਾ ਜਾਂ ਇਨ੍ਹਾਂ ਦਾ ਸੰਬੰਧ ਹੈ (ਮਾਤਾ ਸਾਹਿਬ ਦੇਵਾਂ ਵੱਲ ਇਸ਼ਾਰਾ ਕਰਦਿਆਂ) ਸਾਡਾ ਸਭ ਕੁਝ ਹੀ ਪੰਥ ਦੀ ਸੇਵਾ ਲਈ ਹਾਜ਼ਰ ਹੈ। ਸਾਡੀ ਜਿਸ ਵੇਲੇ ਵੀ ਤੇ ਜਿਸ ਪੰਥਕ ਕਾਰਜ ਵਿਚ ਲੋੜ ਹੋਵੇਗੀ, ਅਸੀਂ ਨਿਝੱਕ ਹੋ ਕੇ ਪੰਥ ਦਾ ਸਾਥ ਦਿਆਂਗੀਆਂ। ਸਾਡੇ ਕੋਲੋਂ ਕਦੇ ਵੀ ਕੌਮ ਦੇ ਹਿਤਾਂ ਲਈ ਕੋਈ ਸਲਾਹ ਪੁੱਛੀ ਗਈ ਤਾਂ ਅਸੀਂ ਉਹ ਵੀ ਈਮਾਨਦਾਰੀ ਨਾਲ ਦਿਆਂਗੀਆਂ। ਮਾਨਵੀ ਸੇਵਾ ਲਈ ਸਦਾ ਤੱਤਪਰ ਰਹਾਂਗੀਆਂ।"

"ਅਸੀਂ ਜਾ ਕੇ ਪੰਥ ਨੂੰ ਥਾਂ ਥਾਂ ਦੱਸ ਦਈਏ ਕਿ ਮਾਤਾਵਾਂ ਨਾਲ ਇਹ ਬਚਨ ਬਿਲਾਸ ਹੋਏ ਹਨ। ਨਾਲੇ ਇਹ ਸੁਣ ਕੇ ਆਪਣੇ ਗੁਰਸਿੱਖਾਂ ਵਿਚ ਹੋਰ ਚੜ੍ਹਦੀ ਕਲਾ ਆਏਗੀ ਕਿ ਮਾਤਾਵਾਂ ਸਾਡੀ ਸਰਪ੍ਰਸਤੀ ਕਰਦੀਆਂ ਰਹਿਣਗੀਆਂ," ਜਥੇਦਾਰ ਕਰਮ ਸਿੰਘ ਨੇ ਹੱਥ ਜੋੜ ਕੇ ਧੰਨਵਾਦ ਕਰਨ ਦੇ ਲਹਿਜੇ ਨਾਲ ਇਹ ਸ਼ਬਦ ਆਖੇ।

"ਬੇਸ਼ੱਕ ਤੁਸੀਂ ਸਾਡੇ ਨਾਲ ਹੋਈ ਗੱਲ-ਬਾਤ ਦੂਜੇ ਖ਼ਾਲਸਾ ਜੀ ਤਕ ਪਹੁੰਚਾਓ," ਮਾਤਾ ਸੁੰਦਰੀ ਜੀ ਨੇ ਮੁੜ ਦੁਹਰਾਂਦਿਆਂ ਕਿਹਾ, "ਅਸੀਂ ਪੰਜਾਬ ਆਪ ਜਾਣਾ ਚਾਹੁੰਦੇ ਹਾਂ ਪਰ ਸਾਡੇ ਜ਼ੁੰਮੇ ਜੋ ਸੇਵਾ ਇਥੇ ਲੱਗੀ ਹੋਈ ਏ, ਅਸੀਂ ਉਹਨੂੰ ਹਰ ਹਾਲਤ ਵਿਚ ਪੂਰਾ ਕਰਨਾ ਹੈ। ਅਸੀਂ ਮੁਗ਼ਲਾਂ ਦੇ ਰਾਜ ਮਹੱਲਾਂ ਨਾਲ ਸੰਪਰਕ ਬਣਾ ਲਿਆ ਏ। ਬੇਗਮਾਂ ਸਾਡੀਆਂ ਸ਼ਰਧਾਲੂ ਬਣ ਗਈਆਂ ਨੇ। ਕਈ ਬੇਗਮਾਂ ਤਾਂ ਕਈ ਕਈ ਵਾਰ ਮਿਲਣ ਵੀ ਆ ਚੁੱਕੀਆਂ ਨੇ। ਉਹ ਸਾਡੇ ਲਈ ਹੀਰੇ ਜਵਾਹਰਾਤ ਤੇ ਜ਼ੇਵਰਾਤ ਲੈ ਕੇ ਆਈਆਂ ਸਨ, ਜੋ ਅਸੀਂ ਮੋੜ ਦਿੱਤੇ। ਅਸੀਂ ਉਨ੍ਹਾਂ ਨੂੰ ਕੀ ਕਰਨਾ ਸੀ, ਬੱਸ ਉਨ੍ਹਾਂ ਨੂੰ ਬਾਦਸ਼ਾਹ ਤਕ ਆਪਣੀ ਗੱਲ ਪਹੁੰਚਾਣ ਲਈ ਵਸੀਲਾ ਬਣਾਣਾ ਸੀ, ਸੋ ਬਣਾ ਲਿਆ।"

ਇਕ ਮਿੰਟ ਕੁ ਰੁਕ ਕੇ ਮਾਤਾ ਸੁੰਦਰੀ ਅੱਗੋਂ ਗੱਲ ਸ਼ੁਰੂ ਕਰਨ ਹੀ ਲੱਗੀ ਸੀ ਕਿ ਮਾਤਾ ਸਾਹਿਬ ਦੇਵਾਂ ਬੋਲ ਪਈ, "ਲੜਾਈ ਲੜਨ ਦੇ ਵੀ ਕਈ ਢੰਗ ਨੇ। ਕੇਵਲ ਸ਼ਸਤਰਾਂ ਦੀ ਜੰਗ ਹੀ ਸਭ ਕੁਝ ਨਹੀਂ। ਗੱਲ-ਬਾਤ ਤੇ ਦੂਜਿਆਂ ਦੇ ਘਰ ਵਿਚ ਆਪਣੇ ਸਮਰਥਕ ਪੈਦਾ

ਕਰ ਕੇ ਉਨ੍ਹਾਂ ਰਾਹੀਂ ਆਪਣੇ ਨਿਸ਼ਾਨੇ ਤਕ ਪਹੁੰਚਣ ਦਾ ਯਤਨ ਵੀ ਇਕ ਵੱਖਰੇ ਕਿਸਮ ਦਾ ਸੰਘਰਸ਼ ਏ। ਦੁਸ਼ਮਣ ਨਾਲ ਨਜਿੱਠਣ ਲਈ ਕਈ ਸਾਧਨ ਅਪਣਾਉਣੇ ਪੈਂਦੇ ਹਨ।"

"ਤੁਸੀਂ ਅਨੰਦਪੁਰ ਗਏ ਸੀ? ਮਾਤਾ ਗੁਜਰੀ ਜੀ ਦੇ ਦਰਸ਼ਨ ਵੀ ਕੀਤੇ ਹਨ ਕਿ ਨਹੀਂ?" ਮਾਤਾ ਸੁੰਦਰੀ ਨੇ ਗੱਲ-ਬਾਤ ਦਾ ਰੁਖ਼ ਹੁਣ ਪਰਵਾਰਕ ਗੱਲਾਂ ਵੱਲ ਮੋੜਦਿਆਂ ਕਿਹਾ।

"ਮੈਂ ਨਿੱਕੇ ਹੁੰਦਿਆਂ ਇਕ ਵਾਰ ਪਿਤਾ ਜੀ ਨਾਲ ਗਿਆ ਸਾਂ, ਮੈਂ ਛੋਟਾ ਹੁੰਦਾ ਸਾਂ ਉਦੋਂ, ਮੈਨੂੰ ਯਾਦ ਏ ਕਿ ਭੂਆ ਜੀ ਦੇ ਦਰਸ਼ਨ ਕੀਤੇ ਸਨ। ਕਿਤਨਾ ਨਿੱਘ ਸੀ, ਉਨ੍ਹਾਂ ਦੀ ਮਿਲਣੀ ਵਿਚ। ਭਾਵੇਂ ਮੈਂ ਬਹੁਤ ਛੋਟਾ ਸਾਂ ਪਰ ਅੱਜ ਵੀ ਉਹ ਸਮਾਂ ਯਾਦ ਕਰ ਕੇ ਰੋਮ ਰੋਮ ਵਿਚ ਇਕ ਸਵਾਦ ਭਰ ਜਾਂਦਾ ਏ।" ਫਿਰ ਉਹਨੇ ਦੱਸਿਆ ਕਿ ਕਈ ਸੋਢੀ ਪਰਵਾਰ ਕਿਸ ਤਰ੍ਹਾਂ ਹਕੂਮਤ ਦੀ ਚਾਪਲੂਸੀ ਕਰ ਕੇ ਆਪਣਾ ਨਿਜੀ ਹਿਤ ਪਾਲਣ ਦਾ ਯਤਨ ਕਰ ਰਹੇ ਹਨ, ਪਰ ਜਨ-ਸਾਧਾਰਨ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਭੁੱਲ ਨਹੀਂ ਸਕਦਾ। ਲੋਕਾਂ ਅੰਦਰ ਬਗ਼ਾਵਤ ਦੀ ਚਿਣਗ ਫੁੱਟੀ ਪਈ ਏ। ਬੱਸ ਤੁਸੀਂ ਦੇਖੋ ਕਿ ਕਿਤਨਾ ਵੱਡਾ ਤੂਫ਼ਾਨ ਉਠਣ ਵਾਲਾ ਏ।

ਸ਼ਾਮ ਤਕ ਗੱਲਾਂ ਹੁੰਦੀਆਂ ਰਹੀਆਂ। ਫਿਰ ਮਾਤਾ ਜੀ ਨੇ ਕਿਹਾ ਕਿ ਕੁਝ ਦਿਨ ਇਥੇ ਸਾਡੇ ਪਾਸ ਠਹਿਰੋ। ਸਾਨੂੰ ਆਪਣੇ ਪਰਿਵਾਰ ਦੇ ਜੀਆਂ ਦਾ ਮਿਲਣਾ ਬਹੁਤ ਚੰਗਾ ਲੱਗ ਰਿਹਾ ਏ। ਨਾਲੇ ਅੱਜ ਭਲਕ ਹੋਰ ਵੀ ਕਈ ਸੁਨੇਹੇ ਤੇ ਵਿਅਕਤੀ ਨਾਦੇੜ ਤੋਂ ਆ ਸਕਦੇ ਹਨ। ਤੁਹਾਨੂੰ ਸਾਰੇ ਸਮਾਚਾਰ ਸੁਣ ਤੇ ਵੇਖ ਕੇ ਜਾਣਾ ਚਾਹੀਦਾ ਏ। ਇਉਂ ਜਥੇਦਾਰ ਕਰਮ ਸਿੰਘ ਤੁਰਤ ਪਿੱਛੇ ਮੁੜਨ ਦੀ ਭਾਵਨਾ ਰੱਖਦਾ ਹੋਇਆ ਵੀ ਮਾਤਾ ਸੁੰਦਰੀ ਜੀ ਦੇ ਕਹੇ ਨੂੰ ਮੋੜਨ ਦੀ ਗੁਸਤਾਖ਼ੀ ਨਹੀਂ ਸੀ ਕਰ ਸਕਦਾ। ਇਸ ਲਈ ਕੁਝ ਦਿਨ ਰੁਕ ਗਿਆ।

ਦੂਜੇ ਦਿਨ ਆਪਣੇ ਸਾਥੀਆਂ ਨੂੰ ਕਿਹਾ ਕਿ ਉਹ ਵੀ ਬਚਨ ਬਿਲਾਸ ਵਿਚ ਸ਼ਾਮਲ ਹੋਣ। ਕੁਝ ਪ੍ਰਸ਼ਨ ਉਹ ਵੀ ਪੁੱਛਣ ਤੇ ਕੁਝ ਦੱਸਣ ਪਰ ਉਨ੍ਹਾਂ ਨੇ ਕਿਹਾ, "ਤੁਸੀਂ ਸਾਡੇ ਪੁੱਛਣ ਲਈ ਤਾਂ ਕੁਝ ਛੱਡਿਆ ਈ ਨਹੀਂ। ਅਸੀਂ ਕੁਝ ਪੁੱਛਣ ਲਈ ਸੋਚਦੇ ਹੀ ਹਾਂ ਕਿ ਤੁਸੀਂ ਉਹ ਸਵਾਲ ਕਰ ਦਿੰਦੇ ਹੋ। ਫਿਰ ਮਾਤਾ ਜੀ ਇਤਨੇ ਸਪੱਸ਼ਟ ਉੱਤਰ ਦੇ ਰਹੇ ਹਨ ਕਿ ਅੱਗੋਂ ਹੋਰ ਪ੍ਰਸ਼ਨ ਕਰਨ ਲਈ ਲੋੜ ਹੀ ਨਹੀਂ ਮਹਿਸੂਸ ਹੁੰਦੀ।" ਇਹ ਵੀ ਕਰਮ ਸਿੰਘ ਦੇ ਸਾਥੀਆਂ ਦੀ ਰਾਏ ਸੀ ਕਿ ਮਾਤਾ ਸੁੰਦਰੀ ਕੋਈ ਸਾਧਾਰਨ ਤੇ ਘਰੇਲੂ ਜਿਹੀ ਔਰਤ ਨਹੀਂ। ਬੜੀ ਸੂਝਵਾਨ ਤੇ ਰਾਜਨੀਤਕ ਦਾਅ-ਪੇਚ ਨੂੰ ਜਾਣਨ ਵਾਲੀ ਸਿਆਣੀ ਔਰਤ ਏ। ਕੌਮ ਦੀ ਕਿਸਮਤ ਇਨ੍ਹਾਂ ਦੇ ਹੱਥਾਂ ਵਿਚ ਵੀ ਸੁਰੱਖਿਅਤ ਹੈ।

ਤੀਜੇ ਦਿਨ ਇਹ ਮੁੜ ਕੇ ਵਾਪਸੀ ਚਾਲੇ ਪਾਣ ਲਈ ਤਿਆਰੀ ਕਰ ਰਹੇ ਸਨ ਕਿ ਕੁਝ ਜ਼ਿੰਮੇਵਾਰ ਮੁਖੀ ਸਿਖ ਹੋਰ ਆ ਗਏ। ਉਨ੍ਹਾਂ ਆ ਕੇ ਬੰਦਾ ਸਿੰਘ ਵੱਲੋਂ ਆਈਆਂ ਚਿੱਠੀਆਂ ਤੇ ਸੁਨੇਹੇ ਦੱਸੇ। ਉਨ੍ਹਾਂ ਨੇ ਕਲਗੀਧਰ ਪਾਤਸ਼ਾਹ ਵੱਲੋਂ ਬੰਦਾ ਸਿੰਘ ਦਾ ਸਾਥ ਦੇਣ ਲਈ ਆਈਆਂ ਪੱਤਰਕਾਵਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਪੰਜ ਸਿੰਘਾਂ ਦੇ ਨਾਮ ਵੀ ਦੱਸੇ, ਜੋ ਬੰਦਾ ਸਿੰਘ ਦੇ ਨਾਲ ਆ ਰਹੇ ਹਨ।

ਮਾਤਾ ਜੀ ਨੇ ਉੱਤਰ ਦਿੱਤਾ, "ਇਹ ਬੰਦਾ ਸਿੰਘ ਸੱਚਮੁੱਚ ਉਨ੍ਹਾਂ ਆਪ ਭੇਜਿਆ ਏ ਤੇ ਇਹਦੇ ਨਾਲ ਆਉਣ ਵਾਲੇ ਮੁਖੀ ਸਿੰਘ ਬੜੇ ਜ਼ਿੰਮੇਵਾਰ ਤੇ ਪਤਵੰਤੇ ਹਨ। ਇਸ ਲਈ ਇਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣਾ ਚਾਹੀਦਾ ਏ।"

ਜਥੇਦਾਰ ਕਰਮ ਸਿੰਘ ਨੂੰ ਵੀ ਉਹ ਪੱਤਰ ਸਾਰੇ ਦਿਖਾਏ ਗਏ ਤੇ ਫਿਰ ਕਿਹਾ ਗਿਆ, "ਤੁਸੀਂ ਵੀ ਪੰਜਾਬ ਜਾਉ। ਨਾਦੇੜ ਤੋਂ ਆਇਆ ਸੰਦੇਸ਼ ਹਰ ਥਾਂ ਪਹੁੰਚਾਉ। ਜ਼ੁਲਮ ਦਾ ਟਾਕਰਾ ਕਰਨ ਲਈ ਲੋਕਾਂ ਨੂੰ ਤਿਆਰ ਕਰੋ। ਇਨ੍ਹਾਂ ਪਾਪੀਆਂ ਨੂੰ ਮਾਰਨ ਲਈ ਪਾਪ

ਮਹਾਂਬਲੀ ਏ।"

ਜਥੇਦਾਰ ਕਰਮ ਸਿੰਘ ਨੇ ਇਹ ਸੁਨੇਹੇ ਲੈ ਕੇ ਆਉਣ ਵਾਲਿਆਂ ਨੂੰ ਵੱਖਰੇ ਇਕੱਠੇ ਕਰ ਕੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਕਿਹੜੇ ਇਲਾਕੇ 'ਚੋਂ ਆਏ ਹਨ। ਉਹ ਸਾਰੇ ਪਹੇਵਾ, ਕੈਥਲ ਤੇ ਕੁਰਕਛੇਤਰ ਦੇ ਇਲਾਕੇ ਦੇ ਸਿਖ ਸਨ। ਉਨ੍ਹਾਂ ਨੂੰ ਜਦੋਂ ਚਿੱਠੀਆਂ ਮਿਲੀਆਂ ਤਾਂ ਉਹ ਕੁਰਕਛੇਤਰ ਉਸ ਸਥਾਨ 'ਤੇ ਇਕੱਠੇ ਹੋਏ ਜਿਥੇ ਕਦੇ ਗੁਰੂ ਨਾਨਕ ਤੇ ਗੁਰੂ ਹਰਿਗੋਬਿੰਦ ਸਾਹਿਬ ਆਏ ਤੇ ਠਹਿਰੇ ਸਨ। ਉਥੇ ਹੀ ਫ਼ੈਸਲਾ ਹੋਇਆ ਕਿ ਇਹ ਹੁਕਮਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਹਨ ਜਾਂ ਨਹੀਂ ? ਕਿਧਰੇ ਕੋਈ ਨਕਲੀ ਗੁਰੂ ਤਾਂ ਸਿੰਘਾਂ ਨੂੰ ਕੁਰਾਹੇ ਪਾਣ ਦਾ ਯਤਨ ਨਹੀਂ ਕਰ ਰਹੇ ? ਉਸ ਇਕੱਠ ਵਿਚ ਇਹ ਵੀ ਫ਼ੈਸਲਾ ਹੋਇਆ ਸੀ ਕਿ ਦਿੱਲੀ ਜਾ ਕੇ ਮਾਤਾ ਸੁੰਦਰੀ ਜੀ ਤੋਂ ਅਗਵਾਈ ਲਈ ਜਾਏ। ਉਹੀ ਸੱਚ ਝੂਠ ਦਾ ਨਿਤਾਰਾ ਕਰ ਸਕਦੇ ਹਨ।

ਇਥੇ ਇਨ੍ਹਾਂ ਬੰਦਿਆਂ ਤੋਂ ਹੀ ਪਤਾ ਲੱਗਾ ਕਿ ਦਿੱਲੀ ਵੱਲ ਕਰਨਾਲ ਤੋਂ ਆਉਂਦੀ ਜਰਨੈਲੀ ਸੜਕ 'ਤੇ ਦਿੱਲੀ ਤੋਂ ਵੀਹ ਕੁ ਮੀਲ ਪਹਿਲਾਂ ਹੀ ਰਾਈ ਪਿੰਡ ਦੇ ਨੇੜੇ ਕਿਸੇ ਘਣੇ ਜੰਗਲ ਵਿਚ ਬੰਦਾ ਸਿੰਘ ਦਾ ਡੇਰਾ ਬਣ ਗਿਆ ਹੈ। ਜੰਗਲ ਵਿਚ ਇਕ ਪਾਣੀ ਦਾ ਵੱਡਾ ਸਾਰਾ ਛੱਪੜ ਏ, ਜਿਸ ਦੇ ਕੰਢੇ ਬੋਹੜ ਦੇ ਕਈ ਰੁੱਖ ਹਨ ਤੇ ਉਨ੍ਹਾਂ ਰੁੱਖਾਂ ਹੇਠ ਹੀ ਖ਼ਾਲਸੇ ਨੇ ਆਪਣਾ ਮੁੱਖ ਭਰਤੀ ਕੇਂਦਰ ਖੋਲ੍ਹ ਲਿਆ ਹੈ। ਉਥੇ ਹੀ ਸਾਰਿਆਂ ਸਿੱਖਾਂ ਤੇ ਜਥਿਆਂ ਨੂੰ ਇਕੱਠੇ ਕੀਤਾ ਜਾ ਰਿਹਾ ਹੈ।

"ਹਰ ਕਿਸੇ ਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕਿਹੜੀ ਥਾਂ ਬੰਦਾ ਸਿੰਘ ਦਾ ਡੇਰਾ ਏ," ਜਥੇਦਾਰ ਕਰਮ ਸਿੰਘ ਨੇ ਵਿਸਥਾਰ ਜਾਣਨ ਲਈ ਪ੍ਰਸ਼ਨ ਕੀਤਾ, "ਜੇਕਰ ਸਿੰਘ ਜੰਗਲ ਦਾ ਰਾਹ ਲੋਕਾਂ ਤੋਂ ਪੁੱਛਣਗੇ ਤਾਂ ਮੁਗ਼ਲ ਹਕੂਮਤ ਨੂੰ ਸੂਚਨਾ ਮਿਲ ਜਾਏਗੀ ਕਿ ਸਿੰਘਾਂ ਦਾ ਇਕੱਠ ਕਿਥੇ ਹੈ ? ਫਿਰ ਹਾਕਮ ਫ਼ੌਜੀ ਹਮਲਾ ਵੀ ਕਰ ਸਕਦੇ ਹਨ।"

"ਇਕ ਤਾਂ ਜੰਗਲ ਵਿਚ ਆਪਣੇ ਡੇਰੇ ਦਾ ਨਾਮ 'ਬੜ੍ਹ ਖ਼ਾਲਸਾ' ਰੱਖ ਲਿਆ ਏ, ਇਹ ਹਕੂਮਤ ਨੂੰ ਪਤਾ ਹੀ ਨਹੀਂ ਲੱਗ ਸਕਦਾ ਕਿ ਬੜ੍ਹ ਖ਼ਾਲਸਾ ਕਿਥੇ ਹੈ ?" ਮੁਖੀ ਸਿੰਘ ਨੇ ਦੱਸਿਆ, "ਸਾਡੇ ਪਾਸ ਜੋ ਸੁਨੇਹੇ ਆਏ ਨੇ, ਉਨ੍ਹਾਂ ਅਨੁਸਾਰ ਇਹ ਆਖਿਆ ਗਿਆ ਏ ਕਿ ਦਿੱਲੀ ਵੱਲ ਜਰਨੈਲੀ ਸੜਕ 'ਤੇ ਤੁਰੇ ਆਉ। ਕਿਸੇ ਨੂੰ ਪੁੱਛਣ ਦੀ ਲੋੜ ਨਹੀਂ। ਜਰਨੈਲੀ ਸੜਕ 'ਤੇ ਬੰਦਾ ਸਿੰਘ ਦੇ ਸੂਹੀਏ ਸਿੰਘਾਂ ਨੂੰ 'ਬੜ੍ਹ ਖ਼ਾਲਸਾ' ਦਾ ਰਾਹ ਦੱਸਣ ਲਈ ਆਪੇ ਮਿਲ ਪੈਣਗੇ।"

"ਯੋਜਨਾ ਤਾਂ ਕਮਾਲ ਦੀ ਏ," ਕਰਮ ਸਿੰਘ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ, "ਫਿਰ ਤਾਂ ਅਸੀਂ ਵੀ ਪੰਜਾਬ ਜਾਂਦੇ ਰਾਹ ਵਿਚ ਉਨ੍ਹਾਂ ਨੂੰ ਮਿਲ ਕੇ ਹੀ ਜਾਵਾਂਗੇ।" ਜਥੇਦਾਰ ਕਰਮ ਸਿੰਘ ਨੇ ਮਾਤਾ ਸੁੰਦਰੀ ਤੋਂ ਆਗਿਆ ਲੈ ਲਈ। ਮਾਤਾ ਜੀ ਨੇ ਕਿਹਾ, "ਮੈਂ ਵੀ ਬੰਦਾ ਸਿੰਘ ਨੂੰ ਮਿਲਣਾ ਚਾਹਵਾਂਗੀ, ਜੇ ਕਦੇ ਸਮਾਂ ਮਿਲਿਆ।"

"ਮੇਰਾ ਖ਼ਿਆਲ ਏ ਕਿ ਬੰਦਾ ਸਿੰਘ ਨੇ ਦਿੱਲੀ ਦੇ ਨੇੜੇ ਇਸੇ ਕਰਕੇ ਡੇਰਾ ਲਾਇਆ ਏ ਕਿ ਤੁਹਾਡੇ ਨਾਲ ਵੀ ਸੰਪਰਕ ਬਣਾਈ ਰੱਖਣ," ਜਥੇਦਾਰ ਕਰਮ ਸਿੰਘ ਨੇ ਰਾਇ ਦਿੱਤੀ, "ਹੋ ਸਕਦਾ ਏ ਕਿ ਕਿਸੇ ਵੇਲੇ ਉਹ ਤੁਹਾਨੂੰ ਆਪ ਮਿਲਣ ਆ ਜਾਏ ਜਾਂ ਉਹਦਾ ਸੁਨੇਹਾ ਆ ਜਾਏ ਕਿ ਤੁਸੀਂ ਫਲਾਂ ਜਗ੍ਹਾ ਆ ਜਾਉ।"

"ਹਾਲਾਤ ਅਨੁਸਾਰ ਹੀ ਫ਼ੈਸਲਾ ਕਰਨਾ ਸਿਆਣਪ ਹੁੰਦੀ ਏ," ਮਾਤਾ ਜੀ ਨੇ ਕਿਹਾ, "ਹਕੂਮਤ ਨੂੰ ਪਤਾ ਲੱਗ ਜਾਏ ਕਿ ਬੰਦਾ ਸਿੰਘ ਫ਼ੌਜ ਇਕੱਠੀ ਕਰ ਰਿਹਾ ਏ ਤਾਂ ਉਹ ਦਿੱਲੀ ਆਏ ਨੂੰ ਘੇਰ ਵੀ ਸਕਦੀ ਏ। ਉਹ ਦਿੱਲੀ ਆਏ ਜਾਂ ਨਾ, ਸਾਨੂੰ ਮਿਲੇ ਜਾਂ ਨਾ, ਇਸ ਵਿਚ ਕੋਈ ਫ਼ਰਕ ਨਹੀਂ। ਜਿਹੜਾ ਕੰਮ ਸਾਹਿਬਾਂ ਨੇ ਉਹਦੇ ਜ਼ਿੰਮੇ ਲਾਇਆ ਏ, ਅਸੀਂ ਤਾਂ ਉਸ

ਵਿਚ ਉਹਦੀ ਸਫਲਤਾ ਲਈ ਅਰਦਾਸ ਕਰਦੇ ਹਾਂ। ਅਕਾਲ ਪੁਰਖ ਕ੍ਰਿਪਾ ਕਰੇ ਤੇ ਖ਼ਾਲਸੇ ਨੂੰ ਆਪਣੇ ਬਾਣੇ ਦੀ ਲਾਜ ਰੱਖਣ ਦੀ ਸ਼ਕਤੀ ਪ੍ਰਦਾਨ ਕਰੇ।"

ਫ਼ੈਸਲਾ ਹੋਇਆ ਕਿ ਦਸ ਬਾਰਾਂ ਸਿੰਘ ਇਕੱਠੇ ਨਾ ਚੱਲਣ। ਇਉਂ ਹਰ ਕਿਸੇ ਦੀਆਂ ਨਜ਼ਰਾਂ ਸਿੰਘਾਂ ਦੀਆਂ ਸਰਗਰਮੀਆਂ ਵੱਲ ਹੀ ਰਹਿਣਗੀਆਂ। ਦੋ-ਦੋ ਚਾਰ-ਚਾਰ ਕਰਕੇ ਦਿੱਲੀ ਤੋਂ ਨਿਕਲਦੇ ਜਾਉ ਤੇ ਸ਼ਹਿਰ ਦੇ ਬਾਹਰਵਾਰ ਜਮਨਾ ਦੇ ਕੰਢੇ ਮਜਨੂੰ ਦੇ ਟਿੱਲੇ ਕੋਲ ਇਕੱਠੇ ਹੋ ਜਾਉ। ਅਤੇ ਫਿਰ ਬੰਦਾ ਸਿੰਘ ਦੇ ਦਰਸ਼ਨ ਕਰ ਕੇ ਅੱਗੋਂ ਲਈ ਉਨ੍ਹਾਂ ਦੀ ਸਲਾਹ ਲਈ ਜਾਏ।

20

ਸਿੰਘਾਂ ਦਾ ਜਥਾ ਦਿੱਲੀ ਤੋਂ ਬਾਹਰ ਨਿਕਲਿਆ ਤੇ ਇਸ ਤਰ੍ਹਾਂ ਸੁਚੇਤ ਹੋ ਕੇ ਤੁਰਨ ਲੱਗਾ ਕਿ ਉਨ੍ਹਾਂ ਬਾਰੇ ਕਿਸੇ ਨੂੰ ਸ਼ੱਕ ਵੀ ਨਾ ਪਵੇ ਤੇ ਉਹ ਇਕ ਦੂਜੇ ਤੋਂ ਇਤਨੇ ਦੂਰ ਵੀ ਨਾ ਚੱਲਣ ਕਿ ਜੇਕਰ ਕੋਈ ਸੰਕਟ ਆ ਜਾਏ ਤਾਂ ਉਹ ਇਕ ਦੂਜੇ ਦੀ ਮਦਦ 'ਤੇ ਵੀ ਨਾ ਪਹੁੰਚ ਸਕਣ। ਗੁਰੂ ਗੋਬਿੰਦ ਸਿੰਘ ਜੀ ਦੇ ਦਿੱਲੀ ਠਹਿਰਨ ਸਮੇਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਤਖ਼ਤ ਪ੍ਰਾਪਤੀ ਸਮੇਂ ਕੀਤੀ ਮਦਦ ਕਾਰਨ ਮਾਹੌਲ ਕਾਫ਼ੀ ਬਦਲ ਗਿਆ ਸੀ। ਆਮ ਮੁਸਲਮਾਨਾਂ ਵਿਚੋਂ ਵੀ ਜਿਹੜੇ ਲੋਕ ਸਿੱਖਾਂ ਵਿਰੁੱਧ ਨਫ਼ਰਤ ਦਾ ਪ੍ਰਚਾਰ ਕਰ ਰਹੇ ਸਨ, ਉਹ ਵੀ ਚੁੱਪ ਹੋ ਗਏ ਸਨ। ਦੱਖਣ ਵਿਚ ਜਾ ਕੇ ਹਾਲਾਤ ਵਿਚ ਆਈ ਤਬਦੀਲੀ ਦਾ ਅਜੇ ਜਨ-ਸਾਧਾਰਨ ਨੂੰ ਗਿਆਨ ਨਹੀਂ ਸੀ। ਇਸੇ ਲਈ ਸਿੰਘ ਅਜੇ ਬੇਖਟਕ ਤੁਰ ਫਿਰ ਸਕਦੇ ਸਨ।

ਜਦ ਇਹ ਰਾਈ ਪਿੰਡ ਨੇੜੇ ਪਹੁੰਚੇ ਤਾਂ ਸੱਚਮੁੱਚ ਇਕ ਮਾੜੂਆ ਜਿਹਾ ਬੰਦਾ, ਜੋ ਜਰਨੈਲੀ ਸੜਕ ਦੇ ਨਾਲ ਨਾਲ ਰੰਬਾ ਫੜੀ ਘਾਹ ਕੱਟ ਰਿਹਾ ਸੀ, ਨੇ ਇਕ ਦਮ ਉੱਠ ਕੇ ਇਸ਼ਾਰਾ ਕੀਤਾ ਕਿ ਸਾਹਮਣੇ ਸੱਜੇ ਪਾਸੇ ਜਾਂਦੀ ਇਕ ਛੋਟੀ ਜਿਹੀ ਡੰਡੀ 'ਤੇ ਪੈ ਜਾਉ। ਉਹ ਡੰਡੀ ਕੁਝ ਕਦਮਾਂ 'ਤੇ ਜਾ ਕੇ ਦਰੱਖ਼ਤਾਂ ਦੇ ਇਕ ਝੁੰਡ ਵਿਚ ਗੁਆਚਦੀ ਜਾਪਦੀ ਸੀ। ਇਹ ਸਾਰੇ ਪਹਿਲਾਂ ਰੁਕੇ। ਜਰਨੈਲੀ ਸੜਕ 'ਤੇ ਦੂਰ ਦੂਰ ਤਕ ਕੋਈ ਮੁਸਾਫ਼ਰ ਜਾਂ ਰਾਹ-ਗੁਜ਼ਰੂ ਵੀ ਨਹੀਂ ਸੀ। ਸੜਕ ਦੇ ਦੂਜੇ ਪਾਸੇ ਵੀ ਰੁੱਖਾਂ ਦਾ ਝੁੰਡ ਸੀ, ਇਸ ਲਈ ਉਧਰੋਂ ਕੋਈ ਦੂਰੋਂ ਵੀ ਨਹੀਂ ਸੀ ਦੇਖ ਸਕਦਾ ਕਿ ਸਿੰਘ ਕਿਉਂ ਪਗਡੰਡੀ ਪੈ ਗਏ ਹਨ।

ਘਾਹੀ ਨੇ ਕਿਹਾ, "ਆਪ ਚਲੀਏ, ਮੈਂ ਘੋੜੋਂ ਕੇ ਲੀਏ ਘਾਸ ਲੇ ਕਰ ਆਤਾ ਹੂੰ।" ਇਹ ਸਮਝ ਗਏ ਕਿ ਇਹ ਘਾਹ ਕੱਟੀ ਜਾਂਦਾ ਹੈ ਤੇ ਨਾਲ ਸੜਕ 'ਤੇ ਨਿਗਰਾਨੀ ਵੀ ਕਰ ਰਿਹਾ ਹੈ। ਜੇਕਰ ਇਹ ਕੰਮ ਨਾ ਲੱਗਾ ਰਹੇ ਤਾਂ ਕਿਸੇ ਨੂੰ ਵੀ ਇਹਦੇ ਕੋਲੋਂ ਦੋ ਵਾਰ ਲੰਘਦਿਆਂ ਸ਼ੱਕ ਪੈ ਸਕਦਾ ਹੈ ਕਿ ਇਹ ਕਿਉਂ ਇਥੇ ਬੈਠਾ ਰਹਿੰਦਾ ਹੈ।

ਸਿੰਘ ਉਹਦੇ ਦੱਸੇ ਅਨੁਸਾਰ ਡੰਡੀਓ ਡੰਡੀ ਜਦ ਜੰਗਲ ਵਿਚ ਥੋੜ੍ਹੀ ਦੂਰ ਹੀ ਗਏ ਤਾਂ ਉਨ੍ਹਾਂ ਦੇਖਿਆ ਕਿ ਸਾਹਮਣੇ ਕੁਝ ਖੁੱਲ੍ਹੀ ਥਾਂ ਆ ਗਈ ਏ ਤੇ ਉਥੇ ਬੰਦਿਆਂ ਦੀ ਚਹਿਲ-ਪਹਿਲ ਹੈ। ਕੁਝ ਘੋੜੇ ਬੰਨ੍ਹੇ ਹੋਏ ਹਨ ਤੇ ਰੁੱਖ ਹੇਠ ਤੰਬੂ ਲੱਗੇ ਹੋਏ ਹਨ। ਇਨ੍ਹਾਂ ਨੂੰ ਆਉਂਦਿਆਂ ਦੇਖ ਕੇ ਤੇ ਦੂਰੋਂ ਘੋੜਿਆਂ ਦੀ ਆਵਾਜ਼ ਸੁਣ ਕੇ ਤੰਬੂਆਂ ਵਿਚੋਂ ਸਿੰਘ ਨਿਕਲ ਆਏ ਤੇ ਉਨ੍ਹਾਂ ਨੇ ਸਥਿਤੀ ਦਾ ਟਾਕਰਾ ਕਰਨ ਲਈ ਸ਼ਸਤਰ ਵੀ ਸੰਭਾਲ ਲਏ ਤੇ ਮੋਰਚੇ ਵੀ ਬੰਨ੍ਹ ਲਏ। ਜਦ ਉਨ੍ਹਾਂ ਦੇਖਿਆ ਕਿ ਇਹ ਹਕੂਮਤ ਦੇ ਮੁਗ਼ਲ ਫ਼ੌਜੀ ਨਹੀਂ, ਸਿੰਘ ਹਨ

ਤਾਂ ਉਨ੍ਹਾਂ ਨੇ ਅੱਗੇ ਹੋ ਕੇ ਸੁਆਗਤ ਕੀਤਾ। ਇਨ੍ਹਾਂ ਨੂੰ ਇਥੇ ਠਹਿਰਨ ਲਈ ਆਖਿਆ ਗਿਆ। ਜਲ ਪਾਣੀ ਦੀ ਸੇਵਾ ਹੋਈ ਤੇ ਇਨ੍ਹਾਂ ਦੇ ਨਾਮ ਪਤੇ ਲਿਖ ਕੇ ਇਕ ਸਿੰਘ ਘੋੜੇ 'ਤੇ ਚੜ੍ਹ ਕੇ ਲੈ ਗਿਆ। ਜਥੇਦਾਰ ਕਰਮ ਸਿੰਘ ਸਮਝ ਗਿਆ ਕਿ ਬੰਦਾ ਸਿੰਘ ਦਾ ਡੇਰਾ ਅਜੇ ਹੋਰ ਅੱਗੇ ਜੰਗਲ ਵਿਚ ਹੈ। ਜੇਕਰ ਨੇੜੇ ਹੁੰਦਾ ਤਾਂ ਸਿੰਘ ਘੋੜੇ 'ਤੇ ਕਿਉਂ ਜਾਂਦਾ। ਉਹਨੇ ਆਪਣੇ ਸਾਥੀ ਸਿੰਘਾਂ ਨੂੰ ਕਿਹਾ, ਜੋ ਉਸ ਦੇ ਨੇੜੇ ਹੀ ਬੈਠੇ ਹੋਏ ਸਨ ਕਿ ਇਹ ਹਕੂਮਤ ਕਰਨ ਵਾਲਿਆਂ ਦਾ ਤਰੀਕਾ ਹੈ। ਇਥੋਂ ਜਾਪਦਾ ਹੈ ਕਿ ਬੰਦਾ ਸਿੰਘ ਜੀ ਰਾਜਨੀਤਕ ਤੌਰ 'ਤੇ ਕਾਫ਼ੀ ਚੇਤੰਨ ਹਨ। ਬੜੀ ਪੁੱਛ ਪੜਤਾਲ ਪਿੱਛੋਂ ਹੀ ਉਨ੍ਹਾਂ ਤਕ ਪਹੁੰਚਣਾ ਪਵੇਗਾ। ਜੇਕਰ ਉਹ ਅਜਿਹਾ ਤਰੀਕਾ ਨਾ ਅਪਣਾਉਣ ਤਾਂ ਸਿੱਖਾਂ ਦੇ ਭੇਸ ਵਿਚ ਹਕੂਮਤ ਦੇ ਸੂਹੀਏ ਵੀ ਆ ਜਾਣ ਤੇ ਸਾਰਾ ਭੇਦ ਖੁੱਲ੍ਹ ਜਾਏ। ਜਿਹੜੇ ਲੋਕ ਦੁਸ਼ਮਣ ਦੇ ਸੂਹੀਆਂ, ਖ਼ਰੀਦੇ ਹੋਏ ਬੰਦਿਆਂ ਤੇ ਆਪਣੇ ਗ਼ੱਦਾਰਾਂ ਤੋਂ ਸੁਚੇਤ ਨਹੀਂ ਰਹਿੰਦੇ, ਉਹ ਛੇਤੀ ਮਾਰ ਖਾ ਜਾਂਦੇ ਹਨ। ਜੋ ਆਪਣੇ ਤੇ ਬਿਗ਼ਾਨੇ ਦਾ ਤੁਰਤ ਨਿਖੇੜਾ ਕਰ ਲੈਣ, ਉਨ੍ਹਾਂ ਸਾਹਮਣੇ ਅਜਿਹੀ ਕੋਈ ਸਮੱਸਿਆ ਨਹੀਂ ਆਉਂਦੀ।

ਇਥੇ ਪਹਿਲਾਂ ਤੋਂ ਮੌਜੂਦ ਸਿੰਘ ਕਾਫ਼ੀ ਹੁਸ਼ਿਆਰ ਸਨ ਤੇ ਉਹ ਹਰ ਆਉਣ ਵਾਲੇ 'ਤੇ ਪੂਰੀ ਪੂਰੀ ਨਿਗਰਾਨੀ ਰੱਖਦੇ ਸਨ। ਜਦ ਤਕ ਰੁੱਕਾ ਲੈ ਕੇ ਗਿਆ ਸਿੰਘ ਮੁੜ ਕੇ ਨਾ ਆਉਂਦਾ, ਇਹ ਇਕ ਪਾਸੇ ਸੇਵਾ ਕਰਦੇ ਤੇ ਦੂਜੇ ਪਾਸੇ ਆਉਣ ਵਾਲਿਆਂ ਦੀ ਪਰਖ ਵੀ ਬਿਨਾ ਦੱਸੇ ਜਾਰੀ ਰੱਖਦੇ। ਇਹ ਸਿਲਸਿਲਾ ਹਰ ਆਉਣ ਵਾਲੇ ਲਈ ਜਾਰੀ ਰਹਿੰਦਾ ਤੇ ਇਸ ਪਰਖ ਵਿਚ ਕਿਸੇ ਕਿਸਮ ਦੀ ਢਲਿਆਈ ਨਾ ਹੁੰਦੀ।

ਘੋੜ ਸਵਾਰ ਸਿੰਘ ਛੇਤੀ ਵਾਪਸ ਆ ਗਿਆ। ਉਹਨੇ ਆ ਕੇ ਕਿਹਾ, "ਸਾਬੋ ਕੀ ਤਲਵੰਡੀ ਤੋਂ ਆਏ ਜਥੇਦਾਰ ਕਰਮ ਸਿੰਘ ਤੇ ਉਨ੍ਹਾਂ ਨਾਲ ਆਏ ਸਿੰਘਾਂ ਨੂੰ ਭੇਜ ਦਿਉ। ਦੂਜੇ ਉਸ ਪਿੱਛੋਂ ਮਿਲਣ ਆ ਸਕਦੇ ਹਨ।"

ਇਹ ਜਥਾ ਮੁੜ ਕੇ ਆਪਣੇ ਘੋੜਿਆਂ 'ਤੇ ਸਵਾਰ ਹੋ ਗਿਆ ਤੇ ਉਸੇ ਸਿੰਘ ਦੇ ਪਿੱਛੇ ਪਿੱਛੇ ਚੱਲ ਪਿਆ। ਉਨ੍ਹਾਂ ਦੇਖਿਆ ਕਿ ਅੱਗੋਂ ਫਿਰ ਰੁੱਖਾਂ ਦੇ ਝੁੰਡ ਵਿਚ ਦੋ ਰਾਹ ਸੱਜੇ ਤੇ ਖੱਬੇ ਨਿਕਲਦੇ ਹਨ। ਇਨ੍ਹਾਂ ਨੂੰ ਸੱਜੇ ਹੱਥ ਵਾਲੇ ਰਾਹ ਤੋਂ ਲਿਜਾਇਆ ਗਿਆ। ਥੋੜ੍ਹੀ ਦੂਰ ਜਾ ਕੇ ਫਿਰ ਇਕ ਮੈਦਾਨ ਆਇਆ, ਇਥੋਂ ਦਰੱਖ਼ਤ ਕੱਟੇ ਹੋਏ ਸਨ ਤੇ ਅਨੇਕਾਂ ਰੁੱਖਾਂ ਦੇ ਮੁੱਢ ਅਜੇ ਤਕ ਧਰਤੀ ਵਿਚੋਂ ਪੁੱਟੇ ਵੀ ਨਹੀਂ ਸਨ। ਉਨ੍ਹਾਂ ਨੂੰ ਲੰਘ ਕੇ ਇਕ ਹੋਰ ਰੁੱਖਾਂ ਦਾ ਝੁੰਡ ਆ ਗਿਆ। ਇਥੇ ਬਹੁਤ ਵੱਡੇ ਵੱਡੇ ਬੋਹੜ ਦੇ ਪੰਜ ਦਰੱਖ਼ਤ ਸਨ ਤੇ ਉਨ੍ਹਾਂ ਦੇ ਵਿਚਕਾਰ ਇਕ ਬਹੁਤ ਵੱਡਾ ਤਲਾਅ ਸੀ। ਜਾਪਦਾ ਸੀ ਕਿ ਇਥੇ ਪਾਣੀ ਦਾ ਭੰਡਾਰ ਹੋਣ ਕਾਰਨ ਹੀ ਇਸ ਦੇ ਕੰਢੇ 'ਤੇ ਸਿੰਘਾਂ ਨੇ ਡੇਰਾ ਲਾਇਆ ਹੋਇਆ ਸੀ। ਤਲਾਅ ਦਾ ਪਾਣੀ ਕਾਫ਼ੀ ਸਾਫ਼ ਸੀ ਤੇ ਉਸ ਵਿਚੋਂ ਬਾਲਟੀਆਂ ਬਾਟੇ ਭਰ ਭਰ ਕੇ ਵਰਤਣ ਲਈ ਪਾਣੀ ਲਿਆ ਜਾ ਰਿਹਾ ਸੀ। ਘੋੜਿਆਂ ਤੇ ਹੋਰ ਜਾਨਵਰਾਂ ਨੂੰ ਤਲਾਅ ਤੋਂ ਦੂਰ ਹੀ ਰੱਖਿਆ ਹੋਇਆ ਸੀ ਤੇ ਜਿਥੇ ਉਹ ਰੁੱਖਾਂ ਦੇ ਝੁੰਡ ਨਾਲ ਬੰਨ੍ਹੇ ਹੋਏ ਸਨ, ਉਥੇ ਹੀ ਉਨ੍ਹਾਂ ਲਈ ਪਾਣੀ ਪਹੁੰਚਾਇਆ ਜਾ ਰਿਹਾ ਸੀ।

ਇਕ ਸੁੰਦਰ ਤੰਬੂ 'ਚੋਂ ਬੰਦਾ ਸਿੰਘ ਨਿਕਲਿਆ। ਜਥੇਦਾਰ ਕਰਮ ਸਿੰਘ ਉਨ੍ਹਾਂ ਨੂੰ ਭਾਵੇਂ ਪਹਿਲਾਂ ਕਦੇ ਵੀ ਨਹੀਂ ਸੀ ਮਿਲਿਆ, ਕਦੇ ਵੀ ਨਹੀਂ ਸੀ ਸੁਣਿਆ ਪਰ ਬੰਦਾ ਸਿੰਘ ਦੀ ਡੀਲ-ਡੌਲ ਤੇ ਉੱਚੇ-ਲੰਮੇ ਕਦ ਤੋਂ ਛੁੱਟ ਉਹਦਾ ਲਾਲ ਸੂਹਾ ਚਿਹਰਾ, ਪ੍ਰਭਾਵਸ਼ਾਲੀ ਦਿੱਖ ਤੇ ਨੂਰਾਨੀ ਪ੍ਰਭਾਵ ਤੋਂ ਹੀ ਜਥੇਦਾਰ ਕਰਮ ਸਿੰਘ ਨੇ ਅਨੁਮਾਨ ਲਾ ਲਿਆ ਕਿ ਇਹੋ ਬੰਦਾ ਸਿੰਘ ਏ। ਨਾਲ ਲਿਜਾ ਰਹੇ ਸੇਵਾਦਾਰ ਨੇ ਦੂਰੋਂ ਦੇਖ ਕੇ ਘੋੜਾ ਰੋਕ ਲਿਆ ਤੇ ਘੋੜੇ ਤੋਂ ਉਤਰ ਆਇਆ। ਬਾਕੀ ਦੇ ਸਿੰਘ ਵੀ ਘੋੜਿਆਂ ਤੋਂ ਉਤਰ ਆਏ ਤੇ ਉਨ੍ਹਾਂ ਨੇ ਘੋੜੇ ਬੰਨ੍ਹ

ਦਿੱਤੇ। ਫਿਰ ਜਥੇਦਾਰ ਕਰਮ ਸਿੰਘ ਨੇ ਅੱਗੇ ਹੋ ਕੇ ਫ਼ਤਹਿ ਬੁਲਾਈ ਤੇ ਜਦ ਝੁਕ ਕੇ ਗੋਡੀਂ ਹੱਥ ਲਾਉਣ ਲੱਗਾ ਤਾਂ ਬੰਦਾ ਸਿੰਘ ਨੇ ਰੋਕ ਦਿੱਤਾ ਤੇ ਕਿਹਾ, "ਸਿੰਘ ਮਿਲਣ 'ਤੇ ਫ਼ਤਹਿ ਬੁਲਾਉ। ਅਸੀਂ ਅਕਾਲ ਪੁਰਖ ਤੇ ਸਤਿਗੁਰੂ ਤੋਂ ਬਿਨਾ ਹੋਰ ਕਿਸੇ ਅੱਗੇ ਨਹੀਂ ਝੁਕਣਾ। ਨਮਸਕਾਰ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ। ਸਿੰਘਾਂ ਦੀ ਮਿਲਣੀ ਤੇ ਖ਼ੁਸ਼ੀ ਫ਼ਤਹਿ ਵਿਚ ਹੈ।"

ਬੜੇ ਪਿਆਰ ਨਾਲ ਸਭ ਨੂੰ ਮਿਲ ਕੇ ਬੰਦਾ ਸਿੰਘ ਅੰਦਰ ਲੈ ਗਿਆ। ਉਥੇ ਉਨ੍ਹਾਂ ਨੂੰ ਆਪਣੀ ਜਾਣ-ਪਛਾਣ ਕਰਵਾਈ ਤੇ ਦੱਸਿਆ ਕਿ ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਉਹਦਾ ਗੁਦਾਵਰੀ ਦੇ ਕੰਢੇ 'ਤੇ ਮੇਲ ਹੋਇਆ। ਉਹਨੇ ਕਿਸ ਤਰ੍ਹਾਂ ਪਹਿਲਾਂ ਵੀ ਇਕ ਵਾਰੀ ਜਮਨਾ ਦੇ ਕੰਢੇ ਨਾਹਨ ਰਿਆਸਤ ਵਿਚ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਸਨ। ਉਦੋਂ ਬੈਰਾਗੀ ਦੇ ਰੂਪ ਵਿਚ ਉਸ ਇਲਾਕੇ ਵਿਚ ਬੜਾ ਰਮਣੀਕ ਥਾਂ ਦੇਖ ਕੇ ਉਹ ਕੁਝ ਸਮਾਂ ਵਿਚਰਿਆ ਸੀ। ਇਸੇ ਲਈ ਜਦੋਂ ਨਾਦੇੜ ਵਿਚ 20 ਸਾਲ ਪਿੱਛੋਂ ਮੇਲ ਹੋਇਆ ਤਾਂ ਇਕੋ ਮਿਲਣੀ ਵਿਚ ਮੈਂ ਲਛਮਣ ਦਾਸ ਬੈਰਾਗੀ ਤੋਂ ਬੰਦਾ ਸਿੰਘ ਬਣ ਗਿਆ। ਜਦੋਂ ਅੰਮ੍ਰਿਤ ਪਾਨ ਕੀਤਾ ਤਾਂ ਨਾਮ ਭਾਵੇਂ ਗੁਰਬਖ਼ਸ਼ ਸਿੰਘ ਰੱਖਿਆ ਗਿਆ ਪਰ 'ਤੁਹਾਡਾ ਬੰਦਾ' ਕਹਿਣ 'ਤੇ ਸਦਾ ਲਈ ਮੇਰਾ ਨਾਮ ਬੰਦਾ ਸਿੰਘ ਹੀ ਪੈ ਗਿਆ। ਬੰਦਾ ਸਿੰਘ ਨੇ ਬੜੇ ਵਿਸਥਾਰ ਨਾਲ ਉਹ ਸਾਰੀਆਂ ਗੱਲਾਂ ਦੱਸੀਆਂ, ਜੋ ਗੁਰੂ ਗੋਬਿੰਦ ਸਿੰਘ ਨੇ ਉਹਦੇ ਜ਼ਿੰਮੇ ਸੇਵਾ ਲਾਈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜ ਹੋਰ ਮੁਖੀ ਸਿੰਘ ਮੇਰੇ ਸਲਾਹਕਾਰ ਹਨ ਤੇ ਉਨ੍ਹਾਂ ਦੀ ਸਲਾਹ ਨਾਲ ਹੀ ਅਸੀਂ ਸੇਵਾ ਨੇਪਰੇ ਚਾੜ੍ਹਨ ਦਾ ਯਤਨ ਕਰਾਂਗੇ।

ਇਹ ਵੀ ਪਤਾ ਲੱਗ ਗਿਆ ਕਿ ਗੁਰੂ ਸਾਹਿਬ ਦੇ ਹੁਕਮਨਾਮੇ ਤੇ ਬੰਦਾ ਸਿੰਘ ਦੀਆਂ ਅਪੀਲਾਂ ਸਾਰੇ ਦੇਸ਼ ਵਿਚ ਮੁਖੀ ਸਿੱਖਾਂ ਪਾਸ ਪਹੁੰਚਾ ਦਿੱਤੀਆਂ ਗਈਆਂ ਹਨ। ਕਰਮ ਸਿੰਘ ਨੂੰ ਪਤਾ ਲੱਗ ਗਿਆ ਕਿ ਜਦੋਂ ਇਹ ਦਿੱਲੀ ਲਈ ਚੱਲ ਪਏ ਸਨ ਤਾਂ ਪਿੱਛੋਂ ਸਾਬੋ ਕੀ ਤਲਵੰਡੀ ਵੀ ਪੱਤਰ ਤੇ ਸੁਨੇਹੇ ਪਹੁੰਚ ਗਏ ਸਨ।

"ਦਿੱਲੀ ਵਿਚ ਮਾਤਾਵਾਂ ਪਾਸ ਇਹ ਹੁਕਮਨਾਮਾ ਤੇ ਤੁਹਾਡਾ ਸੁਨੇਹਾ ਹੁਣ ਕਾਫ਼ੀ ਪੱਛੜ ਕੇ ਪਹੁੰਚਿਆ ਹੈ, ਹਾਲਾਂਕਿ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਸੂਚਨਾ ਹੋਣੀ ਚਾਹੀਦੀ ਸੀ," ਜਥੇਦਾਰ ਕਰਮ ਸਿੰਘ ਨੇ ਬੜੀ ਨਿਮਰਤਾ ਨਾਲ ਪੁੱਛ ਲਿਆ।

"ਇਸ ਲਈ ਮੈਂ ਜ਼ਿੰਮੇਵਾਰ ਹਾਂ," ਬੰਦਾ ਸਿੰਘ ਨੇ ਸਾਫ਼ ਕਹਿ ਦਿੱਤਾ, "ਮੈਂ ਇਹ ਕੰਮ ਆਪਣੇ ਜ਼ਿੰਮੇ ਲਿਆ ਸੀ, ਕਿਉਂਕਿ ਚਾਹੁੰਦਾ ਸਾਂ ਕਿ ਮੈਂ ਜਾ ਕੇ ਪਹਿਲਾਂ ਮਾਤਾਵਾਂ ਨੂੰ ਮਿਲਾਂ। ਉਨ੍ਹਾਂ ਦੀ ਆਸ਼ੀਰਵਾਦ ਲਵਾਂ। ਮੈਂ ਸੁਣ ਚੁੱਕਿਆ ਹਾਂ ਕਿ ਮਾਤਾ ਸੁੰਦਰੀ ਜੀ ਬਹੁਤ ਹੀ ਸੂਝਵਾਨ ਹਨ ਤੇ ਰਾਜਨੀਤਕ ਪਿੜ ਵਿਚ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਹੈ। ਮੈਂ ਇਥੇ ਆ ਕੇ ਇਕ ਵਾਰ ਦਿੱਲੀ ਜਾਣ ਦਾ ਵਿਚਾਰ ਵੀ ਬਣਾਇਆ ਸੀ, ਪਰ ਜਦੋਂ ਇਹ ਇਤਲਾਹ ਮਿਲ ਗਈ ਕਿ ਉਨ੍ਹਾਂ ਦੇ ਲੈ-ਪਾਲਕ ਪੁੱਤਰ ਨੇ ਆਪਣੇ ਆਪ ਨੂੰ ਗੁਰੂ ਅਖਵਾਣਾ ਸ਼ੁਰੂ ਕਰ ਦਿੱਤਾ ਹੈ ਤਾਂ ਮੈਂ ਦਿੱਲੀ ਜਾਣਾ ਠੀਕ ਨਹੀਂ ਸਮਝਿਆ। ਮੇਰਾ ਉਹਦੇ ਨਾਲ ਝਗੜਾ ਹੋ ਸਕਦਾ ਹੈ ਤੇ ਮੈਂ ਦਿੱਲੀ ਵਰਗੀ ਥਾਂ 'ਤੇ ਕੋਈ ਖੱਪ ਨਹੀਂ ਪਾਣਾ ਚਾਹੁੰਦਾ।"

"ਇਹਦਾ ਅਰਥ ਇਹ ਤਾਂ ਨਹੀਂ ਕਿ ਤੁਸੀਂ ਗਲਤ ਪਾਸੇ ਜਾ ਰਹੇ ਸਿੱਖਾਂ ਨਾਲ ਉਲਝਣ ਤੋਂ ਸੰਕੋਚ ਕਰ ਰਹੇ ਹੋ?" ਕਰਮ ਸਿੰਘ ਦੇ ਨਾਲ ਬੈਠੇ ਇਕ ਸਿੰਘ ਨੇ ਪੁੱਛ ਲਿਆ।

"ਨਹੀਂ, ਇਹ ਗੱਲ ਨਹੀਂ," ਸਿੰਘ ਸਾਹਿਬ ਬੰਦਾ ਸਿੰਘ ਨੇ ਉੱਤਰ ਦਿੱਤਾ, "ਮੈਨੂੰ ਪਤਾ ਹੈ ਕਿ ਕੋਈ ਸਿਖ ਹੁਣ ਗੁਰੂ ਬਣਨਾ ਚਾਹੇਗਾ ਤਾਂ ਉਹ ਸੰਗਤ ਵਿਚ ਭੁਲੇਖਾ ਨਹੀਂ ਪਾ ਸਕੇਗਾ। ਛੇਤੀ ਅਜਿਹੇ ਵਿਅਕਤੀ ਦਾ ਪਾਜ ਉਘੜ ਜਾਏਗਾ। ਦਿੱਲੀ ਦੀ ਸਿਖ ਸੰਗਤ

ਹੀ ਉਹਨੂੰ ਸੋਧ ਲਵੇਗੀ। ਮੈਂ ਜਿਸ ਨਿਸ਼ਾਨੇ ਲਈ ਤੁਰਿਆ ਹਾਂ, ਉਸ ਪਾਸੇ ਵਧਣ ਤੋਂ ਰੁਕ ਸਕਦਾ ਹਾਂ। ਮੇਰੀ ਅੰਤਰ-ਆਤਮਾ ਕਹਿ ਰਹੀ ਏ ਕਿ ਤੂੰ ਜਦ ਵੀ ਦਿੱਲੀ ਗਿਆ, ਮੁੜ ਕੇ ਨਹੀਂ ਆ ਸਕੇਂਗਾ।"

"ਹੈਂ, ਇਹ ਕੀ?" ਕਰਮ ਸਿੰਘ ਨੇ ਤੁਰਤ ਗੱਲਾਂ ਵਿਚੇ ਟੋਕ ਕੇ ਕਿਹਾ।

"ਇਹ ਤਾਂ ਮੈਂ ਵੀ ਸਪੱਸ਼ਟ ਕੁਝ ਨਹੀਂ ਦੱਸ ਸਕਦਾ," ਸਿੰਘ ਸਾਹਿਬ ਬੰਦਾ ਸਿੰਘ ਨੇ ਕਿਹਾ, "ਮੈਂ ਦਿੱਲੀ ਅਜੇ ਨਹੀਂ ਜਾਣਾ। ਜਾਵਾਂਗਾ ਜ਼ਰੂਰ, ਪਰ ਕੁਝ ਸਮਾਂ ਠਹਿਰ ਕੇ। ਇਸੇ ਲਈ ਮੈਂ ਹੁਣ ਮਾਤਾਵਾਂ ਨੂੰ ਸੁਨੇਹਾ ਭੇਜਿਆ ਏ ਕਿ ਉਹ ਦਿੱਲੀ ਤੋਂ ਬਾਹਰ ਆ ਕੇ ਮਿਲ ਜਾਣ। ਦੇਖੋ, ਹੋਵੇਗਾ ਉਹੀ, ਜੋ ਵਾਹਿਗੁਰੂ ਨੂੰ ਮਨਜ਼ੂਰ ਹੈ।"

"ਸਾਡੇ ਲਈ ਕੀ ਹੁਕਮ ਏ?" ਜਥੇਦਾਰ ਕਰਮ ਸਿੰਘ ਨੇ ਸਾਫ਼ ਪ੍ਰਸ਼ਨ ਕਰਦਿਆਂ ਦੱਸਿਆ, "ਅਸੀਂ ਸਾਬੋ ਕੀ ਤਲਵੰਡੀ ਜਾ ਰਹੇ ਹਾਂ। ਰਸਤੇ ਵਿਚ ਸਿੰਘਾਂ ਦੇ ਟਿਕਾਣਿਆਂ 'ਤੇ ਦੱਸਦੇ ਜਾਈਏ। ਆਉਂਦੀ ਵਾਰ ਸਾਨੂੰ ਹਰ ਥਾਂ ਸਿਖ ਸੰਗਤਾਂ ਇਹੀ ਪੁੱਛਦੀਆਂ ਸਨ ਕਿ ਅੱਗੋਂ ਕੀ ਹੋਵੇਗਾ? ਪੰਥ ਦੀ ਚੜ੍ਹਦੀ ਕਲਾ ਲਈ ਹੁਣ ਕੀ ਕਰਨਾ ਹੈ? ਅੱਗੇ ਲੋਕ ਮਾਤਾ ਸੁੰਦਰੀ ਤੋਂ ਅਗਵਾਈ ਦੀ ਆਸ ਕਰਦੇ ਪਏ ਸਨ, ਹੁਣ ਤੁਹਾਡਾ ਆਉਣਾ ਤੇ ਤੁਹਾਡੇ ਲਈ ਜਾਰੀ ਹੋਏ ਹੁਕਮਨਾਮਿਆਂ ਨੇ ਹਾਲਾਤ ਦਾ ਨਵਾਂ ਰੁਖ਼ ਸਾਹਮਣੇ ਲੈ ਆਂਦਾ ਹੈ।"

"ਤਿਆਰੀ ਕਰੋ, ਜਥੇ ਬੰਨ੍ਹੋ ਤੇ ਜ਼ੁਲਮ ਦੇ ਟਾਕਰੇ ਲਈ ਕੁਰਬਾਨੀ ਕਰਨ ਵਾਸਤੇ ਨਿਤਰੋ," ਸਿੰਘ ਸਾਹਿਬ ਬੰਦਾ ਸਿੰਘ ਨੇ ਸੰਦੇਸ਼ਾ ਦਿੰਦਿਆਂ ਆਖਿਆ, "ਰਾਜਸੀ ਤਾਕਤ ਬਿਨਾਂ ਧਰਮ ਦੀ ਰੱਖਿਆ ਨਹੀਂ ਹੋ ਸਕਦੀ। ਸੱਚ ਵੀ ਕਮਜ਼ੋਰਾਂ ਦਾ ਦੱਬਿਆ ਜਾਂਦਾ ਹੈ। ਤਾਕਤਵਰਾਂ ਦਾ ਝੂਠ ਵੀ ਕੁਝ ਸਮੇਂ ਲਈ ਤਾਂ ਭਾਰੂ ਹੋ ਜਾਂਦਾ ਹੈ। ਇਹ ਵੀ ਕਾਨੂੰਨੇ-ਕੁਦਰਤ ਨੂੰ ਯਾਦ ਰੱਖੋ ਕਿ ਪਾਪੀ ਦੇ ਮਾਰਨ ਲਈ ਪਾਪ ਮਹਾਂਬਲੀ ਹੋ ਜਾਂਦਾ ਹੈ। ਅਸੀਂ ਆਪਣੀ ਰਾਜ ਸ਼ਕਤੀ ਬਣਾਉਣ ਦੀ ਵਿਉਂਤ ਤਿਆਰ ਕਰ ਰਹੇ ਹਾਂ। ਅਜੇ ਕੁਝ ਸਮਾਂ ਪਾਉਂਟਾ ਦੇ ਨੇੜੇ ਤੇ ਜਗਾਧਰੀ ਵੱਲ ਆਪਣੀ ਤਾਕਤ ਬਣਾਵਾਂਗੇ। ਕਿਧਰੇ ਆਪਣਾ ਮੁੱਖ ਕੇਂਦਰ ਬਣਾ ਕੇ ਉਥੋਂ ਪੰਜਾਬ ਵੱਲ ਆਵਾਂਗੇ।"

"ਕਦੋਂ ਕੁ ਤਕ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ।

"ਅਸੀਂ ਅਜੇ ਨਹੀਂ ਦੱਸ ਸਕਦੇ, ਪਰ ਥੋੜ੍ਹੇ ਥੋੜ੍ਹੇ ਸਮੇਂ ਪਿੱਛੋਂ ਸਾਬੋ ਕੀ ਤਲਵੰਡੀ, ਮਾਲਵੇ ਤੇ ਮਾਝੇ ਵਿਚ ਕੁਝ ਥਾਵਾਂ 'ਤੇ ਸਭ ਸੂਚਨਾ ਪਹੁੰਚ ਜਾਇਆ ਕਰੇਗੀ," ਸਿੰਘ ਸਾਹਿਬ ਬੰਦਾ ਸਿੰਘ ਨੇ ਕਿਹਾ, "ਤੁਸੀਂ ਦੁਆਬੇ ਵਿਚ ਜਥੇਬੰਦੀ ਮਜ਼ਬੂਤ ਕਰੋ। ਦੱਸੋ, ਕਰਤਾਰਪੁਰ ਹੀ ਹਰ ਖ਼ਬਰ ਭੇਜੀ ਜਾ ਸਕਦੀ ਏ? ਬੱਸ, ਵੱਧ ਤੋਂ ਵੱਧ ਕੁਰਬਾਨੀ ਕਰਨ ਵਾਲੇ ਸਿੰਘ ਤਿਆਰ ਕਰੋ, ਸਾਡੇ ਵੱਲ ਜਥੇ ਭੇਜੋ, ਅਸੀਂ ਪੰਥ ਦੀ ਚੜ੍ਹਦੀ ਕਲਾ ਲਈ ਹਰ ਉਪਰਾਲੇ ਵਿਚ ਉਨ੍ਹਾਂ ਨੂੰ ਸ਼ਾਮਲ ਕਰਾਂਗੇ। ਇਕੋ ਗੱਲ ਯਾਦ ਰੱਖਣੀ, ਕੱਚੇ ਪਿੱਲੇ ਬੰਦੇ ਨਾ ਭੇਜਣੇ। ਖ਼ੁਦਗਰਜ਼ ਸਾਨੂੰ ਨਹੀਂ ਚਾਹੀਦੇ। ਲਾਲਚੀ ਮਨੁੱਖ ਕਮਜ਼ੋਰ ਹੁੰਦਾ ਹੈ ਤੇ ਉਹ ਆਪਣੀ ਸ਼ਕਤੀ ਠੀਕ ਤਰ੍ਹਾਂ ਨਹੀਂ ਵਰਤ ਸਕਦਾ।"

"ਸਿੰਘ ਬਣਦਾ ਹੀ ਉਹੀ ਹੈ, ਜੋ ਸੱਚ 'ਤੇ ਪਹਿਰਾ ਦਿੰਦਿਆਂ ਹਰ ਕੁਰਬਾਨੀ ਕਰਨ ਲਈ ਤਿਆਰ ਹੁੰਦਾ ਏ। ਹਕੂਮਤ ਦੀ ਇਤਨੀ ਕਰੜਾਈ ਤੇ ਹਾਕਮਾਂ ਦੀਆਂ ਅੱਖਾਂ ਵਿਚ ਇਤਨਾ ਵਿਰੋਧ ਦੇਖ ਕੇ ਕੋਈ ਦਿਲ-ਗੁਰਦੇ ਵਾਲਾ ਹੀ ਸਿੰਘ ਸਜਦਾ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਬਥੇਰੇ ਸਿੰਘ ਨੇ, ਜੋ 'ਵਾਜ ਮਾਰਿਆਂ ਪੰਥ ਲਈ ਆਪਾ ਨਿਛਾਵਰ ਕਰਨ ਲਈ ਝੱਟ ਨਿਕਲ ਆਉਣਗੇ।"

"ਬੱਸ ਤਿਆਰੀ ਕਰੋ," ਸਿੰਘ ਸਾਹਿਬ ਬੰਦਾ ਸਿੰਘ ਨੇ ਗੱਲ ਮੁਕਾਈ, "ਜਿਤਨੇ ਵੱਧ

ਸਿੰਘ ਸਾਡੇ ਨਾਲ ਜੁੜਨਗੇ, ਉਤਨਾ ਹੀ ਸਾਡਾ ਕੰਮ ਸੌਖਾ ਹੋਵੇਗਾ। ਅਸੀਂ ਸਚਾਈ 'ਤੇ ਡਟੇ ਹਾਂ। ਕੂੜ ਤੇ ਕੁਸੱਤ ਸਾਡੇ ਟਾਕਰੇ ਟਿਕ ਨਹੀਂ ਸਕਦਾ। ਕੌਮ ਨੂੰ ਇਕੋ ਯਕੀਨ ਦਿਵਾਂਦਾ ਹਾਂ ਕਿ ਸਾਡੀ ਚੜ੍ਹਦੀ ਕਲਾ ਦਾ ਯੁਗ ਸ਼ੁਰੂ ਹੋਣ ਵਾਲਾ ਹੈ। ਆਉ ਭਾਗਾਂ ਵਾਲਿਉ, ਤੁਸੀਂ ਵੀ ਇਸ ਪੰਥਕ ਕਾਰਜ ਵਿਚ ਆਪਣਾ ਹਿੱਸਾ ਪਾ ਲਉ।"

"ਠੀਕ ਏ ਜੀ," ਜਥੇਦਾਰ ਕਰਮ ਸਿੰਘ ਨੇ ਹੁੰਗਾਰਾ ਭਰਿਆ, "ਅਸੀਂ ਪੰਥ ਦੀ ਚੜ੍ਹਦੀ ਕਲਾ ਲਈ ਤਨ, ਮਨ ਤੇ ਧਨ ਨਾਲ ਤੁਹਾਡੇ ਨਾਲ ਹਾਂ। ਮੈਂ ਸਾਬੋ ਕੀ ਤਲਵੰਡੀ ਤੋਂ ਹੋ ਕੇ ਦੁਆਬੇ ਵਿਚ ਜਾ ਕੇ ਜਥੇ ਤਿਆਰ ਕਰਾਂਗਾ। ਤੁਹਾਡਾ ਸੰਦੇਸ਼ਾ ਆਉਂਦਿਆਂ ਜਥੇ ਤੋਰ ਦਿਆਂਗੇ।"

ਜਥੇਦਾਰ ਕਰਮ ਸਿੰਘ ਨੇ ਆਗਿਆ ਲਈ ਤੇ ਉਥੋਂ ਚੱਲ ਪਏ। ਇਨ੍ਹਾਂ ਦੇ ਹੁੰਦਿਆਂ ਹੀ ਸਿੰਘ ਸਾਹਿਬ ਨੇ ਮਿਲਣ ਆਏ ਦੂਜੇ ਸਿੰਘਾਂ ਨੂੰ ਬੁਲਾ ਭੇਜਿਆ। ਸਿੰਘ ਸਾਹਿਬ ਬਹੁਤ ਘੱਟ ਹੀ ਕਿਸੇ ਨਾਲ ਇਤਨੀ ਖੁੱਲ੍ਹ ਕੇ ਤੇ ਲੰਮੀ ਗੱਲ-ਬਾਤ ਕਰਦੇ ਸਨ ਪਰ ਜਥੇਦਾਰ ਕਰਮ ਸਿੰਘ ਨਾਲ ਇਸ ਲਈ ਬਹੁਤਾ ਸਮਾਂ ਲੱਗ ਗਿਆ, ਕਿਉਂਕਿ ਇਹਨੇ ਸਾਬੋ ਕੀ ਤਲਵੰਡੀ ਜਾਣਾ ਸੀ ਤੇ ਇਉਂ ਇਹਦੇ ਰਾਹੀਂ ਸਭ ਥਾਈਂ ਸੁਨੇਹਾ ਛੇਤੀ ਪਹੁੰਚ ਸਕਦਾ ਸੀ। ਉਨ੍ਹਾਂ ਇਹ ਵੀ ਦੱਸ ਦਿੱਤਾ ਕਿ ਦੋ-ਤਿੰਨ ਮਹੀਨੇ ਤਕ ਜਿਤਨੇ ਵੀ ਜਥੇ ਆ ਗਏ, ਉਨ੍ਹਾਂ ਨੂੰ ਲੈ ਕੇ ਆਪ ਇਥੋਂ ਨਿਕਲ ਪੈਣਗੇ। ਕਿਥੇ ਜਾਣਗੇ ? ਕਿਵੇਂ ਅਗਲੀ ਕਾਰਵਾਈ ਹੋਏਗੀ, ਇਸ ਬਾਰੇ ਉਹ ਸਮੇਂ ਤੋਂ ਪਹਿਲਾਂ ਕੁਝ ਨਹੀਂ ਸਨ ਦੱਸਣਾ ਚਾਹੁੰਦੇ। ਇਸੇ ਲਈ ਉਨ੍ਹਾਂ ਕੇਵਲ ਇਤਨਾ ਕਿਹਾ ਕਿ ਤਿਆਰੀ ਕਰੋ ਤੇ ਅਗਲੇ ਸੁਨੇਹੇ ਦੀ ਉਡੀਕ ਕਰੋ। ਜਥੇਦਾਰ ਕਰਮ ਸਿੰਘ ਨਾਲ ਉਨ੍ਹਾਂ ਵੱਖਰਿਆਂ ਤੇ ਇਕੱਲਿਆਂ ਵੀ ਗੱਲ-ਬਾਤ ਕੀਤੀ। ਕੀ ਵੱਖਰੇ ਗੱਲ-ਬਾਤ ਹੋਈ, ਇਸ ਬਾਰੇ ਕਰਮ ਸਿੰਘ ਨੇ ਵੀ ਸਾਰਿਆਂ ਸਾਥੀਆਂ ਨਾਲ ਕੋਈ ਚਰਚਾ ਨਾ ਕੀਤਾ।

ਜਥੇਦਾਰ ਕਰਮ ਸਿੰਘ ਤੇ ਉਸ ਦੇ ਸਾਥੀ ਸਿੰਘ 'ਬਡ਼੍ਹ ਖ਼ਾਲਸਾ' ਨਵੇਂ ਟਿਕਾਣੇ ਤੇ ਜੰਗਲ ਵਿਚੋਂ ਨਿਕਲ ਕੇ ਸਾਬੋ ਕੀ ਤਲਵੰਡੀ ਵੱਲ ਚੱਲ ਪਏ। ਜਿਨ੍ਹਾਂ ਜਿਨ੍ਹਾਂ ਟਿਕਾਣਿਆਂ 'ਤੇ ਦਿੱਲੀ ਜਾਂਦਿਆਂ ਠਹਿਰੇ ਸਨ, ਉਨ੍ਹਾਂ ਟਿਕਾਣਿਆਂ 'ਤੇ ਵਾਪਸੀ ਸਮੇਂ ਵੀ ਠਹਿਰੇ ਤੇ ਸਭ ਨੂੰ ਇਕ ਤਾਂ ਮਾਤਾ ਸੁੰਦਰੀ ਜੀ ਦਾ ਸੰਦੇਸ਼ਾ ਦਿੰਦੇ ਗਏ ਕਿ ਕਲਗੀਧਰ ਪਾਤਸ਼ਾਹ ਗੁਰ-ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਗਏ ਹਨ, ਕਿਸੇ ਦੇਹਧਾਰੀ ਮਨੁੱਖ ਨੂੰ ਨਹੀਂ, ਇਸ ਲਈ ਸਿੱਖਾਂ ਦਾ ਯਾਰ੍ਹਵਾਂ ਗੁਰੂ ਜਾਂ ਯਾਰ੍ਹਵੀਂ ਨਾਨਕ ਜੋਤ ਅਖਵਾਣ ਵਾਲੇ ਸਾਰੇ ਝੂਠੇ ਹਨ। ਕਿਸੇ ਨੂੰ ਗੱਦੀ ਨਹੀਂ ਮਿਲੀ। ਦੂਜਾ ਸਭ ਨੂੰ ਬੰਦਾ ਸਿੰਘ ਦਾ ਸੁਨੇਹਾ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਨ੍ਹਾਂ ਨੂੰ ਸੌਂਪੇ ਕਾਰਜ ਬਾਰੇ ਜਾਣਕਾਰੀ ਦਿੰਦਿਆਂ ਸੁਝਾਅ ਦਿੱਤਾ ਕਿ ਆਪਣੇ ਹੱਕਾਂ, ਅਧਿਕਾਰਾਂ ਤੇ ਸੱਚ ਨਿਆਂ ਲਈ ਕੁਰਬਾਨੀ ਕਰਨ ਵਾਸਤੇ ਤਿਆਰ ਹੋ ਜਾਉ। ਹਥਿਆਰਬੰਦ ਹੋ ਕੇ ਯੁੱਧ ਲੜਨ ਲਈ ਤਿਆਰ ਹੋ ਜਾਉ। ਇਹ ਨਵੀਂ ਯੁੱਧ ਨੀਤੀ ਵਿਚ ਸਾਂਝੀ ਅਗਵਾਈ ਲਈ ਦੱਖਣ ਤੋਂ ਮਹਾਨ ਆਤਮਕ ਸ਼ਕਤੀ ਵਾਲਾ ਜਰਨੈਲ ਬੰਦਾ ਸਿੰਘ ਆ ਗਿਆ ਹੈ।

ਆਪਣੇ ਆਪ ਨੂੰ ਸਿੱਖਾਂ ਦੇ ਅਖੌਤੀ ਗੁਰੂ ਅਖਵਾਣ ਵਾਲੇ ਸਿੱਖਾਂ ਵਿਚ ਇਹ ਭੁਲੇਖਾ ਵੀ ਪਾ ਰਹੇ ਸਨ ਕਿ ਬੰਦਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਨੇ ਨਹੀਂ ਭੇਜਿਆ। ਉਹ ਝੂਠਾ ਪ੍ਰਚਾਰ ਕਰ ਕੇ ਸਿੱਖਾਂ ਦੀ ਅਗਵਾਈ ਸੰਭਾਲ ਰਿਹਾ ਹੈ। ਉਹ ਤਾਂ ਲਛਮਨ ਦਾਸ ਬੈਰਾਗੀ ਹੈ। ਇਸ ਪ੍ਰਚਾਰ ਪਿੱਛੇ ਵੀ ਉਸ ਵੇਲੇ ਦੀ ਹਕੂਮਤ ਨੂੰ ਖ਼ੁਸ਼ ਕਰਨ ਤੇ ਉਹਦੇ ਤੋਂ ਲਾਭ ਉਠਾਣ ਦੀ ਮੰਦ-ਭਾਵਨਾ ਸੀ।

ਕਈ ਥਾਂ ਨਾਨਕ ਨਾਮ-ਲੇਵਾ ਸਿੱਖਾਂ ਨੇ ਉਲਟ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਇਹ

ਵੀ ਪੁੱਛਿਆ ਕਿ ਗੁਰੂ ਸਾਹਿਬ ਵੇਲੇ ਤਾਂ ਰਾਜ ਕਰਨ ਜਾਂ ਇਲਾਕੇ ਮੱਲ ਕੇ ਹਕੂਮਤ ਬਣਾਉਣ ਦਾ ਕੋਈ ਸਿਧਾਂਤ ਨਹੀਂ ਸੀ। ਗੁਰੂ ਗੋਬਿੰਦ ਸਿੰਘ ਚਾਹੁੰਦੇ ਤਾਂ ਆਪਣੇ ਸਮੇਂ ਰਾਜ ਸਥਾਪਤ ਕਰ ਸਕਦੇ ਸਨ। ਭੰਗਾਣੀ ਦਾ ਯੁੱਧ ਜਿੱਤਣ ਪਿੱਛੋਂ ਬਾਈਧਾਰ ਦੇ ਰਾਜਿਆਂ ਦੇ ਰਾਜ ਸਾਂਭ ਸਕਦੇ ਸਨ ਪਰ ਬੰਦਾ ਸਿੰਘ ਉਸ ਨੀਤੀ ਤੋਂ ਇਕ ਪਾਸੇ ਹਟਣ ਦੀਆਂ ਗੱਲਾਂ ਨਹੀਂ ਕਰ ਰਿਹਾ ?

ਜਥੇਦਾਰ ਕਰਮ ਸਿੰਘ ਨੇ ਪ੍ਰਸ਼ਨ ਕਰਨ ਵਾਲਿਆਂ ਨੂੰ ਢੁਕਵਾਂ ਉੱਤਰ ਦਿੱਤਾ ਤੇ ਸੰਤੁਸ਼ਟ ਕਰ ਦਿੱਤਾ। ਉਹਨੇ ਸਮਝਾਇਆ ਕਿ ਗੁਰੂ ਨਾਨਕ ਤੋਂ ਗੁਰੂ ਰਾਮ ਦਾਸ ਤਕ ਹਕੂਮਤ ਨਾਲ ਨਿਪਟਣ ਲਈ ਹੋਰ ਨੀਤੀ ਸੀ। ਉਦੋਂ ਗੱਲ-ਬਾਤ ਜਾਂ ਵਿਚਾਰ-ਵਟਾਂਦਰੇ ਨਾਲ ਕੁਰਾਹੇ ਪਏ ਹਾਕਮਾਂ ਨੂੰ ਸਿੱਧੇ ਰਾਹ ਲਿਆਂਦਾ ਜਾ ਸਕਦਾ ਸੀ ਪਰ ਜਦੋਂ ਜਹਾਂਗੀਰ ਨੇ ਗੁਰੂ ਅਰਜਨ ਦੇਵ ਨੂੰ ਲਾਹੌਰ ਸੱਦ ਕੇ ਸ਼ਹੀਦ ਕਰ ਦਿੱਤਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਲੜਾਈ, ਸੰਘਰਸ਼ ਤੇ ਟੱਕਰ ਦਾ ਤਰੀਕਾ ਬਦਲ ਲਿਆ। ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਾ ਕੇ ਧਰਮ ਤੇ ਸਿਆਸਤ ਨੂੰ ਸਪੱਸ਼ਟ ਰੂਪ ਵਿਚ ਇਕੱਠੇ ਕਰ ਦਿੱਤਾ, ਹਾਲਾਂਕਿ ਧਰਮ ਤੇ ਸਿਆਸਤ ਗੁਰੂ ਨਾਨਕ ਦੇ ਸਮੇਂ ਵੀ ਜੀਵਨ ਦੀਆਂ ਦੋ ਪਗਡੰਡੀਆਂ ਨਾਲੋ ਨਾਲ ਤੇ ਇਕੱਠੀਆਂ ਸਨ।

ਫਿਰ ਹਾਲਾਤ ਅਨੁਸਾਰ ਸਤਵੀਂ ਤੇ ਅੱਠਵੀਂ ਨਾਨਕ ਜੋਤ ਨੇ ਕੋਈ ਯੁੱਧ ਨਹੀਂ ਲੜਿਆ। ਗੁਰੂ ਤੇਗ ਬਹਾਦਰ ਨੇ ਵੀ ਪਿਤਾ ਗੁਰਦੇਵ ਦੇ ਸਮੇਂ ਤਾਂ ਯੁੱਧ ਲੜਿਆ ਪਰ ਆਪ ਗੁਰਗੱਦੀ 'ਤੇ ਬੈਠ ਕੇ ਯੁੱਧ ਨਹੀਂ ਲੜਿਆ। ਪਰ ਜਦ ਉਨ੍ਹਾਂ ਨੂੰ ਵੀ ਚਾਂਦਨੀ ਚੌਂਕ, ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ ਤਾਂ ਫਿਰ ਸਮੇਂ ਤੇ ਹਾਲਾਤ ਅਨੁਸਾਰ ਨੀਤੀ ਬਦਲੀ। ਇਸ ਲਈ ਇਹ ਨਹੀਂ ਸਮਝਣਾ ਚਾਹੀਦਾ ਕਿ ਫਲਾਂ ਸਮੇਂ ਇਸ ਤਰ੍ਹਾਂ ਹੋਇਆ ਤਾਂ ਹੁਣ ਵੀ ਨਹੀਂ ਹੋਣਾ ਚਾਹੀਦਾ। ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਯੁੱਧਾਂ ਪਿੱਛੋਂ ਗੁਰੂ ਸਾਹਿਬ ਆਪ, ਖ਼ਾਲਸਾ ਪੰਥ ਤੇ ਸਾਡੇ ਸਤਿਕਾਰਯੋਗ ਆਗੂ ਹਾਲਾਤ ਮੁਤਾਬਿਕ ਨਵੇਂ ਫ਼ੈਸਲੇ ਲੈ ਸਕਦੇ ਹਨ, ਆਪਣੇ ਪੰਥ ਦੀ ਚੜ੍ਹਦੀ ਕਲਾ ਲਈ ਲੜਾਈ ਦੇ ਨਵੇਂ ਹਥਿਆਰ ਅਪਣਾ ਸਕਦੇ ਹਨ। ਨਿਸ਼ਾਨਾ ਨਹੀਂ ਬਦਲ ਸਕਦਾ ਕਿ ਅਸੀਂ ਮਾਨਵਤਾ ਦੇ ਕਲਿਆਣ, ਲੋਕਾਂ ਦੇ ਸੁਖ ਆਰਾਮ ਲਈ ਕੰਮ ਕਰਨਾ ਹੈ। ਜ਼ੁਲਮ ਦਾ ਟਾਕਰਾ ਕਰਨਾ ਹੈ ਤੇ ਸੱਚ 'ਤੇ ਪਹਿਰਾ ਦੇਣਾ ਹੈ।

ਇਉਂ ਥਾਂ ਥਾਂ ਸਿੰਘਾਂ ਨੂੰ ਦਿੱਲੀ ਤੇ ਬੜ੍ਹ ਖ਼ਾਲਸਾ ਦਾ ਸੁਨੇਹਾ ਪਹੁੰਚਾਂਦਾ ਜਥੇਦਾਰ ਕਰਮ ਸਿੰਘ ਆਪਣੇ ਸਾਥੀਆਂ ਸਮੇਤ ਸਾਬੋ ਕੀ ਤਲਵੰਡੀ ਪਹੁੰਚ ਗਿਆ ਤੇ ਉਥੇ ਬਾਬਾ ਦੀਪ ਸਿੰਘ ਜੀ ਨੂੰ ਪਹਿਲਾਂ ਸਾਰੀ ਸੂਚਨਾ ਤੇ ਵੇਰਵਾ ਦੱਸਿਆ। ਫਿਰ ਕੁਝ ਚੋਣਵੇਂ ਮੁਖੀਆਂ ਨੂੰ ਗੱਲ ਦੱਸੀ ਤੇ ਉਸ ਪਿੱਛੋਂ ਸਿਖ ਸੰਗਤ ਵਿਚ ਵੀ ਵਿਚਾਰ ਦੱਸੇ।

ਬੜਾ ਜੋਸ਼ ਤੇ ਉਤਸ਼ਾਹ ਸੀ। ਇਉਂ ਜਾਪਦਾ ਸੀ ਕਿ ਕਲਗੀਧਰ ਪਾਤਸ਼ਾਹ ਦੇ ਹੁਕਮਨਾਮੇ ਤੇ ਬੰਦਾ ਸਿੰਘ ਦੇ ਸੁਨੇਹਿਆਂ ਨੇ ਅਜਿਹੀ ਚੜ੍ਹਦੀ ਕਲਾ ਪੈਦਾ ਕਰ ਦਿੱਤੀ ਕਿ ਜ਼ੁਲਮੀ ਰਾਜ ਨੂੰ ਜੜ੍ਹਾਂ ਤੋਂ ਪੁੱਟ ਸੁੱਟਣ ਲਈ ਸਿਖ ਜਾਨਾਂ ਵਾਰਨ ਲਈ ਤਿਆਰ ਹੋ ਗਏ। ਇਉਂ ਜਾਪਣ ਲੱਗ ਪਿਆ ਕਿ ਉਹ ਮੁਗ਼ਲ ਰਾਜ ਨੂੰ ਉਲਟਾ ਸਕਦੇ ਹਨ। ਮੁਗ਼ਲ ਰਾਜ ਆਪਣੀਆਂ ਕਮਜ਼ੋਰੀਆਂ, ਤਰੁੱਟੀਆਂ ਤੇ ਹਾਕਮ ਵਰਗ ਦੀ ਅਯਾਸ਼ੀ ਤੇ ਗਲਤ ਨਿਰਣਿਆਂ ਕਾਰਣ ਅੰਦਰੋਂ ਇਤਨਾ ਖੋਖਲਾ ਹੋ ਗਿਆ ਸੀ ਕਿ ਉਸ ਨੂੰ ਇਕ ਤਕੜਾ ਝਟਕਾ ਹੀ ਉਲਟਾ ਸਕਦਾ ਸੀ।

ਸਿਖ ਜਗਤ ਨੂੰ ਸਿਰਫ਼ ਅਗਵਾਈ ਤੇ ਸੁਚੱਜੇ ਪ੍ਰੋਗਰਾਮ ਦੀ ਲੋੜ ਸੀ। ਇਕ ਪਾਸੇ ਮਾਤਾ ਸੁੰਦਰੀ ਦਾ ਪੰਥ ਦੀ ਅਗਵਾਈ ਠੀਕ ਕਰਨ ਦਾ ਸੰਕਲਪ, ਦੂਜੇ ਪਾਸੇ ਬੰਦਾ ਸਿੰਘ

ਦੀ ਜੰਗ ਯੁੱਧ ਲੜਨ ਦੀ ਲਲਕਾਰ ਤੇ ਤੀਜੇ ਪਾਸੇ ਕੌਮ ਲਈ ਆਪਾ ਵਾਰਨ ਵਾਲਿਆਂ ਦਾ ਨਿਤਰਨਾ, ਅਜਿਹੇ ਕਦਮ ਸਨ, ਜਿਨ੍ਹਾਂ ਨੇ ਕੁਝ ਸਾਲਾਂ ਵਿਚ ਆਈ ਨਿਰਾਸਤਾ ਤੇ ਢਹਿੰਦੀ ਕਲਾ ਮੁੱਢੋਂ ਹੀ ਕੱਢ ਦਿੱਤੀ।

"ਜਾਉ, ਤੁਸੀਂ ਦੁਆਬੇ ਵਿਚ ਤਿਆਰੀ ਕਰੋ," ਬਾਬਾ ਦੀਪ ਸਿੰਘ ਨੇ ਜਥੇਦਾਰ ਕਰਮ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ, "ਜਵਾਨੀ ਵਿਚ ਜੋਸ਼ ਹੁੰਦਾ ਹੈ ਤੇ ਕਈ ਵਾਰ ਜੋਸ਼ ਇਕੱਲਾ ਗ਼ਲਤ ਰਾਹ ਵੀ ਪਾ ਦਿੰਦਾ ਹੈ, ਇਸੇ ਲਈ ਸਿਆਣੇ ਕਹਿੰਦੇ ਹਨ ਕਿ ਜੋਸ਼ ਦੇ ਨਾਲ ਹੋਸ਼ ਵੀ ਉਤਨੀ ਹੀ ਵਧੇਰੇ ਲੋੜੀਦੀ ਹੈ। ਹੋਸ਼ ਯੋਜਨਾ ਬਣਾਂਦੀ ਹੈ, ਹਾਲਾਤ ਦਾ ਠੀਕ ਨਿਰੀਖਣ ਕਰਦੀ ਹੈ ਤੇ ਜੋਸ਼ ਨੂੰ ਕਾਬੂ ਵਿਚ ਰੱਖ ਕੇ ਠੀਕ ਥਾਂ 'ਤੇ, ਠੀਕ ਸਮੇਂ 'ਤੇ ਵਰਤਦੀ ਹੈ।"

"ਅਸੀਂ ਉਡੀਕ ਕਰਾਂਗੇ," ਜਥੇਦਾਰ ਕਰਮ ਸਿੰਘ ਨੇ ਕਿਹਾ, "ਜਦ ਵੀ ਸੁਨੇਹਾ ਆਇਆ, ਜਥਾ ਲੈ ਕੇ ਪਹੁੰਚ ਜਾਵਾਂਗੇ।"

ਜਥੇਦਾਰ ਕਰਮ ਸਿੰਘ ਵਾਂਗ ਮਾਝੇ ਤੇ ਮਾਲਵੇ ਦੇ ਵੱਖ ਵੱਖ ਇਲਾਕਿਆਂ ਦੇ ਜਥੇਦਾਰਾਂ ਨੂੰ ਵੀ ਪੂਰੀ ਤਿਆਰੀ ਦੇ ਸੁਨੇਹੇ ਭੇਜ ਦਿੱਤੇ ਗਏ।

21

ਜਥੇਦਾਰ ਕਰਮ ਸਿੰਘ ਕਰਤਾਰਪੁਰ ਪਹੁੰਚ ਗਿਆ। ਐਤਕੀਂ ਦਿੱਲੀ ਜਾਣ ਕਾਰਨ ਉਹਨੂੰ ਪਹਿਲਾਂ ਦੀਆਂ ਫੇਰੀਆਂ ਨਾਲੋਂ ਵਧੇਰੇ ਸਮਾਂ ਲੱਗ ਗਿਆ। ਇਸ ਲਈ ਉਹਦੀ ਮਾਂ ਵੀ ਕਾਫ਼ੀ ਉਦਾਸ ਹੋ ਗਈ ਤੇ ਪਿਤਾ ਲਾਭ ਚੰਦ ਨੂੰ ਵੀ ਕੁਝ ਕੁਝ ਵਿਛੋੜਾ ਮਹਿਸੂਸ ਹੋਇਆ। ਪਹਿਲਾਂ ਵਾਂਗ ਹੀ ਉਹਦੇ ਨਾਲ ਆਏ ਜਥੇ ਨੂੰ ਬਾਹਰਲੀ ਹਵੇਲੀ ਵਿਚ ਠਹਿਰਾਇਆ ਗਿਆ। ਪਹਿਲਾਂ ਉਹ ਮਾਂਗਵੀਂ ਥਾਂ ਸੀ, ਪਰ ਹੁਣ ਲਾਭ ਚੰਦ ਨੇ ਉਹ ਹਵੇਲੀ ਖ਼ਰੀਦ ਲਈ। ਉਹਨੂੰ ਪਤਾ ਸੀ ਕਿ ਇਹ ਕੁਝ ਦਿਨਾਂ ਜਾਂ ਮਹੀਨਿਆਂ ਦਾ ਮਸਲਾ ਨਹੀਂ, ਇਹ ਤਾਂ ਉਮਰਾਂ ਦੀ ਲੋੜ ਹੈ। ਇਹ ਘਰ ਹੁਣ ਸਿਖ ਸੰਗਤਾਂ ਦਾ ਕੇਂਦਰ ਤੇ ਫਿਰਤੂ ਸਿਖ ਜਥਿਆਂ ਦਾ ਵਿਸ਼ਰਾਮ-ਘਰ ਬਣ ਚੁੱਕਿਆ ਸੀ ਤੇ ਇਥੇ ਜਥੇਦਾਰ ਕਰਮ ਸਿੰਘ ਨੂੰ ਮਿਲਣ ਵਾਲੇ ਆਮ ਆਉਣ ਲੱਗ ਪਏ ਸਨ। ਜਦੋਂ ਤੋਂ ਜਥਿਆਂ ਵਿਚ ਆਮ ਨਿਸ਼ਕਾਮ ਸੇਵਕਾਂ ਦੇ ਨਾਲ ਨਾਲ ਤਨਖ਼ਾਹਦਾਰ ਫ਼ੌਜੀਆਂ ਦੀ ਭਰਤੀ ਦਾ ਕੰਮ ਸ਼ੁਰੂ ਹੋਇਆ ਸੀ ਤਾਂ ਨੌਕਰੀ ਦੇ ਚਾਹਵਾਨ ਵੀ ਵਹੀਰਾਂ ਘੱਤ ਕੇ ਆਉਣ ਲੱਗ ਪਏ ਸਨ। ਦੇਸ਼ ਵਿਚ ਉਸ ਸਮੇਂ ਬੇ-ਰੁਜ਼ਗਾਰੀ ਬਹੁਤ ਸੀ। ਨੌਜਵਾਨਾਂ ਦੇ ਕਰਨ ਲਈ ਕੋਈ ਕੰਮ ਨਹੀਂ ਸੀ। ਦੋ ਬੰਦੇ ਜਿਸ ਖੇਤੀ ਦੀ ਸੇਵਾ-ਸੰਭਾਲ ਲਈ ਕਾਫ਼ੀ ਸਨ, ਉਥੇ ਪੰਜ ਛੇ ਬੰਦੇ ਕੇਵਲ ਵਕਤ ਗੁਜ਼ਾਰਨ ਲਈ ਲੱਗੇ ਹੋਏ ਸਨ। ਉਦਯੋਗ ਹੈ ਕੋਈ ਨਹੀਂ ਸੀ। ਕੇਵਲ ਖੱਡੀਆਂ 'ਤੇ ਕੱਪੜਾ ਬੁਣਨ ਦਾ ਕੰਮ ਤੇ ਤਰਖਾਣਾ ਕੰਮ ਕਰ ਕੇ ਹੀ ਗੁਜ਼ਾਰਾ ਕਰਦੇ ਸਨ। ਬਾਕੀ ਦੇ ਨੌਜਵਾਨ ਸਮੇਂ ਦੀ ਹਕੂਮਤ ਦੀ ਫ਼ੌਜ ਵਿਚ ਹੀ ਭਰਤੀ ਹੁੰਦੇ ਸਨ ਤੇ ਹਕੂਮਤ ਚੁਣ ਚੁਣ ਕੇ ਆਪਣੇ ਧਰਮ ਭਰਾਵਾਂ ਵਿਚੋਂ ਉਨ੍ਹਾਂ ਨੂੰ ਹੀ ਚੁਣਦੀ ਸੀ, ਜੋ ਪੱਕੇ ਵਫ਼ਾਦਾਰ ਜਾਪਣ। ਜਨ-ਸਾਧਾਰਨ ਲਈ ਨੌਕਰੀਆਂ ਦੇ ਦਰਵਾਜ਼ੇ ਲਗਪਗ ਹਰ ਪਾਸੇ ਹੀ ਬੰਦ ਸਨ।

ਬੰਦਾ ਸਿੰਘ ਬਹਾਦਰ ਨਾਲ ਹੋਈ ਗੱਲ-ਬਾਤ 'ਤੇ ਬਣੀ ਵਿਉਂਤ ਅਨੁਸਾਰ ਹੀ ਕਰਤਾਰਪੁਰ ਆਉਂਦਿਆਂ ਰਾਹ ਵਿਚ ਕਈ ਥਾਂ ਜਥੇਦਾਰ ਕਰਮ ਸਿੰਘ ਇਹ ਸੁਨੇਹੇ ਦੇ ਆਇਆ

ਕਿ ਸਿੰਘਾਂ ਦੀ ਫ਼ੌਜ ਵਿਚ ਭਰਤੀ ਹੋਣ ਲਈ, ਜੋ ਆਪਾ ਪੇਸ਼ ਕਰਨਾ ਚਾਹੁਣ, ਉਹ ਕਰਤਾਰਪੁਰ ਆ ਕੇ ਉਹਨੂੰ ਮਿਲਣ। ਇਹ ਵੀ ਉਹ ਕਹਿ ਆਇਆ ਕਿ ਕਿਸੇ ਵੀ ਪਿੰਡ ਦਾ ਗੱਭਰੂ ਕਰਤਾਰਪੁਰ ਆਉਂਦਿਆਂ ਆਪਣੀ ਵਾਕਫ਼ੀਅਤ ਤੇ ਤਸਦੀਕ ਇਲਾਕੇ ਦੇ ਸਿੰਘ ਜਥੇਦਾਰ ਤੋਂ ਕਰਵਾ ਕੇ ਆਏ ਤੇ ਇਹ ਪ੍ਰਣ-ਪੱਤਰ ਭਰ ਕੇ ਦੇਵੇ ਕਿ ਉਹ ਮੌਕਾ ਆਉਣ 'ਤੇ ਜੰਗ ਦੇ ਮੈਦਾਨ ਤੋਂ ਨਹੀਂ ਭੱਜੇਗਾ ਤੇ ਜੇ ਲੋੜ ਪਈ ਤਾਂ ਆਪਾ ਵੀ ਵਾਰ ਦੇਵੇਗਾ। ਇਹ ਵੀ ਪਹਿਲਾਂ ਲਿਖਵਾ ਲਿਆ ਜਾਏਗਾ ਕਿ ਤਨਖ਼ਾਹ ਇਤਨੀ ਲਵਾਂਗਾ ਤੇ ਜੇਕਰ ਦੋ ਚਾਰ ਮਹੀਨੇ ਤਨਖ਼ਾਹ ਵਿਚ ਕਦੇ ਦੇਰੀ ਹੋ ਗਈ ਤਾਂ ਵੀ ਮਹਿਸੂਸ ਨਹੀਂ ਕਰਾਂਗਾ। ਜੋ ਆਪਣੇ ਘੋੜੇ ਨਾਲ ਲਿਆਉਣ ਦੇ ਸਮਰੱਥ ਹੋਣਗੇ, ਉਨ੍ਹਾਂ ਨੂੰ ਘੋੜਿਆਂ ਦੀ ਕੀਮਤ ਮਿਲੇਗੀ ਤੇ ਜਦ ਤਕ ਘੋੜੇ ਦਾ ਮੁੱਲ ਨਹੀਂ ਦਿੱਤਾ ਜਾਏਗਾ, ਘੋੜੇ ਦਾ ਖ਼ਰਚਾ ਤੇ ਉਹਦੇ ਬਦਲੇ ਦੂਣੀ ਤਨਖ਼ਾਹ ਵੀ ਮਿਲਦੀ ਰਹੇਗੀ।

ਸ਼ਾਮੂ ਸ਼ਾਹ ਨੂੰ ਫਿਰ ਸੂਚਨਾ ਮਿਲ ਗਈ ਕਿ ਕਰਮ ਸਿੰਘ ਵਾਪਸ ਆ ਗਿਆ ਹੈ ਤੇ ਹੁਣ ਕਾਫ਼ੀ ਦਿਨਾਂ ਤੋਂ ਕਰਤਾਰਪੁਰ ਵਿਚ ਹੀ ਹੈ। ਉਹਨੂੰ ਪਹਿਲਾਂ ਤਾਂ ਸੁਣ ਕੇ ਹੈਰਾਨੀ ਹੋਈ ਕਿ ਕਰਮ ਸਿੰਘ ਦੇ ਆ ਜਾਣ ਦੀ ਲਾਭ ਚੰਦ ਨੇ ਇਤਲਾਹ ਕਿਉਂ ਨਹੀਂ ਦਿੱਤੀ। ਫਿਰ ਉਸ ਨੂੰ ਤੁਰਤ ਖ਼ਿਆਲ ਫੁਰਿਆ ਕਿ ਕਿਧਰੇ ਵਿਆਹ ਉਹਦੀ ਲੜਕੀ ਨਾਲ ਕਰਨ ਬਾਰੇ ਉਨ੍ਹਾਂ ਦਾ ਵਿਚਾਰ ਨਾ ਬਦਲ ਗਿਆ ਹੋਵੇ। ਉਹਨੇ ਆਪਣੀ ਪਤਨੀ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹਨੇ ਹੌਸਲਾ ਦਿੱਤਾ ਕਿ ਤੁਸੀਂ ਇਸ ਤਰ੍ਹਾਂ ਕਿਉਂ ਸੋਚਦੇ ਹੋ। ਅੱਗੇ ਤੁਸੀਂ ਲਾਭ ਚੰਦ ਪਾਸ ਗੁਰੂ ਜੀ ਦੀ ਪਰਚੋਲੀ ਲਈ ਗਏ ਸੀ, ਹੁਣ ਕਰਮ ਸਿੰਘ ਪਾਸ ਹੋ ਆਉ। ਤੁਹਾਨੂੰ ਆਪੇ ਪਤਾ ਲੱਗ ਜਾਏਗਾ ਕਿ ਉਨ੍ਹਾਂ ਦਾ ਵਤੀਰਾ ਕੀ ਹੈ?

ਹੋਰ ਰਿਸ਼ਤੇਦਾਰਾਂ ਤੇ ਸੱਜਣਾਂ ਮਿੱਤਰਾਂ ਨੇ ਵੀ ਇਹੀ ਸਲਾਹ ਦਿੱਤੀ ਤੇ ਕਿਹਾ, "ਧੀਆਂ ਵਾਲਿਆਂ ਨੂੰ ਐਵੇਂ ਤੌਖ਼ਲਾ ਹੁੰਦਾ ਹੈ। ਬਹੁਤੀ ਵਾਰੀ ਗੱਲ ਕੁਝ ਵੀ ਨਹੀਂ ਹੁੰਦੀ। ਮੁੰਡਿਆਂ ਵਾਲਿਆਂ ਦੀ ਕੋਈ ਮਜਬੂਰੀ ਵੀ ਹੋ ਸਕਦੀ ਹੈ। ਸ਼ਾਹ ਨੂੰ ਐਵੇਂ ਮਨ ਦੀ ਘਬਰਾਹਟ ਕਾਰਨ ਬਦੋਬਦੀ ਕੁੜਮਾਂ ਦੀ ਨੀਅਤ 'ਤੇ ਸ਼ੱਕ ਨਹੀਂ ਕਰਨਾ ਚਾਹੀਦਾ। ਉਂਝ ਵੀ ਸ਼ਾਹ ਦੇ ਕੁੜਮ ਅਜਿਹਾ ਚੰਗਾ ਪਰਿਵਾਰ ਹੈ ਕਿ ਕੁੜੀ ਦੇ ਗੁੰਮ ਹੋਣ ਜਾਂ ਸ਼ਾਹ ਦੇ ਰਿਸ਼ਤੇ ਤੋਂ ਨਾਂਹ ਕਰ ਆਉਣ ਦੇ ਬਾਵਜੂਦ ਉਨ੍ਹਾਂ ਨੇ ਮੁੜ ਰਿਸ਼ਤਾ ਕਰ ਲਿਆ। ਜੇਕਰ ਗੁਰੂ ਗੋਬਿੰਦ ਸਿੰਘ ਜੀ ਦੇ ਸੰਸਾਰ ਯਾਤਰਾ ਸੰਪੂਰਨ ਕਰ ਜਾਣ ਦੀ ਘਟਨਾ ਨਾ ਵਾਪਰਦੀ ਤਾਂ ਹੁਣ ਤਕ ਦੀਪੋ ਦਾ ਵਿਆਹ ਵੀ ਹੋ ਚੁੱਕਿਆ ਹੁੰਦਾ।" ਉਨ੍ਹਾਂ ਦਿਲਾਸਾ ਦੇ ਕੇ ਸ਼ਾਮੂ ਸ਼ਾਹ ਨੂੰ ਕਰਤਾਰਪੁਰ ਭੇਜ ਦਿੱਤਾ।

ਜਾਂਦਿਆਂ ਘਰ ਲਾਭ ਚੰਦ ਮਿਲ ਪਿਆ। ਕਰਮ ਸਿੰਘ ਕਿਧਰੇ ਬਾਹਰ ਕਿਸੇ ਨੇੜੇ ਦੇ ਪਿੰਡ ਗਿਆ ਹੋਇਆ ਸੀ। ਲਾਭ ਚੰਦ ਨੇ ਸ਼ਾਮੂ ਸ਼ਾਹ ਨੂੰ 'ਜੀ ਆਇਆਂ' ਆਖਿਆ। ਰੋਟੀ ਪਾਣੀ ਦੀ ਸੇਵਾ ਕੀਤੀ। ਸ਼ਾਮੂ ਸ਼ਾਹ ਬਥੇਰਾ ਕਹਿੰਦਾ ਰਿਹਾ ਕਿ ਇਹ ਧੀ ਦੇ ਸਹੁਰਿਆਂ ਦਾ ਘਰ ਹੈ, ਧੀ ਦੇ ਘਰ ਤੋਂ ਤਾਂ ਅਸੀਂ ਪਾਣੀ ਵੀ ਨਹੀਂ ਪੀਂਦੇ। ਪਰ ਲਾਭ ਚੰਦ ਨੇ ਸਾਫ਼ ਕਿਹਾ, "ਅਸੀਂ ਨਹੀਂ ਅਜਿਹਾ ਵਹਿਮ ਮੰਨਦੇ। ਸਾਡੇ ਲਈ ਧੀ ਹੋਵੇ ਜਾਂ ਪੁੱਤਰ, ਉਨ੍ਹਾਂ ਦਾ ਘਰ ਸਾਡਾ ਹੀ ਘਰ ਹੈ। ਦੂਜਾ ਅਜੇ ਤੁਹਾਡੀ ਧੀ ਆਈ ਕਦੋਂ ਏ! ਉਹ ਹੁੰਦੀ ਤਾਂ ਉਹ ਆਪਣੇ ਹੱਥੀਂ ਬਾਪੂ ਦੀ ਸੇਵਾ ਕਰਦੀ। ਸਿੱਖੀ ਦਾ ਇਹੀ ਵਾਧਾ ਏ। ਇਸ ਵਿਚ ਹਰ ਤਰ੍ਹਾਂ ਦੇ ਫ਼ਜ਼ੂਲ ਵਹਿਮ ਭਰਮਾਂ ਲਈ ਕੋਈ ਥਾਂ ਨਹੀਂ। ਦੱਸੋ ਭਲਾ ਜੇ ਤੁਸੀਂ ਸਾਡੀ ਖੂਹੀ ਦਾ ਪਾਣੀ ਪੀ ਲਿਆ ਤਾਂ ਉਹ ਘਟ ਚੱਲਿਆ ਏ? ਜੇ ਤੁਸੀਂ ਰੋਟੀ ਖਾ ਲਈ ਤਾਂ ਕਿਧਰੇ ਆਟਾ ਮੁੱਕ ਚੱਲਿਆ ਏ? ਅਸੀਂ ਤਾਂ ਸੱਤ-ਬਿਗਾਨਿਆਂ ਨੂੰ ਘਰੋਂ ਰੋਟੀ ਪਾਣੀ ਖਾਧੇ ਪੀਤੇ ਬਿਨਾ ਨਹੀਂ

ਜਾਣ ਦਿੰਦੇ, ਤੁਸੀਂ ਤਾਂ ਸਾਡੇ ਖ਼ਾਸ ਨਿਕਟਵਰਤੀ ਸੰਬੰਧੀ ਹੋ।"

ਲਾਭ ਚੰਦ ਨੇ ਅਜਿਹੀਆਂ ਨਿੱਘ ਤੇ ਪਿਆਰ ਭਰੀਆਂ ਗੱਲਾਂ ਕੀਤੀਆਂ, ਜਿਨ੍ਹਾਂ ਨਾਲ ਸ਼ਾਮੂ ਸ਼ਾਹ ਦੇ ਮਨ ਦਾ ਸਾਰਾ ਭਰਮ ਭੁਲੇਖਾ ਆਪਣੇ ਆਪ ਦੂਰ ਹੋ ਗਿਆ। ਜਿਹੜਾ ਤੌਖ਼ਲਾ ਉਹ ਮਨ ਵਿਚ ਲੈ ਕੇ ਆਇਆ ਸੀ, ਉਹ ਮਿਟ ਗਿਆ। ਉਹਨੂੰ ਯਕੀਨ ਹੋ ਗਿਆ ਕਿ ਇਨ੍ਹਾਂ ਦੀ ਕੋਈ ਮਜਬੂਰੀ ਹੋਵੇਗੀ, ਜਿਸ ਕਾਰਨ ਕਰਮ ਸਿੰਘ ਦੇ ਘਰ ਆਉਣ ਦੀ ਇਤਲਾਹ ਨਹੀਂ ਦਿੱਤੀ। ਉਹਨੇ ਪੁੱਛਿਆ, "ਕਰਮ ਸਿੰਘ ਕਿਥੇ ਹੈ ?"

"ਲਾਗਲੇ ਪਿੰਡ ਤਕ ਗਿਆ ਏ, ਹੁਣੇ ਆਉਂਦਾ ਹੋਵੇਗਾ," ਲਾਭ ਚੰਦ ਨੇ ਉੱਤਰ ਦਿੱਤਾ, "ਫਿਰ ਵੀ ਮੈਂ ਘੋੜੇ 'ਤੇ ਬੰਦਾ ਉਹਦੇ ਵੱਲ ਭੇਜ ਦਿੰਦਾ ਹਾਂ, ਉਹ ਛੇਤੀ ਆ ਜਾਏਗਾ। ਅੱਜ-ਕੱਲ੍ਹ ਉਹਨੂੰ ਜਥਾ ਵੱਡਾ ਕਰਨ ਦਾ ਹੁਕਮ ਹੈ, ਉਹਨੇ ਪੰਜ ਸੌ ਦਾ ਜਥਾ ਤਿਆਰ ਕਰਨਾ ਏ।"

"ਕੀ ਉਹ ਲੜਾਈ ਵਿਚ ਜਾਏਗਾ ? ਕੀ ਉਹ ਹਕੂਮਤ ਨਾਲ ਜੰਗ ਲੜੇਗਾ ?" ਸ਼ਾਮੂ ਸ਼ਾਹ ਨੇ ਬੜੀ ਉਤਸੁਕਤਾ, ਗੰਭੀਰਤਾ ਤੇ ਫ਼ਿਕਰ ਦਾ ਪ੍ਰਗਟਾਵਾ ਕਰਦਿਆਂ ਪੁੱਛਿਆ।

"ਅਸੀਂ ਕੋਈ ਜੰਗ ਥੋੜ੍ਹਾ ਲੜਨ ਦਾ ਮਨ ਬਣਾ ਕੇ ਤਿਆਰੀ ਕਰ ਰਹੇ ਹਾਂ," ਲਾਭ ਚੰਦ ਨੇ ਸਪੱਸ਼ਟ ਕੀਤਾ, "ਅਸੀਂ ਕਿਸੇ 'ਤੇ ਹਮਲਾ ਨਹੀਂ ਕਰਨਾ, ਕਿਸੇ ਨਾਲ ਜ਼ਿਆਦਤੀ ਨਹੀਂ ਕਰਨੀ, ਧੌਂਸ ਨਹੀਂ ਜਮਾਣੀ, ਪਰ ਜੇਕਰ ਕੋਈ ਸਾਡੇ 'ਤੇ ਚੜ੍ਹ ਕੇ ਆ ਜਾਏ ਤਾਂ ਕਾਇਰਾਂ ਵਾਂਗ ਉਸ ਅੱਗੇ ਆਪਣੀ ਧੌਣ ਵੀ ਨੀਵੀਂ ਨਹੀਂ ਕਰਨੀ। ਉਹਨੂੰ ਉਹਦੀ ਚੁਨੌਤੀ ਦਾ ਢੁਕਵਾਂ ਉੱਤਰ ਜ਼ਰੂਰ ਦੇਣਾ ਹੈ। ਸਾਡੇ ਗੁਰਦੇਵ ਜੀਜਾ ਜੀ ਗੁਰੂ ਤੇਗ ਬਹਾਦਰ ਜੀ ਆਪਣੇ ਜੀਵਨ-ਕਾਲ ਵਿਚ ਇਹੀ ਸਿੱਖਿਆ ਹਰ ਕਿਸੇ ਨੂੰ ਦਿੰਦੇ ਰਹੇ ਹਨ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ। ਅਸੀਂ ਤਾਂ ਉਨ੍ਹਾਂ ਦੇ ਉਪਦੇਸ਼ਾਂ 'ਤੇ ਹੀ ਚੱਲਣ ਦਾ ਯਤਨ ਕਰ ਰਹੇ ਹਾਂ।"

"ਸਾਨੂੰ ਪਤਾ ਨਹੀਂ ਕਿਉਂ ਜੰਗਾਂ ਯੁੱਧਾਂ ਤੋਂ ਡਰ ਲੱਗਦਾ ਏ ?" ਸ਼ਾਮੂ ਸ਼ਾਹ ਨੇ ਆਖਿਆ, "ਮੇਰਾ ਤਾਂ ਸਰੀਰ ਹੀ ਇਹ ਸੁਣਦਿਆਂ ਕੰਬਣ ਲੱਗ ਪੈਂਦਾ ਹੈ। ਤੁਸੀਂ ਪਤਾ ਨਹੀਂ, ਕਿਸ ਤਰ੍ਹਾਂ ਜਵਾਨ ਮੁੰਡੇ ਨੂੰ ਹੱਲਾਸ਼ੇਰੀ ਦਿੰਦੇ ਹੋ ?"

"ਸਾਡੀ ਕਿਸੇ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਵਿਦੇਸ਼ੀਆਂ ਨੇ ਆ ਕੇ ਸਾਨੂੰ ਗ਼ੁਲਾਮ ਬਣਾ ਲਿਆ," ਲਾਭ ਚੰਦ ਨੇ ਕਿਹਾ, "ਕਿੰਨੀ ਨਮੋਸ਼ੀ ਦੀ ਗੱਲ ਏ ਕਿ ਅਬੂ-ਬਿਨ-ਕਾਸਿਮ ਕੇਵਲ 37 ਬੰਦੇ ਲੈ ਕੇ ਸਾਡੇ 'ਤੇ ਹਮਲਾ ਕਰਦਾ ਹੈ ਤੇ ਅਸੀਂ ਲੱਖਾਂ ਹਜ਼ਾਰਾਂ ਉਹਦਾ ਟਾਕਰਾ ਨਾ ਕਰ ਸਕੇ। ਜੇਕਰ ਸਾਡੇ ਲੋਕ ਦੁਸ਼ਮਣ ਦਾ ਟਾਕਰਾ ਕਰਨ ਦਾ ਸਾਹਸ ਦਿਖਾਂਦੇ ਤਾਂ ਅੱਜ ਸਾਨੂੰ ਸੈਂਕੜੇ ਸਾਲ ਗ਼ੁਲਾਮੀ ਦੇ ਨਾ ਵੇਖਣੇ ਪੈਂਦੇ। ਜਦ ਤਕ ਅਸੀਂ ਜਾਨ ਨੂੰ ਇਤਨੀ ਪਿਆਰੀ ਸਮਝ ਕੇ ਵੈਰੀ ਦਾ ਟਾਕਰਾ ਕਰਨ ਲਈ ਤਿਆਰ ਨਹੀਂ ਹੁੰਦੇ, ਗ਼ੁਲਾਮੀ ਦੇ ਸੰਗਲ ਸਾਨੂੰ ਹੋਰ ਜਕੜੀ ਜਾਣਗੇ। ਸਾਡੇ ਗੁਰੂਆਂ ਨੇ ਇਹੀ ਤਾਂ ਸਾਨੂੰ ਸਿਖਾਇਆ ਏ ਕਿ ਜ਼ੁਲਮ ਦੇ ਟਾਕਰੇ ਲਈ ਜਦੋਂ ਸ਼ਾਂਤਮਈ ਕੁਰਬਾਨੀਆਂ ਦਾ ਹਥਿਆਰ ਫ਼ੇਲ੍ਹ ਹੋ ਜਾਏ ਤਾਂ ਤਲਵਾਰ ਦੇ ਦਸਤੇ 'ਤੇ ਹੱਥ ਰੱਖਣਾ ਧਰਮ ਬਣ ਜਾਂਦਾ ਹੈ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਸੇ ਨਗਰ ਕਰਤਾਰਪੁਰ ਦੇ ਨੇੜੇ ਜੋ ਯੁੱਧ ਲੜਿਆ, ਉਹ ਕਿਸੇ ਦੇ ਇਲਾਕੇ ਮੱਲਣ ਲਈ ਨਹੀਂ ਸੀ, ਕੇਵਲ ਆਪਣੀ ਆਜ਼ਾਦੀ ਲਈ ਯੁੱਧ ਸੀ। ਆਪਣੇ ਸਵੈਮਾਨ, ਆਜ਼ਾਦੀ ਤੇ ਜਾਨ ਮਾਲ ਦੀ ਰਾਖੀ ਲਈ ਲੜਨਾ ਜਾਂ ਯੁੱਧ ਕਰਨਾ ਕਿਸੇ ਤਰ੍ਹਾਂ ਵੀ ਪਾਪ ਜਾਂ ਮਾੜਾ ਕਰਮ ਨਹੀਂ, ਸਗੋਂ ਪਵਿੱਤਰ ਕਰਤੱਵ ਹੈ।"

ਇਸ ਤਰ੍ਹਾਂ ਕਾਫ਼ੀ ਸਮਾਂ ਦੋਹਾਂ ਵਿਚ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਜਦ ਰੋਟੀ

ਤਿਆਰ ਹੋ ਗਈ ਤਾਂ ਉਹ ਵੀ ਖਾ ਲਈ। ਇਤਨੇ ਨੂੰ ਜਥੇਦਾਰ ਕਰਮ ਸਿੰਘ ਵੀ ਆ ਗਿਆ। ਲਾਭ ਚੰਦ ਉਹਦੀ ਹੀ ਉਡੀਕ ਕਰ ਰਿਹਾ ਸੀ, ਕਿਉਂਕਿ ਉਹ ਚਾਹੁੰਦਾ ਸੀ ਕਿ ਕਰਮ ਸਿੰਘ ਦੇ ਵਿਆਹ ਬਾਰੇ ਵੀ ਕੋਈ ਪੱਕੀ ਗੱਲ ਅੱਜ ਕਰ ਲਈ ਜਾਏ। ਜਥੇਦਾਰ ਕਰਮ ਸਿੰਘ ਨੇ ਫ਼ਤਹਿ ਬੁਲਾਈ ਤੇ ਬਜ਼ੁਰਗ ਜਾਣ ਕੇ ਸ਼ਾਮੂ ਸ਼ਾਹ ਦੇ ਗੋਡੇ ਤਕ ਝੁਕ ਕੇ ਹੱਥ ਵੀ ਲਾਇਆ। ਸ਼ਾਮੂ ਸ਼ਾਹ ਨੇ ਰਸਮੀ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਸਾਰਕ ਯਾਤਰਾ ਪੂਰੀ ਕਰ ਜਾਣ 'ਤੇ ਰਜ਼ਾ ਬੁਲਾਈ। ਜਥੇਦਾਰ ਕਰਮ ਸਿੰਘ ਨੇ ਝੱਟ ਅੱਗੋਂ ਆਖਿਆ, "ਇਹ ਭਾਣਾ ਕਰਤਾਰ ਦਾ ਏ। ਸਭ ਨੇ ਵਾਰੋ ਵਾਰੀ ਚਲੇ ਜਾਣਾ ਹੈ, ਕਿਸੇ ਨੇ ਪੱਕੇ ਤੌਰ 'ਤੇ ਏਥੇ ਬੈਠੇ ਨਹੀਂ ਰਹਿਣਾ। ਸਾਡੀ ਸਭ ਦੀ ਵਾਰੀ ਵੀ ਬੰਨ੍ਹੀ ਹੋਈ ਏ, ਜਿਸ ਦੀ ਵਾਰੀ ਆ ਜਾਏ, ਉਹ ਤੁਰ ਜਾਂਦਾ ਹੈ। ਗੁਰੂ ਜੀ ਤਾਂ ਆਪ ਪ੍ਰਤੱਖ ਪਰਮਾਤਮਾ ਦਾ ਰੂਪ ਸਨ। ਉਨ੍ਹਾਂ ਨੂੰ ਸਭ ਪਹਿਲਾਂ ਪਤਾ ਸੀ, ਇਸੇ ਲਈ ਪੰਥ ਦੀ ਅਗਵਾਈ ਵਾਸਤੇ ਉਨ੍ਹਾਂ ਜਿਥੇ ਪੰਜ ਪਿਆਰਿਆਂ ਦੀ ਪ੍ਰਥਾ ਚਲਾਈ, ਉਥੇ ਜ਼ੁਲਮ ਕਰਨ ਵਾਲਿਆਂ ਨਾਲ ਨਜਿੱਠਣ ਲਈ ਜਥੇਦਾਰ ਥਾਪ ਗਏ ਹਨ।"

"ਉਹ ਜਥੇਦਾਰ ਕੌਣ ਏ?" ਸ਼ਾਮੂ ਸ਼ਾਹ ਨੇ ਪੁੱਛਿਆ।

"ਉਹ ਜਥੇਦਾਰ ਬੰਦਾ ਸਿੰਘ ਏ। ਗੁਰੂ ਜੀ ਨੇ ਉਹਨੂੰ ਨਾਦੇੜ ਤੋਂ ਪਹਿਲਾਂ ਹੀ ਪੰਜਾਬ ਵੱਲ ਤੋਰ ਦਿੱਤਾ ਹੈ," ਜਥੇਦਾਰ ਕਰਮ ਸਿੰਘ ਦੱਸਦਾ ਗਿਆ, "ਬੜਾ ਉੱਚਾ ਲੰਮਾ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਏ ਉਹ ਜਥੇਦਾਰ। ਚਿਹਰੇ ਤੋਂ ਨੂਰ ਡਲ੍ਹਕਾਂ ਮਾਰਦਾ ਏ। ਮੈਂ ਤਾਂ ਦਰਸ਼ਨ ਕਰ ਕੇ ਆਇਆ ਹਾਂ। ਸੱਚਮੁੱਚ ਦੀਦਾਰੀ ਸਿੰਘ ਏ। ਇਤਨੇ ਦ੍ਰਿੜ੍ਹ ਵਿਸ਼ਵਾਸ ਨਾਲ ਗੱਲਾਂ ਕਰਦਾ ਏ ਕਿ ਪੁੱਛੋ ਕੁਝ ਨਾ। ਉਹਨੂੰ ਯਕੀਨ ਏ ਕਿ ਉਹ ਛੇਤੀ ਗੁਰੂ-ਘਰ ਨਾਲ ਧੱਕਾ ਕਰਨ ਤੇ ਜ਼ੁਲਮ ਦੀਆਂ ਹੱਦਾਂ ਟੱਪ ਜਾਣ ਵਾਲਿਆਂ ਨਾਲ ਨਿਬੜੇਗਾ।"

"ਉਹ ਹੈ ਕਿਥੇ?" ਸ਼ਾਮੂ ਸ਼ਾਹ ਦਾ ਅਗਲਾ ਪ੍ਰਸ਼ਨ ਸੀ।

"ਇਹ ਨਹੀਂ ਮੈਂ ਦੱਸ ਸਕਦਾ," ਜਥੇਦਾਰ ਕਰਮ ਸਿੰਘ ਨੇ ਕਿਹਾ, "ਇਹ ਫ਼ੌਜੀ ਰਾਜ਼ ਏ। ਵੈਰੀ ਨੂੰ ਪਤਾ ਲੱਗ ਜਾਏ ਤੇ ਉਹ ਬੰਦਾ ਸਿੰਘ ਦੀ ਵਿਉਂਤ ਨੂੰ ਸਮੇਂ ਤੋਂ ਪਹਿਲਾਂ ਹੀ ਦਖ਼ਲ ਦੇ ਕੇ ਫ਼ੇਲ੍ਹ ਕਰ ਸਕਦਾ ਏ। ਕੁਝ ਦਿਨਾਂ ਤਕ ਆਪੇ ਸਭ ਨੂੰ ਪਤਾ ਲੱਗ ਜਾਏਗਾ ਕਿ ਬੰਦਾ ਸਿੰਘ ਕਿਥੇ ਹੈ? ਕੀ ਕਰ ਰਿਹਾ ਹੈ?"

"ਮੈਂ ਕਿਸੇ ਨੂੰ ਦੱਸਣ ਥੋੜ੍ਹਾ ਚੱਲਿਆ ਹਾਂ," ਥੋੜ੍ਹਾ ਜਿਹਾ ਗੁੱਸਾ ਤੇ ਬੇ-ਵਿਸ਼ਵਾਸੀ ਦਾ ਅਹਿਸਾਸ ਕਰਦਿਆਂ ਸ਼ਾਮੂ ਸ਼ਾਹ ਨੇ ਕਿਹਾ।

"ਕੰਧਾਂ ਨੂੰ ਵੀ ਕੰਨ ਹੁੰਦੇ ਨੇ। ਕੀ ਪਤਾ ਕਿਹੜਾ ਕਿਸ ਥਾਂ ਤੋਂ ਪਤਾ ਕਰ ਲਵੇ," ਜਥੇਦਾਰ ਕਰਮ ਸਿੰਘ ਨੇ ਉਹਦੀ ਮਨ ਦੀ ਦਸ਼ਾ ਅਨੁਭਵ ਕਰਦਿਆਂ ਕਿਹਾ, "ਤੁਹਾਨੂੰ ਹੀ ਨਹੀਂ, ਮੈਂ ਪਿਤਾ ਜੀ ਨੂੰ ਵੀ ਹੁਣ ਤਕ ਉਸ ਬਾਰੇ ਕੁਝ ਨਹੀਂ ਦੱਸਿਆ।"

ਸ਼ਾਮੂ ਸ਼ਾਹ ਵਿਆਹ ਦੀ ਤਾਰੀਖ਼ ਨਿਸਚਿਤ ਕਰਨ ਬਾਰੇ ਗੱਲ-ਬਾਤ ਛੇਤੀ ਕਰਨਾ ਚਾਹੁੰਦਾ ਸੀ, ਪਰ ਆਉਂਦਿਆਂ ਜਦ ਉਹਨੇ ਰਜ਼ਾ ਬੁਲਾ ਲਈ ਤਾਂ ਅਫ਼ਸੋਸ ਪ੍ਰਗਟ ਕਰਦਿਆਂ ਤੁਰਤ ਵਿਆਹ ਦੀ ਗੱਲ ਛੇੜਨੀ ਉਹਨੂੰ ਮੁਨਾਸਬ ਨਾ ਪ੍ਰਤੀਤ ਹੋਈ। ਉਹ ਝੱਟ ਕੁ ਇਧਰ ਉਧਰ ਦੀਆਂ ਗੱਲਾਂ ਕਰ ਕੇ ਫਿਰ ਅਖ਼ੀਰ ਆਪਣੀ ਗੱਲ ਵੱਲ ਆ ਹੀ ਗਿਆ, ਜਦ ਉਹਨੇ ਪੁੱਛਿਆ, "ਹੁਣ ਵਿਆਹ ਦਾ ਕੰਮ ਕਿਸ ਦਿਨ ਨੇਪਰੇ ਚਾੜ੍ਹਨਾ ਜੇ?" ਇਹ ਪ੍ਰਸ਼ਨ ਵੀ ਸਿੱਧਾ ਉਹਨੇ ਕਰਮ ਸਿੰਘ 'ਤੇ ਨਹੀਂ ਕੀਤਾ, ਕੋਲ ਬੈਠੇ ਉਹਦੇ ਪਿਤਾ ਲਾਭ ਚੰਦ 'ਤੇ ਕੀਤਾ।

"ਹਾਂ, ਅੱਜ ਇਹ ਵੀ ਫ਼ੈਸਲਾ ਕਰ ਹੀ ਲਈਏ," ਲਾਭ ਚੰਦ ਨੇ ਕਿਹਾ ਤੇ ਜਥੇਦਾਰ ਕਰਮ ਸਿੰਘ ਨੂੰ ਪੁੱਛਿਆ, "ਦੱਸੋ ਕਿਸ ਦਿਨ ਸਾਮਾਂ ਦੇਈਏ?"

"ਅਸੀਂ ਕਿਹੜਾ ਪਾਂਧੇ ਨੂੰ ਪੁੱਛਣ ਜਾਣਾ ਏ," ਕਰਮ ਸਿੰਘ ਨੇ ਕਿਹਾ, "ਮੇਰਾ ਵਿਚਾਰ

ਤਾਂ ਇਹ ਹੈ ਕਿ ਵਿਆਹ ਬਿਲਕੁਲ ਸਾਦਾ ਹੋਣਾ ਚਾਹੀਦਾ ਏ ਤੇ ਲੰਮੀ ਤਾਰੀਖ਼ ਵੀ ਨਹੀਂ ਨਿਸਚਿਤ ਕਰਨੀ ਚਾਹੀਦੀ। ਕੋਈ ਪਤਾ ਨਹੀਂ, ਹਾਲਾਤ ਅਗਲੇ ਦਿਨਾਂ ਵਿਚ ਕਿਸ ਕਰਵਟ ਬੈਠਦੇ ਹਨ। ਪਤਾ ਨਹੀਂ ਕਦੋਂ ਸਾਨੂੰ ਸੱਦਾ ਆ ਜਾਏ ਤੇ ਅਸੀਂ ਮੁੜ ਤੁਰ ਜਾਈਏ।"

"ਕਿਉਂ ਨਾ ਅਗਲੇ ਬੁੱਧਵਾਰ ਦਾ ਵਿਆਹ ਰੱਖ ਲਈਏ," ਸ਼ਾਮੂ ਸ਼ਾਹ ਨੇ ਸੁਝਾਅ ਦਿੱਤਾ।

"ਕਿਉਂ ਸਿਆਣਿਆਂ ਤੋਂ ਪੁੱਛ ਆਏ ਹੋ ?" ਲਾਭ ਚੰਦ ਨੇ ਉੱਤਰ ਦਿੱਤਾ, "ਇਉਂ ਜਾਪਦਾ ਏ ਕਿ ਤੁਸੀਂ ਸੰਜੀਦਗੀ ਨਾਲ ਤਾਰੀਖ਼ ਨਿਯਤ ਕਰਨ ਦਾ ਮਨ ਬਣਾ ਕੇ ਆਏ ਹੋ।"

"ਮੇਰਾ ਹੁਣ ਥਿਤ ਵਾਰ ਕਢਾਉਣ ਤੋਂ ਭਰੋਸਾ ਉੱਠ ਗਿਆ ਏ," ਸ਼ਾਮੂ ਸ਼ਾਹ ਨੇ ਉੱਤਰ ਦਿੱਤਾ, "ਪਿਛਲੀ ਵਾਰ ਮੈਂ ਪੂਰੀ ਤਾਰੀਖ਼ ਤੇ ਸਮਾਂ ਪੁੱਛ ਕੇ ਆਇਆ ਸਾਂ। ਜਿਹੜੀ ਤਾਰੀਖ਼ ਉਨ੍ਹਾਂ ਦੱਸੀ, ਉਹ ਤੁਹਾਨੂੰ ਮਨਾਈ, ਪਰ ਫਿਰ ਜਦ ਉਸ ਤਾਰੀਖ਼ 'ਤੇ ਵਿਆਹ ਨਹੀਂ ਹੋ ਸਕਿਆ ਤਾਂ ਮੈਂ ਸੋਚਣ ਲੱਗਾ ਕਿ ਥਿਤ ਵਾਰ ਕਢਾਉਣ ਦਾ ਕੀ ਫ਼ਾਇਦਾ। ਜੇਕਰ ਸਿਆਣੇ ਇਹ ਠੀਕ ਅਨੁਮਾਨ ਲਾ ਕੇ ਦੱਸ ਸਕਦੇ ਹੁੰਦੇ ਤਾਂ ਫਿਰ ਵਿਆਹ ਕਿਉਂ ਅੱਗੇ ਪੈ ਗਿਆ ?"

"ਅਸੀਂ ਤਾਂ ਅੱਗੇ ਹੀ ਵਹਿਮ ਨਹੀਂ ਕਰਦੇ," ਲਾਭ ਚੰਦ ਬੋਲਿਆ, "ਅਸੀਂ ਉਸ ਦਿਨ ਅੰਮ੍ਰਿਤ ਵੇਲੇ ਹੀ ਪਹੁੰਚ ਜਾਵਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦਾ ਪ੍ਰਬੰਧ ਅਸੀਂ ਕਰਾਂਗੇ ਤੇ ਗੁਰਮਤਿ ਅਨੁਸਾਰ ਹੀ ਅਨੰਦ ਕਾਰਜ ਹੋਏਗਾ।"

"ਇਹ ਅਨੰਦ ਕਾਰਜ ਕਿਵੇਂ ਹੁੰਦਾ ਏ ?" ਸ਼ਾਮੂ ਸ਼ਾਹ ਨੇ ਪੁੱਛਿਆ, "ਪਹਿਲਾਂ ਤਾਂ ਮੈਂ ਕਦੇ ਅਨੰਦ ਕਾਰਜ ਹੁੰਦਾ ਨਾ ਦੇਖਿਆ ਏ ਤੇ ਨਾ ਸੁਣਿਆ ਏ। ਮੇਰੀ ਜਾਚੇ ਗੁਰੂਆਂ ਦੇ ਸਮੇਂ ਵੀ ਲਾਵਾਂ ਪੁਰਾਣੇ ਢੰਗ ਦੀਆਂ ਹੁੰਦੀਆਂ ਸਨ।"

"ਲਾਵਾਂ ਗੁਰੂ ਰਾਮ ਦਾਸ ਜੀ ਨੇ ਲਿਖੀਆਂ ਸਨ ਤੇ ਉਹ ਹੀ ਚਾਰ ਲਾਵਾਂ ਸਾਡੇ ਵਿਚ ਹੁਣ ਪੜ੍ਹਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਦੁਆਲੇ ਲਾਵਾਂ ਲੈਂਦੇ ਹਨ," ਜਥੇਦਾਰ ਕਰਮ ਸਿੰਘ ਨੇ ਕਿਹਾ, "ਮੇਰਾ ਖ਼ਿਆਲ ਏ, ਮੈਂ ਪਹਿਲਾਂ ਵੀ ਤੁਹਾਨੂੰ ਇਸ ਬਾਰੇ ਦੱਸ ਚੁੱਕਿਆ ਹਾਂ।"

"ਚਲੋ, ਜਿਵੇਂ ਤੁਸੀਂ ਆਖੋ," ਸ਼ਾਮੂ ਸ਼ਾਹ ਨੇ ਸੁਝਾਅ ਪ੍ਰਵਾਨ ਕਰਦਿਆਂ ਕਿਹਾ, "ਪਰ ਇਕ ਧਿਆਨ ਰੱਖਿਆ ਜੇ, ਹੁਣ ਵਿਆਹ ਦਾ ਸਮਾਂ ਠੀਕ ਨਿਭ ਜਾਏ। ਅੱਗੇ ਤਾਰੀਖ਼ ਬਦਲਣ ਨਾਲ ਬੜੀ ਬਦਨਾਮੀ ਹੋਈ ਏ, ਪਰ ਜਦੋਂ ਗੁਰੂ ਜੀ ਬਾਰੇ ਲੋਕਾਂ ਨੂੰ ਦੱਸਿਆ ਤਾਂ ਫਿਰ ਚਰਚਾ ਘਟੀ। ਦੂਜੇ, ਜੇਕਰ ਇਕ ਦਿਨ ਪਹਿਲਾਂ ਕਵਾਰ-ਧੋਤੀ ਭੇਜ ਦਿਉ ਤਾਂ ਹੋਰ ਮਨ ਨੂੰ ਹੌਸਲਾ ਰਹੇਗਾ। ਇਹ ਵੀ ਇਕ ਰਸਮ ਏ ਤੇ ਇਹਦਾ ਮਤਲਬ ਇਹੀ ਹੈ ਕਿ ਜੰਞ ਆ ਰਹੀ ਏ।"

"ਅਸੀਂ ਤਾਂ ਇਹ ਰਸਮ ਵੀ ਨਹੀਂ ਸੀ ਕਰਨੀ, ਪਰ ਤੁਸੀਂ ਕਹਿੰਦੇ ਹੋ ਤਾਂ ਕਿਸੇ ਨੂੰ ਭੇਜ ਦਿਆਂਗੇ," ਲਾਭ ਚੰਦ ਨੇ ਆਖਿਆ, "ਇਨ੍ਹਾਂ ਰਸਮਾਂ ਦਾ ਕੀ ਏ, ਰਬੜ ਵਾਂਗੂੰ ਖਿੱਚਦੇ ਜਾਉ ਤਾਂ ਵਧਦੀਆਂ ਜਾਂਦੀਆਂ ਨੇ।"

"ਜੰਞ ਕਿਤਨੇ ਦਿਨ ਠਹਿਰੇਗੀ ?" ਸ਼ਾਮੂ ਸ਼ਾਹ ਦਾ ਅਗਲਾ ਪ੍ਰਸ਼ਨ ਸੀ।

"ਕਿਤਨੇ ਦਿਨ ?" ਜਥੇਦਾਰ ਕਰਮ ਸਿੰਘ ਕੋਲੋਂ ਬੋਲ ਪਿਆ, "ਅਸੀਂ ਤਾਂ ਸਵੇਰੇ ਪਹੁੰਚ ਕੇ ਸ਼ਾਮਾਂ ਤਕ ਮੁੜ ਆਵਾਂਗੇ। ਸਾਡੇ ਪਾਸ ਇਤਨਾ ਵਕਤ ਕਿਥੇ, ਜੋ ਕਈ ਦਿਨਾਂ ਤਕ ਠਹਿਰੀਏ।"

"ਮੈਨੂੰ ਤਾਂ ਪਿੰਡ ਵਾਲਿਆਂ ਨੇ ਕਿਹਾ ਸੀ ਕਿ ਪੰਜ ਦਿਨ ਦਾ ਸਮਾਂ ਲੈ ਕੇ ਆਉਣਾ," ਸ਼ਾਮੂ ਸ਼ਾਹ ਕਹਿਣ ਲੱਗਾ, "ਸਾਡੀ ਤਾਂ ਜੰਞ ਦੀ ਸੇਵਾ ਕਰਨ ਦੀ ਇਕ ਦਿਨ ਵਿਚ ਰੀਝ ਵੀ ਪੂਰੀ ਨਹੀਂ ਹੋਣੀ। ਲੋਕੀਂ ਕੀ ਕਹਿਣਗੇ ਕਿ ਸ਼ਾਹ ਬਰਾਤ ਨੂੰ ਝੱਲ ਹੀ ਨਹੀਂ ਸਕਦਾ।"

"ਤੁਸੀਂ ਲੋਕਾਂ ਦੇ ਚਰਚੇ ਤੋਂ ਨਾ ਘਬਰਾਇਆ ਕਰੋ," ਲਾਭ ਚੰਦ ਨੇ ਸਮਝਾਇਆ, "ਅਸੀਂ ਆਪਣੀ ਲੋੜ ਤੇ ਸਹੂਲਤ ਦੇਖਣੀ ਏ। ਅਸੀਂ ਵਧੇਰੇ ਦਿਨ ਠਹਿਰ ਜਾਈਏ ਤੇ ਕੋਈ ਹੋਰ ਭਾਣਾ ਵਰਤ ਜਾਏ। ਫਿਰ ਉਸ ਬੇਸਵਾਦੀ ਨਾਲੋਂ ਚੰਗਾ ਨਹੀਂ ਕਿ ਸੁੱਖ-ਸਾਂਦ ਨਾਲ ਕਾਰਜ ਹੋ ਜਾਏ।"

"ਪਰ ਮੈਂ ਤਾਂ ਅੱਜ ਤਕ ਕਦੇ ਇਕ ਦਿਨ ਵਿਚ ਵਿਆਹ ਭੁਗਤਦਾ ਨਹੀਂ ਦੇਖਿਆ ਸੁਣਿਆ," ਸ਼ਾਮੂ ਸ਼ਾਹ ਅਜੇ ਵੀ ਇਸ ਫ਼ੈਸਲੇ 'ਤੇ ਹੈਰਾਨ ਪ੍ਰੇਸ਼ਾਨ ਸੀ।

"ਚਲੋ, ਤੁਸੀਂ ਤੇ ਲੋਕੀਂ ਸਾਰੇ ਹੁਣ ਇਸ ਵਿਆਹ ਤੋਂ ਸੁਣ ਵੇਖ ਲਿਆ ਜੇ," ਲਾਭ ਚੰਦ ਨੇ ਕਿਹਾ, "ਦੇਖਿਆ ਜੇ, ਸਾਡੇ ਦੇਖਾ-ਦੇਖੀ ਹੋਰ ਕਈ ਲੋਕ ਬਰਾਤ ਇਕ ਦੋ ਦਿਨ ਤੋਂ ਵੱਧ ਨਹੀਂ ਰੱਖਣਗੇ। ਬੱਸ ਇਕ ਆਦਮੀ ਦਲੇਰੀ ਕਰੇ ਤੇ ਨਾਲ ਹੀ ਰਸਮੋ-ਰਿਵਾਜ ਬਦਲ ਜਾਂਦੇ ਨੇ। ਮੈਂ ਕਹਿੰਦਾ ਹਾਂ, ਜਿਸ ਕੋਲ ਇਹਦੇ ਨਾਲੋਂ ਵੀ ਘੱਟ ਸਮਾਂ ਹੋਵੇ, ਉਹ ਪਹਿਰ ਦੋ ਪਹਿਰ ਵਿਚ ਹੀ ਵਿਆਹ ਕਰਵਾ ਲਵੇ।"

"ਆਉ ਅਰਦਾਸ ਕਰੀਏ ਕਿ ਸੱਚੇ ਪਾਤਸ਼ਾਹ ਸੁਖ ਦੀ ਘੜੀ ਲਿਆਵੇ ਤੇ ਇਹ ਕਾਰਜ ਠੀਕ ਤਰ੍ਹਾਂ ਸਮੇਂ ਸਿਰ ਹੋ ਜਾਏ," ਜਥੇਦਾਰ ਕਰਮ ਸਿੰਘ ਨੇ ਗੱਲ ਮੁਕਾਈ ਤੇ ਆਪ ਹੀ ਉੱਠ ਕੇ ਅਰਦਾਸ ਸ਼ੁਰੂ ਕਰ ਦਿੱਤੀ। ਸਾਰਾ ਪਰਵਾਰ ਵੀ ਅਰਦਾਸ ਵਿਚ ਸਾਵਧਾਨ ਹੋ ਕੇ ਖੜ੍ਹਾ ਹੋ ਗਿਆ। ਇਸ ਪਿੱਛੋਂ ਸ਼ਾਮੂ ਸ਼ਾਹ ਵਧਾਈ ਲੈਂਦਾ ਤੇ ਦਿੰਦਾ ਆਪਣੇ ਪਿੰਡ ਦਿਆਲਪੁਰ ਚਲਾ ਗਿਆ।

ਲਾਭ ਚੰਦ ਨੇ ਜਥੇਦਾਰ ਕਰਮ ਸਿੰਘ ਤੇ ਦੋ ਤਿੰਨ ਹੋਰ ਨਜ਼ਦੀਕੀਆਂ ਨੂੰ ਬਿਠਾ ਕੇ ਵਿਆਹ ਦੀ ਤਿਆਰੀ ਦਾ ਕੰਮ ਵੰਡ ਲਿਆ। ਫ਼ੈਸਲਾ ਹੋਇਆ ਕਿ ਕਰਤਾਰਪੁਰ ਵਿਚੋਂ ਨਾਲ ਚੱਲਣ ਵਾਲਿਆਂ ਨੂੰ ਮੰਗਲਵਾਰ ਸ਼ਾਮ ਨੂੰ ਹੀ ਸੁਨੇਹੇ ਭੇਜਾਂਗੇ। ਮੰਗਲਵਾਰ ਰਾਤ ਨੂੰ ਹੀ ਔਰਤਾਂ ਦਾ ਇਕੱਠ ਗੀਤ ਗਾ ਲਵੇ। ਬਾਹਰਲੇ ਪਿੰਡਾਂ ਤੋਂ ਰਿਸ਼ਤੇਦਾਰੀ ਨੂੰ ਦੋ ਕੁ ਦਿਨ ਪਹਿਲਾਂ ਸੁਨੇਹੇ ਭੇਜ ਦਿੱਤੇ ਜਾਣ।

ਜਿਸ ਤਰ੍ਹਾਂ ਵਿਆਹ ਦੀ ਪਹਿਲਾਂ ਤਾਰੀਖ਼ ਨਿਸਚਿਤ ਹੋਣ 'ਤੇ ਸਾਰੇ ਪਰਵਾਰ ਨੂੰ ਤੇ ਖ਼ਾਸ ਕਰਕੇ ਕਰਮ ਸਿੰਘ ਦੀ ਮਾਂ ਨੂੰ ਖ਼ੁਸ਼ੀ ਹੋਈ ਸੀ, ਉਸ ਤਰ੍ਹਾਂ ਹੁਣ ਵਿਆਹ ਦਾ ਸਮਾਂ ਨਿਸਚਿਤ ਹੋਣ 'ਤੇ ਨਹੀਂ ਹੋਈ। ਹੁਣ ਉਹ ਬੜੇ ਠਰ੍ਹੰਮੇ ਨਾਲ ਤੇ ਫੂਕ ਫੂਕ ਕੇ ਕਦਮ ਰੱਖਣ ਦੀ ਹਾਮੀ ਸੀ। ਉਹਨੇ ਝੱਟ ਮੰਨ ਲਿਆ ਕਿ ਆਖ਼ਰੀ ਇਕ ਰਾਤ ਹੀ ਗੌਣ ਬਿਠਾਏ ਜਾਣਗੇ ਤੇ ਉਨ੍ਹਾਂ ਲਈ ਸੱਦਾ ਵੀ ਆਖ਼ਰੀ ਵਕਤ 'ਤੇ ਭੇਜਿਆ ਜਾਏਗਾ। ਜਿਹੜੀਆਂ ਕੁੜੀਆਂ ਫ਼ੁਰਤ ਸੱਦਾ ਦੇਣ ਲਈ ਕਾਹਲੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਵੀ ਮੰਗਲਵਾਰ ਇਤਲਾਹ ਦੇਣ ਦਾ ਨਿਰਣਾ ਲਿਆ ਗਿਆ।

ਇਹ ਵੀ ਲਾਭ ਚੰਦ ਨੇ ਜਥੇਦਾਰ ਕਰਮ ਸਿੰਘ ਦੀ ਸਲਾਹ ਨਾਲ ਫ਼ੈਸਲਾ ਕੀਤਾ ਕਿ ਕੇਵਲ 21 ਸਿੰਘਾਂ ਦਾ ਘੋੜ ਸਵਾਰ ਜਥਾ ਬਰਾਤ ਨਾਲ ਜਾਏਗਾ ਤੇ ਬਾਕੀ ਇਥੇ ਕਰਤਾਰਪੁਰ ਵਿਚ ਹੀ ਰਹਿਣਗੇ। ਨਾਲ ਜਾਣ ਵਾਲੇ ਜਥੇ ਦੇ ਮੈਂਬਰਾਂ ਦੀ ਚੋਣ ਦਾ ਕੰਮ ਕਸ਼ਮੀਰ ਸਿੰਘ, ਕਿੱਕਰ ਸਿੰਘ ਤੇ ਕਸਤੂਰ ਸਿੰਘ ਦੇ ਸਪੁਰਦ ਕੀਤਾ ਗਿਆ। ਇਹ ਵੀ ਫ਼ੈਸਲਾ ਹੋਇਆ ਕਿ ਸਿੰਘਾਂ ਦੇ ਹਮਦਰਦ ਹਿੰਦੂ ਤੇ ਮੁਸਲਮਾਨ ਮੁਖੀ ਵੀ ਨਾਲ ਲਿਜਾਏ ਜਾਣਗੇ।

"ਤੁਹਾਡੀ ਅੱਜ-ਕੱਲ੍ਹ ਫ਼ੌਜਦਾਰ ਜਲੰਧਰ ਨਾਲ ਨੇੜਤਾ ਹੈ, ਕਿਉਂ ਨਾ ਉਸ ਨੂੰ ਵੀ ਸੱਦਿਆ ਜਾਏ ?" ਕਿਸੇ ਨੇ ਕੋਲੋਂ ਸਲਾਹ ਦਿੱਤੀ।

"ਬਿਲਕੁਲ ਨਹੀਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਜਿਨ੍ਹਾਂ ਹਾਕਮਾਂ ਨਾਲ ਟੱਕਰ

ਏ, ਉਨ੍ਹਾਂ ਨਾਲ ਅਜਿਹੀ ਸਾਂਝ ਨਹੀਂ ਹੋ ਸਕਦੀ। ਨਾਲੇ ਫ਼ੌਜਦਾਰ ਦਾ ਕੀ ਏ, ਉਹ ਤਾਂ ਪਲ ਪਲ ਸਾਡੇ ਵੱਲ ਆਪਣਾ ਵਤੀਰਾ ਬਦਲਦਾ ਏ। ਅਜੇ ਕੁਝ ਦਿਨ ਹੋਏ, ਉਹਨੇ ਮੁੜ ਸਿੱਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਏ। ਵਕਤ ਦੀ ਲੋੜ ਨਾਲ ਇਹ ਦੋਸਤ ਬਣਦੇ ਹਨ ਤੇ ਵਕਤ ਦੇਖ ਕੇ ਦੁਸ਼ਮਣ ਵੀ ਬਣ ਜਾਂਦੇ ਹਨ। ਇਨ੍ਹਾਂ ਨੂੰ ਪਤਾ ਲੱਗ ਜਾਏ ਤਾਂ ਹੋ ਸਕਦਾ ਏ ਕਿ ਵਿਆਹ ਵਿਚ ਵਿਘਨ ਪਾਉਣ ਲਈ ਫ਼ੌਜ ਚੜ੍ਹਾ ਲਿਆਉਣ।"

ਇਸ ਤਰ੍ਹਾਂ ਸਲਾਹਾਂ ਕਰਦਿਆਂ ਸੰਧਿਆ ਵੇਲਾ ਹੋ ਗਿਆ ਤੇ ਜਥੇਦਾਰ ਕਰਮ ਸਿੰਘ ਨੇ ਰਹਰਾਸਿ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ।

22

ਪੰਡਤ ਗਿਰਧਾਰੀ ਲਾਲ ਨੇ ਉਚੇਚੇ ਸੁਨੇਹੇ ਭੇਜ ਕੇ ਦਿਆਲਪੁਰ ਦੇ ਸਾਰੇ ਪੰਡਤਾਂ ਦੀ ਵਿਸ਼ੇਸ਼ ਇਕੱਤਰਤਾ ਆਪਣੇ ਘਰ ਬੁਲਾ ਲਈ। ਉਨ੍ਹਾਂ ਪੰਡਤਾਂ ਦੇ ਘਰ ਵੀ ਸੁਨੇਹੇ ਭੇਜੇ, ਜਿਨ੍ਹਾਂ ਨਾਲ ਉਸ ਦਾ ਕੋਈ ਬੋਲ-ਚਾਲ ਨਹੀਂ ਸੀ। ਇਸ ਪਿੰਡ ਵਿਚ ਪੰਡਤਾਂ ਦੇ ਪੰਜ ਹੀ ਘਰ ਸਨ ਤੇ ਉਹ ਹੋਰ ਕੋਈ ਕੰਮ ਧੰਦਾ ਨਹੀਂ ਸਨ ਕਰਦੇ। ਕੇਵਲ ਲੋਕਾਂ ਨੂੰ ਧਾਰਮਕ ਸਿੱਖਿਆ ਦਿੰਦੇ, ਰਸਮੋ-ਰਿਵਾਜ ਬਣਾਂਦੇ ਤੇ ਸਮਝਾਂਦੇ ਜਾਂ ਸ਼ਗਨ-ਅਪਸ਼ਗਨ ਦੀਆਂ ਘੜੀਆਂ ਤੇ ਥਿਤਾਂ ਦੱਸਦੇ। ਪਿੰਡ ਦੀ ਕਿਸਾਨੀ ਇਨ੍ਹਾਂ ਨੂੰ ਹਰ ਫ਼ਸਲ ਪੱਕਣ 'ਤੇ ਕੁਝ ਨਾ ਕੁਝ ਅੰਨ-ਦਾਣਾ ਦਾਨ ਕਰ ਦਿੰਦੀ ਜਾਂ ਵਿਆਹ-ਸ਼ਾਦੀਆਂ ਸਮੇਂ ਇਨ੍ਹਾਂ ਨੂੰ ਕਾਫ਼ੀ ਕੁਝ ਮਿਲ ਜਾਂਦਾ। ਰਿਸ਼ਤੇ ਕਰਨ ਕਰਾਉਣ ਦਾ ਕੰਮ ਵੀ ਬਹੁਤੇ ਪੰਡਤ ਲੋਕ ਹੀ ਕਰ ਆਉਂਦੇ ਸਨ। ਇਨ੍ਹਾਂ ਦੀ ਇਤਨੀ ਭੱਲ ਬਣੀ ਹੋਈ ਸੀ ਕਿ ਲੋਕ ਇਨ੍ਹਾਂ 'ਤੇ ਭਰੋਸਾ ਕਰ ਕੇ ਬਿਨਾਂ ਕੁੜੀ ਮੁੰਡਾ ਦੇਖੇ, ਰਿਸ਼ਤੇ ਦੀ 'ਹਾਂ' ਕਰ ਦਿੰਦੇ। ਹਾਣ-ਪ੍ਰਵਾਣ ਦੇਖਣ ਦਾ ਕੰਮ ਵੀ ਇਨ੍ਹਾਂ ਦੇ ਹੀ ਸਪੁਰਦ ਹੁੰਦਾ ਸੀ। ਪਹਿਲਾਂ ਇਕ ਦੋ ਘਰ ਸਨ ਤੇ ਸਾਰਾ ਪਿੰਡ ਹੀ ਨਹੀਂ, ਆਲੇ-ਦੁਆਲੇ ਦੇ ਕਈ ਪਿੰਡਾਂ ਵਾਲੇ ਵੀ ਇਨ੍ਹਾਂ ਦੀ ਸੇਵਾ ਪ੍ਰਾਪਤ ਕਰਦੇ ਤੇ ਸਲਾਹ ਕਰਨ ਆਉਂਦੇ। ਹੁਣ ਇਹ ਪੰਜ ਘਰ ਹੋ ਗਏ ਸਨ ਇਉਂ ਕੰਮ-ਕਾਜ ਦਾ ਖੇਤਰ ਉਹੀ ਹੋਣ ਕਰਕੇ ਆਪਸ ਵਿਚ ਕਈ ਵਾਰ ਝਗੜਾ ਰਹਿਣ ਲੱਗ ਪਿਆ। ਭਾਵੇਂ ਹੁਣ ਘਰ ਤੇ ਟੱਬਰ ਵੰਡੇ ਗਏ ਸਨ ਪਰ ਫਿਰ ਵੀ ਇਕ ਦੂਜੇ ਦੀ ਗਾਹਕੀ ਖਿੱਚਣ ਤੇ ਚੁਗ਼ਲੀ ਨਿੰਦਾ ਹੋਣ ਕਾਰਨ ਟਕਰਾਉ ਬਣਿਆ ਰਹਿੰਦਾ ਸੀ। ਇਕੱਠੇ ਉਦੋਂ ਹੀ ਹੁੰਦੇ ਸਨ, ਜਦੋਂ ਸਾਰਿਆਂ ਦੇ ਕਿਸੇ ਸਾਂਝੇ ਹਿੱਤ 'ਤੇ ਸੱਟ ਵੱਜਦੀ ਹੋਵੇ ਜਾਂ ਅਜਿਹੀ ਘਟਨਾ ਵਾਪਰ ਜਾਏ, ਜਿਸ ਨਾਲ ਇਸ ਬਰਾਦਰੀ ਦੀ ਬਦਨਾਮੀ ਹੁੰਦੀ ਹੋਵੇ। ਆਖ਼ਰ ਪਿੰਡ ਵਿਚ ਇਹ ਬੁੱਧੀਜੀਵੀ ਵਰਗ ਸੀ, ਇਸ ਲਈ ਅਨਪੜ੍ਹ ਤੇ ਗਵਾਰਾਂ ਵਾਂਗ ਤਾਂ ਨਹੀਂ ਸੀ ਲੜਦੇ। ਲੜਾਈ ਵੀ ਸੂਝ-ਬੂਝ ਨਾਲ ਹੀ ਲੜਦੇ ਸਨ। ਜਨਮ ਤੋਂ ਮਰਨ ਤਕ ਦੀ ਹਰ ਰਸਮ ਇਨ੍ਹਾਂ ਪੰਡਤਾਂ ਰਾਹੀਂ ਹੀ ਹੁੰਦੀ।

ਅੱਜ ਜਦੋਂ ਗਿਰਧਾਰੀ ਲਾਲ ਨੇ ਸੱਦਾ ਦਿੱਤਾ ਤਾਂ ਝੱਟ ਸਾਰੇ ਪੰਜਾਂ ਘਰਾਂ ਦੇ ਹੀ ਅੱਠ ਮਰਦ ਗਿਰਧਾਰੀ ਲਾਲ ਦੇ ਘਰ ਇਕੱਠੇ ਹੋ ਗਏ, ਜਿਨ੍ਹਾਂ ਨੂੰ ਪਤਾ ਸੀ ਕਿ ਸ਼ਾਮੂ ਸ਼ਾਹ ਦੀ ਲੜਕੀ ਦਾ ਵਿਆਹ ਇਕ ਸਿਖ ਨਾਲ ਹੋ ਰਿਹਾ ਹੈ, ਉਨ੍ਹਾਂ ਨੂੰ ਤਾਂ ਉਸੇ ਵੇਲੇ ਖੁੜਕ ਗਈ ਕਿ ਜ਼ਰੂਰ ਉਸ ਵਿਆਹ ਨਾਲ ਸੰਬੰਧਿਤ ਹੀ ਕੋਈ ਗੱਲ ਹੋਵੇਗੀ ਪਰ ਦੂਜਿਆਂ ਨੂੰ ਕੁਝ ਵੀ ਨਹੀਂ ਸੀ ਪਤਾ ਕਿ ਕਾਹਦੇ ਲਈ ਸੱਦ ਰਹੇ ਹਨ। ਉਹ ਤਾਂ ਸਗੋਂ ਉਤਸੁਕ ਸਨ ਕਿ ਛੇਤੀ ਗੱਲ ਦਾ ਪਤਾ ਲੱਗੇ, ਕਿਸ ਲਈ ਉਚੇਚੀ ਇਕੱਤਰਤਾ ਬੁਲਾਈ ਗਈ ਹੈ।

ਜਦੋਂ ਸਾਰੇ ਆ ਗਏ ਤਾਂ ਗਿਰਧਾਰੀ ਲਾਲ ਨੇ ਦੱਸਣਾ ਸ਼ੁਰੂ ਕੀਤਾ, "ਤੁਹਾਨੂੰ ਇਸ ਲਈ ਖੇਚਲ ਦਿੱਤੀ ਏ ਕਿਉਂਕਿ ਸਥਿਤੀ ਗੰਭੀਰ ਹੋ ਗਈ ਏ। ਸਾਡੇ ਧਰਮ 'ਤੇ ਹਮਲਾ ਹੋ ਰਿਹਾ ਏ, ਸਾਡੇ ਰੀਤੀ-ਰਿਵਾਜ ਬਦਲੇ ਜਾ ਰਹੇ ਹਨ। ਸਾਨੂੰ ਭੁੱਖਿਆਂ ਮਾਰਨ ਦੀਆਂ ਗੱਲਾਂ ਹੋ ਰਹੀਆਂ ਹਨ। ਸਾਡਾ ਮਖ਼ੌਲ ਉਡਾਇਆ ਜਾ ਰਿਹਾ ਹੈ। ਅੱਜ ਮੇਰੇ ਨਾਲ ਹੋਇਆ ਏ ਤੇ ਜੇ ਤੁਸਾਂ ਇਹਦਾ ਕੋਈ ਉਪਾਅ ਨਾ ਸੋਚਿਆ ਤਾਂ ਕੱਲ੍ਹ ਤੁਹਾਡੇ ਨਾਲ ਵੀ ਹੋਵੇਗਾ।"

"ਗੱਲ ਤਾਂ ਪਹਿਲਾਂ ਦੱਸੋ, ਹੋਇਆ ਕੀ ਏ ?" ਪੰਡਤ ਲਾਲ ਚੰਦ ਨੇ ਉਹਦੀ ਗੱਲ ਮੁੱਕਣ ਤੋਂ ਪਹਿਲਾਂ ਹੀ ਟੋਕ ਕੇ ਪੁੱਛਿਆ, "ਤੁਸੀਂ ਤੇ ਗੱਲ ਦੱਸੇ ਬਿਨਾਂ ਹੀ ਨਤੀਜੇ ਕੱਢੀ ਜਾ ਰਹੇ ਹੋ।"

"ਮੇਰੀ ਗੱਲ ਤੁਸੀਂ ਪੂਰੀ ਤੇ ਹੋਣ ਹੀ ਨਹੀਂ ਦਿੱਤੀ," ਗਿਰਧਾਰੀ ਲਾਲ ਨੇ ਕੁਝ ਖਿੱਝ ਕੇ ਆਖਿਆ, "ਮੈਨੂੰ ਪਤਾ ਲੱਗਾ ਹੈ ਕਿ ਸ਼ਾਮੂ ਸ਼ਾਹ ਆਪਣੀ ਪੁੱਤਰੀ ਦੇ ਵਿਆਹ ਦੀ ਤਾਰੀਖ਼ ਤੇ ਸਮਾਂ ਮਿਥ ਆਇਆ ਏ। ਮੇਰੇ ਗੱਲ ਮੰਨਣ ਵਿਚ ਹੀ ਨਹੀਂ ਆਈ। ਉਹਨੇ ਅੱਗੇ ਜਦੋਂ ਪੁੱਤਰੀ ਦੇ ਵਿਆਹ ਦੀ ਤਾਰੀਖ਼ ਮਿਥਣੀ ਸੀ ਤਾਂ ਮੇਰੇ ਕੋਲ ਆਇਆ ਸੀ, ਮੇਰੇ ਤੋਂ ਪੁੱਛ ਕੇ ਗਿਆ ਸੀ। ਜਦੋਂ ਹੁਣ ਮੈਂ ਅੱਜ ਸ਼ਾਮੀਂ ਉਹਦੇ ਘਰ ਗਿਆ ਤਾਂ ਉਹਦੇ ਤੌਰ ਹੀ ਬਦਲੇ ਹੋਏ ਸਨ। ਮੈਂ ਉਹਨੂੰ ਪੁੱਛਿਆ ਕਿ ਕਿਸ ਤੋਂ ਪੁੱਛ ਕੇ ਵਿਆਹ ਦਾ ਸਮਾਂ ਰੱਖਿਆ ਏ ਤਾਂ ਅੱਗੋਂ ਸ਼ਾਹ ਕਹਿਣ ਲੱਗਾ ਕਿ ਕੁੜਮਾਂ ਤੋਂ ਪੁੱਛ ਕੇ। ਅਸੀਂ ਹੁਣ ਪੰਡਤਾਂ ਤੋਂ ਪੁੱਛਣ ਨਹੀਂ ਜਾਇਆ ਕਰਨਾ। ਮੈਨੂੰ ਗੁੱਸਾ ਤਾਂ ਬੜਾ ਆਇਆ ਪਰ ਫਿਰ ਮੈਂ ਗੁੱਸਾ ਪੀ ਜਾਣ ਵਿਚ ਹੀ ਸਿਆਣਪ ਸਮਝੀ। ਮੈਂ ਸਮਝਾਇਆ ਕਿ ਨਾ ਵਾਰ ਸਾਰੇ ਇਕੋ ਜਿਹੇ ਹੁੰਦੇ ਨੇ ਤੇ ਨਾ ਹੀ ਸਮਾਂ। ਲਗਨ ਤਾਂ ਕਢਾ ਲੈਂਦੇ, ਕਿਸ ਵਕਤ ਦਾ ਠੀਕ ਰਹੇਗਾ। ਸ਼ਾਹ ਕਹਿਣ ਲੱਗਾ ਕਿ ਸਾਡੇ ਕੁੜਮ ਨਹੀਂ ਮੰਨਦੇ ਇਸ ਵਹਿਮ ਨੂੰ। ਉਹ ਕਹਿੰਦੇ ਨੇ ਕਿ ਜਿਸ ਵੇਲੇ ਠੀਕ ਸਮਝੋ, ਵਿਆਹ ਕਰ ਲਉ।"

"ਜੇ ਕੋਈ ਨਹੀਂ ਮੰਨਦਾ ਤਾਂ ਨਾ ਸਹੀ," ਲਾਲ ਚੰਦ ਨੇ ਫਿਰ ਵਿਚੋਂ ਟੋਕ ਕੇ ਆਖਿਆ, "ਆਪਾਂ ਸਾਰਿਆਂ ਨੂੰ ਮਜਬੂਰ ਥੋੜ੍ਹਾ ਕਰ ਸਕਦੇ ਹਾਂ। ਆਪੇ ਗ਼ਲਤ ਸਮੇਂ ਗ਼ਲਤ ਗੱਲ ਕਰ ਕੇ ਪਛਤਾਣਗੇ।"

"ਇਹ ਗੱਲ ਨਹੀਂ," ਗਿਰਧਾਰੀ ਲਾਲ ਨੇ ਫਿਰ ਦੱਸਣਾ ਸ਼ੁਰੂ ਕੀਤਾ, "ਸ਼ਾਹ ਤਾਂ ਉਲਟਾ ਮੇਰੇ ਗਲ ਪੈ ਗਿਆ। ਆਖੇ, ਅੱਗੇ ਤੁਸਾਂ ਦੀਪੋ ਦੇ ਵਿਆਹ ਦਾ ਚੰਗਾ ਸਮਾਂ ਕਢਾ ਕੇ ਦੱਸਿਆ ਸੀ, ਉਸ ਵਿਚ ਅਜਿਹਾ ਵਿਘਨ ਪਿਆ ਕਿ ਹੁਣ ਤਕ ਵਿਆਹ ਨਹੀਂ ਹੋਇਆ। ਸ਼ਾਹ ਤਾਂ ਇਉਂ ਲੱਗਦਾ ਸੀ ਜਿਵੇਂ ਉਹ ਸਾਡੇ ਪੰਡਤਾਂ ਦੇ ਸਾਰੇ ਗਿਆਨ ਨੂੰ ਚਨੌਤੀ ਦੇ ਰਿਹਾ ਹੋਵੇ।"

"ਫਿਰ ਗੱਲ ਕਿਥੇ ਮੁੱਕੀ ?" ਪੰਡਤ ਰਾਮ ਕਿਸ਼ਨ ਬੋਲ ਪਿਆ, "ਸਾਨੂੰ ਕਾਹਦੇ ਲਈ ਯਾਦ ਕੀਤਾ ਏ ?"

"ਪਤਾ ਨਹੀਂ ਕੀ ਏ ?" ਪੰਡਤ ਗਿਰਧਾਰੀ ਲਾਲ ਬੋਲਿਆ, "ਤੁਸੀਂ ਮੇਰੀ ਪੂਰੀ ਗੱਲ ਸੁਣਨ ਲਈ ਤਿਆਰ ਹੀ ਨਹੀਂ। ਇਹ ਸਵਾਲ ਮੇਰੇ ਇਕੱਲੇ ਦਾ ਨਹੀਂ, ਸਾਰੀ ਬਰਾਦਰੀ ਦਾ ਏ, ਸਾਰੇ ਭਾਈਚਾਰੇ ਨੂੰ ਇਸ ਬਾਰੇ ਸੋਚਣਾ ਚਾਹੀਦਾ ਏ। ਅੱਜ ਮੈਨੂੰ ਅਜਿਹਾ ਉੱਤਰ ਮਿਲਿਆ, ਕੱਲ੍ਹ ਦੇਖਾ-ਦੇਖੀ ਤੁਹਾਨੂੰ ਵੀ ਮਿਲੇਗਾ। ਗੱਲ ਇਸ ਤੋਂ ਅੱਗੇ ਵਾਲੀ ਹੋਰ ਵਧੇਰੇ ਖ਼ਤਰਨਾਕ ਏ।"

"ਉਹ ਕੀ ?" ਲਾਲ ਚੰਦ ਨੇ ਪੁੱਛਿਆ।

"ਮੈਂ ਪੁੱਛ ਬੈਠਾ ਕਿ ਲਾਵਾਂ ਲਈ ਮੰਡਪ ਕਿਥੇ ਬਣਨਾ ਏ ? ਤੁਸੀਂ ਦਿਨ ਵਿਆਹ ਦਾ ਤਾਂ ਆਪੇ ਮਿਥ ਆਏ ਹੋ, ਹੁਣ ਲਾਵਾਂ ਲਈ ਰਾਤ ਦਾ ਸਮਾਂ ਮੈਂ ਦੱਸਾਂਗਾ," ਗਿਰਧਾਰੀ

ਲਾਲ ਨੇ ਦੱਸਿਆ, "ਅੱਗੋਂ ਮਾਮੂ ਸ਼ਾਹ ਕਹਿਣ ਲੱਗਾ ਕਿ ਵਿਆਹ ਤਾਂ ਦਿਨੇ ਹੋਵੇਗਾ ਤੇ ਉਹ ਵੀ ਤੜਕੇ ਤੜਕੇ। ਦੁਪਹਿਰ ਪਿੱਛੋਂ ਤਾਂ ਬਰਾਤ ਡੋਲੀ ਲੈ ਕੇ ਵੀ ਤੁਰ ਜਾਏਗੀ। ਸ਼ਾਹ ਨੇ ਸਾਫ਼ ਮੇਰੇ ਮੂੰਹ 'ਤੇ ਕਹਿ ਦਿੱਤਾ ਕਿ ਲਾਵਾਂ ਲਈ ਪੰਡਤ ਜੀ ਤੁਹਾਡੀ ਲੋੜ ਨਹੀਂ। ਤੁਸੀਂ ਜਾਣਦੇ ਹੀ ਹੋ ਕਿ ਮੁੰਡਾ ਤਾਂ ਅੰਮ੍ਰਿਤਧਾਰੀ ਸਿੰਘ ਏ ਤੇ ਉਹ ਵੇਦੀਆਂ ਦੀਆਂ ਲਾਵਾਂ ਨਹੀਂ ਲਵੇਗਾ, ਉਹ ਤਾਂ ਗੁਰੂ ਗ੍ਰੰਥ ਸਾਹਿਬ ਦੁਆਲੇ ਲਾਵਾਂ ਲਵੇਗਾ। ਜਿਹਨੂੰ ਉਹ ਅਨੰਦ ਕਾਰਜ ਆਖਦੇ ਨੇ। ਮੁੰਡਾ ਕਹਿੰਦਾ ਏ ਕਿ ਸਾਰਾ ਪ੍ਰਬੰਧ ਉਹ ਆਪ ਕਰਨਗੇ।"

"ਇਹਦਾ ਮਤਲਬ ਏ ਕਿ ਉਹ ਨਵੇਂ ਢੰਗ ਨਾਲ ਵਿਆਹ ਕਰਾਏਗਾ," ਪੰਡਤ ਰਾਮ ਕਿਸ਼ਨ ਮੁੜ ਬੋਲਿਆ, "ਸ਼ਾਹ ਇਹਦੇ ਵਿਚ ਕੁਝ ਨਹੀਂ ਕਰ ਸਕਦਾ। ਮੁੰਡੇ ਵਾਲੇ ਜਿਹੜਾ ਢੰਗ ਤਰੀਕਾ ਕਹਿਣਗੇ, ਉਹੀ ਕਰਨਾ ਪਏਗਾ।"

"ਪਰ ਇਸ ਤਰ੍ਹਾਂ ਸਾਡਾ ਕੰਮ-ਕਾਜ ਤਾਂ ਠੱਪ ਹੋ ਜਾਏਗਾ," ਪੰਡਤ ਗਿਰਧਾਰੀ ਲਾਲ ਨੇ ਬੜੇ ਗੰਭੀਰ ਤੇ ਫ਼ਿਕਰਮੰਦ ਲਹਿਜੇ ਨਾਲ ਆਖਿਆ, "ਜੇ ਅਸੀਂ ਥਿਤ ਵਾਰ ਨਹੀਂ ਦੱਸਣਾ, ਜੇ ਸਾਡੇ ਤੋਂ ਕਿਸੇ ਨੇ ਲਗਨ ਨਹੀਂ ਪੁੱਛਣਾ, ਮੁੜ ਵਿਆਹ ਸਮੇਂ ਅਸੀਂ ਲਾਵਾਂ ਨਹੀਂ ਕਰਵਾਣੀਆਂ ਤਾਂ ਸਾਨੂੰ ਮੁੜ ਲਾਗ ਕੌਣ ਦੇਵੇਗਾ। ਇਥੇ ਹੀ ਬੱਸ ਨਹੀਂ, ਇਹ ਸਿਖ ਲੋਕ ਤਾਂ ਕਦਮ ਕਦਮ 'ਤੇ ਸਾਡੇ ਧਾਰਮਿਕ ਵਿਸ਼ਵਾਸ ਦੇ ਉਲਟ ਚੱਲ ਰਹੇ ਹਨ। ਮੈਂ ਸੁਣਿਆ ਏ ਕਿ ਇਹ ਸਰਾਧਾਂ ਦੇ ਵਿਰੁੱਧ ਹਨ। ਜੇ ਲੋਕ ਇਨ੍ਹਾਂ ਆਖੇ ਸਰਾਧ ਕਰਨੇ ਛੱਡ ਗਏ ਤਾਂ ਆਪਣਾ ਕੀ ਬਣੂੰਗਾ?"

"ਸਿਖ ਕੋਈ ਵੱਖਰੇ ਨਹੀਂ, ਸਾਡੇ ਹੀ ਭਾਈਚਾਰੇ ਦਾ ਅੰਗ ਹਨ," ਪੰਡਤ ਰਾਮ ਕਿਸ਼ਨ ਨੇ ਸਮਝਾਇਆ, "ਉਹ ਸਾਡੇ ਧਰਮ ਵਿਚ ਆਈਆਂ ਬੁਰਾਈਆਂ ਤੇ ਘਾਟਿਆਂ ਵੱਲ ਧਿਆਨ ਦਵਾ ਕੇ ਸੁਧਾਰ ਕਰਨਾ ਚਾਹੁੰਦੇ ਹਨ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਜੇਕਰ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਦਿੱਲੀ ਜਾਣ ਤੇ ਆਪਾ ਕੁਰਬਾਨ ਕਰਨ ਲਈ ਤਿਆਰ ਨਾ ਹੁੰਦੇ ਤਾਂ ਅੱਜ ਨਾ ਹਿੰਦੂ ਕੌਮ ਬਚਦੀ ਤੇ ਨਾ ਹੀ ਅਸੀਂ ਇਸ ਰੂਪ ਵਿਚ ਜ਼ਿੰਦਾ ਹੁੰਦੇ। ਉਨ੍ਹਾਂ ਨੇ ਸਾਨੂੰ ਜ਼ੁਲਮ ਦਾ ਟਾਕਰਾ ਆਪ ਕਰ ਕੇ ਬਚਾਅ ਲਿਆ। ਮੈਂ ਤੇ ਕਹਿੰਦਾ ਹਾਂ ਕਿ ਸਿਖ ਸਾਡੇ ਸਮਾਜ ਦਾ ਅਤਿ ਨਰੋਆ ਅੰਗ ਹਨ।"

"ਉਹ ਤੇ ਉਨ੍ਹਾਂ ਨੇ ਸਾਰੀ ਹਿੰਦੂ ਕੌਮ ਦੇ ਆਗੂ ਬਣਨ ਲਈ ਕੁਰਬਾਨੀ ਦਿੱਤੀ ਸੀ," ਪੰਡਤ ਗਿਰਧਾਰੀ ਲਾਲ ਨੇ ਵਿਰੋਧ ਦੀ ਅੱਗ ਵਿਚ ਸੜਦਿਆਂ ਆਖਿਆ, "ਇਧਰ ਧਿਆਨ ਕਰੋ, ਉਨ੍ਹਾਂ ਤੁਹਾਡੇ ਧਰਮ ਵਿਸ਼ਵਾਸ ਦੀਆਂ ਜੜ੍ਹਾਂ 'ਤੇ ਕਿਤਨਾ ਤਿੱਖਾ ਕੁਹਾੜਾ ਚਲਾਇਆ ਏ। ਤੁਹਾਡੇ ਬਜ਼ੁਰਗਾਂ ਨੇ ਜਾਤ ਪਾਤ ਤੇ ਚਾਰ ਵਰਗ ਬਣਾਏ, ਜਿਨ੍ਹਾਂ ਵਿਚ ਬ੍ਰਾਹਮਣ ਨੂੰ ਉੱਤਮ ਜਾਤੀ ਮੰਨਿਆ ਪਰ ਸਿਖ ਗੁਰੂਆਂ ਨੇ ਤਾਂ ਸਾਰੀਆਂ ਜਾਤਾਂ ਤੇ ਵਰਗਾਂ ਨੂੰ ਇਕੋ ਜਿਹਾ ਕਹਿ ਕੇ ਤੁਹਾਡੀ ਵਡਿਆਈ ਹੀ ਖ਼ਤਮ ਕਰ ਦਿੱਤੀ ਏ। ਤੁਸੀਂ ਮੂਰਤੀ ਪੂਜ ਹੋ ਤੇ ਤੁਹਾਡੇ ਅਨੇਕਾਂ ਭਗਵਾਨ ਹਨ ਪਰ ਸਿਖ ਨਾ ਤੇ ਮੂਰਤੀ ਪੂਜਾ ਕਰਦੇ ਹਨ ਤੇ ਨਾ ਹੀ ਸਾਡੇ ਅਨੇਕਾਂ ਭਗਵਾਨ ਮੰਨਦੇ ਹਨ। ਉਹ ਤਾਂ ਮੁਸਲਮਾਨਾਂ ਦੇ ਨੇੜੇ ਜਾਪਦੇ ਹਨ, ਜਦ ਉਹ ਇਕ ਪਰਮਾਤਮਾ ਦਾ ਨਾਹਰਾ ਮਾਰਦੇ ਹਨ।"

"ਗਿਰਧਾਰੀ ਲਾਲ ਜੀ ਠੀਕ ਕਹਿ ਰਹੇ ਹਨ," ਹੁਣ ਤਕ ਚੁੱਪ ਬੈਠਾ ਪੰਡਤ ਰਾਮ ਦੇਵ ਬੋਲ ਪਿਆ, "ਸਿੱਖਾਂ ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਏ ਕਿ ਜੀਵਨ ਦੀ ਕਿਸੇ ਰਸਮ ਲਈ ਪੰਡਤਾਂ ਦੀ ਲੋੜ ਨਹੀਂ। ਉਹ ਤਾਂ ਪੁਜਾਰੀ ਵਰਗ ਦਾ ਹੀ ਖ਼ਾਤਮਾ ਕਰ ਰਹੇ ਹਨ। ਅਖੇ ਜਨਮ ਹੋਵੇ ਜਾਂ ਮੌਤ, ਵਿਆਹ ਹੋਵੇ ਜਾਂ ਹੋਰ ਘਰ ਵਿਚ ਖੁਸ਼ੀ ਗ਼ਮੀ, ਸਿੱਖਾਂ ਨੂੰ ਪੁਜਾਰੀ ਨਾ ਮਿਲੇ ਤਾਂ

ਆਪ ਹੀ ਅਰਦਾਸ ਕਰ ਸਕਦੇ ਨੇ। ਪਾਠ ਤੇ ਕੀਰਤਨ ਲਈ ਵੀ ਪੰਡਤਾਂ ਦੀ ਜਾਂ ਪੁਜਾਰੀਆਂ ਦੀ ਲੋੜ ਨਹੀਂ। ਆ ਜਾਣ ਤਾਂ ਵੀ ਠੀਕ, ਨਾ ਆਉਣ ਤਾਂ ਵੀ ਠੀਕ।"

"ਲੋਕੀਂ ਫਿਰ ਕਿਉਂ ਧੜਾ ਧੜ ਉਨ੍ਹਾਂ ਪਿੱਛੇ ਲੱਗ ਰਹੇ ਹਨ ?" ਪੰਡਤ ਰਾਮ ਕਿਸ਼ਨ ਨੇ ਪ੍ਰਸ਼ਨ ਕੀਤਾ, "ਸਾਨੂੰ ਇਹ ਸਵੈ-ਪੜਚੋਲ ਕਰਨੀ ਚਾਹੀਦੀ ਏ ਕਿ ਕਿਨ੍ਹਾਂ ਗੁਣਾਂ ਕਾਰਨ ਲੋਕ ਸਾਡੇ 'ਤੇ ਵਿਸ਼ਵਾਸ ਕਰਨ ਦੀ ਥਾਂ ਸਿਖ ਧਰਮ ਵੱਲ ਝੁਕ ਰਹੇ ਹਨ। ਮੈਂ ਤੇ ਸਮਝਦਾ ਹਾਂ ਕਿ ਸਿਖ ਸਾਡੇ ਵਿਰੁੱਧ ਨਹੀਂ, ਲੋਕ-ਹਿੱਤਕਾਰੀ ਜ਼ਰੂਰ ਹਨ। ਆਪਾਂ ਲੋਕਾਂ ਨੂੰ ਠੀਕ ਤੇ ਦਿਲ ਨੂੰ ਜੱਚਦੀ ਅਗਵਾਈ ਨਹੀਂ ਦੇ ਸਕੇ, ਸਿਖ ਦੇ ਰਹੇ ਹਨ। ਅਸੀਂ ਆਪਣੇ ਆਦਰਸ਼ ਲਈ ਕੁਰਬਾਨੀ ਕਰਨ ਲਈ ਤਿਆਰ ਨਹੀਂ, ਆਪਣੇ ਸਿਧਾਂਤਾਂ ਲਈ ਮਰਨ ਨੂੰ ਤਰਜੀਹ ਨਹੀਂ ਦਿੰਦੇ, ਇਸ ਲਈ ਜਨ-ਸਾਧਾਰਨ ਸਾਡੇ ਪਿੱਛੇ ਨਹੀਂ ਲੱਗਦਾ। ਸਿਖ ਲੜਨ ਮਰਨ ਲਈ ਤਿਆਰ ਨੇ। ਸ਼ਹੀਦ ਹੋ ਸਕਦੇ ਨੇ, ਇਸ ਲਈ ਲੋਕਾਂ ਦਾ ਭਰੋਸਾ ਉਹ ਜਿੱਤੀ ਜਾ ਰਹੇ ਹਨ।"

"ਹੁਣ ਇਕ ਨਵੀਂ ਗੱਲ ਹੋਰ ਮੈਂ ਸੁਣ ਕੇ ਆਇਆ ਹਾਂ," ਗਿਰਧਾਰੀ ਲਾਲ ਨੇ ਮੁੜ ਆਪਣੇ ਨਾਲ ਬੀਤੀ ਤੇ ਅੱਖੀਂ ਦੇਖੀ ਗੱਲ ਦੱਸਣੀ ਸ਼ੁਰੂ ਕਰ ਦਿੱਤੀ, "ਮੇਰੇ ਬੈਠਿਆਂ ਹੀ ਦੋ ਸਿਖ ਘੋੜ ਸਵਾਰ ਆ ਗਏ। ਅਖੇ ਅਸੀਂ ਕੁਆਰ-ਧੋਤੀ ਲੈ ਕੇ ਆਏ ਹਾਂ।"

"ਕੁਆਰ-ਧੋਤੀ ਕੀ ਹੁੰਦੀ ਏ ?" ਇਕ ਗੱਭਰੂ ਜਿਹੇ ਪੰਡਤਾਂ ਦੇ ਮੁੰਡੇ ਨੇ ਪੁੱਛਿਆ।

"ਉਹ ਜਿਹਨੂੰ ਆਪਾਂ ਚੁੰਨੀ ਚੜ੍ਹਾਉਣ ਆਏ ਕਹਿੰਦੇ ਹਾਂ," ਗਿਰਧਾਰੀ ਲਾਲ ਨੇ ਦੱਸਿਆ, "ਉਨ੍ਹਾਂ ਲੱਸੀ ਪਾਣੀ ਪੀ ਕੇ ਆਖਿਆ, 'ਅੰਮ੍ਰਿਤ ਵੇਲੇ ਪੰਜ ਪਿਆਰੇ ਵੀ ਪਹੁੰਚ ਜਾਣਗੇ ਤੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਕੁੜੀ ਨੂੰ ਪਹਿਲਾਂ ਅੰਮ੍ਰਿਤ ਛਕਾਉਣਾ ਏ, ਜੇਕਰ ਪਿੰਡ ਵਿਚੋਂ ਹੋਰ ਲੋਕ ਵੀ ਅੰਮ੍ਰਿਤ ਪਾਨ ਕਰਨਾ ਚਾਹੁਣ ਤਾਂ ਉਹ ਅੰਮ੍ਰਿਤ ਵੇਲੇ ਕੇਸੀਂ ਇਸ਼ਨਾਨ ਕਰ ਕੇ ਤੇ ਪੰਜ ਕਕਾਰਾਂ ਸਮੇਤ ਆ ਸਕਦੇ ਨੇ।' "

"ਇਹਦਾ ਮਤਲਬ ਏ ਕਿ ਸਿਖ ਔਰਤਾਂ ਨੂੰ ਵੀ ਅੰਮ੍ਰਿਤ ਛਕਾਈ ਜਾਂਦੇ ਨੇ। ਉਹ ਮਰਦ ਤੇ ਔਰਤ ਵਿਚ ਵੀ ਫ਼ਰਕ ਨਹੀਂ ਸਮਝਦੇ। ਲਉ ਜੀ, ਅਜੇ ਵੀ ਤੁਸੀਂ ਸਮਝੀ ਜਾਉ ਕਿ ਸਿਖ ਕੋਈ ਵੱਖਰੀ ਕੌਮ ਜਾਂ ਲੋਕ ਨਹੀਂ ਤਾਂ ਤੁਹਾਡੀ ਮਰਜ਼ੀ। ਸਾਨੂੰ ਤੇ ਸਾਫ਼ ਦਿੱਸਦਾ ਪਿਆ ਏ ਕਿ ਇਹ ਸਨਾਤਨ ਧਰਮ ਮਰਿਆਦਾ ਦਾ ਖ਼ਾਤਮਾ ਕਰੀ ਜਾ ਰਹੇ ਹਨ," ਪੰਡਤ ਰਾਮ ਦੇਵ ਨੇ ਕਿਹਾ, "ਸਾਨੂੰ ਇਕ ਦਿਨ ਲਕੀਰ ਖਿੱਚਣੀ ਹੀ ਪਵੇਗੀ। ਜੇ ਅਸੀਂ ਇਨ੍ਹਾਂ ਨੂੰ ਠੱਲ੍ਹ ਨਾ ਪਾਈ ਤਾਂ ਸਾਡੇ ਰਸਮੋ-ਰਿਵਾਜ ਤੇ ਰਹੁ-ਰੀਤੀ ਸਭ ਮਲੀਆ ਮੇਟ ਹੋ ਜਾਣਗੇ।"

"ਮੈਨੂੰ ਲੱਗਦਾ ਏ ਕਿ ਤੁਸੀਂ ਭਾਵੁਕ ਹੋ ਗਏ ਹੋ," ਪੰਡਤ ਰਾਮ ਕਿਸ਼ਨ ਨੇ ਮੁੜ ਸਮਝਾਂਦਿਆਂ ਕਿਹਾ, "ਹਵਾ ਦਾ ਰੁਖ਼ ਤੁਹਾਡੇ ਹੱਕ ਵਿਚ ਨਹੀਂ। ਸਿੱਖਾਂ ਦੀ ਚੜ੍ਹਤ ਨੂੰ ਹੁਣ ਤੁਸੀਂ ਠੱਲ੍ਹ ਨਹੀਂ ਪਾ ਸਕਦੇ। ਮੈਂ ਤੇ ਕਹਿੰਦਾ ਹਾਂ ਕਿ ਸਾਡੇ ਵਿਰੋਧ ਦਾ ਅਸਲ ਕਾਰਨ ਸਾਡੀ ਆਰਥਿਕਤਾ 'ਤੇ ਪੈਂਦੀ ਸੱਟ ਹੈ। ਸਾਨੂੰ ਹੋਰ ਕੋਈ ਕੰਮ ਧੰਦਾ ਸ਼ੁਰੂ ਕਰਨ ਦਾ ਸੋਚਣਾ ਚਾਹੀਦਾ ਏ। ਇਨ੍ਹਾਂ ਸਿੱਖਾਂ ਨਾਲ ਟੱਕਰ ਲੈ ਕੇ ਅਸੀਂ ਉਨ੍ਹਾਂ ਦਾ ਕੋਈ ਨੁਕਸਾਨ ਕਰ ਸਕੀਏ ਤੇ ਭਾਵੇਂ ਨਾ ਕਰ ਸਕੀਏ ਪਰ ਆਪਣਾ ਜ਼ਰੂਰ ਨੁਕਸਾਨ ਕਰ ਬੈਠਾਂਗੇ।"

"ਤੁਹਾਡਾ ਮਤਲਬ ਏ ਕਿ ਜੇਕਰ ਕੋਈ ਸਾਡੀ ਰੋਜ਼ੀ 'ਤੇ ਲੱਤ ਮਾਰੇ ਤੇ ਅਸੀਂ ਅੱਗੋਂ ਰੋਸ ਵੀ ਪ੍ਰਗਟ ਨਾ ਕਰੀਏ," ਗਿਰਧਾਰੀ ਲਾਲ ਨੇ ਪੰਡਤ ਰਾਮ ਕਿਸ਼ਨ ਦੀ ਗੱਲ 'ਤੇ ਗੁੱਸਾ ਪ੍ਰਗਟ ਕਰਦਿਆਂ ਆਖਿਆ।

"ਦੱਸੋ ਫਿਰ, ਅਸੀਂ ਕੀ ਕਰ ਸਕਦੇ ਹਾਂ ?" ਪੰਡਤ ਰਾਮ ਕਿਸ਼ਨ ਨੇ ਪ੍ਰਸ਼ਨ ਕੀਤਾ।

"ਇਕ ਤਾਂ ਅਸੀਂ ਹਿੰਦੂਆਂ ਵਿਚ ਪ੍ਰਚਾਰ ਕਰੀਏ ਕਿ ਉਹ ਸਿੱਖਾਂ ਨਾਲ ਰਿਸ਼ਤੇ ਨਾਂ

ਕਰਨ। ਆਪਣੇ ਮੁੰਡਿਆਂ ਨੂੰ ਸਿਖ ਬਣਨ ਤੋਂ ਰੋਕਣ ਤੇ ਸਿੱਖਾਂ ਨਾਲ ਵਧੇਰੇ ਸਾਂਝ ਨਾ ਪਾਣ," ਪੰਡਤ ਰਾਮ ਦੇਵ ਨੇ ਸੁਝਾਅ ਦਿੱਤਾ।

"ਤੁਹਾਡੀ ਗੱਲ ਕਿਸੇ ਨਹੀਂ ਮੰਨਣੀ," ਪੰਡਤ ਰਾਮ ਕਿਸ਼ਨ ਨੇ ਸੁਝਾਅ ਰੱਦ ਕਰਦਿਆਂ ਆਖਿਆ, "ਲੋਕੀਂ ਉਨ੍ਹਾਂ ਸਿੱਖਾਂ ਦੇ ਆਚਰਣ ਤੇ ਗੁਣ ਦੇਖ ਕੇ ਉਨ੍ਹਾਂ ਦੇ ਪ੍ਰਸ਼ੰਸਕ ਹਨ। ਉਨ੍ਹਾਂ ਦੀ ਕੁਰਬਾਨੀ ਤੇ ਤਿਆਗ ਉਨ੍ਹਾਂ ਲਈ ਸਤਿਕਾਰ ਪੈਦਾ ਕਰ ਰਿਹਾ ਏ। ਹੋਰ ਤੇ ਹੋਰ ਤੁਸੀਂ ਟਿੱਲ ਲਾ ਲਉ, ਸ਼ਾਮੂ ਸ਼ਾਹ ਹੀ ਸਿਖ ਨਾਲ ਕੁੜੀ ਵਿਆਹੁਣ ਤੋਂ ਨਹੀਂ ਮੁੜੇਗਾ। ਅੱਗੇ ਸਾਡੇ ਪਿੰਡ ਦੀਆਂ ਦੋ ਕੁੜੀਆਂ ਸਿੱਖਾਂ ਨਾਲ ਵਿਆਹੀਆਂ ਗਈਆਂ ਨੇ। ਇਸੇ ਕੁੜੀ ਦੀਪੋ ਦੀ ਸਹੇਲੀ ਸੁਭਾਨਪੁਰ ਵਿਆਹੀ ਗਈ ਏ। ਉਦੋਂ ਗਿਰਧਾਰੀ ਲਾਲ ਜੀ ਤੁਸੀਂ ਕੁਝ ਰੋਸ ਪ੍ਰਗਟ ਨਾ ਕੀਤਾ। ਹੁਣ ਤੁਹਾਨੂੰ ਸੇਕ ਲੱਗਾ ਏ। ਇਸ ਲਈ ਤੁਸੀਂ ਨਵਾਂ ਪੁਆੜਾ ਸ਼ੁਰੂ ਕਰਨ ਲਈ ਤੁਰ ਪਏ ਹੋ।"

"ਆਪਣੀ ਬਹਿਸ ਨਹੀਂ ਮੁੱਕਣੀ," ਪੰਡਤ ਲਾਲ ਚੰਦ ਨੇ ਗੱਲ ਮੁਕਾਣ ਲਈ ਆਪਣੇ ਵੱਲੋਂ ਤਜਵੀਜ਼ ਰੱਖੀ, "ਅਸੀਂ ਸਾਰੇ ਪੰਡਤ ਗਿਰਧਾਰੀ ਲਾਲ ਜੀ ਦੇ ਨਾਲ ਹਾਂ। ਇਹ ਦੱਸਣ ਕਿ ਸਾਨੂੰ ਕੀ ਕਰਨਾ ਚਾਹੀਦਾ ਏ ?"

"ਮੇਰਾ ਸੁਝਾਅ ਏ ਕਿ ਸਵੇਰੇ ਅਸੀਂ ਸਾਰੇ ਮਿਲ ਕੇ ਸ਼ਾਮੂ ਸ਼ਾਹ ਤੇ ਉਹਦੇ ਭਰਾਵਾਂ ਭਤੀਜਿਆਂ ਨਾਲ ਗੱਲ ਕਰੀਏ। ਉਹਨੂੰ ਹਿੰਦੂ ਰਹੁ-ਰੀਤੀ ਅਨੁਸਾਰ ਹੀ ਵਿਆਹ ਕਰਨ ਲਈ ਮਜਬੂਰ ਕਰੀਏ। ਪੰਡਤਾਂ ਦਾ ਅਪਮਾਨ ਕਰਨ 'ਤੇ ਇਉਂ ਉਨ੍ਹਾਂ ਨੂੰ ਬਗਾਵਤ ਕਰਨ ਤੋਂ ਵਰਜੀਏ। ਜੇਕਰ ਉਹ ਅੜ ਜਾਏ ਤਾਂ ਜੰਞ ਆਪੇ ਮਜਬੂਰ ਹੋ ਕੇ ਗੱਲ ਮੰਨੇਗੀ। ਇਕ ਵਾਰੀ ਅਸੀਂ ਰੋਕ ਪਾ ਲਈ ਤਾਂ ਅੱਗੋਂ ਕੋਈ ਸਿੱਖਾਂ ਆਖੇ ਨਵੇਂ ਨਵੇਂ ਢੰਗ ਤਰੀਕੇ ਨਹੀਂ ਅਪਨਾਏਗਾ।"

"ਸਵੇਰੇ ਕਿਉਂ ਮਿਲੀਏ, ਹੁਣ ਕਿਉਂ ਨਾ ਚੱਲੀਏ," ਪੰਡਤ ਰਾਮ ਦੇਵ ਨੇ ਨਵਾਂ ਸੁਝਾਅ ਰੱਖ ਦਿੱਤਾ।

"ਚਲੋ ਠੀਕ ਏ," ਗਿਰਧਾਰੀ ਲਾਲ ਨੇ ਕਿਹਾ। ਇਕ ਦੋ ਨੇ ਟਾਲਣ ਦਾ ਯਤਨ ਕੀਤਾ ਤੇ ਨਾਂਹ-ਨੁਕਰ ਕੀਤੀ। ਕਿਸੇ ਨੇ ਛੇਤੀ ਘਰ ਜਾਣ ਤੇ ਕਿਸੇ ਜੀਅ ਦੀ ਬੀਮਾਰੀ ਕਾਰਨ ਦਵਾਈ ਆਦਿ ਦੇਣ ਦਾ ਕੰਮ ਵੀ ਦੱਸਿਆ, ਪਰ ਬਹੁ-ਸੰਮਤੀ ਹੁਣੇ ਸ਼ਾਮੂ ਸ਼ਾਹ ਨੂੰ ਮਿਲਣ ਜਾਣ ਲਈ ਤਿਆਰ ਹੋ ਗਈ। ਇਸ ਲਈ ਸਾਰੇ ਗਿਰਧਾਰੀ ਲਾਲ ਦੇ ਘਰ ਤੋਂ ਸ਼ਾਮੂ ਸ਼ਾਹ ਦੇ ਘਰ ਵੱਲ ਚੱਲ ਪਏ।

ਅੱਗੇ ਸ਼ਾਮੂ ਸ਼ਾਹ ਦੇ ਘਰ ਰੌਣਕਾਂ ਲੱਗੀਆਂ ਹੋਈਆਂ ਸਨ। ਉਹਦੇ ਭਰਾ ਭਤੀਜੇ ਤੇ ਹੋਰ ਨੇੜੇ ਦੇ ਸੱਜਣ ਮਿੱਤਰ ਜੁੜੇ ਬੈਠੇ ਸਨ। ਸਿੰਘਾਂ ਦਾ ਟਿਕਾਣਾ ਉਨ੍ਹਾਂ ਨੇ ਪਿੰਡ ਦੇ ਬਾਹਰਵਾਰ ਇਕ ਖੁੱਲ੍ਹੀ ਥਾਂ 'ਤੇ ਕਰਵਾ ਦਿੱਤਾ, ਜੋ ਜੰਞ ਦੇ ਸੁਆਗਤ ਲਈ ਖ਼ਾਲੀ ਕਰਵਾਈ ਹੋਈ ਸੀ। ਇਬਰਾਹੀਮ ਤੇ ਉਹਦੇ ਮੁਸਲਮਾਨ ਸਾਥੀਆਂ ਦੇ ਜ਼ਿੰਮੇ ਘੋੜਿਆਂ ਲਈ ਪੱਠੇ ਆਦਿ ਲਿਆਉਣ ਦਾ ਕੰਮ ਸੀ। ਉਥੇ ਹੀ ਦੋ ਹਲਵਾਈ ਭੇਜ ਦਿੱਤੇ, ਜੋ ਖਾਣ-ਪੀਣ ਦੀਆਂ ਵਸਤਾਂ ਤਿਆਰ ਕਰ ਰਹੇ ਸਨ। ਸਵੇਰ ਦੇ ਕੰਮਾਂ ਬਾਰੇ ਸ਼ਾਮੂ ਸ਼ਾਹ ਦਾ ਪਰਵਾਰ ਸੋਚ ਹੀ ਰਿਹਾ ਸੀ, ਜਦੋਂ ਗਿਰਧਾਰੀ ਲਾਲ ਤੇ ਦੂਜੇ ਪੰਡਤ ਉਨ੍ਹਾਂ ਦੇ ਘਰ ਪਹੁੰਚ ਗਏ।

"ਆਉ, ਜੀ ਆਇਆਂ ਨੂੰ," ਸ਼ਾਮੂ ਸ਼ਾਹ ਨੇ ਕਿਹਾ ਤੇ ਮੰਜਿਆਂ 'ਤੇ ਬੈਠਣ ਲਈ ਇਸ਼ਾਰਾ ਕੀਤਾ। ਉਹਦੀ ਬਰਾਦਰੀ ਦੇ ਲੋਕ ਝੱਟ ਮੰਜਿਆਂ ਤੋਂ ਉੱਠ ਬੈਠੇ। ਪੰਡਤ ਉਥੇ ਬੈਠ ਗਏ। ਸਭ ਤੋਂ ਪਹਿਲਾਂ ਪੰਡਤ ਲਾਲ ਚੰਦ ਨੇ ਗੱਲ ਸ਼ੁਰੂ ਕੀਤੀ, "ਸਵੇਰੇ ਆਪਣੀ ਪੁੱਤਰੀ ਦਾ ਵਿਆਹ ਏ। ਸਾਡੇ ਜ਼ਿੰਮੇ ਕੀ ਸੇਵਾ ਏ ? ਸ਼ਾਹ ਜੀ ਨੇ ਤਾਂ ਯਾਦ ਨਹੀਂ ਕੀਤਾ, ਅਸੀਂ

ਕਿਹਾ ਆਪ ਹੀ ਜਾ ਕੇ ਪੁੱਛ ਆਈਏ।"

"ਤੁਹਾਡੀ ਬੜੀ ਕ੍ਰਿਪਾ," ਸ਼ਾਮੂ ਸ਼ਾਹ ਨੇ ਕਿਹਾ, "ਤੁਸੀਂ ਪਾਠ ਪੂਜਾ ਕਰਨ ਵਾਲੇ ਮਹਾਂਪੁਰਸ਼ ਹੋ। ਪਰਮਾਤਮਾ ਪਾਸ ਅਰਦਾਸ ਕਰੋ ਕਿ ਇੱਜ਼ਤ ਰਹਿ ਜਾਏ ਤੇ ਵਿਆਹ ਦਾ ਕਾਰਜ ਠੀਕ ਠਾਕ ਨੇਪਰੇ ਚੜ੍ਹ ਜਾਏ।"

"ਸਾਡੇ ਨਾਲ ਕੀ ਨਰਾਜ਼ਗੀ ਏ ?" ਗਿਰਧਾਰੀ ਲਾਲ ਨੇ ਆਪਣੀ ਅਸਲ ਗੱਲ ਵੱਲ ਆਉਂਦਿਆਂ ਪੁੱਛਿਆ, "ਨਾ ਸਾਡੇ ਤੋਂ ਲਗਨ ਕਢਾਇਆ ਤੇ ਨਾ ਹੀ ਲਾਵਾਂ ਲਈ ਸਾਨੂੰ ਸੱਦ ਰਹੇ ਹੋ ?"

"ਮੈਂ ਤੁਹਾਨੂੰ ਕੱਲ੍ਹ ਹੀ ਦੱਸ ਦਿੱਤਾ ਸੀ ਕਿ ਮੇਰੀ ਕੋਈ ਨਰਾਜ਼ਗੀ ਨਹੀਂ," ਸ਼ਾਮੂ ਸ਼ਾਹ ਨੇ ਕਿਹਾ।

"ਇਹ ਵਿਆਹ ਜਿਸ ਸਿਖ ਨਾਲ ਕਰ ਰਹੇ ਹਾਂ, ਉਹਦੀ ਇੱਛਾ ਅਨੁਸਾਰ ਹੀ ਸਾਰੀਆਂ ਰਸਮਾਂ ਹੋਣਗੀਆਂ। ਉਹ ਨਹੀਂ ਪਸੰਦ ਕਰਦਾ ਤਾਂ ਅਸੀਂ ਅੜੀ ਨਹੀਂ ਕਰ ਸਕਦੇ। ਤੁਸੀਂ ਜਾਣਦੇ ਹੀ ਹੋ ਕਿ ਧੀਆਂ ਵਾਲਿਆਂ ਨੂੰ ਅਖ਼ੀਰ ਝੁਕਣਾ ਹੀ ਪੈਂਦਾ ਏ ਤੇ ਮੁੰਡੇ ਵਾਲਿਆਂ ਦੀ ਹਰ ਗੱਲ ਮੰਨਣੀ ਪੈਂਦੀ ਏ। ਜੇ ਨਾ ਮੰਨੀਏ ਤਾਂ ਰਿਸ਼ਤਾ ਟੁੱਟਣ ਦਾ ਡਰ ਏ।"

"ਕੀ ਤੁਹਾਨੂੰ ਆਪਣੀ ਬਰਾਦਰੀ 'ਚੋਂ ਕੋਈ ਮੁੰਡਾ ਨਹੀਂ ਮਿਲਿਆ ?" ਪੰਡਤ ਰਾਮ ਦੇਵ ਬੋਲ ਪਿਆ, "ਤੁਸੀਂ ਆਪਣਾ ਧਰਮ ਤੇ ਭਾਈਚਾਰਾ ਕਿਉਂ ਛੱਡੀ ਜਾ ਰਹੇ ਹੋ ? ਹਿੰਦੂਆਂ ਤੋਂ ਬਾਹਰ ਰਿਸ਼ਤੇ ਕਰਨ ਨਾਲ ਸਭ ਰਹੁ-ਰੀਤੀ ਹੀ ਬਦਲਣੀ ਪਏਗੀ।"

"ਤੁਸੀਂ ਜਾਣਦੇ ਹੀ ਹੋ ਕਿ ਕਰਮ ਸਿੰਘ ਦੇ ਸਿਖ ਬਣਨ ਤੋਂ ਪਹਿਲਾਂ ਦਾ ਰਿਸ਼ਤਾ ਕੀਤਾ ਹੋਇਆ ਸੀ," ਸ਼ਾਮੂ ਸ਼ਾਹ ਦੇ ਭਰਾ ਨੇ ਉੱਤਰ ਦਿੰਦਿਆਂ ਕਿਹਾ, "ਜਦ ਕਰਮਾ ਸਿੰਘ ਸਜ ਗਿਆ ਤਾਂ ਸਾਡਾ ਭਰਾ ਰਿਸ਼ਤਾ ਤੋੜਨ ਦੀ ਗੱਲ ਕਰ ਆਇਆ ਪਰ ਉਸ ਪਿੱਛੋਂ ਕਿਸੇ ਨੇ ਵੀ ਸਾਡੀ ਕੁੜੀ ਦਾ ਰਿਸ਼ਤਾ ਲੈਣ ਦੀ ਜੁਰਅਤ ਨਹੀਂ ਕੀਤੀ। ਦੱਸੋ, ਭਾਈਚਾਰੇ ਤੇ ਬਰਾਦਰੀ ਨੇ ਕਦੋਂ ਸਾਡੀ ਬਾਂਹ ਫੜੀ ਏ ?"

"ਮੈਂ ਹੋਰ ਕਹਿੰਦਾ ਹਾਂ, ਸਾਡੀ ਧੀ ਨੂੰ ਜਦ ਚੌਧਰੀ ਦੇ ਬੰਦੇ ਧੱਕੇ ਨਾਲ ਚੁੱਕ ਕੇ ਲੈ ਗਏ ਤਾਂ ਕਿਹੜਾ ਆਪਣੀ ਬਰਾਦਰੀ 'ਚੋਂ ਉਹਨੂੰ ਛੁਡਾਣ ਨਿਤਰਿਆ," ਸ਼ਾਮੂ ਸ਼ਾਹ ਦੇ ਦੂਜੇ ਭਰਾ ਨੇ ਹੋਰ ਵਿਸਥਾਰ ਵਿਚ ਜਾਂਦਿਆਂ ਕਿਹਾ, "ਇਹੀ ਸਿਖ ਸਨ, ਜਿਨ੍ਹਾਂ ਕੁੜੀਆਂ ਛੁਡਾਈਆਂ ਸਨ। ਸਾਡੀ ਇੱਜ਼ਤ ਦੀ ਰਾਖੀ ਕੀਤੀ ਤੇ ਜਦੋਂ ਚੌਧਰੀ ਦੇ ਜ਼ੁਲਮਾਂ ਤੋਂ ਡਰਦਿਆਂ ਸ਼ਾਹ ਜੀ ਪਿੰਡ ਹੀ ਛੱਡ ਗਏ ਤਾਂ ਕਿਸ ਨੇ ਵਾਪਸ ਲਿਆਂਦਾ। ਪੰਡਤ ਜੀ, ਤੁਸੀਂ ਤੇ ਸਾਡੀ ਸਾਰੀ ਬਰਾਦਰੀ ਨੇ ਕੀ ਉੱਦਮ ਕੀਤਾ ? ਅਸੀਂ ਤੇ ਸਮਝਦੇ ਹਾਂ ਕਿ ਸਿਖ ਦੇਵਤੇ ਨੇ। ਜਿਨ੍ਹਾਂ ਨੂੰ ਅਸੀਂ ਕੁਝ ਚਿਰ ਪਹਿਲਾਂ ਤਕ ਹੋਰ ਅੱਖ ਨਾਲ ਦੇਖਦੇ ਸਾਂ, ਹੁਣ ਆਪਣੇ ਤਜਰਬੇ ਪਿੱਛੋਂ ਹੋਰ ਤਰ੍ਹਾਂ ਵੇਖ ਰਹੇ ਹਾਂ। ਸਾਡੀ ਕੁੜੀ ਦੇਵਤਿਆਂ ਦੇ ਘਰ ਜਾ ਰਹੀ ਏ।"

"ਇਹਦਾ ਮਤਲਬ ਏ ਕਿ ਤੁਸੀਂ ਬ੍ਰਾਹਮਣ ਵਰਗ ਤੋਂ ਬਾਗੀ ਹੋ ਰਹੇ ਹੋ," ਪੰਡਤ ਰਾਮ ਦੇਵ ਨੇ ਧਮਕੀ ਭਰੇ ਤਰੀਕੇ ਨਾਲ ਗੱਲ ਕਰਦਿਆਂ ਕਿਹਾ, "ਸਮਝ ਲਉ ਸਾਡੇ ਸਰਾਪ ਨਾਲ ਪਾਸਾ ਪੁੱਠਾ ਵੀ ਪੈ ਸਕਦਾ ਏ। ਜੇ ਤੁਸੀਂ ਸਾਡੀ ਧਰਮ ਮਰਿਆਦਾ ਛੱਡ ਰਹੇ ਹੋ ਤਾਂ ਅਸੀਂ ਵੀ ਨਚੱਲੇ ਨਹੀਂ ਬੈਠਣਾ। ਅਸੀਂ ਵੀ ਤੁਹਾਡਾ ਵਿਰੋਧ ਕਰਾਂਗੇ ਤੇ ਤੁਹਾਡੇ ਨਾਲੋਂ ਰੋਟੀ-ਬੇਟੀ ਦੀ ਸਾਂਝ ਤੋੜਨ ਲਈ ਹਿੰਦੂ ਭਾਈਚਾਰੇ ਨੂੰ ਕਹਾਂਗੇ।"

"ਚੰਗਾ ਵਿਆਹ ਦੇ ਸਮੇਂ ਸੇਵਾ ਤੇ ਕੰਮ-ਕਾਜ ਪੁੱਛਣ ਆਏ ਹੋ ?" ਸ਼ਾਮੂ ਸ਼ਾਹ ਨੇ ਕਿਹਾ।

"ਇਹ ਸਿਖ ਸਾਡੇ ਦੁਸ਼ਮਣ ਨੇ," ਰਾਮ ਦੇਵ ਨੇ ਮੁੜ ਖੁਲ੍ਹ ਕੇ ਦਿਲ ਦੀ ਹਵਾੜ ਕੱਢਦਿਆਂ ਕਿਹਾ, "ਇਹ ਸਾਡੇ ਹਰ ਵਿਸ਼ਵਾਸ ਤੇ ਰਹੁ-ਰੀਤ ਦਾ ਖੰਡਨ ਕਰ ਰਹੇ ਹਨ, ਸਾਨੂੰ ਇਨ੍ਹਾਂ ਵਿਰੁੱਧ ਲੰਮੀ ਲੜਾਈ ਲੜਨੀ ਹੋਵੇਗੀ ਤੇ ਉਸ ਵਿਚ ਤੁਹਾਡੇ ਵਰਗਿਆਂ ਨੂੰ ਵੀ ਰਗੜੇ ਲੱਗ ਸਕਦੇ ਹਨ।"

"ਜੋ ਹੁੰਦਾ ਏ, ਹੋ ਜਾਏ," ਸ਼ਾਹ ਦੇ ਭਰਾ ਨੇ ਗੱਲ ਮੁਕਾਈ, "ਸਵੇਰੇ ਵਿਆਹ ਏ ਤੇ ਅਸੀਂ ਖ਼ੁਸ਼ੀ ਨਾਲ ਇਸ ਨੂੰ ਨੇਪਰੇ ਚਾੜ੍ਹਾਂਗੇ। ਤੁਸੀਂ ਜਿਹੜਾ ਪਹਾੜ ਢਾਣਾ ਏ, ਉਹ ਢਾਂਦੇ ਰਹਿਣਾ।"

"ਚਲੋ ਚੱਲੀਏ, ਇਨ੍ਹਾਂ ਤਿਲਾਂ ਵਿਚ ਤਾਂ ਤੇਲ ਨਹੀਂ," ਗਿਰਧਾਰੀ ਲਾਲ ਨੇ ਆਖਿਆ, "ਸਾਨੂੰ ਛੇਤੀ ਹੀ ਸਾਰੇ ਇਲਾਕੇ ਦੇ ਬ੍ਰਾਹਮਣਾਂ ਤੇ ਧਰਮ ਦੇ ਵਿਦਵਾਨਾਂ ਦਾ ਇਕੱਠ ਕਰਨਾ ਚਾਹੀਦਾ ਏ ਤੇ ਉਸ ਵਿਚ ਫ਼ੈਸਲਾ ਕਰਨਾ ਚਾਹੀਦਾ ਏ ਕਿ ਅਸੀਂ ਇਸ ਧਰਮ ਵਿਰੁੱਧ ਬਗ਼ਾਵਤ ਦੇ ਟਾਕਰੇ ਕੀ ਕਰੀਏ ? ਜਿਹੜੇ ਲੋਕ ਸਿੱਖਾਂ ਨਾਲ ਰਿਸ਼ਤੇ ਨਾਤੇ ਕਰ ਕੇ ਆਪਣੀ ਧਰਮ ਪਰੰਪਰਾ ਛੱਡੀ ਜਾ ਰਹੇ ਹਨ, ਉਨ੍ਹਾਂ ਬਾਰੇ ਵੀ ਆਪਣੀ ਨਵੀਂ ਨੀਤੀ ਦਾ ਨਿਰਣਾ ਲਈਏ।"

ਬੜੇ ਨਿਰਾਸ਼ ਹੋ ਕੇ ਗਿਰਧਾਰੀ ਲਾਲ ਤੇ ਰਾਮ ਦੇਵ ਗੁੱਸੇ ਨਾਲ ਭਰੇ ਪੀਤੇ ਸ਼ਾਹ ਦੇ ਘਰ ਤੋਂ ਬਾਹਰ ਆ ਗਏ।

23

"ਬਰਾਤ ਆ ਗਈ, ਬਰਾਤ ਆ ਗਈ," ਸਾਰੇ ਪਿੰਡ ਦਿਆਲਪੁਰ ਵਿਚ ਇਹ ਰੌਲਾ ਪੈ ਗਿਆ। ਖ਼ਾਸ ਕਰਕੇ ਬੱਚੇ ਤਾਂ ਘਰਾਂ ਤੋਂ ਨਿਕਲ ਕੇ ਉਸ ਹਵੇਲੀ ਵੱਲ ਦੌੜਨ ਲੱਗ ਪਏ, ਜਿਥੇ ਬਰਾਤ ਦੇ ਠਹਿਰਾਣ ਦਾ ਪ੍ਰਬੰਧ ਸੀ। ਪਿੰਡਾਂ ਵਿਚ ਇਹ ਵਿਆਹ ਆਦਿ ਦਾ ਸਮਾਂ ਇਕ ਸਮਾਰੋਹ ਅਥਵਾ ਸਾਂਝੇ ਮੇਲੇ ਦਾ ਰੂਪ ਹੁੰਦਾ ਹੈ। ਜਿਨ੍ਹਾਂ ਗਲੀਆਂ ਜਾਂ ਰਸਤਿਆਂ ਤੋਂ ਬਰਾਤ ਲੰਘ ਕੇ ਕੁੜੀ ਵਾਲਿਆਂ ਦੇ ਘਰ ਜਾਂਦੀ ਹੈ, ਉਨ੍ਹਾਂ ਦੁਆਲੇ ਮਕਾਨਾਂ ਦੀਆਂ ਛੱਤਾਂ ਉੱਤੇ ਬੈਠੀਆਂ ਔਰਤਾਂ ਢੁਕਾਅ ਦੇਖਦੀਆਂ ਹਨ। ਔਰਤਾਂ 'ਚੋਂ ਪਿੰਡ ਦੀਆਂ ਧੀਆਂ ਭੈਣਾਂ ਤਾਂ ਨੰਗੇ ਮੂੰਹ ਬੈਠੀਆਂ, ਹੱਸਦੀਆਂ ਤੇ ਗੱਲਾਂ ਕਰਦੀਆਂ ਦਿੱਸਦੀਆਂ ਹਨ, ਪਰ ਪਿੰਡ ਦੀਆਂ ਨੂੰਹਾਂ ਨੇ ਘੁੰਡ ਕੱਢੇ ਹੋਏ ਹੁੰਦੇ ਹਨ। ਨੂੰਹਾਂ ਭਾਵੇਂ ਬੁੱਢੀਆਂ ਦਾਦੀਆਂ ਨਾਨੀਆਂ ਬਣ ਜਾਣ, ਫਿਰ ਵੀ ਉਹ ਇਸ ਪ੍ਰਥਾ ਨੂੰ ਜਾਰੀ ਰੱਖਦੀਆਂ ਹਨ। ਗਲੀਆਂ ਵਿਚ ਬੱਚੇ ਦੌੜੇ ਫਿਰਦੇ ਹਨ।

"ਵਾਜੇ ਤੇ ਆਏ ਨਹੀਂ," ਇਕ ਬਾਲਕ ਨੇ ਹਵੇਲੀ ਤੋਂ ਵਾਪਸ ਮੁੜਦਿਆਂ ਗਲੀ ਵਿਚ ਔਰਤਾਂ ਦੇ ਇਕ ਝੁੰਡ ਨੂੰ ਦੱਸਿਆ, "ਉਥੇ ਤਾਂ ਘੋੜੇ ਹੀ ਘੋੜੇ ਨਜ਼ਰ ਆਉਂਦੇ ਨੇ।"

"ਮੁੰਡਾ ਕਿਹੋ ਜਿਹਾ ਏ," ਇਕ ਨੇ ਸਵਾਲ ਕੀਤਾ, "ਤੂੰ ਲਾੜਾ ਤਾਂ ਦੇਖ ਆਇਆ ਹੋਏਂਗਾ, ਕਿੱਦਾਂ ਦਾ ਲੱਗਦਾ।" ਮੁੰਡਾ ਰੁਲਦੂ ਵਿਚਾਰਾ ਔਰਤ ਦੇ ਸਵਾਲ ਦਾ ਕੋਈ ਉੱਤਰ ਨਾ ਦੇ ਸਕਿਆ। ਦਰਅਸਲ ਉਹਨੇ ਲਾੜਾ ਦੇਖਿਆ ਹੀ ਨਹੀਂ ਸੀ। ਉਹਨੂੰ ਜਾਂ ਤਾਂ ਕੁਝ ਵਡੇਰੀ ਉਮਰ ਦੇ ਬੰਦੇ ਨਜ਼ਰ ਆਏ ਸਨ ਜਾਂ ਸਿਖ ਸ਼ਸਤਰ-ਧਾਰੀ। ਜੇਕਰ ਲਾੜੇ ਨੇ ਸਿਹਰਾ ਬੱਧਾ ਹੁੰਦਾ ਤੇ ਗਲ ਵਿਚ ਹਾਰ ਪਾਏ ਹੁੰਦੇ ਤਾਂ ਉਹ ਪਛਾਣ ਵੀ ਸਕਦਾ ਸੀ। ਕਰਮ ਸਿੰਘ ਨੇ ਲਾੜੇ ਦੀ ਪਛਾਣ ਵਾਲੀ ਕੋਈ ਨਿਸ਼ਾਨੀ ਅਜੇ ਤਕ ਨਹੀਂ ਸੀ ਬਣਾਈ।

"ਉਥੇ ਸਿਹਰਾ ਬੰਨ੍ਹੀ ਤੈਨੂੰ ਕੋਈ ਨਹੀਂ ਦਿਸਿਆ ?" ਦੂਜੀ ਔਰਤ ਨੇ ਰੁਲਦੂ ਨੂੰ ਪ੍ਰਸ਼ਨ ਕੀਤਾ।

"ਨਹੀਂ, ਉਥੇ ਤਾਂ ਸਿਹਰੇ ਬੰਨ੍ਹੀ ਕੋਈ ਨਹੀਂ ਸੀ ਖੜਾ," ਰੁਲਦੂ ਨੇ ਉੱਤਰ ਦਿੱਤਾ।

"ਇਹ ਹੋ ਨਹੀਂ ਸਕਦਾ," ਔਰਤ ਨੇ ਕਿਹਾ, "ਉਹ ਜ਼ਰੂਰ ਅੰਦਰ ਕਿਸੇ ਕਮਰੇ ਵਿਚ ਹੋਏਗਾ।"

"ਹੋ ਸਕਦਾ ਏ ਕਿ ਮੁੰਡਾ ਦੋਹਾਜੂ ਹੋਵੇ," ਕ੍ਰਿਸ਼ਨਾ ਨੇ ਕੋਲੋਂ ਫਤਵਾ ਦੇ ਦਿੱਤਾ, "ਕਹਿੰਦੇ ਨੇ ਕਿ ਦੋਹਾਜੂ ਸਿਹਰਾ ਨਹੀਂ ਬੰਨ੍ਹਦੇ।"

"ਸੁਣਿਆ ਤੇ ਨਹੀਂ," ਪਹਿਲੀ ਔਰਤ ਬੋਲੀ, "ਕਹਿੰਦੇ ਨੇ ਮੁੰਡਾ ਸਿਖ ਏ। ਹੋ ਸਕਦਾ ਏ ਕਿ ਸਿੱਖਾਂ ਵਿਚ ਸਿਹਰੇ ਨਾ ਬੰਨ੍ਹਦੇ ਹੋਣ। ਇਨ੍ਹਾਂ ਸਿੱਖਾਂ ਦੇ ਸਾਰੇ ਪੁੱਠੇ ਪੁੱਠੇ ਰਿਵਾਜ ਨੇ। ਇਹ ਢੋਲ-ਢਮੱਕੇ ਵਿਚ ਵੀ ਯਕੀਨ ਨਹੀਂ ਰੱਖਦੇ। ਅਖੇ ਸਾਦਗੀ ਚੰਗੀ ਹੁੰਦੀ ਏ। ਆਪਣੇ ਪਿੰਡ ਵਿਚ ਇਹ ਪਤਾ ਨਹੀਂ ਕੀ ਬੀਮਾਰੀ ਪੈ ਗਈ ਏ, ਲੋਕ ਧੀਆਂ ਦੇ ਰਿਸ਼ਤੇ ਸਿੱਖਾਂ ਨਾਲ ਕਰ ਕੇ ਖ਼ੁਸ਼ ਹੁੰਦੇ ਨੇ।"

"ਇਹਦੇ ਵਿਚ ਲੋਕਾਂ ਦਾ ਦੋਸ਼ ਨਹੀਂ, ਸਾਡੇ ਸਮਾਜ ਵਿਚ ਗ਼ਲਤ ਧਾਰਨਾ ਚੱਲ ਪਈ ਏ," ਦੂਜੀ ਔਰਤ ਬੋਲੀ, "ਜ਼ਰਾ ਕੁ ਵੀ ਧੀ ਨੂੰ ਥੱਜ ਲੱਗ ਜਾਏ ਜਾਂ ਕਿਸੇ ਤਰ੍ਹਾਂ ਦੀ ਬਦਨਾਮੀ ਦੀ ਗੱਲ ਹੋ ਜਾਏ, ਬੱਸ ਉਹਦਾ ਰਿਸ਼ਤਾ ਹੀ ਕੋਈ ਨਹੀਂ ਲੈਂਦਾ। ਤੁਸੀਂ ਦੀਪੋ ਵੱਲ ਹੀ ਦੇਖ ਲਉ, ਇਹ ਭਾਵੇਂ ਚੌਧਰੀ ਦੇ ਘਰ ਇਕ ਰਾਤ ਵੀ ਨਹੀਂ ਰਹਿ ਕੇ ਆਈ ਪਰ ਸਾਡੇ ਭਾਈਚਾਰੇ 'ਚੋਂ ਕੋਈ ਇਹਨੂੰ ਅਪਣਾਉਣ ਲਈ ਤਿਆਰ ਨਹੀਂ ਹੋਇਆ। ਸ਼ਾਹ ਵਿਚਾਰਾ ਕੀ ਕਰਦਾ, ਉਹਨੇ ਤਾਂ ਸ਼ੁਕਰ ਕੀਤਾ ਹੋਣਾ ਏ, ਜੇਕਰ ਸਿਖ ਨੇ ਰਿਸ਼ਤਾ ਮੰਨ ਲਿਆ।"

ਗਲੀ ਵਿਚ ਹੁੰਦੀਆਂ ਗੱਲਾਂ ਦੀ ਚਰਚਾ ਸ਼ਾਮੂ ਸ਼ਾਹ ਦੇ ਘਰ ਤਕ ਵੀ ਪਹੁੰਚ ਗਈ। ਉਨ੍ਹਾਂ ਨੂੰ ਹੋਰ ਤਾਂ ਕਿਸੇ ਗੱਲ ਦਾ ਦੁਖ ਨਾ ਹੋਇਆ ਪਰ ਇਸ ਚਰਚਾ ਤੋਂ ਬਹੁਤ ਤਕਲੀਫ਼ ਹੋਈ ਕਿ ਮੁੰਡਾ ਦੋਹਾਜੂ ਹੋਏਗਾ। ਦੋਹਾਜੂ ਨਾਲ ਧੀ ਦਾ ਰਿਸ਼ਤਾ ਬਹੁਤ ਹੀ ਮਾੜੀ ਗੱਲ ਸਮਝੀ ਜਾਂਦੀ ਸੀ। ਇਸ ਕਰਕੇ ਕਿ ਆਮ ਕਰਕੇ ਨੁਕਸ ਜਾਂ ਸਰੀਰ ਦੇ ਕਿਸੇ ਅੰਗ ਦੀ ਕਮਜ਼ੋਰੀ ਤੇ ਬਹੁਤੀ ਸੁਹਣੀ ਨਾ ਕੁੜੀ ਦਾ ਰਿਸ਼ਤਾ ਆਮ ਤੌਰ 'ਤੇ ਦੋਹਾਜੂ ਨਾਲ ਹੁੰਦਾ ਹੈ। ਇਸੇ ਤਰ੍ਹਾਂ ਪੈਸੇ ਦੇ ਲਾਲਚ ਵਿਚ ਜਾਂ ਹੋਰ ਕਿਸੇ ਕਮਜ਼ੋਰੀ ਕਾਰਨ ਬੁੱਢਿਆਂ ਨਾਲ ਕੁੜੀਆਂ ਦੇ ਰਿਸ਼ਤੇ ਹੁੰਦੇ ਹਨ।

ਸ਼ਾਮੂ ਸ਼ਾਹ ਨੇ ਦੋ ਬੰਦੇ ਭੇਜੇ ਤੇ ਉਨ੍ਹਾਂ ਰਾਹੀਂ ਲਾਭ ਚੰਦ ਨੂੰ ਬੇਨਤੀ ਕੀਤੀ ਕਿ ਮੁੰਡੇ ਨੂੰ ਸਿਹਰਾ ਜ਼ਰੂਰ ਬੰਨ੍ਹ ਕੇ ਲਿਆਉ। ਉਹਦੇ ਗਲ ਵਿਚ ਫੁੱਲਾਂ ਦਾ ਹਾਰ ਵੀ ਪਾ ਦਿਉ। ਉਹ ਬਰਾਤੀਆਂ ਤੋਂ ਵੱਖਰਾ ਲਾੜਾ ਤਾਂ ਲੱਗਣਾ ਚਾਹੀਦਾ ਹੈ। ਇਹ ਬੰਦੇ ਵੀ ਅਜਿਹੇ ਸਨ ਜਿਨ੍ਹਾਂ ਦਾ ਆਖਾ ਕਰਮ ਸਿੰਘ ਵੀ ਨਹੀਂ ਸੀ ਮੋੜ ਸਕਦਾ। ਉਹਦੀ ਮਾਂ ਨੂੰ ਪਤਾ ਸੀ ਕਿ ਇਹ ਗੱਲ ਜ਼ਰੂਰ ਹੋਵੇਗੀ, ਇਸੇ ਲਈ ਉਹਨੇ ਲਾਭ ਚੰਦ ਦੇ ਕੱਪੜਿਆਂ ਵਾਲੇ ਥੈਲੇ ਵਿਚ ਇਕ ਵਧੀਆ ਜਿਹਾ ਸਿਹਰਾ ਵੀ ਰੱਖ ਦਿੱਤਾ ਸੀ ਤੇ ਕਿਹਾ ਸੀ ਕਿ ਜੇ ਲੋੜ ਪਈ ਤਾਂ ਵਰਤ ਲਿਆ ਜੇ। ਉਹੀ ਗੱਲ ਹੋਈ, ਉਹ ਸਿਹਰਾ ਹੁਣ ਵਰਤਿਆ ਗਿਆ ਤੇ ਕਰਮ ਸਿੰਘ ਨੇ ਸਭ ਦੇ ਮਜਬੂਰ ਕਰਨ 'ਤੇ ਸਿਹਰਾ ਬੰਨ੍ਹਵਾ ਲਿਆ।

ਜਦੋਂ ਬਰਾਤ ਹਵੇਲੀ ਤੋਂ ਤਿਆਰ ਹੋ ਕੇ ਚੱਲੀ ਤਾਂ ਉਸ ਦਾ ਰੰਗ ਰੂਪ ਹੀ ਦੂਜੀਆਂ ਬਰਾਤਾਂ ਤੋਂ ਵੱਖਰਾ ਸੀ। ਔਰਤਾਂ ਕੋਠਿਆਂ ਦੀਆਂ ਛੱਤਾਂ ਤੋਂ ਬਰਾਤ ਦੇਖ ਰਹੀਆਂ ਸਨ। ਉਨ੍ਹਾਂ ਵਿਚ ਮੁੜ ਚਰਚਾ ਛਿੜ ਪਈ। ਇਕ ਨੇ ਕਿਹਾ, "ਇਹ ਦੇਖ ਲਉ, ਬਰਾਤ ਨਾਲ ਵੀਹ ਪੰਝੀ ਘੋੜਿਆਂ ਵਾਲੇ ਇਉਂ ਹਥਿਆਰ ਚੁਕੀ ਤੁਰ ਰਹੇ ਹਨ, ਜਿਵੇਂ ਕਿਧਰੇ ਯੁੱਧ ਕਰਨ ਜਾ ਰਹੇ ਹੋਣ।"

"ਇਨ੍ਹਾਂ ਸਿੱਖਾਂ ਦੀ ਭਲੀ ਆਖੀ ਜੇ," ਦੂਜੀ ਔਰਤ ਨੇ ਟੀਕਾ ਟਿੱਪਣੀ ਸ਼ੁਰੂ ਕਰਦਿਆਂ

ਕਿਹਾ, "ਇਨ੍ਹਾਂ ਸਿੱਖਾਂ ਦਾ ਗੁਰੂ ਸੀ ਨਾਨਕ ਤੇ ਕਹਿੰਦੇ ਨੇ ਜਦ ਉਹਦਾ ਵਿਆਹ ਹੋਇਆ ਤਾਂ ਉਹਦੀ ਜੰਞ ਵਿਚ ਬਹੁਤੇ ਸਾਧੂ ਸੰਤ ਹੀ ਸਨ।"

"ਉਹ ਆਪ ਸੰਤ ਸੀ ਤੇ ਉਹਦੀ ਜੰਞ ਵੀ ਉਹੀ ਜਿਹੀ ਹੋਣੀ ਸੀ," ਦੂਜੀ ਕਹਿਣ ਲੱਗੀ, "ਇਹ ਸਿਪਾਹੀ ਏ, ਲੜਾਈਆਂ ਵਿਚ ਜਾਂਦਾ ਏ, ਇਸ ਲਈ ਇਹਦੀ ਜੰਞ ਵਿਚ ਵੀ ਬਹੁਤੇ ਸਿਪਾਹੀ ਹੀ ਹੋਣਗੇ।"

"ਸਾਡੇ ਵਿਚ ਤਾਂ ਜਿਹੜਾ ਸੰਤ ਹੋ ਜਾਏ, ਉਹ ਟੱਬਰਦਾਰੀ ਵਿਚ ਪੈਂਦਾ ਈ ਨਹੀਂ। ਇਹ ਅਜੀਬ ਲੋਕ ਨੇ ਜੋ ਵਿਆਹ ਵੀ ਕਰਵਾਂਦੇ ਨੇ, ਟੱਬਰਦਾਰੀ ਵੀ ਪੂਰੀ ਰੱਖਦੇ ਨੇ, ਪਰ ਆਪਣੇ ਆਪ ਨੂੰ ਤਿਆਗੀ ਵੀ ਅਖਵਾਂਦੇ ਨੇ," ਇਕ ਹੋਰ ਔਰਤ ਨੇ ਇਸ ਵਿਸ਼ੇ 'ਤੇ ਰਾਏ ਦਿੱਤੀ।

"ਛੱਡੋ ਨੀ, ਇਸ ਫ਼ਜ਼ੂਲ ਬਹਿਸ ਨੂੰ," ਇਕ ਵਡੇਰੀ ਉਮਰ ਦੀ ਔਰਤ ਨੇ ਟੋਕਦਿਆਂ ਕਿਹਾ, "ਤੁਸੀਂ ਮੁੰਡੇ ਵੱਲ ਤਾਂ ਦੇਖੋ, ਕਿੱਡਾ ਸੋਹਣਾ ਗੱਭਰੂ ਜਵਾਨ ਏ।" ਸਾਰੀਆਂ ਦੀ ਨਜ਼ਰ ਹੁਣ ਕਰਮ ਸਿੰਘ 'ਤੇ ਟਿਕੀ ਹੋਈ ਸੀ। ਔਰਤਾਂ ਵਿਚ ਬਹੁਤੀ ਰੁਚੀ ਲਾੜੇ ਨੂੰ ਦੇਖਣ ਤੇ ਉਹਦੀ ਸੁੰਦਰਤਾ ਤੇ ਜਵਾਨੀ ਬਾਰੇ ਅਨੁਮਾਨ ਲਾਣ ਦੀ ਹੁੰਦੀ ਏ। ਵਡੇਰੀ ਉਮਰ ਦੀ ਔਰਤ ਨੇ ਸਾਰਿਆਂ ਦਾ ਧਿਆਨ ਇਧਰ ਕੇਂਦਰਤ ਕਰ ਦਿੱਤਾ।

ਬਰਾਤ ਅਖ਼ੀਰ ਸ਼ਾਮੂ ਸ਼ਾਹ ਦੇ ਘਰ ਸਾਹਮਣੇ ਪਹੁੰਚ ਗਈ, ਜਿਥੇ ਪਿੰਡ ਦੇ ਲੋਕ, ਵਿਸ਼ੇਸ਼ ਕਰਕੇ ਹਿੰਦੂ ਤੇ ਮੁਸਲਮਾਨ ਕਾਫ਼ੀ ਗਿਣਤੀ ਵਿਚ ਆਏ ਹੋਏ ਸਨ। ਪਿੰਡ ਦਾ ਸ਼ਾਇਦ ਹੀ ਕੋਈ ਨਾਮਵਰ ਆਦਮੀ ਗ਼ੈਰ-ਹਾਜ਼ਰ ਹੋਵੇ। ਕੇਵਲ ਪਿੰਡ ਦੇ ਪੰਡਤ ਬਰਾਦਰੀ ਦੇ ਲੋਕਾਂ ਨੇ ਇਥੇ ਆਉਣਾ ਠੀਕ ਨਾ ਸਮਝਿਆ। ਉਹ ਆਪਣੇ ਨਾਲ ਹੋਏ ਵਿਵਹਾਰ ਬਾਰੇ ਰੋਸ ਪ੍ਰਗਟ ਕਰਨ ਲਈ ਨਹੀਂ ਸਨ ਆਏ। ਉਨ੍ਹਾਂ ਪਿੰਡ ਵਿਚ ਕਹਿ ਦਿੱਤਾ ਕਿ ਜਦੋਂ ਵੀ ਕੋਈ ਅੱਗੋਂ ਸਿੱਖਾਂ ਨਾਲ ਰਿਸ਼ਤੇ ਕਰੇਗਾ, ਅਸੀਂ ਉਸ ਨਾਲ ਨਾ-ਮਿਲਵਰਤਣ ਕਰਿਆ ਕਰਾਂਗੇ। ਇਹ ਗੱਲ ਰਾਤ ਨੂੰ ਲਾਭ ਚੰਦ ਨੂੰ ਵੀ ਪਤਾ ਲੱਗ ਗਈ ਸੀ ਤੇ ਉਹਨੇ ਪੰਡਤ ਗਿਰਧਾਰੀ ਲਾਲ ਦੇ ਘਰ ਸੁਨੇਹਾ ਵੀ ਭੇਜਿਆ ਸੀ ਕਿ ਉਹ ਸਵੇਰੇ ਜ਼ਰੂਰ ਦਰਸ਼ਨ ਦੇਣ। ਉਨ੍ਹਾਂ ਦਾ ਜੋ ਲਾਗ ਬਣਦਾ ਹੈ, ਉਹ ਦਿੱਤਾ ਜਾਏਗਾ। ਉਨ੍ਹਾਂ ਨੂੰ ਆਪਣੇ ਪਿੰਡ ਦੀ ਧੀ ਨੂੰ ਆਸ਼ੀਰਵਾਦ ਦੇਣ ਆਉਣਾ ਚਾਹੀਦਾ ਹੈ। ਗਿਰਧਾਰੀ ਲਾਲ ਦਾ ਇਕ ਵਾਰ ਜੀਅ ਵੀ ਕੀਤਾ ਕਿ ਉਹ ਆਪਣਾ ਲਾਗ ਤੇ ਵਿਆਹ ਸਮੇਂ ਦਾਨ ਪੁੰਨ ਹੋਇਆ ਧਨ ਕਿਉਂ ਛੱਡੇ, ਪਰ ਹੁਣ ਉਹ ਲੜਾਈ ਤੇ ਅਸੂਲੀ ਟੱਕਰ ਇਸ ਪੜਾਅ 'ਤੇ ਲਿਜਾ ਚੁੱਕਿਆ ਸੀ ਕਿ ਉਥੋਂ ਵਾਪਸ ਨਹੀਂ ਸੀ ਆ ਸਕਦਾ। ਆਪਣੇ ਭਾਈਚਾਰੇ ਨੂੰ ਜਿਤਨਾ ਭੜਕਾ ਚੁੱਕਿਆ ਸੀ, ਹੁਣ ਸ਼ਾਂਤ ਨਹੀਂ ਸੀ ਕਰ ਸਕਦਾ। ਵਿਆਹ ਦੇ ਵਿਰੋਧ ਦਾ ਫ਼ੈਸਲਾ ਉਸ ਆਪ ਜ਼ੋਰ ਦੇ ਕੇ ਕਰਵਾਇਆ ਸੀ, ਉਹਨੂੰ ਵਾਪਸ ਕਿਵੇਂ ਲੈ ਸਕਦਾ ਸੀ।

ਮਿਲਣੀ ਸਮੇਂ ਲਾਭ ਚੰਦ ਨੇ ਆਖਿਆ, "ਸ਼ਾਹ ਜੀ, ਜੇਕਰ ਪੰਡਤ ਆਏ ਹੋਣ ਤਾਂ ਉਹ ਪਹਿਲਾਂ ਆਪਣੇ ਧਰਮ ਵਿਸ਼ਵਾਸ ਅਨੁਸਾਰ ਬਰਾਤ ਦਾ ਸੁਆਗਤ ਕਰ ਲੈਣ।"

"ਉਨ੍ਹਾਂ 'ਚੋਂ ਕੋਈ ਨਹੀਂ ਆਇਆ," ਸ਼ਾਹ ਨੇ ਸਾਹਮਣੇ ਖੜੇ ਹੋ ਕੇ ਕਿਹਾ, "ਤੁਸੀਂ ਜਿਵੇਂ ਮਿਲਣੀ ਕਰਨੀ ਏਂ, ਕਰ ਲਉ।" ਸਿੰਘਾਂ ਨੇ ਮਿਲ ਕੇ ਇਕ ਸ਼ਬਦ ਪੜ੍ਹਿਆ। ਪਰੰਪਰਾ ਤਾਂ ਇਹ ਸੀ ਕਿ ਸ਼ਬਦ ਦੂਜੀ ਧਿਰ ਵੀ ਨਾਲ ਪੜ੍ਹੇ ਪਰ ਦੂਜੇ ਇਸ ਲਈ ਤਿਆਰ ਹੋ ਕੇ ਨਹੀਂ ਸਨ ਆਏ, ਇਸ ਲਈ ਬਰਾਤੀਆਂ ਨੇ ਹੀ ਸ਼ਬਦ ਪੜ੍ਹਿਆ। ਕਸਤੂਰ ਸਿੰਘ ਨੇ ਮਿਲਣੀ ਦੀ ਅਰਦਾਸ ਕੀਤੀ ਤੇ ਉਸ ਪਿੱਛੋਂ ਪਹਿਲਾਂ ਦੋਵੇਂ ਪਾਸਿਆਂ ਦੇ ਪਿਤਾ, ਫਿਰ ਚਾਚੇ ਤੇ ਫਿਰ ਮਾਮਿਆਂ ਦੀ ਮਿਲਣੀ ਹੋਈ। ਪਿੰਡ ਦੇ ਹਿੰਦੂਆਂ ਤੇ ਮੁਸਲਮਾਨਾਂ ਨੇ ਬਰਾਤੀਆਂ ਦੇ ਗਲ ਵਿਚ ਇਕ ਇਕ ਫੁੱਲਾਂ ਦਾ ਹਾਰ ਪਾਇਆ।

ਸਿੰਘਾਂ ਨੇ ਆਪ ਹੀ ਸਜਾਏ ਤੇ ਤਿਆਰ ਕੀਤੇ ਪੰਡਾਲ ਵਿਚ ਗੁਰੂ ਗ੍ਰੰਥ ਸਾਹਿਬ

ਦਾ ਪ੍ਰਕਾਸ਼ ਕਰ ਕੇ ਕੀਰਤਨ ਸ਼ੁਰੂ ਕਰ ਦਿੱਤਾ। ਔਰਤਾਂ ਲਾੜੇ ਕਰਮ ਸਿੰਘ ਦੁਆਲੇ ਆ ਇਕੱਠੀਆਂ ਹੋਈਆਂ ਤੇ ਉਹਨੂੰ ਆਪਣੇ ਮਕਾਨ ਦੇ ਅੰਦਰ ਲੈ ਗਈਆਂ। ਉਹਨੂੰ ਇਕ ਮੂਹੜੇ 'ਤੇ ਬਿਠਾ ਦਿੱਤਾ। ਉਹਦੇ ਚਿਹਰੇ 'ਤੇ ਭਾਵੇਂ ਪਹਿਲਾਂ ਹੀ ਕਾਫ਼ੀ ਜਲਾਲ ਤੇ ਰੌਸ਼ਨਾਈ ਸੀ ਪਰ ਸਿਹਰਾ ਬੰਨ੍ਹਣ ਤੇ ਵਿਆਹ ਲਈ ਢੁਕਣ ਸਮੇਂ ਉਹਦੇ ਮੂੰਹ 'ਤੇ ਹੋਰ ਵੀ ਗੁਲਾਬੀ ਰੰਗ ਕੁਦਰਤੀ ਤੌਰ 'ਤੇ ਭਾਅ ਮਾਰਨ ਲੱਗ ਪਿਆ।

ਕੁੜੀਆਂ ਉਹਨੂੰ ਛੇੜਨ ਤੇ ਮਖ਼ੌਲ ਕਰਨ ਲੱਗੀਆਂ। ਇਹ ਵੇਲਾ ਜੁਵਾਨ ਮੁਟਿਆਰਾਂ ਦਾ ਹਾਸੇ ਖੇੜੇ ਦਾ ਹੁੰਦਾ ਹੈ। ਕੁੜੀਆਂ ਉਹਦੀਆਂ ਸਾਲੀਆਂ ਬਣ ਕੇ ਜੀਜੇ ਨੂੰ ਛੇੜਨ ਲੱਗੀਆਂ। ਇਕ ਮੁਟਿਆਰ ਨੇ ਕਿਹਾ, "ਸਾਨੂੰ ਛੰਦ ਸੁਣਾਉ।"

"ਉਹ ਕੀ ਹੁੰਦੇ ਨੇ?" ਕਰਮ ਸਿੰਘ ਨੇ ਪੁੱਛਿਆ।

"ਲਉ ਜੀ, ਇਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਛੰਦ ਕੀ ਹੁੰਦੇ ਨੇ? ਕਿੱਡੇ ਭੋਲੇ ਬਣਦੇ ਨੇ," ਦੂਜੀ ਕੁੜੀ ਨੇ ਵਿਅੰਗ ਨਾਲ ਕਿਹਾ।

"ਮੈਂ ਤਾਂ ਪਾਠ ਕਰਨਾ ਜਾਣਦਾ ਹਾਂ," ਕਰਮ ਸਿੰਘ ਨੇ ਕਿਹਾ, "ਜੇ ਆਖੋ ਤਾਂ ਪੰਜ ਪਉੜੀਆਂ ਦਾ ਜਪੁਜੀ ਦਾ ਪਾਠ ਸੁਣਾ ਦਿਆਂ।"

"ਉਹ ਤੇ ਸਾਨੂੰ ਪਤਾ ਏ ਕਿ ਤੁਹਾਨੂੰ ਪਾਠ ਆਉਂਦਾ ਏ, ਪਰ ਅਸੀਂ ਤਾਂ ਛੰਦ ਸੁਣਨੇ ਹਨ। ਮਾਂ ਨੇ ਜਾਂ ਭੈਣ ਨੇ ਛੰਦ ਨਹੀਂ ਸਿਖਾ ਕੇ ਭੇਜੇ?" ਇਕ ਕੁੜੀ ਨੇ ਕਿਹਾ।

"ਛੰਦ ਤਾਂ ਬਥੇਰੇ ਆਉਂਦੇ ਨੇ ਪਰ ਤੁਸੀਂ ਸੁਣਨਾ ਕਿਉਂ ਚਾਹੁੰਦੀਆਂ ਜੇ?" ਕਰਮ ਸਿੰਘ ਨੇ ਪੁੱਛਿਆ।

"ਇਹ ਅਕਲ ਦਾ ਇਮਤਿਹਾਨ ਹੁੰਦਾ ਏ," ਇਕ ਕੁੜੀ ਨੇ ਸਾਫ਼ ਸਾਫ਼ ਗੱਲ ਕਹਿ ਦਿੱਤੀ, "ਬੰਦੇ ਦੀ ਰੁਚੀ ਤੇ ਪੱਧਰ ਦਾ ਪਤਾ ਲੱਗ ਜਾਂਦਾ ਏ।"

"ਲਉ ਫਿਰ ਸੁਣ ਲਉ, ਜੇ ਤੁਸੀਂ ਇਸੇ ਲਈ ਜ਼ਿਦ ਕਰਦੀਆਂ ਜੇ," ਕਰਮ ਸਿੰਘ ਨੇ ਛੰਦ ਬੋਲਣੇ ਸ਼ੁਰੂ ਕਰ ਦਿੱਤੇ:

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਖੀਰਾ।
ਭੈਣ ਤੁਹਾਡੀ ਇਉਂ ਰੱਖਸਾਂ ਜਿਉਂ ਮੁੰਦਰੀ ਵਿਚ ਹੀਰਾ।

"ਵਾਹ ਵਾਹ ਕਮਾਲ ਕਰ ਦਿੱਤਾ ਜੇ," ਕਈ ਪਾਸਿਉਂ ਕੁੜੀਆਂ ਦੀਆਂ ਇਕੱਠੀਆਂ ਆਵਾਜ਼ਾਂ ਆਈਆਂ। ਕਰਮ ਸਿੰਘ ਨੇ ਮੁਸਕਰਾਂਦਿਆ ਪ੍ਰਸੰਸਾ ਦੇ ਸ਼ਬਦਾਂ ਦਾ ਉੱਤਰ ਦਿੱਤਾ, ਤੇ ਫਿਰ ਇਕੱਠੇ ਤਿੰਨ ਛੰਦ ਬੋਲ ਗਿਆ:

1. ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਤਰ।
   ਲੋਕ ਭਾਵੇਂ ਭਾਨੀਆਂ ਮਾਰਨ ਸੰਜੋਗ ਜ਼ੋਰਾਵਰ।
2. ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਬਰੂਟੀ।
   ਸਹੁਰਾ ਫੁੱਲ ਗੁਲਾਬ ਦਾ ਸੱਸ ਚੰਬੇ ਦੀ ਬੂਟੀ।
3. ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਆਲਾ।
   ਅਕਲਾਂ ਵਾਲੀ ਸਾਲੀ ਮੇਰੀ ਸੋਹਣਾ ਮੇਰਾ ਸਾਲਾ।

ਲਾਵਾਂ ਦੀ ਜਦ ਪੂਰੀ ਤਿਆਰੀ ਹੋ ਗਈ ਤਾਂ ਕੁੜੀ ਮੁੰਡਾ ਦੋਵੇਂ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਮੱਥਾ ਟੇਕਣ ਵਾਲੀ ਥਾਂ 'ਤੇ ਬਿਠਾਏ ਗਏ। ਸ਼ਾਹ ਦੇ ਭਰਾਵਾਂ ਨੇ ਲਾਭ ਚੰਦ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਅਸੀਂ ਤਾਂ ਪਹਿਲਾਂ ਅਨੰਦ ਕਾਰਜ ਹੁੰਦਾ ਦੇਖਿਆ ਨਹੀਂ, ਇਸ ਲਈ ਸਾਨੂੰ ਕੁਝ ਪਤਾ ਨਹੀਂ। ਤੁਸੀਂ ਜਿਵੇਂ ਚਾਹੁੰਦੇ ਹੋ, ਸਾਨੂੰ ਨਾਲੋ ਨਾਲ ਦੱਸੀ ਜਾਣਾ। ਇਸ ਲਈ ਸਾਰੀ ਜ਼ਿੰਮੇਵਾਰੀ ਹੁਣ ਕਰਮ ਸਿੰਘ ਦੇ ਸਾਥੀਆਂ ਦੀ ਸੀ।

ਉਨ੍ਹਾਂ ਦੇਖਿਆ ਜਦ ਕੁੜੀ ਪੰਡਾਲ ਵਿਚ ਲਿਆਂਦੀ ਜਾ ਰਹੀ ਹੈ ਤਾਂ ਉਨ੍ਹਾਂ ਕਰਮ ਸਿੰਘ ਨੂੰ ਪਹਿਲਾਂ ਹੀ ਸੰਗਤ 'ਚੋਂ ਉਠਾ ਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬਿਠਾ ਦਿੱਤਾ। ਜਦ ਕੁੜੀ ਦੀਪੋ ਨੂੰ ਚਾਦਰਾਂ ਵਿਚ ਲਪੇਟਿਆ ਲਿਆ ਕੇ ਮੱਥਾ ਟਿਕਾਇਆ ਗਿਆ ਤਾਂ ਇਸ਼ਾਰਾ ਕਰ ਕੇ ਔਰਤਾਂ ਨੂੰ ਦੱਸ ਦਿੱਤਾ ਗਿਆ ਕਿ ਕਰਮ ਸਿੰਘ ਦੇ ਖੱਬੇ ਹੱਥ ਦੀਪੋ ਨੂੰ ਬਿਠਾ ਦਿੱਤਾ ਜਾਏ। ਰਾਗੀਆਂ ਨੇ ਕੀਰਤਨ ਵਿਚ 'ਕੀਤਾ ਲੋੜੀਐ ਕੰਮੁ ਸੋ ਹਰਿ ਪਹਿ ਆਖੀਐ' ਦਾ ਸ਼ਬਦ ਪੜ੍ਹਿਆ। ਫਿਰ ਇਕ ਸਿੰਘ ਨੇ ਅਰਦਾਸ ਕੀਤੀ। ਵਾਕ ਲਿਆ ਗਿਆ। ਉਸ ਪਿੱਛੋਂ ਸ਼ਾਮੂ ਸ਼ਾਹ ਨੂੰ ਬੇਨਤੀ ਕੀਤੀ ਗਈ ਕਿ ਉਹ ਕਰਮ ਸਿੰਘ ਦੇ ਗਲ ਵਿਚ ਪਏ ਇਕ ਲੰਮੇ ਜਿਹੇ ਚੁੰਨੀ ਵਰਗੇ ਕੱਪੜੇ ਦਾ ਲੜ ਦੀਪੋ ਨੂੰ ਫੜਾ ਦੇਵੇ। ਜਦ ਸ਼ਾਹ ਨੇ ਦੀਪੋ ਨੂੰ ਪੱਲਾ ਫੜਾਇਆ ਤਾਂ ਕੀਰਤਨੀਏ ਸਿੰਘਾਂ ਨੇ 'ਪਲੈ ਤੈਡੈ ਲਾਗੀ' ਦਾ ਸ਼ਬਦ ਪੜ੍ਹਿਆ। ਇਸ ਪਿੱਛੋਂ ਇਕ ਸਿੰਘ ਨੇ ਵਿਆਹ ਵਾਲੇ ਮੁੰਡੇ ਕੁੜੀ ਨੂੰ ਗ੍ਰਿਹਸਥ ਧਰਮ ਵਿਚ ਪ੍ਰਵੇਸ਼ ਕਰਦੇ ਸਮੇਂ ਸਿੱਖਿਆ ਦੇ ਕੁਝ ਸ਼ਬਦ ਆਖੇ ਤੇ ਗੁਰੂ ਦੇ ਹਜ਼ੂਰ ਲਾਵਾਂ ਲੈ ਕੇ ਵਿਆਹ ਦੇ ਬੰਧਨ ਵਿਚ ਬੱਝ ਰਹੇ ਦੋਹਾਂ ਨੇ ਗੁਰੂ ਨੂੰ ਸਾਥੀ ਜਾਣ ਕੇ ਇਹਦਾ ਆਸਰਾ ਤੇ ਆਸ਼ੀਰਵਾਦ ਲੈਣਾ ਹੈ। ਇਸ ਲਈ ਇਹ ਪ੍ਰਣ ਵੀ ਕਰਨਾ ਹੋਵੇਗਾ ਕਿ ਗੁਰਮਤਿ ਅਨੁਸਾਰ ਤੁਸੀਂ ਪਤੀ ਪਤਨੀ ਬਣ ਕੇ ਆਪਣੇ ਆਪਣੇ ਫ਼ਰਜ਼ ਦੀ ਪਾਲਣਾ ਕਰੋਗੇ। ਜੇ ਪ੍ਰਵਾਨ ਹੈ ਤੇ ਵਚਨ ਕਰਦੇ ਹੋ ਤਾਂ ਗੁਰੂ ਦੇ ਹਜ਼ੂਰ ਮੱਥਾ ਟੇਕੋ।

ਦੋਹਾਂ ਕਰਮ ਸਿੰਘ ਤੇ ਦੀਪੋ ਨੇ ਮੱਥਾ ਟੇਕਿਆ। ਫਿਰ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬੈਠੇ ਸਿੰਘ ਨੇ ਲਾਵਾਂ ਦਾ ਪਾਠ ਸ਼ੁਰੂ ਕੀਤਾ। ਉਹਦੇ ਇਕ ਲਾਂਵ ਪੜ੍ਹਨ ਪਿੱਛੋਂ ਕਰਮ ਸਿੰਘ ਤੇ ਦੀਪੋ ਉੱਠ ਕੇ, ਮੱਥਾ ਟੇਕਣ ਪਿੱਛੋਂ ਲਾਵਾਂ ਲੈਣ ਲੱਗ ਪਏ। ਇਉਂ ਚਾਰ ਵਾਰ ਹੋਇਆ ਤੇ ਚੌਥੀ ਲਾਂਵ ਪਿੱਛੋਂ ਰਾਗੀ ਸਿੰਘਾਂ ਨੇ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਦਾ ਕੀਰਤਨ ਕਰ ਕੇ 'ਵਿਆਹੁ ਹੋਆ ਮੇਰੇ ਬਾਬੋਲਾ' ਦਾ ਸ਼ਬਦ ਪੜ੍ਹਿਆ। ਫਿਰ ਅਰਦਾਸ ਹੋਣ ਪਿੱਛੋਂ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਜਥੇਦਾਰ ਕਿੱਕਰ ਸਿੰਘ ਨੇ ਐਲਾਨ ਕੀਤਾ ਕਿ ਸਿਖ ਮਰਯਾਦਾ ਅਨੁਸਾਰ ਕੁੜੀਆਂ ਤੇ ਔਰਤਾਂ ਦੇ ਨਾਮ ਨਾਲ 'ਕੌਰ' ਸ਼ਬਦ ਲੱਗਦਾ ਹੈ, ਇਸ ਲਈ ਅੱਜ ਤੋਂ ਇਹ ਦੀਪੋ ਨਹੀਂ, ਦੀਪ ਕੌਰ ਹੋ ਗਈ ਏ।

ਅਨੰਦ ਕਾਰਜ ਦੀ ਸੰਪੂਰਨਤਾ ਪਿੱਛੋਂ ਜਦ ਬਰਾਤ ਖਾਣਾ ਖਾਣ ਲੱਗੀ ਤਾਂ ਕੁੜੀਆਂ ਨੇ ਸਿੱਠਣੀਆਂ ਦੇਣ ਲਈ ਆਲੇ-ਦੁਆਲੇ ਝੁਰਮਟ ਪਾਇਆ। ਇਹ ਵੀ ਸਾਡੇ ਸਭਿਆਚਾਰ ਦਾ ਇਕ ਮਹੱਤਵਪੂਰਨ ਅੰਗ ਹੈ। ਕੁੜੀਆਂ ਕਈ ਗ਼ਲਤ ਗੱਲਾਂ ਆਖਦੀਆਂ ਤੇ ਬਰਾਤੀਆਂ ਦਾ ਸਬਰ ਅਜਮਾਂਦੀਆਂ, ਪਰ ਬਰਾਤੀ ਇਹ ਹਾਸੇ ਮਖ਼ੌਲ ਦੀਆਂ ਗੱਲਾਂ ਦਾ ਗੁੱਸਾ ਨਹੀਂ ਕਰਦੇ। ਕੁੜੀਆਂ ਨੇ ਇਹ ਸਿੱਠਣੀਆਂ ਇਸ ਸਮੇਂ ਬੋਲੀਆਂ :

1. ਸਾਡੇ ਤਾਂ ਵਿਹੜੇ ਮੁੱਢ ਮਕੱਈ ਦਾ।
   ਦਾਣੇ ਤਾਂ ਮੰਗਦਾ ਉਧਲ ਗਈ ਦਾ।
   ਭੱਠੀ ਤਾਂ ਤਪਦੀ ਨਹੀਂ
   ਨਿਲੱਜਿਓ ਲੱਜ ਤੁਹਾਨੂੰ ਨਹੀਂ।
2. ਕੁੜੀ ਤਾਂ ਸਾਡੀ ਭਿੱਲੇ ਦੀ ਤਾਰ ਏ,
   ਮੁੰਡਾ ਤਾਂ ਦਿਸਦਾ ਕੋਈ ਘੁਮਿਆਰ ਏ।
   ਜੋੜੀ ਤਾਂ ਫੱਬਦੀ ਨਹੀਂ
   ਨਿਲੱਜਿਓ ਲੱਜ ਤੁਹਾਨੂੰ ਨਹੀਂ।
3. ਪੈਸਾ ਪੈਸਾ ਸਾਰੇ ਪਿੰਡ ਦਿਓ ਪਾਓ।
   ਲਾੜੇ ਜੋਗਾ ਤੁਸੀਂ ਵਾਜਾ ਮੰਗਾਓ।

ਜੰਵ ਤੇ ਸੱਜਦੀ ਨਹੀਂ
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਇਸ ਮੌਕੇ 'ਤੇ ਕੁੜੀਆਂ ਗੀਤਾਂ ਵਿਚ ਹੀ ਉਹ ਸਾਰੀਆਂ ਤਰੁੱਟੀਆਂ ਵੱਲ ਸੰਕੇਤ ਕਰ ਜਾਂਦੀਆਂ ਨੇ, ਜੋ ਮੁੰਡੇ ਦੇ ਮਾਪਿਆਂ ਵੱਲੋਂ ਰਹਿ ਗਈਆਂ ਹੋਣ। ਜੇਕਰ ਵਿਆਹ ਲਈ ਵਰੀ ਵਿਚ ਆਏ ਕੱਪੜੇ ਚੰਗੇ ਨਾ ਹੋਣ ਜਾਂ ਗਹਿਣੇ ਕੁੜੀਆਂ ਦੇ ਪਸੰਦ ਨਾ ਹੋਣ ਤਾਂ ਉਹ ਸਿੱਠਣੀਆਂ ਵਿਚ ਹੀ ਟਕੋਰਾਂ ਲਾ ਜਾਂਦੀਆਂ ਹਨ। ਕੁੜੀ ਵਾਲੇ ਤਾਂ ਵਰੀ ਬਾਰੇ ਆਪ ਕੋਈ ਟੀਕਾ ਟਿੱਪਣੀ ਨਹੀਂ ਕਰ ਸਕਦੇ ਕਿਉਂਕਿ ਫਿਰ ਉਨ੍ਹਾਂ ਵੱਲੋਂ ਦਿੱਤੇ ਦਾਜ 'ਤੇ ਕਿੰਤੂ ਹੋ ਸਕਦਾ ਹੈ। ਕੁੜੀਆਂ ਨੂੰ ਵਿਅੰਗ ਕਰਨ ਦੀ ਖੁੱਲ੍ਹ ਹੁੰਦੀ ਏ।

"ਛੇਤੀ ਕਰੋ, ਹੁਣ ਡੋਲੀ ਦੀ ਤਿਆਰੀ ਕਰੋ," ਲਾਭ ਚੰਦ ਨੇ ਸ਼ਾਮੂ ਸ਼ਾਹ ਨੂੰ ਹੱਥ ਜੋੜ ਕੇ ਕਿਹਾ।

"ਤੁਸੀ ਹੱਥ ਨਾ ਜੋੜੋ, ਇਹ ਤਾਂ ਧੀਆਂ ਵਾਲਿਆਂ ਦੇ ਜੁੜਦੇ ਹਨ," ਸ਼ਾਮੂ ਸ਼ਾਹ ਨੇ ਦੋਹਾਂ ਹੱਥਾਂ ਨਾਲ ਉਹਦੇ ਹੱਥਾਂ ਨੂੰ ਫੜ ਕੇ ਆਪਣੇ ਮੱਥੇ 'ਤੇ ਲਾਂਦਿਆਂ ਕਿਹਾ।

"ਕਿਉਂ ਅਸੀਂ ਧੀਆਂ ਵਾਲੇ ਨਹੀਂ," ਲਾਭ ਚੰਦ ਨੇ ਕਿਹਾ, "ਅਸੀਂ ਧੀ ਤੇ ਪੁੱਤਰ ਵਾਲਿਆਂ ਨੂੰ ਬਰਾਬਰ ਸਮਝਦੇ ਹਾਂ। ਧੀ ਵਾਲਿਆਂ ਨੂੰ ਨੀਵਾਂ ਨਹੀਂ। ਸਗੋਂ ਤੁਹਾਡੀ ਕੁਰਬਾਨੀ ਏ, ਜਿਸ ਬੱਚੀ ਨੂੰ ਪਾਲ ਕੇ ਜਵਾਨ ਕੀਤਾ, ਉਹਨੂੰ ਹੁਣ ਸਾਡੇ ਪਰਵਾਰ ਦੀ ਰੌਣਕ ਬਣਾ ਦਿੱਤਾ ਏ।"

"ਮੈਂ ਇਕ ਅਰਜ਼ ਕਰਾਂ ?" ਸ਼ਾਮੂ ਸ਼ਾਹ ਨੇ ਕਿਹਾ, "ਮੇਰੇ ਸਾਰੇ ਭਰਾ ਤੇ ਬਰਾਦਰੀ ਵਾਲੇ ਚਾਹੁੰਦੇ ਨੇ ਕਿ ਬਰਾਤ ਇਕ ਦੋ ਦਿਨ ਜ਼ਰੂਰ ਇਥੇ ਠਹਿਰੇ। ਸਾਨੂੰ ਸੇਵਾ ਦਾ ਮੌਕਾ ਦਿੱਤਾ ਜਾਏ।"

"ਮੈਂ ਤੁਹਾਨੂੰ ਪਹਿਲਾਂ ਕਹਿ ਦਿੱਤਾ ਸੀ ਕਿ ਇਹ ਨਹੀਂ ਹੋ ਸਕਦਾ," ਲਾਭ ਚੰਦ ਨੇ ਆਖਿਆ, "ਤੁਸੀਂ ਇਹਦੇ ਲਈ ਮਜਬੂਰ ਨਾ ਕਰੋ। ਅੱਜ ਦੇਸ਼ ਦੇ ਹਾਲਾਤ ਕੁਝ ਅਜਿਹੇ ਹਨ ਕਿ ਜਿਹੜਾ ਕਾਰਜ ਖ਼ੁਸ਼ੀ ਖ਼ੁਸ਼ੀ ਸਿਰੇ ਚੜ੍ਹ ਜਾਏ, ਉਹ ਠੀਕ ਏ। ਇਥੇ ਹਰ ਰੰਗ ਵਿਚ ਭੰਗ ਪਾਉਣ ਵਾਲੇ ਵੀ ਵੱਸਦੇ ਨੇ। ਅਸੀਂ ਨਹੀਂ ਚਾਹੁੰਦੇ ਕਿ ਕੋਈ ਆ ਕੇ ਬੇਸਵਾਦੀ ਕਰ ਜਾਏ।"

"ਫਿਰ ਕਦੇ ਮੌਕਾ ਬਣਿਆ ਤਾਂ ਆ ਕੇ ਦੋ ਦਿਨ ਤੁਹਾਡੇ ਦਰਸ਼ਨ ਕਰ ਜਾਵਾਂਗੇ," ਲਾਭ ਚੰਦ ਨੇ ਕਿਹਾ, 'ਆਖ਼ਰ ਹੁਣ ਨੇੜੇ ਦੀ ਰਿਸ਼ਤੇਦਾਰੀ ਹੋ ਗਈ ਏ, ਆਉਣਾ ਜਾਣਾ ਤਾਂ ਬਣਿਆ ਹੀ ਰਹੇਗਾ।"

"ਜੀ ਆਇਆਂ ਨੂੰ," ਸ਼ਾਮੂ ਸ਼ਾਹ ਦਾ ਭਰਾ ਬੋਲ ਪਿਆ, "ਸਾਡੇ ਸਿਰਾਂ ਦੇ ਸਾਹਿਬ ਹੋ, ਪਰ ਇਨ੍ਹਾਂ ਬਰਾਤੀਆਂ ਨੇ ਕਦ ਆਉਣਾ ਏ। ਇਨ੍ਹਾਂ ਦੀ ਸੇਵਾ ਦਾ ਤਾਂ ਹੁਣ ਈ ਅਵਸਰ ਏ।"

"ਸਾਡੀਆਂ ਮਜਬੂਰੀਆਂ ਵੀ ਹਨ ਤੇ ਉਂਝ ਵੀ ਅਸੀਂ ਚਾਹੁੰਦੇ ਹਾਂ ਕਿ ਵਿਆਹ ਸਮੇਂ ਅਨੰਦ ਕਾਰਜ ਹੁੰਦਿਆਂ ਹੀ ਡੋਲੀ ਤੁਰ ਜਾਣੀ ਚਾਹੀਦੀ ਏ," ਲਾਭ ਚੰਦ ਨੇ ਕਿਹਾ, "ਅਸੀਂ ਵਿਆਹ ਰਾਤ ਨੂੰ ਕਰਨ ਦੀ ਪੁਰਾਣੀ ਪਰੰਪਰਾ ਤੋੜ ਕੇ ਇਹ ਦਿਨ ਦਾ ਵਿਆਹ ਕਰ ਰਹੇ ਹਾਂ। ਰਾਤ ਬਰਾਤ ਨੂੰ ਆਪਣੇ ਘਰੀਂ ਪਹੁੰਚ ਜਾਣਾ ਹੀ ਚੰਗਾ ਰਹਿੰਦਾ ਏ।"

"ਸਾਡੇ ਕੋਲੋਂ ਕੋਈ ਸੇਵਾ ਵਿਚ ਕਸਰ ਰਹਿ ਗਈ ਹੋਵੇ ਤਾਂ ਮਾਫ਼ ਕਰਨਾ," ਸ਼ਾਹ ਦੇ ਦੂਜੇ ਭਰਾ ਨੇ ਹੱਥ ਜੋੜ ਕੇ ਕਿਹਾ।

"ਤੁਸੀਂ ਇਹ ਤਾਂ ਦਿਲ ਵਿਚ ਹੀ ਨਾ ਲਿਆਉ," ਲਾਭ ਚੰਦ ਨੇ ਕਿਹਾ, "ਅਸੀਂ ਤਾਂ ਇਸ ਤੋਂ ਵੀ ਸਾਦਾ ਵਿਆਹ ਕਰਨ ਦੇ ਹਾਮੀ ਹਾਂ ਪਰ ਕੀ ਕਰੀਏ, ਸਮਾਜਕ ਤੌਰ ਤਰੀਕੇ

ਬਦਲਦਿਆਂ ਸਮਾਂ ਲੱਗਦਾ ਹੈ। ਇਕ ਦਮ ਸਭ ਕੁਝ ਨਹੀਂ ਬਦਲ ਸਕਦਾ।"

ਡੋਲੀ ਤਿਆਰ ਹੋ ਗਈ। ਜਦ ਭਰਾ ਦੀਪੋ ਨੂੰ ਡੋਲੀ ਪਾਣ ਲਈ ਘਰ ਤੋਂ ਚੱਲਣ ਲੱਗੇ ਤਾਂ ਇਸ ਵਿਆਹ ਲਈ ਅਨੇਕਾਂ ਜਫ਼ਰ ਜਾਲਣ ਵਾਲੀ ਦੀਪੋ ਦੀਆਂ ਚੀਕਾਂ ਨਿਕਲ ਗਈਆਂ। ਉਹ ਇਕ ਇਕ ਦੇ ਗਲ ਲੱਗ ਕੇ ਰੋਈ ਤੇ ਫਿਰ ਡੋਲੀ ਵਿਚ ਜਾ ਬੈਠੀ, ਜੋ ਕਹਾਰਾਂ ਨੇ ਚੁੱਕ ਲਈ। ਇਸ ਵੇਲੇ ਉਹਦੇ ਮਾਂ ਪਿਓ ਤੇ ਹੋਰ ਰਿਸ਼ਤੇਦਾਰਾਂ, ਖ਼ਾਸ ਕਰਕੇ ਉਹਦੀਆਂ ਸਹੇਲੀਆਂ ਦੀਆਂ ਅੱਖਾਂ ਵਿਚ ਅੱਥਰੂ ਸਨ। ਕਈ ਤਾਂ ਭੁੱਬਾਂ ਮਾਰ ਕੇ ਰੋ ਰਹੀਆਂ ਸਨ। ਇਹ ਸਮਾਂ ਵੀ ਜੀਵਨ ਵਿਚ ਇਕ ਅਨੋਖਾ ਸਮਾਂ ਹੁੰਦਾ ਹੈ, ਜਦੋਂ ਇਕ ਪਾਸੇ ਧੀ ਦਾ ਵਿਆਹ ਕਰਨ 'ਤੇ ਲੋਕ ਵਧਾਈਆਂ ਦੇਂਦੇ ਤੇ ਘਰ ਦੇ ਮਿਠਾਈਆਂ ਵੰਡਦੇ ਅਤੇ ਫ਼ਰਜ਼ ਤੋਂ ਸੁਰਖ਼ਰੂ ਹੋਣ 'ਤੇ ਖ਼ੁਸ਼ ਹੁੰਦੇ ਹਨ, ਪਰ ਦੂਜੇ ਪਾਸੇ ਧੀ ਦਾ ਵਿਛੋੜਾ ਤੇ ਘਰ ਦੀ ਰੌਣਕ ਦੂਜੇ ਦੇ ਘਰ ਜਾਣ 'ਤੇ ਡੋਲੀ ਤੁਰਨ ਲੱਗਿਆਂ ਬੜੇ ਬੜੇ ਸਖ਼ਤ ਦਿਲ ਬੰਦੇ ਵੀ ਡੋਲ ਜਾਂਦੇ ਨੇ। ਭਾਵੁਕ ਹੋ ਕੇ ਆਪਣੀ ਅੰਦਰਲੀ ਦਸ਼ਾ ਨੂੰ ਚਾਹੁਣ ਦੇ ਬਾਵਜੂਦ ਛੁਪਾ ਨਹੀਂ ਸਕਦੇ। ਇਸ ਵੇਲੇ ਵੀ ਪਿੰਡ ਦੀਆਂ ਕੁਝ ਜ਼ਨਾਨੀਆਂ ਵਿਛੋੜੇ ਦੇ ਗੀਤ ਗਾਣ ਲੱਗ ਪਈਆਂ, "ਬਾਬਲ ਰੱਖ ਲੈ ਅੱਜ ਦੀ ਰਾਤ.....।" ਗੀਤ ਨੇ ਕਈਆਂ ਦੇ ਪਲਕਾਂ ਵਿਚ ਰੁਕੇ ਅੱਥਰੂ ਬਾਹਰ ਗੱਲ੍ਹਾਂ ਦੀਆਂ ਢਲਾਨਾਂ 'ਤੇ ਲੈ ਆਂਦੇ।

24

ਕਰਮ ਸਿੰਘ ਡੋਲੀ ਲੈ ਕੇ ਕਰਤਾਰਪੁਰ ਪਹੁੰਚ ਗਿਆ। ਕੁਝ ਬਰਾਤੀ ਤਾਂ ਪਹਿਲਾਂ ਹੀ ਘਰ ਪਰਤ ਆਏ ਸਨ ਤੇ ਉਨ੍ਹਾਂ ਕਰਮ ਸਿੰਘ ਦੇ ਘਰ ਉਹਦੀ ਮਾਂ ਨੂੰ ਖ਼ਬਰ ਜਾ ਦਿੱਤੀ ਕਿ ਡੋਲੀ ਆ ਰਹੀ ਏ। ਉਹ ਤਾਂ ਪਹਿਲਾਂ ਹੀ ਕੋਠਿਆਂ 'ਤੇ ਚੜ੍ਹ ਚੜ੍ਹ ਕੇ ਦੇਖ ਰਹੀ ਸੀ ਕਿ ਕਿਹੜੇ ਵੇਲੇ ਡੋਲੀ ਆਏ। ਜਦ ਡੋਲੀ ਘਰ ਅੱਗੇ ਪਹੁੰਚੀ ਤਾਂ ਸ਼ਰੀਕੇ ਦੀਆਂ ਕਈ ਮੁਟਿਆਰਾਂ ਅੱਗੇ ਹੋ ਕੇ ਦੀਪੋ ਨੂੰ ਡੋਲੀ ਵਿਚੋਂ ਕੱਢ ਲਿਆਈਆਂ। ਕਰਮ ਸਿੰਘ ਪਹਿਲਾਂ ਹੀ ਘਰ ਅੰਦਰ ਵੜਨ ਲੱਗਾ ਤਾਂ ਦਰਵਾਜ਼ੇ ਵਿਚ ਖੜੀਆਂ ਜ਼ਨਾਨੀਆਂ ਨੇ ਰੋਕ ਦਿੱਤਾ ਤੇ ਕਿਹਾ, "ਹੁਣ ਤੂੰ ਇਕੱਲਾ ਅੰਦਰ ਨਹੀਂ ਆ ਸਕਦਾ। ਡੋਲੀ 'ਚੋਂ ਨਿਕਲੀ ਵਹੁਟੀ ਸਮੇਤ ਉਹਦੇ ਨਾਲ ਆ।"

ਕੁੜੀਆਂ ਨੇ ਕਰਮ ਸਿੰਘ ਦੇ ਨਾਲ ਹੀ ਦੀਪੋ ਨੂੰ ਲਿਆ ਖੜਾ ਕੀਤਾ। ਪਹਿਲਾਂ ਦਰਵਾਜ਼ੇ ਦੀਆਂ ਦੋਹਾਂ ਨੁੱਕਰਾਂ ਵਿਚ ਸਰ੍ਹੋਂ ਦਾ ਤੇਲ ਡੋਲ੍ਹਣ ਦਾ ਸ਼ਗਨ ਕੀਤਾ ਗਿਆ ਤੇ ਫਿਰ ਕਰਮ ਸਿੰਘ ਦੀ ਮਾਂ ਨੇ ਦੁੱਧ ਤੇ ਪਾਣੀ ਰਲੀ ਕੱਚੀ ਲੱਸੀ ਦੀ ਗੜਵੀ ਇਨ੍ਹਾਂ ਦੋਹਾਂ ਜੀਆਂ ਤੋਂ ਵਾਰਨੀ ਸ਼ੁਰੂ ਕਰ ਦਿੱਤੀ। ਨਾਲ ਹੀ ਜ਼ਨਾਨੀਆਂ ਨੇ ਗੀਤ ਗਾਣਾ ਸ਼ੁਰੂ ਕਰ ਦਿੱਤਾ:

ਪਾਣੀ ਵਾਰ ਨੀ ਬੰਨੇ ਦੀਏ ਮਾਏ
ਬੰਨਾ ਤੇਰੇ ਦੁਆਰ ਖੜਾ।

ਸੱਤ ਵਾਰੀ ਪਾਣੀ ਵਾਰਨ ਪਿੱਛੋਂ ਕਰਮ ਸਿੰਘ ਦੀ ਮਾਂ ਨੇ ਗੜਵੀ ਮੂੰਹ ਨੂੰ ਲਾ ਕੇ ਪਾਣੀ ਦਾ ਘੁੱਟ ਭਰਿਆ। ਇਸ ਵੇਲੇ ਜ਼ਨਾਨੀਆਂ ਨੇ ਕਰਮ ਸਿੰਘ ਨੂੰ ਬਹੁਤ ਆਖਿਆ ਕਿ ਉਹ ਗੜਵੀ ਫੜ ਲਵੇ ਤੇ ਮਾਂ ਨੂੰ ਪਾਣੀ ਨਾ ਪੀਣ ਦੇਵੇ। ਪਰ ਕਰਮ ਸਿੰਘ ਨੇ ਅਜਿਹਾ ਨਾ ਕੀਤਾ। ਇਕ ਔਰਤ ਨੇ ਇਸ ਸਮੇਂ ਫਿਰ ਇਕ ਹੋਰ ਗੀਤ ਸ਼ੁਰੂ ਕਰ ਲਿਆ:

ਅੰਸਾਂ ਢੋਲ ਧਰਾਇਆ, ਨੱਢਾ ਠੁਮਕ ਠੁਮਕ ਘਰ ਆਇਆ।

ਬੰਨੀ ਲੈ ਘਰ ਆਇਆ, ਡੋਲਾ ਲੈ ਘਰ ਆਇਆ।
ਉਤੋਂ ਸੁੱਟਦੀ ਹਾਂ ਮਖਾਣੇ, ਕੁੜੀਆਂ ਝੁੰਪ ਝੁੰਪ ਕੇ ਖਾਣੇ।
ਉਤੋਂ ਸੁੱਟਦੀ ਹਾਂ ਕੌਲੀ, ਮੇਰੇ ਲਾਲ ਦੀ ਆਈ ਡੋਲੀ।
ਉਤੋਂ ਸੁੱਟਦੀ ਹਾਂ ਸੋਟੀ, ਸਾਡੇ ਕਰਮੇ ਦੀ ਆਈ ਵਹੁਟੀ।
ਉਤੋਂ ਵਾਰਦੀ ਹਾਂ ਕੜਾਹ, ਸਾਡੇ ਕਰਮੇ ਦਾ ਹੋਇਆ ਵਿਆਹ।

ਵਡੇਰੀ ਉਮਰ ਦੀਆਂ ਜ਼ਨਾਨੀਆਂ ਨੇ ਕਿਹਾ ਕਿ ਮੁੰਡਾ ਕੁੜੀ ਅੰਦਰ ਲੰਘ ਆਉਣ। ਜਦ ਉਨ੍ਹਾਂ ਦੇ ਆਦੇਸ਼ ਅਨੁਸਾਰ ਦੀਪੋ ਕਦਮ ਪੁੱਟਣ ਲੱਗੀ ਤਾਂ ਉਹਨੂੰ ਜਿਨ੍ਹਾਂ ਕੁੜੀਆਂ ਨੇ ਫੜਿਆ ਹੋਇਆ ਸੀ, ਉਨ੍ਹਾਂ ਨੇ ਰੋਕ ਦਿੱਤਾ, ਉਹਨੂੰ ਕਦਮ ਪੁੱਟ ਕੇ ਅੰਦਰ ਨਾ ਜਾਣ ਦਿੱਤਾ ਤੇ ਕਰਮੇ ਦੀ ਮਾਂ ਨੂੰ ਕਿਹਾ, "ਬੇਬੇ, ਇਹ ਤਾਂ ਮੁਹਾਠ ਫੜ ਕੇ ਖੜੀ ਹੋ ਗਈ ਆ। ਇਹ ਤਾਂ ਮੁਹਾਠ ਫੜਾਈ ਮੰਗਦੀ ਏ। ਪਹਿਲਾਂ ਇਹਦੀ ਝੋਲੀ ਕੁਝ ਪਾ।"

"ਸਾਰਾ ਕੁਝ ਹੀ ਇਸੇ ਦਾ ਏ," ਮਾਂ ਨੇ ਹੱਸਦਿਆਂ ਕਿਹਾ, "ਅੱਜ ਤੋਂ ਇਹ ਘਰ ਦੀ ਮਾਲਕਣ ਏ।"

"ਐਵੇਂ ਫੋਕੀਆਂ ਗੱਲਾਂ ਨਾਲ ਨਾ ਟਰਕਾ," ਇਕ ਮੁਟਿਆਰ ਨੇ ਸਾਫ਼ ਆਖਿਆ। ਦੀਪੋ ਫੁਲਕਾਰੀ ਵਿਚ ਲਪੇਟੀ, ਲੰਮੇ ਘੁੰਡ ਵਿਚੋਂ ਹੈਰਾਨ ਹੋ ਰਹੀ ਸੀ ਕਿ ਉਹਨੇ ਤਾਂ ਕੁਝ ਵੀ ਨਹੀਂ ਆਖਿਆ, ਇਹ ਆਪੇ ਹੀ ਉਹਦੇ ਵੱਲੋਂ ਗੱਲਾਂ ਬਣਾਈ ਜਾਂਦੀਆਂ ਨੇ। ਮਾਂ ਨੇ ਅੰਦਰੋਂ ਗਹਿਣਿਆਂ ਦੀ ਇਕ ਪੋਟਲੀ ਕੱਢ ਲਿਆਂਦੀ ਤੇ ਉਹ ਲਾਭ ਚੰਦ ਦੇ ਹੱਥ ਫੜਾ ਕੇ ਕਿਹਾ, "ਤੁਸੀਂ ਦਿਉ ਜੀ ਨੂੰਹ ਨੂੰ ਤੇ ਆਖੋ, ਆ ਜਾ ਪੁੱਤਰ ਅੰਦਰ।"

ਇਸ ਤਰ੍ਹਾਂ ਦਸ ਪੰਦਰਾਂ ਮਿੰਟਾਂ ਦੀ ਰੌਣਕ ਤੇ ਰਸਮੋ-ਰਿਵਾਜ ਦੇ ਪਿੱਛੋਂ ਕਰਮ ਸਿੰਘ ਤੇ ਦੀਪੋ ਨੂੰ ਅੰਦਰ ਲਿਆਂਦਾ ਗਿਆ। ਅੰਦਰ ਵੱਡੇ ਪਸਾਰ ਵਿਚ ਪਹਿਲਾਂ ਹੀ ਦੋ ਮੂਹੜੇ ਵਿਛਾਏ ਹੋਏ ਸਨ, ਉਨ੍ਹਾਂ 'ਤੇ ਲਿਆ ਕੇ ਦੋਹਾਂ ਨੂੰ ਬਿਠਾ ਦਿੱਤਾ ਗਿਆ। ਦੀਪੋ ਦਾ ਫੁਲਕਾਰੀ ਵਿਚ ਲਪੇਟਿਆ ਸਰੀਰ ਫੁਲਕਾਰੀ ਲਾਹ ਕੇ ਕੇਵਲ ਚੁੰਨੀ ਦੇ ਘੁੰਡ ਤਕ ਹੀ ਰਹਿਣ ਦਿੱਤਾ ਗਿਆ। ਇਥੇ ਨੂੰਹ ਦਾ ਘੁੰਡ ਚੁੱਕ ਦੇ ਸਭ ਤੋਂ ਪਹਿਲਾਂ ਸੱਸ ਨੇ ਦੇਖਿਆ, ਉਹ ਸੱਸ ਦੇ ਪੈਰਾਂ 'ਤੇ ਮੱਥਾ ਟੇਕਣ ਲੱਗੀ ਤਾਂ ਸੱਸ ਨੇ ਅੱਗੋਂ ਉਹਦਾ ਸਿਰ ਫੜ ਕੇ ਮੱਥਾ ਚੁੰਮ ਲਿਆ। ਫਿਰ ਦੂਜੀਆਂ ਮੁਟਿਆਰਾਂ ਤੇ ਔਰਤਾਂ ਨੇ ਉਹਦੇ ਦਰਸ਼ਨ ਕੀਤੇ। ਹਰ ਕਿਸੇ ਨੇ ਦੀਪੋ ਦੇ ਹੁਸਨ, ਨੈਣ-ਨਕਸ਼ਾਂ ਤੇ ਸੋਹਣੀ ਦਿੱਖ ਦੀ ਸ਼ਲਾਘਾ ਕੀਤੀ। ਸੱਚਮੁੱਚ ਦੀਪੋ ਦਾ ਸ਼ਰਮ ਹਯਾ ਦੀ ਲਾਲੀ ਨਾਲ ਅਜਿਹਾ ਜੋਬਨ ਨਿੱਖਰਿਆ ਕਿ ਉਹ ਪਹਿਲਾਂ ਨਾਲੋਂ ਕਈ ਗੁਣਾ ਵਧੇਰੇ ਸੁੰਦਰ ਲੱਗ ਰਹੀ ਸੀ। ਕਰਮ ਸਿੰਘ ਉਂਝ ਤਾਂ ਵਧੇਰੇ ਕਰਕੇ ਹੋਰ ਪਾਸੇ ਦੇਖਦਾ, ਦੂਜਿਆਂ ਨਾਲ ਗੱਲਾਂ ਕਰਦਾ ਪਰ ਕਦੀ ਕਦੀ ਉਹ ਵੀ ਚੋਰ ਅੱਖਾਂ ਨਾਲ ਦੀਪੋ ਵੱਲ ਝਾਤੀ ਮਾਰ ਲੈਂਦਾ। ਉਹਦਾ ਜੀਅ ਕਰਦਾ ਕਿ ਉਹ ਵੀ ਘੁੰਡ ਚੁੱਕ ਕੇ ਦੂਜਿਆਂ ਵਾਂਗ ਦੀਪੋ ਦੇ ਦਰਸ਼ਨ ਦੀਦਾਰੇ ਕਰ ਲਵੇ। ਖ਼ਾਸ ਕਰਕੇ ਜਦੋਂ ਔਰਤਾਂ ਦੀਪੋ ਦੀ ਸੁੰਦਰਤਾ ਦੀ ਪ੍ਰਸੰਸਾ ਕਰਦੀਆਂ ਤਾਂ ਉਹਦਾ ਮਨ ਕਈ ਵਾਰ ਬੇਕਾਬੂ ਹੋ ਜਾਣ ਨੂੰ ਕਰਦਾ। ਇਕ ਵਾਰ ਉਹਨੇ ਜਦ ਚੋਰ ਅੱਖਾਂ ਨਾਲ ਦੀਪੋ ਵੱਲ ਝਾਕਿਆ ਤਾਂ ਐਨ ਉਸੇ ਵੇਲੇ ਦੀਪੋ ਵੀ ਚੁੰਨੀ ਦੇ ਘੁੰਡ ਵਿਚੋਂ ਉਹਨੂੰ ਦੇਖ ਰਹੀ ਸੀ। ਦੋਹਾਂ ਦੀਆਂ ਅੱਖਾਂ ਇਕੋ ਵੇਲੇ ਇਕ ਦੂਜੇ ਨੂੰ ਦੇਖਣ ਦਾ ਯਤਨ ਕਰ ਰਹੀਆਂ ਸਨ। ਇਹ ਜਾਣ ਕੇ ਕਿ ਕਰਮ ਸਿੰਘ ਨੇ ਉਹਨੂੰ ਦੇਖ ਲਿਆ ਏ, ਦੀਪੋ ਦੇ ਸਾਰੇ ਸਰੀਰ ਵਿਚ ਅਨੋਖੇ ਸਰੂਰ ਦੀ ਝੁਣਝੁਣੀ ਲੱਗ ਗਈ। ਉਹਦੀਆਂ ਛਾਤੀਆਂ ਦੇ ਉਭਾਰ ਵਿਚ ਆ ਰਹੇ ਤੇਜ਼ ਉਤਰਾਅ- ਚੜ੍ਹਾਅ ਉਹਦੀ ਮਨ ਦੀ ਹਾਲਤ ਦਾ ਢੰਡੋਰਾ ਦੇ ਰਹੇ ਸਨ।

ਇਹ ਉਹ ਸਮਾਂ ਸੀ ਜਦੋਂ ਘਰ ਦੀਆਂ ਜ਼ਨਾਨੀਆਂ ਇਨ੍ਹਾਂ ਨੂੰ ਗਵਾਹੀਆਂ ਦੇਣ ਦਾ

ਸਾਮਾਨ ਇਕੱਠਾ ਕਰ ਰਹੀਆਂ ਸਨ। ਬੜੀ ਵਧੀਆ ਬਰਫ਼ੀ ਦੀ ਮਠਿਆਈ ਮੰਗਵਾਈ ਗਈ। ਘਰ ਦਾ ਮੱਖਣ ਲਿਆਂਦਾ ਗਿਆ ਤੇ ਉਸ ਬਰਫ਼ੀ 'ਤੇ ਮੱਖਣ ਰੱਖ ਕੇ ਗਰਾਹੀਆਂ ਦਿੱਤੀਆਂ ਗਈਆਂ। ਦੀਪੋ ਨੂੰ ਨਾ ਤਾਂ ਮਿੱਠੀ ਬਰਫ਼ੀ ਖਾਣ ਦੀ ਆਦਤ ਸੀ ਤੇ ਨਾ ਹੀ ਉਹ ਰੁੱਖਾ ਮੱਖਣ ਹੀ ਖਾ ਸਕਦੀ ਸੀ, ਪਰ ਇਹ ਅਜਿਹਾ ਸਮਾਂ ਸੀ ਜਦੋਂ ਉਹ ਨਾਂਹ ਨਹੀਂ ਸੀ ਕਰ ਸਕਦੀ। ਉਹਨੂੰ ਗਰਾਹੀਆਂ ਦੇਣ ਵਾਲੀਆਂ ਕਿੰਨੀਆਂ ਹੀ ਜ਼ਨਾਨੀਆਂ ਸਨ। ਇਕ ਤਾਂ ਜ਼ਬਰਦਸਤੀ ਉਹਨੂੰ ਗਰਾਹੀਆਂ ਦੇ ਰਹੀਆਂ ਸਨ ਤੇ ਦੂਜਾ ਵਿਅੰਗ ਨਾਲ ਗਾਉਣ ਵੀ ਲੱਗ ਪਈਆਂ, "ਸੱਤਾਂ ਦਿਨਾਂ ਦੀ ਭੁੱਖੀ ਗਰਾਹੀਆਂ ਲੈ ਲੈਂਦੀ।" ਉਹਦਾ ਜੀਅ ਕਰੇ ਕਿ ਉਹ ਬੋਲ ਪਏ ਕਿ ਉਹ ਕਦੋਂ ਭੁੱਖੀ ਏ ? ਕਦੋਂ ਉਹਨੇ ਗਰਾਹੀਆਂ ਮੰਗੀਆਂ ਹਨ ?

"ਹੁਣ ਬੱਸ ਵੀ ਕਰੋ," ਜਥੇਦਾਰ ਕਰਮ ਸਿੰਘ ਨੇ ਅਖ਼ੀਰ ਕਿਹਾ, "ਮੈਨੂੰ ਹੁਣ ਬਾਹਰ ਸੰਗੀਆਂ ਸਾਥੀਆਂ ਨਾਲ ਮਿਲਣ ਜਾਣ ਦੀ ਆਗਿਆ ਏ ?"

"ਆਹੋ, ਤੂੰ ਦੋਸਤਾਂ ਯਾਰਾਂ ਦੀਆਂ ਵਧਾਈਆਂ ਲੈ। ਕੁੜੀ ਥੱਕ ਗਈ ਹੋਏਗੀ। ਇਹ ਝੱਟ ਆਰਾਮ ਕਰ ਲਵੇ," ਮਾਂ ਨੇ ਕਿਹਾ। ਕਰਮ ਸਿੰਘ ਉੱਠ ਕੇ ਬਾਹਰ ਵਿਹੜੇ ਵਿਚ ਆ ਗਿਆ। ਔਰਤਾਂ ਨੇ ਰਾਂਗਲੇ ਪਾਵਿਆਂ ਵਾਲੇ ਪਲੰਘ 'ਤੇ ਸੋਹਣਾ ਬਿਸਤਰਾ ਵਿਛਾ ਕੇ ਦੀਪੋ ਨੂੰ ਉਥੇ ਝੱਟ ਲੇਟ ਜਾਣ ਲਈ ਕਿਹਾ। ਦੀਪੋ ਉਨ੍ਹਾਂ ਦੇ ਆਖੇ ਪਲੰਘ 'ਤੇ ਚੜ੍ਹ ਕੇ ਬੈਠ ਗਈ। ਉਹਨੂੰ ਇਤਨੀਆਂ ਜ਼ਨਾਨੀਆਂ ਦੇ ਹੁੰਦਿਆਂ ਲੇਟਦਿਆਂ ਵੀ ਸ਼ਰਮ ਆਉਂਦੀ ਸੀ।

ਅਜੇ ਉਹ ਕਰਮ ਸਿੰਘ ਨੂੰ ਮਿਲੀ ਨਹੀਂ, ਉਹਦੇ ਨਾਲ ਗੱਲਾਂ ਨਹੀਂ ਕੀਤੀਆਂ, ਉਹਦੀ ਇਕ ਪਿਆਰ ਭਰੀ ਤੱਕਣੀ ਨੇ ਉਹਨੂੰ ਇਤਨਾ ਬੇਚੈਨ ਕਰ ਦਿੱਤਾ। ਉਹਨੂੰ ਕਰਮ ਸਿੰਘ ਦਾ ਨੇੜੇ ਮੂਹਰੇ 'ਤੇ ਬੈਠਿਆਂ ਰਹਿਣਾ ਵੀ ਚੰਗਾ ਲੱਗ ਰਿਹਾ ਸੀ ਤੇ ਉਹਦਾ ਉੱਠ ਕੇ ਚਲੇ ਜਾਣਾ ਤਾਂ ਬਿਲਕੁਲ ਹੀ ਪਸੰਦ ਨਹੀਂ ਸੀ ਪਰ ਅਜੇ ਉਹ ਕੁਝ ਕਹਿਣ ਦੇ ਯੋਗ ਨਹੀਂ ਸੀ। ਉਹ ਕਰਮ ਸਿੰਘ ਦੇ ਬਾਹਰ ਉੱਠ ਕੇ ਜਾਣ ਪਿੱਛੋਂ ਉਹਦੀ ਪਿੱਠ ਨੂੰ ਹੀ ਦੇਖਦੀ ਰਹੀ। ਉਹਨੂੰ ਪਤਾ ਸੀ ਕਿ ਉਹਦੀ ਹਰ ਹਰਕਤ ਨੂੰ ਦੁਆਲੇ ਬੈਠੀਆਂ ਔਰਤਾਂ ਤੇ ਖ਼ਾਸ ਕਰਕੇ ਕੁੜੀਆਂ ਗਹੁ ਨਾਲ ਦੇਖ ਰਹੀਆਂ ਹਨ ਪਰ ਫਿਰ ਵੀ ਉਹ ਕਰਮ ਸਿੰਘ ਵੱਲ ਝਾਕਣ ਤੋਂ ਰਹਿ ਨਾ ਸਕੀ। ਉਹਦੇ ਮਨ ਵਿਚ ਕਰਮ ਸਿੰਘ ਬਾਰੇ ਜੋ ਡੂੰਘੇ ਪਿਆਰ ਭਾਵ ਉਜਾਗਰ ਹੋ ਚੁੱਕੇ ਸਨ, ਉਹ ਉਹਦੇ ਸਬਰ ਦਾ ਬੰਨ੍ਹ ਤੋੜ ਰਹੇ ਸਨ। ਔਰਤਾਂ ਨੇ ਬੜਾ ਜ਼ੋਰ ਲਾਇਆ ਕਿ ਉਹ ਝਟ ਲੇਟ ਜਾਏ ਪਰ ਇਸ ਅਵਸਥਾ ਵਿਚ ਉਹ ਨਾ ਤਾਂ ਲੇਟ ਸਕਦੀ ਸੀ ਤੇ ਨਾ ਹੀ ਉਸ ਨੂੰ ਨੀਂਦਰ ਆ ਸਕਦੀ ਸੀ।

ਡੂੰਘੀ ਸ਼ਾਮ ਹੋ ਗਈ। ਬਾਹਰ ਹਨੇਰਾ ਪਸਰਨਾ ਸ਼ੁਰੂ ਹੋ ਗਿਆ, ਜਦ ਕਰਮ ਸਿੰਘ ਵੀ ਬਾਹਰੋਂ ਮੁੜ ਕੇ ਘਰ ਆ ਗਿਆ। ਉਹ ਗਲੀ ਵਿਚ ਲੋਕਾਂ ਦੀਆਂ ਵਧਾਈਆਂ ਸਵੀਕਾਰ ਕਰਦਾ ਰਿਹਾ ਜਾਂ ਫਿਰ ਬਾਹਰਲੀ ਹਵੇਲੀ ਵਿਚ ਆਪਣੇ ਸਾਥੀ ਸਿੰਘਾਂ ਨਾਲ ਹੱਸਦਾ ਖੇਡਦਾ ਰਿਹਾ। ਉਹਨੇ ਖੁੱਲ੍ਹ ਦੇ ਦਿੱਤੀ ਕਿ ਅੱਜ ਜੋ ਬੱਕਰੇ ਝਟਕਾਣੇ ਚਾਹੁਣ, ਉਨ੍ਹਾਂ ਲਈ ਬੱਕਰੇ ਹਾਜ਼ਰ ਹੋ ਗਏ, ਜੋ ਮਠਿਆਈ ਖਾਣੀ ਪਸੰਦ ਕਰਨ, ਉਨ੍ਹਾਂ ਲਈ ਬਰਫ਼ੀ, ਲੱਡੂ, ਜਲੇਬੀਆਂ ਤੇ ਹੋਰ ਸ਼ੱਕਰਪਾਰੇ ਆਦਿ ਭਿਜਵਾ ਦਿੱਤੇ।

ਦੀਪੋ ਉਹਦੇ ਪਿੱਛੋਂ ਔਰਤਾਂ ਵਿਚ ਬੈਠੀ ਨੇ ਘੁੰਡ ਲਾਹੀ ਰੱਖਿਆ ਪਰ ਜਦੋਂ ਹੀ ਕਰਮ ਸਿੰਘ ਬਾਹਰਲੀ ਡਿਉਢੀ ਵਿਚ ਉਹਨੂੰ ਨਜ਼ਰ ਪਿਆ ਤਾਂ ਉਹਨੇ ਝੱਟ ਚੁੰਨੀ ਠੀਕ ਕਰ ਕੇ ਘੁੰਡ ਕੱਢ ਲਿਆ। ਇਕ ਨੇੜੇ ਬੈਠੀ ਕੁੜੀ ਨੇ ਕਿਹਾ, "ਲੈ ਹੁਣ ਸਾਡੇ ਵੀਰ ਤੋਂ ਘੁੰਡ ਕਾਹਦਾ ? ਉਹ ਤੇ ਤੇਰਾ ਪਤੀ ਏ।"

"ਨਹੀਂ ਬਈ, ਅਜੇ ਘੁੰਡ ਜ਼ਰੂਰੀ ਏ," ਕੋਲ ਬੈਠੀ ਅੱਧਖੜ ਉਮਰ ਦੀ ਜ਼ਨਾਨੀ ਨੇ

ਕਿਹਾ, "ਸ਼ਗਨਾਂ ਨਾਲ ਘੁੰਡ ਚੁੱਕੇਗੀ। ਕਰਮ ਸਿੰਘ ਤੋਂ ਪਹਿਲਾਂ ਘੁੰਡ ਚੁਕਾਈ ਨਹੀਂ ਲੈਣੀ। ਨਾਲੇ ਆਪ ਹੀ ਘੁੰਡ ਲਾਹ ਦੇਣ ਵਿਚ ਕੀ ਮਜ਼ਾ ਹੈ। ਅਸਲ ਸਵਾਦ ਤਾਂ ਉਸੇ ਵਿਚ ਹੈ ਜਦੋਂ ਮਰਦ ਪਿਆਰ ਨਾਲ ਆਪ ਘੁੰਡ ਚੁੱਕੇ।"

ਦੀਪੋ ਲਈ ਇਹ ਸਾਰੀਆਂ ਗੱਲਾਂ ਨਵੀਆਂ ਸਨ। ਉਹਨੇ ਅੱਗੇ ਕਦੇ ਨਹੀਂ ਸੀ ਸੁਣਿਆ ਕਿ ਵਿਆਹ ਪਿੱਛੋਂ ਇਹ ਸਾਰਾ ਕੁਝ ਇਸ ਤਰ੍ਹਾਂ ਹੁੰਦਾ ਹੈ ਪਰ ਉਹ ਮਹਿਸੂਸ ਕਰ ਰਹੀ ਸੀ ਕਿ ਲਾਵਾਂ ਲੈਣ ਪਿੱਛੋਂ ਤੇ ਬਾਪੂ ਦੇ ਪੱਲਾ ਫੜਾਣ ਪਿੱਛੋਂ ਉਹਦੇ ਮਨ ਦੀ ਅਵਸਥਾ ਕਿਤਨੀ ਬਦਲ ਗਈ ਸੀ। ਉਹ ਕਿਤਨੀ ਭਾਵੁਕ ਹੋ ਗਈ ਸੀ ਤੇ ਇਉਂ ਅਨੁਭਵ ਕਰਨ ਲੱਗ ਪਈ ਸੀ ਕਿ ਜਿਵੇਂ ਉਹਦੇ ਅੰਦਰ ਪਿਆਰ ਦਾ ਹੜ੍ਹ ਆ ਗਿਆ ਹੋਵੇ ਜੋ ਸਾਰੇ ਬੰਨ੍ਹੇ, ਰੁਕਾਵਟਾਂ ਤੇ ਰਵਾਇਤਾਂ ਤੋੜ ਕੇ ਹੁਣ ਬਾਹਰ ਆ ਜਾਣਾ ਚਾਹੁੰਦਾ ਹੋਵੇ। ਉਹਨੂੰ ਬਿਨਾਂ ਬੁਲਾਏ ਕਰਮ ਸਿੰਘ ਦਾ ਇਹ ਦੋ ਘੰਟੇ ਲਈ ਘਰ ਤੋਂ ਬਾਹਰ ਜਾਣਾ ਵੀ ਲੰਮਾ ਸਮਾਂ ਪ੍ਰਤੀਤ ਹੋ ਰਿਹਾ ਸੀ ਤੇ ਕਰਮ ਸਿੰਘ ਦੇ ਘਰ ਅੰਦਰ ਪੈਰ ਰੱਖਦਿਆਂ ਹੀ ਉਹਨੂੰ ਮਹਿਸੂਸ ਹੋਇਆ ਜਿਵੇਂ ਪੱਤਝੜ ਪਿੱਛੋਂ ਬਹਾਰ ਆ ਗਈ ਹੋਵੇ ਜਾਂ ਬੇ-ਰੌਣਕੀ ਪਿੱਛੋਂ ਇਕ ਨਵੀਂ ਰੌਣਕ ਘਰ ਮੁੜ ਆਈ ਹੋਵੇ। ਕਰਮ ਸਿੰਘ ਬਾਹਰਲੀ ਬੈਠਕ ਵਿਚ ਲੰਘ ਗਿਆ। ਕੁੜੀਆਂ ਜਾ ਕੇ ਉਹਨੂੰ ਬੁਲਾ ਲਿਆਈਆਂ। ਕਹਿਣ ਲੱਗੀਆਂ, "ਭਰਜਾਈ ਤਾਂ ਹੁਣੇ ਤੁਹਾਡੇ ਬਿਨਾਂ ਉਦਾਸ ਹੋ ਗਈ ਸੀ, ਤੁਸੀਂ ਉਸ ਕਮਰੇ ਵਿਚ ਬੈਠੋ।"

ਕਰਮ ਸਿੰਘ ਮੁੜ ਉਸੇ ਕਮਰੇ ਵਿਚ ਮੂਹੜੇ 'ਤੇ ਆ ਕੇ ਬੈਠ ਗਿਆ। ਦੀਪੋ ਨੇ ਮੁੜ ਆਪਣੇ ਕੱਪੜਿਆਂ ਨੂੰ ਸੰਵਾਰਿਆ ਤੇ ਘੁੰਡ ਕੱਢ ਕੇ ਟੇਢੀ ਜਿਹੀ ਹੋ ਕੇ ਬੈਠੀ ਰਹੀ। ਇਕ ਅੱਧਖੜ ਉਮਰ ਦੀ ਔਰਤ ਨੇ ਕੁੜੀਆਂ ਨੂੰ ਕਿਹਾ, "ਚਲੋ ਤੁਸੀਂ ਹੁਣ ਬਾਹਰ। ਇਨ੍ਹਾਂ ਨੂੰ ਆਰਾਮ ਕਰ ਲੈਣ ਦਿਉ। ਇਨ੍ਹਾਂ ਨੂੰ ਇਕੱਲ ਚਾਹੀਦੀ ਏ।"

"ਲੈ ਮਾਸੀ, ਇਹ ਝੱਟ ਤਾਂ ਸਾਡੇ ਲਈ ਰੌਣਕ ਮੇਲੇ ਦਾ ਏ," ਇਕ ਮੁਟਿਆਰ ਬੋਲ ਪਈ, "ਇਨ੍ਹਾਂ ਨੂੰ ਰਾਤ ਆਰਾਮ ਕਰਨ ਲਈ ਥੋੜ੍ਹੀ ਏ। ਇੰਨੀਆਂ ਲੰਮੀਆਂ ਰਾਤਾਂ ਨੇ, ਬਥੇਰਾ ਸੌਂ ਲੈਣਗੇ।"

"ਹੋਰ ਵੀ ਸੌ ਗੱਲਾਂ ਨੇ। ਤੁਹਾਨੂੰ ਅਜੇ ਕੀ ਪਤਾ," ਔਰਤ ਨੇ ਫਿਰ ਸਮਝਾਇਆ।

"ਹੋਣ ਪਈਆਂ ਹੋਰ ਗੱਲਾਂ," ਕੁੜੀ ਨੇ ਮੁੜਵਾਂ ਉੱਤਰ ਦਿੱਤਾ, "ਅਸੀਂ ਕਦੋਂ ਰੋਕਦੇ ਹਾਂ ਇਨ੍ਹਾਂ ਨੂੰ ਗੱਲਾਂ ਕਰਨ ਤੋਂ। ਇਹ ਤਾਂ ਸਾਡੇ ਸਾਹਮਣੇ ਆਪਸ ਵਿਚ ਗੱਲਾਂ ਕਰਦੇ ਹੀ ਨਹੀਂ, ਇਉਂ ਬੈਠੇ ਨੇ ਜਿਵੇਂ ਇਕ ਦੂਜੇ ਨਾਲ ਰੁੱਸੇ ਹੋਏ ਹੋਣ।"

"ਚੁੱਪ ਕਰ ਨੀਂ," ਕਰਮ ਸਿੰਘ ਨੇ ਕੁੜੀ ਨੂੰ ਪਿਆਰ ਭਰੀ ਝਾੜ ਪਾਂਦਿਆਂ ਕਿਹਾ, "ਤੂੰ ਹੁਣੇ ਸਾਡੇ ਰੋਸੇ ਰੁਸੇਵੇਂ ਦੀ ਚਰਚਾ ਕਰਨ ਲੱਗ ਪਈ ਏਂ।" ਦੀਪੋ ਨੂੰ ਕਰਮ ਸਿੰਘ ਦੀ ਆਵਾਜ਼ ਵੀ ਬੜੀ ਪਿਆਰੀ ਲੱਗੀ, ਹਾਲਾਂਕਿ ਉਹ ਕੁੜੀ ਨਾਲ ਖਰ੍ਹਵੇ ਜਿਹੇ ਸ਼ਬਦਾਂ ਵਿਚ ਗੱਲ ਕਰ ਰਿਹਾ ਸੀ।

ਰਾਤ ਦੀ ਰੋਟੀ ਤਿਆਰ ਹੋ ਗਈ। ਕਰਮ ਸਿੰਘ ਨੇ ਵਿਹੜੇ ਵਿਚ ਬੈਠ ਕੇ ਪਿਤਾ, ਭਰਾਵਾਂ ਤੇ ਚਾਚਿਆਂ ਨਾਲ ਰਲ ਕੇ ਰੋਟੀ ਖਾਧੀ। ਦੀਪੋ ਨੂੰ ਅੰਦਰ ਵੱਡਾ ਸਾਰਾ ਥਾਲ ਪਰੋਸ ਕੇ ਦਿੱਤਾ ਗਿਆ। ਉਹਦੇ ਨਾਲ ਹੀ ਦੋ ਤਿੰਨ ਕੁੜੀਆਂ ਰੋਟੀ ਖਾਣ ਲੱਗ ਪਈਆਂ।

"ਭਰਾ ਭਰਜਾਈ ਨੂੰ ਇਕੱਠੇ ਰੋਟੀ ਪਾ ਦੇਣੀ ਸੀ ਤੇ ਇਕੱਠੇ ਬਿਠਾਣਾ ਸੀ," ਇਕ ਕੁੜੀ ਨੇ ਕਰਮ ਸਿੰਘ ਦੀ ਮਾਂ ਭਾਗਾਂ ਨੂੰ ਆ ਕੇ ਕਿਹਾ।

"ਨਹੀਂ ਬਈ, ਸਾਡੇ ਵਿਚ ਇਹ ਰਿਵਾਜ ਨਹੀਂ," ਭਾਗਾਂ ਨੇ ਕੁੜੀ ਨੂੰ ਉੱਤਰ ਦਿੱਤਾ, "ਸੁਹਾਗ ਰਾਤ ਤੋਂ ਪਿੱਛੋਂ 'ਕੱਠੇ ਖਾਂਦੇ ਫਿਰਨ ਤੇ ਉਹ ਵੀ ਬਜ਼ੁਰਗਾਂ ਦੇ ਸਾਹਮਣੇ ਨਹੀਂ।

ਜਦੋਂ ਮਰਦ ਘਰ ਨਾ ਹੋਣ ਤਾਂ ਇਹ ਇਕੋ ਥਾਲੀ ਵਿਚ ਖਾ ਸਕਣਗੇ। ਸਾਡੇ ਵਿਚ ਕੁੜੀਆਂ ਸਹੁਰੇ ਸਾਹਮਣੇ ਮਰਦ ਨਾਲ ਗੱਲ ਵੀ ਨਹੀਂ ਕਰਦੀਆਂ ਤੇ ਘੁੰਡ ਵੀ ਨਹੀਂ ਚੁੱਕਦੀਆਂ।"

"ਮਾਸੀ, ਹੁਣ ਜ਼ਮਾਨਾ ਬਦਲ ਗਿਆ ਏ," ਕੁੜੀ ਨੇ ਕਿਹਾ, "ਹਰ ਪੀੜ੍ਹੀ ਦਾ ਆਪਣਾ ਢੰਗ ਤਰੀਕਾ ਏ। ਜੋ ਤੁਹਾਡੇ ਵੇਲੇ ਰਿਵਾਜ ਸਨ, ਉਹ ਹੁਣ ਨਹੀਂ ਤੇ ਜੋ ਅੱਜ ਹਨ, ਉਹ ਅੱਗੋਂ ਨਹੀਂ ਰਹਿਣਗੇ।"

"ਵੱਡਿਆਂ ਸਾਹਮਣੇ ਸ਼ਰਮ ਹਯਾ ਚੰਗੀ ਹੁੰਦੀ ਏ," ਭਾਗਾਂ ਨੇ ਮੁੜ ਕਿਹਾ, "ਜੋ ਲੱਜਿਆ ਵਾਲੀ ਔਰਤ ਦਾ ਪ੍ਰਭਾਵ ਏ, ਉਹ ਨਿਲੱਜ ਦਾ ਨਹੀਂ।"

ਰੋਟੀ ਖਾ ਚੁੱਕੇ ਤਾਂ ਹੁਣ ਵੱਖੋ ਵੱਖਰੇ ਕਮਰਿਆਂ ਵਿਚ ਸੌਣ ਲਈ ਮੰਜੇ ਡਾਹੇ ਜਾਣ ਲੱਗੇ। ਦੀਪੋ ਨੂੰ ਕੁੜੀਆਂ ਨੇ ਸੁਹਾਗ ਰਾਤ ਲਈ ਉਚੇਚੇ ਤੌਰ 'ਤੇ ਤਿਆਰ ਕੀਤਾ। ਉਹਦੇ ਕੱਪੜੇ ਬਦਲਵਾਏ, ਕੰਘੀ ਦੁਬਾਰਾ ਕੀਤੀ, ਸੋਹਣੇ ਗਹਿਣੇ ਵੀ ਪੁਆ ਦਿੱਤੇ, ਜੋ ਰਾਤ ਨੂੰ ਸੁੱਤਿਆਂ ਅੱਖ ਨਾ ਦੇਣ। ਫਿਰ ਉਸ ਕਮਰੇ ਵਿਚ ਜਾ ਕੇ ਛੱਡ ਆਈਆਂ। ਵਿਆਹੀਆਂ ਤੇ ਕੁਆਰੀਆਂ ਸਭ ਕੁੜੀਆਂ ਨੇ ਇਸ ਕੰਮ ਵਿਚ ਦਿਲਚਸਪੀ ਲਈ।

ਰਿਸ਼ਤੇ ਵਿਚੋਂ ਭਰਜਾਈ ਲੱਗਦੀ ਇਕ ਮੁਟਿਆਰ ਨੇ ਮੌਕਾ ਦੇਖ ਕੇ ਦੂਜਿਆਂ ਨਾਲੋਂ ਵੱਖਰਿਆਂ ਕਰ ਕੇ ਕਰਮ ਸਿੰਘ ਨੂੰ ਸਮਝਾਇਆ, "ਵੇਖੀਂ ਗਰਮ ਦੁੱਧ ਫੂਕ ਫੂਕ ਕੇ ਪੀਵੀਂ, ਕਾਹਲੀ ਨਾ ਕਰੀਂ।"

ਕਰਮ ਸਿੰਘ ਨੂੰ ਸਮਝ ਨਾ ਆਇਆ ਕਿ ਭਰਜਾਈ ਉਹਨੂੰ ਸੰਕੇਤ ਨਾਲ ਕੀ ਸਮਝਾ ਗਈ ਏ। ਉਸ ਸੋਚਿਆ ਮੈਂ ਅੱਗੇ ਦੁੱਧ ਭਲਾ ਕਦੇ ਪੀਤਾ ਨਹੀਂ। ਕੀ ਮੈਨੂੰ ਨਹੀਂ ਸਮਝ ਕਿ ਗਰਮ ਦੁੱਧ ਪੀਣ ਨਾਲ ਮੂੰਹ ਸੜ ਜਾਂਦਾ ਏ। ਭਰਜਾਈ ਵੱਖਰਿਆਂ ਕਰ ਕੇ ਕਿਹੜੀ ਰਾਜ਼ ਦੀ ਗੱਲ ਕਰਨ ਲੱਗੀ ਏ। ਭਰਜਾਈ ਨੇ ਵੀ ਅਨੁਭਵ ਕਰ ਲਿਆ ਕਿ ਕਰਮ ਸਿੰਘ ਉਹਦੀ ਗੱਲ ਦਾ ਭਾਵ ਨਹੀਂ ਸਮਝਿਆ। ਉਹ ਖੁੱਲ੍ਹ ਕੇ ਗੱਲ ਕਰਨਾ ਨਹੀਂ ਸੀ ਚਾਹੁੰਦੀ ਕਿ ਸੁਹਾਗ ਰਾਤ ਨੂੰ ਉਹਨੂੰ ਦੀਪੋ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਏ। ਉਹਨੂੰ ਸ਼ਰਮ ਵੀ ਮਹਿਸੂਸ ਹੋ ਰਹੀ ਸੀ ਤੇ ਦੂਜੇ ਪਾਸੇ ਅੱਧਖੜ ਉਮਰ ਦੀਆਂ ਔਰਤਾਂ ਨੇ ਕਰਮ ਸਿੰਘ ਨੂੰ ਉਪਦੇਸ਼ ਦੇਣ ਦੀ ਉਹਦੀ ਸੇਵਾ ਵੀ ਲਾਈ ਹੋਈ ਸੀ।

"ਮੇਰਾ ਮਤਲਬ ਏ," ਭਰਜਾਈ ਇਤਨਾ ਕਹਿ ਕੇ ਰੁਕ ਗਈ ਤੇ ਅੱਧੇ ਕੁ ਮਿੰਟ ਦੀ ਵਿੱਥ ਪਿੱਛੋਂ ਮੁੜ ਬੋਲੀ, "ਹੌਲੀ ਹੌਲੀ ਗੱਲਾਂ ਕਰਦਿਆਂ ਪਿਆਰ ਦੇ ਕਦਮ ਪੁੱਟਣੇ। ਦੀਪੋ ਇਹ ਨਾ ਮਹਿਸੂਸ ਕਰੇ ਕਿ ਉਹਦੇ ਨਾਲ ਧੱਕਾ ਹੋ ਰਿਹਾ ਏ। ਸਹਿੰਦੇ ਸਹਿੰਦੇ ਹੀ ਅੱਗੇ ਵਧਣਾ।"

ਉਹਨੇ ਤੇ ਇਕ ਹੋਰ ਜ਼ਨਾਨੀ ਨੇ ਪਹਿਲਾਂ ਉਸ ਕਮਰੇ ਵਿਚ ਦੋ ਕੜੇ ਵਾਲੇ ਗਲਾਸ ਗਰਮ ਦੁੱਧ ਦੇ ਭਰ ਕੇ ਰੱਖ ਦਿੱਤੇ ਤੇ ਸੁੱਕਾ ਮੇਵਾ ਤੇ ਫਲ ਆਦਿ ਵੀ ਰੱਖ ਦਿੱਤੇ। ਕਰਮ ਸਿੰਘ ਨੂੰ ਕਮਰੇ ਵੱਲ ਭੇਜਣ ਤੋਂ ਪਹਿਲਾਂ ਭਰਜਾਈ ਨੇ ਇਕ ਵਾਰ ਫਿਰ ਕਿਹਾ, "ਕੁੜੀਆਂ ਸੰਗਦੀਆਂ ਹੁੰਦੀਆਂ ਨੇ। ਉਹਨੂੰ ਆਪ ਫਲ ਖੁਆਈਂ ਤੇ ਦੁੱਧ ਪਿਆਈਂ। ਉਹ ਨਾਂਹ-ਨੁਕਰ ਕਰੇਗੀ ਪਰ ਪਿਆਰ ਨਾਲ ਉਹਨੂੰ ਆਪਣੇ ਨਾਲ ਖੁਆਈ ਜਾਵੀਂ। ਇਉਂ ਇਕੱਠੇ ਖਾਣ ਪੀਣ ਨਾਲ ਵੀ ਪਿਆਰ ਵਧਦਾ ਏ ਤੇ ਸੰਗ ਉਤਰਦੀ ਏ।"

ਕਰਮ ਸਿੰਘ ਉਸ ਸਮੇਂ ਕਮਰੇ ਵਿਚ ਗਿਆ, ਜਦੋਂ ਬਹੁਤ ਸਾਰੇ ਘਰ ਦੇ ਜੀਅ ਸੌਂ ਗਏ। ਕੇਵਲ ਉਹਦੀ ਮਾਂ ਤੇ ਇਕ ਹੋਰ ਜ਼ਨਾਨੀ ਅਜੇ ਤਕ ਚੌਂਕਾ ਸੰਭਾਲ ਰਹੀਆਂ ਸਨ। ਕਰਮ ਸਿੰਘ ਦੇ ਕਮਰੇ ਵਿਚ ਦਾਖ਼ਲ ਹੁੰਦਿਆਂ ਹੀ ਦੀਪੋ ਮੰਜੇ ਤੋਂ ਉੱਠ ਕੇ ਖੜੀ ਹੋ ਗਈ, ਜਿਵੇਂ ਉਹਨੂੰ ਕੁੜੀਆਂ ਨੇ ਸਮਝਾਇਆ ਹੋਇਆ ਸੀ ਤੇ ਕਰਮ ਸਿੰਘ ਦੇ ਨੇੜੇ ਹੁੰਦਿਆਂ ਉਹ

ਮੱਥਾ ਟੇਕਣ ਲਈ ਉਹਦੇ ਪੈਰਾਂ ਵੱਲ ਵਧੀ, ਭਾਵੇਂ ਉਹਨੇ ਘੁੰਡ ਕੱਢਿਆ ਹੋਇਆ ਸੀ। ਕਰਮ ਸਿੰਘ ਨੇ ਉਹਨੂੰ ਪੈਰਾਂ ਤਕ ਝੁਕਣ ਨਾ ਦਿੱਤਾ ਤੇ ਦੋਹਾਂ ਮੋਢਿਆਂ ਤੋਂ ਫੜ ਕੇ ਰੋਕਦਿਆਂ ਕਿਹਾ, "ਸਾਡੇ ਸਿੱਖਾਂ ਵਿਚ ਇਉਂ ਮਰਦ ਔਰਤਾਂ ਤੋਂ ਮੱਥੇ ਨਹੀਂ ਟਿਕਾਂਦੇ। ਸਾਡੇ ਲਈ ਪਤਨੀ ਪਤੀ ਦੇ ਬਰਾਬਰ ਹੈ। ਸਾਡੇ ਵਿਚ ਫ਼ਤਹਿ ਬੁਲਾਣੀ ਜਾਂ 'ਸਤਿ ਸ੍ਰੀ ਅਕਾਲ' ਕਹਿਣਾ ਹੀ ਸਤਿਕਾਰ ਤੇ ਪਿਆਰ ਦੀ ਨਿਸ਼ਾਨੀ ਹੁੰਦੀ ਏ।"

ਪਹਿਲੀ ਵਾਰ ਆਪਣੇ ਪਤੀ ਦੇ ਹੱਥਾਂ ਦੀ ਸਰੀਰ ਨਾਲ ਛੋਹ ਨੇ ਅਨੋਖਾ ਸਵਾਦ ਤੇ ਸਰੂਰ ਦੀਪੋ ਦੇ ਹਿਰਦੇ ਵਿਚ ਭਰ ਦਿੱਤਾ। ਉਹਨੂੰ ਫੜ ਕੇ ਕਰਮ ਸਿੰਘ ਨੇ ਮੰਜੇ 'ਤੇ ਬਿਠਾ ਲਿਆ ਤੇ ਕਲਾਵਾ ਭਰੀ ਉਹ ਆਪ ਵੀ ਨਾਲ ਹੀ ਬੈਠ ਗਿਆ। ਫਿਰ ਉਹਨੇ ਉਹਦਾ ਘੁੰਡ ਚੁੱਕਦਿਆਂ ਕਿਹਾ, "ਇਹ ਸੋਹਣਾ ਮੁਖੜਾ ਲੁਕਾ ਕੇ ਰੱਖਣ ਲਈ ਨਹੀਂ, ਚੰਨ ਚੜ੍ਹੇ ਤਾਂ ਉਹਦਾ ਪ੍ਰਕਾਸ਼ ਸਭ ਧਰਤੀ 'ਤੇ ਹੁੰਦਾ ਏ। ਮੇਰੇ ਘਰ ਵਿਚ ਇਹ ਚੰਨ ਕਿਉਂ ਛੁਪਿਆ ਰਹੇ।"

ਪ੍ਰਸੰਸਾ ਦੇ ਇਨ੍ਹਾਂ ਸ਼ਬਦਾਂ ਨਾਲ ਹੀ ਘੁੰਡ ਲੱਥੀ ਦੀਪੋ ਨੇ ਆਪ-ਮੁਹਾਰੇ ਆਪਣਾ ਸਿਰ ਕਰਮ ਸਿੰਘ ਦੇ ਮੋਢਿਆਂ 'ਤੇ ਸੁੱਟ ਦਿੱਤਾ। ਕਰਮ ਸਿੰਘ ਨੇ ਵੀ ਉਹਨੂੰ ਬਾਂਹ ਦੇ ਕਲਾਵੇ ਵਿਚ ਘੁੱਟ ਲਿਆ। ਉਹ ਕਿੰਨਾ ਚਿਰ ਇਉਂ ਇਕ ਦੂਜੇ ਦੇ ਸਾਥ ਦਾ ਨਿੱਘ ਤੇ ਖ਼ੁਸ਼ਬੂ ਅਨੁਭਵ ਕਰਦੇ ਰਹੇ। ਕਰਮ ਸਿੰਘ ਨੇ ਹੌਲੀ ਹੌਲੀ ਦੀਪੋ ਨਾਲ ਗੱਲ-ਬਾਤ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਦੀਪੋ ਉਹਦੇ ਦੋ-ਚਾਰ ਵਾਕ ਬੋਲਣ ਪਿੱਛੋਂ ਇਕ-ਅੱਧ ਸ਼ਬਦ ਹੀ ਬੋਲਦੀ ਪਰ ਝੱਟ ਪਿੱਛੋਂ ਉਹ ਵੀ ਖੁੱਲ੍ਹ ਕੇ ਗੱਲਾਂ ਕਰਨ ਲੱਗ ਪਈ। ਦੋਵੇਂ ਆਪਣੀਆਂ ਪਹਿਲੀ ਮਿਲਣੀ ਦੀਆਂ ਗੱਲਾਂ ਵਿਚ ਇਤਨੇ ਖੁਭੇ ਰਹੇ ਕਿ ਕਰਮ ਸਿੰਘ ਨੂੰ ਯਾਦ ਹੀ ਨਾ ਆਇਆ ਕਿ ਭਰਜਾਈ ਨੇ ਕਿਹਾ ਸੀ, ਨਾਲੋ ਨਾਲ ਫਲ ਤੇ ਸੁੱਕਾ ਮੇਵਾ ਵੀ ਖਾਈ ਜਾਣਾ ਤੇ ਦੁੱਧ ਪੀਣਾ। ਉਹ ਦੋਵੇਂ ਇਕ ਦੂਜੇ ਵਿਚ ਘੁਲ ਮਿਲ ਗਏ ਤੇ ਇਉਂ ਸਾਰੀ ਰਾਤ ਗੱਲਾਂ ਕਰਦਿਆਂ ਬੀਤ ਗਈ।

ਸਵੇਰੇ ਉੱਠਦਿਆਂ ਕਰਮ ਸਿੰਘ ਤਾਂ ਬਾਹਰ ਸੈਰ ਕਰਨ ਤੇ ਜੰਗਲ ਪਾਣੀ ਲਈ ਚਲਾ ਗਿਆ, ਪਿੱਛੋਂ ਭਰਜਾਈ ਸਮੇਤ ਮੁਟਿਆਰਾਂ ਨੇ ਆ ਕੇ ਦੀਪੋ ਨੂੰ ਜਗਾਇਆ, ਜਿਸ ਦੀ ਅੱਖ ਕਰਮ ਸਿੰਘ ਦੇ ਬਾਹਰ ਉੱਠ ਕੇ ਜਾਣ ਪਿੱਛੋਂ ਹੀ ਲੱਗੀ ਸੀ।

"ਹਾਇ ਇਹ ਕੀ," ਭਰਜਾਈ ਨੇ ਕਿਹਾ, "ਤੁਹਾਨੂੰ ਦੋਹਾਂ ਨੂੰ ਕਹਿ ਕੇ ਵੀ ਗਈ ਸਾਂ ਪਰ ਤੁਸੀਂ ਕੁਝ ਖਾਧਾ ਹੀ ਨਹੀਂ। ਦੁੱਧ ਵੀ ਉਸੇ ਤਰ੍ਹਾਂ ਪਿਆ ਰਿਹਾ ਏ। ਕੀ ਕਰਮ ਸਿੰਘ ਨੇ ਤੈਨੂੰ ਕਿਹਾ ਹੀ ਨਹੀਂ ਜਾਂ ਤੂੰ ਨਹੀਂ ਖਾਣ ਲਈ ਮੰਨੀ।"

ਦੀਪੋ ਨੇ ਇਸ ਦਾ ਕੋਈ ਉੱਤਰ ਨਾ ਦਿੱਤਾ। ਉਹਨੇ ਸ਼ਰਮ ਨਾਲ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ। ਉਹਦੇ ਸਿਰ ਦੇ ਖਿੱਲਰੇ ਵਾਲ ਦੱਸ ਰਹੇ ਸਨ ਕਿ ਇਨ੍ਹਾਂ ਵਾਲਾਂ ਵਿਚ ਕਰਮ ਸਿੰਘ ਦੀਆਂ ਉਂਗਲੀਆਂ ਫਿਰਦੀਆਂ ਰਹੀਆਂ ਹਨ।

"ਅਸੀਂ ਝੀਥਾਂ ਵਿਚੋਂ ਸਭ ਕੁਝ ਦੇਖ ਲਿਆ ਏ," ਭਰਜਾਈ ਨੇ ਉਹਦੀ ਸੰਗ ਲਾਂਹਦਿਆਂ ਕਿਹਾ, "ਤੇਰੇ ਨਾਲ ਕੁਝ ਵੱਖਰਾ ਵਰਤਾਉ ਨਹੀਂ ਹੋਇਆ, ਅਸੀਂ ਵੀ ਇਨ੍ਹਾਂ ਪੜਾਵਾਂ ਵਿਚੋਂ ਲੰਘੇ ਹਾਂ।"

25

ਸਵੇਰੇ ਸਵੇਰੇ ਹੀ ਬਾਹਰਲੇ ਪਿੰਡਾਂ ਦੇ ਲੋਕ ਵੀ ਵਧਾਈ ਦੇਣ ਲਈ ਆਉਣੇ ਸ਼ੁਰੂ ਹੋ ਗਏ। ਲਾਭ ਚੰਦ ਤੇ ਉਹਦੀ ਪਤਨੀ ਬੜੇ ਖ਼ੁਸ਼ ਸਨ। ਉਨ੍ਹਾਂ ਦੇ ਘਰ ਵੀ ਵਧਾਈ ਦੇਣ ਲਈ

ਦੂਰੋਂ ਦੂਰੋਂ ਲੋਕ ਆ ਰਹੇ ਸਨ। ਉਨ੍ਹਾਂ ਵੀ ਮਠਿਆਈ ਘਰ ਹਲਵਾਈ ਬਿਠਾ ਕੇ ਬਣਵਾਈ—ਲੱਡੂ, ਮੱਠੀਆਂ, ਸ਼ੱਕਰਪਾਰੇ ਤੇ ਹੋਰ ਕਈ ਕੁਝ। ਖੁੱਲ੍ਹੇ ਦਿਲ ਨਾਲ ਹਰ ਆਏ ਗਏ ਅੱਗੇ ਰੱਖਦੇ। ਉਦੋਂ ਮਠਿਆਈ ਥਾਲਾਂ ਤੇ ਪਰਾਤਾਂ ਵਿਚ ਭਰ ਕੇ ਰੱਖੀ ਜਾਂਦੀ ਸੀ ਤੇ ਖਾਣ ਵਾਲੇ ਵੀ ਦੋ ਚਾਰ ਸੇਰ ਸਹਿਜੇ ਹੀ ਖਾ ਜਾਂਦੇ ਸਨ। ਭਾਗਾਂ ਨੇ ਉਚੇਚੇ ਤੌਰ 'ਤੇ ਵੱਡਾ ਕੜਾਹਾ ਭਰ ਕੇ ਕੜਾਹ ਦਾ ਵੀ ਬਣਾਇਆ ਤੇ ਉਹ ਰੋਟੀ ਦੀ ਥਾਂ ਕਈਆਂ ਅੱਗੇ ਰੱਖਿਆ। ਘਰ ਦਾ ਜੋੜਿਆ ਘਿਉ ਤੇ ਸ਼ੱਕਰ ਦੀ ਬੋਰੀ ਉਹਨੇ ਕੜਾਹ ਲਈ ਵੱਖਰੀ ਹੀ ਰੱਖੀ ਹੋਈ ਸੀ।

ਕਸਤੂਰ ਸਿੰਘ ਤੇ ਕਿੱਕਰ ਸਿੰਘ ਦੇ ਮਾਪੇ ਵੀ ਲਾਭ ਚੰਦ ਤੇ ਕਰਮ ਸਿੰਘ ਨੂੰ ਵਧਾਈ ਦੇਣ ਲਈ ਪਹੁੰਚ ਗਏ। ਇਨ੍ਹਾਂ ਨੇ ਆਪਣੇ ਪੁੱਤਰਾਂ ਦੇ ਅੰਮ੍ਰਿਤ ਛਕਣ ਤੇ ਸਿੰਘ ਸਜਣ ਦਾ ਸ਼ੁਰੂ ਵਿਚ ਵਿਰੋਧ ਕੀਤਾ ਸੀ ਪਰ ਜਦੋਂ ਇਹ ਨੌਜਵਾਨ ਜਥੇਦਾਰ ਬਣ ਗਏ ਤੇ ਇਨ੍ਹਾਂ ਦੀ ਇਲਾਕੇ ਵਿਚ ਇੱਜਤ ਹੋਣ ਲੱਗ ਪਈ ਤਾਂ ਦੋਹਾਂ ਦੇ ਮਾਪਿਆਂ ਦਾ ਵਤੀਰਾ ਬਦਲ ਗਿਆ। ਪਿੰਡਾਂ ਵਾਲਿਆਂ ਲਈ ਪਠਾਣ ਚੌਧਰੀ ਤੇ ਰੱਬ ਪਿੱਛੋਂ ਸਭ ਤੋਂ ਵੱਡੀ ਤਾਕਤ ਸਨ। ਲੋਕ ਉਨ੍ਹਾਂ ਦਾ ਹਰ ਜ਼ੁਲਮ ਬਰਦਾਸ਼ਤ ਕਰੀ ਜਾ ਰਹੇ ਸਨ, ਤੰਗ ਵੀ ਬਹੁਤ ਸਨ ਪਰ ਕੋਈ ਉਨ੍ਹਾਂ ਅੱਗੇ ਚੂੰ ਨਹੀਂ ਸੀ ਕਰ ਸਕਦਾ। ਕੋਈ ਉਨ੍ਹਾਂ ਨੂੰ ਡੱਕ ਨਹੀਂ ਸੀ ਸਕਦਾ ਪਰ ਇਨ੍ਹਾਂ ਨੌਜਵਾਨਾਂ ਨੇ ਉਨ੍ਹਾਂ ਚੌਧਰੀਆਂ ਦਾ ਵੀ ਮੂੰਹ ਭੰਵਾ ਦਿੱਤਾ। ਉਨ੍ਹਾਂ ਦਾ ਭੈ ਲੋਕਾਂ ਵਿਚੋਂ ਕੱਢ ਦਿੱਤਾ ਤੇ ਕਈ ਵਾਰ ਜਦ ਲਲਕਾਰ ਕੇ ਉਹਦੀ ਪਿੱਠ ਲਾ ਦਿੱਤੀ ਤਾਂ ਮਾਪੇ ਸਿੰਘ-ਪੁੱਤਰਾਂ 'ਤੇ ਫ਼ਖ਼ਰ ਕਰਨ ਲੱਗ ਪਏ। ਉਨ੍ਹਾਂ ਦੇ ਸਿੰਘ ਬਣ ਜਾਣ ਦਾ ਗੌਰਵ ਪ੍ਰਤੀਤ ਹੋਣ ਲੱਗ ਪਿਆ।

ਠਾਕਰ ਦਾਸ ਤੇ ਮਿਹਰ ਚੰਦ ਦੋਹਾਂ ਨੇ ਘਰ ਅੰਦਰ ਦਾਖ਼ਲ ਹੁੰਦਿਆਂ ਪਹਿਲਾਂ ਖੰਘੂਰਾ ਮਾਰਿਆ, ਕੁੰਡੀ ਖੜਕਾਈ ਤੇ ਫਿਰ ਕਰਮ ਸਿੰਘ ਨੂੰ ਆਵਾਜ਼ ਦਿੱਤੀ। ਅੰਦਰੋਂ ਲਾਭ ਚੰਦ ਨੇ ਉੱਤਰ ਦਿੱਤਾ, "ਕਿਹੜਾ ਏ, ਲੰਘ ਆਉ ਅੰਦਰ।" ਜਦ ਇਨ੍ਹਾਂ ਦੋਹਾਂ ਨੂੰ ਦੇਖਿਆ ਤਾਂ ਝੱਟ ਪਛਾਣ ਕੇ ਉੱਠ ਕੇ ਅੱਗੋਂ ਆ ਕੇ ਮਿਲਿਆ। ਇਹ ਦੋਵੇਂ ਮੁੱਢਲੇ ਦਿਨਾਂ ਵਿਚ ਕਈ ਵਾਰ ਲਾਭ ਚੰਦ ਕੋਲ ਆਏ ਸਨ ਕਿ ਆਪਣੇ ਮੁੰਡੇ ਨੂੰ ਰੋਕ, ਉਹ ਸਾਡੇ ਮੁੰਡਿਆਂ ਨੂੰ ਵੀ ਖ਼ਰਾਬ ਕਰ ਰਿਹਾ ਏ। ਇਨ੍ਹਾਂ ਨੂੰ ਸਿੰਘ ਬਣਨ ਤੋਂ ਰੋਕਣਾ ਚਾਹੀਦਾ ਏ। ਪਿੱਛੋਂ ਕਈ ਵਾਰ ਮੁੜ ਮੁੰਡਿਆਂ ਦੇ ਸੁਨੇਹੇ ਲੈਣ ਦੇਣ ਵੀ ਆਉਂਦੇ ਰਹੇ। ਆਪਸ ਵਿਚ ਕਾਫ਼ੀ ਜਾਣ-ਪਛਾਣ ਹੋ ਗਈ ਸੀ।

"ਵਧਾਈਆਂ ਹੋਣ ਭਾਈਆ ਜੀ," ਦੋਹਾਂ ਦੇ ਮੂੰਹੋਂ ਇਕੱਠਿਆਂ ਹੀ ਨਿਕਲਿਆ। ਹੱਥ ਜੋੜ ਕੇ ਲਾਭ ਚੰਦ ਨੇ ਵਧਾਈਆਂ ਸਵੀਕਾਰ ਕੀਤੀਆਂ ਤੇ ਮੰਜਿਆਂ 'ਤੇ ਬੈਠਣ ਦਾ ਇਸ਼ਾਰਾ ਕੀਤਾ। ਠਾਕਰ ਦਾਸ ਨੇ ਤੁਰਤ ਗਿਲਾ-ਗੁਜਾਰੀ ਸ਼ੁਰੂ ਕਰ ਦਿੱਤੀ। ਉਹਨੇ ਕਿਹਾ,"ਪਹਿਲਾਂ ਇਹ ਦੱਸੋ ਕਿ ਸਾਨੂੰ ਬਰਾਤ ਲਈ ਕਿਉਂ ਨਹੀਂ ਸੱਦਿਆ। ਕੀ ਅਸੀਂ ਕਰਮ ਸਿੰਘ ਦੇ ਕੁਝ ਨਹੀਂ ਲੱਗਦੇ। ਅਸੀਂ ਤੇ ਨਵੇਂ ਕੱਪੜੇ ਬਣਵਾ ਕੇ ਤਿਆਰੀ ਕਰੀ ਬੈਠੇ ਸਾਂ ਪਰ ਸੁਨੇਹਾ ਹੀ ਕੋਈ ਨਾ ਗਿਆ।"

"ਤੁਹਾਡਾ ਗਿਲਾ ਸ਼ਿਕਵਾ ਜਾਇਜ਼ ਏ," ਲਾਭ ਚੰਦ ਦੇ ਇਨ੍ਹਾਂ ਸ਼ਬਦਾਂ ਨੇ ਹੀ ਉਨ੍ਹਾਂ ਦਾ ਅੱਧਾ ਗੁੱਸਾ ਖ਼ਤਮ ਕਰ ਦਿੱਤਾ। ਅੱਗੋਂ ਉਹਨੇ ਵਿਆਖਿਆ ਕੀਤੀ ਤੇ ਕਿਹਾ, "ਗੱਲ ਇਸ ਤਰ੍ਹਾਂ ਏ ਕਿ ਅਸੀਂ ਘੱਟ ਤੋਂ ਘੱਟ ਬਰਾਤ ਲਿਜਾਣਾ ਚਾਹੁੰਦੇ ਸਾਂ। ਸੁਖ ਨਾਲ ਭਾਈਚਾਰਾ ਮੇਰਾ ਵੀ ਬਹੁਤ ਏ ਤੇ ਮੇਰੇ ਨਾਲੋਂ ਵੱਧ ਹੁਣ ਕਰਮ ਸਿੰਘ ਦਾ ਏ। ਉਹਨੇ 21 ਬੰਦੇ ਤਾਂ ਸ਼ਸਤਰਧਾਰੀ ਘੋੜਸਵਾਰ ਨਾਲ ਲੈ ਲਏ। ਉਹ ਵੀ ਜ਼ਰੂਰੀ ਸਨ। ਆਖ਼ਰ ਜਿਨ੍ਹਾਂ ਨਾਲ ਟੱਕਰ ਏ, ਉਹ ਕੋਈ ਵੀ ਭਾਨੀ ਮਾਰ ਸਕਦੇ ਸਨ। ਉਹਨੇ ਕਸ਼ਮੀਰ ਸਿੰਘ, ਕਸਤੂਰ ਸਿੰਘ ਤੇ ਕਿੱਕਰ

ਸਿੰਘ ਨੂੰ ਤਾਂ ਨਾਲ ਰੱਖਿਆ ਤੇ ਬਾਕੀ ਆਪਣੇ ਨਗਰ ਦੇ ਵੀ ਚੋਣਵੇਂ ਬੰਦੇ ਗਏ ਸਨ। ਕਈ ਇਥੇ ਵੀ ਨਰਾਜ਼ ਹੋਏ ਪਏ ਹਨ ਪਰ ਸਾਡੀ ਵੀ ਮਜਬੂਰੀ ਸੀ। ਅਸੀਂ ਬਹੁਤ ਵੱਡੀ ਬਰਾਤ ਲਿਜਾਣ ਦੇ ਬੁਨਿਆਦੀ ਤੌਰ 'ਤੇ ਵਿਰੁੱਧ ਹਾਂ। ਕਰਮ ਸਿੰਘ ਤਾਂ ਮੇਰੇ ਨਾਲੋਂ ਵੀ ਅੱਗੇ ਲੰਘ ਗਿਆ ਏ, ਉਹ ਤਾਂ ਪੰਜ ਬੰਦੇ ਲਿਜਾ ਕੇ ਅਨੰਦ ਕਾਰਜ ਕਰਾਉਣ ਦਾ ਹਾਮੀ ਸੀ।"

"ਚਲੋ, ਇਹ ਤਾਂ ਐਵੇਂ ਮਖੌਲ ਲਈ ਠਾਕਰ ਦਾਸ ਨੇ ਕਹਿ ਦਿੱਤਾ ਏ," ਮਿਹਰ ਚੰਦ ਨੇ ਗੱਲ ਦਾ ਰੁਖ਼ ਮੋੜਨ ਲਈ ਟੋਕਦਿਆਂ ਕਿਹਾ, "ਸਾਨੂੰ ਪਤਾ ਏ ਕਿ ਵਿਆਹ ਸਮੇਂ ਘਰ ਵਾਲਿਆਂ ਨੂੰ ਕਈ ਕੁਝ ਸੋਚਣਾ ਪੈਂਦਾ ਏ। ਕੁਝ ਆਪਣੇ ਆਲੇ-ਦੁਆਲੇ ਦਾ ਤੇ ਕੁਝ ਕੁੜਮਾਂ ਦਾ।"

"ਕੁੜਮਾਂ ਵਿਚਾਰਿਆਂ ਤਾਂ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ ਕਿ ਜਿਤਨੀ ਜੀਅ ਕਰੇ ਬਰਾਤ ਲਈ ਆਉ। ਪਰ ਅਸੀਂ ਆਪ ਹੀ ਵੱਧ ਬਰਾਤ ਲਿਜਾਣ ਤੋਂ ਸੰਕੋਚ ਕਰਦੇ ਰਹੇ ਹਾਂ।"

"ਹੁਣ ਕਰਮ ਸਿੰਘ ਨੂੰ ਆਖੋ ਕਿ ਸਾਡੇ ਮੁੰਡਿਆਂ ਨੂੰ ਵੀ ਵਿਆਹ ਲਈ ਤਿਆਰ ਕਰੇ," ਮਿਹਰ ਚੰਦ ਨੇ ਆਖਿਆ, "ਅਸੀਂ ਜਦ ਵੀ ਕਿਧਰੇ ਰਿਸ਼ਤੇ ਦੀ ਗੱਲ-ਬਾਤ ਤੋਰਦੇ ਹਾਂ, ਇਹ ਨਾਂਹ ਪਾ ਦਿੰਦੇ ਨੇ। ਆਖ਼ਰ ਹਰ ਕੰਮ ਠੀਕ ਜਚਦੇ ਸਮੇਂ ਹੀ ਹੋ ਜਾਏ ਤਾਂ ਚੰਗਾ ਲੱਗਦਾ ਏ। ਮੁੰਡੇ ਸਾਡੀ ਤਾਂ ਗੱਲ ਹੀ ਨਹੀਂ ਸੁਣਦੇ। ਪਤਾ ਨਹੀਂ ਕਰਮ ਸਿੰਘ ਨੇ ਕੀ ਉਨ੍ਹਾਂ ਦੇ ਸਿਰ 'ਤੇ ਧੂੜ ਦਿੱਤਾ ਏ ਕਿ ਬੱਸ ਉਹਦੀ ਹਰ ਗੱਲ ਨੂੰ ਪੰਥ ਦਾ ਹੁਕਮ ਸਮਝ ਕੇ ਮੰਨ ਲੈਂਦੇ ਹਨ।"

"ਕੋਈ ਨਹੀਂ, ਜੇ ਕਰਮ ਸਿੰਘ ਨੇ ਵਿਆਹ ਕਰਵਾ ਲਿਆ ਏ ਤਾਂ ਉਹ ਵੀ ਕਰਵਾ ਲੈਣਗੇ," ਲਾਭ ਚੰਦ ਨੇ ਯਕੀਨ ਨਾਲ ਕਿਹਾ, "ਆਖ਼ਰ ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਫੜਦਾ ਏ। ਜਦ ਉਹਦੀ ਸੰਗਤ ਵਿਚ ਰਹਿੰਦੇ ਨੇ ਤਾਂ ਉਹਦਾ ਘਰ ਵੱਸਦਾ ਦੇਖ ਕੇ ਉਨ੍ਹਾਂ ਦਾ ਵੀ ਜੀਅ ਕਰ ਆਏਗਾ।"

ਕਰਮ ਸਿੰਘ ਵੀ ਇਤਨੇ ਵਿਚ ਅੰਦਰੋਂ ਨਿਕਲ ਆਇਆ। ਉਹਨੂੰ ਪਿਆਰ ਤੇ ਵਧਾਈਆਂ ਦੇਣ ਵਿਚ ਸਾਰੇ ਰੁਝ ਗਏ। ਲਾਭ ਚੰਦ ਨੇ ਹੀ ਗੱਲ ਛੇੜੀ, "ਬਈ ਇਨ੍ਹਾਂ ਦੇ ਦੋ ਗਿਲੇ ਨੇ। ਇਕ ਤੇ ਬਰਾਤ ਨਾਲ ਕਿਉਂ ਨਹੀਂ ਲੈ ਕੇ ਗਿਆ ਤੇ ਦੂਜਾ ਆਪਣਾ ਵਿਆਹ ਕਰਵਾ ਲਿਆ ਏ ਤੇ ਸਾਥੀਆਂ ਦਾ ਖ਼ਿਆਲ ਹੀ ਨਹੀਂ ਕੀਤਾ। ਉਨ੍ਹਾਂ ਨੂੰ ਵੀ ਵਿਆਹ ਲਈ ਰਾਜ਼ੀ ਕਰ।"

"ਤੁਸੀਂ ਦੱਸੋ ਕਿਥੇ ਘਰ-ਬਾਰ ਦੇਖਿਆ ਜੇ," ਕਰਮ ਸਿੰਘ ਨੇ ਪਿਤਾ ਦੀ ਥਾਂ ਉਨ੍ਹਾਂ ਦੋਹਾਂ ਠਾਕਰ ਦਾਸ ਤੇ ਮਿਹਰ ਚੰਦ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਤੇ ਸਗੋਂ ਕਹਿੰਦਾ ਹਾਂ ਕਿ ਸਾਰਿਆਂ ਨੂੰ ਵਿਆਹ ਕਰਵਾ ਕੇ ਘਰ ਵਸਾਣੇ ਚਾਹੀਦੇ ਹਨ। ਸਾਡੇ ਗੁਰਦੇਵ ਨੇ ਗ੍ਰਿਹਸਥ ਧਰਮ ਨੂੰ ਸਭ ਤੋਂ ਉੱਤਮ ਧਰਮ ਮੰਨਿਆ ਹੈ। ਉਨ੍ਹਾਂ ਆਪ ਵਿਆਹ ਕਰਵਾਏ ਤੇ ਬਾਲ ਬੱਚਿਆਂ ਵਿਚ ਰਹਿ ਕੇ ਉਨ੍ਹਾਂ ਦੀ ਪਾਲਣਾ ਕੀਤੀ। ਸੰਸਾਰੀ ਫ਼ਰਜ਼ ਵੀ ਨਿਭਾਏ ਤੇ ਧਰਮ ਪ੍ਰਤੀ ਵੀ ਆਪਣੀ ਅਗਵਾਈ ਦਿੱਤੀ।"

"ਅਸੀਂ ਤਾਂ ਜਿਹੜੇ ਵੀ ਘਰ ਬਾਰੇ, ਜਦ ਪੁੱਛਦੇ ਹਾਂ, ਮੁੰਡੇ ਸੁਣਨ ਲਈ ਵੀ ਤਿਆਰ ਨਹੀਂ ਹੁੰਦੇ," ਠਾਕਰ ਦਾਸ ਨੇ ਕਿਹਾ, "ਸਾਨੂੰ ਸ਼ਰਮ ਆਉਂਦੀ ਏ, ਜਦੋਂ ਧੀਆਂ ਵਾਲੇ ਆ ਕੇ ਰਿਸ਼ਤੇ ਦੀ ਗੱਲ ਕਰਦੇ ਨੇ ਤੇ ਅਸੀਂ ਨਾਂਹ ਕਰ ਦਿੰਦੇ ਹਾਂ। ਆਖ਼ਰ ਅਸੀਂ ਵੀ ਧੀਆਂ ਵਾਲੇ ਹਾਂ। ਸਾਡਾ ਕੋਈ ਰਿਸ਼ਤਾ ਲੈਣ ਤੋਂ ਨਾਂਹ ਕਰੇ ਤਾਂ ਸਾਨੂੰ ਕਿਤਨਾ ਦੁਖ ਲੱਗੇ।"

"ਤੁਸੀਂ ਪਹਿਲੀਆਂ ਗੱਲਾਂ ਕਰ ਰਹੇ ਹੋ," ਕਰਮ ਸਿੰਘ ਨੇ ਸਮਝਾਇਆ, "ਹੁਣ ਮੇਰਾ ਵਿਆਹ ਹੋ ਜਾਣ ਪਿੱਛੋਂ ਉਨ੍ਹਾਂ ਦੀ ਸੋਚ ਅਵੱਸ਼ ਬਦਲ ਗਈ ਹੋਵੇਗੀ। ਜੇ ਅਜੇ ਨਹੀਂ ਬਦਲੀ

ਤਾਂ ਛੇਤੀ ਬਦਲ ਜਾਏਗੀ।"

"ਇਹ ਠੀਕ ਏ," ਲਾਭ ਚੰਦ ਨੇ ਵੀ ਕੋਲੋਂ ਹਾਮੀ ਭਰੀ ਤੇ ਕਿਹਾ, "ਹੁਣ ਤੁਹਾਡੇ ਸਾਹਮਣੇ ਜਿਹੜਾ ਰਿਸ਼ਤਾ ਉਠੇ ਤੁਸੀਂ ਸਾਨੂੰ ਦੱਸਣਾ, ਅਸੀਂ ਮੁੰਡਿਆਂ ਨੂੰ ਆਪੇ ਤਿਆਰ ਕਰ ਲਵਾਂਗੇ।"

ਅਜੇ ਇਸ ਗੱਲ-ਬਾਤ ਦਾ ਸਿਲਸਿਲਾ ਜਾਰੀ ਹੀ ਸੀ ਤੇ ਨਾਲ ਹੀ ਖਾਣ-ਪੀਣ ਚਲ ਰਿਹਾ ਸੀ, ਜਦੋਂ ਕਿ ਦੋ ਘੋੜ-ਸਵਾਰ ਲਾਭ ਚੰਦ ਦੇ ਦਰਵਾਜ਼ੇ ਅੱਗੇ ਆ ਖੜੇ ਹੋਏ। ਉਨ੍ਹਾਂ ਨੇ ਘੋੜਿਆਂ ਤੋਂ ਉਤਰ ਕੇ ਅਜੇ ਦਰਵਾਜ਼ੇ ਵੱਲ ਕਦਮ ਹੀ ਵਧਾਏ ਸਨ ਕਿ ਲਾਭ ਚੰਦ ਝੱਟ-ਪਟ ਬਾਹਰ ਆ ਗਿਆ। ਇਹ ਦੋਵੇਂ ਘੋੜ ਸਵਾਰ ਫ਼ੌਜਦਾਰ ਜਲੰਧਰ ਦੇ ਉਹੀ ਬੰਦੇ ਸਨ, ਜੋ ਪਹਿਲਾਂ ਵੀ ਕਈ ਵਾਰ ਸੁਨੇਹੇ ਲੈ ਕੇ ਆ ਚੁੱਕੇ ਸਨ।

"ਆਉ ਲੰਘ ਆਉ," ਲਾਭ ਚੰਦ ਨੇ ਉਨ੍ਹਾਂ ਨੂੰ ਅੰਦਰ ਆਉਣ ਲਈ ਆਖਿਆ, "ਇਹ ਘਰ ਤੁਹਾਡਾ ਆਪਣਾ ਏ।" ਉਹ ਦੋਵੇਂ ਅੰਦਰ ਲੰਘ ਆਏ। ਉਨ੍ਹਾਂ ਅੱਗੇ ਵੀ ਮਠਿਆਈ ਰੱਖੀ ਗਈ ਤੇ ਲੱਸੀ ਦੇ ਛੰਨੇ ਆ ਗਏ। ਉਨ੍ਹਾਂ ਖਾ ਪੀ ਕੇ ਗੱਲ ਸ਼ੁਰੂ ਕੀਤੀ, "ਕਰਮ ਸਿੰਘ ਨੂੰ ਫ਼ੌਜਦਾਰ ਜੀ ਨੇ ਯਾਦ ਕੀਤਾ ਏ। ਉਹ ਕਹਿੰਦੇ ਨੇ ਛੇਤੀ ਆ ਕੇ ਮਿਲ ਜਾਉ।"

"ਕੀ ਗੱਲ, ਫ਼ੌਜਦਾਰ ਸਾਹਿਬ ਨੂੰ ਇਸ ਵੇਲੇ ਯਾਦ ਕਰਨ ਦੀ ਲੋੜ ਕਿਵੇਂ ਪੈ ਗਈ," ਜਥੇਦਾਰ ਕਰਮ ਸਿੰਘ ਨੇ ਕਿਹਾ। ਇਹ ਦੋਵੇਂ ਫ਼ੌਜੀ ਦੇਖ ਚੁੱਕੇ ਸਨ ਕਿ ਫ਼ੌਜਦਾਰ ਨੇ ਕਰਮ ਸਿੰਘ ਦਾ ਜਲੰਧਰ ਜਾਣ 'ਤੇ ਕਿਤਨਾ ਸੁਆਗਤ ਕੀਤਾ ਸੀ ਤੇ ਕਿਸ ਤਰ੍ਹਾਂ ਆਪਣੇ ਬਰਾਬਰ ਬਿਠਾਇਆ ਸੀ, ਇਸ ਲਈ ਹੁਣ ਉਹ ਬੜੇ ਪਿਆਰ ਤੇ ਸਤਿਕਾਰ ਨਾਲ ਹੀ ਪੇਸ਼ ਆ ਰਹੇ ਸਨ। ਪਹਿਲਾਂ ਵਾਲੀ ਆਕੜ ਤੇ ਅਪਮਾਨ ਭਰਿਆ ਵਤੀਰਾ ਬਿਲਕੁਲ ਨਹੀਂ ਸੀ। ਇਸੇ ਲਈ ਉਨ੍ਹਾਂ ਕਿਹਾ, "ਸਾਨੂੰ ਕੌਣ ਦੱਸਦਾ ਏ ਕਿ ਕੀ ਗੱਲ ਏ? ਸਾਨੂੰ ਤੇ ਹੁਕਮ ਹੋਇਆ ਏ ਕਿ ਕਰਮ ਸਿੰਘ ਨੂੰ ਕਰਤਾਰਪੁਰੋਂ ਬੁਲਾ ਲਿਆਉ।"

"ਮੈਂ ਤੇ ਹੁਣ ਨਹੀਂ ਜਾ ਸਕਦਾ," ਕਰਮ ਸਿੰਘ ਨੇ ਕਿਹਾ, "ਮੇਰਾ ਕੱਲ੍ਹ ਤੇ ਵਿਆਹ ਹੋ ਕੇ ਹਟਿਆ ਏ ਤੇ ਅੱਜ ਬਰਾਦਰੀ ਘਰ ਬੈਠੀ ਏ। ਹੁਣੇ ਵਹੁਟੀ ਦੇ ਪੇਕਿਉਂ ਕੋਈ ਨਾ ਕੋਈ ਉਹਨੂੰ ਮਿਲਣ ਜਾਂ ਲੈਣ ਵੀ ਆਉਣ ਵਾਲਾ ਏ। ਮੈਂ ਕੁਝ ਦਿਨਾਂ ਤਕ ਵਿਹਲਾ ਹੋ ਕੇ ਆਵਾਂਗਾ।"

"ਉਨ੍ਹਾਂ ਸਾਨੂੰ ਜਾਂਦਿਆਂ ਮੁੜਦੇ ਪੈਰੀਂ ਫਿਰ ਭੇਜ ਦੇਣਾ ਏ," ਇਕ ਸਿਪਾਹੀ ਨੇ ਕਿਹਾ, "ਤੁਹਾਨੂੰ ਉਨ੍ਹਾਂ ਦੇ ਸੁਭਾਅ ਦਾ ਪਤਾ ਏ। ਉਹ ਝਟ ਗਰਮ ਹੋ ਜਾਂਦੇ ਨੇ ਤੇ ਫਿਰ ਜਿਹੜਾ ਸਾਹਮਣੇ ਆ ਗਿਆ, ਉਹਦੀ ਖ਼ੈਰ ਨਹੀਂ। ਤੁਸੀਂ ਵਕਤ ਕੱਢ ਕੇ ਝਟ ਮਿਲ ਕੇ ਵਾਪਸ ਆ ਜਾਣਾ। ਸਾਨੂੰ ਕੋਈ ਲੰਮੀ ਗੱਲ ਜਾਂ ਨਵੀਂ ਮੁਸੀਬਤ ਨਜ਼ਰ ਨਹੀਂ ਆਉਂਦੀ।"

"ਮੈਂ ਆਪਣਾ ਵੀ ਵੇਖਣਾ ਏ," ਕਰਮ ਸਿੰਘ ਉਨ੍ਹਾਂ ਨੂੰ ਹੁਣ ਟਾਲਣਾ ਚਾਹੁੰਦਾ ਸੀ ਪਰ ਲਾਭ ਚੰਦ ਸਮਝਦਾ ਸੀ ਕਿ ਜੇਕਰ ਹੁਣ ਨਾ ਗਏ ਤਾਂ ਫ਼ੌਜਦਾਰ ਕੋਈ ਨਵਾਂ ਪੁਆੜਾ ਖੜਾ ਕਰ ਦੇਵੇਗਾ। ਉਹ ਦਿਲੋਂ ਕਰਮ ਸਿੰਘ ਨੂੰ ਭੇਜਣ ਦੇ ਹੱਕ ਵਿਚ ਵੀ ਨਹੀਂ ਸੀ। ਇਸ ਲਈ ਸਾਰੀ ਸਥਿਤੀ 'ਤੇ ਗੰਭੀਰਤਾ ਨਾਲ ਵਿਚਾਰ ਕਰ ਕੇ ਅਖ਼ੀਰ ਲਾਭ ਚੰਦ ਨੇ ਰਾਹ ਕੱਢ ਹੀ ਲਿਆ। ਉਹਨੇ ਮਸਲੇ ਦਾ ਹੱਲ ਇਹ ਕੱਢਿਆ ਕਿ ਕਰਮ ਸਿੰਘ ਦੀ ਥਾਂ ਉਹ ਆਪ ਜਾ ਕੇ ਫ਼ੌਜਦਾਰ ਨੂੰ ਮਿਲ ਆਉਂਦਾ ਹੈ। ਉਹਦੇ ਮਨ ਵਿਚ ਜੇਕਰ ਕੋਈ ਭਰਮ ਭੁਲੇਖੇ ਹੋਏ ਤਾਂ ਉਹ ਕੱਢ ਆਵੇਗਾ।

"ਇਹ ਠੀਕ ਏ," ਠਾਕਰ ਦਾਸ ਨੇ ਲਾਭ ਚੰਦ ਦੇ ਫ਼ੈਸਲੇ ਦੀ ਪ੍ਰੋੜ੍ਹਤਾ ਕਰਦਿਆਂ

ਕਿਹਾ, "ਜੇਕਰ ਸਿੱਧੀ ਗੱਲ ਕਰਮ ਸਿੰਘ ਨਾਲ ਹੀ ਕਰਨ 'ਤੇ ਫ਼ੌਜਦਾਰ ਨੇ ਜ਼ੋਰ ਦਿੱਤਾ ਤਾਂ ਕਹਿ ਆਉਣਾ ਕਿ ਛੇਤੀ ਕਰਮ ਸਿੰਘ ਆ ਜਾਏਗਾ।"

"ਅਸੀਂ ਦੋਵੇਂ ਵੀ ਭਾਈਆ ਜੀ ਦੇ ਨਾਲ ਜਾਵਾਂਗੇ," ਮਿਹਰ ਚੰਦ ਨੇ ਕਹਿ ਦਿੱਤਾ।

"ਨਹੀਂ, ਤੁਸੀਂ ਕਾਹਨੂੰ ਫ਼ੌਜਦਾਰ ਦੇ ਮੱਥੇ ਲੱਗਦੇ ਹੋ," ਲਾਭ ਚੰਦ ਨੇ ਕਿਹਾ, "ਮੇਰੇ ਨਾਲ ਕਰਤਾਰਪੁਰੋਂ ਕਈ ਬੰਦੇ ਚੱਲ ਪੈਣਗੇ।"

"ਨਹੀਂ, ਅਸੀਂ ਵੀ ਇਕ ਵਾਰ ਜਾ ਕੇ ਫ਼ੌਜਦਾਰ ਨਾਲ ਤੁਹਾਡੀਆਂ ਹੁੰਦੀਆਂ ਗੱਲਾਂ ਸੁਣਨਾ ਚਾਹੁੰਦੇ ਹਾਂ। ਉਹ ਸਾਨੂੰ ਕਿਹੜਾ ਮੂੰਹ ਵਿਚ ਪਾ ਲੈਣ ਲੱਗਾ ਏ," ਮਿਹਰ ਚੰਦ ਨੇ ਜ਼ੋਰ ਦੇ ਕੇ ਆਪਣੀ ਗੱਲ ਮੰਨਵਾ ਹੀ ਲਈ।

ਫ਼ੌਜਦਾਰ ਦੇ ਬੰਦਿਆਂ ਨੂੰ ਤੋਰ ਦਿੱਤਾ ਗਿਆ ਤੇ ਝੱਟ ਹੀ ਉਨ੍ਹਾਂ ਦੇ ਪਿੱਛੋਂ ਇਕ ਯੱਕਾ (ਟਾਂਗਾ) ਤਿਆਰ ਕਰਵਾਇਆ ਗਿਆ। ਦੋ ਆਦਮੀ ਕਰਮ ਸਿੰਘ ਤੇ ਉਹਦੇ ਸਾਥੀ ਨਗਰ ਤੋਂ ਬਾਹਰ ਜਲੰਧਰ ਨੂੰ ਜਾਂਦੀ ਸੜਕ ਤੱਕ ਛੱਡਣ ਆਏ। ਯੱਕੇ ਵਿਚ ਬੈਠਣ ਤੋਂ ਪਹਿਲਾਂ ਕਰਮ ਸਿੰਘ ਨੇ ਪਿਤਾ ਨੂੰ ਇਕ ਪਾਸੇ ਲਿਜਾ ਕੇ ਆਖਿਆ, "ਦੇਖਿਆ ਜੇ, ਫ਼ੌਜਦਾਰ ਜੇਕਰ ਕੋਈ ਉਲਟੀ ਸਿੱਧੀ ਗੱਲ ਕਰੇ ਜਾਂ ਧਮਕੀਆਂ ਦੇਵੇ ਤਾਂ ਬਿਲਕੁਲ ਉਹਦੇ ਅੱਗੇ ਨਹੀਂ ਝੁਕਣਾ। ਆਪਾਂ ਉਹਦੀ ਕੋਈ ਗੱਲ ਨਹੀਂ ਮੰਨਣੀ, ਜੋ ਪੰਥ ਦੇ ਹਿੱਤਾਂ ਨੂੰ ਸੱਟ ਮਾਰਦੀ ਹੋਵੇ। ਬਾਕੀ ਤੁਹਾਨੂੰ ਗਰਮ ਹੋਣ ਦੀ ਵੀ ਲੋੜ ਨਹੀਂ। ਬੱਸ ਉਹਦੀ ਗੱਲ ਸੁਣ ਆਉ, ਮੈਂ ਆਪੇ ਮੁੜ ਸੰਭਾਲ ਲਵਾਂਗਾ।"

"ਤੂੰ ਫ਼ਿਕਰ ਨਾ ਕਰ," ਲਾਭ ਚੰਦ ਨੇ ਕਿਹਾ, "ਹੁਣ ਪਹਿਲਾਂ ਵਾਲੇ ਦਿਨ ਤਾਂ ਨਹੀਂ। ਅਸੀਂ ਉਦੋਂ ਨਹੀਂ ਝੁਕੇ, ਜਦ ਗੁਰੂ ਗੋਬਿੰਦ ਸਿੰਘ ਆਨੰਦਪੁਰ ਛੱਡ ਕੇ ਮਾਲਵੇ ਵੱਲ ਆ ਗਏ ਸਨ ਤੇ ਹਰ ਹਾਕਮ ਹੀ ਸਿੱਖਾਂ ਨੂੰ ਧਮਕੀਆਂ ਦੇਣ ਲੱਗ ਪਿਆ ਸੀ। ਭਰਾ ਕ੍ਰਿਪਾਲ ਨੇ ਭੈਣ ਤੇ ਭਣੇਏ ਗੁਰੂ ਜੀ ਨਾਲ ਕਿਤਨੀ ਨਿਭਾਈ ਏ, ਅਸੀਂ ਵੀ ਨਿਭਾਵਾਂਗੇ। ਵਾਹਿਗੁਰੂ ਮਿਹਰ ਕਰੇ। ਤੁਸੀਂ ਸਾਡੇ ਮੁੜਨ ਤਕ ਘਰ ਹੀ ਰਹਿਣਾ, ਬਹੁਤ ਸਾਰੇ ਲੋਕ ਵਧਾਈ ਦੇਣ ਆਉਣਗੇ।"

ਕਰਮ ਸਿੰਘ ਯੱਕੇ ਦੇ ਤੁਰ ਜਾਣ ਪਿੱਛੋਂ ਉਤਨਾ ਚਿਰ ਚੁਰਾਹੇ ਵਿਚ ਖੜਾ ਦੇਖਦਾ ਰਿਹਾ, ਜਿਤਨਾ ਚਿਰ ਕਿ ਯੱਕਾ ਤੇ ਮੁੜ ਉਹਦੀ ਪਿੱਛੇ ਉੱਡਦੀ ਧੂੜ ਦਿੱਸਦੀ ਰਹੀ। ਉਹ ਸੋਚਾਂ ਦੇ ਡੂੰਘੇ ਸਮੁੰਦਰ ਵਿਚ ਖੜਾ ਖੜਾ ਡੁੱਬ ਗਿਆ। ਉਹਨੂੰ ਮਨ ਕਹਿਣ ਲੱਗ ਪਿਆ ਕਿ ਤੂੰ ਠੀਕ ਨਹੀਂ ਕੀਤਾ। ਪਿਤਾ ਜੀ ਨੂੰ ਭੇਜਣ ਦੀ ਥਾਂ ਤੈਨੂੰ ਆਪ ਜਾਣਾ ਚਾਹੀਦਾ ਸੀ। ਤੇਰੇ ਸਾਹਮਣੇ ਫ਼ੌਜਦਾਰ ਦਾ ਵਤੀਰਾ ਹੋਰ ਹੋਣਾ ਸੀ। ਕਿਧਰੇ ਉਹ ਪਿਤਾ ਜੀ ਨੂੰ ਅਪਮਾਨਤ ਨਾ ਕਰ ਦੇਵੇ। ਦੂਜੇ ਪਲ ਹੀ ਉਹਨੂੰ ਦੂਜੀ ਸੋਚ ਫੁਰੀ ਕਿ ਕਿਧਰੇ ਵਿਆਹ ਕਰਾ ਕੇ ਅਚੇਤ ਰੂਪ ਵਿਚ ਹੀ ਮੇਰੇ ਅੰਦਰ ਕਮਜ਼ੋਰੀ ਤੇ ਨਹੀਂ ਆ ਗਈ। ਦੀਪ ਕੌਰ ਦਾ ਪਿਆਰ ਤੇ ਸਾਥ ਕਿਧਰੇ ਮੇਰੀ ਕਮਜ਼ੋਰੀ ਤੇ ਨਹੀਂ ਬਣਦੀ ਜਾ ਰਹੀ। ਜੇ ਮੇਰਾ ਵਿਆਹ ਨਾ ਹੋਇਆ ਹੁੰਦਾ ਤਾਂ ਮੈਂ ਆਪ ਫ਼ੌਜਦਾਰ ਪਾਸ ਚਲ ਕੇ ਜਾਂਦਾ। ਆਪ ਮਾਮਲੇ ਨੂੰ ਨਜਿੱਠਦਾ। ਸਾਥੀਆਂ ਨੇ ਉਹਦੀ ਇਸ ਸੋਚ-ਲੜੀ ਨੂੰ ਤੋੜ ਦਿੱਤਾ।

ਉਹ ਘਰ ਨੂੰ ਮੁੜ ਰਹੇ ਸਨ ਕਿ ਸਾਹਮਣਿਉਂ ਸ਼ਾਮੂ ਸ਼ਾਹ ਦਾ ਇਕ ਭਰਾ ਤੇ ਦੂਜੇ ਭਰਾ ਦਾ ਪੁੱਤਰ ਦੋ ਆਦਮੀ ਆ ਗਏ। ਇਕ ਉਨ੍ਹਾਂ ਨਾਲ ਮੁਟਿਆਰ ਵੀ ਸੀ। ਉਹ ਦੀਪ ਕੌਰ ਦੇ ਚਾਚੇ ਦੀ ਧੀ ਸੀ, ਜਿਸ ਦਾ ਵਿਆਹ ਪਿਛਲੇ ਸਾਲ ਹੀ ਹੋਇਆ ਸੀ। ਕਰਮ ਸਿੰਘ ਨੂੰ ਉਹ ਮਿਲੇ ਤੇ ਘੁੱਟ ਘੁੱਟ ਕੇ ਜੱਫੀਆਂ ਪਾਈਆਂ। ਉਨ੍ਹਾਂ ਨੂੰ ਨਾਲ ਲੈ ਕੇ ਕਰਮ ਸਿੰਘ ਘਰ ਆਇਆ। ਲਛਮੀ ਤਾਂ ਆਪਣੀ ਭੈਣ ਦੀਪੋ ਨੂੰ ਦੂਰੋਂ ਭੱਜ ਕੇ ਮਿਲੀ। ਦੋਹਾਂ ਭੈਣਾਂ

ਦੀ ਜੱਫੀ ਕਿਤਨਾ ਚਿਰ ਪਈ ਰਹੀ। ਦੋਹਾਂ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਅੱਥਰੂ ਆ ਗਏ। ਫਿਰ ਚਾਚਾ ਤੇ ਭਰਾ ਵੀ ਅੰਦਰ ਆ ਗਏ ਤੇ ਦੋਵੇਂ ਬੜੇ ਨਿੱਘ ਨਾਲ ਉਹਨੂੰ ਮਿਲੇ।

"ਕਿਉਂ ਪੁੱਤਰ, ਖ਼ੁਸ਼ ਏਂ ਨਾ ?" ਚਾਚੇ ਨੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ। ਦੀਪੋ ਲਜਿਆ ਗਈ ਤੇ ਉਹਨੇ ਅੱਖਾਂ ਨੀਵੀਆਂ ਪਾ ਲਈਆਂ। ਇਸ ਵੇਲੇ ਕਰਮ ਸਿੰਘ ਦੀ ਮਾਂ ਨੇ ਸਾਰਿਆਂ ਨੂੰ ਕਮਰੇ ਤੋਂ ਬਾਹਰ ਜਾਣ ਲਈ ਇਸ਼ਾਰਾ ਕੀਤਾ ਤਾਕਿ ਦੀਪ ਕੌਰ ਖੁੱਲ੍ਹ ਕੇ ਆਪਣੇ ਪੇਕਿਆਂ ਤੋਂ ਆਏ ਰਿਸ਼ਤੇਦਾਰਾਂ ਨਾਲ ਗੱਲ ਕਰ ਸਕੇ। ਉਹ ਆਪ ਵੀ ਬਾਹਰ ਆ ਗਈ।

"ਮਾਸੀ, ਤੂੰ ਇਹ ਠੀਕ ਨਹੀਂ ਕੀਤਾ," ਇਕ ਮੁਟਿਆਰ ਨੇ ਆਖਿਆ, "ਅੰਦਰ ਖੜੇ ਕੇ ਸੁਣਨਾ ਤੇ ਚਾਹੀਦਾ ਏ ਕਿ ਦੀਪੋ ਆਪਣਿਆਂ ਨਾਲ ਕੀ ਗੱਲ ਕਰਦੀ ਏ। ਕਿਵੇਂ ਦੁਖ-ਸੁਖ ਫੋਲਦੀ ਏ। ਸਾਡੇ ਭਰਾ ਬਾਰੇ ਕੀ ਕੁਝ ਕਹਿੰਦੀ ਏ। ਤੂੰ ਸਾਨੂੰ ਸਾਰਿਆਂ ਨੂੰ ਹੀ ਬਾਹਰ ਕੱਢ ਦਿੱਤਾ ਏ।"

"ਐਵੇਂ ਢੁਟ ਨਾ ਸਾੜਿਆ ਕਰੋ," ਭਾਗਾਂ ਨੇ ਸਮਝਾਇਆ, "ਉਹ ਸਾਡੀ ਚੁਗਲੀ ਨਿੰਦਾ ਥੋੜ੍ਹਾ ਕਰਨ ਲੱਗੀ ਏ। ਅਜੇ ਉਹਨੇ ਦੇਖਿਆ ਈ ਕੀ ਏ ? ਜੇ ਕੋਈ ਦਿਲ ਵਿਚ ਗੱਲ ਹੈ ਤਾਂ ਕੱਢ ਲੈਣ ਦਿਉ ਸੂ। ਮਨ ਦੀ ਗੱਲ ਦਬਾਇਆਂ ਹੁਣ ਵਧੇਰੇ ਵਧਦੀ ਏ ਤੇ ਦੁਖ ਬਾਹਰ ਕੱਢ ਦੇਣ ਨਾਲ ਘਟ ਜਾਂਦਾ ਏ। ਤੁਹਾਨੂੰ ਅਜੇ ਜੀਵਨ ਤਜਰਬਾ ਹੀ ਕੀ ਏ ? ਤੁਸੀਂ ਉਨ੍ਹਾਂ ਦੇ ਖਾਣ-ਪੀਣ ਤੇ ਸੇਵਾ-ਸੰਭਾਲ ਵੱਲ ਧਿਆਨ ਦਿਉ। ਸ਼ੱਕ ਕੀਤਿਆਂ ਸ਼ੱਕ ਵਧਦਾ ਏ ਤੇ ਭਰੋਸਾ ਰੱਖਿਆਂ ਭਰੋਸਾ ਵਧਦਾ ਏ।"

ਬੰਦੇ ਝੱਟ ਹੀ ਬਾਹਰਲੇ ਕਮਰੇ ਵਿਚ ਆ ਗਏ, ਜਿਥੇ ਕਰਮ ਸਿੰਘ ਬੈਠਾ ਸੀ। ਉਹ ਕਿੰਨਾ ਕੁਝ ਹੁਣ ਵੀ ਨਾਲ ਲਿਆਏ ਸਨ। ਕਰਮ ਸਿੰਘ ਨੇ ਉਨ੍ਹਾਂ ਵਸਤੂਆਂ ਦੀਆਂ ਪੋਟਲੀਆਂ ਵੱਲ ਦੇਖਦਿਆਂ ਕਿਹਾ, "ਇਨ੍ਹਾਂ ਦੀ ਕੀ ਲੋੜ ਸੀ। ਤੁਹਾਨੂੰ ਪਤਾ ਏ ਕਿ ਅਸੀਂ ਦਾਜ ਦੀ ਨਾ ਝਾਕ ਰੱਖੀ ਏ ਤੇ ਨਾ ਹੀ ਅੱਗੋਂ ਇਸ ਤਰ੍ਹਾਂ ਧੀ ਵਾਲਿਆਂ ਦੀ ਢੋਆ-ਢੁਆਈ ਪਸੰਦ ਕਰਦੇ ਹਾਂ।"

"ਤੁਹਾਡੀ ਇਹ ਤਾਂ ਬੜੀ ਕ੍ਰਿਪਾ ਏ," ਚਾਚੇ ਨੇ ਕਿਹਾ, "ਪਰ ਮਾਪਿਆਂ ਦੀ ਵੀ ਸਧਰ ਹੁੰਦੀ ਏ। ਮਾਵਾਂ ਦੀ ਰੀਝ ਏ ਕਿ ਘਰ ਵਿਚੋਂ ਹਰ ਵਧੀਆ ਵਸਤ ਆਪਣੀ ਧੀ ਲਈ ਜ਼ਰੂਰ ਭੇਜਣ। ਭਰਜਾਈ ਤਾਂ ਹੋਰ ਕਿੰਨਾ ਕੁਝ ਤਿਆਰ ਕਰੀ ਬੈਠੀ ਸੀ ਪਰ ਅਸੀਂ ਨਹੀਂ ਲਿਆਂਦਾ।"

ਉਧਰ ਪਿਛਲੇ ਕਮਰੇ ਵਿਚ ਦੀਪੋ ਤੇ ਉਹਦੀ ਭੈਣ ਲਛਮੀ ਕਿਤਨਾ ਚਿਰ ਨੇੜੇ ਨੇੜੇ ਜੁੜ ਕੇ ਹੌਲੀ ਹੌਲੀ ਗੱਲਾਂ ਕਰਦੀਆਂ ਰਹੀਆਂ। ਉਨ੍ਹਾਂ ਦੀ ਆਵਾਜ਼ ਕਮਰੇ ਤੋਂ ਬਾਹਰ ਤਾਂ ਕੀ, ਮੰਜੇ ਤੋਂ ਪਰੇ ਵੀ ਨਹੀਂ ਸੀ ਜਾਂਦੀ। ਕੇਵਲ ਹੋਂਠ ਹਿੱਲਦੇ ਜਾਪਦੇ ਸਨ। ਕਈ ਵਾਰ ਬਾਹਰੋਂ ਲੰਘਦਿਆਂ ਕੁੜੀਆਂ ਤੇ ਜ਼ਨਾਨੀਆਂ ਨੇ ਦੇਖਿਆ ਕਿ ਲਛਮੀ ਕੁਝ ਪੁੱਛਦੀ ਏ ਤੇ ਦੀਪੋ ਸ਼ਰਮ ਨਾਲ ਅੱਖਾਂ ਨੀਵੀਆਂ ਕਰ ਲੈਂਦੀ ਏ। ਕਈ ਵਾਰ ਉਹਨੇ ਮੂੰਹ ਵੀ ਦੂਜੇ ਪਾਸੇ ਕੀਤਾ। ਔਰਤਾਂ ਨੇ ਝੱਟ ਸਮਝ ਲਿਆ ਕਿ ਮਾਮਲਾ ਕੀ ਏ। ਆਖ਼ਰ ਸਭ 'ਤੇ ਹੀ ਅਜਿਹੇ ਸਵਾਲਾਂ ਦਾ ਸਮਾਂ ਆਉਂਦਾ ਹੈ।

ਲੱਸੀ ਪਾਣੀ ਪੀ ਕੇ ਚਾਚੇ ਨੇ ਗੱਲ ਤੋਰੀ, "ਅਸੀਂ ਦੀਪੋ ਨੂੰ ਲੈਣ ਆਏ ਹਾਂ। ਤੁਸੀਂ ਵੀ ਨਾਲ ਚੱਲੋ। ਕੁਝ ਦਿਨ ਸਾਡੇ ਪਾਸ ਠਹਿਰਨਾ ਤੇ ਫਿਰ ਜਦ ਕਹੋਗੇ ਮੁਕਲਾਵੇ ਦਾ ਕਾਰਜ ਕਰ ਲਵਾਂਗੇ। ਅਸੀਂ ਆਗਿਆ ਤਾਂ ਭਾਈਆ ਲਾਭ ਚੰਦ ਜੀ ਹੋਰਾਂ ਤੋਂ ਲੈਣੀ ਸੀ ਪਰ ਪਤਾ ਲੱਗਾ ਏ ਕਿ ਉਹ ਜਲੰਧਰ ਗਏ ਹੋਏ ਨੇ, ਸੁਖ ਤਾਂ ਹੈ ?"

"ਫ਼ੌਜਦਾਰ ਨੇ ਮੈਨੂੰ ਬੁਲਾਇਆ ਸੀ," ਕਰਮ ਸਿੰਘ ਨੇ ਦੱਸਿਆ, "ਘਰ ਵਿਚ

ਆਵਾਜਾਈ ਕਾਰਨ ਮੈਂ ਤਾਂ ਜਾ ਨਹੀਂ ਸਕਿਆ, ਪਰ ਪਿਤਾ ਜੀ ਤਿਆਰ ਹੋ ਗਏ। ਉਹ ਪੰਜ ਬੰਦੇ ਗਏ ਨੇ। ਆਉਣ ਹੀ ਵਾਲੇ ਹੋਣਗੇ।"

"ਪਰ ਫ਼ੌਜਦਾਰ ਨੇ ਕਿਉਂ ਬੁਲਾਇਆ ਏ ?" ਚਾਚੇ ਨੇ ਕੁਝ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ, "ਤੁਹਾਡੇ ਵਿਰੁੱਧ ਕਿਸੇ ਨੇ ਚੁਗਲੀ ਕੀਤੀ ਏ ?"

"ਸਾਨੂੰ ਇਹ ਤਾਂ ਨਹੀਂ ਪਤਾ ਕਿ ਕਿਉਂ ਬੁਲਾਇਆ ਏ," ਕਰਮ ਸਿੰਘ ਨੇ ਉੱਤਰ ਦਿੱਤਾ, "ਹਕੂਮਤ ਨੂੰ ਸਾਡੀ ਹਰ ਸਰਗਰਮੀ ਰੜਕਦੀ ਏ। ਸਾਡੀ ਹਰ ਗੱਲ ਵਿਚੋਂ ਸਿਆਸਤ ਦੀ ਬੂ ਆਉਂਦੀ ਏ। ਇਥੋਂ ਤਕ ਕਿ ਅੰਮ੍ਰਿਤ ਛਕਾਣਾ, ਜੋ ਨਿਰੋਲ ਧਾਰਮਿਕ ਕੰਮ ਏ, ਉਹ ਵੀ ਹਾਕਮਾਂ ਨੂੰ ਬਰਦਾਸ਼ਤ ਨਹੀਂ। ਤੁਹਾਡੀ ਦੂਜੀ ਗੱਲ ਵੀ ਠੀਕ ਹੋ ਸਕਦੀ ਏ ਕਿ ਕਿਸੇ ਨੇ ਚੁਗਲੀ ਕੀਤੀ ਹੋਵੇ। ਇਹ ਛੋਟੇ ਛੋਟੇ ਚੌਧਰੀ ਤੇ ਪਿੰਡਾਂ ਦੇ ਖੜਪੈਂਚ ਸਾਡੇ ਤੋਂ ਵਧੇਰੇ ਦੁਖੀ ਨੇ। ਅਸੀਂ ਉਨ੍ਹਾਂ ਦੀ ਹਰ ਵਧੀਕੀ ਵਿਰੁੱਧ ਨਿੱਤਰ ਪੈਂਦੇ ਹਾਂ ਤੇ ਲੋਕ ਵੀ ਉੱਠ ਖੜੇ ਹੁੰਦੇ ਨੇ। ਲੋਕਾਂ ਦਾ ਅੱਗੋਂ ਬੇਇਨਸਾਫ਼ੀ ਨਾ ਸਹਾਰਨਾ ਹਾਕਮ ਲੋਕ ਬਗ਼ਾਵਤ ਸਮਝਦੇ ਨੇ।"

"ਕਾਫ਼ੀ ਸਮਾਂ ਹੋ ਗਿਆ ਏ, ਭਾਈਆ ਜੀ ਨਹੀਂ ਮੁੜੇ," ਦੀਪੋ ਦੇ ਚਾਚੇ ਨੇ ਝੱਟ ਇਧਰ ਉਧਰ ਦੀਆਂ ਹੋਰ ਗੱਲਾਂ ਕਰਨ ਪਿੱਛੋਂ ਆਪਣੇ ਆਉਣ ਦੇ ਅਸਲ ਮਨੋਰਥ ਦਾ ਪ੍ਰਗਟਾਵਾ ਕੀਤਾ, "ਅਸੀਂ ਦੀਪੋ ਨੂੰ ਲੈਣ ਆਏ ਹਾਂ। ਰਿਵਾਜ ਏ ਕਿ ਮਾਪੇ ਧੀ ਨੂੰ ਦੂਜੇ ਦਿਨ ਹੀ ਲੈ ਜਾਂਦੇ ਨੇ ਤੇ ਫਿਰ ਜਦੋਂ ਕਹੋਗੇ ਮੁਕਲਾਵਾ ਤੋਰ ਦਿਆਂਗੇ।"

"ਇਕ ਤਾਂ ਮੈਂ ਇਸ ਬਾਰੇ ਕੋਈ ਨਿਰਨਾ ਨਹੀਂ ਦੇ ਸਕਦਾ," ਕਰਮ ਸਿੰਘ ਨੇ ਕਿਹਾ, "ਇਹ ਤਾਂ ਪਿਤਾ ਜੀ ਹੀ ਆ ਕੇ ਦੱਸ ਸਕਦੇ ਨੇ, ਪਰ ਮੈਨੂੰ ਇਤਨਾ ਜ਼ਰੂਰ ਪਤਾ ਏ ਕਿ ਉਹ ਅਜੇ ਕੁਝ ਦਿਨ ਦੀਪ ਕੌਰ ਨੂੰ ਤੋਰ ਨਹੀਂ ਸਕਦੇ। ਸਾਡੀ ਰਿਸ਼ਤੇਦਾਰੀ ਤੇ ਸਾਂਝ ਬਹੁਤ ਦੂਰ ਦੂਰ ਤਕ ਏ। ਅਸੀਂ ਵਿਆਹ 'ਤੇ ਬਹੁਤੇ ਸੱਦੇ ਵੀ ਨਹੀਂ। ਹੁਣ ਜਿਉਂ ਜਿਉਂ ਮਠਿਆਈ ਭੇਜ ਰਹੇ ਹਾਂ, ਲੋਕ ਵਧਾਈਆਂ ਦੇਣ ਤੇ ਦੀਪ ਕੌਰ ਨੂੰ ਦੇਖਣ ਮਿਲਣ ਆ ਰਹੇ ਹਨ।"

"ਸਾਨੂੰ ਪਿੰਡ ਵਿਚ ਲੋਕ ਕੀ ਆਖਣਗੇ ?" ਚਾਚੇ ਨੇ ਮੁੜ ਕੇ ਜ਼ੋਰ ਦਿੰਦਿਆਂ ਕਿਹਾ, "ਇਨ੍ਹਾਂ ਧੀ ਵਿਆਹ ਕੇ ਗਲੋਂ ਲਾਹ ਦਿੱਤੀ ਏ। ਲੋਕ ਤਾਂ ਰਸਮਾਂ-ਰਿਵਾਜਾਂ ਦੇ ਬੱਧੇ ਹੋਏ ਨੇ।"

"ਰਸਮੋ-ਰਿਵਾਜ ਸਾਡੇ ਲਈ ਨੇ ਕਿ ਅਸੀਂ ਰਸਮੋ-ਰਿਵਾਜ ਲਈ ਹਾਂ," ਕਰਮ ਸਿੰਘ ਨੇ ਕਿਹਾ, "ਅਸੀਂ ਉਹ ਸਾਰੇ ਰਿਵਾਜ ਤੋੜਨੇ ਤੇ ਖ਼ਤਮ ਕਰਨੇ ਨੇ, ਜਿਨ੍ਹਾਂ ਕਾਰਨ ਜੀਵਨ ਦੁਖੀ ਹੁੰਦਾ ਏ," ਕਰਮ ਸਿੰਘ ਨੇ ਉੱਤਰ ਦਿੱਤਾ, "ਨਾਲੇ ਅਜੇ ਤਾਂ ਮੈਂ ਵੀ ਘਰ ਹਾਂ, ਪਤਾ ਨਹੀਂ ਕਦੋਂ ਸੱਦਾ ਆ ਜਾਏ ਤੇ ਜਾਣਾ ਪਏ। ਇਸ ਲਈ ਠੀਕ ਇਹੀ ਰਹੇਗਾ ਕਿ ਹਫ਼ਤਾ ਦਸ ਦਿਨਾਂ ਤਕ ਤੁਸੀਂ ਲੈ ਜਾਣਾ। ਸਾਨੂੰ ਕੋਈ ਉਜਰ ਨਹੀਂ।"

"ਪਰ ਤੁਸੀਂ ਕਿਥੇ ਜਾਣਾ ਏ ?" ਚਾਚੇ ਨੇ ਨਵਾਂ ਸਵਾਲ ਕਰ ਦਿੱਤਾ।

"ਮੇਰਾ ਕੁਝ ਪਤਾ ਨਹੀਂ," ਕਰਮ ਸਿੰਘ ਨੇ ਕਿਹਾ, "ਸਾਡਾ ਸੰਘਰਸ਼ ਚਲ ਰਿਹਾ ਏ। ਇਸ ਵਿਚ ਜਿਥੇ ਕਿਧਰੇ ਵੀ ਮੇਰੀ ਸੇਵਾ ਦੀ ਲੋੜ ਹੋਈ, ਮੈਂ ਤੁਰਤ ਪਹੁੰਚਣ ਦਾ ਵਚਨਬੱਧ ਹਾਂ। ਇਹ ਸੇਵਾ ਅੰਮ੍ਰਿਤ ਪ੍ਰਚਾਰ ਦੀ ਵੀ ਹੋ ਸਕਦੀ ਏ, ਕਿਧਰੇ ਪਹਿਰਾ ਦੇਣ ਦੀ ਵੀ ਤੇ ਕਿਧਰੇ ਜੰਗ ਯੁੱਧ ਦੀ ਵੀ।"

"ਤੁਸੀਂ ਹੁਣ ਟੱਬਰਦਾਰ ਹੋ ਗਏ ਹੋ," ਚਾਚੇ ਨੇ ਸਮਝਾਣ ਦੇ ਦ੍ਰਿਸ਼ਟੀਕੋਣ ਤੋਂ ਗੱਲ ਕੀਤੀ, "ਤੁਸੀਂ ਇਨ੍ਹਾਂ ਬਾਹਰਲਿਆਂ ਝਮੇਲਿਆਂ ਵੱਲ ਘੱਟ ਧਿਆਨ ਦਿਉ। ਘਰ ਦਾ ਕੰਮ-ਕਾਜ ਵਧਾਣ ਦੀ ਸੋਚੋ।"

"ਤੁਸੀਂ ਫ਼ਿਕਰ ਨਾ ਕਰੋ," ਕਰਮ ਸਿੰਘ ਨੇ ਉੱਤਰ ਦਿੱਤਾ, "ਵਾਹਿਗੁਰੂ ਆਪੇ ਸਾਰੇ ਕਾਰਜ ਰਾਸ ਕਰੇਗਾ। ਅਸੀਂ ਤਾਂ ਉਸ ਅਕਾਲ ਪੁਰਖ 'ਤੇ ਡੋਰੀ ਛੱਡੀ ਹੋਈ ਏ। ਜਿਸ ਤਰ੍ਹਾਂ

ਦੀ ਸਿੱਖਿਆ ਸਾਨੂੰ ਗੁਰੂ-ਘਰ ਤੋਂ ਮਿਲੀ ਏ, ਉਸੇ ਤਰ੍ਹਾਂ ਦਾ ਜੀਵਨ ਗੁਜ਼ਾਰਾਂਗੇ।"

ਚਾਚਾ ਤੇ ਭਰਾ ਉੱਠ ਕੇ ਤਿਆਰ ਹੋ ਗਏ, ਜਦੋਂ ਉਨ੍ਹਾਂ ਦੀਪੋ ਦੇ ਕਮਰੇ ਵਿਚ ਆ ਕੇ ਉਹਨੂੰ ਪਿਆਰ ਦਿੱਤਾ ਤਾਂ ਉਹਦੇ ਤੋਂ ਪੁੱਛਿਆ, "ਕਿਉਂ ਪੁੱਤ, ਅਸੀਂ ਲੈਣ ਆਏ ਹਾਂ। ਕਰਮ ਸਿੰਘ ਨੇ ਆਖਿਆ ਏ ਕਿ ਹਫ਼ਤੇ ਦਸ ਦਿਨਾਂ ਤਕ ਭੇਜਾਂਗੇ। ਤੇਰੀ ਕੀ ਸਲਾਹ ਏ ?"

ਪਹਿਲਾਂ ਤਾਂ ਉਹ ਚੁੱਪ ਰਹੀ, ਪਰ ਫਿਰ ਉਹਨੇ ਕਹਿ ਦਿੱਤਾ, "ਜਿਵੇਂ ਉਹ ਕਹਿੰਦੇ ਨੇ, ਠੀਕ ਏ।" ਮਿਲ ਕੇ ਤੇ ਪਰਿਵਾਰ ਤੋਂ ਵਿਦਾਇਗੀ ਲੈ ਕੇ ਉਹ ਸਾਰੇ ਦਿਆਲਪੁਰ ਦੇ ਰਾਹ ਪੈ ਗਏ।

26

ਲਾਭ ਚੰਦ ਦੇ ਘਰ ਵਿਚ ਹੀ ਬਾਹਰਲੇ ਕਮਰੇ ਵਿਚ ਲਾਭ ਚੰਦ, ਕਰਮ ਸਿੰਘ, ਕਿੱਕਰ ਸਿੰਘ ਤੇ ਕਸਤੂਰ ਸਿੰਘ ਆਦਿ ਬੈਠੇ ਸਨ। ਲਾਭ ਚੰਦ ਨੇ ਬੜੇ ਠਰ੍ਹੰਮੇ ਨਾਲ ਫ਼ੌਜਦਾਰ ਨਾਲ ਹੋਈ ਗੱਲ-ਬਾਤ ਦਾ ਵਿਸਥਾਰ ਦੱਸਣਾ ਸ਼ੁਰੂ ਕੀਤਾ। ਲਾਭ ਚੰਦ ਹੋਰੀਂ ਜਦ ਦਿਨ ਢੁੱਬੇ ਜਲੰਧਰੋਂ ਮੁੜੇ ਤਾਂ ਕਰਤਾਰਪੁਰ ਦੇ ਬਾਹਰਵਾਰ ਸੜਕ 'ਤੇ ਹੀ ਉਨ੍ਹਾਂ ਨੂੰ ਜਿਹੜਾ ਵੀ ਮਿਲਿਆ, ਉਹਨੇ ਪੁੱਛਿਆ ਕਿ ਕਾਹਦੇ ਲਈ ਫ਼ੌਜਦਾਰ ਨੇ ਬੁਲਾਇਆ ਸੀ। ਲਾਭ ਚੰਦ ਨੇ ਤਾਂ ਇਤਨਾ ਹੀ ਕਿਹਾ ਕਿ ਫ਼ੌਜਦਾਰ ਗੁੱਸੇ ਹੁੰਦਾ ਸੀ ਕਿ ਕਰਮ ਸਿੰਘ ਦੇ ਵਿਆਹ 'ਤੇ ਮੈਨੂੰ ਕਿਉਂ ਨਹੀਂ ਬੁਲਾਇਆ ? ਲਾਭ ਚੰਦ ਨੇ ਆਪਣੇ ਨਾਲ ਗਏ ਸਾਥੀਆਂ ਨੂੰ ਪਹਿਲਾਂ ਹੀ ਪੱਕੀ ਕਰ ਦਿੱਤੀ ਸੀ ਕਿ ਉਹ ਅਸਲ ਗੱਲ ਕਿਸੇ ਨਾਲ ਨਾ ਕਰਨ। ਆਮ ਲੋਕ ਛੇਤੀ ਭੈ-ਭੀਤ ਹੋ ਜਾਂਦੇ ਨੇ ਤੇ ਉਸ ਹਾਲਤ ਵਿਚ ਕਮਜ਼ੋਰੀ ਤੇ ਢਹਿੰਦੀ ਕਲਾ ਆ ਜਾਂਦੀ ਏ। ਨਾਲੇ ਉਹ ਚਾਹੁੰਦਾ ਸੀ ਕਿ ਸਾਰੀ ਗੱਲ-ਬਾਤ ਪਹਿਲਾਂ ਕਰਮ ਸਿੰਘ ਨਾਲ ਕੀਤੀ ਜਾਏ। ਇਸੇ ਲਈ ਉਹ ਬਾਕੀ ਦਿਆਂ ਨੂੰ ਤੋਰ ਕੇ ਘਰ ਵਿਚ ਬੰਦ ਕਮਰੇ ਵਿਚ ਗੱਲ ਕਰਨ ਲਈ ਬੈਠ ਗਿਆ।

"ਦੱਸੋ ਪਿਤਾ ਜੀ, ਸਾਰੀ ਗੱਲ ਵਿਸਥਾਰ ਨਾਲ," ਕਰਮ ਸਿੰਘ ਨੇ ਕਿਹਾ, "ਤੁਹਾਡੇ ਚਿਹਰੇ ਤੋਂ ਪਤਾ ਲੱਗਦਾ ਏ ਕਿ ਗੱਲ ਸੁਖ ਦੀ ਨਹੀਂ। ਉਂਝ ਵੀ ਸਾਨੂੰ ਇਨ੍ਹਾਂ ਹਾਕਮਾਂ ਤੋਂ ਕਿਸੇ ਚੰਗੀ ਗੱਲ ਦੀ ਆਸ ਵੀ ਨਹੀਂ ਹੋ ਸਕਦੀ।"

"ਫ਼ੌਜਦਾਰ ਨੇ ਪਹਿਲਾਂ ਵਾਂਗ ਤਾਂ ਧਮਕੀਆਂ ਨਹੀਂ ਦਿੱਤੀਆਂ, ਪਰ ਲਹਿਜਾ ਉਹਦਾ ਕਾਫ਼ੀ ਕੁਰੱਖ਼ਤ ਸੀ," ਲਾਭ ਚੰਦ ਨੇ ਦੱਸਣਾ ਸ਼ੁਰੂ ਕੀਤਾ, "ਪਹਿਲਾਂ ਤਾਂ ਜਾਂਦਿਆਂ ਉਹ ਪੈ ਗਿਆ ਕਿ ਕਰਮ ਸਿੰਘ ਆਪ ਕਿਉਂ ਨਹੀਂ ਆਇਆ। ਮੈਂ ਉਸ ਨੂੰ ਹਾਜ਼ਰ ਹੋਣ ਲਈ ਸੁਨੇਹਾ ਭੇਜਿਆ ਸੀ। ਜਦੋਂ ਅਸੀਂ ਦੱਸਿਆ ਕਿ ਉਹਦਾ ਅਜੇ ਕੱਲ੍ਹ ਹੀ ਵਿਆਹ ਹੋਇਆ ਏ ਤੇ ਉਹ ਅਜੇ ਵਿਹਲਾ ਨਹੀਂ ਤਾਂ ਉਹ ਹੋਰ ਵਿਗੜ ਗਿਆ। 'ਅੱਛਾ, ਉਹਦਾ ਵਿਆਹ ਹੋ ਗਿਆ ਏ ਤੇ ਮੈਨੂੰ ਪਤਾ ਹੀ ਨਹੀਂ। ਉਹ ਸਾਨੂੰ ਵਿਆਹ 'ਤੇ ਸੱਦਣਾ ਵੀ ਨਹੀਂ ਸੀ ਚਾਹੁੰਦਾ।' "

"ਇਹ ਦੱਸੋ ਕਿ ਉਹ ਮੈਨੂੰ ਕਿਉਂ ਬੁਲਾਂਦਾ ਸੀ," ਕਰਮ ਸਿੰਘ ਬੋਲ ਪਿਆ। ਉਹ ਬੁਲਾਵੇ ਦਾ ਅਸਲ ਕਾਰਨ ਜਾਣਨ ਲਈ ਉਤਾਵਲਾ ਸੀ।

"ਤੇਰੇ 'ਤੇ ਬਗ਼ਾਵਤ ਦਾ ਇਲਜ਼ਾਮ ਲੱਗ ਰਿਹਾ ਏ," ਲਾਭ ਚੰਦ ਨੇ ਗੱਲ ਖੋਲ੍ਹ ਕੇ ਦੱਸਣੀ ਸ਼ੁਰੂ ਕਰ ਦਿੱਤੀ, "ਫ਼ੌਜਦਾਰ ਕਹਿੰਦਾ ਹੈ ਕਿ ਤੁਸੀਂ ਸਿੱਖਾਂ ਨੇ ਹਕੂਮਤ ਵਿਰੁੱਧ ਬਗ਼ਾਵਤ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਤੁਸੀਂ ਫ਼ੌਜ ਭਰਤੀ ਕਰ ਰਹੇ ਹੋ। ਪਹਿਲਾਂ

ਤਾਂ ਸਿਰਫ਼ ਸਿੱਖਾਂ ਦੀ ਫ਼ੌਜ ਬਣਾਂਦੇ ਰਹੇ ਹੋ, ਪਰ ਹੁਣ ਤੁਸੀਂ ਤਨਖ਼ਾਹਦਾਰ ਫ਼ੌਜੀ ਵੀ ਰੱਖਣੇ ਸ਼ੁਰੂ ਕਰ ਦਿੱਤੇ ਨੇ। ਮੈਨੂੰ ਕਰਤਾਰਪੁਰੋਂ ਹੀ ਇਤਲਾਹ ਆਈ ਏ ਕਿ ਤੁਸੀਂ ਕਰਤਾਰਪੁਰ ਵਿਚ ਹੀ ਛਾਉਣੀ ਬਣਾ ਰਹੇ ਹੋ।"

"ਤੁਸੀਂ ਇਹਦਾ ਕੀ ਉੱਤਰ ਦਿੱਤਾ?" ਕਰਮ ਸਿੰਘ ਦਾ ਅਗਲਾ ਸਵਾਲ ਸੀ।

"ਮੈਂ ਇਹੀ ਕਹਿ ਸਕਦਾ ਸਾਂ ਕਿ ਅਸੀਂ ਕੋਈ ਬਗ਼ਾਵਤ ਨਹੀਂ ਕੀਤੀ," ਲਾਭ ਚੰਦ ਨੇ ਕਿਹਾ, "ਅਸੀਂ ਤਾਂ ਆਪਣੀ ਰਾਖੀ ਲਈ ਪ੍ਰਬੰਧ ਕਰ ਰਹੇ ਹਾਂ। ਆਪਣੇ ਜਾਨ, ਮਾਲ ਤੇ ਇੱਜ਼ਤ ਦੀ ਰਾਖੀ ਦਾ ਪ੍ਰਬੰਧ ਕਰਨਾ ਕੋਈ ਮਾੜਾ ਤਾਂ ਨਹੀਂ।"

"ਇਹਦਾ ਉਸ ਪਾਸ ਕੀ ਉੱਤਰ ਸੀ?" ਕਰਮ ਸਿੰਘ ਨੇ ਪੁੱਛਿਆ।

"ਇਹਦਾ ਉੱਤਰ ਫ਼ੌਜਦਾਰ ਪਾਸ ਇਹ ਸੀ ਕਿ ਇਕ ਹਕੂਮਤ ਵਿਚ ਬੈਠ ਕੇ ਦੂਜੀ ਹਕੂਮਤ ਨਹੀਂ ਚੱਲ ਸਕਦੀ," ਲਾਭ ਚੰਦ ਨੇ ਦੱਸਿਆ, "ਗੱਲ ਇਥੇ ਹੀ ਖ਼ਤਮ ਨਹੀਂ ਹੋਈ, ਫ਼ੌਜਦਾਰ ਨੂੰ ਹੋਰ ਵੀ ਸਾਡੇ ਵਿਰੁੱਧ ਗੱਲਾਂ ਪਹੁੰਚੀਆਂ ਹਨ। ਉਹ ਕਹਿੰਦਾ ਸੀ ਕਿ ਕੋਈ ਬੰਦਾ ਗੁਰੂ ਜੀ ਦਾ ਆਸ਼ੀਰਵਾਦ ਲੈ ਕੇ ਪੰਜਾਬ ਵੱਲ ਆ ਰਿਹਾ ਏ ਤੇ ਉਹਦੇ ਨਾਲ ਕਰਮ ਸਿੰਘ ਵਚਨ ਕਰ ਆਇਆ ਏ ਕਿ ਉਹ ਇਥੋਂ ਫ਼ੌਜ ਭਰਤੀ ਕਰ ਕੇ ਉਹਦੀ ਮਦਦ 'ਤੇ ਭੇਜੇਗਾ। ਉਹਦੀਆਂ ਗੱਲਾਂ ਤੋਂ ਜਾਪਦਾ ਸੀ ਕਿ ਹਕੂਮਤ ਦੇ ਸੂਹੀਏ ਸਿੱਖਾਂ ਦੇ ਰੂਪ ਵਿਚ ਤੁਹਾਡੇ ਅੰਦਰ ਆ ਵੜੇ ਹਨ, ਜੋ ਸਾਰੀ ਸੂਚਨਾ ਹਕੂਮਤ ਨੂੰ ਦਈ ਜਾ ਰਹੇ ਹਨ।"

"ਕੋਈ ਸਿੰਘ ਤਾਂ ਅਜਿਹੀ ਨੀਚਤਾ ਕਰ ਨਹੀਂ ਸਕਦਾ," ਕਰਮ ਸਿੰਘ ਤੁਰਤ ਬੋਲ ਪਿਆ, "ਇਹ ਕੋਈ ਬਹੁਰੂਪੀਆ ਹੋਏਗਾ ਜੋ ਗ਼ੈਰ-ਸਿਖ ਹੁੰਦਾ ਹੋਇਆ ਸਿੰਘਾਂ ਦੇ ਭੇਸ ਵਿਚ ਆ ਵੜਿਆ ਹੋਵੇ।"

"ਉਹਨੂੰ ਸਰਹੰਦ ਦੇ ਨਵਾਬ ਨੇ ਸਾਰੀ ਗੱਲ ਦੱਸੀ ਏ। ਫ਼ੌਜਦਾਰ ਆਪ ਕਹਿੰਦਾ ਸੀ," ਲਾਭ ਚੰਦ ਨੇ ਕਿਹਾ, "ਵਜ਼ੀਰ ਖ਼ਾਂ ਬਹੁਤ ਹੀ ਗੰਦਾ ਬੰਦਾ ਏ। ਉਹਨੇ ਗੁਰੂ ਜੀ ਪਿੱਛੇ ਵੀ ਸੂਹੀਏ ਛੱਡੇ ਹੋਏ ਸਨ, ਜੋ ਔਰੰਗਜ਼ੇਬ ਨਾਲ ਹੁੰਦੀ ਗੱਲ-ਬਾਤ ਤੇ ਚਿੱਠੀ-ਪੱਤਰ ਦੀ ਪੂਰੀ ਪੂਰੀ ਇਤਲਾਹ ਵਜ਼ੀਰ ਖ਼ਾਂ ਨਵਾਬ ਸਰਹੰਦ ਨੂੰ ਦਿੰਦੇ ਰਹੇ ਹਨ। ਇਨ੍ਹਾਂ ਵਿਚ ਹੀ ਉਹ ਪਠਾਣ ਵੀ ਸਨ, ਜਿਨ੍ਹਾਂ ਦਾਅ ਲਾ ਕੇ ਗੁਰੂ ਜੀ 'ਤੇ ਨਾਦੇੜ ਵਿਚ ਹਮਲਾ ਕੀਤਾ ਸੀ।"

"ਫਿਰ ਤੁਸੀਂ ਗੱਲ ਕੀ ਮੁਕਾ ਕੇ ਆਏ ਹੋ?" ਕਰਮ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ।

"ਅਸੀਂ ਉਹਦੀ ਤਸੱਲੀ ਕਰਵਾਣ ਦਾ ਬਥੇਰਾ ਯਤਨ ਕੀਤਾ ਪਰ ਉਹਨੇ ਸਾਡੀ ਇਕ ਨਾ ਮੰਨੀ," ਲਾਭ ਚੰਦ ਨੇ ਕਿਹਾ, "ਹਾਕਮ ਵੱਡੇ ਹਾਕਮਾਂ ਦੀ ਕਹੀ ਗੱਲ ਵੱਲ ਵਧੇਰੇ ਧਿਆਨ ਦਿੰਦੇ ਹਨ, ਦੂਜਿਆਂ ਦੀ ਕੌਣ ਸੁਣਦਾ ਤੇ ਮੰਨਦਾ ਏ। ਅਸੀਂ ਹੁਣ ਕਹਿ ਕੇ ਆਏ ਹਾਂ ਕਿ ਕੁਝ ਦਿਨਾਂ ਤਕ ਕਰਮ ਸਿੰਘ ਵੀ ਤੁਹਾਡੇ ਪਾਸ ਆਏਗਾ ਤੇ ਬਾਕੀ ਗੱਲ ਤੁਸੀਂ ਉਸ ਤੋਂ ਪੁੱਛ ਲਿਆ ਜੇ।"

"ਚਲੋ, ਚੰਗਾ ਕੀਤਾ ਜੇ," ਕਰਮ ਸਿੰਘ ਨੇ ਕਿਹਾ, "ਮੈਂ ਤਾਂ ਤੁਹਾਨੂੰ ਤੋਰ ਕੇ ਪਛਤਾਂਦਾ ਰਿਹਾ ਹਾਂ ਕਿ ਮੈਂ ਕਿਉਂ ਨਾ ਗਿਆ। ਮੈਂ ਜਾਂਦਾ ਤਾਂ ਗੱਲ ਹੋਰ ਪਾਸੇ ਤੁਰ ਸਕਦੀ ਸੀ।"

"ਨਹੀਂ ਪੁੱਤਰ," ਲਾਭ ਚੰਦ ਨੇ ਦੱਸਿਆ, "ਉਹਦਾ ਵਤੀਰਾ ਬਦਲਿਆ ਹੋਇਆ ਏ। ਉਹਨੂੰ ਦਿੱਲੀ ਤੇ ਸਰਹੰਦ ਤੋਂ ਝਾੜਾਂ ਪੈ ਰਹੀਆਂ ਹਨ। ਉਹਨੂੰ ਤਾਂ ਹੁਕਮ ਏ, ਫ਼ੌਰਨ ਕਰਤਾਰਪੁਰ ਫ਼ੌਜ ਭੇਜ ਕੇ ਤੁਹਾਡੀ ਕਥਿਤ ਛਾਉਣੀ 'ਤੇ ਕਬਜ਼ਾ ਕਰਨ ਦਾ। ਉਹਨੂੰ ਸਮਝ ਨਹੀਂ ਆ ਰਹੀ ਕਿ ਉਹ ਕੀ ਕਰੇ। ਇਕ ਪਾਸੇ ਉਹ ਸਿੱਖਾਂ ਦੀ ਵਧ ਰਹੀ ਤਾਕਤ ਤੋਂ ਡਰਦਾ ਏ ਤੇ ਦੂਜੇ ਪਾਸੇ ਉਪਰਲੀ ਹਕੂਮਤ ਦੀਆਂ ਘੁਰਕੀਆਂ ਤੋਂ।"

"ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਪਿੱਛੋਂ ਹਾਕਮ ਵਰਗ ਮੁੜ ਕੇ ਪਹਿਲਾਂ ਵਾਂਗ ਹੀ ਸਿਖ ਵਿਰੋਧੀ ਬਣਦਾ ਜਾ ਰਿਹਾ ਹੈ," ਕਰਮ ਸਿੰਘ ਨੇ ਪ੍ਰਭਾਵ ਦਿੱਤਾ, "ਸਾਡੀ ਜਦੋਂ ਚੜ੍ਹਤ ਦੇਖੀ ਤਾਂ ਮੁੜ ਕੇ ਸਾਡੇ ਵੱਲ ਹੋ ਜਾਣਗੇ। ਇਨ੍ਹਾਂ ਦੇ ਆਪਣੇ ਨਾ ਵਿਚਾਰ ਹਨ, ਨਾ ਧਰਮ ਈਮਾਨ। ਇਹ ਤਾਂ ਆਪਣੀ ਹਕੂਮਤ ਤੇ ਰਾਜ-ਭਾਗ ਬਚਾਉਣ ਲਈ ਘਟੀਆ ਤੋਂ ਘਟੀਆ ਗੱਲ ਵੀ ਕਰ ਸਕਦੇ ਹਨ।"

"ਤੁਹਾਨੂੰ ਹੁਣ ਸੋਚਣਾ ਪਏਗਾ ਕਿ ਕਰਤਾਰਪੁਰ ਦੀ ਥਾਂ ਕਿਸੇ ਹੋਰ ਥਾਂ ਨੂੰ ਆਪਣਾ ਅੱਡਾ ਬਣਾਉ," ਲਾਭ ਚੰਦ ਨੇ ਕਿਹਾ, "ਮੇਰੇ ਨਾਲ ਗਏ ਕਰਤਾਰਪੁਰੀਏ ਤਾਂ ਬਹੁਤ ਹੀ ਡਰ ਗਏ ਹਨ। ਰਾਹ ਵਿਚ ਉਹ ਕਹਿ ਰਹੇ ਸਨ ਕਿ ਫ਼ੌਜਦਾਰ ਆ ਕੇ ਤਬਾਹੀ ਮਚਾਏਗਾ। ਇਸ ਲਈ ਮੈਂ ਅੱਡਾ ਹੋਰ ਥਾਂ ਲਿਜਾਣ ਦੀ ਸਲਾਹ ਦਿੱਤੀ ਏ।"

"ਇਹ ਲੜਾਈ ਕਈ ਖੇਤਰਾਂ ਵਿਚ ਲੜੀ ਜਾਣੀ ਏ," ਕਰਮ ਸਿੰਘ ਨੇ ਦੱਸਿਆ, "ਅਜੇ ਉਹ ਮਾਨਸਕ ਲੜਾਈ ਲੜ ਰਿਹਾ ਹੈ। ਉਹਦੀ ਮਾਨਸਿਕਤਾ ਵਿਚ ਆਉਂਦੀ ਤਬਦੀਲੀ ਕਾਰਨ ਹੀ ਤੁਹਾਨੂੰ ਉਹਦਾ ਬਦਲਦਾ ਵਤੀਰਾ ਨਜ਼ਰ ਆਉਂਦਾ ਹੈ। ਇਕ ਵਾਰ ਮੇਰਾ ਜਿਹੜਾ ਪ੍ਰਭਾਵ ਉਹਦੇ ਮਨ 'ਤੇ ਪੈ ਗਿਆ ਹੈ, ਉਹ ਉਸ ਵੇਲੇ ਬਦਲ ਜਾਏਗਾ, ਜਦ ਅਸੀਂ ਅੱਡਾ ਬਦਲਿਆ। ਜੇ ਕਰਤਾਰਪੁਰ ਵਿਚ ਛਾਉਣੀ ਰਹੇ ਤਾਂ ਉਹ ਹਮਲਾ ਕਰਨ ਦੀ ਜੁਰਅਤ ਨਹੀਂ ਕਰੇਗਾ। ਜੇ ਅਸੀਂ ਇਥੋਂ ਨਿਕਲ ਕੇ ਕਿਧਰੇ ਵੀ ਹੋਰ ਗਏ ਤਾਂ ਉਹ ਸਾਨੂੰ ਹਾਰ ਗਏ ਸਮਝ ਕੇ ਅਵੱਸ਼ ਸਾਡਾ ਪਿੱਛਾ ਕਰੇਗਾ। ਉਹਨੂੰ ਜਦ ਇਹ ਇਤਲਾਹ ਮਿਲੀ ਕਿ ਅਸੀਂ ਡਟ ਗਏ ਹਾਂ ਤਾਂ ਉਹ ਘਬਰਾਏਗਾ।"

"ਚਲੋ ਕੁਝ ਦਿਨਾਂ ਤਕ ਹਾਲਾਤ ਦੇਖ ਕੇ ਮੁੜ ਕੋਈ ਨਿਰਣਾ ਲਵਾਂਗੇ," ਲਾਭ ਚੰਦ ਨੇ ਗੱਲ-ਬਾਤ ਦਾ ਰੁਖ਼ ਹੋਰ ਪਾਸੇ ਮੋੜਨ ਲਈ ਆਖਿਆ, "ਸਾਡੇ ਪਿੱਛੋਂ ਕੌਣ ਕੌਣ ਆਇਆ ਸੀ?"

"ਕਈ ਲੋਕ ਆਏ ਸਨ," ਕਰਮ ਸਿੰਘ ਨੇ ਦੱਸਿਆ, "ਦਿਆਲਪੁਰ ਤੋਂ ਦੀਪ ਕੌਰ ਦਾ ਚਾਚਾ ਤੇ ਇਕ ਭਰਾ ਵੀ ਆਏ ਸਨ। ਤੁਹਾਨੂੰ ਉਡੀਕਦੇ ਗਏ ਹਨ। ਉਹ ਦੀਪ ਕੌਰ ਨੂੰ ਨਾਲ ਲੈ ਕੇ ਜਾਣ ਲਈ ਆਏ ਸਨ, ਪਰ ਮੈਂ ਨਹੀਂ ਭੇਜਿਆ। ਤੁਹਾਡੇ ਤੋਂ ਪੁੱਛੇ ਬਿਨਾਂ ਕਿਸ ਤਰ੍ਹਾਂ ਭੇਜ ਸਕਦਾ ਸਾਂ।"

"ਭੇਜ ਦੇਣਾ ਸੀ," ਲਾਭ ਚੰਦ ਨੇ ਰਾਏ ਦਿੰਦਿਆਂ ਪੁੱਛਿਆ, "ਦੀਪ ਨੇ ਮਹਿਸੂਸ ਤਾਂ ਨਹੀਂ ਕੀਤਾ? ਆਖ਼ਰ ਧੀਆਂ ਦਾ ਮਾਂ-ਪਿਉ ਨਾਲ ਮੋਹ ਹੁੰਦਾ ਏ ਤੇ ਉਹ ਚਾਚੇ ਨਾਲ ਜਾਣਾ ਚਾਹੁੰਦੀ ਹੋਵੇਗੀ।"

"ਨਹੀਂ, ਉਹ ਵੀ ਜਾਣ ਲਈ ਤਿਆਰ ਨਹੀਂ ਸੀ," ਕਰਮ ਸਿੰਘ ਨੇ ਦੱਸਿਆ, "ਮੈਂ ਉਹਨੂੰ ਪੁੱਛਿਆ ਸੀ ਕਿ ਜੇ ਉਹ ਚਾਹੇ ਤਾਂ ਮੈਂ ਤੋਰ ਦਿੰਦਾ ਹਾਂ, ਪਰ ਉਹ ਕਹਿਣ ਲੱਗੀ ਕਿ ਮੈਂ ਇਸ ਤਰ੍ਹਾਂ ਬਿਲਕੁਲ ਨਹੀਂ ਜਾਵਾਂਗੀ। ਇਕ ਤਾਂ ਪਿਤਾ ਜੀ ਜਲੰਧਰ ਗਏ ਹੋਏ ਹਨ ਤੇ ਦੂਜਾ ਫ਼ੌਜਦਾਰ ਦੇ ਬੁਲਾਵੇ ਨੇ ਚਿੰਤਾ ਪੈਦਾ ਕੀਤੀ ਹੋਈ ਏ। ਉਹ ਅਜਿਹੇ ਸਮੇਂ ਪਰਵਾਰ ਨਾਲ ਰਹਿਣਾ ਠੀਕ ਸਮਝਦੀ ਏ।"

"ਬੜੀ ਸਿਆਣੀ ਏ ਸਾਡੀ ਬਹੂ ਰਾਣੀ," ਲਾਭ ਚੰਦ ਨੇ ਪ੍ਰਸੰਸਾ ਕਰਦਿਆਂ ਕਿਹਾ, "ਚੰਗੀਆਂ ਕੁੜੀਆਂ ਇਸੇ ਤਰ੍ਹਾਂ ਸਹੁਰੇ ਘਰ ਆਪਣਾ ਥਾਂ ਬਣਾਂਦੀਆਂ ਨੇ। ਜੇ ਉਹ ਜਾਣ ਲਈ ਜ਼ਿਦ ਕਰਦੀ ਤਾਂ ਭਾਵੇਂ ਅਸੀਂ ਕੁਝ ਨਾ ਕਹਿੰਦੇ ਪਰ ਉਹਦੇ ਬਾਰੇ ਪ੍ਰਭਾਵ ਤਾਂ ਚੰਗਾ ਨਾ ਹੁੰਦਾ। ਉਹਨੇ ਇਤਨੀ ਗੱਲ ਕਹਿ ਕੇ ਤੇਰਾ ਤੇ ਸਾਡਾ ਸਾਰਿਆਂ ਦਾ ਦਿਲ ਜਿੱਤ ਲਿਆ ਏ।"

"ਉਹ ਤੇ ਹੁਣ ਕਾਹਲੀ ਪੈਂਦੀ ਏ ਕਿ ਮੈਨੂੰ ਚੌਂਕੇ ਚਾੜ੍ਹ ਤੇ ਘਰ ਦੀ ਰਸੋਈ ਦਾ ਕੰਮ ਆਪ ਸੰਭਾਲਾਂਗੀ। ਮਾਂ ਨੇ ਬਥੇਰੀ ਉਮਰ ਕੰਮ ਕਰ ਲਿਆ ਏ," ਕਰਮ ਸਿੰਘ ਨੇ ਦੱਸਿਆ।

"ਨਹੀਂ ਬਈ, ਇਹੋ ਤੇਰੀ ਮਾਂ ਕਹਿੰਦੀ ਏ," ਲਾਭ ਚੰਦ ਬੋਲਿਆ, "ਸਾਰੀ ਉਮਰ ਪਈ ਏ ਕੁੜੀ ਦੇ ਕੰਮ ਕਰਨ ਨੂੰ। ਚਾਰ ਦਿਨ ਮਾਂ ਤੋਂ ਸੁਖ ਤਾਂ ਲੈ ਲਵੇ। ਅਜੇ ਰਾਂਗਲਾ ਚੂੜਾ ਤੇ ਮਹਿੰਦੀ ਰੰਗੇ ਹੱਥ ਖ਼ਰਾਬ ਨਹੀਂ ਕਰਨੇ। ਚੰਗਾ ਏ ਜੇਕਰ ਇਹੀ ਜਜ਼ਬਾ ਦੋਹਾਂ ਪਾਸੇ ਰਹੇ ਤਾਂ ਆਪਸ ਵਿਚ ਨਿਭ ਵੀ ਆਏਗੀ।"

"ਮੈਨੂੰ ਇਹ ਤਾਂ ਦੱਸਿਆ ਨਹੀਂ ਕਿ ਤੁਹਾਡੇ ਨਾਲ ਫ਼ੌਜਦਾਰ ਪਾਸ ਗਏ ਦੋ ਸਿੰਘਾਂ ਦੇ ਪਿਤਾ ਕੀ ਪ੍ਰਭਾਵ ਲਿਆਏ ਹਨ ?" ਕਰਮ ਸਿੰਘ ਨੇ ਪੁੱਛਿਆ।

"ਪਹਿਲਾਂ ਨਾਲੋਂ ਹੁਣ ਉਹ ਕਾਫ਼ੀ ਚੜ੍ਹਦੀ ਕਲਾ ਵਿਚ ਹਨ। ਜਦੋਂ ਉਨ੍ਹਾਂ ਦੇ ਪੁੱਤਰ ਸਿੰਘ ਸਜੇ ਸਨ ਤਾਂ ਉਹ ਕਾਫ਼ੀ ਔਖੇ ਤੇ ਘਬਰਾਹਟ ਵਿਚ ਸਨ, ਪਰ ਹੁਣ ਸਹਿਜੇ ਸਹਿਜੇ ਤਕੜੇ ਹੋ ਗਏ ਹਨ। ਭਾਵੇਂ ਮੇਰੇ ਵਾਂਗ ਤਾਂ ਨਹੀਂ ਪਰ ਅਜੇ ਵੀ ਉਨ੍ਹਾਂ ਦੀ ਰਾਏ ਹੈ ਕਿ ਜੇਕਰ ਝਗੜਾ ਟਲ ਸਕੇ ਤਾਂ ਟਾਲ ਲੈਣਾ ਚਾਹੀਦਾ ਏ। ਆਪਣੇ ਨਾਲ ਤਾਂ ਜੋ ਕੁਝ ਬੀਤੇਗੀ ਉਹ ਝੱਲਣੀ ਪਏਗੀ ਪਰ ਨਾਲ ਲੱਗਦੇ ਪਿੰਡ ਵਾਲਿਆਂ ਨੂੰ ਕਿਉਂ ਬਿਪਤਾ ਵਿਚ ਪਾਈਏ," ਲਾਭ ਚੰਦ ਨੇ ਦੱਸਿਆ।

ਉਤੋਂ ਕੁਝ ਬੰਦੇ ਆ ਗਏ ਤੇ ਪਿਉ-ਪੁੱਤਰ ਦੀ ਪਰਸਪਰ ਗੱਲ-ਬਾਤ ਦਾ ਸਿਲਸਿਲਾ ਟੁੱਟ ਗਿਆ। ਉਹ ਦੂਜਿਆਂ ਸਾਹਮਣੇ ਅਜਿਹੀਆਂ ਗੱਲਾਂ ਨਹੀਂ ਸੀ ਕਰ ਸਕਦੇ। ਕਰਮ ਸਿੰਘ ਝੱਟ ਪਿੱਛੋਂ ਬਾਹਰਲੀ ਹਵੇਲੀ ਵਿਚ ਚਲਾ ਗਿਆ ਤੇ ਉਥੇ ਮੌਜੂਦ ਸਿੰਘਾਂ ਨਾਲ ਸਾਰੀ ਸਥਿਤੀ 'ਤੇ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਉਹਨੇ ਕੁਝ ਦਿਨ ਪਹਿਲਾਂ ਅਨੰਦਪੁਰ ਵਿਚ ਸਾਰੀ ਹਾਲਤ ਦੇਖਣ ਲਈ ਚਾਰ ਸਿੰਘ ਭੇਜੇ ਸਨ, ਉਹ ਮੁੜ ਆਏ ਤੇ ਉਨ੍ਹਾਂ ਨੇ ਦੱਸਿਆ ਕਿ ਅਨੰਦਪੁਰ ਵਿਚ ਅਜੇ ਤਕ ਸਿੰਘਾਂ ਦੇ ਬਾਕਾਇਦਾ ਦੀਵਾਨ ਨਹੀਂ ਹੁੰਦੇ। ਨਗਰ ਵਿਚ ਵੱਸਦੇ ਸਿੰਘ ਕੀਰਤਪੁਰ ਤੇ ਆਸ ਪਾਸ ਦੇ ਪਿੰਡਾਂ ਵਿਚ ਚਲੇ ਗਏ ਹਨ। ਨਗਰ ਵਿਚ ਕੁਝ ਹਿੰਦੂ ਤੇ ਮੁਸਲਮਾਨ ਪਰਵਾਰ ਅਜਿਹੇ ਹਨ ਜੋ ਗੁਰੂ-ਘਰ ਨਾਲ ਪਿਆਰ ਤੇ ਸ਼ਰਧਾ ਰੱਖਦੇ ਹਨ। ਉਹ ਗੁਰ-ਅਸਥਾਨਾਂ ਦੀ ਲੁਕ-ਛਿਪ ਕੇ ਸੇਵਾ ਸੰਭਾਲ ਕਰ ਰਹੇ ਹਨ। ਕੁਝ ਸਾਧੂ ਵੀ ਅਨੰਦਪੁਰ ਆ ਗਏ ਹਨ ਤੇ ਉਹ ਵੀ ਇਨ੍ਹਾਂ ਅਸਥਾਨਾਂ 'ਤੇ ਆਉਂਦੇ ਜਾਂਦੇ ਤੇ ਸੇਵਾ ਕਰ ਰਹੇ ਹਨ। ਭਾਵੇਂ ਮੁਗ਼ਲ ਫ਼ੌਜ ਤਾਂ ਕੋਈ ਨਹੀਂ ਪਰ ਪਹਾੜੀ ਰਾਜਿਆਂ ਨੇ ਭੈ ਦਾ ਵਾਤਾਵਰਣ ਬਣਾਇਆ ਹੋਇਆ ਹੈ। ਉਹਦੇ ਬੰਦੇ ਕਦੇ ਕਦੇ ਆ ਕੇ ਲੋਕਾਂ ਨੂੰ ਘੂਰ ਜਾਂਦੇ ਹਨ। ਉਨ੍ਹਾਂ ਨੇ ਕਈਆਂ ਨੂੰ ਆ ਕੇ ਪੁੱਛਿਆ ਹੈ ਕਿ ਇਨ੍ਹਾਂ ਅਸਥਾਨਾਂ 'ਤੇ ਖ਼ਾਸ ਕਰਕੇ ਕੇਸਗੜ੍ਹ ਤੇ ਸੀਸ ਗੰਜ ਕੌਣ ਰਾਤ ਨੂੰ ਦੀਵੇ ਜਗਾ ਜਾਂਦਾ ਹੈ, ਪਰ ਸਥਾਨਕ ਲੋਕਾਂ ਨੇ ਕਿਸੇ ਦਾ ਨਾਮ ਨਹੀਂ ਲਿਆ।

"ਇਨ੍ਹਾਂ ਪਹਾੜੀ ਰਾਜਿਆਂ ਦਾ ਕੀ ਏ ?" ਕਰਮ ਸਿੰਘ ਨੇ ਪ੍ਰਭਾਵ ਪ੍ਰਗਟ ਕੀਤਾ, "ਇਹ ਵੀ ਜਦੋਂ ਸਾਡੀ ਚੜ੍ਹਦੀ ਕਲਾ ਦੇਖਣਗੇ ਤਾਂ ਮੁੜ ਖ਼ਾਲਸੇ ਦੇ ਸਮਰਥਕ ਹੋ ਜਾਣਗੇ। ਇਨ੍ਹਾਂ ਗੁਰੂ ਜੀ ਨਾਲ ਭੰਗਾਣੀ ਦਾ ਯੁੱਧ ਲੜਿਆ ਤੇ ਜਦੋਂ ਮੁਗ਼ਲ ਫ਼ੌਜਦਾਰ ਇਨ੍ਹਾਂ ਵਿਰੁੱਧ ਚੜ੍ਹ ਕੇ ਆਏ ਤਾਂ ਇਹ ਗੁਰੂ ਜੀ ਦੀ ਚਰਨੀਂ ਆ ਲੱਗੇ। ਜਦੋਂ ਮੁਗ਼ਲ ਹਕੂਮਤ ਦਾ ਮੁੜ ਜ਼ੋਰ ਦੇਖਿਆ ਤਾਂ ਗੁਰੂ ਜੀ ਵਿਰੁੱਧ ਹੋ ਗਏ।"

"ਸਥਾਨਕ ਲੋਕੀਂ ਅਨੰਦਪੁਰ ਵਿਚ ਆਸ ਲਾਈ ਬੈਠੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਮਿਲ ਕੇ ਤੇ ਹਕੂਮਤ ਨਾਲ ਝਗੜਾ ਮੁਕਾ ਕੇ ਜ਼ਰੂਰ ਇਕ ਵਾਰ ਅਨੰਦਪੁਰ ਆਉਣਗੇ ਤੇ ਇਥੇ ਮੁੜ ਰੌਣਕਾਂ ਲੱਗਣਗੀਆਂ," ਇਕ ਸਿੰਘ ਨੇ ਦੱਸਿਆ।

"ਉਹ ਤੇ ਜੋ ਕਰਤਾਰ ਨੂੰ ਭਾਵੇ, ਉਹੀ ਹੋਏਗਾ," ਕਰਮ ਸਿੰਘ ਨੇ ਕਿਹਾ, "ਅਸੀਂ

ਵੀ ਸਾਰੇ ਪੰਜਾਬ ਵਿਚ ਇਸੇ ਉਡੀਕ ਵਿਚ ਸਾਂ। ਚਲੋ ਜੇਕਰ ਗੁਰੂ ਜੀ ਨਹੀਂ ਆ ਸਕੇ ਤਾਂ ਉਨ੍ਹਾਂ ਦਾ ਸਰੂਪ ਬਣ ਚੁੱਕਿਆ ਖ਼ਾਲਸਾ ਤਾਂ ਜ਼ਰੂਰ ਅਨੰਦਪੁਰ ਵਿਚ ਗੱਜ ਵੱਜ ਕੇ ਆਏਗਾ ਤੇ ਪਹਿਲਾਂ ਵਾਂਗ ਹੀ ਇਥੇ ਰੌਣਕਾਂ ਲੱਗਣਗੀਆਂ।"

"ਪਹਿਲਾਂ ਵਰਗੀਆਂ ਰੌਣਕਾਂ ਤਾਂ ਹੁਣ ਕਦੇ ਨਹੀਂ ਲੱਗ ਸਕਦੀਆਂ," ਇਕ ਸਿੰਘ ਨੇ ਠੰਢਾ ਹਉਕਾ ਲੈਂਦਿਆਂ ਆਖਿਆ, "ਜਿਥੇ ਗੁਰਦੇਵ ਹੋਣ, ਰੌਣਕਾਂ ਤਾਂ ਉਥੇ ਹੀ ਹੁੰਦੀਆਂ ਹਨ। ਨਾ ਖਡੂਰ ਉਹੋ ਜਿਹੀ ਰੌਣਕ ਰਹੀ ਤੇ ਨਾ ਗੁਰੂ ਅਮਰਦਾਸ ਪਿੱਛੋਂ ਗੋਇੰਦਵਾਲ ਵਿਚ।"

"ਇਹ ਗੱਲ ਨਹੀਂ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਇਹ ਸੱਚ ਹੈ ਕਿ 'ਜਿਥੈ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਨਿ ਸੋਆ।' ਜਿਥੇ ਜਿਥੇ ਵੀ ਗੁਰੂ ਜੀ ਦੇ ਚਰਨ ਪਏ ਨੇ, ਸਭ ਥਾਂ ਸੰਗਤਾਂ ਜੁੜਦੀਆਂ ਹਨ, ਕੀਰਤਨ ਤੇ ਪਾਠ ਹੁੰਦਾ ਹੈ। ਕਿਹੜੀ ਥਾਂ ਗੁਰੂ ਘਰ ਦੇ ਦਰਵਾਜ਼ੇ ਬੰਦ ਹੋਏ ਨੇ? ਅਨੰਦਪੁਰ ਦੀ ਤਾਂ ਹੁਣ ਹੋਰ ਵੀ ਵਿਸ਼ੇਸ਼ਤਾ ਵਧ ਗਈ ਏ, ਕਿਉਂਕਿ ਇਹ ਖ਼ਾਲਸੇ ਦਾ ਜਨਮ-ਸਥਾਨ ਬਣ ਗਿਆ ਹੈ। ਕੇਸਗੜ੍ਹ ਤਾਂ ਸਿਖ ਹਮੇਸ਼ਾਂ ਨਮਸਕਾਰ ਕਰਨ ਆਉਂਦੇ ਰਹਿਣਗੇ।"

"ਅਸੀਂ ਆਪਣੇ ਜਨਮ-ਸਥਾਨ ਦੇ ਦਰਸ਼ਨ ਨਹੀਂ ਕੀਤੇ," ਇਕ ਹੋਰ ਨੌਜਵਾਨ ਬੋਲ ਪਿਆ, ਜਿਸ ਨੇ ਕੁਝ ਸਮਾਂ ਪਹਿਲਾਂ ਸਾਬੋ ਕੀ ਤਲਵੰਡੀ ਜਾ ਕੇ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ ਹੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਸੀ। ਉਹਨੇ ਪੁੱਛਿਆ, "ਅਸੀਂ ਤਾਂ ਖੰਡੇ ਬਾਟੇ ਦਾ ਪਾਹੁਲ ਸਾਬੋ ਕੀ ਤਲਵੰਡੀ ਜਾ ਕੇ ਲਿਆ ਸੀ। ਫਿਰ ਸਾਡੇ ਲਈ ਜਨਮ-ਅਸਥਾਨ ਸਾਬੋ ਕੀ ਤਲਵੰਡੀ ਨਾ ਹੋਇਆ।"

"ਤੁਸੀਂ ਗ਼ਲਤ ਸੋਚਦੇ ਹੋ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਖ਼ਾਲਸੇ ਦੀ ਸਾਜਨਾ ਜਿਸ ਥਾਂ ਹੋਈ ਸੀ, ਜਿਥੇ ਸਭ ਤੋਂ ਪਹਿਲਾਂ ਪੰਜ ਪਿਆਰਿਆਂ ਨੇ ਸੀਸ ਭੇਟ ਕੀਤੇ ਸਨ ਤੇ ਫਿਰ ਗੁਰੂ ਜੀ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ ਸੀ, ਉਹ ਹੀ ਸਮੁੱਚੇ ਖ਼ਾਲਸਾ ਪੰਥ ਦਾ ਜਨਮ-ਅਸਥਾਨ ਹੈ। ਇਸੇ ਲਈ ਹੁਣ ਖ਼ਾਲਸਾ ਜੀ ਆਪਣੇ ਆਪ ਨੂੰ ਅਨੰਦਪੁਰ ਵਾਸੀ ਕਹਿੰਦੇ ਹਨ। ਆਉ ਇਕ ਵਾਰ ਸਾਰੇ ਰਲ ਕੇ ਅਨੰਦਪੁਰ ਦੇ ਦਰਸ਼ਨ ਕਰਨ ਚੱਲੀਏ। ਇਕ ਤਾਂ ਉਥੋਂ ਦੇ ਵਸਨੀਕਾਂ ਨੂੰ ਖ਼ੁਸ਼ੀ ਹੋਵੇਗੀ ਕਿ ਖ਼ਾਲਸਾ ਪੰਥ ਨੇ ਅਨੰਦਪੁਰ ਨੂੰ ਵਿਸਾਰਿਆ ਨਹੀਂ ਤੇ ਦੂਜਾ ਹਾਕਮਾਂ ਨੂੰ ਵੀ ਸਮਝ ਆ ਜਾਏਗੀ ਕਿ ਖ਼ਾਲਸਾ ਪੰਥ ਆਪਣੀ ਜਨਮ-ਭੂਮੀ ਉਨ੍ਹਾਂ ਤੋਂ ਆਜ਼ਾਦ ਕਰਾ ਕੇ ਰਹੇਗਾ।"

ਜੈਕਾਰਿਆਂ ਦੀ ਗੂੰਜ ਵਿਚ ਜਥੇਦਾਰ ਕਰਮ ਸਿੰਘ ਦੇ ਇਸ ਸੁਝਾਅ ਨੂੰ ਸਾਰਿਆਂ ਨੇ ਪ੍ਰਵਾਨਗੀ ਦਿੱਤੀ। ਕਈ ਤਾਂ ਉਤਾਵਲੇ ਹੋ ਗਏ ਕਿ ਛੇਤੀ ਹੀ ਅਨੰਦਪੁਰ ਵੱਲ ਕੂਚ ਕਰਨਾ ਚਾਹੀਦਾ ਏ ਪਰ ਜਥੇਦਾਰ ਕਰਮ ਸਿੰਘ ਨੇ ਫਿਰ ਕਿਹਾ, "ਕਾਹਲੇ ਨਾ ਪਉ। ਸਾਨੂੰ ਪੂਰੀ ਤਿਆਰੀ ਕਰਨੀ ਚਾਹੀਦੀ ਏ ਤੇ ਹਰ ਖ਼ਤਰੇ ਲਈ ਮੁਕਾਬਲੇ ਦਾ ਬਾਨ੍ਹਣੂ ਬੰਨ੍ਹ ਕੇ ਤੁਰਨਾ ਚਾਹੀਦਾ ਏ। ਹੋ ਸਕਦਾ ਏ ਕਿ ਫ਼ੌਜਦਾਰ ਜਲੰਧਰ ਨੂੰ ਇਤਲਾਹ ਮਿਲ ਜਾਏ ਤੇ ਉਹ ਸਾਡਾ ਰਾਹ ਰੋਕ ਲਵੇ। ਸਾਨੂੰ ਪਹਿਲਾ ਉਹਦੇ ਨਾਲ ਦੋ ਹੱਥ ਕਰਨੇ ਪੈ ਜਾਣ। ਸੰਭਵ ਹੈ ਕਿ ਰਾਹ ਵਿਚ ਕਈ ਪਠਾਣ ਚੌਧਰੀ ਤੇ ਛੋਟੇ ਛੋਟੇ ਇਲਾਕਾ-ਹਾਕਮ ਹਨ, ਉਨ੍ਹਾਂ ਵਿਚੋਂ ਕਿਸੇ ਦਾ ਖ਼ਰਾਬ ਦਿਮਾਗ਼ ਦਰੁਸਤ ਕਰਨਾ ਪਵੇ। ਪਹਾੜੀ ਰਾਜੇ ਵੀ ਸਾਡਾ ਅਨੰਦਪੁਰ ਪਹੁੰਚਣਾ ਬਰਦਾਸ਼ਤ ਨਹੀਂ ਕਰਨਗੇ। ਇਸ ਲਈ ਪੂਰੀ ਤਿਆਰੀ ਨਾਲ ਚੱਲਣਾ ਚਾਹੀਦਾ ਏ।"

"ਠੀਕ ਹੈ, ਜਿਵੇਂ ਤੁਸੀਂ ਸੋਚਦੇ ਹੋ, ਉਸੇ ਤਰ੍ਹਾਂ ਅਸੀਂ ਕਰਾਂਗੇ," ਇਕ ਸਿੰਘ ਨੇ ਹਾਮੀ ਭਰਦਿਆਂ ਤੇ ਜਥੇਦਾਰ ਕਰਮ ਸਿੰਘ ਦੇ ਸੁਝਾਵਾਂ ਦੀ ਪ੍ਰੋੜ੍ਹਤਾ ਕਰਦਿਆਂ ਆਖਿਆ, "ਤੁਸੀਂ

ਆਗੂ ਹੋ, ਜਥੇਦਾਰ ਹੋ, ਤੁਸੀਂ ਜਜ਼ਬਾਤੀ ਗੱਲਾਂ ਨਹੀਂ ਕਰਨੀਆਂ। ਤੁਸੀਂ ਤਾਂ ਪੰਥ ਦੀ ਚੜ੍ਹਦੀ ਕਲਾ ਲਈ ਵਚਨ-ਬੱਧ ਹੋ। ਜਿਵੇਂ ਹੋਵੇ ਪੰਥ ਦਾ ਵੱਕਾਰ ਬਹਾਲ ਹੋਣਾ ਚਾਹੀਦਾ ਏ। ਉਹਦੇ ਲਈ ਸਾਡੀ ਜਾਨ ਵੀ ਜਾਂਦੀ ਹੋਵੇ ਤਾਂ ਢਿੱਲ ਨਾ ਲਾਣੀ। ਅਸੀਂ ਤਨ, ਮਨ ਤੇ ਧਨ, ਸਭ ਕੁਝ ਪੰਥ ਦੇ ਲੇਖੇ ਲਾਣ ਲਈ ਤਿਆਰ ਹਾਂ।"

"ਇਹ ਤੁਹਾਡੇ ਕਹਿਣ ਦੀ ਲੋੜ ਨਹੀਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਅੱਜ ਦੇ ਹਾਲਾਤ ਵਿਚ ਕੋਈ ਨਿੱਜੀ ਲਾਭ ਲੈਣ ਜਾਂ ਆਪਣੇ ਲਈ ਕੋਈ ਪ੍ਰਾਪਤੀ ਵਾਸਤੇ ਗੁਰੂ ਕਾ ਸਿੰਘ ਨਹੀਂ ਬਣਦਾ। ਅੱਜ ਉਹੀ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰੇਗਾ, ਜਿਸ ਦੇ ਮਨ ਵਿਚ ਗੁਰੂ ਲਈ ਅਥਾਹ ਸ਼ਰਧਾ ਤੇ ਸਤਿਕਾਰ ਹੋਏਗਾ, ਜੋ ਗੁਰੂ-ਘਰ ਤੋਂ ਆਪਾ ਵਾਰਨਾ ਲੋਚੇਗਾ। ਲਾਲਚੀ, ਕਮਜ਼ੋਰ ਤੇ ਬੁਜ਼ਦਿਲ ਤਾਂ ਗੁਰੂ ਜੀ ਪਿੱਛੇ ਲੱਗ ਹੀ ਨਹੀਂ ਸਕਦੇ। ਇਸ ਲਈ ਵਿਉਂਤ ਬਣਾਣੀ ਪਵੇਗੀ ਤੇ ਇਕ ਦੋ ਦਿਨਾਂ ਤਕ ਮੁੜ ਅਸੀਂ ਇਸ ਬਾਰੇ ਮਿਲ ਕੇ ਹੋਰ ਗੱਲ-ਬਾਤ ਕਰਾਂਗੇ। ਕਿਸੇ ਨੂੰ ਕੋਈ ਨਵੀਂ ਗੱਲ ਸੁੱਝੇ ਤਾਂ ਉਹ ਜ਼ਰੂਰ ਦੱਸੇ।"

ਬੱਸ ਉਸ ਦਿਨ ਦੀ ਗੱਲ-ਬਾਤ ਪਿੱਛੋਂ ਜਿਥੇ ਵੀ ਚਾਰ ਸਿੰਘ ਜੁੜਨ ਉਹ ਅਨੰਦਪੁਰ ਜਾਣ ਦੀਆਂ ਗੱਲਾਂ ਹੀ ਕਰਨ ਲੱਗੇ। ਜਿਹੜੇ ਚਾਰ ਸਿੰਘ ਹੋ ਕੇ ਆਏ ਸਨ ਜਾਂ ਪਹਿਲਾਂ ਜਿਨ੍ਹਾਂ ਨੇ ਅਨੰਦਪੁਰ ਦੇ ਦਰਸ਼ਨ ਕੀਤੇ ਸਨ, ਉਨ੍ਹਾਂ ਤੋਂ ਮੁੜ ਮੁੜ ਕੇ ਅਨੰਦਪੁਰ ਦੀਆਂ ਗੱਲਾਂ ਸਿੰਘ ਪੁੱਛਦੇ, "ਗੁਰੂ ਜੀ ਦਾ ਘਰ ਉਸੇ ਤਰ੍ਹਾਂ ਹੈ ਜਾਂ ਢਾਹ ਦਿੱਤਾ ਗਿਆ ਏ ? ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਜਿਥੇ ਸਸਕਾਰ ਹੋਇਆ ਸੀ, ਉਥੇ ਕਿਸ ਤਰ੍ਹਾਂ ਦੀ ਯਾਦਗਾਰ ਬਣੀ ਹੋਈ ਏ ?"

ਕੁਝ ਦਿਨ ਹੋਰ ਲੰਘ ਗਏ ਤਾਂ ਜਥੇਦਾਰ ਕਰਮ ਸਿੰਘ ਨੇ ਜਥੇਦਾਰਾਂ ਨਾਲ ਸਲਾਹ ਕਰ ਕੇ ਵਿਚਾਰ ਬਣਾਇਆ ਕਿ ਦੁਆਬੇ ਦੇ ਸਾਰੇ ਸਿੰਘਾਂ ਨੂੰ ਸੁਨੇਹੇ ਭੇਜੀਏ ਕਿ ਉਹ ਅਗਲੀ ਸੰਗਰਾਂਦ 'ਤੇ ਅਨੰਦਪੁਰ ਵਿਚ ਜਥੇ ਲੈ ਕੇ ਆਉਣ। ਅਸੀਂ ਜੋੜ-ਮੇਲਾ ਕਰਾਂਗੇ। ਕੇਸਗੜ੍ਹ ਦੇ ਅਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਾਂਗੇ। ਬੀੜ ਦਾ ਅਸੀਂ ਪ੍ਰਬੰਧ ਕਰ ਲਿਆ ਏ। ਇਹ ਵੀ ਵਿਉਂਤ ਬਣਾ ਲਈ ਗਈ ਕਿ ਸੰਗਰਾਂਦ ਤੋਂ ਦੋ ਰਾਤ ਪਹਿਲਾਂ ਕੀਰਤਪੁਰ ਤੇ ਹੋਰ ਕਿਸ ਕਿਸ ਸਥਾਨ 'ਤੇ ਜਾ ਕੇ ਠਹਿਰਨਾ ਹੈ। ਅਨੰਦਪੁਰ ਵਿਚ ਇਕੋ ਵੇਲੇ ਇਕੱਠੇ ਹੋਣਾ ਏ। ਸਭ ਨੂੰ ਸੇਵਾ ਦੀ ਸੌਂਪਣੀ ਕਰ ਕੇ ਦੋ ਤੇਜ਼ ਘੋੜ ਸਵਾਰਾਂ ਰਾਹੀਂ ਸਾਬੋ ਕੀ ਤਲਵੰਡੀ ਵੀ ਬਾਬਾ ਦੀਪ ਸਿੰਘ ਜੀ ਨੂੰ ਸੁਨੇਹਾ ਭੇਜ ਦਿੱਤਾ ਕਿ ਐਤਕੀਂ ਦੁਆਬੇ ਦੀ ਸਿੰਘ ਸੰਗਤ ਸੰਗਰਾਂਦ ਅਨੰਦਪੁਰ ਵਿਚ ਮਨਾਏਗੀ।

27

ਦੀਪ ਕੌਰ ਨੇ ਚੀਕ ਮਾਰੀ ਤੇ ਘਬਰਾ ਕੇ ਉੱਠ ਬੈਠੀ। ਉਹਨੇ ਨੀਂਦਰ ਦੇ ਉਖੜਦਿਆਂ ਉਠ ਕੇ ਦੇਖਿਆ ਕਿ ਉਹ ਤਾਂ ਘਰ ਵਿਚ ਹੀ ਆਪਣੇ ਮੰਜੇ 'ਤੇ ਸੁੱਤੀ ਪਈ ਸੀ। ਉਹਨੇ ਤੁਰਤ ਦੋਹਾਂ ਹੱਥਾਂ ਨਾਲ ਆਪਣੀਆਂ ਅੱਖਾਂ ਢੱਕ ਲਈਆਂ। ਪਰੇ ਹਟਵੇਂ ਮੰਜੇ 'ਤੇ ਸੁੱਤੇ ਪਏ ਕਰਮ ਸਿੰਘ ਦੀ ਵੀ ਚੀਕ ਦੀ ਆਵਾਜ਼ ਨਾਲ ਜਾਗ ਖੁੱਲ੍ਹ ਗਈ। ਉਹ ਭੱਜ ਕੇ ਦੀਪ ਕੌਰ ਦੇ ਮੰਜੇ ਪਾਸ ਆਇਆ ਤੇ ਕਹਿਣ ਲੱਗਾ, "ਕੀ ਗੱਲ, ਕਿਉਂ ਡਰ ਗਈ ਏਂ ?"

"ਕੁਝ ਨਹੀਂ," ਦੀਪ ਕੌਰ ਨੇ ਅੱਖਾਂ ਤੋਂ ਹੱਥ ਚੁੱਕ ਕੇ ਆਪਣੇ ਸੀਨੇ ਤੇ ਦਿਲ ਵਾਲੀ ਥਾਂ ਰੱਖਦਿਆਂ ਕਿਹਾ, "ਐਵੇਂ ਡਰ ਗਈ ਸਾਂ।" ਪਰ ਉਹਦਾ ਦਿਲ ਅਜੇ ਤਕ ਜ਼ੋਰ ਜ਼ੋਰ ਨਾਲ ਧੱਕ ਧੱਕ ਕਰ ਰਿਹਾ ਸੀ ਤੇ ਉਹ ਉਪਰ ਹੱਥ ਰੱਖ ਕੇ ਦਿਲ ਦੀ ਧੜਕਣ ਨੂੰ ਸੰਭਲਣ

ਦਾ ਸਹਾਰਾ ਦੇ ਰਹੀ ਸੀ।

"ਕੁਝ ਤਾਂ ਜ਼ਰੂਰ ਏ," ਕਰਮ ਸਿੰਘ ਨੇ ਕਿਹਾ, "ਚੂਹਾ ਤੇ ਨਹੀਂ ਕੋਈ ਮੰਜੇ ਤੋਂ ਟੱਪ ਕੇ ਲੰਘਿਆ ?"

"ਨਹੀਂ, ਸੁਪਨੇ ਨੇ ਡਰਾ ਦਿੱਤਾ ਏ," ਦੀਪ ਕੌਰ ਨੇ ਦੱਸਿਆ, "ਤੁਸੀਂ ਆਰਾਮ ਕਰੋ, ਮੈਂ ਹੁਣ ਠੀਕ ਹਾਂ।"

"ਕੀ ਸੁਪਨਾ ਸੀ ਇਤਨਾ ਡਰਾਉਣਾ ?" ਕਰਮ ਸਿੰਘ ਨੇ ਉਹਦੀ ਮੰਜੀ 'ਤੇ ਉਹਦੇ ਕੋਲ ਬੈਠਦਿਆਂ ਤੇ ਪਿਆਰ ਨਾਲ ਉਹਦੀ ਕੰਡ 'ਤੇ ਹੱਥ ਫੇਰਦਿਆਂ ਪੁੱਛਿਆ। ਜਦ ਉਹ ਫਿਰ ਨਾ ਬੋਲੀ ਤਾਂ ਕਰਮ ਸਿੰਘ ਨੇ ਉਹਨੂੰ ਕਲਾਵੇ ਵਿਚ ਲੈ ਲਿਆ।

"ਨਾ ਪੁੱਛੋ, ਮੈਂ ਦੱਸ ਨਹੀਂ ਸਕਦੀ," ਦੀਪ ਕੌਰ ਨੇ ਝੱਟ ਪਿੱਛੋਂ ਉਹਦੇ ਪਿਆਰ-ਛੋਹ ਦਾ ਅਨੰਦ ਮਾਣਦਿਆਂ ਤੇ ਉਸ ਨਾਲ ਬੇ-ਤਾਕਤੀ ਹਾਲਤ ਤੋਂ ਹਿੰਮਤ ਵਿਚ ਆਉਣ ਪਿੱਛੋਂ ਦੱਸਿਆ।

"ਨਹੀਂ, ਇਤਨੀ ਮਾੜੀ ਕਿਹੜੀ ਗੱਲ ਏ ਜੋ ਤੂੰ ਦੱਸ ਨਹੀਂ ਸਕਦੀ," ਕਰਮ ਸਿੰਘ ਨੇ ਕਿਹਾ, "ਕਿਸੇ ਤੇਰੇ 'ਤੇ ਹਮਲਾ ਕੀਤਾ ਏ, ਤੇਰੀ ਇੱਜ਼ਤ ਨੂੰ ਕੋਈ ਸੁਪਨੇ ਵਿਚ ਹੱਥ ਪਾਣ ਆਇਆ ਸੀ ?"

"ਤੁਹਾਡੇ ਨਾਲ ਵਿਆਹ ਪਿੱਛੋਂ ਤਾਂ ਅਜਿਹਾ ਖ਼ਤਰਾ ਹੋ ਹੀ ਨਹੀਂ ਸਕਦਾ," ਦੀਪ ਕੌਰ ਨੇ ਕਿਹਾ, "ਤੁਸੀਂ ਮੇਰੇ ਨਾਲ ਹੋ, ਫਿਰ ਮੈਂ ਅਜਿਹਾ ਕਦੇ ਸੋਚ ਹੀ ਨਹੀਂ ਸਕਦੀ। ਸੁਪਨਾ ਵੀ ਨਹੀਂ ਅਜਿਹਾ ਆ ਸਕਦਾ।"

"ਬਈ, ਮੈਂ ਤਾਂ ਪੁੱਛ ਕੇ ਤੇ ਸਾਰਾ ਸੁਪਨਾ ਸੁਣ ਕੇ ਹੀ ਛੱਡਾਂਗਾ," ਕਰਮ ਸਿੰਘ ਨੇ ਦੀਪ ਕੌਰ ਨੂੰ ਆਪਣੇ ਸਰੀਰ ਦੇ ਨੇੜੇ ਕਰ ਕੇ ਘੁੱਟਦਿਆਂ ਕਿਹਾ।

"ਉਹ ਯਾਦ ਕਰ ਕੇ ਮੇਰਾ ਦਿਲ ਮੁੜ ਧੜਕਣਾ ਸ਼ੁਰੂ ਕਰ ਦੇਵੇਗਾ," ਦੀਪ ਕੌਰ ਅਜੇ ਵੀ ਗੱਲ ਦੱਸਣ ਤੋਂ ਸੰਕੋਚ ਕਰ ਰਹੀ ਸੀ ਜਾਂ ਕਰਮ ਸਿੰਘ ਦੀ ਨੇੜਤਾ ਦੇ ਨਿੱਘ ਨਾਲ ਹੋਰ ਵਧੇਰੇ ਸਮਾਂ ਅਨੰਦ ਮਾਣਨਾ ਚਾਹੁੰਦੀ ਸੀ। ਜਦੋਂ ਕਰਮ ਸਿੰਘ ਖਹਿੜੇ ਹੀ ਪੈ ਗਿਆ ਤਾਂ ਦੀਪ ਕੌਰ ਨੇ ਦੱਸਣਾ ਸ਼ੁਰੂ ਕੀਤਾ, "ਤੁਸੀਂ ਸੁਪਨੇ ਵਿਚ ਮੈਨੂੰ ਕਹਿ ਰਹੇ ਸੀ ਕਿ ਤੁਸੀ ਯੁੱਧ ਦੇ ਮੈਦਾਨ ਵਿਚ ਜਾ ਰਹੇ ਹੋ। ਮੈਨੂੰ ਉਸ ਸਮੇਂ ਡੋਬੂ ਪੈਣ ਲੱਗੇ। ਮੈਂ ਤੁਹਾਡੇ ਬਿਨਾਂ ਹੁਣ ਇਕ ਦਿਨ ਵੀ ਨਹੀਂ ਰਹਿ ਸਕਦੀ। ਤੁਸੀਂ ਵਿਆਹੁਤਾ ਜੀਵਨ ਦੇ ਕੁਝ ਦਿਨ ਇਤਨੇ ਸੁਆਦਲੇ ਬਿਤਾ ਕੇ ਤੁਰਨ ਲੱਗੇ। ਤੁਹਾਡੇ ਤੁਰਦਿਆਂ ਕਿਸੇ ਨੇ ਛਿੱਕ ਮਾਰ ਦਿੱਤੀ। ਮੇਰਾ ਪਹਿਲਾਂ ਹੀ ਡੋਲਿਆ ਦਿਲ ਘਬਰਾਹਟ ਵਿਚ ਆ ਗਿਆ। ਛਿੱਕ ਵਜਣੀ ਬਦਸ਼ਗਨੀ ਹੁੰਦੀ ਏ ਪਰ ਤੁਸੀਂ ਅਜਿਹੀਆਂ ਗੱਲਾਂ ਵਿਚ ਵਿਸ਼ਵਾਸ ਨਹੀਂ ਕਰਦੇ। ਮੈਂ ਤੁਹਾਨੂੰ ਕਹਿਣਾ ਚਾਹੁੰਦੀ ਸਾਂ ਕਿ ਝੱਟ ਠਹਿਰ ਜਾਓ, ਪਰ ਬਾਹਰ ਤੁਹਾਡੇ ਘੋੜ ਸਵਾਰ ਸਾਥੀ ਤੇ ਸ਼ਸਤਰਧਾਰੀ ਤੁਹਾਡਾ ਸਰੂਪ ਦੇਖ ਕੇ ਮੈਂ ਕਹਿ ਨਾ ਸਕੀ। ਤੁਸੀਂ ਚਾਰ ਕਦਮ ਜਾ ਚੁੱਕੇ ਸੀ। ਮੈਂ ਪਿੱਛੋਂ ਆਵਾਜ਼ ਕਿਵੇਂ ਮਾਰਦੀ, ਇਕ ਹੋਰ ਬਦਸ਼ਗਨੀ ਕਿਵੇਂ ਕਰਦੀ। ਮੈਂ ਕੋਠੇ 'ਤੇ ਚੜ੍ਹ ਕੇ ਤੁਹਾਨੂੰ ਦੂਰ ਤਕ ਪਿੱਛੋਂ ਦੇਖਦੀ ਰਹੀ। ਤੁਹਾਡੀ ਸਫਲਤਾ ਤੇ ਸੁਰੱਖਿਅਤ ਵਾਪਸੀ ਲਈ ਅਰਦਾਸ ਕਰਦੀ ਰਹੀ ਤੇ ਸੁਖਣਾਂ ਸੁਖਦੀ ਰਹੀ। ਤੁਹਾਡੇ ਘੋੜੇ ਦੂਰ ਨਿਕਲ ਗਏ। ਪਿੱਛੇ ਧੂੜ ਬੈਠ ਜਾਣ ਪਿੱਛੋਂ ਤੁਹਾਡੀ ਪਿੱਠ ਨਜ਼ਰ ਆ ਜਾਏ ਤੇ ਜਦੋਂ ਸਭ ਕੁਝ ਅੱਖਾਂ ਤੋਂ ਓਹਲੇ ਹੋ ਗਿਆ ਤਾਂ ਹੇਠਾਂ ਉਤਰ ਆਈ।"

"ਇਹਦੇ ਵਿਚ ਡਰਨ ਵਾਲੀ ਕਿਹੜੀ ਗੱਲ ਸੀ ?" ਕਰਮ ਸਿੰਘ ਨੇ ਟੋਕ ਕੇ ਪੁੱਛਿਆ, "ਜਦ ਇਸ ਰਾਹ ਤੁਰ ਹੀ ਪਏ ਹਾਂ ਤਾਂ ਯੁੱਧ ਵਿਚ ਜਾਣਾ ਹੀ ਪਵੇਗਾ। ਫ਼ੌਜ ਵਿਚ ਲੋਕ

ਨੌਕਰੀ ਤੇ ਤਨਖ਼ਾਹ ਲਈ ਭਰਤੀ ਹੁੰਦੇ ਹਨ। ਪਤਾ ਵੀ ਹੁੰਦਾ ਏ ਕਿ ਯੁੱਧ ਵਿਚ ਮੌਤ ਵੀ ਆ ਸਕਦੀ ਹੈ ਪਰ ਫਿਰ ਵੀ ਲੋਕ ਫ਼ੌਜ ਵਿਚ ਭਰਤੀ ਤਾਂ ਹੁੰਦੇ ਹੀ ਰਹਿੰਦੇ ਹਨ। ਮੈਂ ਕਹਿੰਦਾ ਹਾਂ ਕਿ ਯੁੱਧ ਵਿਚ ਜਾਣਾ ਕੋਈ ਮਾੜਾ ਨਹੀਂ। ਮਾੜਾ ਤਾਂ ਨਿਸ਼ਾਨਾ ਹੁੰਦਾ ਏ। ਜੇ ਅਸੀਂ ਕਿਸੇ ਦੂਜੇ ਦਾ ਹੱਕ ਮਾਰਨ ਲਈ ਜਾਂ ਆਪਣੀ ਰਾਜ ਦੀ ਹਵਸ ਲਈ ਯੁੱਧ ਲੜੀਏ ਤਾਂ ਮਾੜੀ ਗੱਲ ਏ, ਪਰ ਜੇਕਰ ਲੋਕਾਂ ਲਈ, ਇਨਸਾਫ਼ ਲਈ ਤੇ ਲਿਤਾੜੇ ਵਰਗ ਦਾ ਸਾਥ ਦਿੰਦਿਆਂ ਯੁੱਧ ਵਿਚ ਜੂਝੀਏ ਤਾਂ ਇਹ ਧਰਮ ਏ, ਸਾਡਾ ਫ਼ਰਜ਼ ਏ ਤੇ ਅਸੀਂ ਖ਼ੁਸ਼ਕਿਸਮਤ ਹਾਂ। ਹਾਂ, ਅੱਗੋਂ ਕੀ ਹੋਇਆ ? ਤੇਰੀ ਚੀਕ ਕਿਸ ਗੱਲ ਤੋਂ ਨਿਕਲੀ ?"

"ਫਿਰ ਤੁਸੀਂ ਸੁਪਨੇ ਵਿਚ ਯੁੱਧ ਕਰਕੇ ਜ਼ਖ਼ਮੀ ਹੋ ਗਏ," ਦੀਪ ਕੌਰ ਨੇ ਦੱਸਿਆ।

"ਤੈਨੂੰ ਕਿਵੇਂ ਪਤਾ ਲੱਗਾ ?" ਕਰਮ ਸਿੰਘ ਨੇ ਮੁਸਕਰਾਂਦਿਆਂ ਪੁੱਛਿਆ। ਉਹਦੇ ਪ੍ਰਸ਼ਨ ਕਰਨ ਦੇ ਢੰਗ ਤੋਂ ਹੀ ਜਾਪਦਾ ਸੀ ਕਿ ਉਹ ਗੰਭੀਰਤਾ ਨਾਲ ਸੁਪਨਾ ਨਹੀਂ ਸੁਣ ਰਿਹਾ, ਸਗੋਂ ਹਲਕੇ-ਫੁਲਕੇ ਵਾਤਾਵਰਣ ਨੂੰ ਲਿਆਉਣ ਦਾ ਯਤਨ ਕਰ ਰਿਹਾ ਏ। ਉਹਨੇ ਕਿਹਾ, "ਤੂੰ ਤੇ ਘਰ ਸੀ। ਯੁੱਧ ਕਿਧਰੇ ਦੂਰ ਹੋਏਗਾ। ਕੋਠੇ ਤੋਂ ਦਿਸਦਾ ਨਹੀਂ ਹੋਏਗਾ ?"

"ਮੈਨੂੰ ਕਿਸੇ ਆ ਕੇ ਦੱਸਿਆ," ਦੀਪ ਕੌਰ ਸੁਪਨਾ ਸੁਣਾਈ ਜਾ ਰਹੀ ਸੀ, "ਮੈਂ ਦੌੜੀ, ਬੜਾ ਦੌੜੀ, ਨਿੱਕੇ ਹੁੰਦਿਆਂ ਵੀ ਕਦੇ ਇਤਨੀ ਨਹੀਂ ਦੌੜੀ ਹੋਵਾਂਗੀ। ਮੈਂ ਕਾਫ਼ੀ ਦੌੜ ਕੇ ਥੱਕੀ ਵੀ ਨਾ। ਅੱਗੋਂ ਇਕ ਸਿੰਘ ਮਿਲ ਪਿਆ। ਉਹਨੇ ਮੈਨੂੰ ਪੁੱਛਿਆ ਕਿ ਮੈਂ ਕੌਣ ਹਾਂ। ਮੈਂ ਤੁਹਾਡਾ ਨਾਮ ਲਿਆ। ਉਹਨੇ ਝੱਟ ਘੋੜੇ 'ਤੇ ਆਪਣੇ ਪਿੱਛੇ ਬਿਠਾ ਲਿਆ ਤੇ ਕਹਿਣ ਲੱਗਾ, 'ਜਥੇਦਾਰ ਕਰਮ ਸਿੰਘ ਨੂੰ ਯੁੱਧ ਵਿਚ ਬੜੇ ਘਾਉ ਲੱਗੇ ਹਨ ਤੇ ਉਹ ਤੁਹਾਨੂੰ ਯਾਦ ਕਰ ਰਿਹਾ ਏ।' "

"ਬਿਲਕੁਲ ਗ਼ਲਤ, ਇਹ ਨਹੀਂ ਹੋ ਸਕਦਾ," ਕਰਮ ਸਿੰਘ ਮੁੜ ਗੱਲ ਵਿਚ ਟੋਕ ਕੇ ਬੋਲਿਆ, "ਮੈਂ ਪਹਿਲੀ ਗੱਲ ਠੀਕ ਮੰਨ ਸਕਦਾ ਹਾਂ ਪਰ ਸੂਰਮਾ ਕਦੇ ਵੀ ਰਣ-ਭੂਮੀ ਵਿਚ ਜ਼ਖ਼ਮੀ ਹੋ ਕੇ ਇਉਂ ਨਹੀਂ ਸੋਚਦਾ। ਉਹ ਤਾਂ ਪ੍ਰਭੂ ਪਾਸ ਅਰਦਾਸ ਕਰਦਾ ਹੈ ਕਿ ਉਹ ਤੇ ਉਹਦੇ ਸਾਥੀ ਯੁੱਧ ਜਿੱਤ ਲੈਣ। ਜਾਂ ਫਿਰ ਅਕਾਲ ਪੁਰਖ ਤੋਂ ਆਪਣੇ ਜੀਵਨ ਵਿਚ ਕੀਤੀਆਂ ਗ਼ਲਤੀਆਂ ਦੀ ਮਾਫ਼ੀ ਮੰਗਦਾ ਹੈ। ਸਿਖ ਤਾਂ ਇਸ ਸਮੇਂ ਗੁਰੂ-ਚਰਨਾਂ ਵਿਚ ਪਹੁੰਚਣ ਦੀ ਕਾਮਨਾ ਕਰ ਸਕਦਾ ਹੈ।"

"ਤੁਸੀਂ ਗੱਲ ਨੂੰ ਹੋਰ ਪਾਸੇ ਲੈ ਗਏ ਹੋ," ਦੀਪ ਕੌਰ ਨੇ ਕਿਹਾ, "ਇਹ ਸੱਚਮੁੱਚ ਥੋੜ੍ਹਾ-ਵਾਪਰਿਆ ਏ, ਇਹ ਸੁਪਨਾ ਏ ਜੋ ਹੁਣ ਖ਼ਤਮ ਹੋ ਚੁੱਕਿਆ ਏ।"

"ਤੂੰ ਸੁਪਨੇ ਵਿਚ ਵੀ ਮੇਰੇ ਅੰਦਰ ਅਜਿਹੀ ਕਮਜ਼ੋਰੀ ਕਿਉਂ ਅਨੁਭਵ ਕੀਤੀ ?" ਕਰਮ ਸਿੰਘ ਨੇ ਕਿਹਾ।

"ਮੇਰੇ ਵੱਸ ਥੋੜ੍ਹਾ ਏ," ਦੀਪ ਕੌਰ ਬੋਲੀ, "ਮੇਰੇ ਵੱਸ ਹੁੰਦਾ ਤਾਂ ਸੁਪਨੇ ਵਿਚ ਵੀ ਤੁਹਾਨੂੰ ਨਾ ਤੋਰਦੀ। ਅੱਗੇ ਜੋ ਕੁਝ ਸੁਪਨੇ ਵਿਚ ਦੇਖਿਆ, ਉਹ ਮੈਂ ਬਿਆਨ ਹੀ ਨਹੀਂ ਕਰ ਸਕਦੀ।"

"ਹੁਣ ਦੱਸਣਾ ਤਾਂ ਪਏਗਾ," ਕਰਮ ਸਿੰਘ ਨੇ ਮੁੜ ਪਿਆਰ ਨਾਲ ਕੰਡ 'ਤੇ ਥਾਪੀ ਦਿੰਦਿਆਂ ਕਿਹਾ।

"ਯੁੱਧ ਖ਼ਤਮ ਹੋ ਚੁੱਕਿਆ ਸੀ," ਦੀਪ ਕੌਰ ਨੇ ਦੱਸਿਆ, "ਅਸੀਂ ਇਕ ਅਜਿਹੀ ਥਾਂ ਪਹੁੰਚ ਗਏ, ਜਿਥੇ ਸਿੰਘਾਂ ਨੇ ਸਾਰੇ ਫੱਟੜਾਂ ਨੂੰ ਇਕੱਠੇ ਕਰ ਕੇ ਮਰ੍ਹਮ ਪੱਟੀ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਉਥੇ ਕਈ ਸਿੰਘ ਲਿਟਾਏ ਹੋਏ ਸਨ।"

"ਚਲੋ ਇਹ ਚੰਗਾ ਹੋਇਆ," ਕਰਮ ਸਿੰਘ ਨੇ ਤੁਰਤ ਪ੍ਰਭਾਵ ਪ੍ਰਗਟ ਕੀਤਾ, "ਹਾਰੇ ਹੋਏ ਤਾਂ ਆਪਣੇ ਫੱਟੜਾਂ ਤੇ ਮਰਿਆਂ ਨੂੰ ਮੈਦਾਨਿ-ਯੁੱਧ ਵਿਚ ਹੀ ਛੱਡ ਜਾਂਦੇ ਹਨ। ਜਿੱਤੇ ਹੋਏ ਹੀ ਸੰਭਾਲਦੇ ਹਨ। ਸਿੰਘਾਂ ਦੇ ਫੱਟੜਾਂ ਨੂੰ ਸੰਭਾਲਣ ਤੋਂ ਹੀ ਸਪੱਸ਼ਟ ਹੈ ਕਿ ਯੁੱਧ ਵਿਚ

ਸਿੰਘ ਹੀ ਜਿੱਤੇ ਸਨ। ਹਾਂ, ਫਿਰ ਅੱਗੋਂ ਕੀ ਦੇਖਿਆ ?"

"ਤੁਸੀਂ ਵੀ ਫੱਟੜਾਂ ਵਿਚ ਪਏ ਸੀ," ਇਹ ਕਹਿੰਦਿਆਂ ਦੀਪ ਕੌਰ ਦਾ ਦਿਲ ਮੁੜ ਤੇਜ਼ੀ ਨਾਲ ਧੜਕਣ ਲੱਗ ਪਿਆ। ਉਹਨੇ ਅੱਗੋਂ ਦੇਖੀ ਗੱਲ ਦੱਸਣ ਤੋਂ ਮੁੜ ਸੰਕੋਚ ਕੀਤਾ ਅਤੇ ਚੁੱਪ ਕਰ ਗਈ।

"ਗੱਲ ਛੇਤੀ ਮੁਕਾ," ਕਰਮ ਸਿੰਘ ਨੇ ਕਾਹਲੇ ਪੈਂਦਿਆਂ ਕਿਹਾ। ਪਰ ਉਹਦੇ ਕਹਿਣ ਢੰਗ ਤੋਂ ਜਾਪਦਾ ਸੀ ਕਿ ਉਹ ਸਮਝ ਗਿਆ ਹੈ ਕਿ ਅੱਗੋਂ ਸੁਪਨਾ ਕੀ ਸੀ।

"ਬੱਸ, ਤੁਹਾਡੀ ਬੁਰੀ ਹਾਲਤ ਦੇਖ ਕੇ ਮੇਰੀਆਂ ਚੀਕਾਂ ਨਿਕਲ ਗਈਆਂ," ਦੀਪ ਕੌਰ ਨੇ ਗੱਲ ਖ਼ਤਮ ਕਰਦਿਆਂ ਦੱਸਿਆ, "ਪਤਾ ਨਹੀਂ ਸੁੱਤੀ ਪਈ ਦੀਆਂ ਚੀਕਾਂ ਨੇ ਕਿਵੇਂ ਮੇਰੀ ਜਾਗ ਖੋਲ੍ਹ ਦਿੱਤੀ ਤੇ ਤੁਹਾਨੂੰ ਵੀ ਸੁਪਨੇ ਦੀਆਂ ਚੀਕਾਂ ਦੀ ਆਵਾਜ਼ ਜਾ ਸੁਣਾਈ ਦਿੱਤੀ ਏ।"

"ਸਾਰਾ ਸੁਪਨਾ ਸੱਚ ਸੱਚ ਸੁਣਾ ਕੇ ਅਖ਼ੀਰ 'ਤੇ ਤੂੰ ਝੂਠ ਬੋਲ ਦਿੱਤਾ ਏ," ਕਰਮ ਸਿੰਘ ਨੇ ਕਿਹਾ, "ਮੈਨੂੰ ਫੱਟੜ ਦੇਖ ਕੇ ਨਹੀਂ, ਸ਼ਹੀਦ ਹੋਇਆ ਦੇਖ ਕੇ ਤੇਰੀਆਂ ਚੀਕਾਂ ਨਿਕਲੀਆਂ। ਝੱਲੀਏ, ਸ਼ਹੀਦੀ ਅਵਸਰ ਤਾਂ ਭਾਗਾਂ ਵਾਲਿਆਂ ਨੂੰ ਮਿਲਦਾ ਏ। ਮਰਨਾ ਤਾਂ ਹਰ ਕਿਸੇ ਨੇ ਏ। ਕੋਈ ਅੱਜ, ਕੋਈ ਕੱਲ੍ਹ। ਜਦ ਦੁਨੀਆਂ ਵਿਚ ਸਦਾ ਕੋਈ ਨਹੀਂ ਰਹਿ ਸਕਦਾ, ਫਿਰ ਕਿਉਂ ਨਾ ਅਜਿਹੀ ਮੌਤ ਮਰੀਏ ਜੋ ਜੀਵਨ ਲੇਖੇ ਲੱਗ ਜਾਏ। ਇਸ ਲਈ ਅੱਗੋਂ ਜੀਵਨ ਕਾਲ ਵਿਚ ਜੇ ਕਦੇ ਅਜਿਹਾ ਅਵਸਰ ਆ ਜਾਏ ਤਾਂ ਚੀਕਾਂ ਮਾਰਨ ਤੇ ਰੋਣ ਨਾਲੋਂ ਪ੍ਰਭੂ ਪਰਮਾਤਮਾ ਦਾ ਧੰਨਵਾਦ ਕਰਨਾ ਚਾਹੀਦਾ ਏ।"

"ਇਹ ਸਾਰੀਆਂ ਆਦਰਸ਼ਕ ਗੱਲਾਂ ਨੇ," ਦੀਪ ਕੌਰ ਨੇ ਉੱਤਰ ਦਿੱਤਾ, "ਕਹਿਣ ਨੂੰ ਸੌਖੀਆਂ ਨੇ ਪਰ ਅਸਲ ਵਿਚ ਅਤਿ ਔਖੀਆਂ। ਕੋਈ ਔਰਤ ਕਿਵੇਂ ਆਪਣੇ ਸਿਰ ਦੇ ਸਾਈਂ ਦੀ ਅਜਿਹੀ ਹਾਲਤ ਦੇਖ ਕੇ ਬਰਦਾਸ਼ਤ ਕਰ ਸਕਦੀ ਏ। ਤੁਸੀਂ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚੋਂ ਆਪ ਹੀ ਸੁਣਾਂਦੇ ਹੁੰਦੇ ਹੋ ਕਿ 'ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ। ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।' ਮੈਂ ਵੀ ਤੁਹਾਡੇ ਪਿੱਛੋਂ ਨਹੀਂ, ਤੁਹਾਡੇ ਤੋਂ ਪਹਿਲਾਂ ਮਰਨਾ ਚਾਹੁੰਦੀ ਹਾਂ।"

"ਤੈਨੂੰ ਵੀ ਬਾਣੀ ਦੇ ਅਰਥ ਆਪਣੇ ਮਤਲਬ ਲਈ ਕੱਢਣੇ ਤੇ ਵਰਤਣੇ ਆ ਗਏ ਨੇ," ਕਰਮ ਸਿੰਘ ਨੇ ਕਿਹਾ, "ਜੀਵਨ ਵਿਚ ਬੜੇ ਬੜੇ ਸੰਕਟ ਆਉਂਦੇ ਨੇ ਤੇ ਉਨ੍ਹਾਂ ਦਾ ਟਾਕਰਾ ਬਹਾਦਰੀ ਨਾਲ ਕੀਤਿਆਂ ਹੀ ਗੁਜ਼ਾਰਾ ਹੁੰਦਾ ਏ। ਦੁਖ ਨੂੰ ਘੱਟ ਕਰਨ ਦੇ ਯਤਨ ਕਰੀਏ ਤਾਂ ਉਹ ਘਟ ਜਾਂਦਾ ਏ ਤੇ ਜੇਕਰ ਦੁਖ ਨੂੰ ਬਹੁਤਾ ਮਹਿਸੂਸ ਕਰੀਏ ਤਾਂ ਦੁਖ ਹੋਰ ਵਧੇਰੇ ਤੇ ਵਡੇਰਾ ਹੁੰਦਾ ਜਾਂਦਾ ਏ।" ਦੋਵੇਂ ਕਾਫ਼ੀ ਦੇਰ ਬੈਠੇ ਗੱਲਾਂ ਕਰਦੇ ਰਹੇ। ਅੰਮ੍ਰਿਤ ਵੇਲਾ ਹੋ ਗਿਆ, ਜਥੇਦਾਰ ਕਰਮ ਸਿੰਘ ਉੱਠ ਕੇ ਬਾਹਰ ਜੰਗਲ ਪਾਣੀ ਚਲਾ ਗਿਆ। ਆਉਂਦੀ ਵਾਰ ਉਹ ਖੂਹ ਤੋਂ ਦਾਤਣ ਕਰਨ ਪਿੱਛੋਂ ਇਸ਼ਨਾਨ ਕਰ ਕੇ ਘਰ ਆ ਗਿਆ ਤੇ ਨਿਤਨੇਮ ਦੇ ਪਾਠ ਲਈ ਬੈਠ ਗਿਆ।

ਦੀਪ ਕੌਰ ਸਵੇਰੇ ਉੱਠੀ ਤਾਂ ਉਹਨੂੰ ਉਬੱਤ ਆਉਣ ਲੱਗ ਪਏ। ਉਹਨੂੰ ਇਉਂ ਲੱਗਾ ਜਿਵੇਂ ਉਲਟੀ ਆਏਗੀ। ਉਹਦੇ ਅੰਦਰੋਂ ਕੁਝ ਬਾਹਰ ਨਿਕਲਣਾ ਚਾਹੁੰਦਾ ਹੈ, ਪਰ ਜਦ ਵੀ ਉਹਨੇ ਯਤਨ ਕੀਤਾ, ਕੁਝ ਵੀ ਬਾਹਰ ਨਹੀਂ ਸੀ ਨਿਕਲ ਰਿਹਾ। ਉਹਦਾ ਜੀਅ ਬੜਾ ਕੱਚਾ ਕੱਚਾ ਹੋ ਰਿਹਾ ਸੀ, ਪਰ ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਅਜਿਹਾ ਕਿਉਂ ਹੋ ਰਿਹਾ ਹੈ। ਉਹਨੇ ਪਹਿਲਾਂ ਤਾਂ ਇਹੀ ਖ਼ਿਆਲ ਕੀਤਾ ਕਿ ਰਾਤ ਸੁਪਨੇ ਕਾਰਨ ਘਬਰਾ ਜਾਣ 'ਤੇ ਉਹਦੇ ਮਿਹਦੇ ਵਿਚ ਨੁਕਸ ਪੈ ਗਿਆ ਹੈ, ਪਰ ਜਦੋਂ ਦੋ-ਚਾਰ ਵਾਰ ਉਬੱਤਣ 'ਤੇ ਵੀ ਉਲਟੀ ਨਾ ਆਈ ਤਾਂ ਉਹ ਘਬਰਾ ਗਈ। ਉਹਦੇ ਉਬੱਤਣ ਦੀ ਆਵਾਜ਼ ਸੁਣ ਕੇ ਉਹਦੀ ਸੱਸ,

ਕਰਮ ਸਿੰਘ ਦੀ ਮਾਂ ਦੌੜ ਕੇ ਆਈ ਤੇ ਉਹਨੇ ਕਿਹਾ, "ਕੁੜੀਏ, ਉਲਟੀ ਕਰਨ ਲਈ ਜ਼ੋਰ ਕਿਉਂ ਲਾ ਰਹੀ ਏਂ ?"

"ਮਾਂ ਜੀ, ਪਤਾ ਨਹੀਂ ਮੈਨੂੰ ਕੀ ਹੋ ਗਿਆ ਏ ?" ਦੀਪ ਕੌਰ ਨੇ ਦੱਸਿਆ, "ਰਾਤ ਤਾਂ ਮੈਂ ਬਿਲਕੁਲ ਠੀਕ-ਠਾਕ ਸੁੱਤੀ ਸਾਂ, ਪਰ ਅੱਜ ਸਵੇਰੇ ਉਠਦਿਆਂ ਹੀ ਪਤਾ ਨਹੀਂ ਕੀ ਹੋ ਗਿਆ ਏ। ਉਲਟੀ ਆਉਣ ਨੂੰ ਪੈਂਦੀ ਏ, ਪਰ ਆਉਂਦੀ ਨਹੀਂ। ਜੀਅ ਕੱਚਾ ਹੋ ਰਿਹਾ ਏ। ਅਜਿਹਾ ਅੱਗੇ ਤਾਂ ਕਦੇ ਨਹੀਂ ਹੋਇਆ।"

"ਤੂੰ ਅਜੇ ਅੰਵਾਣੀ ਬਾਲੜੀ ਏਂ," ਮਾਂ ਨੇ ਪਿਆਰ ਨਾਲ ਉਹਦੀਆਂ ਗਲ੍ਹਾਂ ਨੂੰ ਥਪਕਦਿਆਂ ਕਿਹਾ, "ਇਹ ਤਾਂ ਵਧਾਈਆਂ ਵਾਲੀ ਗੱਲ ਏ। ਤੂੰ ਮਾਂ ਬਣਨ ਵਾਲੀ ਹੋ ਗਈ ਏਂ। ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਏ ਜਿਸ ਸਾਡੇ ਵਿਹੜੇ ਦੀ ਰੌਣਕ ਲਈ ਸਾਨੂੰ ਬਾਲ ਬਖ਼ਸ਼ਣ ਦਾ ਇਸ਼ਾਰਾ ਕੀਤਾ ਏ।" ਦੀਪ ਕੌਰ ਸ਼ਰਮਾ ਗਈ। ਉਹਨੂੰ ਇਹ ਬਿਲਕੁਲ ਨਹੀਂ ਸੀ ਪਤਾ ਕਿ ਗਰਭਵਤੀ ਔਰਤਾਂ ਦੇ ਅੰਦਰ ਆਉਂਦੀ ਤਬਦੀਲੀ ਦਾ ਇਹ ਸੰਕੇਤ ਹੁੰਦਾ ਹੈ। ਅਸਲ ਵਿਚ ਉਹਦੇ ਪੇਕੇ ਘਰ ਵਿਚ ਕੋਈ ਵੱਡਾ ਭਰਾ ਨਹੀਂ ਸੀ, ਜਿਸ ਦਾ ਵਿਆਹ ਇਹਨੇ ਦੇਖਿਆ ਹੋਵੇ ਤੇ ਭਰਜਾਈ ਦੇ ਇਸ ਦਸ਼ਾ ਵਿਚੋਂ ਲੰਘਣ ਦਾ ਅਨੁਭਵ ਹੋਵੇ। ਉਹਨੂੰ ਅੱਜ ਮਹਿਸੂਸ ਹੋਇਆ ਕਿ ਜਿਹੜੀਆਂ ਕੁੜੀਆਂ ਦੇ ਪੇਕੇ ਘਰ ਵਿਚ ਪਹਿਲਾਂ ਵਿਆਹੀਆਂ ਮੁਟਿਆਰਾਂ ਹੋਣ, ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ।

"ਲੈ, ਮੈਂ ਤੈਨੂੰ ਇਕ ਘਰ ਵਿਚ ਬਣਾਈ ਫੱਕੀ ਦਿੰਦੀ ਹਾਂ," ਮਾਂ ਨੇ ਕਿਹਾ ਤੇ ਦੂਜੇ ਕਮਰੇ ਵਿਚ ਜਾ ਕੇ ਇਕ ਪੋਟਲੀ ਵਿਚ ਬੰਨ੍ਹੀ ਹੋਈ ਫੱਕੀ ਲੈ ਆਈ ਤੇ ਪਾਣੀ ਦਾ ਛੰਨਾ ਫੜਾ ਕੇ ਕਿਹਾ ਕਿ ਇਹ ਖਾ ਲੈ। ਦੀਪ ਕੌਰ ਦੀ ਇਕ ਕਮਜ਼ੋਰੀ ਸੀ ਕਿ ਉਹ ਕੌੜੀ ਦਵਾਈ ਖਾਣ ਤੋਂ ਹਮੇਸ਼ਾ ਕਤਰਾਂਦੀ ਸੀ। ਉਹਦੀ ਮਾਂ ਜਦੋਂ ਵੀ ਘਰ ਵਿਚ ਨਿੰਮ ਘੋਟਦੀ ਤੇ ਬੱਚਿਆਂ ਨੂੰ ਫੋੜੇ ਫਿੰਨਸੀਆਂ ਤੋਂ ਬਚਾਉਣ ਲਈ ਦਿੰਦੀ ਤਾਂ ਦੀਪੋ ਕਦੇ ਵੀ ਨਿੰਮ ਨਹੀਂ ਸੀ ਪੀ ਸਕਦੀ। ਉਹਨੂੰ ਉਲਟੀ ਆ ਜਾਂਦੀ ਤੇ ਉਸ ਨਾਲ ਪਹਿਲਾਂ ਦਾ ਖਾਧਾ-ਪੀਤਾ ਵੀ ਨਿਕਲ ਜਾਂਦਾ। ਫਿਰ ਉਹ ਮਾਂ ਕੋਲੋਂ ਲੈ ਕੇ ਰੱਖ ਲੈਂਦੀ ਤੇ ਜਦੋਂ ਵਕਤ ਮਿਲਦਾ, ਉਹਨੂੰ ਡੋਲ੍ਹ ਦਿੰਦੀ। ਹੁਣ ਉਹ ਆਪਣੇ ਆਪ ਨੂੰ ਔਖੀ ਥਾਂ ਫਸੀ ਹੋਈ ਮਹਿਸੂਸ ਕਰ ਰਹੀ ਸੀ। ਮਾਂ ਨੂੰ ਤਾਂ ਖੁੱਲ੍ਹ ਕੇ ਕਹਿ ਸਕਦੀ ਸੀ ਪਰ ਸੱਸ ਨੂੰ ਕਹਿਣਾ ਔਖਾ ਸੀ। ਉਹ ਸੋਚ ਰਹੀ ਸੀ ਕਿ ਇਹ ਵੀ ਕਿਧਰੇ ਨਿੰਮ ਵਰਗੀ ਕੌੜੀ ਨਾ ਹੋਵੇ ਪਰ ਸੱਸ ਨੇ ਝੱਟ ਉਹਦੇ ਮਨ ਦਾ ਭਾਰ ਹੌਲਾ ਕਰ ਦਿੱਤਾ ਤੇ ਕਿਹਾ, "ਘਬਰਾ ਨਾ। ਇਹ ਕੌੜੀ ਨਹੀਂ। ਇਹਦਾ ਸਵਾਦ ਅਜਿਹਾ ਏ ਕਿ ਜੀਅ ਕੱਚਾ ਹੋਣੋਂ ਵੀ ਹਟ ਜਾਏਗਾ ਤੇ ਉਥੱਤ ਵੀ ਨਹੀਂ ਆਉਣਗੇ।"

ਸੱਚਮੁੱਚ ਦੀਪ ਕੌਰ ਨੇ ਉਹ ਫੱਕੀ ਮੂੰਹ ਵਿਚ ਸੁੱਟ ਕੇ ਉੱਤੋਂ ਪਾਣੀ ਦੇ ਦੋ ਘੁੱਟ ਭਰ ਲਏ। ਉਪਰੋਂ ਕਰਮ ਸਿੰਘ ਵੀ ਬਾਹਰਲੇ ਕਮਰੇ ਤੋਂ ਪਾਠ ਕਰ ਕੇ ਆ ਗਿਆ ਤੇ ਮਾਂ ਨੂੰ ਦੇਖ ਕੇ ਕਹਿਣ ਲੱਗਾ, "ਬੜੀਆਂ ਗੂੜ੍ਹ-ਗਿਆਨ ਦੀਆਂ ਗੱਲਾਂ ਹੋ ਰਹੀਆਂ ਨੇ। ਮੈਨੂੰ ਵੀ ਤਾਂ ਪਤਾ ਲੱਗੇ।"

"ਤੈਨੂੰ ਵੀ ਪਤਾ ਲੱਗ ਜਾਏਗਾ," ਮਾਂ ਨੇ ਕਿਹਾ, "ਵਧਾਈਆਂ ਵਾਲੀਆਂ ਗੱਲਾਂ ਛੁਪੀਆਂ ਨਹੀਂ ਰਹਿੰਦੀਆਂ।"

"ਹੈਂ, ਕਾਹਦੀਆਂ ਵਧਾਈਆਂ!" ਕਰਮ ਸਿੰਘ ਨੇ ਮਾਂ ਦੀ ਗੱਲ ਨੂੰ ਤੁਰਤ ਫੜਦਿਆਂ ਕਿਹਾ। ਉਹਨੂੰ ਵੀ ਨਹੀਂ ਸੀ ਪਤਾ ਕਿ ਅਸਲ ਗੱਲ ਕੀ ਏ। ਦੀਪ ਕੌਰ ਸ਼ਰਮਾ ਗਈ। ਉਹਨੇ ਆਪਣਾ ਸਿਰ ਗੋਡਿਆਂ ਵਿਚ ਦੇ ਲਿਆ। ਇਕ ਪਾਸੇ ਉਹਦੇ ਚਿਹਰੇ 'ਤੇ ਸ਼ਰਮ ਤੇ ਹਯਾ ਦੀ ਲਾਲੀ ਸੀ ਤੇ ਦੂਜੇ ਪਾਸੇ ਮਾਂ ਬਣਨ ਦੀ ਖ਼ੁਸ਼ੀ। ਉਹ ਦਿਲੋਂ ਚਾਹੁੰਦੀ ਸੀ ਕਿ

ਮਾਂ ਕਰਮ ਸਿੰਘ ਨੂੰ ਇਹ ਖ਼ੁਸ਼ਖ਼ਬਰੀ ਨਾ ਦੱਸੇ, ਸਗੋਂ ਕਿਸੇ ਵੇਲੇ ਦੀਪ ਕੌਰ ਹੀ ਉਹਨੂੰ ਇਹਦੀ ਸੂਚਨਾ ਦੇਵੇ।

"ਚੰਗਾ ਕੁੜੀਏ, ਤੂੰ ਅੱਜ ਤੋਂ ਕੋਈ ਭਾਰ ਨਹੀਂ ਚੁੱਕਣਾ। ਭਾਰਾ ਮੰਜਾ ਅੰਦਰ-ਬਾਹਰ ਨਹੀਂ ਕਰਨਾ। ਬੜੇ ਧਿਆਨ ਨਾਲ ਤੁਰਨਾ ਤੇ ਰਹਿਣਾ ਪਵੇਗਾ। ਤਿਲਕਣ ਵਾਲੀ ਥਾਂ ਤੋਂ ਨਹੀਂ ਲੰਘਣਾ।" ਮਾਂ ਕਿਤਨਾ ਕੁਝ ਹੀ ਇਕੋ ਸਾਹੇ ਕਹਿ ਗਈ ਤੇ ਫਿਰ ਕਮਰੇ ਤੋਂ ਬਾਹਰ ਚਲੀ ਗਈ। ਮਾਂ ਦੇ ਜਾਣ ਪਿੱਛੋਂ ਕਰਮ ਸਿੰਘ ਨੇ ਪੁੱਛਿਆ, "ਮੈਨੂੰ ਸਮਝ ਨਹੀਂ ਆਈ, ਗੱਲ ਕੀ ਏ। ਮਾਂ ਨੇ ਪਹਿਲਾਂ ਵਧਾਈਆਂ ਦੀ ਗੱਲ ਕੀਤੀ ਤੇ ਪਿੱਛੋਂ ਜਾਣ ਲੱਗਿਆਂ ਤੈਨੂੰ ਕਿਤਨਾ ਕੁਝ ਕਹਿ ਗਈ ਏ। ਇਉਂ ਹਦਾਇਤਾਂ ਅੱਗੇ ਤਾਂ ਉਹਨੇ ਕਦੇ ਨਹੀਂ ਦਿੱਤੀਆਂ। ਗੱਲ ਕੀ ਏ, ਮੈਨੂੰ ਦੱਸਦੀ ਕਿਉਂ ਨਹੀਂ।"

"ਅਜੇ ਗੱਲ ਦੱਸਣ ਵਾਲੀ ਨਹੀਂ," ਦੀਪ ਕੌਰ ਨੇ ਸਿਰ ਉੱਚਾ ਚੁੱਕ ਕੇ ਉੱਤਰ ਦਿੱਤਾ, "ਸਮਾਂ ਆਉਣ 'ਤੇ ਤੁਹਾਨੂੰ ਸਭ ਕੁਝ ਪਤਾ ਲੱਗ ਜਾਏਗਾ।"

ਕਰਮ ਸਿੰਘ ਮੰਜੇ 'ਤੇ ਉਹਦੇ ਕੋਲ ਹੀ ਬੈਠ ਗਿਆ ਤੇ ਪਿਆਰ ਨਾਲ ਉਹਨੂੰ ਗਲਵਕੜੀ ਵਿਚ ਲੈ ਕੇ ਕਹਿਣ ਲੱਗਾ, "ਕਿਉਂ ਅਜੇ ਦੱਸਣ ਵਾਲੀ ਨਹੀਂ। ਸਮਾਂ ਆਉਣ 'ਤੇ ਕਿਉਂ ਦੱਸੋਗੇ? ਮੈਨੂੰ ਬੁਝਾਰਤਾਂ ਨਾ ਪਾਈ ਜਾਓ। ਦੱਸ, ਗੱਲ ਕੀ ਏ?"

"ਮੈਂ ਤੁਹਾਡੇ ਬੱਚੇ ਦੀ ਮਾਂ ਬਣਨ ਵਾਲੀ ਆਂ," ਇਹ ਕਹਿੰਦਿਆਂ ਦੀਪ ਕੌਰ ਨੇ ਆਪਣਾ ਸਿਰ ਉਹਦੇ ਮੋਢਿਆਂ 'ਤੇ ਸੁੱਟ ਦਿੱਤਾ। ਉਹ ਸ਼ਰਮ ਦੇ ਮਾਰੇ ਅਜੇ ਵੀ ਕਰਮ ਸਿੰਘ ਦੀਆਂ ਅੱਖਾਂ ਵਿਚ ਝਾਕਣ ਦੀ ਦਲੇਰੀ ਨਹੀਂ ਸੀ ਕਰ ਰਹੀ।

"ਹੱਦ ਹੋ ਗਈ," ਕਰਮ ਸਿੰਘ ਨੇ ਖ਼ੁਸ਼ੀ ਨਾਲ ਉਹਨੂੰ ਨੇੜੇ ਕਰ ਕੇ ਘੁੱਟਦਿਆਂ ਕਿਹਾ, "ਇਹ ਗੱਲ ਦੱਸਣ ਦਾ ਸਮਾਂ ਹੁਣ ਈ ਏ, ਫਿਰ ਨਹੀਂ, ਪਰ ਤੁਹਾਨੂੰ ਕਿਵੇਂ ਪਤਾ ਲੱਗ ਗਿਆ ਏ। ਸਾਡੇ ਵਿਆਹ ਨੂੰ ਤਾਂ ਅਜੇ ਮਹੀਨਾ ਕੁ ਹੀ ਹੋਇਆ ਏ।"

"ਮੈਨੂੰ ਅੱਜ ਸਵੇਰੇ ਉਬੱਤ ਆਏ ਤੇ ਜੀਅ ਕੱਚਾ ਕੱਚਾ ਹੋਣ ਲੱਗ ਪਿਆ ਸੀ। ਮੈਨੂੰ ਕੀ ਪਤਾ ਅਜਿਹਾ ਕਿਉਂ ਹੁੰਦਾ ਏ। ਮਾਂ ਜੀ ਨੇ ਆ ਕੇ ਦੱਸਿਆ ਕਿ ਇਸ ਕਾਰਨ ਇਹ ਕੁਝ ਹੋ ਰਿਹਾ ਏ। ਉਹ ਫੱਕੀ ਵੀ ਦੇ ਗਏ ਹਨ। ਇਸੇ ਲਈ ਉਹ ਕਹਿ ਰਹੇ ਸਨ ਕਿ ਮੈਂ ਹੁਣ ਕੋਈ ਭਾਰ ਨਾ ਚੁਕਾਂ," ਦੀਪ ਕੌਰ ਨੇ ਸਾਰੀ ਗੱਲ ਖੋਲ੍ਹ ਕੇ ਦੱਸ ਦਿੱਤੀ।

"ਪਰ ਮੇਰੇ ਤੋਂ ਲੁਕਾਣ ਵਾਲੀ ਕਿਹੜੀ ਗੱਲ ਸੀ?" ਕਰਮ ਸਿੰਘ ਨੇ ਮੁੜ ਪੁੱਛਿਆ।

"ਮੈਨੂੰ ਤੇ ਬਹੁਤਾ ਕੁਝ ਪਤਾ ਨਹੀਂ," ਦੀਪ ਕੌਰ ਬੋਲੀ, "ਮਾਂ ਜੀ ਹੀ ਕਹਿੰਦੇ ਸਨ ਕਿ ਅਜੇ ਕਿਸੇ ਨਾਲ ਗੱਲ ਨਹੀਂ ਕਰਨੀ। ਆਪੇ ਚਾਰ ਪੰਜ ਮਹੀਨਿਆਂ ਤਕ ਸਭ ਨੂੰ ਪਤਾ ਲੱਗ ਜਾਏਗਾ। ਜ਼ਨਾਨੀਆਂ ਤੇ ਖ਼ਾਸ ਕਰਕੇ ਬੁੱਢੀਆਂ ਬਹੁਤ ਕਿਸਮ ਦੇ ਵਹਿਮ ਕਰਦੀਆਂ ਨੇ, ਇਥੇ ਨਹੀਂ ਜਾਣਾ, ਉਥੇ ਨਹੀਂ ਜਾਣਾ। ਕਿਸ ਤਰ੍ਹਾਂ ਦੇ ਲੋਕਾਂ ਦੇ ਮੱਥੇ ਲੱਗਣਾ ਏ, ਕਿਸ ਤਰ੍ਹਾਂ ਦੇ ਨਹੀਂ। ਮੇਰੇ ਲਈ ਤਾਂ ਇਹ ਸਭ ਨਵੀਆਂ ਗੱਲਾਂ ਨੇ।"

"ਮੈਂ ਵੀ ਸੁਣਿਆ ਹੋਇਆ ਏ ਕਿ ਇਨ੍ਹਾਂ ਦਿਨਾਂ ਵਿਚ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਏ," ਕਰਮ ਸਿੰਘ ਨੇ ਦੱਸਿਆ, "ਔਰਤ ਨੂੰ ਇਨ੍ਹਾਂ ਦਿਨਾਂ ਵਿਚ ਖ਼ੁਸ਼ ਰਹਿਣਾ ਚਾਹੀਦਾ ਏ। ਜੇਕਰ ਔਰਤ ਗੁੱਸੇ ਵਿਚ ਜਾਂ ਚਿੰਤਾ ਵਿਚ ਇਹ ਸਮਾਂ ਕੱਟੇ ਤਾਂ ਕਹਿੰਦੇ ਨੇ ਕਿ ਬੱਚੇ ਦੇ ਸੁਭਾਅ 'ਤੇ ਮਾੜਾ ਅਸਰ ਹੁੰਦਾ ਏ। ਚੰਗੇ ਖ਼ਿਆਲਾਂ ਨਾਲ ਨਰੋਏ ਬੱਚੇ ਹੁੰਦੇ ਨੇ। ਇਸ ਲਈ ਤੂੰ ਬਹੁਤਾ ਸਮਾਂ ਪਾਠ ਕਰਿਆ ਕਰ। ਚਿੰਤਾ, ਕਲਪਣਾ ਜਾਂ ਗੁੱਸੇ ਵਿਚ ਕਦੇ ਨਹੀਂ ਰਹਿਣਾ। ਮੈਂ ਕੁਝ ਦਿਨਾਂ ਤਕ ਜਥਾ ਲੈ ਕੇ ਅਨੰਦਪੁਰ ਜਾ ਰਿਹਾ ਹਾਂ। ਕੁਝ ਦਿਨ ਲੱਗ ਜਾਣਗੇ, ਤੂੰ ਚਿੰਤਾ ਨਹੀਂ ਕਰਨੀ ਤੇ ਖ਼ੁਸ਼ ਰਹਿਣਾ। ਵਾਹਿਗੁਰੂ ਸਭ ਭਲੀ ਕਰੇਗਾ।"

ਅਗਲੇ ਦਿਨ ਹੀ ਜਥੇ ਦੇ ਸਿੰਘ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਜਥੇਦਾਰ ਕਰਮ ਸਿੰਘ ਅਨੰਦਪੁਰ ਦੀ ਯਾਤਰਾ ਨੂੰ ਚਲਾ ਗਿਆ।

28

ਜਥੇਦਾਰ ਕਰਮ ਸਿੰਘ ਆਪਣੇ ਜਥੇ ਸਮੇਤ ਜਦ ਕਰਤਾਰਪੁਰ ਤੋਂ ਚੱਲਿਆ ਤਾਂ ਉਹਨੇ ਫ਼ੈਸਲਾ ਕਰ ਲਿਆ ਕਿ ਉਹ ਜਲੰਧਰ ਵਿਚੋਂ ਨਹੀਂ ਲੰਘੇਗਾ। ਸਗੋਂ ਬਾਹਰੋਂ ਬਾਹਰ ਲੰਘ ਕੇ ਫਗਵਾੜੇ ਨੇੜੇ ਪਲਾਹੀ ਪਹੁੰਚ ਗਿਆ। ਇਸ ਇਲਾਕੇ ਵਿਚ ਕਈ ਨੌਜਵਾਨ ਉਹਦੇ ਜਥੇ ਦੇ ਸਰਗਰਮ ਮੈਂਬਰ ਸਨ ਤੇ ਉਹ ਸਾਰੇ ਪਲਾਹੀ ਵਿਚ ਛੇਵੇਂ ਸਤਿਗੁਰੂ ਹਰਿਗੋਬਿੰਦ ਜੀ ਦੀ ਯਾਦ ਵਿਚ ਬਣੇ ਇਤਿਹਾਸਕ ਅਸਥਾਨ 'ਤੇ ਜੁੜੇ ਹੋਏ ਸਨ। ਉਨ੍ਹਾਂ ਫ਼ੈਸਲਾ ਕੀਤਾ ਕਿ ਰਸਤੇ ਵਿਚ ਉਨ੍ਹਾਂ ਇਤਿਹਾਸਕ ਅਸਥਾਨਾਂ 'ਤੇ ਜੁੜਿਆ ਜਾਏ, ਜੋ ਗੁਰਸਿੱਖਾਂ ਦੇ ਪ੍ਰਬੰਧ ਹੇਠ ਹਨ। ਜਿਥੇ ਕਿਧਰੇ ਵੀ ਸਮੇਂ ਦੀ ਹਕੂਮਤ ਨਾਲ ਸਹਿਯੋਗ ਕਰਨ ਵਾਲੇ ਚੌਧਰੀ ਹਨ, ਉਥੇ ਨਾ ਠਹਿਰਿਆ ਜਾਏ। ਹਾਕਮ ਕਦੇ ਨਹੀਂ ਚਾਹੁਣਗੇ ਕਿ ਅਸੀਂ ਅਨੰਦਪੁਰ ਜਾਈਏ, ਇਸ ਲਈ ਉਹ ਰਸਤੇ ਵਿਚ ਉਲਝਾਉਣਗੇ, ਐਵੇਂ ਛੇੜਖ਼ਾਨੀ ਕਰਵਾ ਕੇ ਸਾਡਾ ਧਿਆਨ ਹੋਰ ਪਾਸੇ ਲਾਣ ਦਾ ਯਤਨ ਕਰਨਗੇ। ਅਗਲਾ ਟਿਕਾਣਾ ਉਨ੍ਹਾਂ ਚਰਨ ਕੰਵਲ ਬੰਗਾ ਦੇ ਅਸਥਾਨ 'ਤੇ ਜਾ ਕੀਤਾ। ਇਥੋਂ ਤੁਰ ਕੇ ਦੁਆਬੇ ਦੇ ਨੀਮ ਪਹਾੜੀ ਖੇਤਰ ਵਿਚ ਦਾਖ਼ਲ ਹੋ ਕੇ ਘੱਟ ਵੱਸੋਂ ਵਾਲੇ ਖੇਤਰ ਵਿਚੋਂ ਲੰਘਦੇ, ਰਸਤੇ ਵਿਚ ਹੋਰ ਸਿੰਘਾਂ ਨੂੰ ਨਾਲ ਲੈਂਦੇ ਉਹ ਰੋਪੜ ਜਾ ਪਹੁੰਚੇ। ਇਥੇ ਵੀ ਨਗਰ ਤੋਂ ਬਾਹਰ ਭੱਠਾ ਉਹ ਇਤਿਹਾਸਕ ਅਸਥਾਨ ਸੀ, ਜੋ ਗੁਰੂ ਜੀ ਦੀ ਇਸ ਪਾਸੇ ਫੇਰੀ ਦੀ ਯਾਦਗਾਰ ਸੀ ਤੇ ਉਹ ਭੱਠਾ ਹੁਣ ਸਿੰਘਾਂ ਦੇ ਇਕੱਠ ਤੇ ਠਹਿਰਨ ਦਾ ਇਕ ਅੱਡਾ ਬਣ ਗਿਆ ਸੀ। ਇਥੇ ਜਥੇਦਰ ਕਰਮ ਸਿੰਘ ਦੇ ਪਹੁੰਚਣ ਤੋਂ ਪਹਿਲਾਂ ਕੁਝ ਸਿੰਘ ਪਹੁੰਚੇ ਹੋਏ ਸਨ। ਇਉਂ ਸਿੰਘਾਂ ਦੀ ਗਿਣਤੀ ਕੋਈ ਸੌ ਕੁ ਹੋ ਗਈ।

ਇਥੇ ਫ਼ੈਸਲਾ ਕੀਤਾ ਗਿਆ ਕਿ ਪਹਿਲਾਂ ਕੁਝ ਅਗਾਊਂ ਸੂਹੀਏ ਭੇਜੇ ਜਾਣ ਜੋ ਅਨੰਦਪੁਰ ਤੇ ਕੀਰਤਪੁਰ ਦੀ ਹਾਲਤ ਤੇ ਸਮਾਚਾਰ ਲਿਆ ਸਕਣ। ਇਹ ਪਤਾ ਲੱਗ ਜਾਏ ਕਿ ਅੱਜ-ਕੱਲ੍ਹ ਅਨੰਦਪੁਰ 'ਤੇ ਕਿਸ ਦਾ ਕਬਜ਼ਾ ਹੈ, ਉਥੇ ਕੋਈ ਫ਼ੌਜ ਜਾਂ ਲੜਾਕੂ ਦਸਤੇ ਹਨ ਕਿ ਨਹੀਂ। ਅਨੰਦਪੁਰ ਤੇ ਕੀਰਤਪੁਰ ਵਿਚ ਸਿੰਘ ਤੇ ਗੁਰੂ-ਘਰ ਦੇ ਸ਼ਰਧਾਲੂਆਂ ਦੀ ਕੀ ਹਾਲਤ ਹੈ। ਹਾਲਾਤ ਦੀ ਪੂਰੀ ਜਾਣਕਾਰੀ ਬਿਨਾ ਅਨੰਦਪੁਰ ਵਿਚ ਜਾ ਪਹੁੰਚਣਾ ਠੀਕ ਨਹੀਂ। ਇਸੇ ਭੱਠੇ 'ਤੇ ਸਿੰਘਾਂ ਦੇ ਦੀਵਾਨ ਲੱਗਣ ਲੱਗ ਪਏ। ਗੁਰੂ-ਘਰ ਦੇ ਸ਼ਰਧਾਲੂ ਸੁਣ ਕੇ ਰੋਪੜ ਤੋਂ ਇਥੇ ਆਉਣ ਲੱਗ ਪਏ। ਜਥੇਦਾਰ ਕਰਮ ਸਿੰਘ ਨੇ ਕਰਤਾਰਪੁਰ ਤੋਂ ਚੱਲ ਕੇ ਰੋਪੜ ਤਕ ਇਹੀ ਦੇਖਿਆ ਕਿ ਗੁਰੂ-ਘਰ ਲਈ ਜਨ-ਸਾਧਾਰਨ ਵਿਚ ਅਥਾਹ ਸ਼ਰਧਾ ਹੈ। ਲੋਕੀਂ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਵਿਚ ਜਾ ਕੇ ਦਿੱਤਾ ਬਲੀਦਾਨ ਯਾਦ ਕਰ ਕੇ ਹੁਣ ਵੀ ਅੱਖਾਂ ਭਰ ਲੈਂਦੇ ਹਨ। ਸਾਧਾਰਨ ਹਿੰਦੂ ਸਿਰ ਝੁਕਾਂਦੇ ਹਨ ਕਿ ਗੁਰੂ ਜੀ ਦੀ ਕੁਰਬਾਨੀ ਨਾਲ ਜ਼ੁਲਮ ਨੂੰ ਠੱਲ੍ਹ ਪੈ ਗਿਆ ਸੀ। ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਪਿੱਛੋਂ ਤਾਂ ਲੋਕ ਆਪਣੇ ਪ੍ਰਵਾਰ ਗੁਰੂ-ਘਰ ਲਈ ਵਾਰਨ ਲਈ ਤਿਆਰ ਹਨ। ਗੁਰੂ ਕੇ ਸਿੰਘਾਂ ਦੀ ਥਾਂ ਥਾਂ ਜਿਵੇਂ ਰੋਟੀ ਪਾਣੀ ਦੀ ਸੇਵਾ ਲੋਕਾਂ ਨੇ ਕੀਤੀ, ਉਸ ਤੋਂ ਆਸ ਬੱਝਦੀ ਸੀ ਕਿ ਸਿੰਘਾਂ ਦੇ ਹਰ ਸੰਘਰਸ਼ ਵਿਚ ਲੋਕ ਸਾਥ ਦੇਣਗੇ।

ਸੂਹੀਏ ਦੋ ਦਿਨਾਂ ਵਿਚ ਹੀ ਸਾਰੀ ਸੂਚਨਾ ਲੈ ਕੇ ਆ ਗਏ। ਉਨ੍ਹਾਂ ਆ ਕੇ ਦੱਸਿਆ

ਕਿ ਕੀਰਤਪੁਰ ਵਿਚ ਸਿੰਘਾਂ ਦਾ ਕੋਈ ਘਰ ਇਸ ਵੇਲੇ ਨਹੀਂ। ਗੁਰੂ ਜੀ ਦੇ ਅਨੰਦਪੁਰ ਛੱਡਣ ਪਿੱਛੋਂ ਕੁਝ ਤਾਂ ਹਾਕਮਾਂ ਨੇ ਸ਼ਹੀਦ ਕਰ ਦਿੱਤੇ ਤੇ ਕੁਝ ਕੀਰਤਪੁਰ ਛੱਡ ਕੇ ਸੁਰੱਖਿਅਤ ਟਿਕਾਣਿਆਂ 'ਤੇ ਚਲੇ ਗਏ ਹਨ। ਕੁਝ ਕੁ ਸੋਢੀਆਂ ਦੇ ਉਹ ਘਰ ਟਿਕੇ ਰਹੇ ਹਨ ਜੋ ਹਾਕਮਾਂ ਨਾਲ ਸਹਿਯੋਗ ਕਰਨ ਦੀਆਂ ਗੱਲਾਂ ਕਰਦੇ ਰਹੇ ਹਨ। ਹਾਕਮਾਂ ਨੇ ਵੀ ਇਹੀ ਨੀਤੀ ਅਪਣਾਈ ਹੈ ਕਿ ਗੁਰੂ ਜੀ ਦੀ ਨਿੱਜੀ ਸੰਪਤੀ ਇਨ੍ਹਾਂ ਹਕੂਮਤ ਦੇ ਸਮਰਥਕਾਂ ਦੇ ਹਵਾਲੇ ਕਰ ਦਿੱਤੀ ਜਾਏ। ਇਸੇ ਤਰ੍ਹਾਂ ਅਨੰਦਪੁਰ ਵਿਚ ਹੈ। ਗੁਰੂ ਜੀ ਦਾ ਰਿਹਾਇਸ਼ੀ ਮਕਾਨ ਤੇ ਹੋਰ ਇਤਿਹਾਸਕ ਯਾਦਗਾਰਾਂ ਤਾਂ ਕੀਰਤਪੁਰ ਦੇ ਉਨ੍ਹਾਂ ਸੋਢੀਆਂ ਦੇ ਹਵਾਲੇ ਕਰ ਦਿੱਤੀਆਂ ਹਨ, ਜੋ ਆਪਣੇ ਆਪ ਨੂੰ ਰਿਸ਼ਤੇਦਾਰ ਦੱਸ ਕੇ ਵਾਰਸ ਬਣ ਗਏ ਹਨ। ਅਨੰਦਪੁਰ ਦੇ ਕਿਲ੍ਹਿਆਂ 'ਤੇ ਇਲਾਕੇ ਦੇ ਰਾਜੇ ਦਾ ਕਬਜ਼ਾ ਹੈ ਤੇ ਉਹਨੇ ਆਪਣੀਆਂ ਫ਼ੌਜਾਂ ਇਥੇ ਰੱਖੀਆਂ ਹੋਈਆਂ ਹਨ। ਦਿੱਲੀ ਦੇ ਮੁਗ਼ਲ ਹਾਕਮਾਂ ਨੇ ਇਨ੍ਹਾਂ ਫ਼ੌਜੀ ਟਿਕਾਣਿਆਂ ਦਾ ਕਬਜ਼ਾ ਰਿਆਸਤ ਦੇ ਰਾਜੇ ਦੇ ਹਵਾਲੇ ਕਰ ਦਿੱਤਾ ਹੈ ਤੇ ਕਹਿ ਗਏ ਹਨ ਕਿ ਕੁਝ ਸਮੇਂ ਪਿੱਛੋਂ ਮੁਗ਼ਲ ਫ਼ੌਜਾਂ ਇਨ੍ਹਾਂ ਕਿਲ੍ਹਿਆਂ ਵਿਚ ਆ ਜਾਣਗੀਆਂ, ਅਜੇ ਉਹ ਵਿਹਲੀਆਂ ਨਹੀਂ।

ਇਹ ਵੀ ਪਤਾ ਲੱਗ ਗਿਆ ਕਿ ਅਨੰਦਪੁਰ ਦੇ ਵਸਨੀਕ ਹਿੰਦੂ ਤੇ ਮੁਸਲਮਾਨ ਵੀ ਅਜੋਕੀ ਦਸ਼ਾ ਤੋਂ ਦੁਖੀ ਹਨ। ਦੁਕਾਨਦਾਰਾਂ ਦਾ ਕੰਮ ਬਿਲਕੁਲ ਠੱਪ ਹੋ ਗਿਆ ਹੈ। ਗੁਰੂ ਜੀ ਦੇ ਹੁੰਦਿਆਂ ਲੋਕਾਂ ਦੀ ਆਮ ਆਵਾਜਾਈ ਸੀ, ਇਸ ਤਰ੍ਹਾਂ ਹਰ ਤਰ੍ਹਾਂ ਦੇ ਹਟਵਾਣੀਆਂ ਦਾ ਕੰਮ-ਧੰਦਾ ਚੰਗਾ ਚੱਲਦਾ ਸੀ। ਦੂਰ ਦੂਰ ਤੋਂ ਸਿਖ ਆਉਂਦੇ ਸਨ। ਅਨੇਕਾਂ ਵਸਤਾਂ ਲਿਆਉਂਦੇ ਸਨ, ਜੋ ਇਥੇ ਵੇਚ ਜਾਂਦੇ ਤੇ ਇਸ ਇਲਾਕੇ ਤੋਂ ਪੈਦਾ ਹੁੰਦੀਆਂ ਵਸਤਾਂ ਬਦਲੇ ਵਿਚ ਲੈ ਜਾਂਦੇ। ਧਰਮ ਕੇਂਦਰ ਦੇ ਨਾਲ ਨਾਲ ਅਨੰਦਪੁਰ ਵਪਾਰ ਦਾ ਕੇਂਦਰ ਵੀ ਸੀ ਜੋ ਹੁਣ ਖ਼ਤਮ ਹੋ ਗਿਆ। ਗੁਰੂ ਜੀ ਦੇ ਅਨੰਦਪੁਰ ਛੱਡ ਜਾਣ ਪਿੱਛੋਂ ਇਥੇ ਆਬਾਦ ਲੋਕੀਂ ਵੀ ਇਸ ਨਗਰੀ ਨੂੰ ਛੱਡ ਜਾਣ ਲਈ ਤਿਆਰ ਹਨ। ਇਹ ਵੀ ਇਤਲਾਹ ਮਿਲ ਗਈ ਕਿ ਜੇਕਰ ਸਿੰਘ ਅਨੰਦਪੁਰ ਵਿਚ ਇਕ ਵਾਰ ਦਾਖ਼ਲ ਹੋਏ ਤਾਂ ਲੋਕ ਸੁਆਗਤ ਕਰਨਗੇ, 'ਜੀ ਆਇਆਂ' ਆਖਣਗੇ। ਉਨ੍ਹਾਂ ਨੂੰ ਮੁੜ ਕੇ ਆਸ ਬੱਝ ਜਾਏਗੀ ਕਿ ਅਨੰਦਪੁਰ ਸ਼ਹਿਰ ਦੁਬਾਰਾ ਵੱਸ ਰਿਹਾ ਹੈ। ਲੋਕਾਂ ਵਿਚ ਗੁਰੂ-ਘਰ ਦੀ ਸ਼ਰਧਾ ਦਾ ਇਹ ਹਾਲ ਹੈ ਕਿ ਅਜੇ ਵੀ ਲੋਕ ਸਤਿਕਾਰ ਵਜੋਂ ਉਨ੍ਹਾਂ ਥਾਵਾਂ 'ਤੇ ਰਾਤ ਨੂੰ ਦੀਵੇ ਬਾਲ ਆਉਂਦੇ ਹਨ। ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਸਸਕਾਰ ਵਾਲੀ ਥਾਂ ਤਾਂ ਮਿੱਟੀ ਦੇ ਅਨੇਕਾਂ ਦੀਵੇ ਪਏ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਲੋਕ ਚੋਰੀ-ਛਿਪੇ ਦੀਵੇ ਵਿਚ ਤੇਲ ਪਾ ਕੇ ਵੱਟੀ ਨੂੰ ਅੱਗ ਲਾ ਕੇ ਉਥੇ ਰੱਖ ਆਉਂਦੇ ਹਨ। ਦੂਜਾ ਕੇਸਗੜ੍ਹ ਦੀ ਥਾਂ 'ਤੇ ਵੀ ਦੀਵੇ ਬਲਦੇ ਉਨ੍ਹਾਂ ਦੇਖੇ ਹਨ, ਜਿਥੇ ਗੁਰੂ ਜੀ ਨੇ ਪੰਜ ਪਿਆਰਿਆਂ ਦੀ ਚੋਣ ਪਿੱਛੋਂ ਖ਼ਾਲਸੇ ਦੀ ਸਾਜਨਾ ਕੀਤੀ ਸੀ।

ਢਾਈ ਸੌ ਸਿੰਘ ਕੀਰਤਪੁਰ ਪਹੁੰਚਣ ਤਕ ਇਕੱਠੇ ਹੋ ਗਏ ਸਨ। ਇਥੇ ਵੀ ਨਗਰ ਤੋਂ ਬਾਹਰ ਦਰਿਆ ਸਤਲੁਜ ਦੇ ਕੰਢੇ ਪਾਤਾਲਪੁਰੀ ਵਾਲੀ ਥਾਂ 'ਤੇ ਕੈਂਪ ਲਾਏ ਗਏ। ਨਗਰ ਵਿਚ ਅੱਗ ਵਾਂਗ ਖ਼ਬਰ ਫੈਲ ਗਈ ਕਿ ਸਿੰਘਾਂ ਦੇ ਜਥੇ ਆ ਗਏ ਹਨ। ਕੁਝ ਕੁ ਸ਼ਰਧਾਲੂ ਸਿੱਖਾਂ ਦੇ ਘਰ ਸਨ ਜੋ ਸਮੇਂ ਦੇ ਹਾਕਮਾਂ ਤੋਂ ਡਰਦੇ ਤੇ ਸਰਕਾਰੇ ਦਰਬਾਰੇ ਪ੍ਰਵਾਨਤ ਸੋਢੀਆਂ ਤੋਂ ਝਿਜਕਦੇ ਆਪਣੇ ਜਜ਼ਬਾਤ ਦੱਬੀ ਬੈਠੇ ਸਨ। ਉਹ ਵੀ ਇਨ੍ਹਾਂ ਨੂੰ ਆ ਕੇ ਮਿਲੇ ਤੇ ਸਾਰੀ ਹਾਲਾਤ ਦੀ ਜਾਣਕਾਰੀ ਦਿੱਤੀ।

ਪਹਿਲਾਂ ਹੀ ਇਹ ਮਿਥਿਆ ਗਿਆ ਸੀ ਕਿ ਖ਼ਾਲਸੇ ਦਾ ਜਨਮ ਦਿਨ 'ਵਿਸਾਖੀ' ਐਤਕੀਂ ਅਨੰਦਪੁਰ ਵਿਚ ਮਨਾਇਆ ਜਾਏਗਾ ਤੇ ਇਸੇ ਲਈ ਸਾਰੇ ਇਲਾਕੇ ਵਿਚ ਧੁਮਾ ਦਿੱਤਾ ਗਿਆ

ਸੀ ਕਿ ਅਨੰਦਪੁਰ ਵਿਸਾਖੀ 'ਤੇ ਖ਼ਾਲਸੇ ਦਾ ਇਕੱਠ ਹੋਏਗਾ। ਇਸ ਲਈ ਸਾਰੇ ਦੁਆਬੇ ਵਿਚ ਬੇ-ਹੱਦ ਉਤਸ਼ਾਹ ਜਾਗ ਪਿਆ ਸੀ। ਇਲਾਕਾ ਨਿਵਾਸੀ ਗੁਰੂ ਜੀ ਦੇ ਹੁੰਦਿਆਂ ਹਰ ਸਾਲ ਵਿਸਾਖੀ 'ਤੇ ਇਕੱਠੇ ਹੁੰਦੇ ਸਨ, ਪਰ ਜਦੋਂ ਤੋਂ ਗੁਰੂ ਜੀ ਅਨੰਦਪੁਰ ਛੱਡ ਕੇ ਚਲੇ ਗਏ, ਵਿਸਾਖੀ ਦੇ ਮੇਲੇ ਲੱਗਣੇ ਕਠਿਨ ਹੋ ਗਏ। ਚਾਰ ਸਾਲ ਤੋਂ ਚਾਰ ਵਿਸਾਖੀਆਂ ਬਿਨਾਂ ਰੌਣਕ ਦੇ ਬੀਤ ਗਈਆਂ। ਇਸ ਵਾਰ ਜਥੇਦਾਰ ਕਰਮ ਸਿੰਘ ਦੀ ਯੋਜਨਾ ਅਨੁਸਾਰ ਵਿਸਾਖੀ ਦਾ ਪੁਰਬ ਅਨੰਦਪੁਰ ਵਿਚ ਮਨਾਣ ਦਾ ਫ਼ੈਸਲਾ ਹੋ ਗਿਆ।

ਜਥੇਦਾਰ ਕਰਮ ਸਿੰਘ ਚਾਹੁੰਦਾ ਸੀ ਕਿ ਕੁਝ ਦਿਨ ਪਹਿਲਾਂ ਉਹ ਅਨੰਦਪੁਰ ਪਹੁੰਚ ਜਾਣ। ਜੇਕਰ ਇਲਾਕੇ ਦੇ ਹਾਕਮ ਪਹਾੜੀ ਰਾਜੇ ਕੋਈ ਰੁਕਾਵਟ ਪਾਣ ਤਾਂ ਉਨ੍ਹਾਂ ਨਾਲ ਪਹਿਲਾਂ ਸਿੱਝ ਲਿਆ ਜਾਏ। ਉਹ ਨਹੀਂ ਸੀ ਚਾਹੁੰਦਾ ਕਿ ਕੋਈ ਵਿਸਾਖੀ ਦੇ ਜੋੜ ਮੇਲੇ ਵਿਚ ਆ ਕੇ ਵਿਘਨ ਪਾਏ ਤੇ ਬੇ-ਸਵਾਦੀ ਪੈਦਾ ਕਰੇ। ਇਸ ਲਈ ਸਿੰਘਾਂ ਦੇ ਜਥੇ ਪਹਿਲਾਂ ਅਨੰਦਪੁਰ ਦੇ ਆਸ ਪਾਸ ਇਕੱਠੇ ਕਰ ਲਏ ਗਏ।

ਫਿਰ ਕਹਿਲੂਰ ਦੇ ਹਿੰਦੂ ਰਾਜੇ ਨੂੰ ਸੁਨੇਹਾ ਭੇਜਿਆ ਕਿ ਸਿੰਘ ਐਤਕੀਂ ਵਿਸਾਖੀ ਦਾ ਪੁਰਬ ਅਨੰਦਪੁਰ ਵਿਚ ਮਨਾਣ ਲਈ ਆ ਰਹੇ ਹਨ, ਤੁਸੀਂ ਉਨ੍ਹਾਂ ਨੂੰ ਮਿਲਵਰਤਣ ਦੇਣਾ। ਇਹ ਬਹੁਤ ਵੱਡੀ ਰਾਜਨੀਤਕ ਪਹਿਲ-ਕਦਮੀਂ ਸੀ। ਰਾਜੇ ਨੂੰ ਪਹਿਲਾਂ ਹੀ ਸਿੰਘਾਂ ਦੇ ਅਨੰਦਪੁਰ ਦੇ ਆਸ ਪਾਸ ਇਕੱਠ ਕਰਨ ਦੀਆਂ ਸੂਚਨਾਵਾਂ ਮਿਲ ਚੁੱਕੀਆਂ ਸਨ ਤੇ ਸੂਹੀਆਂ ਨੇ ਖ਼ਬਰਾਂ ਭੇਜੀਆਂ ਸਨ ਕਿ ਸਿੰਘ ਅਨੰਦਪੁਰ 'ਤੇ ਮੁੜ ਕਬਜ਼ਾ ਕਰਨਾ ਚਾਹੁੰਦੇ ਹਨ ਤੇ ਇਸੇ ਲਈ ਚੜ੍ਹਾਈ ਕਰ ਕੇ ਆ ਰਹੇ ਹਨ। ਰਾਜਾ ਕਹਿਲੂਰ ਚਿੰਤਾਤੁਰ ਸੀ। ਖ਼ਾਸ ਕਰਕੇ ਇਸ ਲਈ ਕਿ ਗੁਰੂ ਜੀ ਦੇ ਨਾਦੇੜ ਦੱਖਣ ਵਿਚ ਜੋਤੀ ਜੋਤ ਸਮਾ ਜਾਣ ਪਿੱਛੋਂ ਉਹ ਸਮਝਦਾ ਸੀ ਕਿ ਹੁਣ ਉਸ ਦੀ ਰਿਆਸਤ ਵਿਚ ਉਹਦੇ ਟਾਕਰੇ 'ਤੇ ਕੋਈ ਤਾਕਤ ਉੱਠ ਨਹੀਂ ਸਕੇਗੀ। ਜੋ ਸਿਖ ਗੁਰੂ ਜੀ ਦੇ ਹੁੰਦਿਆਂ ਚਾਰ ਸਾਲ ਅਨੰਦਪੁਰ ਵੱਲ ਮੂੰਹ ਨਹੀਂ ਕਰ ਸਕੇ, ਉਹ ਹੁਣ ਕਦੇ ਵੀ ਇਧਰ ਨਹੀਂ ਆਉਣਗੇ, ਪਰ ਸਿੰਘਾਂ ਦੇ ਅਨੰਦਪੁਰ ਦੁਆਲੇ ਘੇਰੇ ਦੀਆਂ ਖ਼ਬਰਾਂ ਨੇ ਉਹਦੀ ਮੱਧਮ ਪੈ ਚੁੱਕੀ ਚਿੰਤਾ ਨੂੰ ਮੁੜ ਸੁਰਜੀਤ ਕਰ ਦਿੱਤਾ। ਉਹਨੇ ਆਪਣੇ ਫ਼ੌਜੀ ਮੁਖੀਆਂ ਨਾਲ ਕਈ ਵਾਰ ਇਕੱਠ ਕਰ ਕੇ ਸਲਾਹ ਵੀ ਕੀਤੀ ਸੀ ਕਿ ਕੀ ਕੀਤਾ ਜਾਏ। ਰਾਜਾ ਸਮਝਦਾ ਸੀ ਕਿ ਉਹ ਔਖੀ ਸਥਿਤੀ ਵਿਚ ਫਸ ਗਿਆ ਹੈ। ਜੇਕਰ ਉਹ ਸਿੰਘਾਂ ਅੱਗੇ ਹਥਿਆਰ ਸੁੱਟ ਦੇਵੇ ਤਾਂ ਦਿੱਲੀ ਦੀ ਮੁਗ਼ਲ ਸਰਕਾਰ ਤੇ ਖ਼ਾਸ ਕਰਕੇ ਨਵਾਬ ਸਰਹੰਦ ਉਹਦੇ ਵਿਰੁੱਧ ਫ਼ੌਜੀ ਕਾਰਵਾਈ ਕਰਨਗੇ ਤੇ ਉਹਨੂੰ ਭਾਰੀ ਜੁਰਮਾਨਾ ਕਰ ਸਕਦੇ ਹਨ। ਜੇਕਰ ਉਹ ਸਿੱਖਾਂ ਨਾਲ ਲੜੇ ਤਾਂ ਉਹ ਹਾਰ ਜਾਏਗਾ, ਕਿਉਂਕਿ ਅਨੰਦਪੁਰ ਆਉਣ ਵਾਲੇ ਸਿੰਘ ਤਾਂ ਸਿਰਾਂ 'ਤੇ ਕਫ਼ਨ ਬੰਨ੍ਹ ਕੇ ਆ ਰਹੇ ਹਨ। ਉਹ ਤਾਂ ਮਰਨ ਤੋਂ ਡਰਨ ਵਾਲੇ ਨਹੀਂ। ਉਨ੍ਹਾਂ ਦਾ ਟਾਕਰਾ ਤਨਖ਼ਾਹਦਾਰ ਫ਼ੌਜੀ ਕਿਸ ਤਰ੍ਹਾਂ ਕਰ ਸਕਦੇ ਹਨ। ਉਹ ਇਸ ਗੱਲੋਂ ਵੀ ਘਬਰਾਂਦਾ ਸੀ ਕਿ ਜੇਕਰ ਅਨੰਦਪੁਰ ਦੇ ਕਿਲ੍ਹਿਆਂ ਵਿਚ ਮੁਗ਼ਲ ਫ਼ੌਜਾਂ ਆ ਕੇ ਟਿਕ ਗਈਆਂ ਤਾਂ ਉਹ ਹਮੇਸ਼ਾਂ ਤੰਗ ਕਰਦੀਆਂ ਰਹਿਣਗੀਆਂ। ਰਿਆਸਤ ਦੇ ਹਾਕਮ ਤਾਂ ਉਨ੍ਹਾਂ ਦੇ ਗ਼ੁਲਾਮ ਤੇ ਸੇਵਾਦਾਰ ਬਣ ਕੇ ਰਹਿ ਜਾਣਗੇ। ਉਹ ਮੁਗ਼ਲ ਫ਼ੌਜਾਂ ਦਾ ਇਥੇ ਪੱਕਾ ਟਿਕਾਣਾ ਬਣਾਣ ਦੇ ਵਿਰੁੱਧ ਸੀ।

"ਅਸੀਂ ਬਹੁਤ ਔਖੀ ਹਾਲਤ ਵਿਚ ਫਸ ਗਏ ਹਾਂ," ਰਾਜੇ ਨੇ ਆਪਣੇ ਕੁਝ ਚੋਣਵੇਂ ਦਰਬਾਰੀਆਂ ਦੇ ਇਕੱਠ ਵਿਚ ਵਿਚਾਰ ਪ੍ਰਗਟ ਕਰਦਿਆਂ ਕਿਹਾ, "ਸਾਡੀ ਹਾਲਤ 'ਸੱਪ ਦੇ ਮੂੰਹ ਕੋਹੜ ਕਿਰਲੀ, ਖਾਏ ਤੇ ਅੰਨ੍ਹਾ ਤੇ ਨਾ ਖਾਏ ਤਾਂ ਕੋਹੜੀ' ਵਾਲੀ ਹੋ ਗਈ ਏ। ਤੁਸੀਂ ਕੋਈ ਸਲਾਹ ਦਿਉ ਕਿ ਸਾਨੂੰ ਕੀ ਕਰਨਾ ਚਾਹੀਦਾ ਏ।"

"ਮਹਾਰਾਜ, ਤੁਸੀਂ ਸਿਆਣੇ ਜੇ, ਅਸੀਂ ਕੀ ਹੱਲ ਦੱਸ ਸਕਦੇ ਹਾਂ," ਇਕ ਦੀਵਾਨ

ਨੇ ਉੱਤਰ ਦਿੱਤਾ।

"ਮੈਂ ਅਜਿਹੀਆਂ ਫਾਲਤੂ ਗੱਲਾਂ ਸੁਣ ਸੁਣ ਕੇ ਤੰਗ ਆ ਗਿਆ ਹਾਂ," ਰਾਜੇ ਨੇ ਕਿਹਾ, "ਜੇਕਰ ਮੈਂ ਹੀ ਹੱਲ ਲੱਭਣਾ ਸੀ ਤਾਂ ਤੁਹਾਨੂੰ ਬੁਲਾਣ ਦੀ ਕੀ ਲੋੜ ਸੀ ? ਤੁਸੀਂ ਲੋਕ ਕਾਹਦੇ ਲਈ ਹੋ ? ਕੀ ਮੇਰੀ 'ਹਾਂ ਵਿਚ ਹਾਂ ਮਿਲਾਣਾ' ਹੀ ਤੁਹਾਡਾ ਕੰਮ ਏ ?"

ਅਜੇ ਰਾਜਾ ਪਤਾ ਨਹੀਂ ਹੋਰ ਕਿਤਨਾ ਚਿਰ ਆਪਣੇ ਦਰਬਾਰੀਆਂ ਨਾਲ ਬਹਿਸ ਕਰਦਾ ਰਹਿੰਦਾ, ਜਦੋਂ ਬਾਹਰੋਂ ਇਕ ਚੋਬਦਾਰ ਨੇ ਆ ਕੇ ਨਮਸਕਾਰ ਕੀਤੀ ਤੇ ਅਰਜ਼ ਕੀਤੀ, "ਬਾਹਰ ਦੋ ਘੋੜ ਸਵਾਰ ਸਿਖ ਆਏ ਹਨ। ਉਹ ਹਜ਼ੂਰ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਇਸ ਬਾਰੇ ਆਦੇਸ਼ ਦਿੱਤਾ ਜਾਏ।"

"ਉਨ੍ਹਾਂ ਨੂੰ ਪੁੱਛੋ ਕਿਥੋਂ ਆਏ ਨੇ ? ਕਿਉਂ ਮਿਲਣਾ ਚਾਹੁੰਦੇ ਨੇ ? ਕੀ ਉਨ੍ਹਾਂ ਪਾਸ ਹਥਿਆਰ ਹਨ ?" ਇਕੋ ਸਾਹੇ ਰਾਜੇ ਨੇ ਕਈ ਪ੍ਰਸ਼ਨ ਇਕੱਠੇ ਕਰ ਦਿੱਤੇ। ਚੋਬਦਾਰ ਤਾਂ ਪ੍ਰਸ਼ਨ ਕਰ ਕੇ ਉੱਤਰ ਲੈਣ ਆਇਆ ਸੀ ਪਰ ਰਾਜੇ ਨੇ ਉਲਟਾ ਉਹਦੇ 'ਤੇ ਕਈ ਪ੍ਰਸ਼ਨ ਕਰ ਦਿੱਤੇ। ਉਹਨੇ ਹੱਥ ਜੋੜ ਕੇ ਆਖਿਆ, "ਉਨ੍ਹਾਂ ਨੂੰ ਪੁੱਛਿਆ ਏ, ਉਹ ਸਿੱਖਾਂ ਦੇ ਕਿਸੇ ਨਵੇਂ ਜਥੇਦਾਰ ਕਰਮ ਸਿੰਘ ਦਾ ਸੁਨੇਹਾ ਲੈ ਕੇ ਆਏ ਹਨ। ਅਸੀਂ ਪੁੱਛਿਆ ਸੀ ਕਿ ਕਾਹਦੇ ਲਈ ਮਿਲਣਾ ਚਾਹੁੰਦੇ ਹੋ, ਉਹ ਕਹਿੰਦੇ ਨੇ ਕਿ ਰਾਜਾ ਜੀ ਨੂੰ ਹੀ ਦੱਸ ਸਕਦੇ ਹਾਂ, ਹੋਰ ਕਿਸੇ ਨੂੰ ਨਹੀਂ। ਉਹ ਆਪਣੇ ਜਥੇਦਾਰ ਦਾ ਕੋਈ ਲਿਖਤੀ ਸੰਦੇਸ਼ਾ ਲਿਆਏ ਹਨ। ਉਨ੍ਹਾਂ ਪਾਸ ਹੋਰ ਤਾਂ ਹਥਿਆਰ ਨਹੀਂ, ਪਰ ਉਨ੍ਹਾਂ ਗਲ ਵਿਚ ਤਲਵਾਰਾਂ ਪਾਈਆਂ ਹੋਈਆਂ ਹਨ, ਹੱਥਾਂ ਵਿਚ ਬਰਛੇ ਹਨ। ਕਹਿੰਦੇ ਹਨ ਕਿ ਬਰਛੇ ਤਾਂ ਬਾਹਰ ਛੱਡ ਆਉਣਗੇ ਪਰ ਤਲਵਾਰਾਂ ਬਾਹਰ ਨਹੀਂ ਰੱਖ ਸਕਦੇ। ਉਨ੍ਹਾਂ ਨੂੰ ਆਪਣੇ ਸਰੀਰ ਤੋਂ ਵੱਖ ਕਰਨ ਲਈ ਤਿਆਰ ਨਹੀਂ।"

"ਤੁਸੀਂ ਤੇ ਕੋਈ ਹੱਲ ਗੁੰਝਲ ਦਾ ਦੱਸਦੇ ਨਹੀਂ, ਸ਼ਾਇਦ ਸਿੱਖਾਂ ਦੇ ਜਥੇਦਾਰ ਦੇ ਸੁਨੇਹੇ ਵਿਚੋਂ ਹੀ ਨਿਕਲ ਆਏ," ਰਾਜੇ ਨੇ ਆਪਣੇ ਦਰਬਾਰੀਆਂ ਵੱਲ ਦੇਖਦਿਆਂ ਤੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਆਖਿਆ ਤੇ ਫਿਰ ਹੁਕਮ ਦਿੱਤਾ, "ਕਰਮ ਚੰਦ ਤੇ ਭੀਮ ਚੰਦ, ਤੁਸੀਂ ਬਾਹਰ ਜਾਉ, ਉਨ੍ਹਾਂ ਨਾਲ ਗੱਲ ਕਰੋ। ਜੇ ਤੁਹਾਡੀ ਤਸੱਲੀ ਹੋ ਜਾਏ ਕਿ ਕੋਈ ਖ਼ਤਰੇ ਵਾਲੀ ਗੱਲ ਨਹੀਂ ਤਾਂ ਉਨ੍ਹਾਂ ਨੂੰ ਅੰਦਰ ਲੈ ਆਉ।"

ਉਹ ਦੋਵੇਂ ਉੱਠ ਕੇ ਬਾਹਰ ਗਏ। ਉਨ੍ਹਾਂ ਵੀ ਜ਼ੋਰ ਲਾ ਲਿਆ ਕਿ ਸਿੰਘ ਤਲਵਾਰਾਂ ਲਾਹ ਕੇ ਅੰਦਰ ਆਉਣ, ਪਰ ਉਹ ਨਾ ਮੰਨੇ। ਉਨ੍ਹਾਂ ਦੇ ਭੈ-ਰਹਿਤ ਚਿਹਰੇ ਤੇ ਆਪਣੀ ਦ੍ਰਿੜ੍ਹਤਾ ਦੇਖ ਕੇ ਅਖ਼ੀਰ ਉਹ ਦੋਹਾਂ ਸਿੰਘਾਂ ਨੂੰ ਅੰਦਰ ਲੈ ਆਏ। ਸਿੰਘਾਂ ਨੇ ਝੁਕ ਕੇ ਨਮਸਕਾਰ ਕਰਨ ਦੀ ਥਾਂ ਗੱਜ ਕੇ ਫ਼ਤਹਿ ਬੁਲਾਈ। ਕੋਈ ਹੋਰ ਇਸ ਤਰ੍ਹਾਂ ਕਰਦਾ ਤਾਂ ਰਾਜੇ ਨੇ ਤੁਰਤ ਉਹਨੂੰ ਸਜ਼ਾ ਦਾ ਭਾਗੀ ਸਮਝ ਕੇ ਦੋਸ਼ੀਆਂ ਦੇ ਕਟਹਿਰੇ ਵਿਚ ਖੜੇ ਕਰ ਦੇਣਾ ਸੀ, ਪਰ ਇਸ ਮਾਮਲੇ ਵਿਚ ਰਾਜਾ ਆਪਣਾ ਅਪਮਾਨ ਪੀ ਗਿਆ।

ਉਨ੍ਹਾਂ ਨੂੰ ਬੈਠਣ ਦਾ ਇਸ਼ਾਰਾ ਕਰ ਕੇ ਰਾਜੇ ਨੇ ਪੁੱਛਿਆ, "ਦੱਸੋ, ਕਿਸ ਤਰ੍ਹਾਂ ਆਏ ਹੋ ?"

"ਇਹ ਜਥੇਦਾਰ ਜੀ ਦੀ ਚਿੱਠੀ ਏ," ਇਕ ਸਿੰਘ ਨੇ ਉੱਠ ਕੇ ਚਿੱਠੀ ਫੜਾਂਦਿਆਂ ਕਿਹਾ। ਰਾਜੇ ਦੇ ਇਸ਼ਾਰਾ ਕਰਨ 'ਤੇ ਉਹਦੇ ਵਜ਼ੀਰ ਨੇ ਅੱਗੇ ਹੋ ਕੇ ਚਿੱਠੀ ਫੜ ਲਈ ਤੇ ਰਾਜੇ ਦੇ ਆਦੇਸ਼ ਅਨੁਸਾਰ ਪੜ੍ਹ ਕੇ ਸੁਣਾਈ। ਰਾਜੇ ਨੇ ਸਿੰਘ ਨੂੰ ਪੁੱਛਿਆ, "ਇਹ ਵਿਸਾਖੀ ਮਨਾਉਣ ਲਈ ਆਗਿਆ ਮੰਗ ਰਹੇ ਹੋ ਜਾਂ ਕੇਵਲ ਸੂਚਿਤ ਕਰ ਰਹੇ ਹੋ।" ਚਿੱਠੀ ਤੋਂ ਇਉਂ ਜਾਪਦਾ ਸੀ ਕਿ ਕੇਵਲ ਸੂਚਿਤ ਹੀ ਕੀਤਾ ਜਾ ਰਿਹਾ ਏ।

"ਅਨੰਦਪੁਰ ਖ਼ਾਲਸੇ ਦਾ ਘਰ ਹੈ। ਇਹ ਸਾਡੀ ਮਲਕੀਅਤ ਏ, ਅਸੀਂ ਜਦੋਂ ਚਾਹੀਏ,

ਆਪਣੇ ਘਰ ਆ ਸਕਦੇ ਹਾਂ। ਆਪਣੇ ਗੁਰਦੇਵ ਦੇ ਅਸਥਾਨਾਂ ਦੀ ਸੇਵਾ-ਸੰਭਾਲ ਕਰ ਸਕਦੇ ਹਾਂ," ਇਕ ਸਿੰਘ ਬੋਲਿਆ, "ਅਸੀਂ ਇਸ ਤੋਂ ਵੱਧ ਹੋਰ ਕੁਝ ਨਹੀਂ ਕਹਿ ਸਕਦੇ। ਅਸੀਂ ਤਾਂ ਕੇਵਲ ਚਿੱਠੀ ਲਿਆਉਣ ਵਾਲੇ ਹਾਂ। ਨੀਤੀ ਦਾ ਫ਼ੈਸਲਾ ਕਰਨ ਵਾਲੇ ਨਹੀਂ।"

"ਮੈਂ ਵਿਸਾਖੀ ਮਨਾਣ ਦੀ ਆਗਿਆ ਤਾਂ ਦੇ ਸਕਦਾ ਹਾਂ, ਪਰ ਇਥੇ ਫ਼ੌਜੀ ਛਾਉਣੀ ਨਹੀਂ ਬਣਨ ਦੇਣੀ। ਤੁਸੀਂ ਫ਼ੌਜੀ ਦਸਤੇ ਪਹਿਲਾਂ ਲਿਆ ਕੇ ਇਲਾਕੇ ਦੇ ਅਮਨ ਨੂੰ ਖ਼ਤਰੇ ਵਿਚ ਪਾਣਾ ਚਾਹੁੰਦੇ ਹੋ। ਜੋ ਗੜਬੜ ਇਥੇ ਪਹਿਲਾਂ ਹੋਈ ਸੀ, ਉਹ ਮੁੜ ਕੇ ਦੁਹਰਾਣ ਨਹੀਂ ਦਿੱਤੀ ਜਾਏਗੀ।"

"ਇਹ ਤੁਸੀਂ ਫਿਰ ਬਹਿਸ ਵਾਲੀ ਗੱਲ ਕਰ ਰਹੇ ਹੋ," ਦੂਜਾ ਸਿੰਘ ਬੋਲਿਆ, "ਜੇਕਰ ਸਿੰਘਾਂ ਨੇ ਹਮਲਾ ਕਰਨਾ ਹੁੰਦਾ ਤਾਂ ਇਹ ਚਿੱਠੀ ਭੇਜਣ ਦਾ ਕੀ ਲਾਭ ਸੀ। ਦੂਜਾ, ਪਹਿਲਾਂ ਵੀ ਸਿੰਘਾਂ ਨੇ ਗੜਬੜ ਨਹੀਂ ਕੀਤੀ, ਇਥੋਂ ਦੇ ਬਾਈਧਾਰ ਦੇ ਰਾਜਿਆਂ ਨੇ ਕੀਤੀ। ਬਿਨਾਂ ਮਤਲਬ ਗੁਰੂ ਜੀ ਨਾਲ ਵੈਰ ਪਾ ਲਿਆ। ਜਦੋਂ ਤੁਹਾਡੇ 'ਤੇ ਮੁਗ਼ਲ ਫ਼ੌਜਾਂ ਚੜ੍ਹ ਆਈਆਂ ਤਾਂ ਗੁਰੂ ਜੀ ਨੇ ਤੁਹਾਡੀ ਮਦਦ ਕੀਤੀ।"

"ਚਲੋ ਛੱਡੋ ਇਨ੍ਹਾਂ ਗੱਲਾਂ ਨੂੰ," ਪਹਿਲੇ ਸਿੰਘ ਨੇ ਕਿਹਾ, "ਅਸੀਂ ਸੁਨੇਹਾ ਲੈ ਕੇ ਆਏ ਹਾਂ, ਤੁਸੀਂ ਜੋ ਉੱਤਰ ਦਿਉਗੇ, ਉਹ ਜਾ ਕੇ ਜਥੇਦਾਰ ਨੂੰ ਦੱਸ ਦਿਆਂਗੇ। ਸਾਡਾ ਇਸ ਤੋਂ ਵੱਧ ਕੋਈ ਕੰਮ ਨਹੀਂ।"

"ਅਸੀਂ ਇਸ ਪੱਤਰ 'ਤੇ ਅਜੇ ਵਿਚਾਰ ਕਰਾਂਗੇ, ਫਿਰ ਤੁਹਾਨੂੰ ਦੱਸ ਸਕਾਂਗੇ ਕਿ ਸਾਡੀ ਰਿਆਸਤ ਦੀ ਕੀ ਨੀਤੀ ਹੈ?" ਰਾਜੇ ਨੇ ਉੱਤਰ ਦਿੱਤਾ।

"ਕਦੋਂ ਤਕ ਉੱਤਰ ਦੀ ਉਡੀਕ ਕਰੀਏ?" ਦੂਜੇ ਸਿੰਘ ਨੇ ਪੁੱਛਿਆ, "ਅਸੀਂ ਜੋੜ ਮੇਲੇ ਦੀ ਤਿਆਰੀ ਵੀ ਕਰਨੀ ਏ।"

"ਸਾਡੇ ਫ਼ੈਸਲੇ ਦੀ ਉਡੀਕ ਕਰ ਕੇ ਜੋੜ ਮੇਲੇ ਦੀ ਤਿਆਰੀ ਕਰਨੀ," ਰਾਜੇ ਨੇ ਕਿਹਾ, "ਅਸੀਂ ਜੋੜ ਮੇਲਾ ਤਾਂ ਭਾਵੇਂ ਕਰਨ ਦੇਈਏ ਪਰ ਫ਼ੌਜੀ ਇਕੱਠ ਦੀ ਆਗਿਆ ਨਹੀਂ ਦਿਆਂਗੇ। ਤੁਹਾਨੂੰ ਇਹ ਵਚਨ ਦੇਣਾ ਪਵੇਗਾ ਕਿ ਤੁਸੀਂ ਅਨੰਦਪੁਰ ਵਿਚ ਆ ਕੇ ਕਿਲ੍ਹਿਆਂ ਵੱਲ ਨਹੀਂ ਜਾਉਗੇ।"

"ਤੁਸੀਂ ਗੁੰਝਲਾਂ ਵਧਾ ਰਹੇ ਹੋ," ਦੂਜੇ ਨੇ ਨਿਝੱਕ ਹੋ ਕੇ ਕਿਹਾ, "ਸ਼ਰਤਾਂ ਕੋਈ ਨਾ ਲਾਇਆ ਜੇ, ਨਹੀਂ ਤੇ ਸਿੰਘਾਂ ਨਾਲ ਖੜਕ ਪਏਗੀ। ਅਸੀਂ ਦੂਤ ਬਣ ਕੇ ਆਏ ਹਾਂ ਤੇ ਉਸ ਫ਼ਰਜ਼ ਨੂੰ ਪੂਰਾ ਕਰ ਕੇ ਜਾਵਾਂਗੇ। ਇਹ ਸ਼ਰਤਾਂ ਜੇਕਰ ਤੁਸੀਂ ਸਾਡੇ ਅੱਗੇ ਰੱਖੋ ਤਾਂ ਅਸੀਂ ਵੀ ਨਹੀਂ ਮੰਨਾਂਗੇ ਪਰ ਇਥੇ ਅਸੀਂ ਕੋਈ ਉੱਤਰ ਨਹੀਂ ਦੇਣਾ ਚਾਹੁੰਦੇ।"

"ਤੁਹਾਡੀ ਨੀਅਤ ਠੀਕ ਨਹੀਂ, ਤੁਸੀਂ ਮਹਾਰਾਜ ਦਾ ਅਪਮਾਨ ਕਰ ਰਹੇ ਹੋ, ਅਸੀਂ ਬਰਦਾਸ਼ਤ ਨਹੀਂ ਕਰ ਸਕਦੇ," ਇਕ ਦਰਬਾਰੀ ਕੋਲੋਂ ਬੋਲ ਪਿਆ। ਅਸਲ ਵਿਚ ਉਹ ਰਾਜੇ ਨੂੰ ਭੜਕਾਣਾ ਚਾਹੁੰਦਾ ਸੀ ਕਿ ਰਾਜਾ ਇਨ੍ਹਾਂ ਸਿੰਘਾਂ ਨੂੰ ਫੜ ਲਵੇ ਤੇ ਕੈਦ ਕਰ ਦੇਵੇ।

"ਤੁਸੀਂ ਪੰਥ ਦਾ ਅਪਮਾਨ ਕਰਨ ਦੀਆਂ ਗੱਲਾਂ ਕਰ ਰਹੇ ਹੋ," ਇਕ ਸਿੰਘ ਨੇ ਕਿਹਾ, "ਅਨੰਦਪੁਰ ਸਾਡਾ ਏ, ਸਾਡੇ ਗੁਰੂ ਦਾ ਘਰ ਏ, ਅਸੀਂ ਉਥੇ ਗ਼ੁਲਾਮਾਂ ਵਾਂਗ ਸ਼ਰਤਾਂ ਅਧੀਨ ਨਹੀਂ ਜਾਣਾ। ਸੁਤੰਤਰ ਹੋ ਕੇ ਵਿਚਰਨਾ ਹੈ। ਤੁਸੀਂ ਜਾਣਦੇ ਹੋ ਕਿ ਸਿੰਘ ਅਨੰਦਪੁਰ ਆ ਰਹੇ ਨੇ ਤੇ ਜੇ ਕਿਸੇ ਨੇ ਰੁਕਾਵਟ ਪਾਈ ਤਾਂ ਜੰਗ ਨੂੰ ਸੱਦਾ ਦੇਣਾ ਹੋਵੇਗਾ।"

"ਅਸੀਂ ਉੱਤਰ ਲੈਣ ਦੁਬਾਰਾ ਨਹੀਂ ਆਉਣਾ," ਦੂਜੇ ਸਿੰਘ ਨੇ ਕਿਹਾ, "ਤੁਹਾਨੂੰ ਉਥੇ ਕੀਰਤਪੁਰ ਉੱਤਰ ਭੇਜਣਾ ਹੋਵੇਗਾ।" ਇਹ ਕਹਿ ਕੇ ਦੋਵੇਂ ਸਿੰਘ ਉੱਠ ਖੜੇ ਹੋਏ ਤੇ ਫ਼ਤਹਿ ਬੁਲਾ ਕੇ ਬਾਹਰ ਆ ਗਏ। ਰਾਜੇ ਨੇ ਪਿੱਛੇ ਬੰਦੇ ਭੇਜੇ ਕਿ ਸਿੰਘਾਂ ਨੂੰ ਰੋਕੋ, ਉਹ ਕੁਝ ਭੇਦ

ਦੀਆਂ ਗੱਲਾਂ ਕਰਨੀਆਂ ਚਾਹੁੰਦਾ ਹੈ ਪਰ ਸਿੰਘਾਂ ਨੇ ਸਮਝਿਆ ਕਿ ਇਨ੍ਹਾਂ ਦੀ ਨੀਅਤ ਠੀਕ ਨਹੀਂ, ਇਸ ਲਈ ਆਪਣਾ ਕੰਮ ਮੁਕਾ ਦੇ ਤੁਰਤ ਵਾਪਸ ਪਹੁੰਚਣਾ ਚਾਹੀਦਾ ਹੈ।

ਸਿੰਘ ਘੋੜਿਆਂ 'ਤੇ ਚੜ੍ਹੇ ਤੇ ਬਰਛੇ ਹੱਥਾਂ ਵਿਚ ਲੈ ਕੇ ਤੁਰਤ ਘੋੜੇ ਭਜਾਂਦੇ ਅੱਖਾਂ ਤੋਂ ਉਹਲੇ ਹੋ ਗਏ।

29

ਸਿੰਘਾਂ ਦੇ ਜਥੇ ਜੈਕਾਰੇ ਛੱਡਦੇ ਅਨੰਦਪੁਰ ਸਾਹਿਬ ਵਿਚ ਦਾਖ਼ਲ ਹੋਏ। ਨਗਰ ਦੇ ਵਾਸੀਆਂ ਨੂੰ ਜਿਵੇਂ ਸਿੰਘਾਂ ਦਾ ਆਉਣਾ ਜਾਣ ਕੇ ਬੇਹੱਦ ਖ਼ੁਸ਼ੀ ਹੋਈ। ਹਾਕਮ ਤੇ ਰਿਆਸਤ ਦੇ ਰਾਜੇ ਦਾ ਬੜਾ ਡਰ ਭੈ ਸੀ, ਪਰ ਫਿਰ ਵੀ ਲੋਕ ਸਿੰਘਾਂ ਨੂੰ 'ਜੀ ਆਇਆਂ' ਆਖਣ ਲਈ ਗਲੀਆਂ ਤੋਂ ਬਾਹਰ ਨਿਕਲ ਆਏ। ਦੁਕਾਨਾਂ ਤੋਂ ਸੌਦੇ ਚੁੱਕ ਕੇ, ਖ਼ਾਸ ਕਰਕੇ ਖਾਣ ਪੀਣ ਦੀਆਂ ਚੀਜ਼ਾਂ ਭੇਂਟ ਕਰਨ ਲੱਗੇ। ਇਕ ਫ਼ਰਕ ਇਥੇ ਵੀ ਆਮ ਦੇਖਿਆ ਗਿਆ। ਬੁੱਢੇ ਤੇ ਵਡੇਰੀ ਉਮਰ ਦੇ ਲੋਕ ਘਰਾਂ ਤੇ ਹੱਟੀਆਂ ਤੋਂ ਬਾਹਰ ਬਹੁਤ ਘੱਟ ਆਏ। ਉਨ੍ਹਾਂ ਨੂੰ ਜਿਵੇਂ ਡਰ ਲੱਗਦਾ ਸੀ ਕਿ ਹਾਕਮ ਲੋਕ ਤੰਗ ਕਰਨਗੇ, ਉਨ੍ਹਾਂ ਤੋਂ ਬਦਲੇ ਲੈਣਗੇ ਪਰ ਯੁਵਕ ਵਰਗ ਦੀ ਸੋਚ ਇਤਨੀ ਦੂਰੇਡੀ ਨਹੀਂ ਸੀ। ਉਹ ਤਾਂ ਜਜ਼ਬਾਤੀ ਵਰਗ ਸੀ ਤੇ ਜੋ ਕੁਝ ਉਨ੍ਹਾਂ ਦੇ ਅੰਦਰ ਭਾਵਨਾ ਜਾਂ ਜਜ਼ਬਾ ਸੀ, ਉਸ ਦਾ ਖੁੱਲ੍ਹ ਕੇ ਪ੍ਰਗਟਾਵਾ ਕਰ ਰਹੇ ਸਨ।

ਨਗਰ ਤੋਂ ਬਾਹਰ ਹੀ ਜਥੇਦਾਰ ਕਰਮ ਸਿੰਘ ਨੂੰ ਕਹਿਲੂਰ ਦੇ ਰਾਜੇ ਦਾ ਦਰਬਾਰੀ ਕਰਮ ਚੰਦ ਤੇ ਇਕ ਮੰਤਰੀ ਸਤਿ ਪ੍ਰਕਾਸ਼ ਮਿਲ ਪਏ। ਉਨ੍ਹਾਂ ਨੇ ਰਾਜੇ ਦਾ ਸੁਨੇਹਾ ਦਿੱਤਾ ਕਿ ਤੁਸੀਂ ਕਿਲ੍ਹੇ 'ਤੇ ਹਮਲਾ ਕਰਨਾ, ਸਾਡੀ ਫ਼ੌਜ ਦਿਖਾਵੇ ਦਾ ਕੁਝ ਚਿਰ ਮੁਕਾਬਲਾ ਕਰ ਕੇ ਕਿਲ੍ਹੇ ਦਾ ਕਬਜ਼ਾ ਦੇ ਦੇਵੇਗੀ ਤੇ ਤੁਸੀਂ ਜੋੜ ਮੇਲੇ ਪਿੱਛੋਂ ਕਿਲ੍ਹੇ ਨੂੰ ਖ਼ਾਲੀ ਕਰ ਜਾਣਾ। ਦਿੱਲੀ ਦੀ ਮੁਗ਼ਲ ਸਰਕਾਰ ਪਿੱਛੋਂ ਤੰਗ ਕਰਦੀ ਏ, ਇਸ ਲਈ ਇਹ ਨਾਟਕ ਖੇਡਣਾ ਜ਼ਰੂਰੀ ਹੈ। ਇਹ ਵੀ ਰਿਆਸਤੀ ਰਾਜੇ ਨੇ ਮੰਨ ਲਿਆ ਕਿ ਅਨੰਦਪੁਰ ਤੁਹਾਡੀ ਥਾਂ ਏ, ਗੁਰੂ ਜੀ ਦਾ ਵਸਾਇਆ ਨਗਰ ਏ, ਇਸ ਲਈ ਗੁਰੂ ਦੇ ਸਿਖ ਹੀ ਇਸ ਦੇ ਮਾਲਕ ਹਨ ਪਰ ਇਹ ਵੀ ਯਾਦ ਰੱਖੋ ਕਿ ਅਨੰਦਪੁਰ ਕੋਈ ਸੁਤੰਤਰ ਤੇ ਵੱਖਰਾ ਇਲਾਕਾ ਨਹੀਂ, ਰਿਆਸਤ ਦਾ ਹੀ ਇਕ ਨਗਰ ਏ ਤੇ ਇਉਂ ਰਿਆਸਤੀ ਰਾਜ ਪ੍ਰਬੰਧ ਵਿਚ ਸਿੱਖਾਂ ਨੂੰ ਵੀ ਸਹਿਯੋਗ ਦੇਣਾ ਚਾਹੀਦਾ ਏ। ਮੰਤਰੀ ਸਤਿ ਪ੍ਰਕਾਸ਼ ਨੇ ਇਹ ਵੀ ਸਪੱਸ਼ਟ ਦੱਸ ਦਿੱਤਾ ਕਿ ਦਿੱਲੀ ਦੀ ਮੁਗ਼ਲ ਹਕੂਮਤ ਬਾਈਧਾਰ ਦੇ ਹਿੰਦੂ ਰਾਜਿਆਂ ਦੇ ਸਿਰ 'ਤੇ ਆਪਣੀ ਫ਼ੌਜੀ ਛਾਉਣੀ ਅਨੰਦਪੁਰ ਵਿਚ ਬਣਾਣਾ ਚਾਹੁੰਦੀ ਏ ਤੇ ਗੁਰੂ ਜੀ ਦੇ ਤਿਆਰ ਕੀਤੇ ਪੰਜੇ ਕਿਲ੍ਹੇ ਉਹ ਕਬਜ਼ੇ ਵਿਚ ਰੱਖਣਾ ਚਾਹੁੰਦੀ ਏ। ਜੇ ਉਨ੍ਹਾਂ ਦੀ ਵਿਉਂਤ ਸਿਰੇ ਚੜ੍ਹ ਗਈ ਤਾਂ ਸਿੱਖਾਂ ਦੇ ਅਨੰਦਪੁਰ ਵਿਚ ਇਕੱਠ ਵੀ ਨਹੀਂ ਹੋਣ ਦੇਣਗੇ ਤੇ ਪਹਾੜੀ ਰਿਆਸਤਾਂ ਦੇ ਸਿਰ ਚੜ੍ਹ ਕੇ ਬੈਠੀ ਫ਼ੌਜ ਵੀ ਅਤਿ ਦੁਖੀ ਕਰੇਗੀ। ਇਹ ਸਾਰੀਆਂ ਗੱਲਾਂ ਇਕ ਪਾਸੇ ਹਾਲਾਤ ਤੋਂ ਜਾਣੂੰ ਕਰਾਉਣ ਲਈ ਜ਼ਰੂਰੀ ਸਨ ਤੇ ਦੂਜੇ ਇਹ ਪ੍ਰਭਾਵ ਦੇਣ ਲਈ ਕਿ ਸਿੱਖਾਂ ਨੂੰ ਅੱਗੋਂ ਲਈ ਅਨੰਦਪੁਰ ਆਪਣਾ ਪੱਕਾ ਟਿਕਾਣਾ ਨਹੀਂ ਰੱਖਣਾ ਚਾਹੀਦਾ।

ਜਥੇਦਾਰ ਕਰਮ ਸਿੰਘ ਨੇ ਮੰਤਰੀ ਸਤਿ ਪ੍ਰਕਾਸ਼ ਤੇ ਕਰਮ ਚੰਦ ਦੀਆਂ ਗੱਲਾਂ ਬਹੁਤ ਹੀ ਧਿਆਨ ਨਾਲ ਸੁਣੀਆਂ ਪਰ ਤੁਰਤ ਕੋਈ ਉੱਤਰ ਨਾ ਦਿੱਤਾ। ਸਤਿ ਪ੍ਰਕਾਸ਼ ਹੈਰਾਨ ਸੀ ਕਿ ਕਰਮ ਸਿੰਘ ਇਤਨਾ ਸਿਆਣਾ ਰਾਜਸੀ ਬੰਦਾ ਹੈ, ਜੋ ਅਗਲੇ ਦੀ ਗੱਲ ਸੁਣੀ ਜਾਂਦਾ

ਏ ਪਰ ਆਪ ਪ੍ਰਭਾਵ ਕੋਈ ਨਹੀਂ ਦਿੰਦਾ। ਮੰਤਰੀ ਬਾਰ ਬਾਰ ਉਹਦੇ ਚਿਹਰੇ ਵੱਲ ਦੇਖ ਰਿਹਾ ਸੀ ਪਰ ਉਥੋਂ ਕੁਝ ਵੀ ਨਹੀਂ ਸੀ ਪੜ੍ਹਿਆ ਜਾ ਰਿਹਾ। ਅਖ਼ੀਰ ਕਰਮ ਸਿੰਘ ਨੇ ਇਤਨਾ ਕਹਿ ਕੇ ਗੱਲ ਮੁਕਾਈ, "ਅਸੀਂ ਤੁਹਾਡੀ ਗੱਲ ਸੁਣ ਲਈ ਏ। ਜਿਹੜੇ ਸਿੰਘ ਕਹਿਲੂਰ ਦੇ ਰਾਜੇ ਨੂੰ ਮਿਲ ਕੇ ਆਏ ਹਨ, ਉਨ੍ਹਾਂ ਵੀ ਸਾਰੀ ਗੱਲ ਦੱਸ ਦਿੱਤੀ ਏ। ਅਸੀਂ ਇਹ ਸਭ ਕੁਝ ਧਿਆਨ ਵਿਚ ਰੱਖ ਕੇ ਅਗਲਾ ਫ਼ੈਸਲਾ ਕਰ ਲਵਾਂਗੇ।"

ਨਗਰ ਵਿਚ ਦਾਖ਼ਲ ਹੋ ਕੇ ਸਿੰਘਾਂ ਦੇ ਸਭ ਜਥਿਆਂ ਨੇ ਪਹਿਲਾਂ ਉਨ੍ਹਾਂ ਸਥਾਨਾਂ ਦੇ ਦਰਸ਼ਨ ਕੀਤੇ, ਜੋ ਗੁਰੂ ਸਾਹਿਬਾਨ ਦੀ ਚਰਨ-ਛੋਹ ਨਾਲ ਪਵਿੱਤਰ ਸਨ। ਸੱਚਮੁੱਚ ਨਗਰ ਵਿਚ ਦਾਖ਼ਲ ਹੋਣ ਸਮੇਂ ਰਾਜੇ ਦੀ ਫ਼ੌਜ ਨੇ ਕਿਧਰੇ ਮੁਕਾਬਲਾ ਨਾ ਕੀਤਾ। ਜਦ ਇਹ ਕਿਲ੍ਹਾ ਅਨੰਦਗੜ੍ਹ ਵੱਲ ਗਏ ਤਾਂ ਅੱਗੋਂ ਕੁਝ ਬੰਦੂਕਾਂ ਚੱਲਣ ਦੀ ਆਵਾਜ਼ ਆਈ। ਸਿੰਘਾਂ ਦੇ ਜਥੇ ਨੇ ਝੱਟਪਟ ਘੋੜੇ ਰੋਕ ਲਏ ਤੇ ਪੈਦਲ ਸਿੰਘਾਂ ਨੇ ਮੋਰਚੇ ਸੰਭਾਲ ਲਏ। ਕੁਝ ਮਿੰਟ ਹੀ ਦੋਹਾਂ ਪਾਸਿਉਂ ਗੋਲੀ ਚੱਲੀ ਤੇ ਫਿਰ ਕਹਿਲੂਰ ਦੇ ਰਾਜੇ ਦੀ ਫ਼ੌਜ ਕਿਲ੍ਹੇ ਵਿਚੋਂ ਨਿਕਲ ਕੇ ਨੱਸ ਗਈ। ਬਾਕੀ ਦੇ ਚਾਰ ਕਿਲ੍ਹਿਆਂ ਵਿਚ ਵੀ ਇਸੇ ਤਰ੍ਹਾਂ ਹੋਇਆ।

ਸਿੰਘਾਂ ਨੇ ਕੇਸਗੜ੍ਹ ਦੇ ਅਸਥਾਨ 'ਤੇ ਉਸੇ ਥਾਂ ਦੀਵਾਨ ਲਾਇਆ ਜਿਥੇ ਕਲਗੀਧਰ ਪਾਤਿਸ਼ਾਹ ਨੇ ਦਸ ਸਾਲ ਪਹਿਲਾਂ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਪੰਜ ਪਿਆਰਿਆਂ ਦੀ ਚੋਣ ਕੀਤੀ ਸੀ। ਸਟੇਜ ਵਾਲਾ ਥੜ੍ਹਾ ਉਸੇ ਤਰ੍ਹਾਂ ਕਾਇਮ ਸੀ। ਉਹਦੇ ਨਾਲ ਬਣੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੇ ਸ਼ਸਤਰਾਂ ਦੀ ਸੰਭਾਲ ਵਾਲੇ ਸਥਾਨ ਨੂੰ ਗੁਰੂ ਸਾਹਿਬ ਦੇ ਜਾਣ ਪਿੱਛੋਂ ਢਾਹ ਦਿੱਤਾ ਗਿਆ ਸੀ। ਇਸੇ ਤਰ੍ਹਾਂ ਹਕੂਮਤ ਦੀ ਫ਼ੌਜ ਨੇ ਗੁਰੂ ਦੇ ਮਹਿਲ ਤੇ ਸੀਸ ਗੰਜ ਦਾ ਸਥਾਨ, ਜਿਥੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਹੋਇਆ ਸੀ, ਵੀ ਢਾਹ ਦਿੱਤਾ ਸੀ।

ਜਥੇਦਾਰ ਕਰਮ ਸਿੰਘ ਨੇ ਤੁਰਤ ਸਿੰਘਾਂ ਨੂੰ ਲਾਇਆ ਤੇ ਢਾਹੀਆਂ ਥਾਵਾਂ ਨਵੇਂ ਸਿਰਿਉਂ ਉਸਾਰਨੀਆਂ ਸ਼ੁਰੂ ਕਰ ਦਿੱਤੀਆਂ। ਇੱਟਾਂ ਦੀਆਂ ਜਿਤਨੀਆਂ ਵੀ ਭੱਠੀਆਂ, ਆਵੇ ਜਾਂ ਭੱਠੇ ਆਸ ਪਾਸ ਸਨ, ਉਨ੍ਹਾਂ ਸਭ ਨੂੰ ਸੁਨੇਹੇ ਭੇਜ ਕੇ ਇੱਟਾਂ ਮੰਗਵਾਈਆਂ। ਸਭ ਨੂੰ ਕਿਹਾ ਕਿ ਗੁਰੂ-ਘਰ ਵਿਚ ਲੱਗਣ ਵਾਲੀ ਹਰ ਇੱਟ ਦੀ ਕੀਮਤ ਦਿੱਤੀ ਜਾਏਗੀ। ਕਿਸੇ ਤੋਂ ਬਿਨਾਂ ਮੁੱਖ ਜ਼ਬਰਦਸਤੀ ਕੋਈ ਸਾਮਾਨ ਨਹੀਂ ਖੋਹਿਆ ਜਾਏਗਾ। ਆਪਣੀ ਸ਼ਰਧਾ ਨਾਲ ਕੋਈ ਬੇਸ਼ੱਕ ਭੇਟ ਕਰ ਜਾਏ। ਨਗਰ ਦੇ ਲੋਕਾਂ ਨੇ ਕਈ ਸਾਲਾਂ ਪਿੱਛੋਂ ਮੁੜ ਚਹਿਲ ਪਹਿਲ ਦੇਖੀ ਤੇ ਹੋਣ ਵਾਲੇ ਜੋੜ ਮੇਲੇ ਲਈ ਤਿਆਰੀ ਕਰਨ ਲੱਗੇ। ਆਸ ਪਾਸ ਦੇ ਪਿੰਡਾਂ ਤੋਂ ਮਾਲ ਵੇਚਣ ਵਾਲੇ ਤੇ ਹਲਵਾਈ ਆਪੋ ਆਪਣੀਆਂ ਹੱਟੀਆਂ ਲਾਣ ਲਈ ਥਾਂ ਮੱਲਣ ਆਉਣ ਲੱਗੇ। ਸਾਰੇ ਨਗਰ ਨੇ ਗੁਰ-ਅਸਥਾਨਾਂ ਦੀ ਕਾਰ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਅਨੰਦਪੁਰ ਦੇ ਮੁਸਲਮਾਨ ਵਸਨੀਕਾਂ ਨੇ ਵੀ ਪੂਰਾ ਪੂਰਾ ਸਾਥ ਦਿੱਤਾ। ਇਸੇ ਕਰਕੇ ਕੁਝ ਹੀ ਦਿਨਾਂ ਵਿਚ ਸਾਰੇ ਗੁਰ-ਅਸਥਾਨ ਮੁੜ ਕੇ ਤਿਆਰ ਹੋ ਗਏ। ਸੈਂਕੜੇ ਲੋਕ ਕਾਰ ਸੇਵਾ ਵਿਚ ਹਿੱਸਾ ਲੈਣ ਲਈ ਦੂਰ-ਦੁਰਾਡਿਉਂ ਵੀ ਆਉਣੇ ਸ਼ੁਰੂ ਹੋ ਗਏ। ਕਿਸੇ ਨੂੰ ਕਿਹਾ ਨਹੀਂ ਸੀ ਪਰ ਹਰ ਆਉਣ ਵਾਲਾ ਸਿਖ ਆਪਣੇ ਸਿਰ 'ਤੇ ਲੰਗਰ ਲਈ ਅੰਨ ਦਾਣਾ ਲਈ ਆ ਰਿਹਾ ਸੀ। ਕਈਆਂ ਨੇ ਗੱਡੇ ਲੱਦ ਕੇ ਪਿੰਡਾਂ ਤੋਂ ਭੇਜਣੇ ਸ਼ੁਰੂ ਕਰ ਦਿੱਤੇ ਤੇ ਇਉਂ ਅਨੰਦਪੁਰ ਵਿਚ ਅੱਠੇ ਪਹਿਰ ਲੰਗਰ ਪੱਕਣ ਲੱਗ ਪਿਆ। ਦੂਰ ਦੂਰ ਤੋਂ ਗ਼ਰੀਬ-ਗੁਰਬਾ ਤੇ ਪਹਾੜੀਏ ਵੀ ਗੁਰੂ ਕੇ ਲੰਗਰ ਤੋਂ ਪ੍ਰਸ਼ਾਦਿ ਛਕਣ ਲੱਗ ਪਏ। ਕਈ ਹਕੀਮਾਂ ਵੈਦਾਂ ਨੇ ਬੀਮਾਰ ਲੋਕਾਂ ਲਈ ਦਵਾ-ਦਾਰੂ ਦੇਣ ਲਈ ਆਪਣੀ ਸੇਵਾ ਭੇਟ ਕਰ ਦਿੱਤੀ। ਗੁਰ-ਅਸਥਾਨਾਂ ਵਿਚ ਪੜ੍ਹਾਈ ਦੇ ਕੇਂਦਰ ਵੀ ਚਾਲੂ ਹੋ ਗਏ। ਇਸ ਸੁਚੱਜੇ ਪ੍ਰਬੰਧ ਕਾਰਨ ਹੀ 1709 ਈਸਵੀ ਵਿਚ ਅਨੰਦਪੁਰ ਵਿਚ ਵੱਡਾ

ਜੋੜ ਮੇਲਾ ਬੜੇ ਉਤਸ਼ਾਹ ਨਾਲ ਹੋਇਆ। ਰਾਗੀ ਢਾਡੀ ਕੀਰਤਨ ਕਰਨ ਲਈ ਪਹੁੰਚ ਗਏ। ਭਾਸ਼ਣਕਾਰਾਂ ਤੇ ਕਥਾਕਾਰਾਂ ਨੇ ਗੁਰਮਤਿ ਦੀ ਵਿਆਖਿਆ ਕਰਨੀ ਤੇ ਜਨ-ਸਾਧਾਰਨ ਨੂੰ ਨਰੋਈ ਜੀਵਨ ਜਾਚ ਦੱਸਣੀ ਸ਼ੁਰੂ ਕਰ ਦਿੱਤੀ। ਅੰਮ੍ਰਿਤ ਪ੍ਰਚਾਰ ਵੀ ਹੋਇਆ ਤੇ ਅਣਗਿਣਤ ਲੋਕਾਂ ਨੇ ਅੰਮ੍ਰਿਤਪਾਨ ਕੀਤਾ।

ਜੋੜ ਮੇਲੇ ਤੋਂ ਪਿੱਛੋਂ ਵੱਖ ਵੱਖ ਇਲਾਕਿਆਂ ਤੋਂ ਆਏ ਸਿੰਘਾਂ ਵਿਚੋਂ ਉਨ੍ਹਾਂ ਦੀ ਸੂਚੀ ਤਿਆਰ ਕੀਤੀ ਗਈ, ਜੋ ਹੁਣੇ ਘਰ ਵਾਪਸ ਨਹੀਂ ਜਾਣਾ ਚਾਹੁੰਦੇ, ਸਗੋਂ ਪੰਥ ਦੇ ਸੰਘਰਸ਼ ਵਿਚ ਇਕ ਸਿਪਾਹੀ ਬਣ ਕੇ ਯੋਗਦਾਨ ਪਾਉਣਾ ਚਾਹੁੰਦੇ ਸਨ। ਇਹ ਗਿਣਤੀ ਸੱਤ ਸੌ ਦੇ ਕਰੀਬ ਬਣ ਗਈ। ਇਨ੍ਹਾਂ ਨੂੰ ਇਕ ਸੌ ਇਕ ਦੇ ਪੰਜ ਜਥਿਆਂ ਵਿਚ ਵੰਡ ਕੇ ਪੰਜਾਂ ਕਿਲ੍ਹਿਆਂ ਵਿਚ ਪੱਕੇ ਤੌਰ 'ਤੇ ਠਹਿਰਾ ਦਿੱਤਾ ਗਿਆ। ਬਾਕੀ ਦੇ ਰਾਖਵੀਂ ਫ਼ੌਜ ਵੱਜੋਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਵਿਚ ਲਾ ਦਿੱਤੇ ਗਏ। ਫ਼ੈਸਲਾ ਕੀਤਾ ਗਿਆ ਕਿ ਜਦ ਵੀ ਕਿਲ੍ਹਿਆਂ 'ਚੋਂ ਸਿੰਘ ਛੁੱਟੀ 'ਤੇ ਆਪਣੇ ਘਰ ਜਾਣ ਤਾਂ ਇਸ ਰਾਖਵੇਂ ਦੋ ਸੌ ਦੇ ਜਥੇ ਵਿਚੋਂ ਸਿੰਘ ਉਨ੍ਹਾਂ ਦੀ ਥਾਂ ਰਹਿਣ। ਪੰਜਾਂ ਕਿਲ੍ਹਿਆਂ ਦੇ ਪੰਜ ਜਥੇਦਾਰ ਨਿਯੁਕਤ ਕੀਤੇ ਗਏ ਤੇ ਉਨ੍ਹਾਂ ਦੀ ਕੇਂਦਰੀ ਪ੍ਰਬੰਧਕ ਸੰਸਥਾ ਬਣਾ ਦਿੱਤੀ। ਕੋਈ ਵੀ ਮਸਲਾ ਸਾਹਮਣੇ ਆਏ, ਉਸ ਨੂੰ ਉਨ੍ਹਾਂ ਨੇ ਮਿਲ ਕੇ ਨਜਿੱਠਣਾ ਹੈ।

ਭਾਵੇਂ ਸਾਰਿਆਂ ਨੂੰ ਤਾਂ ਜਥੇਦਾਰ ਕਰਮ ਸਿੰਘ ਨੇ ਨਹੀਂ ਸੀ ਦੱਸਿਆ ਪਰ ਇਨ੍ਹਾਂ ਨਵੇਂ ਚੁਣੇ ਪੰਜਾਂ ਜਥੇਦਾਰਾਂ ਨੂੰ ਦੱਸ ਦਿੱਤਾ ਸੀ ਕਿ ਬੰਦਾ ਸਿੰਘ ਕਲਗੀਧਰ ਪਾਤਿਸ਼ਾਹ ਦੇ ਆਦੇਸ਼ ਅਨੁਸਾਰ ਪੰਜਾਬ ਦੇ ਨੇੜੇ ਆ ਗਿਆ ਹੈ। ਉਹਨੇ ਜਗਾਧਰੀ ਨੇੜੇ ਕਿਧਰੇ ਆਪਣਾ ਮੁੱਖ ਕੇਂਦਰ ਵੀ ਬਣਾ ਲਿਆ ਹੈ ਤੇ ਛੇਤੀ ਹੀ ਉਹ ਸਰਹੰਦ 'ਤੇ ਹਮਲਾ ਕਰਨ ਵਾਲਾ ਹੈ। ਜਦ ਵੀ ਉਹਦਾ ਸੁਨੇਹਾ ਆਇਆ, ਅਨੰਦਪੁਰ ਵਿਚ ਇਕੱਠੀ ਹੋ ਰਹੀ ਸਿੰਘਾਂ ਦੀ ਫ਼ੌਜ ਨੇ ਸਰਹੰਦ ਵੱਲ ਕੂਚ ਕਰਨਾ ਹੈ। ਸਰਹੰਦ ਕਿਉਂਕਿ ਅਨੰਦਪੁਰ ਤੋਂ ਬਹੁਤ ਹੀ ਨੇੜੇ ਹੈ, ਇਸ ਲਈ ਇਧਰੋਂ ਚੜ੍ਹਾਈ ਕਰਨ ਦੀ ਜ਼ਿੰਮੇਵਾਰੀ ਅਸਾਂ ਲੈਣੀ ਏ। ਦੁਆਬੇ ਤੋਂ ਹੋਰ ਆ ਰਹੇ ਸਿੰਘ ਵੀ ਅਨੰਦਪੁਰ ਵਿਚ ਹੀ ਇਕੱਠੇ ਹੋਣਗੇ।

ਇਹ ਵੀ ਸਭ ਨੂੰ ਸਮਝਾ ਦਿੱਤਾ ਕਿ ਮੁਗ਼ਲ ਫ਼ੌਜ ਦੱਖਣ ਵੱਲ ਹੀ ਰੁਝੀ ਹੋਈ ਏ, ਇਸ ਲਈ ਅਨੰਦਪੁਰ 'ਤੇ ਨਾ ਤਾਂ ਹੁਣ ਦਿੱਲੀ ਤੋਂ ਆ ਕੇ ਕੋਈ ਹਮਲਾ ਕਰ ਸਕਦਾ ਹੈ ਤੇ ਨਾ ਹੀ ਸਰਹੰਦ ਦੇ ਨਵਾਬ ਦਾ ਇਧਰ ਧਿਆਨ ਹੋ ਸਕਦਾ ਹੈ। ਉਹਨੂੰ ਬੰਦਾ ਸਿੰਘ ਦੀਆਂ ਸਰਗਰਮੀਆਂ ਦੀ ਅਵੱਸ਼ ਇਤਲਾਹ ਮਿਲ ਰਹੀ ਹੋਵੇਗੀ ਤੇ ਉਹ ਟਾਕਰੇ ਲਈ ਤਿਆਰੀ ਕਰ ਰਿਹਾ ਹੋਵੇਗਾ, ਇਸ ਲਈ ਅਨੰਦਪੁਰ ਵਿਚ ਠਹਿਰੇ ਸਿੰਘਾਂ ਨੂੰ ਵਧੀਆ ਘੋੜੇ ਤੇ ਜੰਗ ਦਾ ਸਮਾਨ ਇਕੱਤਰ ਕਰਨਾ ਚਾਹੀਦਾ ਹੈ। ਇਨ੍ਹਾਂ ਕਿਲ੍ਹਿਆਂ ਵਿਚ ਵੀ ਰਸਦ ਪਾਣੀ ਤੇ ਹੋਰ ਵਸਤਾਂ ਇਕੱਤਰ ਕਰਨੀਆਂ ਚਾਹੀਦੀਆਂ ਹਨ।

ਜਥੇਦਾਰ ਕਰਮ ਸਿੰਘ ਆਪਣੇ ਜ਼ਿੰਮੇ ਇਹ ਕੰਮ ਲੈ ਕੇ ਅਨੰਦਪੁਰ ਤੋਂ ਆ ਗਿਆ। ਕਿੱਕਰ ਸਿੰਘ ਤੇ ਕਸ਼ਮੀਰ ਸਿੰਘ ਨੂੰ ਅਨੰਦਪੁਰ ਸਾਹਿਬ ਦੇ ਪ੍ਰਬੰਧ ਲਈ ਉਥੇ ਛੱਡ ਆਇਆ। ਇਹ ਪੱਕੀ ਕਰ ਕੇ ਆਇਆ ਕਿ ਹਰ ਦੂਜੇ ਚੌਥੇ ਦਿਨ ਉਹਨੂੰ ਕਰਤਾਰਪੁਰ ਇਤਲਾਹ ਭੇਜਦੇ ਰਹਿਣਾ। ਇਨ੍ਹਾਂ ਬਾਈਧਾਰ ਦੇ ਰਾਜਿਆਂ ਦਾ ਵਿਸਾਹ ਬਿਲਕੁਲ ਨਹੀਂ ਕਰਨਾ। ਇਹ ਲੋੜ ਵੇਲੇ ਬਹੁਤ ਹੀ ਝੁਕ ਜਾਂਦੇ ਹਨ ਤੇ ਜਦ ਵਕਤ ਲੰਘ ਜਾਏ ਤਾਂ ਅੱਖਾਂ ਦਿਖਾਣ ਲੱਗ ਪੈਂਦੇ ਹਨ। ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਧੋਖਾ ਕੀਤਾ। ਜਦ ਇਨ੍ਹਾਂ ਵਿਰੁੱਧ ਮੁਗ਼ਲ ਫ਼ੌਜਾਂ ਚੜ੍ਹ ਕੇ ਆਉਂਦੀਆਂ ਰਹੀਆਂ ਤਾਂ ਇਹ ਗੁਰੂ ਜੀ ਦੀ ਸਰਨ ਆ ਜਾਂਦੇ ਰਹੇ ਤੇ ਜਦੋਂ ਔਖਾ ਵੇਲਾ ਲੰਘ ਗਿਆ ਤਾਂ ਮੁੜ ਕੇ ਵੈਰ ਕਮਾਣ ਲੱਗ ਪਏ। ਜਿਵੇਂ ਮੁਗ਼ਲ ਇਸਲਾਮ

ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ ਤੇ ਧਾਰਮਕ ਜਜ਼ਬਾਤ ਲੋਕਾਂ ਦੇ ਭੜਕਾ ਕੇ ਅਯੋਗ ਲਾਭ ਪ੍ਰਾਪਤ ਕਰਦੇ ਹਨ, ਇਸੇ ਤਰ੍ਹਾਂ ਬਾਈਧਾਰ ਦੇ ਰਾਜੇ ਵੀ ਹਿੰਦੂਆਂ ਦੇ ਸੱਕੇ ਨਹੀਂ। ਇਹ ਤਾਂ ਆਪਣੇ ਧਰਮ ਭਰਾਵਾਂ ਦਾ ਰਾਜ ਖ਼ਤਮ ਕਰਨ ਲਈ ਦੁਸ਼ਮਣ ਦੇ ਹੱਥ-ਠੋਕੇ ਬਣ ਸਕਦੇ ਹਨ। ਇਨ੍ਹਾਂ ਹਾਕਮਾਂ ਵਿਚ ਧਰਮ ਭਾਵਨਾ ਨਹੀਂ, ਕੇਵਲ ਰਾਜਨੀਤਕ ਸੋਚ ਅਧੀਨ ਹੀ ਚੱਲਦੇ ਹਨ।

ਜਥੇਦਾਰ ਕਰਮ ਸਿੰਘ ਕਰਤਾਰਪੁਰ ਆਇਆ। ਪਿਤਾ ਲੱਭ ਚੰਦ ਨੇ ਦੱਸਿਆ, "ਫ਼ੌਜਦਾਰ ਜਲੰਧਰ ਦੇ ਦੋ ਵਾਰ ਸੁਨੇਹੇ ਆ ਚੁੱਕੇ ਹਨ ਕਿ ਛੇਤੀ ਮਿਲਣ ਆਉ। ਬਹੁਤ ਜ਼ਰੂਰੀ ਕੰਮ ਏ ਤੇ ਸਲਾਹ ਕਰਨੀ ਏ। ਮੈਂ ਕਹਿ ਦਿੱਤਾ ਏ ਕਿ ਕਰਮ ਸਿੰਘ ਜੋੜ ਮੇਲੇ 'ਤੇ ਅਨੰਦਪੁਰ ਗਿਆ ਹੋਇਆ ਏ, ਕੁਝ ਦਿਨਾਂ ਤਕ ਆ ਜਾਏਗਾ।" ਲਾਭ ਚੰਦ ਨੇ ਇਹ ਵੀ ਦੱਸਿਆ ਕਿ ਉਹਨੂੰ ਤੁਹਾਡੇ ਅਨੰਦਪੁਰ ਇਕੱਠ ਕਰਨ ਦੀ ਪੂਰੀ ਪੂਰੀ ਇਤਲਾਹ ਸੀ। ਇਸੇ ਲਈ ਦੂਜੀ ਵਾਰ ਉਹਦੇ ਬੰਦਿਆਂ ਨੇ ਕਾਫ਼ੀ ਗੱਲਾਂ ਦੱਸੀਆਂ ਹਨ। ਮੈਂ ਉਨ੍ਹਾਂ ਨੂੰ ਬਿਠਾ ਕੇ ਚੰਗੀ ਸੇਵਾ ਕੀਤੀ। ਉਨ੍ਹਾਂ ਦੱਸਿਆ ਕਿ ਕੋਈ ਸਿਖ ਬੰਦਾ ਸਿੰਘ ਧੜਾ ਧੜ ਇਲਾਕੇ ਫ਼ਤਹਿ ਕਰਦਾ ਪੰਜਾਬ ਵੱਲ ਆ ਰਿਹਾ ਏ। ਇਸ ਬਾਰੇ ਫ਼ੌਜਦਾਰ ਸਲਾਹ ਕਰਨੀ ਚਾਹੁੰਦਾ ਏ। ਉਨ੍ਹਾਂ ਦੀਆਂ ਗੱਲਾਂ ਤੋਂ ਭਿਣਕ ਪਈ ਏ ਕਿ ਫ਼ੌਜਦਾਰ ਕਾਫ਼ੀ ਘਬਰਾਇਆ ਹੋਇਆ ਏ।

"ਕੋਈ ਨਹੀਂ, ਮਿਲ ਲਵਾਂਗੇ ਉਹਨੂੰ ਵੀ," ਕਰਮ ਸਿੰਘ ਨੇ ਸੁਨੇਹੇ ਨੂੰ ਬਹੁਤ ਹੀ ਸਾਧਾਰਨ ਜਾਣਦਿਆਂ ਆਖਿਆ ਤੇ ਪਿਤਾ ਨੂੰ ਮਿਲ ਕੇ ਅੰਦਰ ਦੀਪੋ ਪਾਸ ਚਲਾ ਗਿਆ। ਉਹ ਆਪਣੇ ਕਮਰੇ 'ਚੋਂ ਉਦੋਂ ਦੀ ਝਾਕ ਰਹੀ ਸੀ ਜਦੋਂ ਕਰਮ ਸਿੰਘ ਆਪਣੇ ਘਰ ਦੀ ਡਿਉਢੀ ਵਿਚ ਆਇਆ ਸੀ। ਦੀਪੋ ਦਾ ਮਨ ਮਚਲ ਰਿਹਾ ਸੀ ਤੇ ਉਹਦਾ ਜੀਅ ਕਰਦਾ ਸੀ ਕਿ ਦੌੜ ਕੇ ਕਰਮ ਸਿੰਘ ਦੇ ਨੇੜੇ ਆ ਜਾਏ, ਉਹਦੇ ਅੰਗਾਂ ਨੂੰ ਛੂਹ ਕੇ ਆਪਣੇ ਪਿਆਰ ਦਾ ਪ੍ਰਗਟਾਵਾ ਕਰੇ ਪਰ ਲੋਕ-ਲੱਜਿਆ ਤੇ ਪ੍ਰਵਾਰਕ ਰਹਿਣੀ-ਬਹਿਣੀ ਦੇ ਢੰਗ ਤਰੀਕੇ ਨੇ ਉਹਨੂੰ ਆਪਣੇ ਜਜ਼ਬਾਤ 'ਤੇ ਕਾਬੂ ਪਾ ਕੇ ਰੱਖਣ ਲਈ ਮਜਬੂਰ ਕਰ ਦਿੱਤਾ। ਕਰਮ ਸਿੰਘ ਦਾ ਜਵਾਨ ਮਨ ਵੀ ਆਪਣੀ ਪਤਨੀ ਨਾਲ ਗੱਲ-ਬਾਤ ਕਰਨ ਤੇ ਉਹਦਾ ਦੁਖ-ਸੁਖ ਸੁਣਨ ਲਈ ਉਤਾਵਲਾ ਸੀ। ਪਹਿਲੀ ਵਾਰ ਵਿਆਹ ਪਿੱਛੋਂ ਦੋਵੇਂ ਨਿਖੜੇ ਸਨ ਤੇ ਇਸ ਦੂਰੀ ਨੇ ਪਿਆਰ ਕਾਂਗਾਂ ਵਿਚ ਹੋਰ ਉਛਾਲਾ ਲੈ ਆਂਦਾ ਸੀ।

ਦੀਪੋ ਨੇ ਮੰਜੇ ਤੋਂ ਉੱਠ ਕੇ ਦੋਵੇਂ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਬੁਲਾਈ ਤੇ ਕਰਮ ਸਿੰਘ ਨੇ ਉਹਦਾ ਉਸੇ ਤਰ੍ਹਾਂ ਉੱਤਰ ਦੇ ਕੇ ਦੀਪੋ ਨੂੰ ਆਪਣੀਆਂ ਦੋਹਾਂ ਬਾਹਵਾਂ ਦੀ ਗਲਵਕੜੀ ਵਿਚ ਲੈ ਲਿਆ। ਦੀਪੋ ਵੀ ਉਹਦੀ ਛਾਤੀ ਨਾਲ ਲੱਗ ਕੇ ਉਹਦੇ ਦਿਲ ਦੀ ਧੜਕਣ ਦਾ ਅਨੰਦ ਮਾਣਨ ਲੱਗ ਪਈ। ਫਿਰ ਕਰਮ ਸਿੰਘ ਨੇ ਉਹਨੂੰ ਮੰਜੇ 'ਤੇ ਬਿਠਾਂਦਿਆਂ ਪੁੱਛਿਆ, "ਕੀ ਹਾਲ ਏ ਤੇਰਾ ? ਕਿਵੇਂ ਦਿਨ ਬੀਤੇ ਹਨ ਇਹ ? ਕੋਈ ਖ਼ਾਸ ਔਕੜ ਤੇ ਨਹੀਂ ਆਈ, ਮੇਰੇ ਪਿੱਛੋਂ ?"

"ਮਾਤਾ ਪਿਤਾ ਮੇਰਾ ਬਹੁਤ ਖ਼ਿਆਲ ਰੱਖਦੇ ਹਨ," ਦੀਪੋ ਨੇ ਦੱਸਿਆ, "ਮੇਰੀ ਖ਼ੁਰਾਕ ਵੱਲ ਉਚੇਚਾ ਧਿਆਨ ਦਿੰਦੇ ਹਨ। ਮਾਤਾ ਜੀ ਤਾਂ ਹਰ ਵੇਲੇ ਯਾਦ ਕਰਾਂਦੇ ਰਹਿੰਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਇਹ ਖਾਈਦਾ ਏ ਤੇ ਇਹ ਨਹੀਂ ਖਾਈਦਾ। ਪਰ ਇਸ ਸਭ ਕੁਝ ਦੇ ਬਾਵਜੂਦ ਮੈਨੂੰ ਆਪਣਾ ਆਪ ਗੁਆਚਾ ਗੁਆਚਾ ਲੱਗਦਾ ਏ। ਤੁਹਾਡਾ ਵਿਛੋੜਾ ਤੇ ਤੁਹਾਡੇ ਤੋਂ ਦੂਰੀ ਬਹੁਤ ਔਖਾ ਕਰਦੀ ਏ।"

"ਇਹ ਪਿਆਰ ਮੋਹ ਦੀਆਂ ਤੰਦਾਂ ਨੇ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਇਹੀ ਖਿੱਚ ਤਾਂ ਇਕ ਨਵਾਂ ਘਰ ਪ੍ਰਵਾਰ ਬਣਾਂਦੀ ਏ। ਕੁੜੀ ਕਿਸੇ ਪ੍ਰਵਾਰ ਵਿਚ ਜੰਮ

ਪਲ ਕੇ ਜਵਾਨ ਹੁੰਦੀ ਏ ਤੇ ਅਣਜਾਣੇ ਪ੍ਰਵਾਰ ਵਿਚ ਆ ਕੇ ਇਸੇ ਕਰਕੇ ਖ਼ੁਸ਼ ਹੁੰਦੀ ਏ ਤੇ ਨਵਾਂ ਜੀਵਨ ਸ਼ੁਰੂ ਕਰਦੀ ਏ। ਇਹ ਮੋਹ ਪਿਆਰ ਦੀ ਹੀ ਕਰਾਮਾਤ ਏ।"

"ਤੁਹਾਨੂੰ ਵੀ ਮੇਰੇ ਤੋਂ ਦੂਰ ਰਹਿ ਕੇ ਕੁਝ ਇਸੇ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਨਹੀਂ ?" ਦੀਪੋ ਨੇ ਆਪਣੇ ਮਨ ਦੀ ਕਿਸੇ ਤ੍ਰਿਪਤੀ ਲਈ ਇਹ ਪ੍ਰਸ਼ਨ ਕੀਤਾ ਤੇ ਕਰਮ ਸਿੰਘ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਬੋਲ ਪਈ, "ਤੁਹਾਨੂੰ ਤਾਂ ਉਥੇ ਅਨੰਦਪੁਰ ਦੇ ਦਰਸ਼ਨ ਦੀਦਾਰੇ ਕਰ ਕੇ ਤੇ ਹਰ ਵੇਲੇ ਸਿੰਘਾਂ ਵਿਚ ਘਿਰੇ ਰਹਿਣ ਕਾਰਨ ਕਿਥੇ ਵਿਹਲ ਮਿਲਿਆ ਹੋਵੇਗਾ ਕਿ ਮੇਰੇ ਬਾਰੇ ਵੀ ਸੋਚ ਸਕੋ।"

"ਇਹ ਗੱਲ ਨਹੀਂ," ਕਰਮ ਸਿੰਘ ਨੇ ਪਿਆਰ ਨਾਲ ਉਹਦਾ ਹੱਥ ਘੁੱਟਦਿਆਂ ਉੱਤਰ ਦਿੱਤਾ, "ਮੈਂ ਕਦੇ ਵੀ ਤੇਰੀ ਯਾਦ ਨਹੀਂ ਭੁਲਾਈ। ਹਰ ਸਮੇਂ ਮੈਂ ਮਨ ਦੀਆਂ ਡੂੰਘਾਣਾਂ ਵਿਚ ਤੈਨੂੰ ਆਪਣੇ ਨਾਲ ਦੇਖਿਆ ਹੈ ਪਰ ਹੋਰ ਕੰਮ-ਕਾਜ ਤੇ ਫ਼ਰਜ਼ ਵੀ ਜ਼ਰੂਰੀ ਹਨ। ਜੇਕਰ ਉਨ੍ਹਾਂ ਫ਼ਰਜ਼ਾਂ 'ਤੇ ਇਹ ਮੋਹ ਪਿਆਰ ਭਾਰੂ ਹੋ ਜਾਏ ਤਾਂ ਇਹ ਇਨਸਾਨ ਦੀ ਕਮਜ਼ੋਰੀ ਬਣ ਕੇ ਸਾਹਮਣੇ ਆ ਜਾਂਦੀ ਏ। ਇਸ ਲਈ ਆਪਣੇ ਫ਼ਰਜ਼ ਪੂਰੇ ਕਰਦਿਆਂ ਮੈਂ ਪੂਰੀ ਤਰ੍ਹਾਂ ਉਧਰ ਧਿਆਨ ਦਿੰਦਾ ਹਾਂ ਤੇ ਜਦੋਂ ਵਿਹਲ ਮਿਲੇ ਤਾਂ ਤੈਨੂੰ ਯਾਦ ਕਰ ਕੇ, ਕੁਝ ਯਾਦਾਂ ਨੂੰ ਦੁਬਾਰਾ ਚੇਤੇ ਕਰ ਕੇ ਮੈਂ ਉਨ੍ਹਾਂ ਵਿਚ ਵੀ ਗੁਆਚ ਜਾਂਦਾ ਹਾਂ। ਹੁਣ ਤੇ ਤੇਰੇ ਵੱਲ ਮੇਰੀ ਖਿੱਚ ਹੋਰ ਵੀ ਵਧ ਗਈ ਏ।"

"ਉਹ ਕਿਵੇਂ ?" ਦੀਪੋ ਨੇ ਜਾਣ ਬੁੱਝ ਕੇ ਪੁੱਛਿਆ। ਹਾਲਾਂਕਿ ਉਹ ਸਮਝ ਗਈ ਸੀ ਕਿ ਕਰਮ ਸਿੰਘ ਦਾ ਕਿਸ ਵੱਲ ਇਸ਼ਾਰਾ ਏ।

"ਸਾਡੇ ਦੋਂਹਾਂ ਦੇ ਪਿਆਰ ਦੀ ਸਾਂਝੀ ਨਿਸ਼ਾਨੀ ਜੋ ਤੂੰ ਸਾਂਭੀ ਬੈਠੀ ਏਂ," ਕਰਮ ਸਿੰਘ ਨੇ ਲਾਡ ਪਿਆਰ ਨਾਲ ਉਹਦੀ ਗਲ੍ਹ 'ਤੇ ਇਕ ਥਪੋਕੀ ਮਾਰਦਿਆਂ ਕਿਹਾ।

"ਕੋਈ ਆ ਜਾਏਗਾ," ਦੀਪੋ ਨੇ ਉਹਦੀਆਂ ਬਾਹਵਾਂ ਦੀ ਜਕੜ ਵਿਚੋਂ ਨਿਕਲਦਿਆਂ ਕਿਹਾ, "ਇਹ ਵੇਲਾ ਅਜਿਹੇ ਲਾਡ ਕਰਨ ਦਾ ਨਹੀਂ।" ਅਸਲ ਵਿਚ ਉਹਦਾ ਜੀਅ ਵੀ ਨਹੀਂ ਸੀ ਕਰਦਾ ਕਿ ਉਹ ਕਰਮ ਸਿੰਘ ਦੀ ਨੇੜਤਾ ਦੀ ਸੁਗੰਧੀ ਦਾ ਅਨੰਦ ਮਾਣਨਾ ਬੰਦ ਕਰੇ, ਪਰ ਉਹਦੇ ਕੰਨੀਂ ਮਾਂ ਦੀ ਆਵਾਜ਼ ਪਈ ਜੋ ਕਿਸੇ ਨੂੰ ਕਹਿ ਰਹੀ ਸੀ ਕਿ ਕਰਮ ਸਿੰਘ ਅੰਦਰ ਈ ਏ। ਇਸ ਲਈ ਦੀਪੋ ਨੂੰ ਮਹਿਸੂਸ ਹੋਇਆ ਕਿ ਉਂਝ ਤਾਂ ਭਾਵੇਂ ਮਾਂ ਅੰਦਰ ਨਾ ਵੀ ਆਵੇ ਪਰ ਹੁਣ ਸੁਨੇਹਾ ਦੇਣ ਲਈ ਜ਼ਰੂਰ ਆਵੇਗੀ।

ਕੁਝ ਦਿਨ ਕਰਤਾਰਪੁਰ ਬੀਤੇ ਹੀ ਸਨ ਕਿ ਇਕ ਦਿਨ ਸੁਨੇਹਾ ਆ ਗਿਆ ਕਿ ਸਾਬੋ ਕੀ ਤਲਵੰਡੀ ਛੇਤੀ ਪਹੁੰਚੋ। ਸੁਨੇਹਾ ਲਿਆਉਣ ਵਾਲੇ ਨੇ ਦੱਸਿਆ ਕਿ ਬੰਦਾ ਸਿੰਘ ਛੇਤੀ ਪੰਜਾਬ ਵਿਚ ਕੁਝ ਟਿਕਾਣਿਆਂ 'ਤੇ ਹਮਲਾ ਕਰਨ ਦੀ ਵਿਉਂਤ ਬਣਾ ਰਿਹਾ ਏ ਤੇ ਇਸ ਸਿਲਸਿਲੇ ਵਿਚ ਵੱਖ ਵੱਖ ਇਲਾਕਿਆਂ ਦੇ ਜਥੇਦਾਰਾਂ ਦੀ ਇਕੱਤਰਤਾ ਜਥੇਦਾਰ ਬਾਬਾ ਦੀਪ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਬੁਲਾਈ ਏ। ਐਤਕੀਂ ਆਏ ਪੱਤਰ ਵਿਚ ਸਾਬੋ ਕੀ ਤਲਵੰਡੀ ਦੇ ਨਾਮ ਦੇ ਨਾਲ 'ਦਮਦਮਾ' ਵੀ ਲਿਖਿਆ ਹੋਇਆ ਸੀ। ਕਰਮ ਸਿੰਘ ਝੱਟ ਸਮਝ ਗਿਆ ਕਿ ਇਹ ਗੁਰੂ ਕਿਆਂ ਨੇ ਸਾਬੋ ਕੀ ਤਲਵੰਡੀ ਦਾ ਨਵਾਂ ਨਾਮ ਰੱਖ ਲਿਆ ਏ। ਸੁਨੇਹਾ ਲਿਆਉਣ ਵਾਲੇ ਨੇ ਦੱਸਿਆ ਕਿ ਇਹ ਨਾਮ ਹੁਣ ਆਮ ਪੱਤਰਾਂ ਸੁਨੇਹਿਆਂ ਵਿਚ ਆਏਗਾ। ਇਕ ਤਾਂ ਗੁਰੂ ਮਹਾਰਾਜ ਦੇ ਸਮੇਂ ਹੀ ਇਹ ਨਾਮ ਰੱਖ ਲਿਆ ਗਿਆ ਸੀ ਤੇ ਦੂਜਾ ਹਾਕਮਾਂ ਤੋਂ ਸਰਗਰਮੀਆਂ ਗੁਪਤ ਰੱਖਣ ਲਈ ਸਾਬੋ ਕੀ ਤਲਵੰਡੀ ਦੀ ਥਾਂ ਇਹੀ ਨਾਮ ਅੱਗੋਂ ਲਿਖਿਆ ਮਿਲਿਆ ਕਰੇਗਾ।

ਜਥੇਦਾਰ ਕਰਮ ਸਿੰਘ ਨੇ ਪਹਿਲਾਂ ਦੀਪੋ ਨੂੰ ਦੱਸਿਆ ਤੇ ਫਿਰ ਲਾਭ ਚੰਦ ਨਾਲ ਵੀ

ਗੱਲ ਕੀਤੀ। ਉਹ ਝੱਟ ਤਿਆਰੀ ਕਰ ਕੇ ਸਿੰਘਾਂ ਦੇ ਆਪਣੇ ਨਾਲ ਰੱਖੇ ਜਥੇ ਸਮੇਤ ਸਾਬੋ ਕੀ ਤਲਵੰਡੀ ਚਲਾ ਗਿਆ।

30

ਕੁਝ ਹੀ ਦਿਨਾਂ ਪਿੱਛੋਂ ਜਥੇਦਾਰ ਕਰਮ ਸਿੰਘ ਦਮਦਮਾ, ਸਾਬੋ ਕੀ ਤਲਵੰਡੀ ਤੋਂ ਵਾਪਸ ਆ ਗਿਆ। ਘਰ ਵਾਲਿਆਂ ਨੂੰ ਇਹ ਬਿਲਕੁਲ ਆਸ ਨਹੀਂ ਸੀ ਕਿ ਕਰਮ ਸਿੰਘ ਇਤਨੀ ਛੇਤੀ ਮੁੜ ਆਏਗਾ। ਉਹਨੂੰ ਮਿਲਦਿਆਂ ਸਾਰ ਲਾਭ ਚੰਦ ਨੇ ਪੁੱਛਿਆ, "ਕੀ ਗੱਲ, ਇਤਨੀ ਛੇਤੀ ਮੁੜ ਵੀ ਆਏ ਹੋ ? ਸੁਖ ਤਾਂ ਹੈ ? ਐਤਕੀਂ ਇਕੱਤਰਤਾ ਇਤਨੀ ਛੇਤੀ ਕਿਵੇਂ ਮੁੱਕ ਗਈ ? ਮਾਮਲਾ ਤਾਂ ਬੜਾ ਗੰਭੀਰ ਸੀ।"

"ਮੇਰੇ ਜਾਣ ਤੋਂ ਪਹਿਲਾਂ ਹੀ ਸਾਰੀ ਗੱਲ-ਬਾਤ ਹੋ ਚੁੱਕੀ ਸੀ ਤੇ ਸਾਰੇ ਜਥੇਦਾਰ ਆਪੋ ਆਪਣੇ ਇਲਾਕਿਆਂ ਵਿਚ ਤਿਆਰੀ ਲਈ ਚਲੇ ਗਏ ਸਨ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਮੈਨੂੰ ਬਾਬਾ ਦੀਪ ਸਿੰਘ ਨੇ ਸਾਰੇ ਫ਼ੈਸਲਿਆਂ ਤੋਂ ਜਾਣੂੰ ਕਰਾ ਦਿੱਤਾ ਸੀ ਤੇ ਮੁਗ਼ਲ ਸਰਕਾਰ ਨਾਲ ਟੱਕਰ ਵਿਚ ਜੋਸ਼ ਦੇ ਨਾਲ ਹੋਸ਼ ਨੂੰ ਵੀ ਕਾਇਮ ਰੱਖਣ ਦੀ ਪੱਕੀ ਕੀਤੀ। ਉਨ੍ਹਾਂ ਦੱਸਿਆ ਕਿ ਅਜਿਹੇ ਮੌਕਿਆਂ 'ਤੇ ਦੋ ਤਰ੍ਹਾਂ ਦੇ ਖ਼ਤਰਨਾਕ ਲੋਕ ਵੀ ਤੁਹਾਡੇ ਵਿਚ ਆ ਰਲਣਗੇ ਤੇ ਤੁਸੀਂ ਉਨ੍ਹਾਂ ਤੋਂ ਪੂਰੀ ਤਰ੍ਹਾਂ ਸਾਵਧਾਨ ਰਹਿਣਾ।"

"ਉਹ ਕਿਹੜੇ ਦੋ ਤਰ੍ਹਾਂ ਦੇ ਖ਼ਤਰਨਾਕ ਲੋਕ ਹਨ ?" ਕਰਮ ਸਿੰਘ ਦੀ ਗੱਲ-ਬਾਤ ਨੂੰ ਵਿਚੇ ਟੋਕ ਕੇ ਲਾਭ ਚੰਦ ਨੇ ਪੁੱਛਿਆ।

"ਬਾਬਾ ਜੀ ਕਹਿ ਰਹੇ ਸਨ ਕਿ ਜਦੋਂ ਵੀ ਕੋਈ ਅਜਿਹੀ ਲੋਕ ਲਹਿਰ ਉੱਠੇ ਤਾਂ ਸਮੇਂ ਦੇ ਹਾਕਮ ਤੁਰਤ ਆਪਣੇ ਕੁਝ ਜਾਸੂਸ ਕਿਸਮ ਦੇ ਬੰਦੇ ਵਿਚ ਵਾੜ ਦਿੰਦੇ ਹਨ। ਇਹ ਸਰਕਾਰੀ ਸੂਹੀਏ ਦੋ ਤਰ੍ਹਾਂ ਦਾ ਕੰਮ ਖ਼ਰਾਬ ਕਰਦੇ ਹਨ। ਇਕ ਤਾਂ ਸਾਰੀਆਂ ਸਰਗਰਮੀਆਂ ਦੀ ਅਗਾਊਂ ਸੂਚਨਾ ਹਾਕਮਾਂ ਨੂੰ ਲੁਕੇ-ਛਿਪੇ ਪਹੁੰਚਾਂਦੇ ਰਹਿੰਦੇ ਹਨ ਤੇ ਦੂਜਾ ਹਾਕਮਾਂ ਦੇ ਆਦੇਸ਼ ਅਨੁਸਾਰ ਲੋਕ-ਲਹਿਰ ਨੂੰ ਕੁਰਾਹੇ ਪਾਣ ਲਈ ਬੇਲੋੜੇ ਤੇ ਗ਼ਲਤ ਨਾਹਰੇ ਮਾਰਦੇ ਤੇ ਅਸਲ ਨਿਸ਼ਾਨੇ ਤੋਂ ਥਿੜਕਾਣ ਲਈ ਲੋਕਾਂ ਦੇ ਵੱਡੇ ਹਿਤੈਸ਼ੀ ਤੇ ਦਰਦੀ ਬਣਨ ਲਈ ਗਰਮ ਗੱਲਾਂ ਕਰਦੇ ਹਨ," ਜਥੇਦਾਰ ਕਰਮ ਸਿੰਘ ਨੇ ਉਹ ਸਾਰੀਆਂ ਗੱਲਾਂ ਦੱਸਣੀਆਂ ਸ਼ੁਰੂ ਕਰ ਦਿੱਤੀਆਂ, ਜੋ ਉਹ ਦਮਦਮੇ ਤੋਂ ਸੁਣ ਕੇ ਆਇਆ ਸੀ, "ਦੂਜਾ ਖ਼ਤਰਨਾਕ ਵਰਗ ਏ ਸਮਾਜ ਵਿਰੋਧੀ, ਲੁੱਟਮਾਰ ਕਰਨ ਤੇ ਆਪਣੇ ਹਿੱਤ ਦੀ ਰਾਖੀ ਕਰਨ ਵਾਲਿਆਂ ਦਾ। ਉਂਝ ਤੇ ਲੋਕ ਇਨ੍ਹਾਂ ਲੁਟੇਰਿਆਂ, ਚੋਰਾਂ ਤੇ ਮਾੜਾ ਧੰਦਾ ਕਰਨ ਵਾਲਿਆਂ ਨੂੰ ਨੇੜੇ ਨਹੀਂ ਲੱਗਣ ਦਿੰਦੇ, ਪਰ ਜਦ ਕੋਈ ਲੋਕ-ਲਹਿਰ ਉੱਠ ਖੜੀ ਹੋਵੇ ਤਾਂ ਇਹ ਚੋਰ, ਡਾਕੂ ਤੇ ਲੁਟੇਰੇ ਉਸ ਵਿਚ ਸ਼ਾਮਲ ਹੋ ਜਾਂਦੇ ਹਨ ਤੇ ਇਉਂ ਲੋਕ-ਲਹਿਰ ਨੂੰ ਲੋਕ-ਵਿਰੋਧੀ ਬਣਾ ਕੇ ਰੱਖ ਦਿੰਦੇ ਹਨ।"

"ਇਹ ਤੁਹਾਡੇ ਸੰਘਰਸ਼ ਵਿਚ ਕੀ ਗੜਬੜ ਕਰ ਸਕਦੇ ਹਨ ?" ਲਾਭ ਚੰਦ ਨੇ ਬੜੀ ਦਿਲਚਸਪੀ ਨਾਲ ਗੱਲ ਸੁਣਦਿਆਂ ਪੁੱਛਿਆ।

"ਇਹ ਸਾਡੇ ਨਾਲ ਰਲ ਕੇ ਹਮਲੇ ਵਿਚ ਸ਼ਾਮਲ ਹੋਣਗੇ ਤੇ ਜਦੋਂ ਕੋਈ ਨਗਰ ਜਾਂ ਰਾਜ ਅਸੀਂ ਫ਼ਤਹਿ ਕਰ ਲਵਾਂਗੇ ਤਾਂ ਇਹ ਉਸ ਪਿੱਛੋਂ ਲੁੱਟ-ਮਾਰ ਕਰਨਗੇ, ਲੋਕਾਂ ਤੋਂ ਧਨ ਬਟੋਰਨਗੇ ਤੇ ਧੀਆਂ ਭੈਣਾਂ ਦੀ ਇੱਜ਼ਤ ਨੂੰ ਹੱਥ ਪਾਣਗੇ। ਇਸ ਨਾਲ ਸਿਖ ਬਦਨਾਮ ਹੋਣਗੇ। ਕਿਸੇ ਨੂੰ ਕੀ ਪਤਾ ਕਿ ਇਹ ਸਿੱਖਾਂ ਦੇ ਭੇਸ ਵਿਚ ਬਘਿਆੜ ਹਨ। ਸਾਨੂੰ ਸਿੰਘਾਂ ਨੂੰ ਤਾਂ ਪਤਾ ਹੈ ਕਿ ਅਸੀਂ

ਨਾ ਕਿਧਰੇ ਲੁੱਟ-ਮਾਰ ਕਰਨੀ ਏ ਤੇ ਨਾ ਹੀ ਧੀਆਂ ਭੈਣਾਂ ਦੀ ਇੱਜ਼ਤ ਨੂੰ ਖ਼ਤਰੇ ਵਿਚ ਪੈਣ ਦੇਣਾ ਏ। ਜੇਕਰ ਸਾਡੇ ਨਾਲ ਗਏ ਅਜਿਹੇ ਮਾੜੇ ਵਰਗ ਦੇ ਲੋਕ ਗ਼ਲਤ ਗੱਲਾਂ ਕਰਨਗੇ ਤਾਂ ਫਿਰ ਲੋਕਾਂ ਦੀਆਂ ਨਜ਼ਰਾਂ ਵਿਚ ਹਾਕਮ ਵਰਗ ਦੇ ਦੈਂਤਾਂ ਤੇ ਸਾਡੇ ਵਿਚ ਕੀ ਫ਼ਰਕ ਰਹਿ ਜਾਏਗਾ।"

"ਇਹ ਤਾਂ ਬਹੁਤ ਹੀ ਦੂਰ-ਦ੍ਰਿਸ਼ਟੀ ਨਾਲ ਸੋਚੀ ਹੋਈ ਗੱਲ ਏ," ਲਾਭ ਚੰਦ ਨੇ ਆਪਣਾ ਪ੍ਰਭਾਵ ਬਿਆਨ ਕਰਦਿਆਂ ਕਿਹਾ, "ਜਾਪਦਾ ਏ ਕਿ ਬਾਬਾ ਦੀਪ ਸਿੰਘ ਬਹੁਤ ਹੀ ਸੂਝਵਾਨ ਆਗੂ ਹਨ। ਮੈਂ ਤਾਂ ਦਰਸ਼ਨ ਨਹੀਂ ਕੀਤੇ, ਪਰ ਕਹਿੰਦੇ ਹਨ ਕਿ ਬਹੁਤੀ ਵਡੇਰੀ ਉਮਰ ਦੇ ਨਹੀਂ, ਪਰ ਇਸੇ ਸਿਆਣਪ ਕਰਕੇ ਉਨ੍ਹਾਂ ਨੂੰ ਬਾਬਾ ਬੁਲਾਇਆ ਜਾਂਦਾ ਹੋਏਗਾ। ਜੀਵਨ ਤਜਰਬੇ ਵਿਚ ਅਮੀਰ ਹੀ ਅਜਿਹੇ ਤੱਤ ਕੱਢ ਸਕਦੇ ਹਨ।"

ਜਥੇਦਾਰ ਕਰਮ ਸਿੰਘ ਨੇ ਆਸੇ ਪਾਸੇ ਦੇ ਮੁਖੀ ਸਿੰਘਾਂ ਦੀ ਇਕੱਤਰਤਾ ਦੋ ਦਿਨ ਪਿੱਛੋਂ ਆਪਣੀ ਬਾਹਰਲੀ ਹਵੇਲੀ ਵਿਚ ਬੁਲਾਈ ਤੇ ਉਸ ਵਿਚ ਸਾਰੇ ਮੁਖੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਬੰਦਾ ਸਿੰਘ ਨੂੰ ਗੁਰੂ ਕਲਗੀਧਰ ਪਾਤਿਸ਼ਾਹ ਨੇ ਆਪ ਥਾਪੀ ਦੇ ਕੇ ਭੇਜਿਆ ਏ। ਉਹ ਪੰਜਾਬ ਵਿਚ ਜ਼ਾਲਮ ਹਾਕਮਾਂ ਨੂੰ ਕੀਤੇ ਦੀ ਸਜ਼ਾ ਦੇਣ ਲਈ ਪੂਰੀ ਤਿਆਰੀ ਨਾਲ ਆ ਰਹੇ ਹਨ। ਪੰਥ ਦਾ ਫ਼ੈਸਲਾ ਹੈ ਕਿ ਅਸੀਂ ਹਰ ਤਰ੍ਹਾਂ ਨਾਲ ਉਸ ਨੂੰ ਸਹਿਯੋਗ ਦੇਣਾ ਹੈ। ਇਸ ਸੰਘਰਸ਼ ਵਿਚ ਸਾਨੂੰ ਕੁਰਬਾਨੀ ਕਰਨ ਲਈ ਸੱਦਾ ਆ ਗਿਆ ਏ। ਦਮਦਮਾ, ਸਾਬੋ ਕੀ ਤਲਵੰਡੀ ਵਿਚ ਪੰਥ ਦੇ ਮੁਖੀਆਂ ਨੂੰ ਕਹਿ ਦਿੱਤਾ ਗਿਆ ਹੈ ਕਿ ਉਹ ਅਗਲੀ ਸੰਗਰਾਂਦ ਤਕ ਜਥੇ ਬੰਨ੍ਹ ਕੇ ਮਾਰਕੰਡਾ ਦਰਿਆ ਦੇ ਕੰਢੇ ਸ਼ਾਹਬਾਦ ਪਿੰਡ ਦੇ ਨੇੜੇ ਤੇੜੇ ਆ ਇਕੱਠੇ ਹੋਣਗੇ। ਬੰਦਾ ਸਿੰਘ ਦਾ ਡੇਰਾ ਕੁਝ ਦਿਨ ਪਹਿਲਾਂ ਉਥੇ ਪਹੁੰਚ ਜਾਏਗਾ। ਅਗਲੇ ਕਾਰਜ ਦਾ ਵੇਰਵਾ ਵੀ ਉਥੇ ਹੀ ਦੱਸਿਆ ਜਾਏਗਾ।"

"ਕਿਸ ਤਰ੍ਹਾਂ ਦੀ ਮਦਦ ਦੀ ਆਸ ਸਾਡੇ ਤੋਂ ਕੀਤੀ ਜਾਂਦੀ ਏ," ਇਕ ਸਿੰਘ ਨੇ ਪੁੱਛਿਆ।

"ਹੁਣ ਤਾਂ ਅਸੀਂ ਸ਼ਸਤਰ ਲੈ ਕੇ ਘੋੜ ਸਵਾਰ ਤੇ ਪੈਦਲ ਜਥੇ ਭੇਜਣੇ ਹਨ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਬੰਦਾ ਸਿੰਘ ਹੋਰੀਂ ਬਾਹਰੋਂ ਆ ਰਹੇ ਹਨ। ਅਸੀਂ ਜਿਤਨਾ ਕੁ ਲੰਗਰ ਲਈ ਅੰਨ ਦਾਣਾ ਲੈ ਜਾਵਾਂਗੇ, ਉਹ ਵੀ ਕੰਮ ਆਏਗਾ।"

"ਬੰਦੇ ਕਿਸ ਤਰ੍ਹਾਂ ਦੇ ਚਾਹੀਦੇ ਹਨ?" ਇਕ ਹੋਰ ਸਿੰਘ ਬੋਲਿਆ, "ਲੜਨ ਵਾਲੇ ਹੀ ਜਾਂ ਹੋਰ ਤਰ੍ਹਾਂ ਦੇ ਵੀ?"

"ਕੁਰਬਾਨੀ ਕਰਨ ਵਾਲੇ ਸਿੰਘ ਚਾਹੀਦੇ ਹਨ, ਜੋ ਆਪਣੇ ਸੰਘਰਸ਼ ਵਿਚ ਸਿੱਖੀ ਜੀਵਨ ਦੀ ਉੱਚਤਾ ਦਾ ਸਿੱਕਾ ਬਿਠਾ ਸਕਣ," ਵਿਆਖਿਆ ਕਰਦਿਆਂ ਕਰਮ ਸਿੰਘ ਨੇ ਕਿਹਾ, "ਆਚਰਨਹੀਣ ਤੇ ਇਸ ਸੰਘਰਸ਼ ਵਿਚ ਲੁੱਟ-ਮਾਰ ਕਰਨ ਵਾਲਿਆਂ ਦੀ ਲੋੜ ਨਹੀਂ। ਪੰਥ ਦੀ ਬਦਨਾਮੀ ਕਰਨ ਵਾਲਿਆਂ ਤੋਂ ਬਚ ਕੇ ਰਹਿਣਾ ਹੈ।"

"ਕੀ ਗ਼ੈਰ-ਸਿਖ ਵੀ ਸਾਡੇ ਨਾਲ ਜਾ ਸਕਦੇ ਹਨ?" ਇਕ ਹੋਰ ਜਥੇਦਾਰ ਨੇ ਪੁੱਛ ਲਿਆ।

"ਬਿਲਕੁਲ ਜਾ ਸਕਦੇ ਹਨ," ਜਥੇਦਾਰ ਕਰਮ ਸਿੰਘ ਨੇ ਸਪੱਸ਼ਟ ਉੱਤਰ ਦਿੱਤਾ, "ਜਿਹੜੇ ਸਾਡੇ ਸੰਗਰਾਮ ਵਿਚ ਸਾਡੇ ਨਾਲ ਹਨ। ਜੋ ਜ਼ੁਲਮ ਦਾ ਟਾਕਰਾ ਕਰਨ ਲਈ ਨਿਤਰਨਾ ਚਾਹੁੰਦੇ ਹਨ। ਸਾਡੀ ਲੜਾਈ ਕਿਸੇ ਧਰਮ ਵਿਸ਼ਵਾਸ ਜਾਂ ਧਾਰਮਕ ਵਿਚਾਰਧਾਰਾ ਨਾਲ ਨਹੀਂ। ਅਸੀਂ ਤਾਂ ਮਾਨਵੀ ਕਦਰਾਂ-ਕੀਮਤਾਂ ਲਈ ਜੂਝ ਰਹੇ ਹਾਂ। ਸੱਚ ਦੀ ਝੂਠ ਨਾਲ ਲੜਾਈ ਵਿਚ ਸੱਚ ਦਾ ਸਾਥ ਦੇ ਰਹੇ ਹਾਂ। ਜੋ ਸੱਚ ਲਈ ਕੁਰਬਾਨੀ ਕਰਨਾ ਚਾਹੁੰਦਾ ਏ, ਉਹ ਸਾਡਾ ਭਰਾ ਏ, ਸਾਥੀ ਏ ਤੇ ਅਸੀਂ ਉਹਦੇ ਨਾਲ ਹਾਂ।"

"ਅਸੀਂ ਕਿਸ ਤਰ੍ਹਾਂ ਮਾਰਕੰਡਾ ਦਰਿਆ ਦੇ ਕੰਢੇ ਪਹੁੰਚਣਾ ਹੈ?" ਇਕ ਹੋਰ ਸਿੰਘ ਨੇ ਪੁੱਛਿਆ, "ਮੇਰਾ ਮਤਲਬ ਏ ਕਿ ਸਭ ਨੇ ਵੱਖੋ ਵੱਖਰੇ ਜਾਣਾ ਏ ਜਾਂ ਮਿਲ ਕੇ? ਬਹੁਤਿਆਂ ਨੂੰ ਇਹ ਵੀ ਪਤਾ ਨਹੀਂ ਕਿ ਮਾਰਕੰਡਾ ਦਰਿਆ ਕਿਹੜੇ ਪਾਸੇ ਏ, ਰਾਹ ਵੀ ਸਭ ਨੂੰ ਦੱਸਣਾ ਹੋਵੇਗਾ।"

"ਮੇਰਾ ਵਿਚਾਰ ਏ ਕਿ ਸਾਰੇ ਆਪੋ ਆਪਣੇ ਇਲਾਕੇ ਵਿਚ ਇਕੱਠੇ ਹੁੰਦੇ ਜਾਣ," ਜਥੇਦਾਰ ਕਰਮ ਸਿੰਘ ਨੇ ਸੁਝਾਅ ਰੱਖਿਆ, "ਮੈਂ ਅਗਲੇ ਬੁੱਧਵਾਰ ਕਰਤਾਰਪੁਰ ਤੋਂ ਚੱਲਾਂਗਾ, ਰਾਤ ਅਸੀਂ ਪਲਾਹੀ ਪਹੁੰਚ ਜਾਵਾਂਗੇ। ਦੁਆਬੇ ਦੇ ਸਿੰਘ ਪਲਾਹੀ ਸਾਨੂੰ ਮਿਲ ਪੈਣ। ਅਗਲੇ ਦਿਨ ਅਸੀਂ ਰਾਹੋਂ ਪਹੁੰਚ ਜਾਵਾਂਗੇ ਤੇ ਰਾਤ ਦਰਿਆ ਕੰਢੇ ਬਿਤਾਵਾਂਗੇ। ਮਾਛੀਵਾੜੇ ਦੇ ਜੰਗਲ 'ਚੋਂ ਲੰਘਦੇ ਕੁਰਾਲੀ ਤੋਂ ਹੁੰਦੇ ਹੋਏ ਰਾਤ ਖਰੜ ਨੇੜੇ ਬਿਤਾਵਾਂਗੇ। ਇਥੇ ਕਿਧਰੇ ਸਾਨੂੰ ਅਨੰਦਪੁਰ ਤੋਂ ਜਥੇ ਵੀ ਆ ਮਿਲਣਗੇ। ਅਗਲਾ ਪੜਾਅ ਅੰਬਾਲੇ ਨੇੜੇ ਕਰ ਕੇ ਮਾਰਕੰਡਾ ਦਰਿਆ ਕੰਢੇ ਪਹੁੰਚ ਜਾਵਾਂਗੇ।"

"ਇਹ ਵਧੀਆ ਸੁਝਾਅ ਏ," ਪ੍ਰਸ਼ਨ ਕਰਨ ਵਾਲੇ ਸਿੰਘ ਨੇ ਕਿਹਾ, "ਹੁਣ ਇਸ 'ਤੇ ਪੱਕੇ ਰਿਹਾ ਜੇ। ਅਸੀਂ ਤੁਹਾਨੂੰ ਨਿਸਚਿਤ ਥਾਵਾਂ 'ਤੇ ਮਿਲ ਪਵਾਂਗੇ।"

"ਇਹ ਸਾਰਾ ਕੁਝ ਹਾਲਾਤ 'ਤੇ ਨਿਰਭਰ ਕਰਦਾ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਸਾਰਿਆਂ ਨੇ ਆਪੋ ਆਪਣੇ ਇਲਾਕਿਆਂ ਵਿਚ ਸਾਵਧਾਨ ਰਹਿਣਾ ਏ। ਇਹ ਵੀ ਦੇਖਣਾ ਏ ਕਿ ਹਾਕਮ ਲੋਕ ਤੁਹਾਡੇ ਵਿਰੁੱਧ ਕੀ ਸਾਜ਼ਸ਼ਾਂ ਕਰ ਰਹੇ ਹਨ। ਅਸੀਂ ਕਿਸੇ ਤੋਂ ਡਰਦੇ ਨਹੀਂ, ਪਰ ਅਚੇਤ ਮਾਰ ਵੀ ਨਹੀਂ ਖਾਣੀ ਚਾਹੁੰਦੇ। ਸਾਨੂੰ ਪਤਾ ਲੱਗਦਾ ਰਹਿਣਾ ਚਾਹੀਦਾ ਏ ਕਿ ਕਿਹੜਾ ਫ਼ੌਜਦਾਰ ਜਾਂ ਚੌਧਰੀ ਸਾਡੇ ਨਾਲ ਲੋਹਾ ਲੈਣ ਦੀ ਸੋਚ ਰਿਹਾ ਏ। ਹੋ ਸਕਦਾ ਏ ਕਿ ਹਾਕਮਾਂ ਨੂੰ ਵੀ ਸਾਰੀ ਖ਼ਬਰ ਮਿਲ ਜਾਏ ਤੇ ਉਹ ਸਾਡਾ ਰਾਹ ਰੋਕਣ ਦਾ ਯਤਨ ਕਰਨ। ਅਜਿਹੀ ਹਾਲਤ ਵਿਚ ਸਾਨੂੰ ਮੌਕੇ 'ਤੇ ਆਪਣੀ ਰਣਨੀਤੀ ਤੇ ਰਾਜਨੀਤੀ ਦਾ ਜਾਇਜ਼ਾ ਲੈ ਕੇ ਕੋਈ ਨਵਾਂ ਫ਼ੈਸਲਾ ਜ਼ਰੂਰ ਕਰਨਾ ਪੈ ਸਕਦਾ ਏ। ਹੋਰ ਕੋਈ ਰਾਹ ਰੋਕੇ ਜਾਂ ਨਾ, ਸਰਹੰਦ ਦਾ ਨਵਾਬ ਜ਼ਰੂਰ ਸ਼ਰਾਰਤ ਕਰੇਗਾ। ਉਹਨੂੰ ਸਿੰਘਾਂ ਕੋਲੋਂ ਸਭ ਤੋਂ ਵੱਧ ਭੈ ਲੱਗਦਾ ਏ। ਅਸਲ ਵਿਚ ਉਹਦੇ ਪਾਪ ਹੀ ਉਹਦੀ ਆਤਮਾ ਨੂੰ ਲਾਹਨਤਾਂ ਪਾ ਰਹੇ ਹੋਣਗੇ।" ਇਸ ਤਰ੍ਹਾਂ ਸਾਰੀ ਵਿਉਂਤ ਬਣਾ ਕੇ ਸਭ ਜਥੇਦਾਰ ਕਰਤਾਰਪੁਰ ਤੋਂ ਚਲੇ ਗਏ। ਦੋ ਤੇਜ਼ ਘੋੜ ਸਵਾਰਾਂ ਹੱਥ ਆਪਣੀ ਸਾਰੀ ਯੋਜਨਾ ਲਿਖ ਕੇ ਅਨੰਦਪੁਰ ਭਿਜਵਾ ਦਿੱਤੀ ਤਾਕਿ ਉਹ ਰਸਤੇ ਵਿਚ ਨਾਲ ਮਿਲ ਜਾਣ। ਉਨ੍ਹਾਂ ਨੂੰ ਇਹ ਵੀ ਲਿਖ ਕੇ ਭੇਜ ਦਿੱਤਾ ਕਿ ਅਨੰਦਪੁਰ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਇਕ ਸੌ ਦਾ ਜਥਾ ਉਥੇ ਰਹਿਣ ਦਿੱਤਾ ਜਾਏ। ਪੰਜਾਹ ਸਾਲ ਤੋਂ ਉਪਰ ਦੇ ਬੁੱਢੇ ਅਨੰਦਪੁਰ ਹੀ ਰਹਿਣ ਤੇ ਨੌਜਵਾਨ ਸਾਰੇ ਆ ਜਾਣ। ਜਿਹੜੇ ਪਰਵਾਰ ਵੀ ਅਨੰਦਪੁਰ ਲੈ ਆਏ ਹਨ, ਉਹ ਬੇਸ਼ੱਕ ਪਿੱਛੇ ਰਹਿਣ, ਕਿਉਂਕਿ ਉਨ੍ਹਾਂ ਦੇ ਪਰਵਾਰਾਂ ਦੀ ਦੇਖ-ਭਾਲ ਵੀ ਜ਼ਰੂਰੀ ਹੈ। ਜਿਨ੍ਹਾਂ ਦੇ ਪਰਵਾਰ ਆਪਣੇ ਪਿੰਡਾਂ ਵਿਚ ਸਾਂਝੇ ਪਰਵਾਰਾਂ ਵਿਚ ਹਨ, ਉਨ੍ਹਾਂ ਨੂੰ ਪਿੱਛੇ ਦੀ ਚਿੰਤਾ ਨਹੀਂ। ਘਰ ਵਾਲੇ ਤੇ ਪਿੰਡ ਵਾਲੇ ਉਨ੍ਹਾਂ ਦਾ ਪੂਰਾ ਪੂਰਾ ਧਿਆਨ ਰੱਖ ਲੈਣਗੇ।

ਰਾਤ ਨੂੰ ਜਦ ਸਾਰਿਆਂ ਨੂੰ ਤੋਰ ਕੇ ਕਰਮ ਸਿੰਘ ਘਰ ਆਇਆ ਤਾਂ ਮਾਂ ਭਾਗਾਂ ਨੇ ਕਿਹਾ, "ਪੁੱਤਰ, ਅੱਜ ਪਤਾ ਨਹੀਂ ਕਿਉਂ ਮੇਰੀ ਸੱਜੀ ਅੱਖ ਫ਼ਰਕ ਰਹੀ ਏ। ਅੱਗੇ ਵੀ ਕਿੰਨੀ ਵਾਰੀ ਘਰ ਤੋਂ ਗਿਆ ਏਂ, ਪਰ ਕਦੇ ਦਿਲ ਨੂੰ ਇਸ ਤਰ੍ਹਾਂ ਖੋਹ ਨਹੀਂ ਸੀ ਪੈਂਦੀ, ਜਿਵੇਂ ਅੱਜ ਪੈ ਰਹੀ ਏ। ਵਾਹਿਗੁਰੂ ਸੁਖ ਰੱਖੇ।"

"ਗੁਰੂ ਸਾਡੇ ਅੰਗ ਸੰਗ ਏ," ਜਥੇਦਾਰ ਕਰਮ ਸਿੰਘ ਨੇ ਮਾਂ ਨੂੰ ਬੜੇ ਪਿਆਰ ਨਾਲ

ਸਮਝਾਇਆ, "ਜਦ ਸਾਡਾ ਵਿਸ਼ਵਾਸ ਏ ਕਿ ਅਸੀਂ ਚੰਗੇ ਆਦਰਸ਼ ਲਈ ਨਿੱਤਰੇ ਹਾਂ ਤਾਂ ਨਿਸਚੇ ਹੀ ਇਹਦੇ ਨਤੀਜੇ ਸਾਡੇ ਲਈ ਚੰਗੇ ਹੋਣਗੇ। ਜੇ ਜਿੱਤ ਗਏ ਤਾਂ ਵੀ ਵਾਹਿਗੁਰੂ ਦੀ ਫ਼ਤਹਿ ਹੋਵੇਗੀ ਤੇ ਜੇ ਸਰੀਰ ਲੇਖੇ ਲੱਗ ਗਿਆ ਤਾਂ ਵੀ ਧੰਨ ਭਾਗ। ਜੇ ਸਾਡਾ ਗੁਰਦੇਵ-ਭਰਾ ਆਪਣੇ ਚਾਰੇ ਪੁੱਤਰ ਵਾਰ ਕੇ ਵੀ ਪ੍ਰਭੂ ਦਾ ਸ਼ੁਕਰ ਕਰ ਸਕਦਾ ਹੈ ਤਾਂ ਅਸੀਂ ਆਪਣਾ ਆਪ ਵੀ ਨਹੀਂ ਕੁਰਬਾਨ ਕਰ ਸਕਦੇ ? ਬਾਕੀ ਤੁਹਾਡੇ ਦਿਲ ਅੰਦਰ ਮਾਂ ਦੀ ਮਮਤਾ ਏ, ਜਿਸ ਦਾ ਮੋਹ ਤੁਹਾਨੂੰ ਡੁਲਾਂਦਾ ਏ, ਤੁਸੀਂ ਤੇ ਸ਼ੇਰ ਵਰਗੇ ਦਿਲ ਦੀ ਮਾਂ ਜੇ। ਤੁਸੀਂ ਤੇ ਆਪ ਮੈਨੂੰ ਗੁਰੂ ਜੀ ਵੱਲ ਤੋਰਿਆ ਸੀ ਤੇ ਕਦਮ ਕਦਮ 'ਤੇ ਮੇਰੀ ਹੌਸਲਾ ਵਧਾਈ ਕੀਤੀ ਏ। ਹੁਣ ਵੀ ਅਰਦਾਸ ਕਰੋ ਤੇ ਆਪਣੀ ਪਿਆਰ ਭਰੀ ਥਾਪੀ ਦਿਉ। ਮੇਰੇ ਸਿਰ 'ਤੇ ਹੱਥ ਰੱਖੋ ਤਾਕਿ ਮੈਂ ਆਪਣਾ ਜੀਵਨ ਸਫਲਾ ਕਰ ਸਕਾਂ।"

ਮਾਂ ਭਾਗਾਂ ਨੇ ਪਿਆਰ ਨਾਲ ਪੁੱਤਰ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ। ਉਂਝ ਤੇ ਪੁੱਤਰ ਦਾ ਕੱਦ ਮਾਂ ਨਾਲੋਂ ਇਕ ਫੁਟ ਉੱਚਾ ਸੀ ਪਰ ਮਾਂ ਦਾ ਪਿਆਰ ਲੈਣ ਲਈ ਕਰਮ ਸਿੰਘ ਨੇ ਝੁੱਕ ਕੇ ਆਪਣਾ ਸਿਰ ਮਾਂ ਦੀ ਛਾਤੀ 'ਤੇ ਰੱਖ ਲਿਆ। ਮਾਂ ਨੂੰ ਵੀ ਪੁੱਤਰ ਦੀ ਮਿਲਣੀ ਦਾ ਬਹੁਤ ਸਾਲਾਂ ਪਿੱਛੋਂ ਉਸੇ ਤਰ੍ਹਾਂ ਸਵਾਦ ਆਇਆ, ਜਿਸ ਤਰ੍ਹਾਂ ਸਾਲ ਡੇਢ ਸਾਲ ਦੇ ਕਰਮੇ ਨੂੰ ਗੋਦੀ ਬਿਠਾ ਕੇ ਆਪਣੇ ਨਾਲ ਘੁੱਟਣ ਦਾ ਨਿੱਘ ਤੇ ਅਨੰਦ ਆਉਂਦਾ ਸੀ। ਕਰਮ ਸਿੰਘ ਦੀਪੋ ਨੂੰ ਵੀ ਮਿਲਿਆ। ਉਹ ਵੀ ਅੱਜ ਵਧੇਰੇ ਉਦਾਸ ਤੇ ਚਿੰਤਾਤੁਰ ਨਜ਼ਰ ਆ ਰਹੀ ਸੀ। ਸ਼ਾਇਦ ਮਾਂ ਭਾਗਾਂ ਦੀਆਂ ਦਿਨ ਭਰ ਉਹਦੇ ਨਾਲ ਹੁੰਦੀਆਂ ਗੱਲਾਂ ਦਾ ਅਸਰ ਸੀ। ਕਰਮ ਸਿੰਘ ਝੱਟ ਭਾਂਪ ਗਿਆ। ਉਹਨੇ ਪੁੱਛਿਆ, "ਕੀ ਗੱਲ, ਤੈਨੂੰ ਵੀ ਮਾਂ ਵਾਂਗ ਕੁਝ ਹੁੰਦਾ ਏ ?"

"ਮੈਨੂੰ ਤੇ ਹੁਣ ਹਮੇਸ਼ਾ ਹੀ ਕੁਝ ਹੁੰਦਾ ਰਹਿੰਦਾ ਏ," ਦੀਪੋ ਨੇ ਉੱਤਰ ਦਿੱਤਾ, "ਸ਼ਾਇਦ ਮੇਰੇ ਅੰਦਰ ਬੱਚੇ ਦੇ ਵਿਕਾਸ ਦਾ ਅਸਰ ਹੋਏਗਾ।"

"ਤੈਨੂੰ ਤੇ ਹੁਣ ਮੌਜ ਲੱਗ ਗਈ," ਕਰਮ ਸਿੰਘ ਨੇ ਮਖ਼ੌਲ ਕਰਦਿਆਂ ਕਿਹਾ, "ਹਰ ਵੇਲੇ ਹੋਣ ਵਾਲੇ ਬੱਚੇ ਵੱਲ ਧਿਆਨ ਰਹੇਗਾ। ਫਿਰ ਉਹਦੇ ਜਨਮ ਪਿੱਛੋਂ ਉਹਦੀ ਸੇਵਾ-ਸੰਭਾਲ ਵਿਚ ਰੁੱਝ ਜਾਏਂਗੀ।"

"ਮੈਨੂੰ ਬੜਾ ਔਖਾ ਲੱਗਦਾ ਏ," ਦੀਪੋ ਨੇ ਆਖਿਆ।

"ਉਹ ਕਿਉਂ ?" ਕਰਮ ਸਿੰਘ ਬੋਲਿਆ, "ਹਰ ਔਰਤ ਨੂੰ ਵਿਆਹ ਪਿੱਛੋਂ ਮਾਂ ਬਣਨ ਦਾ ਚਾਅ ਹੁੰਦਾ ਏ। ਇਹ ਉਹਦਾ ਕੁਦਰਤੀ ਹੱਕ, ਅਧਿਕਾਰ ਤੇ ਮਾਣ ਏ। ਕੁਦਰਤ ਦੀ ਖੇਡ ਏ।"

"ਕਈ ਔਰਤਾਂ ਬੜਾ ਡਰਾਂਦੀਆਂ ਨੇ," ਦੀਪੋ ਨੇ ਦੱਸਿਆ, "ਕੋਈ ਕਹਿੰਦੀ ਏ ਕਿ ਉੱਚੀ ਨੀਵੀਂ ਥਾਂ 'ਤੇ ਠੋਕਰ ਲੱਗਣ ਨਾਲ ਮਾਮਲਾ ਵਿਗੜ ਵੀ ਸਕਦਾ ਏ। ਕੋਈ ਡਰਾਂਦੀ ਏ ਕਿ ਬੱਚੇ ਦੇ ਜਨਮ ਸਮੇਂ ਦੀਆਂ ਪੀੜਾਂ ਅੜਾਟ ਕਢਾ ਦਿੰਦੀਆਂ ਨੇ। ਔਰਤ ਦਾ ਤਾਂ ਨਵਾਂ ਜਨਮ ਹੁੰਦਾ ਏ। ਕਈ ਮਰ ਵੀ ਜਾਂਦੀਆਂ ਨੇ।"

"ਦੇਖ ਬਈ, ਅਸੀਂ ਤੇ ਨਾ ਕੋਈ ਮਰਦੀ ਦੇਖੀ ਸੁਣੀ ਏ ਤੇ ਨਾ ਹੀ ਜਨਮ ਪੀੜਾਂ ਤੋਂ ਘਬਰਾ ਕੇ ਮਾਂ ਬਣਨ ਤੋਂ ਭੱਜਦੀ ਕਿਸੇ ਨੂੰ ਜਾਣਦੇ ਹਾਂ," ਕਰਮ ਸਿੰਘ ਨੇ ਉਹਦੀ ਮਾਨਸਕ ਦਸ਼ਾ ਨੂੰ ਸੁਖਾਵਾਂ ਮੋੜ ਦਿੰਦਿਆਂ ਕਿਹਾ, "ਮੈਨੂੰ ਤਜਰਬਾ ਤਾਂ ਨਹੀਂ ਪਰ ਮੇਰਾ ਅਨੁਭਵ ਹੈ ਕਿ ਜਿਹੜੀਆਂ ਅਜਿਹੇ ਸਮੇਂ ਢਹਿੰਦੀ ਕਲਾ ਵੱਲ ਤੁਰ ਪੈਣ, ਉਨ੍ਹਾਂ ਨੂੰ ਬਹੁਤੀ ਤਕਲੀਫ਼ ਹੁੰਦੀ ਏ। ਉਨ੍ਹਾਂ ਦਾ ਦੁਖ ਵਧ ਜਾਂਦਾ ਏ ਪਰ ਜਿਹੜੀਆਂ ਚੜ੍ਹਦੀ ਕਲਾ ਵਿਚ ਰਹਿਣ, ਉਹ ਇਸ ਸੰਕਟ ਨੂੰ ਝੱਟ-ਪਟ ਤੇ ਹੱਸਦਿਆਂ ਪਾਰ ਕਰ ਜਾਂਦੀਆਂ ਹਨ। ਮਾਨਸਕ ਦਸ਼ਾ ਦਾ ਇਸ

ਸਮੇਂ ਬੜਾ ਅਸਰ ਹੁੰਦਾ ਏ। ਤੂੰ ਜੇ ਇਹ ਮਨ ਵਿਚ ਸਮਝ ਲਵੇਂ ਕਿ ਮਾਂ ਤੇਰੇ ਕੋਲ ਏ, ਤੇਰੀ ਹਰ ਔਕੜ ਦਾ ਤੁਰਤ ਹੱਲ ਲੱਭ ਸਕਦੀ ਏ ਤਾਂ ਤੈਨੂੰ ਕੋਈ ਖ਼ਤਰਾ ਨਹੀਂ। ਜੇ ਤੂੰ ਸਮਝੇਂ ਕਿ ਮੁਸੀਬਤਾਂ ਦਾ ਪਹਾੜ ਤੇਰੇ 'ਤੇ ਟੁੱਟ ਪਿਆ ਏ ਤਾਂ ਤੇਰੀ ਇਹ ਅਵਸਥਾ ਵਧੇਰੇ ਦੁਖਦਾਈ ਹੋ ਨਿਬੜੇਗੀ। ਮੈਂ ਇਥੇ ਤੇਰੇ ਕੋਲ ਹੋਵਾਂ ਜਾਂ ਨਾ, ਇਸ ਨਾਲ ਤੈਨੂੰ ਕੋਈ ਫ਼ਰਕ ਨਹੀਂ ਪੈਂਦਾ। ਮਾਂ ਦਾ ਤੇਰੇ ਕੋਲ ਹੋਣਾ ਹਰ ਸਮੇਂ ਲਾਭਕਾਰੀ ਏ।"

"ਇਹ ਨਾ ਆਖੋ, ਮੈਂ ਨਹੀਂ ਮੰਨਦੀ," ਦੀਪੋ ਨੇ ਕਿਹਾ, "ਆਪਣੇ ਮਰਦ ਦਾ ਔਰਤ ਕੋਲ ਹੋਣਾ, ਉਹਦੇ ਲਈ ਸਭ ਤੋਂ ਵੱਡਾ ਸਹਾਰਾ ਏ। ਜੋ ਮੈਂ ਆਪਣਾ ਦੁਖ ਤਕਲੀਫ਼ ਤੁਹਾਨੂੰ ਦੱਸ ਸਕਦੀ ਆਂ, ਉਹ ਮਾਂ ਨੂੰ ਨਹੀਂ ਦੱਸ ਸਕਦੀ। ਮਾਂ ਦਾ ਆਖਾ ਨਾ ਮੰਨਾਂ ਤਾਂ ਉਹ ਝਿੜਕ ਵੀ ਲਏਗੀ ਪਰ ਤੁਹਾਡੀ ਹਮਦਰਦੀ ਤੇ ਪਿਆਰ ਦੀ ਮਰ੍ਹਮ ਮੇਰਾ ਹਰ ਦੁਖ ਘਟਾ ਸਕਦੀ ਏ। ਇਸ ਲਈ ਮੇਰੀ ਬੇਨਤੀ ਏ ਕਿ ਬੱਚੇ ਦੇ ਜਨਮ ਦਿਨਾਂ ਵਿਚ ਤੁਸੀਂ ਜਿਥੇ ਵੀ ਹੋਵੋ, ਜ਼ਰੂਰ ਘਰ ਆ ਜਾਣਾ।"

"ਵਾਹਿਗੁਰੂ ਭਲੀ ਕਰੇਗਾ," ਕਰਮ ਸਿੰਘ ਨੇ ਦਿਲਾਸਾ ਦਿੱਤਾ ਪਰ ਕੋਈ ਪੱਕਾ ਭਰੋਸਾ ਨਹੀਂ ਸੀ ਦੇ ਸਕਦਾ। ਉਹ ਜੰਗ ਲਈ ਜਾ ਰਿਹਾ ਏ ਤੇ ਜੰਗ ਵੀ ਪਤਾ ਨਹੀਂ ਕਦੋਂ ਕਦੋਂ ਤੇ ਕਿਸ ਕਿਸ ਨਾਲ ਕਰਨੀ ਪੈਣੀ ਏ। ਇਹ ਜੰਗ ਯੁੱਧ ਕਦੋਂ ਛਿੜਨਗੇ ਤੇ ਕਿਤਨਾ ਸਮਾਂ ਚੱਲਣਗੇ, ਉਹ ਕੁਝ ਵੀ ਅਨੁਮਾਨ ਨਹੀਂ ਸੀ ਲਾ ਸਕਦਾ। ਝੂਠ ਬੋਲ ਕੇ ਜਾਂ ਲਾਰੇ ਲਾ ਕੇ ਉਹ ਜਾਣਾ ਨਹੀਂ ਸੀ ਚਾਹੁੰਦਾ। ਬੁੱਧਵਾਰ ਉਹਨੇ ਤੁਰਨਾ ਸੀ ਤੇ ਇਸ ਤਕ ਅਜੇ ਪੰਜ ਦਿਨ ਪਏ ਸਨ, ਪਰ ਇਹ ਪੰਜ ਦਿਨ ਇਸ ਤਰ੍ਹਾਂ ਘਰ ਵਿਚ ਬੀਤ ਗਏ ਜਿਵੇਂ ਕਿ ਉਹ ਬਹੁਤ ਹੀ ਛੋਟੇ ਹੋ ਗਏ ਹੋਣ ਤੇ ਤੁਰਤ ਲੰਘਦੇ ਗਏ ਹੋਣ।

ਬੁੱਧਵਾਰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕੀਤਾ। ਫਿਰ ਸੁਖਮਨੀ ਸਾਹਿਬ ਦਾ ਪਾਠ ਕਰ ਕੇ ਅਰਦਾਸ ਕੀਤੀ ਤੇ ਆਪਣੇ ਮਿਥੇ ਕਾਰਜ ਦੀ ਸਫ਼ਲਤਾ ਲਈ ਵਾਹਿਗੁਰੂ ਪਾਸ ਕਾਮਨਾ ਕੀਤੀ। ਗੁਰਬਾਣੀ ਵਿਚੋਂ ਇਕ ਦੋਹਿਰਾ ਪੜ੍ਹਿਆ—"ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥" ਅੱਜ ਸਾਰਾ ਪਰਵਾਰ ਉਹਦੇ ਨਾਲ ਪਾਠ ਸਮੇਂ ਬੈਠਿਆ ਤੇ ਅਰਦਾਸ ਵਿਚ ਵੀ ਸ਼ਾਮਲ ਹੋਇਆ। ਕੜਾਹ ਪ੍ਰਸ਼ਾਦਿ ਦੀ ਦੇਗ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ, ਉਸ ਨੂੰ ਮਰਯਾਦਾ ਅਨੁਸਾਰ ਕਿਰਪਾਨ ਭੇਟ ਕਰ ਕੇ ਵਰਤਾਇਆ ਤੇ ਫਿਰ ਮਾਤਾ ਪਿਤਾ ਨੂੰ ਨਮਸਕਾਰ ਕਰ ਕੇ ਤੇ ਦੀਪੋ ਨੂੰ ਪਿਆਰ ਨਾਲ ਫ਼ਤਹਿ ਬੁਲਾ ਕੇ ਤੇ ਹਰ ਤਰ੍ਹਾਂ ਦਾ ਦਿਲਾਸਾ ਦੇ ਕੇ ਜਥੇਦਾਰ ਕਰਮ ਸਿੰਘ ਘਰ ਤੋਂ ਤੁਰ ਪਿਆ। ਬਾਹਰ ਹਵੇਲੀ ਵਿਚ ਸਿੰਘਾਂ ਦਾ ਜਥਾ ਲੰਗਰ ਛਕ ਕੇ ਤਿਆਰ ਸੀ, ਉਨ੍ਹਾਂ ਨੂੰ ਨਾਲ ਲੈ ਕੇ ਜਥੇਦਾਰ ਕਰਮ ਸਿੰਘ ਚੱਲ ਪਿਆ। ਲਾਭ ਚੰਦ ਤੇ ਉਹਦੇ ਹੋਰ ਸਾਕ ਸਨੇਹੀ ਨਗਰ ਤੋਂ ਬਾਹਰ ਤਕ ਜਥੇ ਨੂੰ ਵਿਦਾ ਕਰਨ ਆਏ। ਦੀਪੋ ਦਾ ਵੀ ਜੀਅ ਕਰਦਾ ਸੀ ਕਿ ਉਹ ਵੀ ਬਾਹਰ ਆ ਕੇ ਕਰਮ ਸਿੰਘ ਦੀ ਜਥੇਦਾਰੀ ਹੇਠ ਸਿੰਘਾਂ ਦੀ ਛੱਬ ਤੇ ਪ੍ਰਭਾਵ ਦੇਖੇ ਪਰ ਉਹ ਝੱਕ ਗਈ ਤੇ ਇਸ ਬਾਰੇ ਨਾ ਤਾਂ ਕਰਮ ਸਿੰਘ ਨਾਲ ਹੀ ਪਹਿਲਾਂ ਗੱਲ ਕਰ ਸਕੀ ਤੇ ਨਾ ਹੀ ਕਰਮ ਸਿੰਘ ਦੇ ਹਵੇਲੀ ਵੱਲ ਚਲੇ ਜਾਣ ਪਿੱਛੋਂ ਉਹ ਮਾਂ ਨੂੰ ਕੁਝ ਕਹਿ ਸਕੀ।

ਲਾਭ ਚੰਦ ਸੜਕ ਦੇ ਕੰਢੇ ਖੜਾ ਦੂਰ ਤਕ ਧੂੜ ਦੇ ਉਹਲੇ ਹੋ ਗਏ ਜਥੇ ਨੂੰ ਦੇਖਦਾ ਰਿਹਾ। ਜਦੋਂ ਬਿਲਕੁਲ ਦਿਸਣੋਂ ਹਟ ਗਿਆ ਤਾਂ ਉਹ ਵਾਪਸ ਘਰ ਮੁੜਿਆ।

31

ਜਿਉਂ ਜਿਉਂ ਬੱਚੇ ਦੇ ਜਨਮ ਦਾ ਸਮਾਂ ਨੇੜੇ ਆਉਂਦਾ ਜਾਂਦਾ, ਤਿਉਂ ਤਿਉਂ ਦੀਪੋ ਨੂੰ ਕਰਮ ਸਿੰਘ ਦਾ ਦੂਰ ਚਲੇ ਜਾਣਾ ਮਾੜਾ ਮਹਿਸੂਸ ਹੁੰਦਾ। ਪਹਿਲਾਂ ਤਾਂ ਕੁਝ ਮਹੀਨੇ ਉਹਨੇ ਇਸੇ ਆਸ ਵਿਚ ਬਿਤਾ ਲਏ ਕਿ ਉਹਦਾ ਪਤੀ ਛੇਤੀ ਘਰ ਆ ਜਾਏਗਾ, ਪਰ ਜਿਉਂ ਜਿਉਂ ਦਾਈ ਦੇ ਦੱਸਣ ਅਨੁਸਾਰ ਦਿਨ ਨੇੜੇ ਆ ਰਿਹਾ ਸੀ, ਉਹਦਾ ਮਨ ਕਾਹਲਾ ਪੈ ਰਿਹਾ ਸੀ। ਉਹਦੇ ਲਈ ਉਡੀਕ ਦੀਆਂ ਘੜੀਆਂ ਬਹੁਤ ਲੰਮੇਰੀਆਂ ਹੋ ਰਹੀਆਂ ਸਨ। ਉਹਨੇ ਕਈ ਵਾਰ ਸੱਸ-ਮਾਂ ਭਾਗਾਂ ਨੂੰ ਹੌਲੀ ਜਿਹੀ ਆਖਿਆ ਕਿ ਉਹ ਪੁੱਤਰ ਨੂੰ ਸੁਨੇਹਾ ਭੇਜ ਕੇ ਬੁਲਾ ਲਏ। ਉਹਨੇ ਸੁਝਾਅ ਵੀ ਦਿੱਤਾ ਕਿ ਪਿਤਾ ਜੀ ਨੂੰ ਕਹੋ ਕਿ ਉਹ ਪੁੱਤਰ ਨੂੰ ਸੂਚਿਤ ਕਰ ਦੇਣ।

ਭਾਗਾਂ ਦੀਪੋ ਦੇ ਇਨ੍ਹਾਂ ਜਜ਼ਬਾਤਾਂ ਤੇ ਵਿਚਾਰਾਂ ਦੇ ਪਿਛੋਕੜ ਨੂੰ ਸਮਝ ਨਾ ਸਕੀ। ਉਹਨੂੰ ਆਪਣਾ ਅਜੇਹਾ ਵੇਲਾ ਹੁਣ ਭੁੱਲ ਚੁੱਕਿਆ ਸੀ, ਇਸੇ ਲਈ ਉਹਨੇ ਅੱਗੋਂ ਕਹਿ ਦਿੱਤਾ, "ਤੂੰ ਇਤਨੀ ਕਿਉਂ ਉਤਾਵਲੀ ਹੋ ਰਹੀ ਏਂ। ਉਹ ਆ ਕੇ ਕੀ ਕਰੇਗਾ ? ਬੱਚੇ ਦੇ ਜਨਮ ਸਮੇਂ ਕੰਮ ਤੇ ਮਦਦ ਤਾਂ ਦਾਈ ਨੇ ਕਰਨੀ ਏਂ ਜਾਂ ਮੈਂ ਵੇਲਾ ਸੰਭਾਲਣਾ ਏ। ਮਰਦ ਇਸ ਸਮੇਂ ਕੁਝ ਨਹੀਂ ਕਰ ਸਕਦੇ। ਉਹਨੂੰ ਕੀ ਪਤਾ ਕਿ ਜਨਮ ਪੀੜਾਂ ਵੇਲੇ ਕੀ ਦੇਣਾ ਚਾਹੀਦਾ ਏ ਜਾਂ ਉਸ ਸਮੇਂ ਦੁਖ 'ਤੇ ਕਾਬੂ ਪਾਣ ਲਈ ਕੀ ਹੋ ਸਕਦਾ ਏ।" ਦੀਪੋ ਹੈਰਾਨ ਤੇ ਪ੍ਰੇਸ਼ਾਨ ਹੋ ਕੇ ਰਹਿ ਗਈ। ਉਹਨੇ ਸੋਚਿਆ ਕਿ ਮਾਂ ਨੇ ਇਹ ਵੇਲਾ ਲੰਘਾਇਆ ਏ। ਕੀ ਉਦੋਂ ਔਰਤਾਂ ਮਰਦਾਂ ਦੀ ਪ੍ਰਵਾਹ ਨਹੀਂ ਸਨ ਕਰਦੀਆਂ ? ਕੀ ਉਹ ਮਰਦ ਦਾ ਅਜਿਹੇ ਸਮੇਂ ਨੇੜੇ ਹੋਣਾ ਨਹੀਂ ਸਨ ਚਾਹੁੰਦੀਆਂ ? ਪਤਾ ਨਹੀਂ, ਹੋਰ ਕਿਤਨੇ ਕੁ ਸਵਾਲ ਉਹਦੇ ਮਨ ਵਿਚ ਅਗੜ ਪਿਛੜ ਫੁਰੇ, ਪਰ ਉਹ ਮੂੰਹ ਤਕ ਇਕ ਵੀ ਨਾ ਲਿਆ ਸਕੀ। ਆਪਣੇ ਮਨ ਦੀ ਹਾਲਤ ਉਹ ਬਿਆਨ ਕਰਨ ਤੋਂ ਝਿਜਕ ਗਈ।

ਉਹਦੇ ਚਿਹਰੇ ਤੋਂ ਉਦਾਸੀ ਦੇ ਚਿੰਨ੍ਹ ਪੜ੍ਹ ਕੇ ਅਨਪੜ੍ਹ ਮਾਂ ਭਾਗਾਂ ਨੇ ਦੂਜੇ ਦਿਨ ਦਿਲਾਸਾ ਦੇਣ ਲਈ ਕਹਿ ਦਿੱਤਾ, "ਮੈਂ ਕਰਮ ਸਿੰਘ ਦੇ ਬਾਪੂ ਨੂੰ ਕਹਿ ਦਿੱਤਾ ਏ ਕਿ ਉਹ ਸੁਨੇਹਾ ਭੇਜ ਦੇਵੇ, ਪਰ ਅੱਗੋਂ ਉਹ ਕਹਿੰਦਾ ਸੀ, ਕੋਈ ਜਾਂਦਾ ਹੋਇਆ ਤਾਂ ਖ਼ਬਰ ਭੇਜ ਦੇਵੇਗਾ। ਉਂਝ ਉਹਨੂੰ ਵੀ ਖ਼ਬਰ ਨਹੀਂ ਕਿ ਕਰਮ ਸਿੰਘ ਕਿਥੇ ਏ ? ਕਿਸ ਹਾਲਤ ਵਿਚ ਏ ? ਆ ਵੀ ਸਕਦਾ ਏ ਕਿ ਨਹੀਂ।" ਇਤਨੀ ਗੱਲ ਨਾਲ ਦੀਪੋ ਦੇ ਚਿਹਰੇ 'ਤੇ ਰੌਣਕ ਆ ਗਈ। ਇਕ ਦਿਨ ਪਹਿਲਾਂ ਦੀ ਨਿਰਾਸ਼ਾ ਮੁੜ ਕੇ ਆਸ ਵਿਚ ਬਦਲਣ ਲੱਗੀ। ਭਾਗਾਂ ਨੇ ਉਹਦੇ ਇਹ ਬਦਲਦੇ ਹਾਵ-ਭਾਵ ਵੀ ਜਾਣ ਲਏ। ਸੱਚਮੁੱਚ ਦੂਜੇ ਦਿਨ ਉਹਨੇ ਲਾਭ ਚੰਦ ਨਾਲ ਸਮਾਂ ਦੇਖ ਕੇ ਦੀਪੋ ਦੀ ਗੱਲ ਕਰ ਦਿੱਤੀ। ਲਾਭ ਚੰਦ ਨੇ ਵੀ ਪਹਿਲਾਂ ਸਾਧਾਰਨ ਜਾਣ ਕੇ ਟਾਲ ਹੀ ਦਿੱਤਾ, ਪਰ ਫਿਰ ਕਿਹਾ ਕਿ ਉਹ ਜ਼ਰੂਰ ਦੀਪੋ ਦਾ ਸੁਨੇਹਾ ਪਹੁੰਚਾ ਦੇਵੇਗਾ ਪਰ ਦੋ ਦਿਨ ਹੋਰ ਲੰਘ ਗਏ, ਕੋਈ ਨਾ ਆਇਆ ਜੋ ਕਰਮ ਸਿੰਘ ਤਕ ਸੁਨੇਹਾ ਲਿਜਾ ਸਕਦਾ ਹੋਵੇ।

ਅਗਲੇਰੇ ਦਿਨ ਇਕ ਸਿੰਘ ਆਇਆ, ਜੋ ਢਿਲਵਾਂ ਦਾ ਰਹਿਣ ਵਾਲਾ ਸੀ। ਉਹ ਆਪਣੇ ਪਰਵਾਰ ਵਿਚ ਹੋਈ ਕਿਸੇ ਮੌਤ ਕਾਰਨ ਛੁੱਟੀ ਜਾ ਰਿਹਾ ਸੀ। ਕਰਮ ਸਿੰਘ ਨੇ ਉਹਦੇ ਹੱਥ ਸੁਨੇਹਾ ਭੇਜਿਆ ਸੀ ਕਿ ਉਹ ਢਿਲਵਾਂ ਜਾਂਦਾ ਹੋਇਆ ਕਰਤਾਰਪੁਰ ਉਹਦੇ ਪਿਤਾ ਨੂੰ ਮਿਲਦਾ ਜਾਏ। ਉਸ ਸਿੰਘ ਨੇ ਘਰ ਆ ਕੇ ਲਾਭ ਚੰਦ ਨੂੰ ਫ਼ਤਹਿ ਬੁਲਾਈ ਤੇ ਸੁਨੇਹਾ ਦਿੱਤਾ ਕਿ ਜਥੇਦਾਰ ਕਰਮ ਸਿੰਘ ਠੀਕ ਠਾਕ ਏ ਤੇ ਉਹਨੇ ਸਾਰਿਆਂ ਨੂੰ ਫ਼ਤਹਿ ਬੁਲਾਈ ਏ। ਆਮ ਕਰਕੇ ਜਦੋਂ ਕੋਈ ਬੰਦਾ ਬਾਹਰੋਂ ਆਏ ਤਾਂ ਭਾਗਾਂ ਜਾਂ ਹੋਰ ਔਰਤਾਂ ਮਰਦਾਂ ਵਾਲੇ ਕਮਰੇ ਵਿਚ ਘੱਟ ਹੀ ਆਉਂਦੀਆਂ ਸਨ ਪਰ ਇਹ ਸੁਣ ਕੇ ਭਾਗਾਂ ਭੱਜੀ ਆਈ ਕਿ ਉਹਦੇ ਪੁੱਤਰ ਦਾ ਕੋਈ ਸੁਨੇਹਾ ਲੈ ਕੇ ਆਇਆ ਹੈ। ਦੀਪੋ ਵੀ ਇਸ ਸਮੇਂ ਰਹਿ ਨਾ ਸਕੀ, ਉਹ ਕਮਰੇ

ਵਿਚ ਤਾਂ ਦਾਖ਼ਲ ਨਾ ਹੋਈ ਪਰ ਦਰਵਾਜ਼ੇ ਨਾਲ ਬਾਹਰਲੇ ਪਾਸੇ ਲਗ ਖੜ੍ਹ ਉਹ ਵੀ ਸਾਰੀ ਖ਼ਬਰ ਸੁਣਨ ਦਾ ਯਤਨ ਕਰਨ ਲੱਗੀ।

ਨਿਸ਼ਾਨ ਸਿੰਘ ਨੇ ਦੁੱਧ ਦੇ ਛੰਨੇ ਵਿਚੋਂ ਦੁੱਧ ਦਾ ਘੁੱਟ ਭਰਦਿਆਂ ਪੁੱਛਿਆ, "ਕੋਈ ਸੁਖ ਸੁਨੇਹਾ ਕਰਮ ਸਿੰਘ ਨੂੰ ਭੇਜਣਾ ਜੇ ਤਾਂ ਦੱਸ ਦਿਉ।"

"ਉਹ ਅੱਜ-ਕੱਲ੍ਹ ਹੈਣ ਕਿਥੇ ?" ਲਾਭ ਚੰਦ ਨੇ ਪੁੱਛਿਆ, "ਤੁਸੀਂ ਕਦੋਂ ਤਕ ਮੁੜ ਕੇ ਉਨ੍ਹਾਂ ਪਾਸ ਜਾਉਗੇ, ਇਕ ਜ਼ਰੂਰੀ ਸੁਨੇਹਾ ਦੇਣਾ ਸੀ।"

"ਮੈਂ ਤਾਂ ਦੋ ਕੁ ਹਫ਼ਤੇ ਪਿੱਛੋਂ ਜਾਵਾਂਗਾ," ਨਿਸ਼ਾਨ ਸਿੰਘ ਨੇ ਦੱਸਿਆ, "ਉਨ੍ਹਾਂ ਦਾ ਪਤਾ ਨਹੀਂ ਕਿਥੇ ਹੋਣ ਪਰ ਮੈਂ ਉਨ੍ਹਾਂ ਨੂੰ ਗੁਪਤ ਟਿਕਾਣਿਆਂ ਦੀ ਸੂਚਨਾ 'ਤੇ ਲੱਭ ਲਵਾਂਗਾ।"

"ਸਾਡਾ ਸੁਨੇਹਾ ਤਾਂ ਅੱਜ ਭਲਕ ਹੀ ਦੇਣ ਵਾਲਾ ਸੀ," ਲਾਭ ਚੰਦ ਨੇ ਕਿਹਾ, "ਜੇ ਉਹ ਛੁੱਟੀ ਆ ਸਕਦਾ ਤਾਂ ਚੰਗਾ ਸੀ। ਉਹਦੇ ਘਰ ਬਾਲ ਨਿਆਣਾ ਹੋਣ ਵਾਲਾ ਏ। ਉਹਦੀ ਮਾਂ ਦੀ ਇੱਛਾ ਸੀ ਕਿ ਜੇਕਰ ਉਹ ਇਸ ਵੇਲੇ ਘਰ ਹੁੰਦਾ ਤਾਂ ਚੰਗਾ ਸੀ।"

"ਉਹ ਜਥੇਦਾਰ ਨੇ, ਤੇ ਲੜਾਈ ਛਿੜੀ ਹੋਈ ਏ," ਨਿਸ਼ਾਨ ਸਿੰਘ ਨੇ ਦੱਸਿਆ, "ਇਨ੍ਹਾਂ ਦਿਨਾਂ ਵਿਚ ਸਰਹੰਦ ਦੇ ਨਵਾਬ ਨਾਲ ਆਖ਼ਰੀ ਤੇ ਫ਼ੈਸਲਾਕੁੰਨ ਜੰਗ ਹੋਣੀ ਏਂ। ਬੰਦਾ ਸਿੰਘ ਬਹਾਦਰ ਉਨ੍ਹਾਂ 'ਤੇ ਬਹੁਤ ਹੀ ਭਰੋਸਾ ਕਰਦੇ ਨੇ।"

"ਉਂਝ ਕਰਮ ਸਿੰਘ ਹੈ ਤਾਂ ਠੀਕ ਠਾਕ ?" ਲਾਭ ਚੰਦ ਨੇ ਪੁੱਛਿਆ। ਨਿਸ਼ਾਨ ਸਿੰਘ ਨੂੰ ਭਾਵੇਂ ਜਥੇਦਾਰ ਕਰਮ ਸਿੰਘ ਨੇ ਮਨ੍ਹਾ ਕੀਤਾ ਹੋਇਆ ਸੀ ਕਿ ਉਹਦੇ ਜ਼ਖ਼ਮੀ ਹੋਣ ਦੀ ਸੂਚਨਾ ਘਰ ਨਾ ਦੇਵੇ, ਐਂਵੇਂ ਫ਼ਿਕਰ ਕਰਨਗੇ ਪਰ ਹੁਣ ਲਾਭ ਚੰਦ ਨੇ ਅਜਿਹੇ ਢੰਗ ਨਾਲ ਉਹਦੀ ਸਿਹਤ ਬਾਰੇ ਪੁੱਛ ਲਿਆ ਕਿ ਉਹ ਨਾ ਚਾਹੁੰਦਿਆਂ ਵੀ ਝੂਠ ਨਾ ਬੋਲ ਸਕਿਆ। ਉਹਨੇ ਆਖਿਆ, "ਹੁਣ ਅੱਗੇ ਨਾਲੋਂ ਠੀਕ ਏ, ਉਨ੍ਹਾਂ ਬਾਰੇ ਕਿਸੇ ਤਰ੍ਹਾਂ ਦੀ ਚਿੰਤਾ ਨਹੀਂ ਕਰਨੀ।"

ਇਹ ਗੱਲ ਸੁਣਦਿਆਂ ਜਿਵੇਂ ਦੀਪੋ ਦੇ ਕਲੇਜੇ ਦਾ ਰੁੱਗ ਭਰਿਆ ਗਿਆ, ਉਹ ਝੱਟ ਸਮਝ ਗਈ ਕਿ ਕਰਮ ਸਿੰਘ ਲੜਾਈ ਵਿਚ ਜ਼ਖ਼ਮੀ ਹੋ ਗਿਆ ਏ। ਜ਼ਖ਼ਮੀ ਹੋਣ ਦਾ ਖ਼ਿਆਲ ਆਉਂਦਿਆਂ ਉਹਨੂੰ ਘਬਰਾਹਟ ਇਸ ਕਰਕੇ ਹੋਈ ਕਿਉਂਕਿ ਜ਼ਖ਼ਮ ਬਹੁਤ ਮਾਮੂਲੀ ਹੋ ਸਕਦਾ ਏ ਤੇ ਜ਼ਖ਼ਮ ਬਹੁਤ ਡੂੰਘਾ ਵੀ। ਲੜਾਈ ਵਿਚ ਲੱਗੇ ਜ਼ਖ਼ਮ ਕਈ ਵਾਰ ਮਾਰੂ ਸਾਬਤ ਵੀ ਹੋ ਸਕਦੇ ਹਨ। ਮਨੁੱਖੀ ਮਨ ਦੀ ਇਹ ਕਮਜ਼ੋਰੀ ਹੈ ਕਿ ਜਦ ਉਹ ਢਹਿੰਦੀ ਕਲਾ ਦੀ ਗੱਲ ਸੋਚਣ ਲੱਗੇ ਤਾਂ ਉਹ ਬਹੁਤ ਨੀਵੀਂ ਪੱਧਰ ਤਕ ਚਲਾ ਜਾਂਦਾ ਹੈ। ਇਸ ਘਬਰਾਹਟ ਤੇ ਹੌਲ ਪੈਣ 'ਤੇ ਦੀਪੋ ਨੂੰ ਜਨਮ-ਪੀੜਾਂ ਸ਼ੁਰੂ ਹੋ ਗਈਆਂ। ਉਹ ਝੱਟ ਅੰਦਰ ਜਾ ਕੇ ਮੰਜੇ 'ਤੇ ਲੰਮੀ ਪੈ ਗਈ ਪਰ ਇਹ ਦਰਦਾਂ ਕੁਝ ਅਜੀਬ ਕਿਸਮ ਦੀਆਂ ਸਨ। ਉਹਦੇ ਤੋਂ ਲੇਟਿਆ ਵੀ ਨਹੀਂ ਸੀ ਜਾਂਦਾ। ਉਹਨੇ ਯਤਨ ਕੀਤਾ ਕਿ ਇਹ ਪੀੜਾਂ ਸਹਿ ਲਵੇ ਤੇ ਮਾਂ ਭਾਗਾਂ ਨੂੰ ਨਾ ਦੱਸੇ ਪਰ ਦਰਦ ਤੇ ਪੀੜਾਂ ਨੇ ਉਹਦੀ ਬਰਦਾਸ਼ਤ ਸ਼ਕਤੀ ਨੂੰ ਜਿਵੇਂ ਖ਼ਤਮ ਕਰ ਦਿੱਤਾ ਹੋਵੇ।

ਨਿਸ਼ਾਨ ਸਿੰਘ ਇਹ ਕਹਿ ਕੇ ਚਲਾ ਗਿਆ ਕਿ ਉਹ ਮੁੜਦੀ ਵਾਰ ਫਿਰ ਆਏਗਾ ਤੇ ਲਾਭ ਚੰਦ ਹੋਰਾਂ ਨੂੰ ਮਿਲ ਕੇ ਜਾਏਗਾ। ਭਾਗਾਂ ਜਦ ਬਾਹਰਲੇ ਕਮਰੇ ਤੋਂ ਅੰਦਰ ਆਈ ਤਾਂ ਉਹਨੇ ਦੀਪੋ ਨੂੰ ਲੱਕ ਫੜ ਕੇ ਦਰਦ ਨਾਲ ਮੂੰਹ ਵੱਟਦਿਆਂ ਦੇਖਿਆ ਤਾਂ ਉਹ ਸਮਝ ਗਈ ਕਿ ਮਾਮਲਾ ਕੀ ਏ। ਉਹਨੇ ਝੱਟ ਦਾਈ ਨੂੰ ਸੁਨੇਹਾ ਭੇਜਿਆ ਤੇ ਆਪ ਦੀਪੋ ਦੇ ਕੋਲ ਆ ਕੇ ਉਹਨੂੰ ਨੱਪਣ ਘੁੱਟਣ ਲੱਗ ਪਈ। ਇਕ ਮਿੰਟ ਲਈ ਵਿਹੜੇ ਵਿਚ ਜਾ ਕੇ ਲਾਭ ਚੰਦ ਨੂੰ ਕਹਿ ਦਿੱਤਾ ਕਿ ਉਹ ਨੇੜੇ ਹੀ ਰਹਿਣ ਕਿਉਂਕਿ ਬੱਚੇ ਦੇ ਜਨਮ ਦਾ ਸਮਾ ਨੇੜੇ ਆ ਗਿਆ ਹੈ। ਦੋਹਾਂ ਪਤੀ ਪਤਨੀ ਨੂੰ ਆਪਣੇ ਘਰ ਵਿਚ ਹੋਣ ਵਾਲੇ ਬਾਲ ਤੇ ਤੀਜੀ

ਪੁਸ਼ਤ ਦੇ ਅਰੰਭ ਦੀ ਬੇਹੱਦ ਖ਼ੁਸ਼ੀ ਸੀ।

ਦੀਪੋ ਨੂੰ ਮਾਂ ਬਣਨ ਦੀ ਖ਼ੁਸ਼ੀ ਤਾਂ ਸੀ ਪਰ ਇਕ ਤਾਂ ਕਰਮ ਸਿੰਘ ਦੇ ਘਰ ਨਾ ਹੋਣ ਦਾ ਸੱਲ ਸੀ ਤੇ ਦੂਜਾ ਉਹਦੇ ਜ਼ਖ਼ਮੀ ਹੋਣ ਦੀ ਚਿੰਤਾ ਸੀ। ਉਹਨੂੰ ਜਨਮ-ਪੀੜਾਂ ਦੇ ਔਖੇ ਸਮੇਂ ਦੇ ਸੁਖ ਨਾਲ ਲੰਘ ਜਾਣ ਦਾ ਵੀ ਮਨ 'ਤੇ ਬੋਝ ਸੀ। ਬਾਲ ਨੂੰ ਜਨਮ ਦਿੰਦਿਆਂ ਉਹ ਕਿਤਨੀ ਕੁ ਔਖੀ ਹੋਵੇਗੀ ਤੇ ਫਿਰ ਪਤਾ ਨਹੀਂ ਕੁਦਰਤ ਉਹਦੀ ਝੋਲੀ ਵਿਚ ਕਿਸ ਤਰ੍ਹਾਂ ਦਾ ਬਾਲ ਪਾਂਦੀ ਏ। ਉਹ ਆਪ ਕੁੜੀ ਰਹਿ ਚੁੱਕੀ ਸੀ ਪਰ ਇਸ ਵੇਲੇ ਉਸ ਦੇ ਮਨ ਵਿਚ ਵੀ ਇਹੀ ਅਰਦਾਸ ਨਿਕਲਦੀ ਸੀ, "ਸੱਚੇ ਪਾਤਿਸ਼ਾਹ, ਮੈਨੂੰ ਪੁੱਤਰ ਦੀ ਦਾਤ ਬਖ਼ਸ਼ੀਂ।" ਇਹ ਉਸ ਸਮੇਂ ਦੇ ਸਮਾਜਕ ਤੇ ਭਾਈਚਾਰਕ ਵਰਤਾਰੇ ਦਾ ਪ੍ਰਭਾਵ ਹੀ ਸੀ। ਉਹ ਕਈ ਵਾਰ ਪਹਿਲਾਂ ਇਕੱਲੀ ਬੈਠੀ ਸੋਚਦੀ ਸੀ ਕਿ ਕੁੜੀ ਹੋਵੇ ਜਾਂ ਮੁੰਡਾ, ਮਾਂ ਨੂੰ ਤਾਂ ਆਪਣਾ ਹਰ ਬਾਲ ਹੀ ਪਿਆਰਾ ਹੁੰਦਾ ਏ। ਕੁੜੀਆਂ ਕੋਈ ਘੱਟ ਪਿਆਰੀਆਂ ਤੇ ਨਹੀਂ ਹੁੰਦੀਆਂ। ਕੁੜੀਆਂ ਨੂੰ ਤਾਂ ਸੋਹਣੇ ਸੋਹਣੇ ਕੱਪੜੇ ਪਾ ਕੇ ਗੁੱਡੀਆਂ ਪਟੋਲਿਆਂ ਨਾਲ ਘਰ ਭਰ ਰੱਖੀਦਾ ਏ। ਇਉਂ ਉਹ ਸੋਚਦੀ ਕਿ ਆਖ਼ਰ ਕੁੜੀਆਂ ਹੀ ਤਾਂ ਅੱਗੋਂ ਔਲਾਦ ਵਧਾਂਦੀਆਂ ਹਨ। ਕੁੜੀਆਂ ਨਾ ਹੋਣ ਤਾਂ ਮੁੜ ਮੁੰਡੇ ਕਿਵੇਂ ਜੰਮ ਪੈਣ। ਆਪਣੇ ਆਪ ਨਾਲ ਗੱਲਾਂ ਕਰਦੀ ਉਹ ਅਖ਼ੀਰ ਇਸ ਨਤੀਜੇ 'ਤੇ ਪਹੁੰਚ ਜਾਂਦੀ ਕਿ ਸ਼ਾਇਦ ਮੁੰਡੇ ਇਸ ਲਈ ਵੱਧ ਲੋੜੀਂਦੇ ਹਨ, ਕਿਉਂਕਿ ਉਹ ਕਮਾਊ ਹੁੰਦੇ ਹਨ ਤੇ ਦੂਜਾ, ਮੁੰਡਾ ਵਿਆਹ ਕੇ ਘਰ ਨੂੰਹ ਆ ਜਾਂਦੀ ਏ, ਘਰ ਵਿਚ ਰੌਣਕ ਵਧਦੀ ਏ ਤੇ ਪਰਵਾਰ ਵਧਿਆ ਫੁਲਿਆ ਜਾਪਦਾ ਏ। ਕੁੜੀਆਂ ਵਿਆਹ ਕੇ ਘਰ ਤੋਂ ਤੋਰ ਦਿੱਤੀਆਂ ਜਾਂਦੀਆਂ ਹਨ ਤੇ ਇਉਂ ਰੌਣਕ ਘਰ ਤੋਂ ਚਲੀ ਜਾਂਦੀ ਏ। ਸ਼ਾਇਦ ਇਸ ਰੌਣਕ ਦੇ ਚਲੇ ਜਾਣ ਕਾਰਨ ਹੀ ਲੋਕ ਕੁੜੀਆਂ ਦਾ ਜਨਮ ਪਸੰਦ ਨਹੀਂ ਕਰਦੇ।

ਉਹਨੇ ਸੁਣਿਆ ਹੋਇਆ ਸੀ ਕਿ ਪਹਿਲੇ ਸਮਿਆਂ ਵਿਚ ਲੋਕ ਕੁੜੀਆਂ ਜੰਮਣ 'ਤੇ ਉਨ੍ਹਾਂ ਨੂੰ ਮਾਰ ਵੀ ਦਿੱਤਾ ਕਰਦੇ ਸਨ। ਹੁਣ ਵੀ ਕਦੇ ਕਦੇ ਅਜਿਹੀ ਮਾੜੀ ਘਟਨਾ ਵਾਪਰਨ ਦੀ ਸੋਅ ਕੰਨੀਂ ਪੈ ਜਾਂਦੀ ਸੀ ਪਰ ਉਹਨੂੰ ਗੁਰੂ ਸਾਹਿਬ ਦਾ ਸਿੱਖਾਂ ਨੂੰ ਇਸ ਬਾਰੇ ਦਿੱਤਾ ਹੁਕਮ ਯਾਦ ਕਰ ਕੇ ਉਹਦਾ ਸਿਰ ਆਪ ਮੁਹਾਰੇ ਗੁਰੂ-ਘਰ ਦੇ ਸਤਿਕਾਰ ਵਜੋਂ ਝੁਕ ਜਾਂਦਾ।

ਪਰ ਇਸ ਵੇਲੇ ਬਾਲ ਜਨਮ ਤੋਂ ਪਹਿਲਾਂ ਦੀਆਂ ਜਨਮ-ਪੀੜਾਂ ਨੇ ਉਹਦੇ ਦਿਲ, ਦਿਮਾਗ਼ ਤੇ ਮਨ ਨੂੰ ਇਕੋ ਨੁਕਤੇ 'ਤੇ ਲਿਆ ਕੇ ਟਿਕਾ ਦਿੱਤਾ ਸੀ ਕਿ ਜਿਸ ਤਰ੍ਹਾਂ ਵੀ ਹੋਵੇ ਇਹ ਘੜੀ ਛੇਤੀ ਬੀਤ ਜਾਏ ਤੇ ਉਹ ਬਾਲ ਦੀ ਮਾਂ ਬਣ ਜਾਏ। ਦਾਈ ਆ ਗਈ। ਅਜਿਹੇ ਮੌਕੇ 'ਤੇ ਕਿਸ ਤਰ੍ਹਾਂ ਦੀਆਂ ਚੀਜ਼ਾਂ ਖਾਣ ਨੂੰ ਦਿੱਤੀਆਂ ਜਾ ਸਕਦੀਆਂ ਹਨ, ਭਾਗਾਂ ਨੇ ਉਹ ਸਭ ਤਿਆਰ ਕੀਤੀਆਂ ਹੋਈਆਂ ਸਨ। ਦੀਪੋ ਨੂੰ ਜਿਹੜੀਆਂ ਚੀਜ਼ਾਂ ਖਾਣ ਦਾ ਬਹੁਤ ਹੀ ਸ਼ੌਕ ਸੀ, ਉਹ ਵੀ ਇਸ ਵੇਲੇ ਉਹਦੇ ਸੰਘ ਵਿਚੋਂ ਨਹੀਂ ਸਨ ਲੰਘਦੀਆਂ।

ਦਾਈ ਨੇ ਉਹਦੀ ਮਦਦ ਕੀਤੀ। ਭਾਗਾਂ ਤਾਂ ਉਪਰਲੇ ਕੰਮ ਵਿਚ ਰੁੱਝੀ ਰਹੀ। ਸ਼ਰੀਕੇ ਦੀਆਂ ਕੁੜੀਆਂ ਨੂੰ ਬਾਹਰ ਵਿਹੜੇ ਵਿਚ ਹੀ ਰੁਕੇ ਰਹਿਣ ਲਈ ਕਹਿ ਦਿੱਤਾ ਗਿਆ। ਝੱਟ ਪਿੱਛੋਂ ਅੰਦਰੋਂ ਕਮਰੇ ਵਿਚੋਂ ਬੱਚੇ ਦੇ ਰੋਣ ਦੀ ਆਵਾਜ਼ ਆਈ ਤੇ ਭਾਗਾਂ ਭੱਜ ਕੇ ਅੰਦਰ ਚਲੀ ਗਈ।

"ਮਾਂ ਜੀ, ਮੁਬਾਰਕਾਂ," ਦਾਈ ਨੇ ਅੱਗੋਂ ਹੱਸਦਿਆਂ ਕਿਹਾ, "ਚੰਨ ਜਿਹਾ ਪੋਤਰਾ ਆ ਗਿਆ ਜੇ। ਕਿਉਂ ਨੀ ਕੁੜੇ ਦੀਪੋ, ਤੂੰ ਕਿਉਂ ਮੂੰਹ ਇਕ ਪਾਸੇ ਕਰ ਲਿਆ ਏ। ਅਜੇ ਵੀ ਤੇਰੇ ਮੱਥੇ 'ਤੇ ਤਰੇਲੀਆਂ ਨੇ। ਮੁੰਡੇ ਨੂੰ ਜਨਮ ਦੇ ਕੇ ਤਾਂ ਤੈਨੂੰ ਖਿੜ ਜਾਣਾ ਚਾਹੀਦਾ ਏ।"

ਦੀਪੋ ਨੇ ਝੱਟ ਮੂੰਹ ਸਿੱਧਾ ਕਰ ਲਿਆ। ਭਾਗਾਂ ਨੇ ਪਹਿਲਾਂ ਬਾਲ ਵੱਲ ਦੇਖਿਆ ਤੇ

ਉਹਨੂੰ ਪਿਆਰ ਦੇਣ ਲੱਗੀ, ਫਿਰ ਪਤਾ ਨਹੀਂ ਕਿਉਂ ਰੁਕ ਗਈ। ਫਿਰ ਉਹਨੇ ਦੀਪੋ ਨੂੰ ਵਧਾਈ ਦਿੱਤੀ। ਉਹਦੇ ਸਿਰ 'ਤੇ ਹੱਥ ਫੇਰਿਆ ਤੇ ਕੱਪੜਾ ਲੈ ਕੇ ਉਹਦਾ ਮੱਥਾ ਪੂੰਝਿਆ।

ਕਮਰੇ ਨਾਲ ਕੰਨ ਲਾ ਕੇ ਸੁਣਦੀਆਂ ਕੁੜੀਆਂ ਝੱਟ ਅੰਦਰ ਨੂੰ ਭੱਜ ਪਈਆਂ ਪਰ ਦਾਈ ਨੇ ਰੋਕ ਦਿੱਤਾ ਤੇ ਕਿਹਾ, "ਅਜੇ ਝੱਟ ਅੰਦਰ ਨਾ ਆਉ। ਕੁੜੀ ਨੂੰ ਔਲ ਪੈ ਲੈਣ ਦਿਉ।"

ਕੁੜੀਆਂ ਪਿੱਛੇ ਹਟ ਗਈਆਂ। ਕੁਝ ਨਿਰਾਸ਼ ਤੇ ਕੁਝ ਹੈਰਾਨ ਸਨ ਉਹ ਸਾਰੀਆਂ। ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਔਲ ਕੀ ਹੁੰਦੀ ਏ। ਉਹ ਇਕ ਦੂਜੀ ਵੱਲ ਦੇਖਦੀਆਂ ਜਿਵੇਂ ਔਲ ਦੇ ਅਰਥ ਸਮਝਣਾ ਚਾਹੁੰਦੀਆਂ ਹੋਣ। ਭਾਗਾਂ ਨੇ ਬਾਹਰ ਆ ਕੇ ਕੁੜੀਆਂ ਨੂੰ ਕਰਮ ਸਿੰਘ ਦੇ ਘਰ ਮੁੰਡਾ ਹੋਣ ਦੀ ਵਧਾਈ ਦਿੱਤੀ ਤੇ ਉਨ੍ਹਾਂ ਤੋਂ ਵਧਾਈਆਂ ਲਈਆਂ। ਫਿਰ ਹਿੰਮਤ ਕਰ ਕੇ ਭਾਗਾਂ ਤੋਂ ਔਲ ਦਾ ਮਤਲਬ ਪੁੱਛ ਹੀ ਲਿਆ ਤੇ ਉਹਨੇ ਸਮਝਾ ਦਿੱਤਾ।

ਕੁੜੀਆਂ ਨੇ ਬਾਹਰਲੇ ਕਮਰੇ ਵਿਚ ਬੈਠੇ ਲਾਭ ਚੰਦ ਨੂੰ ਜਾ ਖ਼ੁਸ਼ਖ਼ਬਰੀ ਸੁਣਾਈ ਤੇ ਉਹਨੇ ਵੀ ਵਿਹੜੇ ਵਿਚ ਆ ਕੇ ਭਾਗਾਂ ਤੋਂ ਇਹਦੀ ਤਸਦੀਕ ਕਰਾ ਕੇ ਕਿਹਾ, "ਮੈਂ ਹਲਵਾਈ ਦੀ ਹੱਟੀ ਤੋਂ ਕੁਝ ਲੱਡੂ ਤੇ ਹੋਰ ਮਠਿਆਈ ਲੈ ਆਵਾਂ। ਹੁਣੇ ਘਰ ਲੋਕਾਂ ਨੇ ਵਧਾਈ ਦੇਣ ਤੁਰੇ ਆਉਣਾ ਏ ਤੇ ਉਨ੍ਹਾਂ ਦਾ ਮੂੰਹ ਮਿੱਠਾ ਤਾਂ ਕਰਵਾਣਾ ਏ।"

"ਆਪਣੇ ਘਰ ਬਥੇਰਾ ਗੁੜ ਤੇ ਸ਼ੱਕਰ ਪਈ ਏ," ਭਾਗਾਂ ਨੇ ਕਿਹਾ।

"ਵਾਹ ਬਈ ਵਾਹ, ਮੁੰਡਾ ਤੂੰ ਇਤਨਾ ਸਸਤਾ ਸਮਝ ਲਿਆ ਏ," ਲਾਭ ਚੰਦ ਨੇ ਉੱਤਰ ਦਿੱਤਾ, "ਮੈਂ ਤਾਂ ਹਲਵਾਈ ਦੀ ਹੱਟੀ ਤੋਂ ਸਾਰੀ ਮਠਿਆਈ ਹੀ ਚੁੱਕ ਲਿਆਵਾਂਗਾ। ਵਾਹਿਗੁਰੂ ਦੀ ਮਿਹਰ ਹੋਈ ਏ। ਕਿਥੇ ਕਰਮ ਸਿੰਘ ਜੰਮਿਆ ਸੀ ਤੇ ਘਰ ਖ਼ੁਸ਼ੀਆਂ ਹੋਈਆਂ ਸਨ। ਹੁਣ ਇਹਦੇ ਬਾਲ ਹੋਇਆ ਏ। 25 ਸਾਲਾਂ ਪਿੱਛੋਂ ਵਿਹੜੇ ਵਿਚ ਰੌਣਕਾਂ ਹੋਣ ਲੱਗੀਆਂ ਨੇ। ਮੈਂ ਤਾਂ ਢੋਲ ਵੀ ਵਜਵਾਵਾਂਗਾ ਤੇ ਖ਼ੁਸਰੇ ਵੀ ਨਚਵਾਵਾਂਗਾ," ਕਹਿੰਦਾ ਹੋਇਆ ਲਾਭ ਚੰਦ ਜੁੱਤੀ ਪਾ ਕੇ ਘਰ ਤੋਂ ਬਾਹਰ ਨਿਕਲ ਗਿਆ।

"ਲੈ, ਪੋਤਰੇ ਦੇ ਜੰਮਣ ਦੀ ਇਤਨੀ ਖ਼ੁਸ਼ੀ ਹੋਈ ਨੇ ਕਿ ਉਹਨੂੰ ਦੇਖਣਾ ਹੀ ਭੁੱਲ ਗਏ ਨੇ। ਪਹਿਲਾਂ ਪੋਤਰੇ ਨੂੰ ਤਾਂ ਮਿਲ ਲੈਂਦੇ। ਉਹ ਤਾਂ ਪਹਿਲਾਂ ਮਠਿਆਈ ਲੈਣ ਭੱਜ ਪਏ ਨੇ," ਭਾਗਾਂ ਨੇ ਅੰਦਰ ਆ ਕੇ ਦੀਪੋ ਤੇ ਦਾਈ ਸਾਹਮਣੇ ਗੱਲ ਕੀਤੀ, "ਹੁਣ ਦੇਖਿਆ ਜੇ, ਹਲਵਾਈ ਦੀ ਹੱਟੀ ਤਕ ਜਾਂਦਿਆਂ ਰਾਹ ਵਿਚ ਸਭ ਨੂੰ ਦੱਸੀ ਜਾਣਗੇ ਤੇ ਉਨ੍ਹਾਂ ਦੇ ਮੁੜਦਿਆਂ ਤਕ ਨਗਰ ਦੇ ਕਈ ਲੋਕ ਵਧਾਈਆਂ ਦੇਣ ਲਈ ਪਹਿਲਾਂ ਆ ਪਹੁੰਚਣਗੇ।"

ਸੱਚਮੁੱਚ ਜਿਹੜਾ ਰਾਹ ਵਿਚ ਮਿਲਿਆ, ਉਸੇ ਨੂੰ ਲਾਭ ਚੰਦ ਖ਼ੁਸ਼ਖ਼ਬਰੀ ਸੁਣਾਂਦਾ ਹਲਵਾਈ ਤਕ ਪਹੁੰਚ ਗਿਆ। ਉਹਨੂੰ ਜਾ ਕੇ ਕਿਹਾ, "ਆਪਣੇ ਘਰ ਪੋਤਰਾ ਜੰਮਿਆ ਏ। ਲਿਆ ਚੁਕਾ ਦੇ ਆਪਣੀ ਹੱਟੀ ਤੋਂ ਸਾਰੀ ਮਠਿਆਈ। ਕੀ ਕੀ ਏ ਤੇਰੇ ਕੋਲ ? ਸਾਰੇ ਪਾ ਦਿਉ ਲੱਡੂ, ਮੇਸੂ, ਜਲੇਬੀਆਂ।"

ਫਿਰ ਨਾਲ ਹੀ ਕਹਿ ਦਿੱਤਾ, "ਮੈਂ ਭਾਂਡਾ ਤਾਂ ਕੋਈ ਲਿਆਇਆ ਨਹੀਂ। ਤੂੰ ਥਾਲ ਹੀ ਚੁਕਵਾ ਕੇ ਸਾਡੇ ਘਰ ਪਹੁੰਚਾ ਦੇ।" ਉਹੋ ਗੱਲ ਹੋਈ ਘਰ ਵਿਚ ਉਹਦੇ ਮੁੜਦਿਆਂ ਤਕ ਕਈ ਲੋਕ ਵਧਾਈ ਦੇਣ ਲਈ ਪਹੁੰਚ ਵੀ ਗਏ। ਉਨ੍ਹਾਂ ਸਾਰਿਆਂ ਨੂੰ ਬਿਠਾ ਕੇ ਵਧਾਈਆਂ ਲਈਆਂ ਤੇ ਸਭ ਦਾ ਮੂੰਹ ਮਿੱਠਾ ਕਰਾ ਕੇ ਤੋਰਿਆ। ਜ਼ਨਾਨੀਆਂ ਤਾਂ ਬਹੁਤ ਦੇਰ ਤਕ ਇਨ੍ਹਾਂ ਦੇ ਵਿਹੜੇ ਵਿਚ ਬੈਠੀਆਂ ਗੱਲਾਂ ਕਰਦੀਆਂ ਰਹੀਆਂ।

ਦੂਜੇ ਦਿਨ ਮੁੜ ਜ਼ਨਾਨੀਆਂ ਆਉਂਦੀਆਂ ਰਹੀਆਂ। ਪੰਜਵੇਂ ਦਿਨ ਦੀਪੋ ਨੂੰ ਨੁਹਾਇਆ ਗਿਆ। ਉਸ ਦਿਨ ਉਹਦੇ ਪੇਕਿਆਂ ਤੋਂ ਕਈ ਜ਼ਨਾਨੀਆਂ ਆਈਆਂ ਤੇ ਉਨ੍ਹਾਂ ਨੇ ਚੋਖਾ

ਕੁਝ ਮੁੱਛਾ ਜੰਮਣ 'ਤੇ ਨਾਲ ਲਿਆਂਦਾ। ਫਿਰ ਚਰਚਾ ਸ਼ੁਰੂ ਹੋ ਗਈ ਕਿ ਮੁੰਡੇ ਦਾ ਨਾਮ ਕੀ ਰੱਖਣਾ ਹੈ?

"ਇਹਦਾ ਫ਼ੈਸਲਾ ਤਾਂ ਅਸੀਂ ਪਹਿਲਾਂ ਕੀਤੀ ਬੈਠੇ ਹਾਂ," ਭਾਗਾਂ ਨੇ ਦੱਸਿਆ, "ਕਰਮ ਸਿੰਘ ਤੋਂ ਮੈਂ ਜਾਣ ਲੱਗੇ ਪੁੱਛਿਆ ਸੀ ਕਿ ਜੇਕਰ ਉਹ ਵੇਲੇ ਸਿਰ ਨੇੜੇ ਨਾ ਹੋਇਆ ਤਾਂ ਬਾਲ ਦਾ ਨਾਮ ਕੀ ਰੱਖਣਾ ਏ? ਉਹਨੇ ਦੱਸਿਆ ਸੀ ਕਿ ਹੁਣ ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਸਮੇਂ ਨਿਕਲੇ ਪਹਿਲੇ ਅੱਖਰ ਦੇ ਆਧਾਰ 'ਤੇ ਨਾਮ ਰੱਖਿਆ ਜਾਂਦਾ ਹੈ। ਉਨ੍ਹਾਂ ਪਾਠ ਦਾ ਭੋਗ ਵੀ ਪਾਇਆ ਸੀ ਤੇ ਉਸ ਸਮੇਂ ਸ਼ਬਦ ਦਾ ਪਹਿਲਾ ਅੱਖਰ 'ਫ' ਨਿਕਲਿਆ ਸੀ। ਹੁਣ ਇਸ ਨਾਲ ਜੁੜਦਾ ਜਿਹੜਾ ਨਾਮ ਨਾਨਕੇ ਕਹਿਣਗੇ, ਅਸੀਂ ਰੱਖ ਲਵਾਂਗੇ।"

"ਲੈ ਫਿਰ ਇਸ ਅੱਖਰ 'ਤੇ ਵਧੀਆ ਨਾਮ ਤਾਂ ਫ਼ਤਹਿ ਸਿੰਘ ਹੀ ਬਣਦਾ ਹੈ," ਇਕ ਔਰਤ ਨੇ ਤੁਰਤ ਨਿਰਣਾ ਕਰ ਦਿੱਤਾ। ਸਾਰਿਆਂ ਨੂੰ ਇਹ ਨਾਮ ਪਸੰਦ ਆਇਆ ਤੇ ਇਉਂ ਨਵੇਂ ਬਾਲਕ ਦਾ ਨਾਮ ਫ਼ਤਹਿ ਸਿੰਘ ਰੱਖ ਦਿੱਤਾ ਗਿਆ।

ਪੋਤਰੇ ਦਾ ਨਾਮ ਰੱਖਣ ਦੀ ਖ਼ੁਸ਼ੀ ਵਿਚ ਫਿਰ ਇਕ ਵਾਰ ਆਏ ਪ੍ਰਾਹੁਣਿਆਂ ਤੇ ਸੱਜਣਾਂ ਮਿੱਤਰਾਂ ਦੀ ਘਰ ਵਿਚ ਰੋਟੀ ਆਖੀ ਗਈ।

32

ਸਿੰਘਾਂ ਦੇ ਜਥੇ ਹੁਣ ਛੱਤ ਬਨੂੜ ਨੇੜੇ ਇਕੱਠੇ ਹੋ ਚੁੱਕੇ ਸਨ। ਇਥੇ ਹੀ ਮਾਝੇ ਤੇ ਦੁਆਬੇ ਦੇ ਉਹ ਜਥੇ ਆ ਕੇ ਮਿਲ ਗਏ, ਜਿਨ੍ਹਾਂ ਨੂੰ ਰੋਪੜੀਏ ਪਠਾਣਾਂ ਤੇ ਮਲੇਰਕੋਟਲੇ ਦੇ ਨਵਾਬ ਦੀਆਂ ਫ਼ੌਜਾਂ ਨੇ ਰੋਕਿਆ ਹੋਇਆ ਸੀ। ਕਈ ਦਿਨ ਘਮਸਾਨ ਦੀ ਲੜਾਈ ਹੁੰਦੀ ਰਹੀ ਸੀ। ਇਨ੍ਹਾਂ ਜਥਿਆਂ ਨਾਲ ਹੀ ਨਿਸ਼ਾਨ ਸਿੰਘ ਵੀ ਆ ਮਿਲਿਆ ਸੀ ਤੇ ਉਹਨੇ ਫਿਰ ਇਕ ਦਿਨ ਪੂਰਾ ਲਾ ਕੇ ਦੁਆਬੇ ਦੇ ਉਸ ਜਥੇ ਨੂੰ ਜਾ ਲੱਭਿਆ, ਜਿਸ ਦੀ ਅਗਵਾਈ ਜਥੇਦਾਰ ਕਰਮ ਸਿੰਘ ਕਰ ਰਿਹਾ ਸੀ।

ਬੰਦਾ ਸਿੰਘ ਬਹਾਦਰ ਸਮਾਣੇ ਨੂੰ ਸੋਧ ਕੇ ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਕਾਤਲ ਸੱਯਦ ਜਲਾਲੁਦੀਨ ਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਸ਼ਾਸਲ ਬੇਗ ਤੇ ਬਾਸਲ ਬੇਗ ਨੂੰ ਕੀਤੇ ਦੀ ਸਜ਼ਾ ਦੇ ਕੇ ਫਿਰ ਘੁੜਾਮ, ਸ਼ਾਹਬਾਦ, ਕੁੰਜਪੁਰਾ, ਮੁਸਤਫ਼ਾਬਾਦ ਤੇ ਸਢੌਰਾ ਫ਼ਤਹਿ ਕਰ ਕੇ ਸਢੌਰੇ ਨੂੰ ਆਪਣਾ ਮੁੱਖ ਕੇਂਦਰ ਬਣਾ ਕੇ ਮੁੜ ਸਰਹੰਦ ਵੱਲ ਆਉਣ ਦੀ ਤਿਆਰੀ ਕਰ ਰਿਹਾ ਸੀ। ਜਦੋਂ ਸੂਚਨਾ ਮਿਲੀ ਕਿ ਛੱਤ ਬਨੂੜ ਨੇੜੇ ਸਿੰਘਾਂ ਦੇ ਜਥੇ ਘਿਰੇ ਹੋਏ ਹਨ, ਉਹ ਤੁਰਤ ਇਧਰ ਨੂੰ ਖ਼ਾਲਸਈ ਫ਼ੌਜ ਲੈ ਕੇ ਚੱਲ ਪਿਆ। ਇਸ ਪਾਸੇ ਬੰਦਾ ਸਿੰਘ ਬਹਾਦਰ ਦਾ ਹਮਲਾ ਸੁਣ ਕੇ ਹੀ ਮਲੇਰਕੋਟਲੀਏ ਤੇ ਰੋਪੜੀਏ ਪਠਾਣ ਘੇਰੇ ਛੱਡ ਕੇ ਆਪੋ ਆਪਣੇ ਇਲਾਕਿਆਂ ਵਿਚ ਉਥੋਂ ਦੀ ਸੁਰੱਖਿਆ ਦੀ ਫ਼ਿਕਰ ਕਰ ਕੇ ਜਾ ਵੜੇ।

ਜਥੇਦਾਰ ਕਰਮ ਸਿੰਘ ਨੂੰ ਮਿਲ ਕੇ ਨਿਸ਼ਾਨ ਸਿੰਘ ਨੇ ਦੱਸਿਆ ਕਿ ਉਹ ਜਾਂਦਾ ਤੇ ਆਉਂਦਾ ਦੋ ਵਾਰ ਕਰਤਾਰਪੁਰ ਹੋ ਕੇ ਆਇਆ ਏ। ਘਰ ਵਿਚ ਸਭ ਸੁੱਖ ਹੈ। ਤੁਹਾਡੇ ਲਈ ਖ਼ੁਸ਼ਖ਼ਬਰੀ ਲਿਆਇਆ ਹਾਂ ਕਿ ਤੁਹਾਡੇ ਘਰ ਲੜਕਾ ਹੋਇਆ ਏ। ਸਾਰੇ ਘਰ ਦੇ ਕਹਿੰਦੇ ਸਨ ਕਿ ਇਕ ਵਾਰ ਕੁਝ ਵਕਤ ਕੱਢ ਕੇ ਘਰ ਚੱਕਰ ਮਾਰ ਜਾਉ। ਨਾਲੇ ਬੱਚੇ ਦੇ ਦਰਸ਼ਨ ਕਰ ਜਾਉ ਤੇ ਨਾਲੇ ਵਧਾਈਆਂ ਲੈ ਆਉ।

"ਮੇਰੇ ਜ਼ਖ਼ਮੀ ਹੋਣ ਦਾ ਤਾਂ ਨਹੀਂ ਸੀ ਦੱਸਿਆ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ।

"ਮੈਂ ਤਾਂ ਸਿੱਧਾ ਨਹੀਂ ਸੀ ਦੱਸਿਆ, ਪਰ ਉਨ੍ਹਾਂ ਮੇਰੀਆਂ ਗੱਲਾਂ ਵਿਚੋਂ ਆਪੇ ਲੱਭ ਲਿਆ," ਨਿਸ਼ਾਨ ਸਿੰਘ ਕਹਿਣ ਲੱਗਾ, "ਮੈਂ ਫਿਰ ਇਕ ਝੂਠ ਨੂੰ ਛੁਪਾਣ ਲਈ ਹੋਰ ਕਈ ਝੂਠ ਬੋਲਣ ਤੋਂ ਝਿਜਕ ਗਿਆ ਤੇ ਸਾਫ਼ ਕਹਿ ਦਿੱਤਾ ਕਿ ਸੱਟ ਤਾਂ ਲੱਗੀ ਸੀ ਪਰ ਖ਼ਤਰਨਾਕ ਨਹੀਂ। ਉਹ ਤੁਰਤ ਠੀਕ ਹੋ ਗਏ ਹੋਣਗੇ।"

"ਬੱਚਾ ਤੇ ਉਹਦੀ ਮਾਂ ਠੀਕ ਸੀ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ।

"ਬਿਲਕੁਲ ਠੀਕ," ਨਿਸ਼ਾਨ ਸਿੰਘ ਨੇ ਦੱਸਿਆ, "ਭੁਝੰਗੀ ਦਾ ਨਾਮ ਫ਼ਤਹਿ ਸਿੰਘ ਰੱਖਿਆ ਨੇ। ਮੈਂ ਲੱਡੂ ਖਾ ਕੇ ਤੇ ਵਧਾਈਆਂ ਦੇ ਕੇ ਆਇਆ ਹਾਂ। ਤੁਸੀਂ ਹੁਣ ਕਦੋਂ ਕਰਤਾਰਪੁਰ ਜਾਉਗੇ? ਬੱਸ ਹਰ ਕੋਈ ਉਥੇ ਤੁਹਾਨੂੰ ਯਾਦ ਕਰਦਾ ਏ।"

"ਮੈਂ ਤਾਂ ਹੁਣ ਸਰਹੰਦ ਫ਼ਤਹਿ ਕਰ ਕੇ ਹੀ ਜਾ ਸਕਾਂਗਾ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਹੁਣ ਤਾਂ ਬੱਸ ਸਰਹੰਦ ਦੇ ਨਵਾਬ ਵਜ਼ੀਰ ਖ਼ਾਂ ਨਾਲ ਟੱਕਰ ਫ਼ੈਸਲਾਕੁੰਨ ਹੋਵੇਗੀ, ਸਾਡਾ ਵੱਡਾ ਦੁਸ਼ਮਣ ਉਹ ਏ। ਲੋਕੀਂ ਉਸ ਤੋਂ ਇਤਨੇ ਤੰਗ ਨੇ ਕਿ ਇਲਾਕੇ ਦੇ ਪਿੰਡਾਂ ਦੇ ਪਿੰਡ ਉਹਦੇ ਟਾਕਰੇ ਜੰਗ ਲਈ ਆਉਣ ਨੂੰ ਤਿਆਰ ਨੇ। ਕਈ ਪਿੰਡ ਤਾਂ ਆ ਵੀ ਗਏ ਨੇ।"

"ਮੈਂ ਵੀ ਇਹੀ ਰਾਹ ਵਿਚ ਅਨੁਭਵ ਕੀਤਾ ਏ," ਨਿਸ਼ਾਨ ਸਿੰਘ ਨੇ ਦੱਸਿਆ, "ਹਾਕਮ ਵਰਗ ਯਤਨ ਕਰ ਰਿਹਾ ਏ ਕਿ ਇਹਨੂੰ ਮੁਸਲਮਾਨਾਂ ਤੇ ਸਿੱਖਾਂ ਦੀ ਧਾਰਮਕ ਜੰਗ ਦਾ ਰੂਪ ਦਿੱਤਾ ਜਾਏ ਪਰ ਇਸ ਦਾ ਅਸਰ ਬਹੁਤ ਹੀ ਘੱਟ ਹੋ ਰਿਹਾ ਏ। ਵੱਡੀ ਗਿਣਤੀ ਵਿਚ ਮੁਸਲਮਾਨ ਵੀ ਸਾਡੇ ਨਾਲ ਰਲਣ ਲਈ ਤਿਆਰ ਨੇ।"

"ਇਹ ਤੁਸੀਂ ਠੀਕ ਮਹਿਸੂਸ ਕੀਤਾ ਏ," ਜਥੇਦਾਰ ਕਰਮ ਸਿੰਘ ਨੇ ਉਹਦੇ ਅਨੁਭਵ ਦੀ ਪ੍ਰਸੰਸਾ ਕਰਦਿਆਂ ਕਿਹਾ, "ਇਕ ਪਾਸੇ ਲੋਕਾਂ 'ਤੇ ਜ਼ੁਲਮ ਕਰਨ ਵਾਲੇ ਹਨ ਤੇ ਦੂਜੇ ਪਾਸੇ ਮਜ਼ਲੂਮ। ਅਸੀਂ ਮਜ਼ਲੂਮਾਂ ਨਾਲ ਹਾਂ, ਜਿਨ੍ਹਾਂ ਦੀ ਧੱਕੇ ਨਾਲ ਪੱਤ ਲੁੱਟੀ ਜਾ ਰਹੀ ਏ, ਜਿਨ੍ਹਾਂ ਦੀ ਅਣਖ ਨੂੰ ਖ਼ਤਮ ਕਰਨ ਲਈ ਦਿਨ ਰਾਤ ਸਾਜ਼ਸ਼ਾਂ ਹੋ ਰਹੀਆਂ ਹਨ। ਸਾਡਾ ਸੰਘਰਸ਼ ਨਿੱਜੀ ਗਰਜ਼ਾਂ ਵਾਲਾ ਨਹੀਂ, ਸਗੋਂ ਲੋਕ-ਹਿੱਤਾਂ ਵਾਲਾ ਹੈ, ਇਸ ਲਈ ਹਰ ਵਰਗ ਦਾ ਸਹਿਯੋਗ ਸਾਨੂੰ ਮਿਲੇਗਾ। ਪਿੰਡਾਂ ਦੇ ਜਿਨ੍ਹਾਂ ਲੋਕਾਂ ਪਾਸ ਘੋੜੇ ਹਨ, ਉਹ ਬਿਨਾਂ ਮੰਗਿਆਂ ਖ਼ੁਸ਼ੀ ਨਾਲ ਭੇਟਾ ਕਰ ਰਹੇ ਹਨ। ਜਿਨ੍ਹਾਂ ਪਾਸ ਅਨਾਜ ਹੈ, ਉਹ ਜਥਿਆਂ ਦੇ ਲੰਗਰ ਲਈ ਲਿਆ ਰਹੇ ਹਨ। ਅਜੇ ਲੋਕੀਂ ਇਨ੍ਹਾਂ ਜ਼ਾਲਮਾਂ ਦੇ ਜ਼ੁਲਮਾਂ ਤੋਂ ਡਰਦੇ ਹੋਏ ਖੁੱਲ੍ਹ ਕੇ ਅੱਗੇ ਨਹੀਂ ਆ ਰਹੇ, ਪਰ ਹੌਲੀ ਹੌਲੀ ਇਹ ਝਾਕਾ ਵੀ ਉਤਰ ਜਾਏਗਾ।"

"ਵਜ਼ੀਰ ਖ਼ਾਂ ਨੂੰ ਵੀ ਪਤਾ ਲੱਗ ਗਿਆ ਹੋਵੇਗਾ ਕਿ ਹੁਣ ਖ਼ਾਲਸੇ ਨਾਲ ਜੰਗ ਦੇ ਮੈਦਾਨ ਵਿਚ ਦੋ ਹੱਥ ਕਰਨੇ ਹੀ ਪੈਣਗੇ," ਨਿਸ਼ਾਨ ਸਿੰਘ ਨੇ ਪੁੱਛਿਆ।

"ਕਿਉਂ ਨਹੀਂ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਸਾਡੇ ਵੱਲੋਂ ਉਹਨੂੰ ਅੰਤਮ ਚਿਤਾਵਨੀ ਦੇ ਦਿੱਤੀ ਗਈ ਏ। ਉਹ ਤਾਂ ਸਾਡੇ ਨਾਲ ਸਮਝੌਤਾ ਕਰਨ ਲਈ ਵੀ ਤਿਆਰ ਏ ਪਰ ਅਸੀਂ ਹੁਣ ਉਹਦੀਆਂ ਚਾਲਾਂ ਵਿਚ ਨਹੀਂ ਆਉਣ ਵਾਲੇ। ਉਹਨੇ 7 ਤੇ 9 ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੂੰ ਜਿਸ ਤਰ੍ਹਾਂ ਸ਼ਹੀਦ ਕੀਤਾ ਏ, ਉਹਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਉਹ ਤਾਂ ਇਥੋਂ ਤਕ ਵੀ ਕਮੀਨਾ ਨਿਕਲਿਆ ਏ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰਨ ਲਈ ਵੱਡੀਆਂ ਰਕਮਾਂ ਦੇ ਕੇ ਦੋ ਪਠਾਣ ਉਹਨੇ ਦੱਖਣ ਵੱਲ ਵੀ ਭੇਜੇ ਸਨ। ਮਾਤਾ ਗੁਜਰੀ ਨੂੰ ਜਿਸ ਤਰ੍ਹਾਂ ਠੰਡੇ ਬੁਰਜ ਤੋਂ ਸੁੱਟ ਕੇ ਸ਼ਹੀਦ ਕੀਤਾ, ਉਹਦੀ ਸਜ਼ਾ ਉਹਨੂੰ ਅਵੱਸ਼ ਦਿਆਂਗੇ।"

"ਫ਼ੌਜ ਤਾਂ ਉਸ ਪਾਸ ਵੀ ਬਹੁਤ ਏ," ਨਿਸ਼ਾਨ ਸਿੰਘ ਨੇ ਕਿਹਾ, "ਉਹ ਆਸੇ ਪਾਸੇ ਦੀਆਂ ਰਿਆਸਤਾਂ ਤੇ ਕਿਲ੍ਹੇਦਾਰਾਂ ਤੋਂ ਵੀ ਫ਼ੌਜ ਇਕੱਠੀ ਕਰੇਗਾ। ਉਹ ਦਿੱਲੀ ਤੋਂ ਵੀ ਮੁਗ਼ਲ

ਫ਼ੌਜ ਸੱਦ ਲਵੇਗਾ। ਸਾਨੂੰ ਉਹਨੂੰ ਫ਼ੌਜੀ ਤਾਕਤ ਇਕੱਠੀ ਕਰਨ ਦਾ ਅਵਸਰ ਨਹੀਂ ਸੀ ਦੇਣਾ ਚਾਹੀਦਾ।"

"ਸਿਖ ਪਰੰਪਰਾਵਾਂ ਅਨੁਸਾਰ ਹੀ ਅਸੀਂ ਲੜਨਾ ਏ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਅਸੀਂ ਛੁਪ ਕੇ ਦੁਸ਼ਮਣ 'ਤੇ ਵਾਰ ਨਹੀਂ ਕਰਨਾ। ਲਲਕਾਰ ਕੇ ਸਾਹਮਣੇ ਮੈਦਾਨ ਵਿਚ ਟੱਕਰ ਲੈਣੀ ਏ। ਗੁਰੂ ਜੀ ਦਾ ਹੁਕਮ ਏ ਕਿ ਨਿਹੱਥੇ ਦੁਸ਼ਮਣ 'ਤੇ ਵਾਰ ਨਹੀਂ ਕਰਨਾ। ਭੱਜੇ ਜਾਂਦੇ 'ਤੇ ਕੰਡ ਪਿੱਛੇ ਵਾਰ ਨਹੀਂ ਕਰਨਾ। ਜੇ ਲੜਦੇ ਦੁਸ਼ਮਣ ਦੀ ਤਲਵਾਰ ਟੁੱਟ ਜਾਏ ਤਾਂ ਸਾਡੇ ਜਰਨੈਲ ਬੰਦਾ ਸਿੰਘ ਬਹਾਦਰ ਦਾ ਹੁਕਮ ਏ ਕਿ ਉਸ 'ਤੇ ਵਾਰ ਨਹੀਂ ਕਰਨਾ, ਜਦ ਤਕ ਕਿ ਉਹ ਦੂਜੀ ਤਲਵਾਰ ਨਹੀਂ ਫੜ ਲੈਂਦਾ। ਲੜਾਈ ਦਾ ਸਵਾਦ ਵੀ ਇਸੇ ਵਿਚ ਹੈ ਕਿ ਉਹ ਪੂਰੀ ਤਿਆਰੀ ਨਾਲ ਟਾਕਰੇ 'ਤੇ ਆਏ ਤੇ ਅਸੀਂ ਵੀ ਪੂਰੀ ਤਿਆਰੀ ਨਾਲ ਦੋ ਦੋ ਹੱਥ ਕਰੀਏ।"

ਛੱਤ ਬਨੂੜ ਵਿਚ ਹਰ ਅੱਧੇ ਘੰਟੇ ਪਿੱਛੋਂ ਕਿਸੇ ਨਾ ਕਿਸੇ ਪਿੰਡ ਦਾ ਜਥਾ ਆ ਰਿਹਾ ਸੀ। ਉਹਨੂੰ 'ਜੀ ਆਇਆਂ' ਆਖ ਕੇ ਉਸ ਇਲਾਕੇ ਦੇ ਜਥਿਆਂ ਨਾਲ ਟਿਕਾਣਾ ਦਿੱਤਾ ਜਾ ਰਿਹਾ ਸੀ। ਇਕ ਵਿਸ਼ੇਸ਼ ਜਥਾ ਹਰ ਨਵੇਂ ਆਉਣ ਵਾਲਿਆਂ ਦੀ ਪਰਖ ਪੜਤਾਲ ਕਰਦਾ ਤੇ ਉਨ੍ਹਾਂ ਦੇ ਨਾਮ ਤੇ ਪਤੇ ਲਿਖੇ ਜਾਂਦੇ। ਫਿਰ ਉਸ ਇਲਾਕੇ ਦੇ ਸਿੰਘਾਂ ਤੇ ਖ਼ਾਸ ਕਰਕੇ ਜਥੇਦਾਰਾਂ ਨੂੰ ਸੌਂਪ ਦਿੱਤੇ ਜਾਂਦੇ ਤਾਕਿ ਉਹ ਤਸੱਲੀ ਕਰ ਲੈਣ ਕਿ ਇਹ ਨਵਾਬ ਵਜ਼ੀਰ ਖ਼ਾਂ ਵੱਲੋਂ ਆਏ ਸੂਹੀਏ ਤਾਂ ਨਹੀਂ। ਵਜ਼ੀਰ ਖ਼ਾਂ ਇਸ ਤਰ੍ਹਾਂ ਦੇ ਸੂਹੀਏ ਕਈ ਵਾਰ ਭੇਜ ਚੁੱਕਿਆ ਸੀ, ਜੋ ਸਿਖ ਸੰਘਰਸ਼ ਦੇ ਹਮਦਰਦ ਦੱਸ ਕੇ ਅੰਦਰ ਸਫ਼ਾਂ ਵਿਚ ਵੜਨਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਤੁਰਤ ਪਛਾਣ ਲਿਆ ਗਿਆ ਤੇ ਜਦ ਉਨ੍ਹਾਂ ਨੂੰ ਜ਼ਰਾ ਕੁ ਵੀ ਰਗੜਾ ਚੜ੍ਹਿਆ ਤਾਂ ਉਹ ਮੰਨ ਗਏ ਕਿ ਨਵਾਬ ਵਜ਼ੀਰ ਖ਼ਾਂ ਦੇ ਭੇਜੇ ਹੋਏ ਹਨ।

ਜਦ ਛੱਤ ਬਨੂੜ ਵਿਚ ਸਿੰਘਾਂ, ਹਿੰਦੂਆਂ ਤੇ ਮੁਸਲਮਾਨਾਂ ਦਾ ਇਕੱਠ 50 ਹਜ਼ਾਰ ਹੋ ਗਿਆ ਤਾਂ ਬੰਦਾ ਸਿੰਘ ਬਹਾਦਰ ਨੇ ਸਾਰੇ ਜਥਿਆਂ ਦੇ ਜਥੇਦਾਰਾਂ ਦੀ ਵਿਸ਼ੇਸ਼ ਇਕੱਤਰਤਾ ਬੁਲਾਈ ਤੇ ਉਸ ਵਿਚ ਫ਼ੈਸਲਾ ਕੀਤਾ ਗਿਆ ਕਿ ਮਈ ਮਹੀਨਾ ਸ਼ੁਰੂ ਹੋ ਗਿਆ ਹੈ, ਇਸ ਲਈ ਹੁਣ ਸਰਹੰਦ 'ਤੇ ਹਮਲਾ ਕਰ ਦੇਣਾ ਚਾਹੀਦਾ ਹੈ। ਇਕ ਤਾਂ ਗਰਮੀਆਂ ਦੇ ਮੌਸਮ ਕਾਰਨ ਰਾਤ ਨੂੰ ਆਰਾਮ ਦੀ ਕੋਈ ਸਮੱਸਿਆ ਨਹੀਂ ਹੁੰਦੀ। ਮਨੁੱਖ ਰੜੇ 'ਤੇ ਪਿਆ ਵੀ ਗੁਜ਼ਾਰਾ ਕਰ ਸਕਦਾ ਏ। ਅੱਗੋਂ ਫਿਰ ਬਰਸਾਤ ਦਾ ਮੌਸਮ ਸ਼ੁਰੂ ਹੋ ਜਾਂਦਾ ਏ। ਲੋਕ ਵਾਢੀਆਂ ਤੋਂ ਵਿਹਲੇ ਹੋ ਗਏ ਹਨ।

12 ਮਈ 1710 ਈਸਵੀ ਨੂੰ ਅੰਮ੍ਰਿਤ ਵੇਲੇ ਅਰਦਾਸ ਕਰ ਕੇ ਸਰਹੰਦ 'ਤੇ ਚੜ੍ਹਾਈ ਦਾ ਬਿਗਲ ਵਜਾ ਦਿੱਤਾ ਗਿਆ। ਨਗਾਰੇ 'ਤੇ ਚੋਟ ਲੱਗਦਿਆਂ ਜਥਿਆਂ ਨੇ ਉਸ ਤਰਤੀਬ ਨਾਲ ਮਾਰਚ ਸ਼ੁਰੂ ਕਰ ਦਿੱਤਾ, ਜਿਹੜੀ ਰਾਤ ਨਿਸਚਿਤ ਕੀਤੀ ਗਈ ਸੀ। ਇਹ ਵੀ ਚੜ੍ਹਾਈ ਤੋਂ ਪਹਿਲਾਂ ਆਈਆਂ ਸੂਚਨਾਵਾਂ ਅਨੁਸਾਰ ਪਤਾ ਸੀ ਕਿ ਨਵਾਬ ਸਰਹੰਦ ਨੇ 10-11 ਮੀਲ ਅੱਗੇ ਆ ਕੇ ਖ਼ਾਲਸਾ ਫ਼ੌਜ ਨੂੰ ਰੋਕਣ ਦਾ ਪ੍ਰਬੰਧ ਕਰ ਲਿਆ ਹੈ, ਇਸ ਲਈ ਨਿਸਚਿਤ ਹੀ ਸੀ ਕਿ ਛੱਤ ਬਨੂੜ ਤੇ ਸਰਹੰਦ ਦੇ ਵਿਚਕਾਰ ਹੀ ਕਿਧਰੇ ਜੰਗ ਦਾ ਮੈਦਾਨ ਬਣੇਗਾ। ਸਾਰੀ ਵਿਉਂਤ ਇਸ ਢੰਗ ਦੀ ਬਣਾਈ ਗਈ ਕਿ ਨਵਾਬ ਦੀ ਫ਼ੌਜ ਨੂੰ ਤਿੰਨ ਪਾਸਿਆਂ ਤੋਂ ਜੰਗ ਵਿਚ ਉਲਝਾਇਆ ਜਾਏ ਤੇ ਲੜਾਈ ਆਹਮੋ-ਸਾਹਮਣੇ ਤੇ ਤਲਵਾਰ ਤੇ ਨੇਜ਼ੇ ਦੀ ਵਧੇਰੇ ਹੋਵੇ।

ਚਪੜ ਚਿੜੀ ਦੇ ਮੈਦਾਨ ਵਿਚ ਦੋਵੇਂ ਪਾਸੇ ਦੀਆਂ ਫ਼ੌਜਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਨਵਾਬ ਸਰਹੰਦ ਦੀਆਂ ਫ਼ੌਜਾਂ ਗਿਣਤੀ ਤੇ ਹਥਿਆਰਾਂ ਪੱਖੋਂ ਵਧੇਰੇ ਸ਼ਕਤੀਸ਼ਾਲੀ

ਜਾਪਦੀਆਂ ਸਨ। ਉਨ੍ਹਾਂ ਪਾਸ ਅਨੇਕਾਂ ਨਵੀਨ ਹਥਿਆਰ ਸਨ, ਜਿਨ੍ਹਾਂ ਦਾ ਉਨ੍ਹਾਂ ਨੂੰ ਮਾਣ ਸੀ। ਉਨ੍ਹਾਂ ਪਾਸ ਤੋਪਖ਼ਾਨਾ ਵੀ ਸੀ, ਭਾਵੇਂ ਉਹ ਛੋਟੀਆਂ ਤੋਪਾਂ ਹੀ ਸਨ। ਉਨ੍ਹਾਂ ਦੀ ਫ਼ੌਜ ਪਾਸ ਹਾਥੀ ਵੀ ਸਨ, ਜੋ ਜੰਗ ਦੇ ਮੈਦਾਨ ਵਿਚ ਫ਼ੌਜਾਂ ਨੂੰ ਲਿਤਾੜ ਕੇ ਵੱਡੀ ਤਬਾਹੀ ਕਰ ਸਕਦੇ ਸਨ। ਉਨ੍ਹਾਂ ਨੂੰ ਇਹ ਵੀ ਯਕੀਨ ਸੀ ਕਿ ਸਰਹੰਦ ਦੇ ਆਸ ਪਾਸ ਦੇ 22 ਪਰਗਣੇ ਉਨ੍ਹਾਂ ਦੀ ਮਦਦ 'ਤੇ ਆ ਕੇ ਉਨ੍ਹਾਂ ਦੀ ਜਿੱਤ ਕਰਵਾ ਦੇਣਗੇ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਨੂੰ ਯਕੀਨ ਸੀ ਕਿ ਜਿੱਤ ਅਵੱਸ਼ ਉਨ੍ਹਾਂ ਦੀ ਹੋਵੇਗੀ। ਜ਼ੁਲਮ ਨਾਲ ਟੱਕਰ ਵਿਚ ਅਖ਼ੀਰ ਜਿੱਤ ਤਾਂ ਮਾਨਵਤਾ ਦੀ ਹੁੰਦੀ ਹੈ, ਸੱਚਾਈ ਦੀ ਹੁੰਦੀ ਹੈ। ਜ਼ਾਲਮ ਸ਼ੁਰੂ ਵਿਚ ਭਾਵੇਂ ਜਿੱਤਦਾ ਦਿਸੇ, ਪਰ ਅਖ਼ੀਰ ਉਹ ਹਾਰਦਾ ਹੈ। ਲੋਕਾਂ 'ਤੇ ਜ਼ੁਲਮ ਕਰਨ ਵਾਲਾ ਹਾਕਮ ਭਾਵੇਂ ਹਜ਼ਾਰਾਂ ਬੇਗੁਨਾਹਾਂ ਦੇ ਖ਼ੂਨ ਨਾਲ ਹੱਥ ਰੰਗੀ ਜਾਵੇ ਪਰ ਇਕ ਦਿਨ ਸ਼ਹੀਦਾਂ ਦਾ ਖ਼ੂਨ ਲੋਕ-ਜੀਵਨ ਵਿਚ ਇਤਨਾ ਸਾਹਸ ਭਰ ਦਿੰਦਾ ਹੈ ਕਿ ਉਹ ਜ਼ੁਲਮ ਨੂੰ ਠੱਲ੍ਹ ਪਾਣ ਵਿਚ ਸਫਲ ਹੋ ਜਾਂਦੇ ਹਨ। ਉਨ੍ਹਾਂ ਨੂੰ ਇਹ ਵੀ ਭਰੋਸਾ ਸੀ ਕਿ ਨਵਾਬ ਦੀ ਤਨਖ਼ਾਹਦਾਰ ਫ਼ੌਜ ਆਪਣੀ ਤਨਖ਼ਾਹ ਲਈ ਲੜ ਰਹੀ ਏ ਤੇ ਅਜਿਹੀ ਫ਼ੌਜ ਬੇਗ਼ਰਜ਼ ਤੇ ਬਿਨਾਂ ਤਨਖ਼ਾਹ ਦੇ ਕੁਰਬਾਨੀ ਲਈ ਨਿੱਤਰੇ ਲੋਕਾਂ ਦਾ ਟਾਕਰਾ ਨਹੀਂ ਕਰ ਸਕਦੀ। ਸਰਹੰਦ ਦੀ ਫ਼ੌਜ ਮਜਬੂਰੀ ਵਿਚ ਲੜ ਰਹੀ ਏ ਤੇ ਇਧਰ ਸਵੈ-ਇੱਛਾ ਨਾਲ ਨਿੱਤਰੇ ਮਰਜੀਵੜੇ ਹਨ।

ਸਵੇਰੇ ਦੀ ਲੜਾਈ ਸ਼ੁਰੂ ਹੋਈ ਤੇ ਦਿਨ ਡੁੱਬਣ ਤਕ ਜਾਰੀ ਰਹੀ। ਤਲਵਾਰਾਂ ਖੜਕਦੀਆਂ ਰਹੀਆਂ, ਤੀਰ ਚੱਲਦੇ ਰਹੇ, ਨੇਜ਼ੇ ਮਨੁੱਖੀ ਛਾਤੀਆਂ ਵਿੰਨ੍ਹਦੇ ਰਹੇ। ਕੁਝ ਬੰਦੂਕਾਂ ਮਨੁੱਖੀ ਜਾਨਾਂ ਲੈਂਦੀਆਂ ਰਹੀਆਂ। ਦੋਹਾਂ ਪਾਸਿਆਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਨਵਾਬ ਦੀ ਫ਼ੌਜ ਨੂੰ ਇਤਨੇ ਸਖ਼ਤ ਮੁਕਾਬਲੇ ਦੀ ਆਸ ਨਹੀਂ ਸੀ। ਸਿੰਘ ਵੀ ਅੱਗੇ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਮਾੜੇ ਮੋਟੇ ਟਾਕਰੇ ਪਿੱਛੋਂ ਜਿੱਤਾਂ ਪ੍ਰਾਪਤ ਕਰਦੇ ਆ ਰਹੇ ਸਨ। ਸਿੰਘਾਂ ਵਿਚ ਅਥਾਹ ਜੋਸ਼, ਗੁੱਸਾ ਤੇ ਨਵਾਬ ਨੂੰ ਕੀਤੇ ਦੀ ਸਜ਼ਾ ਦੇਣ ਦਾ ਜਜ਼ਬਾ ਸੀ। ਦੋਵੇਂ ਪਾਸੇ ਧਰਮ ਯੁੱਧ ਦਾ ਬਿਗਲ ਵੱਜ ਗਿਆ ਸੀ। ਨਵਾਬ ਵਜ਼ੀਰ ਖ਼ਾਂ 'ਇਸਲਾਮ ਖ਼ਤਰੇ ਵਿਚ' ਦਾ ਹੋਕਾ ਦੇ ਕੇ ਕਾਫ਼ਰਾਂ ਵਿਰੁੱਧ ਮੋਮਨਾਂ ਦੀ ਲੜਾਈ ਕਹਿ ਕੇ ਮੁਲਖ-ਮੁਲਖਈਆ ਇਕੱਠਾ ਕਰ ਲਿਆਇਆ ਸੀ ਤੇ ਇਸੇ ਲਈ 'ਅੱਲਾ ਹੂ ਅਕਬਰ' ਦੇ ਨਾਹਰੇ ਕਈ ਦਿਨਾਂ ਤੋਂ ਗੂੰਜ ਰਹੇ ਸਨ ਤੇ ਹੁਣ ਜੰਗ ਦੇ ਮੈਦਾਨ ਵਿਚ ਫ਼ੌਜਾਂ ਨੂੰ ਪਿੱਛੇ ਹਟਣ ਤੋਂ ਰੋਕਣ ਲਈ ਇਹੀ ਨਾਹਰਾ ਲੱਗ ਰਿਹਾ ਸੀ। ਦੂਜੇ ਪਾਸੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਗੂੰਜ ਰਿਹਾ ਸੀ। ਰਾਤ ਪਈ ਤਾਂ ਹਨੇਰੇ ਕਾਰਨ ਲੜਾਈ ਬੰਦ ਹੋ ਗਈ।

ਆਰਾਮ ਕਿਸ ਕਰਨਾ ਸੀ ? ਸਾਰੀ ਰਾਤ ਮੈਦਾਨਿ-ਜੰਗ ਵਿਚੋਂ ਜ਼ਖ਼ਮੀਆਂ ਨੂੰ ਚੁੱਕਦਿਆਂ ਤੇ ਉਨ੍ਹਾਂ ਦਾ ਦਵਾ-ਦਾਰੂ ਕਰਦਿਆਂ ਬੀਤ ਗਈ। ਅਤਿ ਥੱਕੇ ਹੋਏ ਹੋਣ ਦੇ ਬਾਵਜੂਦ ਸਾਰੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਵਿਚ ਜੁੱਟੇ ਰਹੇ। ਜ਼ਖ਼ਮੀਆਂ ਨੂੰ ਪਿੱਛੇ ਕੈਂਪਾਂ ਵਿਚ ਭੇਜਿਆ ਜਾਂਦਾ ਰਿਹਾ। ਉਧਰੋਂ ਦੋਵੇਂ ਪਾਸਿਉਂ ਹੋਰ ਤਾਜ਼ਾ ਜਵਾਨਾਂ ਦੀ ਮਦਦ ਵੀ ਪਹੁੰਚਦੀ ਰਹੀ। ਸਵੇਰੇ ਤੜਕਸਾਰ ਜਦ ਜੰਗ ਸ਼ੁਰੂ ਹੋਣ ਲਈ ਨਗਾਰੇ 'ਤੇ ਚੋਟ ਲੱਗੀ ਤਾਂ ਨਵਾਬ ਦੀਆਂ ਫ਼ੌਜਾਂ ਦੀ ਹੈਰਾਨੀ ਵਧ ਗਈ। ਹੁਣ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ 'ਸਤਿ ਸ੍ਰੀ ਅਕਾਲ' ਦੇ ਨਾਲ ਨਾਲ 'ਹਰਿ ਹਰਿ ਮਹਾਂਦੇਵ' ਤੇ 'ਅੱਲਾ ਹੂ ਅਕਬਰ' ਦੇ ਨਾਹਰੇ ਵੀ ਗੂੰਜ ਰਹੇ ਸਨ। ਰਾਤ ਨੂੰ ਕਈ ਮੁਸਲਮਾਨੀ ਪਿੰਡਾਂ ਦੇ ਮੁਸਲਮਾਨ ਜ਼ੁਲਮ ਵਿਰੁੱਧ ਲੜਾਈ ਵਿਚ ਸ਼ਾਮਲ ਹੋਣ ਲਈ ਪਹੁੰਚ ਗਏ ਸਨ।

ਦੂਜੇ ਦਿਨ ਵੀ ਤੀਜੇ ਪਹਿਰ ਤਕ ਘਮਸਾਨ ਦੀ ਲੜਾਈ ਚੱਲਦੀ ਰਹੀ। ਇਉਂ ਜਾਪਦਾ ਸੀ ਕਿ ਸ਼ਾਇਦ ਅੱਜ ਵੀ ਹਾਰ ਜਿੱਤ ਦਾ ਫ਼ੈਸਲਾ ਨਾ ਹੋ ਸਕੇਗਾ, ਪਰ ਅਚਾਨਕ ਨਵਾਬ

ਸਰਹੰਦ ਵਜ਼ੀਰ ਖ਼ਾਂ ਆਪਣੀ ਫ਼ੌਜ ਦੇ ਅੱਗੇ ਆ ਗਿਆ। ਉਹਨੇ ਮਹਿਸੂਸ ਕੀਤਾ ਕਿ ਉਹ ਜੇਕਰ ਅੱਗੇ ਹੋ ਕੇ ਆਪ ਨਾ ਲੜਿਆ ਤਾਂ ਉਹਦੀ ਫ਼ੌਜ ਦਿਲ ਛੱਡ ਕੇ ਹਾਰ ਜਾਏਗੀ। ਉਹਨੂੰ ਸਾਹਮਣੇ ਦੇਖ ਕੇ ਭਾਈ ਫ਼ਤਹਿ ਸਿੰਘ ਨੂੰ ਇਤਨਾ ਰੋਹ ਚੜ੍ਹਿਆ ਕਿ ਉਹ ਝੱਟ ਘੋੜਾ ਭਜਾ ਕੇ ਵਜ਼ੀਰ ਖ਼ਾਂ ਦੇ ਸਾਹਮਣੇ ਆ ਗਿਆ ਤੇ ਉਹਨੂੰ ਲਲਕਾਰਿਆ ਕਿ ਨਿਰਦੋਸ਼ ਲੋਕਾਂ ਨੂੰ ਕਿਉਂ ਮਰਵਾ ਰਿਹਾ ਏਂ ? ਆ ਆਪਾਂ ਦੋ ਦੋ ਹੱਥ ਕਰ ਲਈਏ। ਗੁੱਸੇ ਵਿਚ ਵਜ਼ੀਰ ਖ਼ਾਂ ਵੀ ਆਪਣੀ ਟੁਕੜੀ ਨੂੰ ਪਿੱਛੇ ਛੱਡਦਾ ਅੱਗੇ ਵਧਿਆ। ਉਹਨੇ ਤਲਵਾਰ ਨਾਲ ਫ਼ਤਹਿ ਸਿੰਘ 'ਤੇ ਵਾਰ ਕੀਤਾ ਜੋ ਉਹਨੇ ਢਾਲ 'ਤੇ ਰੋਕ ਲਿਆ ਤੇ ਫੁਰਤੀ ਨਾਲ ਅਜਿਹੀ ਕਿਰਪਾਨ ਮਾਰੀ ਕਿ ਵਜ਼ੀਰ ਖ਼ਾਂ ਦਾ ਸਿਰ ਧੜ ਨਾਲੋਂ ਵੱਖ ਹੋ ਗਿਆ। ਉਹਦੇ ਘੋੜੇ ਤੋਂ ਡਿੱਗਣ ਦੀ ਦੇਰ ਹੀ ਸੀ ਕਿ ਸਾਰੀ ਸਰਹੰਦ ਦੀ ਫ਼ੌਜ ਦੇ ਦਿਲ ਟੁੱਟ ਗਏ। ਉਹ ਰਾਤ ਪੈਣ ਤੋਂ ਪਹਿਲਾਂ ਪਹਿਲਾਂ ਮੈਦਾਨਿ-ਜੰਗ ਤੋਂ ਭੱਜ ਨਿਕਲੇ।

ਜੰਗ ਦਾ ਦੂਜੇ ਦਿਨ ਅੰਤ ਹੋ ਗਿਆ। ਖ਼ਾਲਸਾ ਵਿਜਈ ਹੋ ਗਿਆ ਤੇ ਸਰਹੰਦ ਦਾ ਸੂਬੇਦਾਰ ਨਵਾਬ ਵਜ਼ੀਰ ਖ਼ਾਂ ਆਪ ਵੀ ਮਾਰਿਆ ਗਿਆ ਤੇ ਉਹਦੀ ਫ਼ੌਜ ਵੀ ਹਾਰ ਗਈ। ਇਸ ਲੜਾਈ ਵਿਚ ਇਕ ਪਾਸੇ ਦੀ ਕਮਾਨ ਜਥੇਦਾਰ ਕਰਮ ਸਿੰਘ ਦੇ ਹੱਥ ਵਿਚ ਸੀ ਤੇ ਦੁਆਬੇ ਤੋਂ ਆਏ ਸਾਰੇ ਜਥੇ ਉਸ ਨਾਲ ਸਨ। ਦੂਜੀ ਰਾਤ ਵੀ ਜਥੇਦਾਰ ਕਰਮ ਸਿੰਘ ਨਾ ਸੌਂ ਸਕਿਆ। ਸਾਰੀ ਰਾਤ ਜ਼ਖ਼ਮੀਆਂ ਨੂੰ ਸੰਭਾਲਦਾ ਰਿਹਾ ਤੇ ਵਿਚੋਂ ਕੁਝ ਸਮਾਂ ਬੰਦਾ ਸਿੰਘ ਬਹਾਦਰ ਦੀ ਬੁਲਾਈ ਮੁਖੀਆਂ ਦੀ ਇਕੱਤਰਤਾ ਵਿਚ ਵੀ ਸ਼ਾਮਲ ਹੋਇਆ।

ਲਾਹੌਰ ਤੋਂ ਦਿੱਲੀ ਵਿਚਕਾਰ ਸਭ ਤੋਂ ਤਾਕਤਵਰ ਸੂਬਾ ਸਰਹੰਦ ਸੀ। ਇਕ ਤਾਂ 28 ਪਰਗਣੇ ਇਸ ਰਾਜ ਦਾ ਖੇਤਰ ਸੀ ਤੇ ਇਥੋਂ ਹਕੂਮਤ ਨੂੰ 36 ਲੱਖ ਰੁਪਏ ਸਾਲਾਨਾ ਦੀ ਆਮਦਨ ਹੁੰਦੀ ਸੀ। ਰਾਜਨੀਤਕ ਤੌਰ 'ਤੇ ਜਮਨਾ ਤੇ ਸਤਲੁਜ ਦੇ ਵਿਚਕਾਰ ਸਰਹੰਦ ਹੀ ਅਸਲ ਤਾਕਤਵਰ ਸੂਬਾ ਸੀ। ਇਸ 'ਤੇ ਸਿੰਘਾਂ ਦਾ ਕਬਜ਼ਾ ਹੋ ਜਾਣ ਪਿੱਛੋਂ ਸਾਰੇ ਦੇਸ਼ ਵਿਚ ਇਹ ਗੱਲ ਧੁੰਮ ਗਈ ਕਿ ਹੁਣ ਮੁਗ਼ਲ ਰਾਜ ਦੀ ਥਾਂ ਨਵੇਂ ਰਾਜ ਦਾ ਮੁੱਢ ਬੱਝ ਗਿਆ ਹੈ। ਮੁਗ਼ਲ ਰਾਜ ਨੂੰ ਪੁੱਟਣ ਲਈ ਸਿਖ ਦੇਸ਼ ਵਿਚ ਵੱਡੀ ਰਾਜਸੀ ਤਾਕਤ ਬਣ ਰਹੇ ਹਨ।

ਬੰਦਾ ਸਿੰਘ ਬਹਾਦਰ ਦਾ ਵੱਡਾ ਦਰਬਾਰ ਲੱਗਾ, ਜਿਸ ਵਿਚ ਪੰਥਕ ਨੇਤਾਵਾਂ ਦੇ ਕੀਤੇ ਫ਼ੈਸਲਿਆਂ ਅਨੁਸਾਰ ਭਾਈ ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ, ਭਾਈ ਆਲੀ ਸਿੰਘ ਨੂੰ ਨਾਇਬ ਸੂਬੇਦਾਰ ਬਣਾ ਦਿੱਤਾ ਗਿਆ। ਜਿਉਂ ਜਿਉਂ ਬੰਦਾ ਸਿੰਘ ਬਹਾਦਰ ਇਨ੍ਹਾਂ ਨਿਯੁਕਤੀਆਂ ਦਾ ਐਲਾਨ ਕਰਦਾ, ਤਿਉਂ ਤਿਉਂ ਜੈਕਾਰਿਆਂ ਦੀ ਗੂੰਜ ਵਿਚ ਭਾਰੀ ਗਿਣਤੀ ਵਿਚ ਇਕੱਠੇ ਹੋਏ ਲੋਕ ਇਨ੍ਹਾਂ ਨਿਯੁਕਤੀਆਂ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ। ਬੰਦਾ ਸਿੰਘ ਬਹਾਦਰ ਨੇ ਭਾਸ਼ਨ ਦਿੰਦਿਆਂ ਕਿਹਾ, "ਅਸੀਂ ਕਿਸੇ ਵਰਗ ਜਾਂ ਧਰਮ ਦੇ ਵਿਰੁੱਧ ਨਹੀਂ। ਜ਼ੁਲਮ, ਅੱਤਿਆਚਾਰ ਤੇ ਬੇਇਨਸਾਫ਼ੀ ਕਰਨ ਵਾਲਿਆਂ ਦੇ ਵਿਰੁੱਧ ਹਾਂ ਤੇ ਉਨ੍ਹਾਂ ਨੂੰ ਕਿਸੇ ਕੀਮਤ 'ਤੇ ਵੀ ਮਾਫ਼ ਨਹੀਂ ਕਰ ਸਕਦੇ। ਵਜ਼ੀਰ ਖ਼ਾਂ ਆਪਣੀ ਗ਼ਲਤ ਨੀਤੀ ਤੇ ਹੰਕਾਰ ਕਾਰਨ ਮਾਰਿਆ ਗਿਆ ਹੈ। ਉਹ ਭਾਵੇਂ ਇਸਲਾਮ ਦੇ ਨਾਮ 'ਤੇ ਗ਼ਲਤ ਨਾਹਰੇ ਮਾਰ ਕੇ ਜਨ-ਸਾਧਾਰਨ ਨੂੰ ਭੜਕਾਂਦਾ ਰਿਹਾ ਹੈ ਪਰ ਅਸੀਂ ਸਾਬਤ ਕਰਾਂਗੇ ਕਿ ਹੁਣ ਇਸ ਨਵੇਂ ਰਾਜ ਵਿਚ ਕਿਸੇ ਨੂੰ ਖ਼ਤਰਾ ਨਹੀਂ, ਕਿਸੇ ਨਾਲ ਵਿਤਕਰਾ ਨਹੀਂ ਹੋਵੇਗਾ। ਹਰ ਕਿਸੇ ਨੂੰ ਆਪਣੇ ਵਿਸ਼ਵਾਸ ਤੇ ਧਰਮ ਅਨੁਸਾਰ ਜੀਵਨ ਜੀਊਣ ਦੀ ਆਜ਼ਾਦੀ ਹੋਵੇਗੀ। ਇਹ ਰਾਜ ਮੇਰਾ ਜਾਂ ਕਿਸੇ ਹੋਰ ਪ੍ਰਬੰਧਕ ਦਾ ਨਿੱਜੀ ਤੇ ਖ਼ਾਨਦਾਨੀ ਨਹੀਂ। ਇਹ ਲੋਕਾਂ ਦਾ ਰਾਜ ਹੋਵੇਗਾ ਤੇ ਲੋਕ-ਹਿੱਤਾਂ ਲਈ ਕੰਮ ਕਰਨ ਵਾਲੇ ਹੀ ਇਸ ਰਾਜ ਦੇ ਮੁਖ ਸੇਵਾਦਾਰ ਹੋਣਗੇ। ਸਰਹੰਦ ਵਿਚ ਜੋ ਤਬਾਹੀ ਹੋਈ ਏ, ਉਸ ਦਾ ਸਾਨੂੰ ਦੁੱਖ ਹੈ, ਪਰ ਸਾਡੇ ਪਾਸ ਹੋਰ

ਕੋਈ ਚਾਰਾ ਵੀ ਨਹੀਂ ਸੀ। ਉਹ ਲੋਕ ਜਿਨ੍ਹਾਂ ਦੇ ਹੱਥ ਨਿਰਦੋਸ਼ਾਂ ਦੇ ਖ਼ੂਨ ਨਾਲ ਰੰਗੇ ਹੋਏ ਸਨ, ਉਹ ਅਖ਼ੀਰ ਤਕ ਯਤਨ ਕਰਦੇ ਰਹੇ ਕਿ ਅਸੀਂ ਸਰਹੰਦ ਵਿਚ ਦਾਖ਼ਲ ਨਾ ਹੋਈਏ। ਕੁਝ ਲੋਕਾਂ ਨੇ ਲੁੱਟ-ਮਾਰ ਵੀ ਕੀਤੀ ਹੈ, ਸਾਡੇ ਪਾਸ ਸੂਚਨਾਵਾਂ ਪਹੁੰਚੀਆਂ ਹਨ ਪਰ ਅਸੀਂ ਉਨ੍ਹਾਂ ਦਾ ਪਤਾ ਲਾ ਕੇ ਲੋਕਾਂ ਦਾ ਮਾਲ ਵਾਪਸ ਕਰਾਵਾਂਗੇ। ਸਾਡੀ ਫ਼ੌਜ ਨੂੰ ਸਖ਼ਤ ਆਦੇਸ਼ ਸੀ ਕਿ ਕਿਸੇ ਨੇ ਲੁੱਟ-ਮਾਰ ਨਹੀਂ ਕਰਨੀ ਤੇ ਨਾ ਹੀ ਕਿਸੇ ਧੀ ਭੈਣ ਦੀ ਇੱਜ਼ਤ 'ਤੇ ਹੱਥ ਪਾਣਾ ਹੈ। ਕੁਝ ਲੁੱਟ-ਮਾਰ ਕਰਨ ਦੀ ਨੀਅਤ ਨਾਲ ਆ ਵੜੇ ਲੋਕਾਂ ਨੇ ਸ਼ਰਾਰਤ ਕੀਤੀ ਹੈ ਪਰ ਅਸੀਂ ਉਨ੍ਹਾਂ ਕਮੀਨਿਆਂ ਦੀ ਪਛਾਣ ਛੇਤੀ ਕਰ ਲਵਾਂਗੇ।"

ਇਸ ਪਿੱਛੋਂ ਬਾਜ਼ ਸਿੰਘ ਤੇ ਆਲੀ ਸਿੰਘ ਨੇ ਵੀ ਆਪਣੇ ਭਾਸ਼ਨ ਦਿੱਤੇ। ਉਨ੍ਹਾਂ ਸਾਫ਼ ਕਿਹਾ ਕਿ ਇਹ ਰਾਜ ਸਾਡਾ ਨਹੀਂ, ਪੰਥ ਖ਼ਾਲਸੇ ਦਾ ਹੈ। ਇਸੇ ਲਈ ਫ਼ੈਸਲਾ ਕੀਤਾ ਗਿਆ ਕਿ ਇਸ ਰਾਜ ਵਿਚ ਜੋ ਨਵਾਂ ਸਿੱਕਾ ਚਾਲੂ ਕੀਤਾ ਜਾ ਰਿਹਾ ਹੈ, ਉਹ ਨਾਨਕ ਸ਼ਾਹੀ ਸਿੱਕਾ ਹੋਏਗਾ। ਪਹਿਲੀ ਵਾਰ ਦੋ ਸਦੀਆਂ ਪਿੱਛੋਂ ਮੁਗ਼ਲਈ ਸਿੱਕਾ ਇਥੇ ਖ਼ਤਮ ਕੀਤਾ ਜਾ ਰਿਹਾ ਹੈ। ਜੋ ਸਾਡੀ ਸਰਕਾਰੀ ਮੋਹਰ ਹੋਵੇਗੀ, ਉਸ ਉਪਰ ਵੀ ਇਹ ਸ਼ਬਦ ਉਕਰੇ ਹੋਣਗੇ— 'ਦੇਗੋ ਤੇਗੋ ਫ਼ਤਹ ਵ ਨੁਸਰਤ ਬੇਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'।

ਰਾਜ ਪ੍ਰਬੰਧ ਸਿੰਘਾਂ ਦੇ ਹੱਥ ਆਉਣ 'ਤੇ ਉਨ੍ਹਾਂ ਦਾ ਸਾਰੇ ਹਿੰਦੂਆਂ ਮੁਸਲਮਾਨਾਂ ਦਾ ਵਿਸ਼ਵਾਸ ਪ੍ਰਾਪਤ ਕਰ ਲੈਣ ਨਾਲ ਦੇਸ਼ ਵਿਚ ਨਵੀਂ ਰਾਜਸੀ ਜਾਗਰਤੀ ਤੇ ਉਤਸ਼ਾਹ ਵੱਧ ਗਿਆ। ਸਿੰਘਾਂ ਨਾਲ ਮਿਲ ਕੇ ਜ਼ਾਲਮ ਰਾਜ ਦੇ ਖ਼ਾਤਮੇ ਲਈ ਕੰਮ ਕਰਨ ਵਾਲੇ ਸਾਰੇ ਹਿੰਦੂਆਂ ਤੇ ਮੁਸਲਮਾਨਾਂ ਦਾ ਸਨਮਾਨ ਕੀਤਾ ਗਿਆ ਤੇ ਰਾਜ ਪ੍ਰਬੰਧ ਵਿਚ ਉਨ੍ਹਾਂ ਦੀਆਂ ਵੀ ਨਿਯੁਕਤੀਆਂ ਕੀਤੀਆਂ ਗਈਆਂ। ਫਿਰ ਸਿੰਘਾਂ ਦੇ ਜਥਿਆਂ ਨੂੰ ਵਾਰੀ ਵਾਰੀ ਸਨਮਾਨਤ ਕੀਤਾ ਗਿਆ। ਜਦ ਜਥੇਦਾਰ ਕਰਮ ਸਿੰਘ ਦਾ ਸਨਮਾਨ ਹੋਣ ਲੱਗਾ ਤਾਂ ਬੰਦਾ ਸਿੰਘ ਬਹਾਦਰ ਨੇ ਕਿਹਾ ਕਿ ਇਹ ਜਥੇਦਾਰ ਮੈਨੂੰ ਸਭ ਤੋਂ ਪਹਿਲਾਂ ਦਿੱਲੀ ਦੇ ਬਾਹਰਵਾਰ ਆ ਕੇ ਮਿਲਣ ਵਾਲਿਆਂ 'ਚੋਂ ਸੀ। ਇਨ੍ਹਾਂ ਦੀ ਸਾਂਝ ਗੁਰੂ-ਪਰਵਾਰ ਨਾਲ ਅਧਿਕ ਹੈ। ਇਹ ਮਾਤਾ ਗੁਜਰੀ ਜੀ ਦੇ ਭਤੀਜੇ ਲੱਗਦੇ ਹਨ। ਇਨ੍ਹਾਂ ਸਤਿਗੁਰੂ ਸੱਚੇ ਪਾਤਿਸ਼ਾਹ, ਕਲਗੀਆਂ ਵਾਲੇ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਇਨ੍ਹਾਂ ਨੂੰ ਪਾਤਿਸ਼ਾਹ ਨੇ ਆਪ ਦੁਆਬੇ ਵਿਚ ਸਿੱਖ ਲਹਿਰ ਦੀ ਸੇਵਾ ਸੌਂਪੀ ਸੀ ਤੇ ਅਸੀਂ ਵੀ ਇਨ੍ਹਾਂ ਨੂੰ ਉਸੇ ਸੇਵਾ ਲਈ ਬੇਨਤੀ ਕਰ ਰਹੇ ਹਾਂ। ਸਤਲੁਜ ਤੇ ਬਿਆਸਾ ਦਰਿਆ ਵਿਚਕਾਰਲਾ ਇਲਾਕਾ ਸਾਡੇ ਸੰਘਰਸ਼ ਲਈ ਮਹੱਤਵਪੂਰਨ ਹੈ। ਅਸੀਂ ਇਨ੍ਹਾਂ ਨੂੰ ਉਸ ਲਈ ਤਿਆਰੀ ਕਰਨ ਨੂੰ ਕਿਹਾ ਹੈ ਤਾਂਕਿ ਖ਼ਾਲਸੇ ਦੀ ਇਹ ਚੜ੍ਹਤ ਮਾਝੇ ਤੋਂ ਅੱਗੇ ਬਾਰ ਇਲਾਕੇ ਤਕ ਪਹੁੰਚ ਜਾਏ।

ਬੰਦਾ ਸਿੰਘ ਬਹਾਦਰ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਕਿਸੇ ਥਾਂ ਰਾਜ ਭਾਗ ਮਾਣਨ ਲਈ ਟਿਕ ਕੇ ਨਹੀਂ ਬੈਠ ਸਕਦਾ। ਉਹਦਾ ਕੰਮ ਰਾਜ ਕਰਨਾ ਨਹੀਂ, ਦੁਸ਼ਟਾਂ ਦੀ ਸੁਧਾਈ ਕਰਨਾ ਹੈ। ਇਸ ਲਈ ਉਹ ਆਪਣਾ ਮੁੱਖ ਕੇਂਦਰ ਤਾਂ ਸਢੌਰੇ ਦੇ ਕਿਲ੍ਹੇ ਵਿਚ ਰੱਖੇਗਾ, ਜਿਸ ਕਿਲ੍ਹੇ ਦਾ ਨਾਮ ਮੁਖ਼ਲਸਗੜ੍ਹ ਤੋਂ ਲੋਹਗੜ੍ਹ ਰੱਖ ਲਿਆ ਸੀ। ਸਰਹੰਦ ਦਾ ਰਾਜ-ਭਾਗ ਸੁਘੜ ਹੱਥਾਂ ਵਿਚ ਸੌਂਪ ਕੇ ਆਸੇ ਪਾਸੇ ਲੋਕ-ਹਿੱਤਾਂ ਨਾਲ ਖਲਵਾੜ ਕਰਨ ਵਾਲਿਆਂ ਦੀ ਸੁਧਾਈ ਦਾ ਕਾਰਜ ਸ਼ੁਰੂ ਕਰ ਦਿੱਤਾ ਗਿਆ। ਰਾਮ ਰਾਈਏ ਮਸੰਦਾਂ ਨੇ ਭਾਈ ਬਲਾਕਾ ਸਿੰਘ ਰਾਗੀ ਦਾ ਅਪਮਾਨ ਕੀਤਾ ਸੀ, ਉਨ੍ਹਾਂ ਮਸੰਦਾਂ ਨੂੰ ਸੋਧਣ ਦਾ ਕੰਮ ਕੁਝ ਮੁਖੀਆਂ ਦੇ ਹਵਾਲੇ ਕੀਤਾ ਗਿਆ। ਇਸੇ ਤਰ੍ਹਾਂ ਸ਼ਿਕਾਇਤਾਂ ਆਈਆਂ ਕਿ ਮਲੇਰਕੋਟਲੇ ਦੇ ਨਵਾਬ ਨੇ ਕੁਝ ਸਿਖ ਪਰਵਾਰਾਂ ਨਾਲ ਵਧੀਕੀ ਕੀਤੀ ਏ ਤੇ ਇਸ ਜ਼ੁਲਮ ਨਾਲ ਸ਼ਹੀਦ ਹੋ ਗਈ ਬੀਬੀ ਅਨੂਪ ਕੌਰ ਦਾ ਸਸਕਾਰ ਵੀ ਨਹੀਂ ਕਰਨ ਦਿੱਤਾ, ਸਗੋਂ ਉਹਨੂੰ ਦਫ਼ਨਾ ਦਿੱਤਾ

ਹੈ। ਮਲੇਰਕੋਟਲੇ ਦੇ ਨਵਾਬ ਦੀਆਂ ਫ਼ੌਜਾਂ ਨਾ ਕੇਵਲ ਸਰਹੰਦ ਦੇ ਵਜ਼ੀਰ ਖ਼ਾਂ ਨਾਲ ਮਿਲ ਕੇ ਲੜੀਆਂ, ਸਗੋਂ ਇਨ੍ਹਾਂ ਸਿੰਘਾਂ ਦੇ ਮਾਝੇ ਤੇ ਦੁਆਬੇ ਤੋਂ ਆ ਰਹੇ ਜਥਿਆਂ ਦਾ ਰਾਹ ਵੀ ਰੋਕਿਆ ਸੀ। ਇਸ ਲਈ ਇਨ੍ਹਾਂ ਨੂੰ ਸੋਧਣ ਦਾ ਕੰਮ ਜਥੇਦਾਰ ਕਰਮ ਸਿੰਘ ਦੇ ਸਪੁਰਦ ਕੀਤਾ ਗਿਆ। ਨਾਲ ਹੀ ਜਥੇਦਾਰ ਕਰਮ ਸਿੰਘ ਨੂੰ ਕਹਿ ਦਿੱਤਾ ਗਿਆ ਕਿ ਕਰੜੀ ਸਜ਼ਾ ਨਹੀਂ ਦੇਣੀ, ਕਿਉਂਕਿ ਇਥੋਂ ਦੇ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਵਜ਼ੀਰ ਖ਼ਾਂ ਦੇ ਫ਼ੈਸਲੇ ਵਿਰੁੱਧ ਆਹ ਦਾ ਨਾਹਰਾ ਮਾਰਿਆ ਸੀ।

ਜਥੇਦਾਰ ਕਰਮ ਸਿੰਘ ਨੇ ਉਹ ਜਥੇ ਨਾਲ ਲੈ ਲਏ, ਜਿਨ੍ਹਾਂ ਦਾ ਮਲੇਰਕੋਟੀਏ ਨੇ ਰਾਹ ਰੋਕਿਆ ਸੀ। ਸਰਹੰਦ ਦੀ ਫ਼ਤਹਿ ਪਿੱਛੋਂ ਕਿਸ ਦਾ ਹੌਆ ਸੀ ਕਿ ਉਹ ਸਿੰਘਾਂ ਦਾ ਟਾਕਰਾ ਕਰ ਸਕੇ ? ਇਹ ਮਲੇਰਕੋਟੀਏ ਵੀ ਜਾਣਦੇ ਸਨ, ਇਸ ਲਈ ਟਾਕਰੇ ਲਈ ਬਾਹਰ ਤਾਂ ਆਏ ਪਰ ਥੋੜ੍ਹੀ ਜਿਹੀ ਝੜਪ ਪਿੱਛੋਂ ਹੀ ਉਨ੍ਹਾਂ ਹਥਿਆਰ ਸੁੱਟ ਦਿੱਤੇ। ਜਥੇਦਾਰ ਕਰਮ ਸਿੰਘ ਨੇ ਆਪਣੀ ਫ਼ੌਜ ਨੂੰ ਸੰਬੋਧਨ ਕਰਦਿਆਂ ਕਿਹਾ, "ਅਸੀਂ ਆਪਣੇ ਕਿਰਦਾਰ ਤੇ ਕਰਮ ਰਾਹੀਂ ਲੋਕਾਂ ਦਾ ਦਿਲ ਜਿੱਤਣਾ ਹੈ। ਜਿਹੜੇ ਤਲਵਾਰ ਤੇ ਹਕੂਮਤ ਦੇ ਜ਼ੋਰ ਨਾਲ ਲੋਕਾਂ ਨੂੰ ਜਿੱਤਦੇ ਹਨ, ਉਹ ਥੋੜ੍ਹ-ਚਿਰੀ ਜਿੱਤ ਹੁੰਦੀ ਏ। ਲੋਕਾਂ ਦੇ ਦਿਲ ਜਿੱਤ ਲਉ ਤਾਂ ਉਹ ਢੇਰ ਚਿਰ ਤਕ ਜਿੱਤ ਰਹਿ ਸਕਦੀ ਏ। ਇਸ ਲਈ ਅਸੀਂ ਨਾ ਤਾਂ ਮਲੇਰਕੋਟੀਏ ਨਵਾਬ ਦੀ ਹਕੂਮਤ ਖ਼ਤਮ ਕਰ ਕੇ ਆਪਣਾ ਰਾਜ ਸਥਾਪਤ ਕਰਨਾ ਹੈ ਤੇ ਨਾ ਹੀ ਮਲੇਰਕੋਟਲੇ ਵਿਚ ਲੁੱਟ-ਮਾਰ ਕਰਨੀ ਏ। ਇਹਦਾ ਪ੍ਰਭਾਵ ਦੇਖਿਆ ਜੇ, ਕਿਤਨਾ ਵੱਡਾ ਹੋਏਗਾ।"

ਨਵਾਬ ਨੂੰ ਬੁਲਾ ਕੇ ਕਿਹਾ ਗਿਆ ਕਿ ਖ਼ਾਲਸਾ ਅਹਿਸਾਨ-ਫ਼ਰਾਮੋਸ਼ ਨਹੀਂ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਤੁਸੀਂ ਸਰਹੰਦ ਦੇ ਦਰਬਾਰ ਵਿਚ ਜੋ ਆਹ ਦਾ ਨਾਹਰਾ ਮਾਰਿਆ, ਉਹਦੇ ਕਾਰਨ ਸਾਰਾ ਪੰਥ ਤੁਹਾਡਾ ਸਤਿਕਾਰ ਕਰਦਾ ਹੈ। ਪਰ ਤੁਸੀਂ ਜਿਸ ਤਰ੍ਹਾਂ ਸਿਖ ਪਰਵਾਰਾਂ 'ਤੇ ਜ਼ੁਲਮ ਕੀਤਾ ਤੇ ਅਨੂਪ ਕੌਰ ਦੀ ਲਾਸ਼ ਨੂੰ ਜਬਰਦਸਤੀ ਦਫ਼ਨਾਇਆ, ਉਹਦੀ ਤੁਹਾਨੂੰ ਸਜ਼ਾ ਦੇਣ ਆਏ ਹਾਂ। ਅੱਗੋਂ ਲਈ ਤੁਹਾਨੂੰ ਤੌਬਾ ਕਰਨੀ ਹੋਵੇਗੀ। ਇਨਸਾਨੀਅਤ ਮੰਗ ਕਰਦੀ ਹੈ ਕਿ ਖ਼ੁਦਾ ਦੇ ਬੰਦਿਆਂ ਦੀ ਸੇਵਾ ਕਰੋ। ਉਨ੍ਹਾਂ ਨੂੰ ਤੰਗ ਕਰ ਕੇ ਤੁਸੀਂ ਕਿਵੇਂ ਸੁਖੀ ਰਹਿ ਸਕਦੇ ਹੋ ?

ਮਲੇਰਕੋਟਲੇ ਵਿਚ ਸਿਖ ਫ਼ੌਜ ਦਾਖ਼ਲ ਹੋਈ। ਕਿਸੇ ਦਾ ਕੋਈ ਨੁਕਸਾਨ ਨਾ ਕੀਤਾ ਗਿਆ। ਕੋਈ ਲੁੱਟ-ਮਾਰ ਨਾ ਹੋਈ। ਇਹ ਪਹਿਲੀ ਵਾਰ ਲੋਕਾਂ ਨੇ ਦੇਖਿਆ, ਪਹਿਲਾਂ ਤਾਂ ਜਿਹੜਾ ਵੀ ਹਮਲਾਵਰ ਆਉਂਦਾ ਰਿਹਾ, ਉਹ ਲੁੱਟ-ਮਾਰ ਕਰ ਜਾਂਦਾ ਰਿਹਾ। ਕਿਸੇ ਦੀ ਹੱਟੀ ਵਿਚੋਂ ਮਿਲਿਆ ਮਾਲ ਚੁੱਕ ਲਿਆ, ਕਿਸੇ ਦੇ ਬੱਧਾ ਘੋੜਾ ਘੋੜੀ ਖੋਲ੍ਹ ਲਈ ਤੇ ਇਥੋਂ ਤਕ ਕਿ ਕਿਸੇ ਦੀ ਸੁੰਦਰ ਧੀ ਭੈਣ ਨਜ਼ਰੀਂ ਪੈ ਗਈ ਤਾਂ ਉਹ ਜ਼ਬਰਦਸਤੀ ਚੁੱਕ ਲਈ। ਹਮਲਾਵਰਾਂ ਨੇ ਕਦੇ ਨਹੀਂ ਸੀ ਦੇਖਿਆ ਕਿ ਇਹ ਮੁਸਲਮਾਨ ਏ ਜਾਂ ਹਿੰਦੂ। ਪਹਿਲੀ ਵਾਰ ਤਜਰਬਾ ਹੋਇਆ ਕਿ ਹਮਲਾ ਕਰ ਕੇ ਆਏ ਸਿੱਖਾਂ ਨੇ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਤੇ ਥਾਂ ਥਾਂ ਕਹਿ ਦਿੱਤਾ ਕਿ ਨਵਾਬ ਤੁਹਾਡਾ ਸੇਵਾਦਾਰ ਏ, ਜੇ ਇਹ ਤੁਹਾਡੇ ਨਾਲ ਧੱਕਾ ਜਾਂ ਬੇਇਨਸਾਫ਼ੀ ਕਰੇ ਤਾਂ ਸਰਹੰਦ ਪਤਾ ਦੇਣਾ। ਅਸੀਂ ਇਹਨੂੰ ਜਿੱਤ ਕੇ ਵੀ ਰਾਜ-ਭਾਗ ਵਾਪਸ ਕਰ ਕੇ ਜਾ ਰਹੇ ਹਾਂ।

ਅਨੂਪ ਕੌਰ ਦੀ ਦਫ਼ਨਾਈ ਲਾਸ਼ ਨੂੰ ਕਬਰ ਪੁੱਟ ਕੇ ਕੱਢਿਆ ਗਿਆ ਤੇ ਗੁਰਮਤਿ ਅਨੁਸਾਰ ਉਹਦਾ ਅੰਤਮ ਸਸਕਾਰ ਕੀਤਾ ਗਿਆ। ਇਸ ਸਮੇਂ ਭਾਰੀ ਗਿਣਤੀ ਵਿਚ ਇਕੱਠੇ ਹੋਏ ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਕਰਮ ਸਿੰਘ ਨੇ ਕਿਹਾ ਕਿ ਇਕ ਦੂਜੇ ਦੇ ਧਾਰਮਕ ਵਿਸ਼ਵਾਸ ਦਾ ਸਤਿਕਾਰ ਕਰਨਾ ਚਾਹੀਦਾ ਏ। ਜਿਵੇਂ ਕਿਸੇ

ਮੁਸਲਮਾਨ ਨੂੰ ਜੇਕਰ ਕੋਈ ਜ਼ਬਰਦਸਤੀ ਮਰਨ ਪਿੱਛੋਂ ਅਗਨੀ ਭੇਟ ਕਰ ਦੇਵੇ ਤਾਂ ਮੁਸਲਮਾਨਾਂ ਦੇ ਜਜ਼ਬਾਤ ਨੂੰ ਕਿਤਨੀ ਠੇਸ ਪਹੁੰਚਦੀ ਏ, ਇਸੇ ਤਰ੍ਹਾਂ ਜੇਕਰ ਅਨੂਪ ਕੌਰ ਨੂੰ ਦਫ਼ਨਾਇਆ ਗਿਆ ਸੀ ਤਾਂ ਕਿਤਨਾ ਦੁੱਖ ਸਿੱਖਾਂ ਨੂੰ ਹੋਇਆ। ਅਜਿਹਾ ਦੁੱਖ ਸੰਕਟ ਤੇ ਝਗੜੇ ਪੈਦਾ ਕਰਦਾ ਹੈ, ਨਫ਼ਰਤ ਦਾ ਬੀਜ ਬੀਜਦਾ ਹੈ। ਅਸੀਂ ਅਜਿਹਾ ਧੱਕਾ ਕਿਸੇ ਨੂੰ ਨਹੀਂ ਕਰਨ ਦੇਣਾ। ਜ਼ਾਲਮ ਦਾ ਨਾ ਕੋਈ ਧਰਮ ਹੁੰਦਾ ਏ ਤੇ ਨਾ ਇਖ਼ਲਾਕ। ਉਹ ਇਨਸਾਨੀਅਤ ਦਾ ਦੁਸ਼ਮਣ ਹੈ ਤੇ ਅਸੀਂ ਉਹਦੇ ਦੁਸ਼ਮਣ ਹਾਂ। ਇਕ ਚੰਗਾ ਕੰਮ ਕੋਈ ਕਰੇ ਤਾਂ ਉਹਦੀ ਖ਼ੁਸ਼ਬੂ ਦੂਰ ਦੂਰ ਤਕ ਜਾਂਦੀ ਏ। ਤੁਹਾਡੇ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਛੋਟੇ ਸਾਹਿਬਜ਼ਾਦਿਆਂ ਦੇ ਮੁਕੱਦਮੇ ਸਮੇਂ ਆਹ ਦਾ ਨਾਹਰਾ ਮਾਰਿਆ ਸੀ, ਸਾਰਾ ਖ਼ਾਲਸਾ ਪੰਥ ਤੁਹਾਡਾ ਰਿਣੀ ਏ। ਜੇਕਰ ਹੁਣ ਮਾੜੇ ਕੰਮ ਹੋਣ ਲੱਗ ਪਏ ਹਨ ਤਾਂ ਸਾਨੂੰ ਦਿਲ 'ਤੇ ਪੱਥਰ ਰੱਖ ਕੇ ਮਲੇਰਕੋਟਲੇ 'ਤੇ ਵੀ ਹਮਲਾ ਕਰਨਾ ਪਿਆ ਏ।

ਜਥੇਦਾਰ ਕਰਮ ਸਿੰਘ ਵਾਪਸ ਸਰਹੰਦ ਆ ਗਿਆ। ਇਨ੍ਹਾਂ ਦਿਨਾਂ ਵਿਚ ਸਿੱਖਾਂ ਦੇ ਉੱਚੇ ਆਚਰਣ, ਬਾਣੀ, ਰਾਜਸੀ ਤਾਕਤ ਤੇ ਆਮ ਲੋਕਾਂ ਦੇ ਹਿੱਤ ਵਿਚ ਅਪਣਾਏ ਅਸੂਲਾਂ ਸਦਕਾ ਬਿਨਾਂ ਆਖੇ ਲੋਕ ਧੜਾ-ਧੜ ਸਿਖ ਬਣਨ ਲੱਗ ਪਏ। ਹਿੰਦੂਆਂ ਨੇ ਤਾਂ ਆਪਣੇ ਬੱਚਿਆਂ ਨੂੰ ਕੇਸਾਧਾਰੀ ਸਿਖ ਬਣਾਉਣਾ ਸ਼ੁਰੂ ਕਰ ਹੀ ਦਿੱਤਾ, ਕਈ ਮੁਸਲਮਾਨ ਵੀ ਆਪਣੇ ਆਪ ਸਿਖ ਧਰਮ ਵਿਚ ਆ ਗਏ। ਆਮ ਲੋਕਾਂ ਦੀ ਇਸ ਵਿਚਾਰਕ ਸੋਚ 'ਤੇ ਅਮਲ ਦਾ ਤਾਂ ਪਿੰਡ ਵਿਚ ਹੀ ਪਤਾ ਲੱਗਦਾ ਏ। ਦੂਰ ਦੂਰ ਤਕ ਕਿਸੇ ਨੂੰ ਕੀ ਪਤਾ ਕਿ ਲੋਕ ਕਿਸ ਤਰ੍ਹਾਂ ਬਦਲ ਰਹੇ ਹਨ, ਪਰ ਆਪਣੇ ਪਰਗਣੇ ਦੇ ਸਿਰਕੱਢ ਲੋਕ ਜਦ ਇਉਂ ਬਦਲਣ ਤਾਂ ਉਹਦਾ ਤੁਰਤ ਸਭ ਪਾਸੇ ਪ੍ਰਚਾਰ ਹੋ ਜਾਂਦਾ ਏ। ਇਕ ਮੁਸਲਮਾਨ ਮੁਖੀ ਦੀਨਦਾਰ ਖ਼ਾਂ ਸਿੱਖਾਂ ਦਾ ਆਚਰਣ ਦੇਖ ਕੇ ਸਿੰਘ ਸੱਜ ਗਿਆ ਤੇ ਉਹਨੇ ਆਪਣਾ ਨਾਮ ਦੀਨਦਾਰ ਸਿੰਘ ਰੱਖ ਲਿਆ। ਮੁਗ਼ਲ ਸਰਕਾਰ ਦਾ ਇਕ ਅਖ਼ਬਾਰ ਨਵੀਸ ਮੀਰ ਨਸੀਰ-ਉਦ-ਦੀਨ ਵੀ ਅੰਮ੍ਰਿਤ ਪਾਨ ਕਰ ਕੇ ਮੀਰ ਨਸੀਰ ਸਿੰਘ ਬਣ ਗਿਆ।

ਇਹ ਗੱਲ ਨਿਸ਼ਾਨ ਸਿੰਘ ਰਾਹੀਂ ਬਹੁਤ ਸਾਰੇ ਸਿੰਘਾਂ ਤੇ ਖ਼ਾਸ ਕਰਕੇ ਬੰਦਾ ਸਿੰਘ ਬਹਾਦਰ ਤਕ ਵੀ ਪਹੁੰਚ ਗਈ ਕਿ ਜਥੇਦਾਰ ਕਰਮ ਸਿੰਘ ਦੇ ਘਰ ਵਾਹਿਗੁਰੂ ਨੇ ਭੁਝੰਗੀ ਦੀ ਦਾਤ ਬਖ਼ਸ਼ੀ ਏ ਤੇ ਘਰ ਦੇ ਜਥੇਦਾਰ ਜੀ ਨੂੰ ਬਹੁਤ ਯਾਦ ਕਰਦੇ ਹਨ। ਉਨ੍ਹਾਂ ਨੇ ਉਸੇ ਵੇਲੇ ਜਥੇਦਾਰ ਕਰਮ ਸਿੰਘ ਨੂੰ ਬੁਲਾਇਆ, ਉਸ ਨੂੰ ਵਧਾਈ ਦਿੱਤੀ ਤੇ ਹੱਸਦਿਆਂ ਕਿਹਾ, "ਮੂੰਹ ਮਿੱਠਾ ਵੀ ਨਹੀਂ ਕਰਵਾਇਆ, ਤੁਸੀਂ ਆਪ ਕਿਉਂ ਨਹੀਂ ਸਾਨੂੰ ਦੱਸਿਆ ? ਅਸੀਂ ਹੀ ਖ਼ੁਸ਼ੀ ਵਿਚ ਸਿੰਘਾਂ ਨੂੰ ਕੁਝ ਵੰਡਦੇ।"

"ਅਸਲ ਗੱਲ ਏ ਕਿ ਪਿਛਲੇ ਕੁਝ ਮਹੀਨੇ ਆਪਣੇ ਜੰਗਾਂ ਯੁੱਧਾਂ ਵਿਚ ਬੀਤੇ ਹਨ ਤੇ ਵਿਹਲ ਹੀ ਨਹੀਂ ਮਿਲਿਆ, ਕਿਸੇ ਨਾਲ ਗੱਲ ਕਰਨ ਦਾ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਮੈਂ ਕਈ ਵਾਰ ਤੁਹਾਡੇ ਨਾਲ ਗੱਲ ਕਰਨ ਆਇਆ ਸਾਂ ਪਰ ਅੱਗੋਂ ਤੁਸੀਂ ਝੱਟ ਕੋਈ ਹੋਰ ਸੇਵਾ ਲਾ ਦਿੰਦੇ। ਪਹਿਲਾਂ ਮੈਂ ਸਰਹੰਦ ਦੀ ਫ਼ਤਹਿ ਤਕ ਜ਼ਰੂਰ ਠਹਿਰਨਾ ਸੀ ਕਿਉਂਕਿ ਉਸ ਸਮੇਂ ਮੇਰਾ ਜਾਣਾ ਜ਼ਰੂਰੀ ਨਹੀਂ ਸੀ, ਪਿੱਛੋਂ ਰਾਜ-ਬਣਤਰ ਵਿਚ ਦਿਲਚਸਪੀ ਕਾਰਨ ਨਹੀਂ ਸਾਂ ਜਾ ਸਕਦਾ। ਤੁਸੀਂ ਮੁੜ ਕੇ ਮਲੇਰਕੋਟਲੇ ਵੱਲ ਜਾਣ ਦਾ ਆਦੇਸ਼ ਦਿੱਤਾ।"

"ਠੀਕ ਏ, ਤੁਹਾਡਾ ਇਸ ਕਾਰਜ ਵਿਚ ਯੋਗਦਾਨ ਮਹੱਤਵਪੂਰਨ ਏ। ਹੁਣ ਤੁਸੀਂ ਜਾ ਕੇ ਦੁਆਬੇ ਵਿਚ ਸਿਖ ਸੰਗਠਨ ਨੂੰ ਮਜ਼ਬੂਤ ਕਰੋ ਤੇ ਤਿਆਰੀ ਕਰੋ, ਅਸੀਂ ਛੇਤੀ ਸਤਲੁਜ ਪਾਰ ਕਰ ਕੇ ਸ੍ਰੀ ਅੰਮ੍ਰਿਤਸਰ ਤਕ ਜਾਣਾ ਚਾਹੁੰਦੇ ਹਾਂ। ਲਾਹੌਰ ਪਹੁੰਚਣ 'ਤੇ ਹੀ ਪੰਜਾਬ ਮੁਗ਼ਲਾਂ ਤੋਂ ਆਜ਼ਾਦ ਹੋ ਸਕਦਾ ਏ। ਅੱਗੇ ਤੁਸੀਂ ਇਧਰ ਆਏ ਹੋ, ਅੱਗੋਂ ਅਸੀਂ ਉਧਰ

ਆਵਾਂਗੇ।"

ਜਥੇਦਾਰ ਕਰਮ ਸਿੰਘ ਨੂੰ ਸਿਰੋਪਾ ਦਿੱਤਾ ਗਿਆ। ਉਹ ਜਥੇ ਸਮੇਤ ਸਰਹੰਦ ਤੋਂ ਤੁਰ ਪਿਆ। ਇਹ ਵਚਨ ਦੇ ਕੇ ਆਇਆ ਕਿ ਜਦ ਵੀ ਸਾਡੀ ਲੋੜ ਹੋਈ, ਸਾਨੂੰ ਸੁਨੇਹਾ ਭੇਜਣਾ, ਅਸੀਂ ਤੁਰਤ ਖ਼ਾਲਸੇ ਦੇ ਸੰਘਰਸ਼ ਵਿਚ ਆ ਸ਼ਾਮਲ ਹੋਵਾਂਗੇ। ਮੁੜਦਿਆਂ ਜਥੇ ਨੂੰ ਯਕੀਨ ਸੀ ਕਿ ਹੁਣ ਉਨ੍ਹਾਂ ਦਾ ਰਾਹ ਕੋਈ ਨਹੀਂ ਰੋਕ ਸਕੇਗਾ। ਉਹ ਸਿੱਧਾ ਜਰਨੈਲੀ ਸੜਕ 'ਤੇ ਚੱਲਦੇ ਗਏ।

ਜਥੇਦਾਰ ਕਰਮ ਸਿੰਘ ਕਰਤਾਰਪੁਰ ਪਹੁੰਚ ਗਿਆ। ਬੰਦਾ ਸਿੰਘ ਬਹਾਦਰ ਦੇ ਸੱਦੇ 'ਤੇ ਜਾਣ ਸਮੇਂ ਉਨ੍ਹਾਂ ਨੂੰ ਤੌਖਲਾ ਸੀ ਕਿ ਰਾਹ ਵਿਚ ਪੈਂਦੇ ਫੌਜਦਾਰਾਂ ਤੋਂ ਬਚ ਕੇ ਅੰਬਾਲੇ ਵੱਲ ਜਾਣਾ ਹੈ, ਉਨ੍ਹਾਂ ਦੇ ਰਾਹ ਨੂੰ ਕਈਆਂ ਨੇ ਰੋਕਣ ਦਾ ਵੀ ਯਤਨ ਕੀਤਾ, ਪਰ ਮੁੜਦੀ ਵਾਰ ਮਾਹੌਲ ਬਿਲਕੁਲ ਬਦਲ ਚੁੱਕਿਆ ਸੀ। ਹੁਣ ਉਨ੍ਹਾਂ ਦਾ ਰਾਹ ਰੋਕਣ ਵਾਲਾ ਕੋਈ ਨਹੀਂ ਸੀ। ਸਗੋਂ ਕਈਆਂ ਨੇ ਉਨ੍ਹਾਂ ਨੂੰ ਸੁਨੇਹੇ ਭੇਜੇ ਕਿ ਉਹਨਾਂ ਦੇ ਠਹਿਰ ਕੇ ਜਾਣਾ, ਲੰਗਰ ਪਾਣੀ ਛੱਕ ਕੇ ਜਾਣਾ। ਦਰਅਸਲ ਸਰਹੰਦ ਦੀ ਫ਼ਤਹਿ ਤੇ ਖ਼ਾਲਸੇ ਦੀ ਹਕੂਮਤ ਕਾਇਮ ਹੋ ਜਾਣ ਨਾਲ ਸਾਰੇ ਪਾਸੇ ਇਹ ਪ੍ਰਭਾਵ ਹੋ ਗਿਆ ਸੀ ਕਿ ਜੇਕਰ ਸਰਹੰਦ ਦਾ ਨਵਾਬ ਵਜ਼ੀਰ ਖ਼ਾਂ ਮੁਕਾਬਲਾ ਨਹੀਂ ਕਰ ਸਕਿਆ ਤਾਂ ਕੋਈ ਵੀ ਲਾਹੌਰ ਤੱਕ ਇਸ ਖ਼ਾਲਸਾ ਫ਼ੌਜ ਦਾ ਟਾਕਰਾ ਨਹੀਂ ਕਰ ਸਕਦਾ।

ਹਾਕਮ ਵਰਗ ਵਿਚ ਬਹੁਤੇ ਅਜਿਹੇ ਹੁੰਦੇ ਹਨ, ਜੋ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਦੇ ਹਨ। ਤਾਕਤਵਰ ਭਾਵੇਂ ਆਪਣੇ ਵਿਚੋਂ ਉੱਠ ਪਵੇ ਜਾਂ ਵਿਦੇਸ਼ੀ ਆ ਜਾਏ, ਉਹ ਝੱਟ ਉਹਦੇ ਵਫ਼ਾਦਾਰ ਬਣ ਕੇ ਆਪਣੀਆਂ ਗੱਦੀਆਂ ਬਚਾਉਣ ਦਾ ਯਤਨ ਕਰਦੇ ਹਨ। ਜਿਨ੍ਹਾਂ ਨੂੰ ਇਹ ਨਿਸਚਾ ਹੋ ਗਿਆ ਸੀ ਕਿ ਖ਼ਾਲਸੇ ਦਾ ਰਾਜ ਯੁਗ ਆ ਰਿਹਾ ਹੈ, ਉਹ ਤਾਂ ਹੁਣ ਤੋਂ ਹੀ ਵਿਉਂਤਾਂ ਬਣਾਨ ਲੱਗ ਪਏ ਸਨ ਕਿ ਉਨ੍ਹਾਂ ਨੇ ਕਿਵੇਂ ਖ਼ਾਲਸਾ ਪੰਥ ਨਾਲ ਆਪਣੀ ਸਾਂਝ ਵਧਾਣੀ ਹੈ। ਉਹ ਤਾਂ ਅਜਿਹੇ ਵਿਅਕਤੀਆਂ ਦੀ ਭਾਲ ਕਰਨ ਲੱਗ ਪਏ ਸਨ, ਜਿਹੜੇ ਉਨ੍ਹਾਂ ਦੀ ਬੰਦਾ ਸਿੰਘ ਬਹਾਦਰ ਜਾਂ ਉਨ੍ਹਾਂ ਦੀ ਫ਼ੌਜ ਦੇ ਮੁਖੀਆਂ ਤਕ ਪਹੁੰਚ ਕਰਵਾ ਦੇਣ। ਕਈ ਤਾਂ ਹਰ ਸਾਧਾਰਨ ਸਿਖ ਦੀ ਵੀ ਝੋਲੀ ਚੁੱਕੀ ਕਰਨ ਲੱਗ ਪਏ ਸਨ ਕਿ ਕੀ ਪਤਾ ਇਹਦੇ ਰਾਹੀਂ ਹੀ ਆਪਣਾ ਮਤਲਬ ਸਿੱਧ ਹੋ ਜਾਏ।

ਜੋ ਹਾਕਮ ਕੱਲ੍ਹ ਤਕ ਸਿੱਖਾਂ ਨੂੰ ਗ਼ੱਦਾਰ, ਲੁਟੇਰੇ ਤੇ ਹਕੂਮਤ ਦੇ ਦੁਸ਼ਮਣ ਅਥਵਾ ਕਾਫ਼ਰ ਕਹਿ ਕੇ ਇਨ੍ਹਾਂ ਦਾ ਬੀਜ ਨਾਸ ਕਰਨ ਦੇ ਲਲਕਾਰੇ ਮਾਰਦੇ ਸਨ, ਉਹ ਦੂਜਿਆਂ ਨਾਲੋਂ ਵੱਧ ਉਤਾਵਲੇ ਸਨ ਕਿ ਉਨ੍ਹਾਂ ਦੇ ਕੁਕਰਮਾਂ ਦੀ ਸਜ਼ਾ ਮਿਲਣ ਤੋਂ ਪਹਿਲਾਂ ਉਹ ਨਵੇਂ ਸਿਰਿਉਂ ਸਾਂਝ ਤੇ ਦੋਸਤੀ ਪੈਦਾ ਕਰ ਸਕਣ। ਮਾਹੌਲ ਵਿਚ ਇਹ ਫ਼ਰਕ ਕਰਮ ਸਿੰਘ ਨੇ ਕਰਤਾਰਪੁਰ ਪਹੁੰਚਣ ਤਕ ਅਨੁਭਵ ਕਰ ਲਿਆ।

ਅਗਾਊਂ ਭੇਜੇ ਸੁਨੇਹੇ ਅਨੁਸਾਰ ਲਾਭ ਚੰਦ ਨੂੰ ਜਥੇ ਦੇ ਪਹੁੰਚਣ ਦੀ ਸੂਚਨਾ ਮਿਲੀ ਹੋਈ ਸੀ ਤੇ ਉਨ੍ਹਾਂ ਨੇ ਬਾਹਰਲੀ ਹਵੇਲੀ ਵਿਚ ਜਥੇ ਦੇ ਉਤਾਰੇ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ। ਸਾਰੇ ਕਰਤਾਰਪੁਰ ਵਿਚ ਇਹ ਖ਼ਬਰ ਸੀ ਕਿ ਸਰਹੰਦ ਦੇ ਨਵਾਬ ਨੂੰ ਹਰਾ ਕੇ ਸਿੰਘਾਂ ਦਾ ਸਰਹੰਦ 'ਤੇ ਕਬਜ਼ਾ ਹੋ ਗਿਆ ਹੈ ਤੇ ਇਸ ਫ਼ਤਹਿ ਵਿਚ ਦੁਆਬੇ ਦੇ ਜਥਿਆਂ ਦਾ ਵੀ ਪੂਰਾ ਪੂਰਾ ਸਹਿਯੋਗ ਸੀ, ਇਸ ਲਈ ਸਾਰੇ ਕਰਤਾਰਪੁਰ ਵਾਸੀਆਂ ਨੇ ਨਗਰ ਤੋਂ ਬਾਹਰ ਜਥੇ ਦੇ ਸੁਆਗਤ ਦਾ ਪ੍ਰਬੰਧ ਕਰ ਲਿਆ। ਕਦੇ ਤਾਂ ਕਰਤਾਰਪੁਰ ਵਿਚ ਦੋ ਧੜੇ ਸਨ, ਇਕ ਸਿੰਘਾਂ ਦਾ ਸਮਰਥਕ ਤੇ ਦੂਜੇ ਮੁਗ਼ਲ ਹਾਕਮਾਂ ਦੇ ਸਹਿਯੋਗੀ। ਇਥੋਂ ਤਕ ਕਿ ਕਰਤਾਰਪੁਰੀਏ ਸੋਢੀ ਵੀ ਜਥੇਦਾਰ ਕਰਮ ਸਿੰਘ ਦੇ ਵਿਰੁੱਧ ਸਨ ਪਰ ਸਰਹੰਦ ਦੀ ਫ਼ਤਹਿ ਨੇ ਕਰਤਾਰਪੁਰ

ਵਿਚ ਵੀ ਵਾਤਾਵਰਣ ਬਦਲ ਦਿੱਤਾ। ਬਹੁਤ ਸਾਰੇ ਵਿਰੋਧੀ ਵੀ ਇਸ ਨਵੀਂ ਸਥਿਤੀ ਵਿਚ ਸਿਖ ਸੰਘਰਸ਼ ਤੇ ਰਾਜ-ਪਲਟੇ ਦੇ ਹਮਾਇਤੀ ਬਣ ਗਏ। ਲਾਭ ਚੰਦ ਨੂੰ ਇਸ ਗੱਲ ਦੀ ਬਹੁਤੀ ਖ਼ੁਸ਼ੀ ਸੀ ਕਿ ਸਰਹੰਦ ਦੀ ਫ਼ਤਹਿ ਦੇ ਸਮਾਚਾਰ ਸੁਣਾ ਕੇ ਜਥੇਦਾਰ ਕਰਮ ਸਿੰਘ ਦੇ ਸਮਰਥਕਾਂ ਦੇ ਨਾਲ ਪੁਰਾਣੇ ਵਿਰੋਧੀ ਵੀ ਵਧਾਈ ਦੇਣ ਆਏ ਤੇ ਜਥੇਦਾਰ ਕਰਮ ਸਿੰਘ ਦੇ ਸੁਆਗਤ ਲਈ ਅੱਗੇ ਜਾਣ ਲਈ ਤਿਆਰ ਹੋ ਗਏ। ਲਾਭ ਚੰਦ ਚਾਹੁੰਦਾ ਸੀ ਕਿ ਇਸ ਖ਼ੁਸ਼ੀ ਦੇ ਅਵਸਰ 'ਤੇ ਬਹੁਤਾ ਢੋਲ ਢਮੱਕਾ ਨਾ ਕੀਤਾ ਜਾਏ। ਕੀ ਪਤਾ ਅਜੇ ਦਿੱਲੀ ਦੀ ਸਰਕਾਰ ਜਾਂ ਲਾਹੌਰ ਦਾ ਸੂਬਾ ਕੀ ਕੁਝ ਕਰਦਾ ਹੈ ਪਰ ਲੋਕਾਂ ਵਿਚ ਇਤਨਾ ਜੋਸ਼ ਤੇ ਉਤਸ਼ਾਹ ਸੀ ਕਿ ਲਾਭ ਚੰਦ ਉਸ ਨੂੰ ਡੱਕ ਨਹੀਂ ਸੀ ਸਕਦਾ।

ਕਰਤਾਰਪੁਰ ਤੋਂ ਬਾਹਰ ਨੁੱਸੀ ਪਿੰਡ ਤਕ ਕਰਤਾਰਪੁਰ ਦੇ ਲੋਕ 'ਜੀ ਆਇਆਂ' ਕਹਿਣ ਲਈ ਪਹੁੰਚ ਗਏ। ਇਨ੍ਹਾਂ ਵੱਲ ਦੇਖਾ-ਦੇਖੀ ਰਾਹ ਦੇ ਪਿੰਡਾਂ ਦੇ ਲੋਕ ਵੀ ਜਰਨੈਲੀ ਸੜਕ 'ਤੇ ਆ ਗਏ। ਇਸ ਸੁਆਗਤ ਦਾ ਪ੍ਰਭਾਵਸ਼ਾਲੀ ਪੱਖ ਇਹ ਸੀ ਕਿ ਹਿੰਦੂਆਂ ਸਿੱਖਾਂ ਦੇ ਨਾਲ ਵੱਡੀ ਗਿਣਤੀ ਵਿਚ ਮੁਸਲਮਾਨ ਵੀ ਆਏ ਹੋਏ ਸਨ। ਸਾਫ਼ ਪਤਾ ਲੱਗਦਾ ਸੀ ਕਿ ਇਹ ਕਿਸੇ ਧਾਰਮਕ ਗੁੱਟ ਦੀ ਫ਼ਤਹਿ ਜਾਂ ਸਫਲਤਾ ਨਹੀਂ, ਸਗੋਂ ਆਮ ਲੋਕ ਇਹਨੂੰ ਸਾਰਿਆਂ ਦੀ ਸਾਂਝੀ ਸਫਲਤਾ ਅਨੁਭਵ ਕਰਦੇ ਸਨ। ਇਹ ਵੀ ਮਹਿਸੂਸ ਹੁੰਦਾ ਸੀ ਕਿ ਲੋਕ ਸਮੇਂ ਦੇ ਰਾਜ ਪ੍ਰਬੰਧ ਤੋਂ ਅਸੰਤੁਸ਼ਟ ਹਨ ਤੇ ਉਹ ਇਸ ਵਿਚ ਤਬਦੀਲੀ ਦਾ ਸੁਆਗਤ ਕਰਨ ਲਈ ਨਿਕਲ ਪਏ ਹਨ। ਲੋਕੀਂ ਦੁੱਧ, ਲੱਸੀ ਤੇ ਲੱਡੂ ਮਠਿਆਈਆਂ ਲਈ ਰਾਹ 'ਤੇ ਖੜੇ ਸਨ।

ਜਥਾ ਸਭ ਦੇ ਸੁਆਗਤ ਦਾ ਧੰਨਵਾਦ ਕਰਦਾ ਤੇ ਉਨ੍ਹਾਂ ਦੇ ਪਿਆਰ ਪ੍ਰਗਟਾਵੇ ਤੋਂ ਗਦ-ਗਦ ਹੁੰਦਾ ਕਰਤਾਰਪੁਰ ਪਹੁੰਚ ਗਿਆ। ਕਰਤਾਰਪੁਰ ਵਾਸੀਆਂ ਤੇ ਇਲਾਕੇ ਦੇ ਕਈ ਪਿੰਡਾਂ ਦੇ ਲੋਕਾਂ ਨੇ ਦੁੱਧ, ਦਹੀਂ, ਮੱਖਣ ਤੇ ਸਾਗ ਦੇ ਢੇਰ ਲਾ ਦਿੱਤੇ। ਜਥੇ ਦੇ ਠਹਿਰਨ 'ਤੇ ਘੋੜਿਆਂ ਲਈ ਦਾਣੇ ਤੇ ਚਾਰੇ ਦਾ ਪ੍ਰਬੰਧ ਕਰ ਕੇ ਜਥੇਦਾਰ ਕਰਮ ਸਿੰਘ ਆਪਣੇ ਘਰ ਨੂੰ ਆਇਆ।

ਗਲੀ ਦੀਆਂ ਕੁੜੀਆਂ ਤੇ ਕੁਝ ਵਿਆਹੀਆਂ ਮੁਟਿਆਰਾਂ ਪਹਿਲਾਂ ਹੀ ਜਥੇਦਾਰ ਕਰਮ ਸਿੰਘ ਦੇ ਘਰ ਜੁੜੀਆਂ ਹਾਸੇ ਮਖ਼ੌਲ ਦੇ ਵਾਤਾਵਰਣ ਵਿਚ ਉਹਦੀ ਉਡੀਕ ਕਰ ਰਹੀਆਂ ਸਨ। ਉਨ੍ਹਾਂ ਨੇ ਜਥੇਦਾਰ ਕਰਮ ਸਿੰਘ ਦੇ ਆਉਂਦਿਆਂ ਇਕ ਬੁਝਾਰਤ ਪਾ ਦਿੱਤੀ। ਗਲੀ ਵਿਚ ਉਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਦੇ ਘਰ ਲੜਕਾ ਹੋਇਆ ਸੀ। ਉਹਨੂੰ ਲਿਆ ਕੇ ਕਰਮ ਸਿੰਘ ਦੇ ਬੱਚੇ ਨਾਲ ਮੰਜੇ 'ਤੇ ਲਿਟਾ ਦਿੱਤਾ ਤੇ ਜਦੋਂ ਕਰਮ ਸਿੰਘ ਮਾਂ ਪਿਉ ਨੂੰ ਮਿਲ ਕੇ ਵਿਹਲਾ ਹੋਇਆ ਤਾਂ ਕੁੜੀਆਂ ਨੇ ਪੁੱਛਿਆ, "ਦੱਸੋ, ਇਨ੍ਹਾਂ ਵਿਚੋਂ ਤੁਹਾਡਾ ਕਿਹੜਾ ਪੁੱਤਰ ਏ?"

ਕਰਮ ਸਿੰਘ ਮੁਸਕਰਾਇਆ ਤੇ ਕਹਿਣ ਲੱਗਾ, "ਸਿੰਘਾਂ ਦਾ ਪੁੱਤਰ ਵੀ ਸੈਂਕੜੇ ਤੇ ਹਜ਼ਾਰਾਂ ਵਿਚੋਂ ਝੱਟ ਪਛਾਣਿਆ ਜਾਂਦਾ ਏ।"

"ਉਹ ਕਿਵੇਂ?" ਇਕ ਮੁਟਿਆਰ ਨੇ ਪ੍ਰਸ਼ਨ ਕੀਤਾ, "ਫਿਰ ਪਛਾਣੋ, ਤੁਹਾਡਾ ਫ਼ਤਹਿ ਸਿੰਘ ਕਿਹੜਾ ਏ?" ਉਹਨੇ ਇਹਦੇ ਨਾਲ ਹੀ ਇਕ ਬੱਚਾ ਚੁੱਕ ਕੇ ਜਥੇਦਾਰ ਕਰਮ ਸਿੰਘ ਦੀ ਝੋਲੀ ਪਾ ਦਿੱਤਾ। ਜਥੇਦਾਰ ਕਰਮ ਸਿੰਘ ਨੇ ਬੱਚੇ ਨੂੰ ਝੋਲੀ 'ਚ ਲੈ ਲਿਆ ਤੇ ਫਿਰ ਉਹਦੇ ਵੱਲ ਨੀਝ ਨਾਲ ਦੇਖ ਕੇ ਦੂਜੀ ਨਜ਼ਰੇ ਦੂਜੇ ਬੱਚੇ ਵੱਲ ਦੇਖਿਆ ਤੇ ਮੁਸਕਰਾਂਦਿਆਂ ਕਹਿਣ ਲੱਗਾ, "ਬੱਚਾ ਇਹ ਵੀ ਬਹੁਤ ਪਿਆਰਾ ਏ ਪਰ ਫ਼ਤਹਿ ਸਿੰਘ ਉਹ ਏ ਜਿਹੜਾ ਮੰਜੇ 'ਤੇ ਪਿਆ ਏ।"

"ਨਹੀਂ ਜੀ, ਕਰਮ ਸਿੰਘ ਭੁੱਲ ਗਿਆ ਏ," ਮੁਟਿਆਰਾਂ ਨੇ ਹਾਸੇ ਨਾਲ ਤਾੜੀ ਮਾਰ

ਦਿੱਤੀ। ਕਰਮ ਸਿੰਘ ਅਜੇ ਵੀ ਆਪਣੇ ਨਿਰਣੇ 'ਤੇ ਦ੍ਰਿੜ੍ਹ ਸੀ। ਉਹਨੇ ਝੱਟ ਕਿਹਾ, "ਭਾਵੇਂ ਕੁਝ ਮਹੀਨਿਆਂ ਦੇ ਬਾਲ ਪਲ ਪਲ ਰੰਗ ਬਦਲਦੇ ਤੇ ਅਣਪਛਾਣੇ ਹੁੰਦੇ ਹਨ ਪਰ ਮੈਂ ਜਿਵੇਂ ਪਹਿਲਾਂ ਕਿਹਾ ਸੀ ਕਿ ਸਿੰਘਾਂ ਦੇ ਬਾਲ ਛੁਪਾਏ ਨਹੀਂ ਜਾ ਸਕਦੇ। ਤੁਸੀਂ ਦੇਖ ਲਓ ਮੇਰੀ ਝੋਲੀ ਪਏ ਬਾਲ ਦੇ ਕੜਾ ਨਹੀਂ ਪਾਇਆ ਹੋਇਆ। ਫ਼ਤਹਿ ਸਿੰਘ ਦੇ ਕੜਾ ਪਾਇਆ ਮੈਂ ਦੂਰੋਂ ਹੀ ਦੇਖ ਲਿਆ ਏ।"

ਕੁੜੀਆਂ ਨੇ ਆਪਣੀ ਹਾਰ ਮੰਨ ਲਈ ਤੇ ਇਕ ਦੂਜੇ ਨੂੰ ਦੋਸ਼ ਦੇਣ ਲੱਗ ਪਈਆਂ। ਇਕ ਨੇ ਕਿਹਾ, "ਲੈ ਬਈ, ਆਪਾਂ ਤੋਂ ਬੜੀ ਵੱਡੀ ਗ਼ਲਤੀ ਹੋ ਗਈ, ਜੇਕਰ ਅਸੀਂ ਦੂਜੇ ਬਾਲ ਦੇ ਵੀ ਕੜਾ ਪਾ ਦਿੰਦੀਆਂ ਤਾਂ ਪਛਾਣ ਔਖੀ ਹੋ ਜਾਣੀ ਸੀ।" ਇਹ ਕਹਿੰਦਿਆਂ ਉਹਨੇ ਕਰਮ ਸਿੰਘ ਦੀ ਝੋਲੀ 'ਚੋਂ ਬਾਲ ਚੁੱਕ ਲਿਆ ਤੇ ਦੂਜੀ ਨੇ ਕਰਮ ਸਿੰਘ ਦੇ ਪੁੱਤਰ ਨੂੰ ਉਹਦੀ ਝੋਲੀ ਪਾ ਦਿੱਤਾ। ਫਿਰ ਕੁੜੀਆਂ ਕਹਿਣ ਲੱਗ ਪਈਆਂ, "ਪੁੱਤਰ ਦਾ ਮੂੰਹ ਦੇਖਿਆ ਜੇ, ਮੂੰਹ ਦਿਖਾਲੀ ਦਿਉ। ਬੱਚੇ ਨੂੰ ਕੁਝ ਸ਼ਗਨ ਪਾਉ। ਕੋਈ ਅਸੀਸ ਦਿਉ, ਪਿਆਰ ਕਰੋ।" ਉਹ ਜ਼ਮਾਨਾ ਅਜਿਹਾ ਸੀ ਕਿ ਜਵਾਨ ਬੰਦੇ ਦੂਜਿਆਂ ਦੇ ਸਾਹਮਣੇ ਆਪਣੇ ਨਵੇਂ ਜਨਮੇ ਬੱਚੇ ਨੂੰ ਪਿਆਰ ਕਰਨ ਤੋਂ ਵੀ ਝਿਜਕਦੇ ਸਨ। ਆਪਣੇ ਬੱਚੇ ਨੂੰ ਚੁੱਕਣ ਤੇ ਪਿਆਰ ਕਰਨ ਦਾ ਝਾਕਾ ਖੁੱਲ੍ਹਦਿਆਂ ਵੀ ਕਈ ਮਹੀਨੇ ਲੱਗ ਜਾਂਦੇ ਸਨ।

ਘਰੇਗੀ, ਪਰਵਾਰਕ ਤੇ ਸਮਾਜਕ ਸਥਿਤੀ ਅਜਿਹੀ ਸੀ ਕਿ ਪਤਨੀ ਆਪਣੇ ਪਤੀ ਦਾ ਖੁੱਲ੍ਹ ਕੇ ਸਾਰਿਆਂ ਸਾਹਮਣੇ ਸੁਆਗਤ ਵੀ ਨਹੀਂ ਸੀ ਕਰ ਸਕਦੀ। ਇਹ ਔਰਤ ਦੇ ਹਯਾ ਦਾ ਇਕ ਹਿੱਸਾ ਸੀ, ਇਸੇ ਲਈ ਜਦੋਂ ਮੁਟਿਆਰਾਂ ਕਰਮ ਸਿੰਘ ਦੁਆਲੇ ਖੜੀਆਂ ਹਾਸੇ ਮਜ਼ਾਕ ਦੇ ਮਾਹੌਲ ਵਿਚ ਸਨ ਤਾਂ ਦੀਪੋ ਆਪਣੇ ਕਮਰੇ ਵਿਚ ਬੈਠੀ ਬਾਹਰ ਹੋ ਰਹੀਆਂ ਗੱਲਾਂ ਸੁਣ ਰਹੀ ਸੀ। ਕਦੇ ਕਦੇ ਉਹ ਬਾਹਰ ਨੂੰ ਝਾਕਦੀ ਤੇ ਕੁੜੀਆਂ ਦੇ ਝੁੰਡ ਵਿਚੋਂ ਕਰਮ ਸਿੰਘ ਵੱਲ ਝਾਤੀ ਮਾਰਨ ਦਾ ਯਤਨ ਕਰਦੀ। ਜਦੋਂ ਕਰਮ ਸਿੰਘ ਨੇ ਆਪਣੇ ਪੁੱਤਰ ਦੀ ਪਛਾਣ ਕਰ ਲਈ ਤੇ ਫ਼ਤਹਿ ਸਿੰਘ ਉਹਦੀ ਝੋਲੀ ਵਿਚ ਪਹੁੰਚ ਗਿਆ ਤਾਂ ਦੀਪੋ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਿਹਾ। ਉਹਦੇ ਅੰਦਰ ਇਕ ਅਨੋਖੇ ਜਜ਼ਬੇ ਦਾ ਹੜ੍ਹ ਆ ਗਿਆ। ਉਹਦਾ ਜੀਅ ਕੀਤਾ ਕਿ ਉਹ ਭੱਜ ਕੇ ਬਾਹਰ ਆਏ ਤੇ ਆਪਣੇ ਪੁੱਤਰ ਨੂੰ ਪਿਉ ਦੀ ਝੋਲੀ ਪਿਆ ਦੇਖੇ। ਉਹ ਇਹ ਵੀ ਦੇਖਣਾ ਚਾਹੁੰਦੀ ਸੀ ਕਿ ਕਰਮ ਸਿੰਘ ਕਿਵੇਂ ਉਹਨੂੰ ਪਿਆਰ ਕਰ ਰਿਹਾ ਹੈ। ਇਧਰ ਉਹਨੇ ਜ਼ੋਰ ਲਾ ਕੇ ਆਪਣੇ ਆਪ ਨੂੰ ਕਾਬੂ ਵਿਚ ਰੱਖਿਆ। ਕਰਮ ਸਿੰਘ ਨੇ ਵੀ ਦੇਖ ਲਿਆ ਕਿ ਦੀਪੋ ਕੁੜੀਆਂ ਵਿਚ ਨਹੀਂ, ਸਗੋਂ ਅੰਦਰ ਏ। ਉਹ ਵੀ ਛੇਤੀ ਦੀਪੋ ਪਾਸ ਜਾਣਾ ਚਾਹੁੰਦਾ ਸੀ ਪਰ ਇਉਂ ਕੁੜੀਆਂ 'ਚੋਂ ਉੱਠ ਕੇ ਅੰਦਰ ਜਾਣ ਦਾ ਹੀਆ ਉਹ ਵੀ ਨਾ ਕਰ ਸਕਿਆ।

ਦੋਵੇਂ ਪਾਸੇ ਪ੍ਰੀਤ ਤਾਂਘਾਂ ਵਿਚ ਉਛਾਲ ਸੀ, ਪਰ ਦੋਵੇਂ ਪਾਸੇ ਸਿਆਣੇ ਸਨ ਕਿ ਹੁਣ ਨਹੀਂ ਤਾਂ ਝੱਟ ਤਕ ਸਿੱਧੀਆਂ ਗੱਲਾਂ ਹੋ ਹੀ ਜਾਣਗੀਆਂ।

33

ਅੰਮ੍ਰਿਤ ਵੇਲੇ ਉੱਠ ਕੇ ਜੰਗਲ ਪਾਣੀ ਹੋ ਕੇ ਤੇ ਇਸ਼ਨਾਨ ਕਰ ਕੇ ਜਥੇਦਾਰ ਕਰਮ ਸਿੰਘ ਪਾਠ ਕਰਨ ਬੈਠ ਗਿਆ। ਇਸ ਸਮੇਂ ਜਲੰਧਰ ਦੇ ਫ਼ੌਜਦਾਰ ਦੇ ਦੋ ਬੰਦੇ, ਜੋ ਪਹਿਲਾਂ ਵੀ ਕਈ ਵਾਰ ਆ ਚੁੱਕੇ ਸਨ, ਘਰ ਅੱਗੇ ਆ ਖੜੇ ਹੋਏ। ਲਾਭ ਚੰਦ ਨੇ ਹੀ ਉਨ੍ਹਾਂ ਨਾਲ ਗੱਲ-ਬਾਤ ਕੀਤੀ ਤੇ ਪੁੱਛਿਆ ਕਿ ਕਿਧਰ ਆਏ ਹੋ ? ਉਨ੍ਹਾਂ ਦੱਸਿਆ ਕਿ ਜਥੇਦਾਰ ਕਰਮ

ਸਿੰਘ ਨੂੰ ਮਿਲਣ ਲਈ ਫ਼ੌਜਦਾਰ ਆਪ ਆਉਣਾ ਚਾਹੁੰਦੇ ਹਨ ਤੇ ਉਨ੍ਹਾਂ ਪੁੱਛਿਆ ਹੈ ਕਿ ਕੀ ਜਥੇਦਾਰ ਜੀ ਸ਼ਾਮ ਨੂੰ ਦਿਨ ਡੁੱਬੇ ਘਰ ਮਿਲ ਜਾਣਗੇ ? ਲਾਭ ਚੰਦ ਜੀ ਨੇ ਦੱਸਿਆ, "ਇਸ ਵੇਲੇ ਤਾਂ ਉਹ ਪਾਠ ਕਰ ਰਹੇ ਹਨ ਤੇ ਮਿਲ ਨਹੀਂ ਸਕਦੇ ਪਰ ਸ਼ਾਮ ਨੂੰ ਜ਼ਰੂਰ ਮਿਲ ਜਾਣਗੇ। ਫ਼ੌਜਦਾਰ ਸਾਹਿਬ ਆ ਸਕਦੇ ਹਨ।"

"ਆਓ ਲੰਘ ਆਓ," ਲਾਭ ਚੰਦ ਜੀ ਨੇ ਕਿਹਾ, "ਕੋਈ ਲੱਸੀ ਪਾਣੀ ਤਾਂ ਪੀ ਜਾਉ।"

"ਨਹੀਂ ਜੀ, ਮਿਹਰਬਾਨੀ, ਫ਼ੌਜਦਾਰ ਦਾ ਹੁਕਮ ਸੀ ਕਿ ਛੇਤੀ ਮੁੜ ਕੇ ਆਉਣਾ।" ਇਹ ਕਹਿ ਕੇ ਦੋਵੇਂ ਫ਼ੌਜੀ ਤੁਰੰਤ ਵਾਪਸ ਮੁੜ ਗਏ।

ਜਦੋਂ ਕਰਮ ਸਿੰਘ ਨਿਤਨੇਮ ਕਰ ਕੇ ਹਟਿਆ ਤਾਂ ਲਾਭ ਚੰਦ ਨੇ ਆ ਕੇ ਦੱਸਿਆ ਕਿ ਇਸ ਤਰ੍ਹਾਂ ਫ਼ੌਜਦਾਰ ਜਲੰਧਰ ਦੇ ਬੰਦੇ ਆਏ ਸੀ ਤੇ ਉਹ ਦੱਸ ਗਏ ਹਨ ਕਿ ਸ਼ਾਮਾਂ ਨੂੰ ਫ਼ੌਜਦਾਰ ਮਿਲਣ ਆਏਗਾ। ਫਿਰ ਉਹਨੇ ਕਿਹਾ, "ਮੇਰਾ ਖ਼ਿਆਲ ਏ ਕਿ ਤੁਹਾਡਾ ਕਰਤਾਰਪੁਰ ਪਹੁੰਚਣ 'ਤੇ ਜੋ ਸੁਆਗਤ ਹੋਇਆ ਏ, ਉਹ ਫ਼ੌਜਦਾਰ ਤੋਂ ਬਰਦਾਸ਼ਤ ਨਹੀਂ ਹੋਇਆ। ਇਸ ਬਾਰੇ ਗੱਲ-ਬਾਤ ਕਰਨ ਆਏਗਾ।"

"ਨਹੀਂ ਪਿਤਾ ਜੀ," ਜਥੇਦਾਰ ਕਰਮ ਸਿੰਘ ਨੇ ਝੱਟ ਸਥਿਤੀ ਦਾ ਨਿਰੀਖਣ ਕਰਨ ਪਿੱਛੋਂ ਆਖਿਆ, "ਜੇ ਫ਼ੌਜਦਾਰ ਨੇ ਗੁੱਸੇ ਦਾ ਪ੍ਰਗਟਾਵਾ ਕਰਨਾ ਹੁੰਦਾ ਤਾਂ ਉਹ ਸਾਨੂੰ ਜਲੰਧਰ ਬੁਲਾਂਦਾ, ਆਪ ਕਰਤਾਰਪੁਰ ਨਾ ਆਉਂਦਾ। ਕਰਤਾਰਪੁਰ ਸਾਡੇ ਘਰ ਆਉਣ ਦਾ ਮਤਲਬ ਏ ਕਿ ਉਹ ਸਾਨੂੰ ਸਰਹੰਦ ਦੀ ਫ਼ਤਹਿ ਦੀ ਵਧਾਈ ਦੇਣ ਆ ਰਿਹਾ ਏ ਤੇ ਨਾਲੇ ਸਾਡੀ ਖ਼ੁਸ਼ਾਮਦ ਕਰ ਕੇ ਆਪਣਾ ਰਾਜ-ਭਾਗ ਬਚਾਉਣ ਦਾ ਯਤਨ ਕਰੇਗਾ।"

"ਉਹਨੂੰ ਘਰ ਹੀ ਮਿਲੋਗੇ ?" ਲਾਭ ਚੰਦ ਨੇ ਕਿਹਾ, "ਇਥੇ ਹੀ ਕੁਝ ਬੰਦਿਆਂ ਦੇ ਬੈਠਣ ਤੇ ਖਾਣ-ਪੀਣ ਦਾ ਪ੍ਰਬੰਧ ਕਰੀਏ।"

"ਨਹੀਂ, ਉਹਨੂੰ ਘਰ ਨਹੀਂ ਮਿਲਣਾ," ਜਥੇਦਾਰ ਕਰਮ ਸਿੰਘ ਨੇ ਕਿਹਾ, "ਬਾਹਰ ਹਵੇਲੀ ਵਿਚ ਹੀ ਪ੍ਰਬੰਧ ਕਰਾਂਗੇ। ਤੁਸੀਂ ਜਾ ਕੇ ਜਥੇ ਨੂੰ ਸੂਚਿਤ ਕਰ ਦਿਉ ਕਿ ਅੱਜ ਘਰਾਂ ਨੂੰ ਕੋਈ ਨਾ ਜਾਏ। ਫ਼ੌਜਦਾਰ ਦੇ ਹੋ ਜਾਣ ਪਿੱਛੋਂ ਜਥੇ ਨੂੰ ਘਰੋ-ਘਰੀ ਭੇਜਾਂਗੇ। ਮੈਂ ਵੀ ਹੁਣੇ ਹਵੇਲੀ ਵਿਚ ਆਉਂਦਾ ਹਾਂ।"

ਜਥੇਦਾਰ ਕਰਮ ਸਿੰਘ ਪ੍ਰਸ਼ਾਦਾ ਪਾਣੀ ਛਕ ਰਿਹਾ ਸੀ ਤੇ ਕੋਲ ਬੈਠੀ ਦੀਪੋ ਨਾਲੇ ਤਾਂ ਸੇਵਾ ਕਰ ਰਹੀ ਸੀ ਤੇ ਨਾਲੇ ਘਰ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਹੀ ਸੀ। ਉਹ ਕੋਈ ਅਜਿਹੀ ਗੱਲ ਇਸ ਸਮੇਂ ਨਹੀਂ ਸੀ ਕਰਨਾ ਚਾਹੁੰਦੀ ਜਿਸ ਨਾਲ ਕਰਮ ਸਿੰਘ ਨੂੰ ਗੁੱਸਾ ਆ ਜਾਏ ਜਾਂ ਚਿੰਤਾ ਲੱਗ ਜਾਏ। ਉਹ ਸਿਆਣੀ ਸੀ ਤੇ ਸਮਝਦੀ ਸੀ ਕਿ ਜਿਹੜੀਆਂ ਔਰਤਾਂ ਰੋਟੀ ਖਾਂਦਿਆਂ ਮਰਦਾਂ ਨਾਲ ਚੁਗਲੀ ਨਿੰਦਾ ਜਾਂ ਕਿਸੇ ਦੇ ਵਿਰੋਧ ਦੀ ਗੱਲ ਕਰਦੀਆਂ ਹਨ, ਉਹ ਅਸਲ ਵਿਚ ਮਰਦਾਂ ਦੀ ਸਿਹਤ ਦੀਆਂ ਦੁਸ਼ਮਣ ਹਨ। ਹੱਸਦਿਆਂ ਤੇ ਸ਼ਾਂਤ ਚਿੱਤ ਰੋਟੀ ਪਾਣੀ ਖਾਧਾ ਹੀ ਹਜ਼ਮ ਹੁੰਦਾ ਹੈ। ਜਦੋਂ ਜਥੇਦਾਰ ਕਰਮ ਸਿੰਘ ਤਿਆਰ ਹੋ ਕੇ ਜਾਣ ਲੱਗਾ ਤਾਂ ਦੀਪੋ ਨੇ ਹੌਲੀ ਜਿਹੀ ਆਖਿਆ, "ਫ਼ੌਜਦਾਰ ਕਿਧਰੇ ਹਮਲਾ ਕਰ ਕੇ ਤਾਂ ਨਹੀਂ ਆ ਸਕਦਾ। ਆਪਣਾ ਸੱਜਣ ਤਾਂ ਉਹ ਹੈ ਨਹੀਂ, ਪੂਰੀ ਸਾਵਧਾਨੀ ਵਰਤਣੀ।"

"ਤੂੰ ਫ਼ਿਕਰ ਨਾ ਕਰ," ਜਥੇਦਾਰ ਕਰਮ ਸਿੰਘ ਨੇ ਆਖਿਆ, "ਇਹ ਕੀ, ਹੁਣ ਤਾਂ ਵੱਡੇ ਵੱਡੇ ਫ਼ੌਜਦਾਰਾਂ ਤੇ ਹਾਕਮਾਂ ਦੀ ਹਵਾ ਸਰਕੀ ਪਈ ਏ। ਸਭ ਨੂੰ ਪਤਾ ਏ ਕਿ ਜੇ ਵਜ਼ੀਰ ਖ਼ਾਂ ਮਾਰਿਆ ਜਾ ਸਕਦਾ ਏ ਤਾਂ ਉਹ ਕਿਹੜੇ ਬਾਗ਼ ਦੀ ਮੂਲੀ ਨੇ। ਫ਼ੌਜਦਾਰ ਸਾਡੇ ਨਾਲ ਸਾਂਝ ਵਧਾਣ ਆ ਰਿਹਾ ਏ ਪਰ ਅਸੀਂ ਫਿਰ ਵੀ ਸਾਵਧਾਨ ਹਾਂ। ਮੈਂ ਅੱਜ ਦੇ ਦਿਨ ਲਈ ਸਾਥੀਆਂ ਨੂੰ ਰੋਕ ਲਿਆ ਏ।"

ਜਥੇਦਾਰ ਕਰਮ ਸਿੰਘ ਨੇ ਹਵੇਲੀ ਵਿਚ ਪਹੁੰਚ ਕੇ ਸਾਥੀਆਂ ਨੂੰ ਸਾਰੀ ਸਥਿਤੀ ਤੋਂ ਜਾਣੂੰ ਕਰਾਇਆ ਤੇ ਨਾਲ ਹੀ ਦੱਸਿਆ, "ਸਾਡਾ ਕਰਤਾਰਪੁਰ ਆਉਣ 'ਤੇ ਜੋ ਸੁਆਗਤ ਲੋਕਾਂ ਨੇ ਕੀਤਾ ਹੈ, ਉਸ ਤੋਂ ਸਾਨੂੰ ਵੀ ਸਮਝ ਲੈਣਾ ਚਾਹੀਦਾ ਏ ਕਿ ਲੋਕੀਂ ਸਾਡੇ ਤੋਂ ਚੰਗੇ ਕੰਮਾਂ ਦੀ ਉਮੀਦ ਰੱਖਦੇ ਹਨ। ਲੋਕਾਂ ਨੂੰ ਕੰਮ ਪਿਆਰੇ ਹਨ, ਚੰਮ ਨਹੀਂ। ਪੁਰਾਣੇ ਹਾਕਮਾਂ ਤੋਂ ਲੋਕ ਇਸੇ ਲਈ ਦੁਖੀ ਸਨ ਕਿ ਉਹ ਜੋਕਾਂ ਬਣ ਕੇ ਲੋਕਾਂ ਦਾ ਲਹੂ ਚੂਸ ਰਹੇ ਸਨ। ਆਮ ਆਦਮੀ ਬੇਬੱਸ ਹੈ, ਉਹਦੇ ਕੋਲ ਜ਼ੁਲਮ ਦਾ ਟਾਕਰਾ ਕਰਨ ਦਾ ਸਾਹਸ ਨਹੀਂ। ਸਾਡੇ ਸਾਹਸ ਨੂੰ ਦੇਖ ਕੇ ਲੋਕ, ਸਾਡੇ ਨਾਲ ਖੜੇ ਹੋਣ ਲਈ ਤਿਆਰ ਹੋ ਰਹੇ ਹਨ। ਸਾਡੇ ਵਿਚ ਆਮ ਲੋਕਾਂ ਦਾ ਜੋ ਵਿਸ਼ਵਾਸ ਪੈਦਾ ਹੋ ਰਿਹਾ ਹੈ, ਉਸ ਨੂੰ ਅਸੀਂ ਆਪਣੇ ਅਮਲ ਨਾਲ ਹੋਰ ਮਜ਼ਬੂਤ ਕਰਨਾ ਹੈ। ਲੋਕ-ਸ਼ਕਤੀ ਸਾਡੇ ਨਾਲ ਜੁੜਦੀ ਗਈ ਤਾਂ ਅਸੀਂ ਮੁਗ਼ਲ ਰਾਜ ਨੂੰ ਜੜ੍ਹਾਂ ਤੋਂ ਉਖੇੜ ਸਕਦੇ ਹਾਂ। ਇਸ ਲਈ ਤੁਸੀਂ ਆਪੋ ਆਪਣੇ ਪਿੰਡ ਜਾ ਕੇ ਲੋਕਾਂ ਨੂੰ ਆਪਣੇ ਨਾਲ ਜੋੜੋ। ਉਨ੍ਹਾਂ ਦੇ ਦੁਖ-ਸੁਖ ਵਿਚ ਸਾਥ ਦਿਉ। ਧੀਆਂ ਭੈਣਾਂ ਦੀ ਇੱਜ਼ਤ ਕਰਨੀ ਸਿਖਾਓ ਤੇ ਜੇ ਕਿਸੇ ਦੀ ਇੱਜ਼ਤ ਖ਼ਤਰੇ ਵਿਚ ਹੋਵੇ ਤਾਂ ਆਪਣੀ ਜਾਨ ਦੀ ਬਾਜ਼ੀ ਲਾ ਕੇ ਉਹਦੀ ਰਾਖੀ ਕਰੋ। ਜਿਹੜਾ ਪਿੰਡ ਸਾਰੇ ਦਾ ਸਾਰਾ ਤੁਹਾਡੇ ਨਾਲ ਹੋਵੇ, ਉਸ ਪਿੰਡ ਵਿਚ ਐਲਾਨ ਕਰ ਦਿਓ ਕਿ ਅਸੀਂ ਤੁਹਾਡੀ ਰਾਖੀ ਕਰਾਂਗੇ। ਥੋੜ੍ਹੇ ਦਿਨ ਪਿੰਡ ਰਹਿ ਕੇ ਮੁੜ ਇਥੇ ਆ ਜਾਉ। ਸਰਹੰਦ ਦੀ ਫ਼ਤਹਿ ਪਿੱਛੋਂ ਸਾਡਾ ਸੰਘਰਸ਼ ਖ਼ਤਮ ਨਹੀਂ ਹੋ ਗਿਆ। ਅਜੇ ਅਸੀਂ ਦੁਆਬਾ ਤੇ ਮਾਝਾ ਆਜ਼ਾਦ ਕਰਾਉਣਾ ਹੈ। ਬੰਦਾ ਸਿੰਘ ਬਹਾਦਰ ਛੇਤੀ ਇਧਰ ਆ ਰਹੇ ਹਨ ਤੇ ਅਸੀਂ ਉਨ੍ਹਾਂ ਦੇ ਨਾਲ ਚੱਲਣਾ ਹੈ।"

"ਨਵਾਬ ਸ਼ਾਮ ਨੂੰ ਕਿਉਂ ਆ ਰਿਹਾ ਏ, ਹੁਣੇ ਕਿਉਂ ਨਹੀਂ ਆਇਆ ?" ਇਕ ਸਿੰਘ ਨੇ ਪ੍ਰਸ਼ਨ ਕੀਤਾ।

"ਇਹ ਤਾਂ ਮੈਨੂੰ ਪਤਾ ਨਹੀਂ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਮੇਰਾ ਅਨੁਮਾਨ ਹੈ ਕਿ ਉਹ ਮੁਗ਼ਲਾਂ ਤੋਂ ਡਰਦਾ ਏ। ਅਜੇ ਉਹਦੀ ਮਾਨਸਕ ਸਥਿਤੀ ਸਪੱਸ਼ਟ ਨਹੀਂ। ਉਹ ਮੁਗ਼ਲ ਬਾਦਸ਼ਾਹ ਤੋਂ ਬਾਗ਼ੀ ਵੀ ਨਹੀਂ ਹੋਣਾ ਚਾਹੁੰਦਾ ਹੋਵੇਗਾ। ਹਕੂਮਤਾਂ ਦੇ ਹੱਥ ਬੜੇ ਲੰਮੇ ਹੁੰਦੇ ਹਨ। ਇਨ੍ਹਾਂ ਦੇ ਸੂਹੀਏ ਪਲ ਪਲ ਦੀਆਂ ਖ਼ਬਰਾਂ ਦੇਂਦੇ ਰਹਿੰਦੇ ਹਨ। ਫ਼ੌਜਦਾਰ ਨੂੰ ਜ਼ਰੂਰ ਇਤਲਾਹ ਮਿਲ ਗਈ ਹੋਵੇਗੀ ਕਿ ਬੰਦਾ ਸਿੰਘ ਬਹਾਦਰ ਛੇਤੀ ਦੁਆਬੇ ਵੱਲ ਆ ਰਹੇ ਹਨ। ਉਹ ਚਾਹੁੰਦਾ ਹੋਏਗਾ ਕਿ ਉਹ ਜਲੰਧਰ ਦਾ ਫ਼ੌਜਦਾਰ ਬਣਿਆ ਰਹੇ। ਇਸ ਲਈ ਉਹ ਕਰਤਾਰਪੁਰ ਆ ਰਿਹਾ ਏ। ਉਹ ਸ਼ਾਮ ਨੂੰ ਨਹੀਂ ਹਨੇਰੇ ਪਏ ਆਏਗਾ।"

"ਅਸੀਂ ਅਜਿਹੇ ਫ਼ੌਜਦਾਰ ਨੂੰ ਕਦੇ ਨਹੀਂ ਬਖ਼ਸ਼ ਸਕਦੇ। ਇਹਨੇ ਸਾਡੇ ਨਾਲ ਘੱਟ ਤਾਂ ਨਹੀਂ ਕੀਤੀ," ਇਕ ਹੋਰ ਛੋਟੇ ਜਿਹੇ ਜਥੇ ਦੇ ਜਥੇਦਾਰ ਨੇ ਕਿਹਾ।

"ਤੁਸੀਂ ਠੀਕ ਕਹਿੰਦੇ ਹੋ," ਕਰਮ ਸਿੰਘ ਨੇ ਇਨ੍ਹਾਂ ਸ਼ਬਦਾਂ ਨਾਲ ਹੀ ਉਹਨੂੰ ਸ਼ਾਂਤ ਕਰ ਦਿੱਤਾ ਪਰ ਨਾਲ ਹੀ ਆਖਿਆ, "ਰਾਜਨੀਤੀ ਬਹੁਤ ਵੱਡੀ ਸੂਝ-ਬੂਝ ਤੇ ਬਰਦਾਸ਼ਤ ਸ਼ਕਤੀ ਦਾ ਨਾਮ ਹੈ। ਕਿਸੇ ਵੇਲੇ ਵੱਡੇ ਵਿਰੋਧੀ ਨੂੰ ਸੋਧਣ ਲਈ ਛੋਟੇ ਛੋਟੇ ਵਿਰੋਧੀਆਂ ਨਾਲ ਸਮਝੌਤਾ ਵੀ ਕਰਨਾ ਪੈ ਜਾਂਦਾ ਏ। ਜੇਕਰ ਲਾਹੌਰ 'ਤੇ ਹਮਲੇ ਲਈ ਸਾਨੂੰ ਇਨ੍ਹਾਂ ਫ਼ੌਜਦਾਰਾਂ ਦੀ ਮਦਦ ਮਿਲ ਜਾਏ ਤਾਂ ਲੈ ਲੈਣ ਵਿਚ ਕੋਈ ਹਰਜ ਵੀ ਨਹੀਂ। ਘੱਟੋ ਘੱਟ ਇਨ੍ਹਾਂ ਨਾਲ ਗੱਲ-ਬਾਤ ਦਾ ਰਾਹ ਖੁੱਲ੍ਹਾ ਰੱਖ ਕੇ ਇਨ੍ਹਾਂ ਨੂੰ ਦੁਸ਼ਮਣਾਂ ਦੀ ਮਦਦ 'ਤੇ ਜਾਣ ਤੋਂ ਰੋਕਿਆ ਜਾ ਸਕਦਾ ਏ। ਸਾਡੇ ਵੱਡੇ ਵੱਡੇ ਜਥੇਦਾਰ ਤੇ ਸੂਝਵਾਨ ਹਰ ਗੱਲ ਨੂੰ ਸਾਹਮਣੇ ਰੱਖ ਕੇ ਹੀ ਫ਼ੈਸਲਾ ਕਰਨਗੇ।"

ਇਉਂ ਸਾਰਾ ਦਿਨ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਇਸ ਗੱਲ-ਬਾਤ ਦਾ ਵੱਡਾ ਲਾਭ

ਇਹ ਹੋਇਆ ਕਿ ਸੰਘਰਸ਼ ਵਿਚ ਸ਼ਾਮਲ ਸਾਰੇ ਸਿੰਘਾਂ ਦਾ ਗਿਆਨ ਵਧਿਆ। ਉਨ੍ਹਾਂ ਨੂੰ ਆਪਣੀ ਜਿੱਤ ਪਿੱਛੋਂ ਵਧ ਗਈ ਜ਼ਿੰਮੇਵਾਰੀ ਦਾ ਅਹਿਸਾਸ ਹੋਇਆ, ਰਾਜਨੀਤਕ ਚਾਲਾਂ ਦੀ ਸਮਝ ਪਈ। ਇਹ ਵੀ ਅਨੁਭਵ ਹੋ ਗਿਆ ਕਿ ਜਿਹੜਾ ਦੁਸ਼ਮਣ ਗੁੜ ਦਿੱਤਿਆਂ ਮਰ ਜਾਏ, ਉਹਨੂੰ ਜ਼ਹਿਰ ਦੇਣ ਦੀ ਕੀ ਲੋੜ ਹੈ।

ਉਹੀ ਗੱਲ ਹੋਈ, ਹਨੇਰਾ ਪਏ ਫ਼ੌਜਦਾਰ ਆ ਗਿਆ। ਉਹਦੇ-ਦੋ ਬੰਦੇ ਪਹਿਲਾਂ ਆ ਗਏ ਤੇ ਉਹ ਜਰਨੈਲੀ ਸੜਕ ਤੋਂ ਹਵੇਲੀ ਵੱਲ ਨਾਲ ਲੈ ਆਏ। ਉਨ੍ਹਾਂ ਫ਼ੌਜਦਾਰ ਨੂੰ ਦੱਸ ਦਿੱਤਾ ਕਿ ਇਥੇ ਖ਼ਤਰੇ ਵਾਲੀ ਕੋਈ ਗੱਲ ਨਹੀਂ।

ਫ਼ੌਜਦਾਰ ਰਹੀਮ ਬਖ਼ਸ਼ ਨੇ ਮਿਲਦੇ ਸਾਰ ਹੀ ਜਥੇਦਾਰ ਕਰਮ ਸਿੰਘ ਨੂੰ ਸਰਹੰਦ ਦੀ ਫ਼ਤਹਿ 'ਤੇ ਵਧਾਈ ਦਿੱਤੀ ਤੇ ਨਾਲ ਹੀ ਇਸ ਗੱਲ 'ਤੇ ਵੀ ਖ਼ੁਸ਼ੀ ਪ੍ਰਗਟ ਕੀਤੀ ਕਿ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ 'ਤੇ ਪੂਰਾ ਵਿਸ਼ਵਾਸ ਹੈ ਤੇ ਉਹ ਦੁਆਬੇ ਦੇ ਜਥੇਦਾਰ ਬਣਾਏ ਗਏ ਹਨ। ਫ਼ੌਜਦਾਰ ਨੇ ਖ਼ੁਸ਼ਾਮਦ ਕਰਨ ਲਈ ਇਹ ਵੀ ਗੱਪ ਮਾਰੀ ਕਿ ਉਹਦੇ ਕੋਲ ਕੁਝ ਪਿੰਡਾਂ ਦੇ ਮੁਸਲਮਾਨ ਆਏ ਸਨ ਤੇ ਉਹਨੇ ਸਭ ਨੂੰ ਕਹਿ ਦਿੱਤਾ ਸੀ ਕਿ ਉਹ ਸਿੰਘਾਂ ਦੇ ਸੁਆਗਤ ਲਈ ਖੁੱਲ੍ਹ ਕੇ ਹਿੰਦੂਆਂ ਸਿੱਖਾਂ ਦਾ ਸਾਥ ਦੇਣ। ਜਥੇਦਾਰ ਕਰਮ ਸਿੰਘ ਜਾਣਦਾ ਸੀ ਕਿ ਇਹ ਝੂਠ ਹੈ ਪਰ ਉਹਨੇ ਇਸ ਝੂਠ ਦਾ ਭਾਂਡਾ ਭੰਨਣ ਦੀ ਥਾਂ ਸਮੇਂ ਦੇ ਮਾਹੌਲ ਨੂੰ ਮੁੱਖ ਰੱਖ ਕੇ ਕਿਹਾ, "ਤੁਸੀਂ ਚੰਗਾ ਕੀਤਾ ਏ। ਇਸ ਨਾਲ ਲੋਕਾਂ ਵਿਚ ਏਕਤਾ ਤੇ ਪ੍ਰੇਮ ਭਾਉ ਵਧੇਗਾ। ਰਾਜ-ਸ਼ਕਤੀ ਕਿਸੇ ਦੇ ਹੱਥ ਹੋਵੇ, ਅਸਲ ਤਾਕਤ ਲੋਕਾਂ ਦੀ ਏ ਤੇ ਸਾਨੂੰ ਲੋਕਾਂ ਨੂੰ ਜੋੜਨਾ ਚਾਹੀਦਾ ਏ, ਲੜਾਣਾ ਨਹੀਂ ਚਾਹੀਦਾ।"

"ਮੈਂ ਤੁਹਾਡੀ ਬਹੁਤ ਕਦਰ ਕਰਦਾ ਹਾਂ," ਫ਼ੌਜਦਾਰ ਨੇ ਕਿਹਾ, "ਮੈਨੂੰ ਖ਼ੁਸ਼ੀ ਹੋਈ ਏ ਕਿ ਦੁਆਬੇ ਦੇ ਤੁਸੀਂ ਮੁਖੀ ਥਾਪੇ ਗਏ ਹੋ। ਮੈਂ ਤੁਹਾਨੂੰ ਹਰ ਤਰ੍ਹਾਂ ਨਾਲ ਸਹਿਯੋਗ ਦਿਆਂਗਾ। ਬੱਸ ਆਪਣੀ ਇਕ ਸੁਰ ਗੱਲ ਹੋ ਜਾਏ ਤਾਂ ਇਸ ਵਿਚ ਮੇਰਾ ਵੀ ਲਾਭ ਏ ਤੇ ਤੁਹਾਡਾ ਵੀ।"

"ਮੈਂ ਤੁਹਾਨੂੰ ਸਾਫ਼ ਦੱਸ ਦਿਆਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਬੰਦਾ ਸਿੰਘ ਬਹਾਦਰ ਨੂੰ ਬਾਦਸ਼ਾਹ ਬਣਨ ਦਾ ਕੋਈ ਚਾਅ ਨਹੀਂ। ਉਹ ਤਾਂ ਮੁੱਢਲੇ ਤੌਰ 'ਤੇ ਬੈਰਾਗੀ ਰੁਚੀ ਦੇ ਨੇ, ਪਰ ਉਨ੍ਹਾਂ ਦਾ ਜ਼ਾਲਮ ਹਾਕਮਾਂ ਨਾਲ ਸਮਝੌਤਾ ਨਹੀਂ ਹੋ ਸਕਦਾ। ਤੁਸੀਂ ਆਪਣੇ ਇਲਾਕੇ ਵਿਚ ਕਿਧਰੇ ਬੇਇਨਸਾਫ਼ੀ ਨਾ ਹੋਣ ਦਿਉ। ਹਿੰਦੂ ਸਿਖ ਵੀ ਤੁਹਾਡੇ ਪਾਸੋਂ ਇਨਸਾਫ਼ ਦੀ ਆਸ ਰੱਖਣ। ਆਖ਼ਰ ਸਾਰੀ ਥਾਂ ਸਿਖ ਜਾਂ ਹਿੰਦੂ ਪ੍ਰਬੰਧਕ ਤਾਂ ਲੱਗ ਨਹੀਂ ਜਾਣੇ। ਇਸ ਲਈ ਚੰਗੇ ਮੁਸਲਮਾਨ ਵੀ ਉਸੇ ਤਰ੍ਹਾਂ ਜ਼ਰੂਰੀ ਸਾਥ ਚਾਹੀਦੇ ਹਨ, ਜਿਸ ਤਰ੍ਹਾਂ ਹਿੰਦੂ ਸਿਖ।"

"ਕਦੋਂ ਕੁ ਤਕ ਇਧਰ ਬੰਦਾ ਬਹਾਦਰ ਆ ਸਕਦੇ ਹਨ," ਫ਼ੌਜਦਾਰ ਨੇ ਕਾਫ਼ੀ ਲੰਮੀ ਚੌੜੀ ਗੱਲ-ਬਾਤ ਪਿੱਛੋਂ ਪੁੱਛਿਆ।

"ਅਜੇ ਤਾਂ ਕੋਈ ਵਿਚਾਰ ਨਹੀਂ। ਜਦ ਵੀ ਯੋਜਨਾ ਬਣੀ, ਸਭ ਨੂੰ ਪਤਾ ਲੱਗ ਜਾਏਗਾ," ਜਥੇਦਾਰ ਕਰਮ ਸਿੰਘ ਨੇ ਦੱਸਿਆ।

"ਮੈਂ ਤਾਂ ਚੱਕੀ ਦੇ ਦੋ ਪੁੜਾਂ ਵਿਚ ਪਿਸਦਾ ਰਿਹਾ ਹਾਂ," ਫ਼ੌਜਦਾਰ ਨੇ ਦੱਸਿਆ, "ਇਧਰ ਲਾਹੌਰ ਦਾ ਸੂਬੇਦਾਰ ਢੂੰਡਦਾ ਰਹਿੰਦਾ ਏ ਤੇ ਉਧਰ ਦਿੱਲੀ ਦੀ ਹਕੂਮਤ ਹਰ ਵੇਲੇ ਘੂਰਦੀ ਤੇ ਡਰਾਉਂਦੀ ਏ। ਮੈਨੂੰ ਇਸ ਮੁਸੀਬਤ ਤੋਂ ਛੁਟਕਾਰਾ ਦਵਾਉਣ ਵਿਚ ਤੁਸੀਂ ਮਦਦ ਕਰ ਸਕਦੇ ਹੋ।"

ਇਸ ਤਰ੍ਹਾਂ ਦੀਆਂ ਗੱਲਾਂ ਕਰ ਕੇ ਤੇ ਨਵੀਂ ਸਥਿਤੀ ਵਿਚ ਆਪਣੀ ਥਾਂ ਬਣਾਉਣ ਦਾ ਯਤਨ ਕਰਨ ਪਿੱਛੋਂ ਫ਼ੌਜਦਾਰ ਵਾਪਸ ਜਲੰਧਰ ਚਲਾ ਗਿਆ।

34

ਜਥੇਦਾਰ ਕਰਮ ਸਿੰਘ ਨੇ ਦੁਆਬੇ ਦੇ ਸਿੰਘਾਂ ਦਾ ਇਕ ਇਕੱਠ ਫਗਵਾੜੇ ਨੇੜੇ ਪਲਾਹੀ ਵਿਚ ਬੁਲਾ ਲਿਆ ਹੋਇਆ ਸੀ ਤੇ ਸਾਰੇ ਪਾਸੇ ਜਥਿਆਂ ਨੂੰ ਸੁਨੇਹੇ ਭੇਜੇ ਹੋਏ ਸਨ। ਘਰ ਤੋਂ ਤੁਰਨ ਤੋਂ ਪਹਿਲਾਂ ਦੀਪੋ ਨੂੰ ਉਸ ਸਾਰੀ ਸਥਿਤੀ ਤੋਂ ਜਾਣੂੰ ਕਰਾਇਆ ਤਾਕਿ ਉਹ ਆਉਣ ਵਾਲੇ ਸਮੇਂ ਦੇ ਸੰਕਟ ਲਈ ਤਿਆਰ ਹੋ ਜਾਏ। ਇਸ ਦੇ ਨਾਲ ਆਪਣੇ ਪੁੱਤਰ ਦੀ ਪਾਲਣਾ-ਪੋਸਣਾ ਬੜੇ ਧਿਆਨ ਨਾਲ ਕਰਨ ਦੀ ਪੱਕੀ ਕੀਤੀ। ਸ਼ਾਇਦ ਕਰਮ ਸਿੰਘ ਇਹ ਜਾਣਦਾ ਸੀ ਕਿ ਔਰਤ ਦੀ ਇਹ ਕਮਜ਼ੋਰੀ ਹੁੰਦੀ ਏ ਕਿ ਉਹ ਆਪਣੇ ਪਤੀ ਤੋਂ ਬੱਚਿਆਂ ਬਾਰੇ ਸੰਭਾਲ ਦੀਆਂ ਗੱਲਾਂ ਸੁਣਨਾ ਚਾਹੁੰਦੀ ਏ। ਉਹਦਾ ਮਨ ਸੰਤੁਸ਼ਟ ਹੁੰਦਾ ਹੈ ਜਦੋਂ ਪਿਤਾ ਆਪਣੇ ਬੱਚੇ ਦੇ ਭਵਿੱਖਤ ਦੀ ਕੋਈ ਗੱਲ ਕਰੇ।

ਪਲਾਹੀ ਵਿਚ ਸਿੰਘਾਂ ਦਾ ਤਕੜਾ ਇਕੱਠ ਹੋ ਗਿਆ ਕਿਉਂਕਿ ਸਾਰੀ ਕੌਮ ਚਿੰਤਾਤੁਰ ਸੀ ਕਿ ਹੁਣ ਜੋ ਕੁਝ ਰਾਜ-ਭਾਗ ਮਿਲਿਆ ਹੈ, ਇਸ ਨੂੰ ਕਿਵੇਂ ਪੱਕਾ ਕੀਤਾ ਜਾਏ। ਦਿੱਲੀ ਦੀ ਮੁਗ਼ਲ ਸਰਕਾਰ ਨੇ ਆਪਣੇ ਹੱਥੋਂ ਰਾਜ-ਭਾਗ ਜਾਂਦਾ ਦੇਖ ਕੇ ਕੀ ਵਿਉਂਤ ਬਣਾਈ ਹੈ। ਇਹ ਵੀ ਸਭ ਨੂੰ ਪਤਾ ਸੀ ਕਿ ਸਰਹੰਦ ਤੇ ਸਾਢੌਰੇ ਤੋਂ ਜੋ ਵੀ ਸੂਚਨਾ ਆਏਗੀ, ਉਹ ਪਹਿਲਾਂ ਜਥੇਦਾਰ ਕਰਮ ਸਿੰਘ ਪਾਸ ਪਹੁੰਚੇਗੀ, ਇਸ ਲਈ ਜਥੇਦਾਰ ਕਰਮ ਸਿੰਘ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾ ਰਹੀ ਸੀ। ਜਥੇਦਾਰ ਕਰਮ ਸਿੰਘ ਦੇ ਪਹੁੰਚਦਿਆਂ ਜੈਕਾਰਿਆਂ ਨਾਲ ਆਕਾਸ਼ ਗੂੰਜ ਉਠਿਆ। ਜਿਥੇ ਪਹਿਲਾਂ ਸਿੰਘ ਚੁੱਪ ਚਾਪ ਮੀਟਿੰਗਾਂ ਕਰਦੇ ਤੇ ਸਮੇਂ ਦੇ ਹਾਕਮਾਂ ਦੀਆਂ ਨਜ਼ਰਾਂ ਤੋਂ ਬਚ ਕੇ ਵਿਚਰਦੇ ਸਨ, ਉਥੇ ਹੁਣ ਸਿੰਘ ਇਉਂ ਮਹਿਸੂਸ ਕਰਨ ਲੱਗੇ ਜਿਵੇਂ ਉਨ੍ਹਾਂ ਦਾ ਰਾਜ ਇਸ ਇਲਾਕੇ ਵਿਚ ਵੀ ਹੈ, ਜਿਥੇ ਕੋਈ ਉਨ੍ਹਾਂ ਦੀ ਆਜ਼ਾਦੀ ਵਿਚ ਵਿਘਨ ਨਹੀਂ ਪਾ ਸਕਦਾ।

ਜਥੇਦਾਰ ਕਰਮ ਸਿੰਘ ਨੇ ਅਰਦਾਸਾ ਕੀਤਾ ਤੇ ਫਿਰ ਇਕੱਤਰਤਾ ਸ਼ੁਰੂ ਹੋਈ। ਸਭ ਤੋਂ ਪਹਿਲਾਂ ਜਥੇਦਾਰ ਕਰਮ ਸਿੰਘ ਨੇ ਕਿਹਾ ਕਿ ਸਾਨੂੰ ਪਹਿਲਾਂ ਆਪਣੀ ਕਾਰਗੁਜ਼ਾਰੀ 'ਤੇ ਵਾਰੀ ਵਾਰੀ ਚਾਨਣਾ ਪਾਣਾ ਚਾਹੀਦਾ ਏ। ਅਸੀਂ ਆਮ ਲੋਕਾਂ ਦਾ ਕਿਤਨਾ ਕੁ ਭਰੋਸਾ ਜਿੱਤਿਆ ਹੈ। ਕਿਤਨੇ ਕੁ ਲੋਕ ਸਿਖ ਜੀਵਨ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਹੋਏ ਹਨ। ਹੋਰ ਕਿਸੇ ਧਰਮ ਦੇ ਮੁਖੀਆਂ ਨੇ ਸਰਕਾਰੀ ਤਾਕਤ ਵਰਤ ਕੇ ਜਾਂ ਜਬਰ ਜ਼ੁਲਮ ਨਾਲ ਆਪਣਾ ਧਰਮ ਮੰਨਣ ਲਈ ਲੋਕਾਂ ਨੂੰ ਭਾਵੇਂ ਮਜਬੂਰ ਕੀਤਾ ਹੋਵੇ ਪਰ ਸਿਖ ਦਾ ਜੀਵਨ ਇਤਨਾ ਪ੍ਰਭਾਵਤ ਕਰਨ ਵਾਲਾ ਹੋਣਾ ਚਾਹੀਦਾ ਏ ਕਿ ਲੋਕ ਸਿਖ ਬਣਨਾ ਆਪ ਚਾਹੁਣ। ਸਿੱਖੀ ਜੀਵਨ ਵਿਚ ਖਿੱਚ ਹੋਣੀ ਚਾਹੀਦੀ ਏ। ਉਹਨੇ ਦੱਸਿਆ ਕਿ ਸਰਹੰਦ ਵਿਚ ਸਿੱਖਾਂ ਦੇ ਵਤੀਰੇ ਨੂੰ ਦੇਖ ਦੇ ਇਕ ਫ਼ੌਜੀ ਮੁਖੀ ਦੀਨਦਾਰ ਖ਼ਾਂ ਅੰਮ੍ਰਿਤਪਾਨ ਕਰ ਕੇ ਦੀਨਦਾਰ ਸਿੰਘ ਬਣ ਗਿਆ ਹੈ। ਮੁਗ਼ਲਾਂ ਦਾ ਇਕ ਅਖ਼ਬਾਰ ਨਵੀਸ ਮੀਰ ਨਸੀਰੁਦੀਨ ਸਿੱਖਾਂ ਦੇ ਜੀਵਨ ਨੂੰ ਨਿਡਰਤਾ ਦਾ ਜੀਵਨ ਦੇਖ ਕੇ ਸਿੰਘ ਸੱਜ ਗਿਆ ਏ ਤੇ ਹੁਣ ਉਹਦਾ ਨਾਮ ਮੀਰ ਨਸੀਰ ਸਿੰਘ ਹੈ। ਜਥੇਦਾਰ ਕਰਮ ਸਿੰਘ ਨੇ ਫਿਰ ਦੱਸਿਆ ਕਿ ਜਿਸ ਖ਼ਾਲਸਾ ਰਾਜ ਦੀ ਨੀਂਹ ਬੰਦਾ ਸਿੰਘ ਬਹਾਦਰ ਨੇ ਰੱਖ ਦਿੱਤੀ ਏ, ਉਹਦਾ ਨਵਾਂ ਸਿੱਕਾ ਟਕਸਾਲ ਤੋਂ ਢਲ ਕੇ ਆ ਗਿਆ ਏ ਤੇ ਉਹ ਸਿੱਕਾ ਬੰਦਾ ਸਿੰਘ ਬਹਾਦਰ ਜਾਂ ਹੋਰ ਕਿਸੇ ਨਾਮ 'ਤੇ ਨਹੀਂ, ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਨਾਨਕਸ਼ਾਹੀ ਸਿੱਕਾ ਚਾਲੂ ਕੀਤਾ ਗਿਆ ਹੈ। ਖ਼ੁਸ਼ੀ ਨਾਲ ਇਕੱਤਰਤਾ ਵਿਚ ਮੁੜ ਜੈਕਾਰੇ ਗੂੰਜਣ ਲੱਗ ਪਏ। ਜਥੇਦਾਰ ਨੇ ਨਵੇਂ ਚਾਲੂ ਹੋਏ ਸਿੱਕੇ ਵੀ ਸਭ ਨੂੰ ਵਿਖਾਏ।

ਸਾਰਾ ਵਾਤਾਵਰਣ ਹੀ ਇਸ ਸਮੇਂ ਚੜ੍ਹਦੀ ਕਲਾ ਵਾਲਾ ਬਣ ਗਿਆ। ਫਿਰ ਜਥੇਦਾਰ

ਕਰਮ ਸਿੰਘ ਨੇ ਹਰ ਕਿਸੇ ਨੂੰ ਪੁੱਛਿਆ ਕਿ ਤੁਸੀਂ ਆਪੋ ਆਪਣੇ ਪਿੰਡਾਂ ਵਿਚ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਕੀ ਕੁਝ ਕੀਤਾ ਹੈ ? ਜਿਨ੍ਹਾਂ ਦੁਸ਼ਟਾਂ ਨੇ ਲੋਕਾਂ ਦਾ ਜੀਵਨ ਨਰਕ ਸਮਾਨ ਕੀਤਾ ਹੋਇਆ ਹੈ, ਉਨ੍ਹਾਂ ਦੀ ਸੁਧਾਈ ਲਈ ਕੀ ਕੀਤਾ ਹੈ ?

ਹਰ ਇਕ ਨੇ ਉੱਠ ਕੇ ਆਪੋ ਆਪਣੇ ਇਲਾਕੇ ਵਿਚ ਕੀਤੇ ਕੰਮਾਂ ਦੀ ਜਾਣਕਾਰੀ ਦਿੱਤੀ ਤੇ ਵਿਸਥਾਰ ਨਾਲ ਦੱਸਿਆ ਕਿ ਉਨ੍ਹਾਂ ਨੇ ਕਿਵੇਂ ਲੋਕਾਂ ਵਿਚ ਭਰੋਸਾ ਲਿਆਂਦਾ ਹੈ। ਜਥੇਦਾਰ ਕਰਮ ਸਿੰਘ ਨੇ ਇਸ ਪਿੱਛੋਂ ਦੁਸ਼ਮਣਾਂ ਦੇ ਘਰ ਦੀਆਂ ਗੱਲਾਂ ਵੀ ਦੱਸੀਆਂ। ਉਨ੍ਹਾਂ ਜਾਣਕਾਰੀ ਦਿੱਤੀ ਕਿ ਮੁਗ਼ਲ ਫ਼ੌਜਾਂ ਦਾ ਵੱਡਾ ਹਿੱਸਾ ਬਗ਼ਾਵਤ ਦਬਾਣ ਲਈ ਦੱਖਣ ਵੱਲ ਗਿਆ ਹੋਇਆ ਸੀ ਜਿਸ ਕਰਕੇ ਸਾਨੂੰ ਮੌਕਾ ਮਿਲ ਗਿਆ ਤੇ ਅਸੀਂ ਦਿੱਲੀ ਤੇ ਲਾਹੌਰ ਵਿਚਕਾਰ ਬਹੁਤ ਸਾਰਾ ਇਲਾਕਾ ਆਜ਼ਾਦ ਕਰਵਾ ਲਿਆ ਹੈ। ਹੁਣ ਦਿੱਲੀ ਦੀਆਂ ਮੁਗ਼ਲ ਫ਼ੌਜਾਂ ਛੇਤੀ ਹੀ ਪੰਜਾਬ ਵੱਲ ਧਾਵਾ ਕਰ ਕੇ ਆਉਣ ਵਾਲੀਆਂ ਹਨ। ਜਿਹੜੇ ਮੁਗ਼ਲ ਹਾਕਮਾਂ ਦੇ ਬਣਾਏ ਫ਼ੌਜਦਾਰ ਹਵਾ ਦੇ ਰੁਖ਼ ਨਾਲ ਬਦਲ ਜਾਂਦੇ ਹਨ, ਉਹ ਮੁਗ਼ਲ ਫ਼ੌਜਾਂ ਦੇ ਸਾਡੇ ਵਿਰੁੱਧ ਆਉਂਦਿਆਂ ਮੁੜ ਕੇ ਉਨ੍ਹਾਂ ਨਾਲ ਵਫ਼ਾਦਾਰੀ ਪ੍ਰਗਟ ਕਰਨ ਲੱਗ ਪੈਣਗੇ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਰਾਜਪੂਤਾਨੇ ਵਿਚ ਕਿਧਰੇ 10 ਦਸੰਬਰ 1710 ਈਸਵੀ ਨੂੰ ਸਿੱਖਾਂ ਦੇ ਕਤਲਿਆਮ ਦਾ ਹੁਕਮ ਦੇ ਦਿੱਤਾ ਹੈ। ਉਨ੍ਹਾਂ ਦਾ ਹੁਕਮ ਸਾਰੇ ਸੂਬਿਆਂ ਤੇ ਫ਼ੌਜਦਾਰਾਂ ਨੂੰ ਆ ਗਿਆ ਹੈ ਕਿ ਜਿਥੇ ਗੁਰੂ ਨਾਨਕ ਦੇ ਸਿਖ ਮਿਲ ਜਾਣ, ਕਤਲ ਕਰ ਦਿੱਤੇ ਜਾਣ। ਅਗਲੇ ਕੁਝ ਮਹੀਨਿਆਂ ਤਕ ਉਹ ਸਰਹੰਦ 'ਤੇ ਸਾਰੀ ਮੁਗ਼ਲ ਫ਼ੌਜ ਲੈ ਕੇ ਚੜ੍ਹਨ ਦਾ ਫ਼ੈਸਲਾ ਵੀ ਕਰ ਸਕਦੇ ਹਨ।

ਇਥੇ ਫ਼ੈਸਲਾ ਕੀਤਾ ਗਿਆ ਕਿ ਹੁਣ ਅਵੇਸਲੇ ਹੋਣ ਦਾ ਸਮਾਂ ਨਹੀਂ। ਹਰ ਸਮੇਂ ਪੂਰੀ ਸਾਵਧਾਨੀ ਰੱਖਣੀ ਪਵੇਗੀ। ਮੁਗ਼ਲ ਫ਼ੌਜ ਦੱਖਣ ਵੱਲੋਂ ਆ ਰਹੀ ਏ ਤੇ ਉਹ ਅਵੱਸ਼ ਪੰਜਾਬ ਵੱਲ ਆਏਗੀ। ਨਾ ਫ਼ੌਜ ਵਾਲੇ ਹਥਿਆਰ ਸਾਡੇ ਪਾਸ ਹਨ ਤੇ ਨਾ ਹੀ ਇਤਨੇ ਘੋੜੇ ਆਦਿ। ਇਸ ਲਈ ਮੁਗ਼ਲ ਫ਼ੌਜ ਦੇ ਟਾਕਰੇ ਲਈ ਛਾਪਾਮਾਰ ਲੜਾਈ ਲੜਨੀ ਪਵੇਗੀ। ਤੁਰਤ ਸਾਰੇ ਲੜਨ ਵਾਲੇ ਖ਼ਾਲਸਾ ਜੀ ਪਿੰਡਾਂ ਵਿਚੋਂ ਨਿਕਲ ਕੇ ਪੰਜ ਨਿਸਚਿਤ ਕੇਂਦਰਾਂ ਵਿਚ ਇਕੱਠੇ ਹੋ ਜਾਣ। ਨਾਲ ਹੀ ਇਹ ਵੀ ਨਿਰਣਾ ਲਿਆ ਗਿਆ ਕਿ ਤੁਰਤ ਦੋ ਸਿਆਣੇ ਜਥੇਦਾਰ ਸਰਹੰਦ ਤੇ ਸਾਢੌਰੇ ਭੇਜੇ ਜਾਣ, ਜੋ ਪਤਾ ਲੈ ਕੇ ਆਉਣ ਕਿ ਅਗਲੀ ਕਾਰਵਾਈ ਕਿਵੇਂ ਕਰਨੀ ਹੈ। ਜੇਕਰ ਸਰਹੰਦ ਦੀ ਰਾਖੀ ਲਈ ਜਥੇ ਚਾਹੀਦੇ ਹਨ ਤਾਂ ਦੁਆਬੇ ਦੇ ਜਥੇ ਦੋ ਦਿਨਾਂ ਵਿਚ ਪਹੁੰਚਾਏ ਜਾ ਸਕਦੇ ਹਨ।

ਜਥੇਦਾਰ ਕਰਮ ਸਿੰਘ ਪਲਾਹੀ ਤੋਂ ਕਰਤਾਰਪੁਰ ਆਉਂਦਾ ਹੋਇਆ ਰਸਤੇ ਵਿਚ ਜਲੰਧਰ ਫ਼ੌਜਦਾਰ ਨੂੰ ਮਿਲਣ ਲਈ ਰੁਕ ਗਿਆ। ਜਥੇਦਾਰ ਕਰਮ ਸਿੰਘ ਸਮਝਦਾ ਸੀ ਕਿ ਫ਼ੌਜਦਾਰ ਦੇ ਵਤੀਰੇ ਤੇ ਗੱਲ ਕਰਨ ਦੇ ਤਰੀਕੇ ਤੋਂ ਬਹੁਤ ਕੁਝ ਪਤਾ ਲੱਗ ਜਾਏਗਾ। ਜੋ ਕੁਝ ਉਹ ਮੂੰਹੋਂ ਬੋਲੇਗਾ, ਉਸ ਨਾਲੋਂ ਵਧੇਰੇ ਉਸ ਦਾ ਵਤੀਰਾ ਵਿਆਖਿਆ ਕਰੇਗਾ। ਉਹੀ ਗੱਲ ਹੋਈ। ਜਥੇਦਾਰ ਕਰਮ ਸਿੰਘ ਨੂੰ ਮਿਲਦਿਆਂ ਫ਼ੌਜਦਾਰ ਨੇ ਕਿਹਾ, "ਮੈਂ ਤੁਹਾਡੇ ਵੱਲ ਸੁਨੇਹਾ ਭੇਜਣ ਹੀ ਵਾਲਾ ਸਾਂ ਕਿ ਦਿੱਲੀ ਦੀ ਹਕੂਮਤ ਨੇ ਸਿੱਖਾਂ ਦੇ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਹੁਕਮ ਦਿੱਤਾ ਏ।" ਉਹਨੇ ਜਥੇਦਾਰ ਕਰਮ ਸਿੰਘ ਨੂੰ ਉਹ ਹੁਕਮ ਪੜ੍ਹ ਕੇ ਸੁਣਾਇਆ, ਜਿਸ 'ਤੇ ਬਾਦਸ਼ਾਹ ਬਹਾਦਰ ਸ਼ਾਹ ਦੇ ਦਸਖ਼ਤ ਸਨ। ਇਹ ਹੁਕਮਨਾਮਾ ਅਜਮੇਰ ਤੋਂ ਜਾਰੀ ਕੀਤਾ ਗਿਆ ਸੀ ਕਿ ਸਿਖ ਜਿਥੇ ਵੀ ਮਿਲ ਜਾਣ, ਫ਼ੌਰਨ ਕਤਲ ਕਰ ਦਿੱਤੇ ਜਾਣ। ਫ਼ੌਜਦਾਰ ਨੇ ਦੱਸਿਆ ਕਿ ਬਾਦਸ਼ਾਹ ਨੇ ਫ਼ੈਸਲਾ ਕਰ ਦਿੱਤਾ ਹੈ ਕਿ ਦੱਖਣ ਵੱਲੋਂ ਆਈ ਸਾਰੀ ਮੁਗ਼ਲ ਫ਼ੌਜ ਪੰਜਾਬ ਵਿਚ ਬਗ਼ਾਵਤ ਕੁਚਲਣ ਲਈ ਭੇਜ ਦਿੱਤੀ ਜਾਏ। ਬਹਾਦਰ ਸ਼ਾਹ ਇਸ ਗੱਲ

ਤੋਂ ਬਹੁਤਾ ਨਾਰਾਜ਼ ਹੈ ਕਿ ਉਹਦੇ ਦੱਖਣ ਵਿਚ ਰੁੱਝੇ ਹੋਣ ਸਮੇਂ ਸਿੱਖਾਂ ਨੇ ਨਾਜਾਇਜ਼ ਫ਼ਾਇਦਾ ਉਠਾ ਲਿਆ ਹੈ।

ਫ਼ੌਜਦਾਰ ਤੋਂ ਹੀ ਜਥੇਦਾਰ ਕਰਮ ਸਿੰਘ ਨੂੰ ਇਹ ਜਾਣਕਾਰੀ ਵੀ ਮਿਲ ਗਈ ਕਿ ਬਹਾਦਰ ਸ਼ਾਹ ਨੇ ਸਾਰੇ ਸਥਾਨਕ ਹਾਕਮਾਂ ਨੂੰ ਇਹ ਵੀ ਹੁਕਮ ਭੇਜਿਆ ਹੈ ਕਿ ਸਭ ਹਿੰਦੂਆਂ ਨੂੰ ਹੁਕਮ ਦਿਉ ਕਿ ਉਹ ਦਾਹੜੀਆਂ ਮੁਨਾ ਦੇਣ। ਹਿੰਦੂਆਂ ਦੀਆਂ ਦਾਹੜੀਆਂ ਤੋਂ ਸਿੱਖਾਂ ਦੀਆਂ ਦਾਹੜੀਆਂ ਦਾ ਭੁਲੇਖਾ ਪੈਂਦਾ ਹੈ। ਜੇਕਰ ਹਿੰਦੂ ਦਾਹੜੀਆਂ ਨਾ ਮੁੰਨਣ ਤਾਂ ਉਨ੍ਹਾਂ ਵਿਰੁੱਧ ਵੀ ਕਾਰਵਾਈ ਕੀਤੀ ਜਾਏ। ਫ਼ੌਜਦਾਰ ਨੇ ਸਲਾਹ ਦਿੱਤੀ ਕਿ ਉਹ ਆਪਣੀਆਂ ਸਰਗਰਮੀਆਂ ਬੰਦ ਕਰ ਦੇਣ। ਕੁਝ ਸਮੇਂ ਲਈ ਕਰਤਾਰਪੁਰ ਛੱਡ ਕੇ ਕਿਧਰੇ ਗੁਪਤਵਾਸ ਵਿਚ ਚਲੇ ਜਾਣ। ਉਹਨੇ ਇਹ ਵੀ ਸਾਫ਼ ਕਿਹਾ ਕਿ ਹੁਣ ਦਿੱਲੀ ਤਕ ਸਭ ਨੂੰ ਪਤਾ ਹੈ ਕਿ ਜਥੇਦਾਰ ਕਰਮ ਸਿੰਘ ਦੁਆਬੇ ਵਿਚ ਸਿਖ ਬਗ਼ਾਵਤ ਦਾ ਮੁਖੀ ਹੈ ਅਤੇ ਕਰਤਾਰਪੁਰ ਰਹਿੰਦਾ ਹੈ। ਇਸ ਲਈ ਮੇਰੇ ਤੋਂ ਵੀ ਜਵਾਬ ਤਲਬੀ ਹੋਵੇਗੀ ਕਿ ਮੈਂ ਕੀ ਕਾਰਵਾਈ ਕੀਤੀ ਹੈ। ਮੇਰੇ ਸਰਕਾਰ ਵਿਚ ਵੀ ਦੁਸ਼ਮਣ ਹਨ। ਲਾਹੌਰ ਦਾ ਸੂਬਾ ਵੀ ਮੇਰੀ ਥਾਂ ਆਪਣੇ ਕਿਸੇ ਖ਼ਾਸ ਬੰਦੇ ਨੂੰ ਫ਼ੌਜਦਾਰ ਲਾਉਣਾ ਚਾਹੁੰਦਾ ਹੈ। ਇਸ ਲਈ ਉਹ ਵੀ ਇਸ ਮੌਕੇ ਦਾ ਫ਼ਾਇਦਾ ਉਠਾਏਗਾ।

ਜਥੇਦਾਰ ਕਰਮ ਸਿੰਘ ਨੇ ਚੁੱਪ ਕਰ ਕੇ ਸਾਰੀ ਗੱਲ ਸੁਣੀ ਤੇ ਆਪਣਾ ਤੁਰਤ ਪ੍ਰਭਾਵ ਦੇਣ ਦਾ ਯਤਨ ਨਾ ਕੀਤਾ। ਸਿਰਫ਼ ਇਤਨਾ ਕਿਹਾ, "ਅਸੀਂ ਤਾਂ ਆਪਣਾ ਸਿਰ ਤਲੀ 'ਤੇ ਰੱਖ ਕੇ ਇਸ ਸੰਘਰਸ਼ ਵਿਚ ਨਿਕਲੇ ਹਾਂ। ਕਿਸੇ ਜ਼ਬਰਦਸਤੀ ਸਿਖ ਤਾਂ ਬਣਾਇਆ ਨਹੀਂ। ਸਵੈ-ਇੱਛਾ ਨਾਲ ਇਸ ਮਾਰਗ ਦੇ ਪਾਂਧੀ ਬਣੇ ਹਾਂ। ਸੱਚ ਇਨਸਾਫ਼ ਲਈ ਲੜ ਰਹੇ ਹਾਂ। ਜੋ ਵਾਹਿਗੁਰੂ ਨੂੰ ਮਨਜ਼ੂਰ ਹੋਇਆ, ਉਹਦੀ ਰਜ਼ਾ ਵਿਚ ਅਸੀਂ ਖ਼ੁਸ਼ ਹੋਵਾਂਗੇ। ਕਾਇਰਾਂ ਵਾਂਗ ਤਾਂ ਭੱਜ ਨਹੀਂ ਸਕਦੇ, ਕੰਡ ਨਹੀਂ ਦੇ ਸਕਦੇ। ਲੜਾਂਗੇ ਅਵੱਸ਼, ਪਰ ਹਾਲਾਤ ਤੇ ਮਾਹੌਲ ਅਨੁਸਾਰ ਪੈਂਤੜਾ ਬਦਲ ਸਕਦੇ ਹਾਂ," ਇਸ ਪਿੱਛੋਂ ਫ਼ੌਜਦਾਰ ਦੇ ਚਿਹਰੇ ਦਾ ਰੰਗ ਢੰਗ ਤੇ ਆਪਣੀਆਂ ਗੱਲਾਂ ਦਾ ਅਸਰ ਦੇਖ ਕੇ ਫਿਰ ਜਥੇਦਾਰ ਨੇ ਕਿਹਾ, "ਮੈਨੂੰ ਇਹ ਹਕੂਮਤ ਦੀ ਨੀਤੀ ਦੀ ਪਹਿਲਾਂ ਸੂਚਨਾ ਮਿਲ ਚੁੱਕੀ ਏ, ਮੈਂ ਇਸ ਦੇ ਬਾਵਜੂਦ ਤੁਹਾਨੂੰ ਮਿਲਣ ਲਈ ਆ ਗਿਆ ਹਾਂ, ਇਹ ਕਹਿਣ ਲਈ ਕਿ ਆਪਣੀ ਦੋਸਤੀ ਤੇ ਪਹਿਲਾਂ ਕੀਤੇ ਵਚਨਾਂ ਦਾ ਖ਼ਿਆਲ ਰੱਖਣਾ। ਤੁਸੀਂ ਸਿੱਖਾਂ ਵਿਰੁੱਧ ਕਾਰਵਾਈ ਕਰਨ ਤੋਂ ਸੰਕੋਚ ਕਰਨਾ। ਹਿੰਦੂਆਂ ਨੂੰ ਦਾਹੜੀਆਂ ਮੁੰਨਣ ਲਈ ਮਜਬੂਰ ਨਾ ਕਰਨਾ। ਇਹ ਲੋਕਾਂ ਦਾ ਨਿੱਜੀ ਮਾਮਲਾ ਏ, ਕੋਈ ਹਾਕਮ ਇਸ ਵਿਚ ਕਿਉਂ ਦਖ਼ਲ ਦੇਵੇ। ਜੇ ਤੁਸੀਂ ਕੋਈ ਸਿਖ ਸ਼ਹੀਦ ਕੀਤਾ ਜਾਂ ਜ਼ਬਰਦਸਤੀ ਕਿਸੇ ਹਿੰਦੂ ਦੀ ਦਾਹੜੀ ਮੁੰਨੀ ਤਾਂ ਅਸੀਂ ਵੀ ਜਵਾਬੀ ਕਾਰਵਾਈ ਕਰਾਂਗੇ। ਸਾਡਾ ਫਿਰ ਪਹਿਲਾਂ ਕੀਤਾ ਸਮਝੌਤਾ ਆਪਣੇ ਆਪ ਟੁੱਟ ਜਾਵੇਗਾ।"

"ਤੁਸੀਂ ਤੇ ਮੈਨੂੰ ਹੁਣੇ ਧਮਕੀਆਂ ਦੇਣ ਲੱਗ ਪਏ ਹੋ ?" ਫ਼ੌਜਦਾਰ ਨੇ ਗੁੱਸਾ ਮਹਿਸੂਸ ਕਰਦਿਆਂ ਕਿਹਾ, "ਮੈਂ ਕਿਵੇਂ ਕਾਰਵਾਈ ਨਹੀਂ ਕਰਾਂਗਾ, ਜਦ ਹਕੂਮਤ ਚੜ੍ਹ ਕੇ ਆ ਜਾਏਗੀ। ਆਖ਼ਰ ਮੈਂ ਵੀ ਤਾਂ ਕਿਸੇ ਨੂੰ ਜਵਾਬ-ਦੇਹ ਹਾਂ।"

"ਤੁਹਾਨੂੰ ਧਮਕੀਆਂ ਦੇਣੀਆਂ ਹੁੰਦੀਆਂ ਤਾਂ ਜਲੰਧਰ ਮਿਲਣ ਨਾ ਆਉਂਦਾ। ਕਿਸੇ ਹੱਥ ਹੀ ਸੁਨੇਹਾ ਭੇਜ ਦਿੰਦਾ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਮੁਗ਼ਲ ਫ਼ੌਜਾਂ ਨਾਲ ਸਾਡੀ ਲੜਾਈ ਅਵੱਸ਼ ਹੋਏਗੀ। ਦੇਸ਼ ਦੇ ਲੋਕ ਸਾਡੇ ਨਾਲ ਹਨ। ਇਸ ਲਈ ਅੱਜ ਨਹੀਂ ਤਾਂ ਕੱਲ੍ਹ ਅਸੀਂ ਮੁਗ਼ਲਾਂ ਤੋਂ ਆਪਣਾ ਦੇਸ਼ ਆਜ਼ਾਦ ਕਰਵਾ ਹੀ ਲੈਣਾ ਹੈ। ਤੁਸੀਂ ਸਾਡੇ ਵੱਲ ਦੋਸਤੀ ਦਾ ਹੱਥ ਵਧਾਇਆ ਸੀ, ਜੇ ਤੁਸੀਂ ਉਹ ਖਿੱਚ ਲਉਗੇ ਤਾਂ ਅਸੀਂ ਫਿਰ ਹੋਰ

ਕੀ ਕਰ ਸਕਦੇ ਹਾਂ। ਮੈਂ ਦੱਸ ਦਿਆਂ ਕਿ ਜੋ ਸਾਡੇ ਦੁਸ਼ਮਣਾਂ ਨਾਲ ਖੜਾ ਹੈ, ਉਹ ਸਾਡਾ ਮਿੱਤਰ ਨਹੀਂ, ਦੁਸ਼ਮਣ ਹੀ ਸਮਝਿਆ ਜਾਏਗਾ।"

ਜਥੇਦਾਰ ਕਰਮ ਸਿੰਘ ਨੇ ਛੇਤੀ ਉੱਠ ਕੇ ਤੁਰਨ ਦੀ ਕੀਤੀ। ਉਹ ਜੋ ਸਮਝਣਾ ਚਾਹੁੰਦਾ ਸੀ, ਉਹ ਸਮਝ ਗਿਆ ਸੀ। ਫ਼ੌਜਦਾਰ ਦਾ ਵਤੀਰਾ ਬਿਲਕੁਲ ਬਦਲਿਆ ਹੋਇਆ ਸੀ। ਜਥੇਦਾਰ ਕਰਮ ਸਿੰਘ ਨੇ ਕਰਤਾਰਪੁਰ ਆ ਕੇ ਆਪਣੇ ਸਾਥੀਆਂ ਤੇ ਜਥੇ ਦੇ ਮੈਂਬਰਾਂ ਨੂੰ ਸਮਝਾ ਦਿੱਤਾ ਕਿ ਆਪਣੇ ਆਪਣੇ ਪਰਵਾਰਾਂ ਦੀ ਸੰਭਾਲ ਕਰ ਕੇ ਛੇਤੀ ਆ ਜਾਉ। ਅਸੀਂ ਸਾਰੇ ਇਕੱਠੇ ਰਹਾਂਗੇ ਤੇ ਸਾਢੌਰੇ ਤੋਂ ਬੰਦਾ ਸਿੰਘ ਬਹਾਦਰ ਦਾ ਜੋ ਆਦੇਸ਼ ਆਏਗਾ, ਉਸ ਮੁਜਬ ਭਵਿੱਖਤ ਦੀ ਕਾਰਵਾਈ ਦਾ ਫ਼ੈਸਲਾ ਕਰਾਂਗੇ। ਦੋਵੇਂ ਵੇਲੇ ਪਾਠ ਪਿੱਛੋਂ ਅਰਦਾਸ ਕਰਨੀ ਕਿ ਸੱਚੇ ਪਾਤਿਸ਼ਾਹ, ਸਾਨੂੰ ਸੱਚ, ਇਨਸਾਫ਼ ਤੇ ਹੱਕ 'ਤੇ ਡਟਣ ਦੀ ਸ਼ਕਤੀ ਦੇਵੀਂ, ਜ਼ੁਲਮ, ਬੇਇਨਸਾਫ਼ੀ ਤੇ ਧੱਕੇ ਨਾਲ ਟੱਕਰ ਦਾ ਬਲ ਬਖ਼ਸ਼ੀਂ।

35

ਪਲਾਹੀ ਤੋਂ ਸਰਹੰਦ ਤੇ ਸਾਢੌਰਾ ਵੱਲ ਭੇਜੇ ਦੋਵੇਂ ਸਿੰਘ ਵਾਪਸ ਆ ਗਏ। ਉਨ੍ਹਾਂ ਨੇ ਸੂਚਨਾ ਦਿੱਤੀ ਕਿ ਬਹਾਦਰ ਸ਼ਾਹ ਬਾਦਸ਼ਾਹ ਲੱਖਾਂ ਦੀ ਗਿਣਤੀ ਵਿਚ ਫ਼ੌਜ ਲੈ ਕੇ ਸਰਹੰਦ ਵੱਲ ਆ ਰਿਹਾ ਹੈ। ਉਸ ਦੇ ਪਾਸ ਬਹੁਤ ਸਾਰੀਆਂ ਤੋਪਾਂ ਤੇ ਹਾਥੀ ਵੀ ਹਨ। ਉਹਨੇ ਸਾਰੇ ਦੇਸ਼ ਵਿਚ ਰਾਜਿਆਂ, ਸੂਬਿਆਂ, ਫ਼ੌਜਦਾਰਾਂ ਤੇ ਕਿਲ੍ਹੇਦਾਰਾਂ ਨੂੰ ਹੁਕਮ ਭੇਜਿਆ ਹੈ ਕਿ ਸਾਰੀ ਫ਼ੌਜੀ ਤਾਕਤ ਨਾਲ ਸਰਹੰਦ ਨੂੰ ਚਾਰ ਚੁਫੇਰਿਉਂ ਘੇਰਿਆ ਜਾਏ। ਉਹ ਘੇਰਾ ਪੈਣਾ ਵੀ ਸ਼ੁਰੂ ਹੋ ਗਿਆ ਹੈ। ਅਸੀਂ ਮੁਸ਼ਕਲ ਨਾਲ ਨਿਕਲ ਕੇ ਆਏ ਹਾਂ।

"ਸਰਹੰਦ ਅੰਦਰ ਖ਼ਾਲਸਾ ਫ਼ੌਜ ਕਿਤਨੀ ਕੁ ਹੈ ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ, "ਉਨ੍ਹਾਂ ਦੀ ਰਣ-ਨੀਤੀ ਕੀ ਏ ? ਸਾਡੇ ਲਈ ਉਨ੍ਹਾਂ ਕੀ ਸੁਨੇਹਾ ਦਿੱਤਾ ਏ ?"

"ਉਨ੍ਹਾਂ ਫ਼ੈਸਲਾ ਕੀਤਾ ਏ ਕਿ ਜੰਗ ਕਰਨ ਦਾ ਲਾਭ ਨਹੀਂ। ਸਾਰੇ ਭਾਰਤ ਦੀ ਫ਼ੌਜੀ ਸ਼ਕਤੀ ਲੈ ਕੇ ਆ ਰਹੇ ਮੁਗ਼ਲਾਂ ਨਾਲ ਅਸੀਂ ਸਿੱਧੀ ਟੱਕਰ ਨਹੀਂ ਲੈ ਸਕਦੇ। ਇਸ ਲਈ ਰਾਜਨੀਤਕ ਚਾਲ ਨਾਲ ਲੜਨਾ ਚਾਹੀਦਾ ਏ। ਫ਼ਤਹਿ ਸਿੰਘ ਤੇ ਆਲੀ ਸਿੰਘ ਹੋਰੀਂ ਤਾਂ ਮੋਰਚੇ ਬਣਾ ਕੇ ਲੜਨ ਲਈ ਡਟ ਗਏ ਹਨ। ਕੁਝ ਜਥਿਆਂ ਨੂੰ ਉਨ੍ਹਾਂ ਮਾਲਵੇ ਵੱਲ ਤੋਰ ਦਿੱਤਾ ਏ, ਜੋ ਵੱਖ ਵੱਖ ਇਲਾਕਿਆਂ ਵਿਚ ਆਪਣਾ ਰਾਜ ਕਾਇਮ ਕਰਨਗੇ। ਮੁਗ਼ਲ ਫ਼ੌਜ ਸਰਹੰਦ ਵਿਚ ਜਿਤਨਾ ਸਮਾਂ ਲੜਨ ਵਿਚ ਲਾਏਗੀ, ਖ਼ਾਲਸਾ ਹੋਰ ਖੇਤਰਾਂ ਵਿਚ ਆਪਣੀ ਸ਼ਕਤੀ ਜਥੇਬੰਦ ਕਰ ਲਵੇਗਾ ਜਾਂ ਬਾਹਰੋਂ ਹਥਿਆਰ ਤੇ ਸਿੰਘ ਇਕੱਠੇ ਕਰ ਕੇ ਮੁਗ਼ਲ ਫ਼ੌਜਾਂ 'ਤੇ ਛਾਪੇ ਮਾਰੇ ਜਾਣਗੇ। ਸਰਹੰਦ ਤਾਂ ਹੁਣ ਆਪਣੇ ਕਬਜ਼ੇ ਵਿਚ ਨਹੀਂ ਰਹਿ ਸਕਦੀ, ਹੋਰ ਇਲਾਕੇ ਮੱਲੇ ਜਾਣਗੇ।"

"ਤੁਸੀਂ ਬੰਦਾ ਸਿੰਘ ਬਹਾਦਰ ਨੂੰ ਮਿਲੇ ਸੀ ? ਉਹ ਸਰਹੰਦ ਵਿਚ ਹਨ ਜਾਂ ਸਾਢੌਰੇ ? ਸਾਡੇ ਬਾਰੇ ਉਨ੍ਹਾਂ ਕੀ ਆਦੇਸ਼ ਦਿੱਤਾ ਏ ?" ਜਥੇਦਾਰ ਕਰਮ ਸਿੰਘ ਦਾ ਅਗਲਾ ਸਵਾਲ ਸੀ।

"ਬੰਦਾ ਸਿੰਘ ਬਹਾਦਰ ਤਾਂ ਉਥੇ ਹੈ ਨਹੀਂ," ਇਕ ਸਿੰਘ ਨੇ ਦੱਸਿਆ, "ਅਸੀਂ ਉਨ੍ਹਾਂ ਬਾਰੇ ਪੁੱਛਿਆ ਸੀ ਤਾਂ ਪਤਾ ਲੱਗਾ ਕਿ ਉਹ ਸਾਢੌਰੇ ਵੀ ਨਹੀਂ। ਫ਼ੌਜਾਂ ਲੈ ਕੇ ਕਿਸੇ ਪਾਸੇ ਨਿਕਲ ਗਏ ਹਨ।"

"ਇਹਦਾ ਮਤਲਬ ਏ ਕਿ ਸਰਹੰਦ ਵਿਚ ਮੌਜੂਦ ਸਿੰਘਾਂ ਨੇ ਆਪੇ ਹੀ ਰਣਨੀਤੀ ਬਣਾ

ਲਈ ਏ ?" ਜਥੇਦਾਰ ਕਰਮ ਸਿੰਘ ਨੇ ਹੈਰਾਨੀ ਨਾਲ ਪੁੱਛਿਆ, "ਇਤਨਾ ਵੱਡਾ ਫ਼ੈਸਲਾ ਉਹ ਆਪ ਤਾਂ ਕਰ ਨਹੀਂ ਸਕਦੇ।"

"ਸਾਨੂੰ ਉਨ੍ਹਾਂ ਦੱਸਿਆ ਸੀ ਕਿ ਇਹ ਆਦੇਸ਼ ਬੰਦਾ ਸਿੰਘ ਬਹਾਦਰ ਦਾ ਹੀ ਹੈ। ਸਾਨੂੰ ਇਹ ਤਾਂ ਪਤਾ ਨਹੀਂ ਕਿ ਬੰਦਾ ਸਿੰਘ ਬਹਾਦਰ ਸਰਹੰਦ ਆਏ ਸੀ ਜਾਂ ਸਾਡੇ ਸੂਬੇਦਾਰ ਤੇ ਉਹਦੇ ਸਾਥੀ ਸਾਢੌਰੇ ਗਏ ਸਨ।"

"ਫਿਰ ਇਹ ਤਾਂ ਅੱਧੀ ਪੜਤਾਲ ਕਰ ਕੇ ਆਏ ਹੋ," ਕਰਮ ਸਿੰਘ ਨੇ ਕਿਹਾ, "ਤੁਹਾਨੂੰ ਭੇਜਣ ਦਾ ਮੇਰਾ ਅਸਲ ਮਨੋਰਥ ਤਾਂ ਆਪਣੇ ਲਈ ਹੁਕਮ ਲਿਆਉਣ ਦਾ ਸੀ। ਸਾਨੂੰ ਕੀ ਕਰਨਾ ਚਾਹੀਦਾ ਏ ਤੇ ਅਸੀਂ ਕਿਧਰ ਨੂੰ ਜਾਈਏ।"

"ਤੁਹਾਡੇ ਬਾਰੇ ਅਸੀਂ ਸੰਦੇਸ਼ਾ ਲਿਆਏ ਹਾਂ," ਦੂਜੇ ਸਿੰਘ ਨੇ ਦੱਸਿਆ, "ਕਹਿੰਦੇ ਸਨ ਕਿ ਰੌਲਾ ਨਾ ਪਵੇ, ਨਹੀਂ ਤੇ ਸਾਧਾਰਨ ਲੋਕ ਘਬਰਾ ਜਾਣਗੇ। ਜੋ ਸਾਡੀ ਸਹਾਇਤਾ ਕਰਦੇ ਤੇ ਸਾਥ ਦਿੰਦੇ ਪਏ ਹਨ, ਉਨ੍ਹਾਂ ਵਿਚ ਨਿਰਾਸ਼ਤਾ ਆ ਸਕਦੀ ਏ, ਇਸ ਲਈ ਆਪਣਾ ਕਾਰਜ ਹੁਣ ਕਾਫ਼ੀ ਗੁਪਤ ਰੱਖਣਾ ਪਵੇਗਾ।"

"ਗੱਲ ਤਾਂ ਕਾਰਜ ਦੀ ਏ ? ਉਹ ਕੀ ਕੀਤਾ ਜਾਏ ?" ਜਥੇਦਾਰ ਕਰਮ ਸਿੰਘ ਨੇ ਉਤਾਵਲਤਾ ਪ੍ਰਗਟ ਕਰਦਿਆਂ ਕਿਹਾ।

"ਸਾਨੂੰ ਦੁਆਬੇ ਦੇ ਸਿੰਘਾਂ ਨੂੰ ਅਨੰਦਪੁਰ ਸਾਹਿਬ ਇਕੱਠੇ ਹੋਣਾ ਚਾਹੀਦਾ ਏ। ਬੰਦਾ ਸਿੰਘ ਬਹਾਦਰ ਪਹਾੜਾਂ ਵੱਲ ਨਿਕਲ ਗਏ ਹਨ ਤੇ ਬਾਈਧਾਰ ਦੇ ਰਾਜਿਆਂ ਨੂੰ ਉਨ੍ਹਾਂ ਦੇ ਕੁਕਰਮਾਂ ਦੀ ਸਜ਼ਾ ਦੇਣੀ ਚਾਹੁੰਦੇ ਹਨ। ਜਿਥੇ ਤੁਹਾਡੀ ਲੋੜ ਹੋਈ, ਉਹ ਤੁਹਾਨੂੰ ਅਨੰਦਪੁਰ ਵਿਚ ਹੀ ਸੰਦੇਸ਼ਾ ਭੇਜਣਗੇ। ਤੁਹਾਡੇ ਬਾਰੇ ਸਰਹੰਦ ਵਿਚ ਇਹ ਸਪੱਸ਼ਟ ਆਦੇਸ਼ ਸੀ। ਮਾਝੇ ਦੇ ਸਿੰਘਾਂ ਨੂੰ ਤਰਨ ਤਾਰਨ ਇਕੱਠੇ ਹੋਣ ਲਈ ਕਿਹਾ ਗਿਆ ਹੈ ਤਾਕਿ ਸ੍ਰੀ ਅੰਮ੍ਰਿਤਸਰ ਜੇਕਰ ਹਰਿਮੰਦਰ ਸਾਹਿਬ ਨੂੰ ਹਕੂਮਤ ਨੁਕਸਾਨ ਪਹੁੰਚਾਣ ਦਾ ਯਤਨ ਕਰੇ ਤਾਂ ਉਹ ਤੁਰਤ ਅੰਮ੍ਰਿਤਸਰ ਪਹੁੰਚ ਕੇ ਰਾਖੀ ਕਰ ਸਕਣ। ਇਸੇ ਤਰ੍ਹਾਂ ਮਾਲਵੇ ਦੇ ਜਥਿਆਂ ਨੂੰ ਸਾਬੋ ਕੀ ਤਲਵੰਡੀ ਨਾਲ ਸੰਪਰਕ ਕਾਇਮ ਕਰਨ ਲਈ ਆਖਿਆ ਗਿਆ ਏ।"

"ਇਹ ਹੋਈ ਨਾ ਗੱਲ," ਜਥੇਦਾਰ ਕਰਮ ਸਿੰਘ ਨੇ ਸੰਤੁਸ਼ਟਤਾ ਪ੍ਰਗਟ ਕੀਤੀ, "ਇਹੀ ਮੈਂ ਜਾਣਨਾ ਚਾਹੁੰਦਾ ਸਾਂ, ਜੋ ਤੁਸੀਂ ਪਿੱਛੋਂ ਦੱਸਣ ਲਈ ਸਾਂਭੀ ਬੈਠੇ ਸੀ। ਠੀਕ ਏ, ਤੁਸੀਂ ਆਪਣੇ ਦੁਆਬੇ ਦੇ ਪੰਜਾਂ ਹੀ ਕੇਂਦਰਾਂ 'ਤੇ ਇਹ ਸੰਦੇਸ਼ ਪਹੁੰਚਾ ਦਿਓ ਕਿ ਸਭ ਸਿੰਘ ਅਨੰਦਪੁਰ ਸਾਹਿਬ ਸ਼ਸਤਰ-ਬਸਤਰ ਲੈ ਕੇ ਪਹੁੰਚ ਜਾਣ। ਬੀਮਾਰ ਤੇ ਬਜ਼ੁਰਗ ਪਿੱਛੇ ਘਰਾਂ ਦੀ ਰਾਖੀ ਕਰਨ। ਕਰਤਾਰਪੁਰ ਦੇ ਇਲਾਕੇ ਵਿਚ ਮੈਂ ਆਪੇ ਸਭ ਥਾਂ ਸੁਨੇਹੇ ਭੇਜ ਲਵਾਂਗਾ।"

ਜਥੇਦਾਰ ਕਰਮ ਸਿੰਘ ਘਰ ਆਇਆ ਤਾਂ ਪਿਤਾ ਲਾਭ ਚੰਦ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਨੂੰ ਇਹ ਵੀ ਦੱਸਿਆ, "ਬਹਾਦਰ ਸ਼ਾਹ ਨੇ ਸਿੱਖਾਂ ਦੇ ਕਤਲ-ਏ-ਆਮ ਦਾ ਹੁਕਮ ਜਾਰੀ ਕਰ ਦਿੱਤਾ ਹੈ। ਦੂਜੇ ਪਾਸੇ ਉਹ ਪੰਜਾਬ ਵੱਲ ਚੜ੍ਹ ਕੇ ਆ ਰਿਹਾ ਏ। ਸਰਹੰਦ ਵਿਚ ਤਾਂ ਘਮਸਾਨ ਦਾ ਯੁੱਧ ਸ਼ੁਰੂ ਵੀ ਹੋ ਚੁੱਕਿਆ ਹੋਵੇਗਾ। ਅਸੀਂ ਦੁਆਬੇ ਦੇ ਸਿੰਘ ਅਨੰਦਪੁਰ ਪਹੁੰਚ ਰਹੇ ਹਾਂ। ਹੋ ਸਕਦਾ ਏ ਪਿੱਛੋਂ ਫ਼ੌਜਦਾਰ ਤੁਹਾਨੂੰ ਤੰਗ ਕਰੇ ਜਾਂ ਸਖ਼ਤੀ ਕਰ ਕੇ ਤੁਹਾਨੂੰ ਕੁਝ ਕਹੇ। ਜੇ ਲੋੜ ਸਮਝੀ ਤਾਂ ਕੁਝ ਸਮੇਂ ਲਈ ਤੁਸੀਂ ਵੀ ਇਧਰ ਉਧਰ ਹੋ ਜਾਣਾ।"

"ਨਹੀਂ ਬਈ, ਅਸੀਂ ਕਰਤਾਰਪੁਰ ਨਹੀਂ ਛੱਡ ਸਕਦੇ," ਲਾਭ ਚੰਦ ਨੇ ਤੁਰਤ ਉੱਤਰ ਦਿੱਤਾ, "ਹਰ ਕੋਈ ਜਾਣਦਾ ਏ ਦੁਆਬੇ ਵਿਚ ਸਿਖ ਲਹਿਰ ਦਾ ਕੇਂਦਰ ਕਰਤਾਰਪੁਰ ਏ ਤੇ ਇਥੇ ਹੀ ਜਥੇਦਾਰ ਕਰਮ ਸਿੰਘ ਦਾ ਪਰਵਾਰ ਰਹਿ ਰਿਹਾ ਹੈ। ਲੋਕਾਂ ਨਾਲ ਜੋ ਕੁਝ ਬੀਤੇਗੀ

ਜਾਂ ਜੋ ਸਖ਼ਤੀ ਹੋਏਗੀ, ਉਹ ਦੁਖ ਦੱਸਣ ਲਈ ਸਾਡੇ ਪਾਸ ਆਉਣਗੇ। ਜੇ ਅਸੀਂ ਤੁਰ ਗਏ ਤਾਂ ਵਿਰੋਧੀ ਪ੍ਰਚਾਰ ਕਰਨਗੇ ਕਿ ਅਸੀਂ ਡਰਦੇ ਦੌੜ ਗਏ ਹਾਂ। ਅਸੀਂ ਤਾਂ ਇਥੇ ਹੀ ਰਹਾਂਗੇ ਤੇ ਲੋਕਾਂ ਦੇ ਦੁਖ-ਸੁਖ ਵਿਚ ਨਾਲ ਨਿਭਾਂਗੇ। ਜੇ ਮਰਨਾ ਪਿਆ ਤਾਂ ਸਿੱਧੇ ਹੋ ਕੇ ਮਰਾਂਗੇ। ਸਾਡੀ ਦੂਹਰੀ ਜ਼ਿੰਮੇਵਾਰੀ ਹੈ। ਨਾਲੇ ਅਸੀਂ ਸਿਖ ਹਾਂ ਤੇ ਨਾਲੇ ਗੁਰੂ-ਘਰ ਦੇ ਨਿਕਟਵਰਤੀ ਰਿਸ਼ਤੇਦਾਰ। ਤੁਸੀਂ ਸਾਡੀ ਚਿੰਤਾ ਨਾ ਕਰੋ। ਜਿਸ ਮੋਰਚੇ 'ਤੇ ਤੁਹਾਡੀ ਸੇਵਾ ਲੱਗੀ ਏ, ਨਿਸਚਿੰਤ ਹੋ ਕੇ ਨਿਭਾਉ। ਗੁਰੂ ਤੁਹਾਡੇ ਅੰਗ-ਸੰਗ ਏ।"

ਭਾਵੇਂ ਅੰਦਰੋਂ ਪੁੱਤਰ ਦਾ ਮੋਹ, ਬਾਹਰੋਂ ਪੋਤਰੇ ਦੀ ਸੁਰੱਖਿਆ ਤੇ ਦੀਪੋ ਦੇ ਜਜ਼ਬਾਤ ਦਾ ਲਾਭ ਚੰਦ ਨੂੰ ਪੂਰਾ ਪੂਰਾ ਅਹਿਸਾਸ ਸੀ ਪਰ ਉਹ ਫਿਰ ਵੀ ਪੁੱਤਰ ਸਾਹਮਣੇ ਨਾ ਢਿੱਲੀ ਗੱਲ ਕਰਨੀ ਚਾਹੁੰਦਾ ਸੀ ਤੇ ਨਾ ਜੰਗ ਦੇ ਮੈਦਨ ਵਿਚ ਜਾ ਰਹੇ ਕਰਮ ਸਿੰਘ ਨੂੰ ਘਰ ਦੀ ਕਿਸੇ ਚਿੰਤਾ ਦੀ ਪੰਡ ਚੁਕਾ ਕੇ ਭੇਜਣਾ ਚਾਹੁੰਦਾ ਸੀ। ਉਹਨੇ ਫਿਰ ਕਿਹਾ, "ਦੀਪੋ ਬੜੀ ਦਲੇਰ ਮੁਟਿਆਰ ਏ ਪਰ ਫਿਰ ਵੀ ਉਹ ਔਰਤ ਜ਼ਾਤ ਹੈ। ਉਹਨੂੰ ਆਪਣੇ ਸੁਹਾਗ ਦੀ ਸੁਰੱਖਿਅਤਾ ਦੀ ਚਿੰਤਾ ਵਧੇਰੇ ਹੋਣੀ ਕੁਦਰਤੀ ਗੱਲ ਹੈ। ਉਹਨੂੰ ਹੌਂਸਲਾ ਦੇ ਕੇ ਜਾਈਂ।"

ਜਥੇਦਾਰ ਕਰਮ ਸਿੰਘ ਨੇ ਪਿਤਾ ਦੀਆਂ ਇਨ੍ਹਾਂ ਗੱਲਾਂ ਤੋਂ ਕੁਝ ਗ਼ਲਤ ਅਰਥ ਕੱਢ ਲਏ। ਉਹਨੇ ਸਮਝਿਆ ਕਿ ਦੀਪੋ ਉਹਦੀ ਗ਼ੈਰ-ਹਾਜ਼ਰੀ ਵਿਚ ਜ਼ਰੂਰ ਢਹਿੰਦੀ ਕਲਾ ਦੀਆਂ ਗੱਲਾਂ ਕਰਦੀ ਹੋਵੇਗੀ, ਜਿਸ ਕਰਕੇ ਪਿਤਾ ਜੀ ਨੇ ਉਕਤ ਗੱਲ ਆਖੀ ਹੈ। ਇਸ ਲਈ ਥੋੜ੍ਹਾ ਜਿਹਾ ਸੋਚਾਂ ਵਿਚ ਪੈ ਗਿਆ ਕਿ ਆਪਣੇ ਬਾਰੇ ਹੁਣ ਦੀਪੋ ਨਾਲ ਕਿਸ ਤਰ੍ਹਾਂ ਗੱਲ ਕਰੇ।

ਰਾਤ ਨੂੰ ਜਦ ਰੋਟੀ ਪਾਣੀ ਖਾ ਕੇ ਵਿਹਲੇ ਹੋਏ ਤਾਂ ਦੀਪੋ ਨਾਲ ਕਰਮ ਸਿੰਘ ਨੇ ਗੱਲ ਛੇੜੀ, "ਮੈਂ ਅਨੰਦਪੁਰ ਜਾ ਰਿਹਾ ਹਾਂ। ਸਿੰਘਾਂ ਦਾ ਉਥੇ ਇਕੱਠ ਏ। ਸਰਹੰਦ ਵਿਚ ਵੱਡੀ ਲੜਾਈ ਛਿੜ ਪਈ ਏ, ਪਰ ਸਾਨੂੰ ਅਨੰਦਪੁਰ ਜਾਣ ਲਈ ਆਗਿਆ ਹੋਈ ਏ। ਹੋ ਸਕਦਾ ਏ ਕਿ ਦੇਸ਼ ਵਿਚ ਵੀ ਸਿੰਘਾਂ ਵਿਰੁੱਧ ਕੋਈ ਵੱਡੀ ਮੁਹਿੰਮ ਹਕੂਮਤ ਸ਼ੁਰੂ ਕਰੇ। ਜੇ ਇਥੇ ਖ਼ਤਰਾ ਵਧੇਰੇ ਹੋਇਆ ਤਾਂ ਕੁਝ ਦਿਨਾਂ ਲਈ ਫਗਵਾੜੇ ਆਪਣੇ ਮਾਮੇ ਪਾਸ ਚਲੀ ਜਾਵੀਂ।"

"ਤੁਸੀਂ ਅਨੰਦਪੁਰ ਜਾ ਰਹੇ ਹੋ ਤੇ ਮੈਂ ਅਜੇ ਤਕ ਉਥੋਂ ਦੇ ਦਰਸ਼ਨ ਨਹੀਂ ਕੀਤੇ। ਖ਼ਾਲਸੇ ਦਾ ਉਹ ਜਨਮ ਸਥਾਨ ਏ। ਸਾਨੂੰ ਵੀ ਨਾਲ ਲੈ ਚਲੋ," ਦੀਪ ਕੌਰ ਨੇ ਤਰਲਾ ਲਿਆ।

"ਜੰਗਾਂ ਯੁੱਧਾਂ ਦੇ ਦਿਨ ਨੇ, ਤੁਸੀਂ ਕਿਥੇ ਸਾਡੇ ਨਾਲ ਤੁਰੇ ਫਿਰੋਗੇ," ਕਰਮ ਸਿੰਘ ਨੇ ਉੱਤਰ ਦਿੱਤਾ, "ਅਮਨ ਚੈਨ ਦੇ ਦਿਨਾਂ ਵਿਚ ਕਿਸੇ ਵੇਲੇ ਤੁਹਾਨੂੰ ਲੈ ਚੱਲਾਂਗੇ। ਅਸੀਂ ਤਾਂ ਦਿਨ ਰਾਤ ਭੁੱਖੇ ਵੀ ਰਹਿ ਸਕਦੇ ਹਾਂ, ਥਾਂ ਟਿਕਾਣਾ ਨਾ ਹੋਵੇ ਤਾਂ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਰਾਤ ਗੁਜ਼ਾਰ ਸਕਦੇ ਹਾਂ ਪਰ ਤੁਸੀਂ ਔਰਤਾਂ ਜੇ। ਦੂਜਾ ਤੁਹਾਡੇ ਬਾਲਾਂ ਨੂੰ ਤਾਂ ਸਭ ਕੁਝ ਚਾਹੀਦਾ ਏ। ਅਸੀਂ ਯੁੱਧ ਸਮੇਂ ਵੈਰੀ ਨਾਲ ਲੋਹਾ ਲਵਾਂਗੇ ਜਾਂ ਤੁਹਾਡੀ ਸੇਵਾ-ਸੰਭਾਲ ਤੇ ਸੁਰੱਖਿਅਤਾ ਦੀ ਫ਼ਿਕਰ ਕਰਾਂਗੇ।"

"ਮੈਂ ਹੁਣ ਪਹਿਲਾਂ ਵਾਲੀ ਦੀਪੋ ਨਹੀਂ," ਉਸ ਨੇ ਮੁੜ ਦਲੀਲ ਦਿੱਤੀ, "ਜਿਹਨੂੰ ਜ਼ਾਲਮ ਸਹਿਜੇ ਹੀ ਚੁੱਕ ਕੇ ਲਿਜਾ ਸਕਦੇ ਸਨ। ਅੰਮ੍ਰਿਤਪਾਨ ਕਰਨ ਪਿੱਛੋਂ ਮੇਰੇ ਅੰਦਰ ਆਪਣੀ ਸਵੈ-ਰੱਖਿਆ ਦੀ ਭਾਵਨਾ ਇਤਨੀ ਪ੍ਰਬਲ ਹੋ ਚੁੱਕੀ ਏ ਕਿ ਮੈਂ ਧੱਕੇ ਕਰਨ ਵਾਲੇ ਨਾਲ ਟੱਕਰ ਲੈ ਕੇ ਉਹਨੂੰ ਮਾਰ ਸਕਦੀ ਹਾਂ ਜਾਂ ਘੱਟੋ ਘੱਟ ਆਪ ਸ਼ਹੀਦ ਹੋ ਸਕਦੀ ਹਾਂ। ਮੇਰਾ ਜੀਅ ਕਰਦਾ ਏ ਕਿ ਸਿੰਘਣੀਆਂ ਦਾ ਵੀ ਜਥਾ ਤਿਆਰ ਕੀਤਾ ਜਾਵੇ ਤੇ ਉਹ ਤੁਹਾਡੇ ਨਾਲ ਵੈਰੀ ਦਾ ਟਾਕਰਾ ਕਰਨ ਲਈ ਜਾਏ।"

"ਮੈਂ ਤੁਹਾਡੇ ਜਜ਼ਬਾਤ ਦੀ ਕਦਰ ਕਰਦਾ ਹਾਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਗੁਰੂ ਮਹਾਰਾਜ ਦੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਨ ਵਾਲੀਆਂ ਨਾਰੀਆਂ ਤੋਂ ਅਜਿਹੇ

ਜਜ਼ਬੇ ਦੀ ਹੀ ਆਸ ਕੀਤੀ ਜਾ ਸਕਦੀ ਏ ਪਰ ਤੁਹਾਡੀ ਸਮੱਸਿਆ ਹੋਰ ਹੈ। ਇਨ੍ਹਾਂ ਬਾਲਾਂ ਦਾ ਕੀ ਹੋਵੇਗਾ ? ਇਨ੍ਹਾਂ ਦੀ ਪਾਲਣਾ ਪੋਸਣਾ ਦਾ ਕੰਮ ਕੌਣ ਕਰੇਗਾ ?"

"ਹੋਰਾਂ ਬਾਰੇ ਤਾਂ ਮੈਂ ਕੁਝ ਕਹਿ ਨਹੀਂ ਸਕਦੀ ਪਰ ਸਾਨੂੰ ਅਜਿਹੀ ਕੋਈ ਸਮੱਸਿਆ ਨਹੀਂ। ਪਿਤਾ ਜੀ ਤੇ ਮਾਂ ਮੇਰੇ ਨਾਲੋਂ ਵਧੇਰੇ ਫ਼ਤਹਿ ਸਿੰਘ ਨੂੰ ਪਿਆਰ ਕਰਦੇ ਹਨ ਤੇ ਇਸ ਦੀ ਪਾਲਣਾ ਦਾ ਕੰਮ ਸੰਭਾਲ ਸਕਦੇ ਹਨ। ਉਹ ਹੁਣ ਵੀ ਮੇਰੇ ਨਾਲੋਂ ਵੱਧ ਸਮਾਂ ਮਾਂ ਜੀ ਤੇ ਪਿਤਾ ਜੀ ਪਾਸ ਰਹਿੰਦਾ ਏ।"

"ਠੀਕ ਏ, ਤੁਸੀਂ ਸਾਡੇ ਪਿੱਛੋਂ ਇਸੇ ਸੇਵਾ ਵਿਚ ਜੁੱਟ ਜਾਉ। ਜਿਤਨੇ ਸਿੰਘਾਂ ਨੂੰ ਤੁਸੀਂ ਜਾਣਦੇ ਹੋ, ਉਨ੍ਹਾਂ ਦੀਆਂ ਸਿੰਘਣੀਆਂ, ਭੈਣਾਂ ਤੇ ਮਾਵਾਂ ਨੂੰ ਮਿਲਦੇ ਰਹੋ। ਉਨ੍ਹਾਂ ਦੀਆਂ ਇਕੱਤਰਤਾਵਾਂ ਕਰਦੇ ਰਹੋ ਤੇ ਸੱਚਮੁੱਚ ਜਥਾ ਬਣਾ ਲਉ ਤਾਂ ਮੇਰੇ ਅਨੰਦਪੁਰ ਤੋਂ ਮੁੜਨ ਪਿੱਛੋਂ ਤੁਹਾਡੇ ਜਥੇ ਬਾਰੇ ਵਿਚਾਰ ਲਵਾਂਗੇ।"

ਦੂਜੇ ਦਿਨ ਜਥੇਦਾਰ ਕਰਮ ਸਿੰਘ ਜਥੇ ਸਮੇਤ ਅਨੰਦਪੁਰ ਨੂੰ ਚੱਲ ਪਿਆ।

36

ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਇਸ ਗੱਲ ਤੋਂ ਵਧੇਰੇ ਔਖਾ ਸੀ ਕਿ ਸਿੱਖਾਂ ਨੇ ਮੁਗ਼ਲ ਸਿੱਕੇ ਦੀ ਥਾਂ ਨਾਨਕਸ਼ਾਹੀ ਸਿੱਕਾ ਚਲਾ ਲਿਆ ਹੈ। ਭਾਰਤ ਵਿਚ ਹੋਰ ਕਈ ਇਲਾਕਿਆਂ ਵਿਚ ਵੀ ਬਗ਼ਾਵਤ ਹੁੰਦੀ ਰਹੀ ਹੈ ਪਰ ਕਿਧਰੇ ਵੀ ਨਵਾਂ ਸਿੱਕਾ ਚਾਲੂ ਨਹੀਂ ਸੀ ਹੋਇਆ। ਦੂਜਾ ਇਸ ਗੱਲ ਦਾ ਵੀ ਦੁੱਖ ਸੀ ਕਿ ਮੁਸਲਮਾਨ ਵੀ ਇਸ ਬਗ਼ਾਵਤ ਵਿਚ ਖੁੱਲ੍ਹ ਕੇ ਸਿੱਖਾਂ ਦਾ ਸਾਥ ਦੇ ਰਹੇ ਸਨ। ਕਈ ਫ਼ੌਜਦਾਰਾਂ ਨੇ ਸਿੱਖਾਂ ਦੀ ਰਾਜ-ਸ਼ਕਤੀ ਨੂੰ ਮੰਨ ਕੇ ਉਨ੍ਹਾਂ ਨੂੰ ਕਰ ਭੇਜਣਾ ਸ਼ੁਰੂ ਕਰ ਦਿੱਤਾ ਸੀ। ਹਕੂਮਤ ਦੀ ਮੋਮਨਾਂ ਤੇ ਕਾਫ਼ਰਾਂ ਵਿਚਕਾਰ ਨਫ਼ਰਤ ਦੀ ਖੜੀ ਕੀਤੀ ਕੰਧ ਕਿਉਂ ਢਾਹ ਦਿੱਤੀ ਗਈ ਏ।

ਬਾਦਸ਼ਾਹ ਨੂੰ ਇਹ ਵੀ ਸੂਹੀਆਂ ਨੇ ਇਤਲਾਹ ਤੇ ਅਨੁਮਾਨ ਪਹੁੰਚਾ ਦਿੱਤਾ ਸੀ ਕਿ ਜੇਕਰ ਬਾਦਸ਼ਾਹ ਸਲਾਮਤ ਹੋਰ ਕੁਝ ਮਹੀਨੇ ਦੱਖਣ ਤੋਂ ਨਾ ਆਉਂਦੇ ਤਾਂ ਸਿਖ ਇਤਨੇ ਤਾਕਤਵਰ ਹੋ ਜਾਂਦੇ ਕਿ ਸਾਰੇ ਹਿੰਦੁਸਤਾਨ 'ਤੇ ਕਬਜ਼ਾ ਕਰ ਲੈਣ ਦੇ ਕਾਬਲ ਹੋ ਜਾਂਦੇ। ਥੋੜ੍ਹੇ ਜਿਹੇ ਵਕਤ ਵਿਚ ਉਹ ਆਪਣੇ ਆਪ ਨੂੰ ਫ਼ੌਜੀ ਤੌਰ 'ਤੇ ਮੁਗ਼ਲ ਫ਼ੌਜ ਦੇ ਟਾਕਰੇ ਲਈ ਤਿਆਰ ਨਾ ਕਰ ਸਕੇ। ਸਿੱਖਾਂ ਦਾ ਬਹੁਤਾ ਵਕਤ ਲੋਕਾਂ ਦੇ ਮਸਲੇ ਹੱਲ ਕਰਨ ਤੇ ਲੋਕਾਂ ਦਾ ਵਿਸ਼ਵਾਸ ਜਿੱਤਣ ਵਿਚ ਲੱਗਾ ਰਿਹਾ ਹੈ ਤੇ ਉਸ ਵਿਚ ਉਹ ਇਤਨੇ ਕਾਮਯਾਬ ਰਹੇ ਕਿ ਲੋਕ ਥਾਂ ਥਾਂ ਕਹਿ ਰਹੇ ਹਨ ਕਿ ਅੱਜ ਨਹੀਂ ਤੇ ਕੱਲ੍ਹ ਇਹ ਸਿਖ ਹਕੂਮਤ ਕਰਨਗੇ ਹੀ ਕਰਨਗੇ। ਇਸੇ ਲਈ ਬਹਾਦਰ ਸ਼ਾਹ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ, 'ਜਿਥੇ ਦੇਖੋ, ਕਤਲ ਕਰ ਦਿਉ' ਦਾ ਹੁਕਮ ਜਾਰੀ ਕਰ ਦਿੱਤਾ ਸੀ ਤੇ ਸਿਖ ਲੋਕ-ਸ਼ਕਤੀ ਨੂੰ ਕੁਚਲਣ ਲਈ ਆਪਣਾ ਕੋਈ ਜਰਨੈਲ ਭੇਜਣ ਦੀ ਥਾਂ ਆਪ ਤੁਰ ਪਿਆ ਸੀ।

ਜਿਸ ਇਲਾਕੇ ਵਿਚੋਂ ਮੁਗ਼ਲ ਫ਼ੌਜ ਦਾ ਲਸ਼ਕਰ ਲੰਘਦਾ, ਸਥਾਨਕ ਹਾਕਮਾਂ ਤੋਂ ਇਹੀ ਪੁੱਛਿਆ ਜਾਂਦਾ ਕਿ ਉਹਨੇ ਕਿਤਨੇ ਸਿਖ ਕਤਲ ਕੀਤੇ ਹਨ ? ਜਿਥੇ ਰਾਤ ਪੜਾਅ ਹੁੰਦਾ, ਉਥੇ ਪੁੱਛਿਆ ਜਾਂਦਾ ਕਿ ਸਿਖ ਇਲਾਕੇ ਵਿਚ ਕਿਹੜੇ ਕਿਹੜੇ ਪਿੰਡ ਵਿਚ ਹਨ। ਜੇ ਰਹਿ ਰਹੇ ਹਨ ਤਾਂ ਕਿਉਂ ਰਹਿ ਰਹੇ ਹਨ ? ਇਸ ਲਈ ਸਥਾਨਕ ਹਾਕਮ ਇਹੀ ਕਹਿ ਦਿੰਦੇ ਕਿ ਉਨ੍ਹਾਂ ਚੁਣ ਚੁਣ ਕੇ ਸਭ ਸਿਖ ਮਾਰ ਦਿੱਤੇ ਹਨ। ਹੁਣ ਸਿਖ ਕਿਸੇ ਪਿੰਡ ਵਿਚ ਨਹੀਂ। ਸਿੱਖਾਂ

ਦਾ ਖੁਰਾ-ਖੋਜ ਮਿਟਾ ਦਿੱਤਾ ਗਿਆ ਹੈ।

ਸਿੰਘਾਂ ਦੇ ਸੂਹੀਆਂ ਨੇ ਸੂਚਨਾ ਦਿੱਤੀ ਕਿ ਮੁਗ਼ਲ ਫ਼ੌਜ ਕਿਤਨੀ ਹੈ, ਉਨ੍ਹਾਂ ਦੀ ਬਣਤਰ ਕਿਸ ਤਰ੍ਹਾਂ ਦੀ ਹੈ। ਉਨ੍ਹਾਂ ਪਾਸ ਸਿੱਖਾਂ ਬਾਰੇ ਕੀ ਇਤਲਾਹਾਂ ਪਹੁੰਚ ਰਹੀਆਂ ਹਨ। ਕਿਤਨੇ ਕੁ ਸਿਖ ਸੱਚਮੁੱਚ ਫੜ ਕੇ ਸ਼ਹੀਦ ਕਰ ਦਿੱਤੇ ਗਏ ਹਨ। ਅੰਬਾਲੇ ਤੋਂ ਅੱਗੇ ਬਰਾੜੇ ਦੇ ਨੇੜੇ ਜੰਗਲ ਵਿਚ ਇਕ ਜਥਾ ਸਿੰਘਾਂ ਦਾ ਠਹਿਰਿਆ ਹੋਇਆ ਸੀ। ਇਸ ਜਥੇ ਨੇ ਮਾਰਕੰਡਾ ਦਰਿਆ ਦੇ ਆਰ ਪਾਰ ਠਹਿਰੀ ਮੁਗ਼ਲ ਫ਼ੌਜ 'ਤੇ ਰਾਤ ਨੂੰ ਹਮਲਾ ਕਰ ਦਿੱਤਾ। ਕਾਫ਼ੀ ਜਾਨੀ-ਨੁਕਸਾਨ ਕਰਨ ਤੋਂ ਛੁੱਟ ਬੰਦੂਕਾਂ ਤੇ ਘੋੜੇ ਵੀ ਖੋਹ ਕੇ ਤੁਰਤ ਰਾਤ ਦੇ ਹਨੇਰੇ ਵਿਚ ਮੁੜ ਆਪਣੇ ਟਿਕਾਣੇ ਆ ਗਏ। ਹਮਲਾ ਕਰਨ ਸਮੇਂ ਜੈਕਾਰੇ ਲਾਂਦੇ ਸਿੰਘ ਮੁਗ਼ਲ ਫ਼ੌਜ 'ਤੇ ਟੁੱਟ ਪਏ ਜੋ ਰਾਤ ਨੂੰ ਨਸ਼ਾ ਪਾਣੀ ਕਰ ਕੇ ਅਵੇਸਲੇ ਹੋਏ ਪਏ ਸਨ। ਉਨ੍ਹਾਂ ਨੂੰ ਅਜਿਹੀ ਹੱਥਾਂ ਪੈਰਾਂ ਦੀ ਪਈ ਕਿ ਉਹ ਛੇਤੀ ਸੰਭਲ ਹੀ ਨਾ ਸਕੇ।

ਸਵੇਰੇ ਬਹਾਦਰ ਸ਼ਾਹ ਨੇ ਦੋ ਜਰਨੈਲਾਂ ਨੂੰ ਭੇਜ ਕੇ ਸ਼ਾਹਬਾਦ ਦੇ ਫ਼ੌਜਦਾਰ ਨੂੰ ਸੱਦਿਆ ਤੇ ਬੜੇ ਗੁੱਸੇ ਨਾਲ ਆਖਿਆ, "ਤੂੰ ਤੇ ਕੱਲ੍ਹ ਹੀ ਕਹਿ ਰਿਹਾ ਸੀ ਕਿ ਤੇਰੇ ਇਲਾਕੇ ਵਿਚ ਹੁਣ ਕੋਈ ਸਿਖ ਵੀ ਨਹੀਂ। ਤੂੰ ਸਾਰੇ ਮਾਰ ਮੁਕਾਏ ਹਨ ਪਰ ਇਹ ਰਾਤ ਨੂੰ ਕਿਥੋਂ ਆਏ ?"

"ਮੇਰੇ ਇਲਾਕੇ ਵਿਚ ਤਾਂ ਕੋਈ ਸਿਖ ਨਹੀਂ," ਫ਼ੌਜਦਾਰ ਨੇ ਫਿਰ ਪਹਿਲਾ ਬਿਆਨ ਦੁਹਰਾਇਆ, "ਇਹ ਜ਼ਰੂਰ ਬਾਹਰੋਂ ਕਿਧਰੋਂ ਆਏ ਹੋਣਗੇ, ਹੋ ਸਕਦਾ ਏ ਕਿ ਸਰਹੰਦ 'ਤੇ ਕਾਬਜ਼ ਬੰਦਾ ਬਹਾਦਰ ਨੇ ਭੇਜੇ ਹੋਣ।"

"ਤੂੰ ਉਹਨੂੰ ਬਹਾਦਰ ਕਹਿੰਦਾ ਏਂ ? ਉਹ ਹਕੂਮਤ ਦਾ ਬਾਗ਼ੀ ਏ। ਡਾਕੂਆਂ, ਲੁਟੇਰਿਆਂ ਦਾ ਮੁਖੀ ਬਹਾਦਰ ਨਹੀਂ ਹੋ ਸਕਦਾ। ਇਹ ਮੇਰੇ ਨਾਮ ਦਾ ਸ਼ਬਦ ਉਸ ਕਾਫ਼ਰ ਦੇ ਨਾਂ ਨਾਲ ਜੁੜਿਆ, ਮੈਂ ਬਰਦਾਸ਼ਤ ਨਹੀਂ ਕਰ ਸਕਦਾ," ਬਹਾਦਰ ਸ਼ਾਹ ਨੇ ਕਿਹਾ।

"ਹਜ਼ੂਰ, ਮੈਂ ਮੁਆਫ਼ੀ ਮੰਗਦਾ ਹਾਂ," ਫ਼ੌਜਦਾਰ ਨੇ ਕਿਹਾ, "ਉਹਦਾ ਲੋਕਾਂ ਵਿਚ ਮਸ਼ਹੂਰ ਨਾਮ ਇਹੋ ਹੈ ਪਰ ਅੱਗੋਂ ਜਨਾਬ ਮੇਰੀ ਜ਼ਬਾਨ 'ਤੇ ਉਹਦਾ ਨਾਮ ਨਹੀਂ ਸੁਣਨਗੇ।"

"ਉਨ੍ਹਾਂ ਸਿੱਖਾਂ ਦੇ ਗੁਪਤ ਟਿਕਾਣੇ ਕਿਹੜੇ ਹਨ ?" ਬਾਦਸ਼ਾਹ ਨੇ ਪੁੱਛਿਆ ਤੇ ਹੁਕਮ ਦਿੱਤਾ, "ਹੁਣੇ ਫ਼ੌਜ ਲੈ ਕੇ ਉਨ੍ਹਾਂ ਟਿਕਾਣਿਆਂ ਤੋਂ ਸਭ ਸਿੱਖਾਂ ਨੂੰ ਫੜ ਕੇ ਲਿਆਉ ਤੇ ਮੇਰੇ ਸਾਹਮਣੇ ਕਤਲ ਕਰ ਦਿਉ।" ਫ਼ੌਜਦਾਰ ਨੂੰ ਕਿਸੇ ਟਿਕਾਣੇ ਦਾ ਪਤਾ ਹੀ ਨਹੀਂ ਸੀ, ਪਰ ਉਹ ਬਾਦਸ਼ਾਹ ਸਲਾਮਤ ਦੇ ਹੁਕਮ ਅੱਗੇ ਇਨਕਾਰ ਵੀ ਨਹੀਂ ਸੀ ਕਰ ਸਕਦਾ, ਇਸ ਲਈ ਫ਼ੌਜ ਨਾਲ ਲੈ ਕੇ ਮਾਰਕੰਡਾ ਦਰਿਆ ਦੇ ਕੰਢੇ ਕੰਢੇ ਜੰਗਲ ਤੇ ਝਾੜੀਆਂ ਦੇਖਦੇ ਰਹੇ ਤੇ ਸ਼ਾਮ ਨੂੰ ਖ਼ਾਲੀ ਹੱਥ ਵਾਪਸ ਆ ਗਏ। ਇਹ ਕਹਿ ਦਿੱਤਾ ਕਿ ਲੋਕ ਦੱਸਦੇ ਹਨ ਕਿ ਉਹ ਜਥਾ ਸਰਹੰਦ ਤੋਂ ਅੰਮ੍ਰਿਤਸਰ ਵੱਲ ਨਿਕਲ ਗਿਆ ਹੈ।

ਸਰਹੰਦ 'ਤੇ ਅਗਲੇ ਦਿਨ ਦੇ ਪੜਾਅ ਪਿੱਛੋਂ ਹਮਲਾ ਕੀਤਾ ਗਿਆ। ਛੱਤ ਬਨੂੜ ਦੇ ਜੰਗਲ ਵਿਚ ਵੀ ਮੁਗ਼ਲ ਫ਼ੌਜ ਨੇ ਪੜਤਾਲ ਕਰ ਲਈ, ਸੂਹੀਆਂ ਨੇ ਦੱਸਿਆ ਕਿ ਸਿੱਖਾਂ ਦੇ ਕਾਫ਼ੀ ਜਥੇ ਸਰਹੰਦ ਤੋਂ ਚਲੇ ਗਏ ਹਨ। ਬੰਦਾ ਸਿੰਘ ਉਥੇ ਹੈ ਨਹੀਂ, ਪਰ ਫ਼ੌਜ ਨਾਲ ਟੱਕਰ ਲੈਣ ਲਈ ਸਿੱਖਾਂ ਨੇ ਸਰਹੰਦ ਵਿਚ ਪੂਰੀ ਤਿਆਰੀ ਕੀਤੀ ਹੋਈ ਏ। ਮੁਗ਼ਲ ਫ਼ੌਜ ਨੂੰ ਇਹ ਸੂਚਨਾ ਕਿਸੇ ਪਾਸਿਉਂ ਵੀ ਨਾ ਮਿਲ ਸਕੀ ਕਿ ਸਰਹੰਦ ਵਿਚ ਕਿਤਨੀ ਫ਼ੌਜ ਸਿੱਖਾਂ ਦੀ ਮੌਜੂਦ ਹੈ। ਇਤਨੀ ਹੀ ਇਤਲਾਹ ਸੀ ਕਿ ਸਾਰੀ ਰਾਤ ਸਿੱਖਾਂ ਦੇ ਜਥੇ ਜੈਕਾਰੇ ਲਾਂਦੇ ਸਰਹੰਦ ਵਿਚ ਪਹੁੰਚ ਰਹੇ ਹਨ। ਚੁਫੇਰੇ ਜੈਕਾਰੇ ਗੂੰਜਦੇ ਹਨ ਪਰ ਦਿਨ ਚੜ੍ਹੇ ਕਿਧਰੇ ਸਰਗਰਮੀ ਨਹੀਂ ਦਿਸਦੀ। ਹਕੂਮਤ ਨੂੰ ਸਿੱਖਾਂ ਦੀ ਇਸ ਯੁੱਧ ਨੀਤੀ ਦੀ ਸਮਝ ਨਹੀਂ ਸੀ ਆ ਰਹੀ।

ਕਈ ਦਿਨ ਸਰਹੰਦ ਵਿਚ ਯੁੱਧ ਹੁੰਦਾ ਰਿਹਾ। ਇਤਨੇ ਵਿਚ ਬੰਦਾ ਸਿੰਘ ਬਹਾਦਰ

ਵੀ ਸਾਢੌਰੇ ਦੇ ਕਿਲ੍ਹੇ ਤੋਂ ਨਿਕਲ ਕੇ ਨਾਹਨ ਪਹੁੰਚ ਗਿਆ। ਉਹ ਜਾਣਦਾ ਸੀ ਕਿ ਬਾਈਧਾਰ ਦੇ ਰਾਜਿਆਂ ਨੂੰ ਉਹਦਾ ਸੋਧਣ ਦਾ ਕੰਮ ਅਜੇ ਬਾਕੀ ਹੈ ਤੇ ਉਹ ਇਸ ਨੂੰ ਮੁਕਾ ਲੈਣਾ ਚਾਹੁੰਦਾ ਸੀ। ਨਾਹਨ ਰਿਆਸਤ ਵਿਚ ਫ਼ੌਜੀ ਦ੍ਰਿਸ਼ਟੀਕੋਣ ਤੋਂ ਪਾਉਂਟਾ ਸਾਹਿਬ ਬਹੁਤ ਵਧੀਆ ਥਾਂ ਸੀ, ਜਿਥੇ ਗੁਰੂ ਗੋਬਿੰਦ ਸਿੰਘ ਜੀ ਚਾਰ ਸਾਲ ਤੋਂ ਵੱਧ ਸਮਾਂ ਰਹੇ ਸਨ ਤੇ ਜਿਥੇ ਉਨ੍ਹਾਂ ਬਾਈਧਾਰ ਦੇ ਰਾਜਿਆਂ ਨਾਲ ਭੰਗਾਣੀ ਦੇ ਮੈਦਾਨ ਵਿਚ ਯੁੱਧ ਲੜਿਆ ਸੀ।

ਪਾਉਂਟਾ ਵਿਚ ਹੀ ਬੰਦਾ ਸਿੰਘ ਬਹਾਦਰ ਨੂੰ ਖ਼ਬਰ ਮਿਲ ਗਈ ਕਿ ਸਰਹੰਦ 'ਤੇ ਮੁਗ਼ਲ ਫ਼ੌਜ ਦਾ ਕਬਜ਼ਾ ਹੋ ਗਿਆ ਹੈ। ਉਥੇ ਮੌਜੂਦ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ ਹਨ ਜਾਂ ਦੁਸ਼ਮਣ ਦੀਆਂ ਸਫ਼ਾਂ ਚੀਰ ਕੇ ਨਿਕਲ ਗਏ ਹਨ। ਉਨ੍ਹਾਂ ਨੂੰ ਸੰਤੁਸ਼ਟਤਾ ਸੀ ਕਿ ਕਿਸੇ ਸਿੰਘ ਨੇ ਹਥਿਆਰ ਨਹੀਂ ਸੁੱਟੇ। ਕਿਸੇ ਨੇ ਮੁਗ਼ਲਾਂ ਦੀ ਤਾਬਿਆਦਾਰੀ ਕਬੂਲ ਨਹੀਂ ਕੀਤੀ। ਦੂਜੀ ਚੰਗੀ ਗੱਲ ਇਹ ਅਨੁਭਵ ਹੋਈ ਕਿ ਲੋਕਾਂ ਦੀ ਹਮਦਰਦੀ ਇਸ ਦੇ ਬਾਵਜੂਦ ਸਿੱਖਾਂ ਨਾਲ ਹੈ, ਮੁਗ਼ਲ ਹਾਕਮਾਂ ਨਾਲ ਨਹੀਂ। ਕਈ ਜਥੇ ਸਰਹੰਦ ਤੋਂ ਸੁਰੱਖਿਅਤ ਨਿਕਲ ਕੇ ਪਾਉਂਟਾ ਸਾਹਿਬ ਬੰਦਾ ਸਿੰਘ ਬਹਾਦਰ ਨੂੰ ਜਾ ਮਿਲੇ। ਲੋਕਾਂ ਦੇ ਸਿੱਖਾਂ ਨਾਲ ਮਿਲਵਰਤਣ ਦੀ ਇਕ ਮਿਸਾਲ ਇਹ ਸਾਹਮਣੇ ਆਈ ਕਿ ਕਿਸੇ ਨੇ ਬੰਦਾ ਸਿੰਘ ਬਹਾਦਰ ਬਾਰੇ ਨਹੀਂ ਦੱਸਿਆ ਕਿ ਉਹ ਕਿਧਰ ਨਿਕਲ ਗਏ ਹਨ।

ਬਹਾਦਰ ਸ਼ਾਹ ਦੀਆਂ ਫ਼ੌਜਾਂ ਨੇ ਸਤਲੁਜ ਦਰਿਆ ਪਾਰ ਕਰ ਕੇ ਰਾਹੋਂ ਦੇ ਕਿਲ੍ਹੇ 'ਤੇ ਹਮਲਾ ਕਰ ਕੇ ਕਬਜ਼ਾ ਕਰ ਲਿਆ। ਰਾਹੋਂ ਦਾ ਕਿਲ੍ਹਾ ਕੁਝ ਸਮਾਂ ਪਹਿਲਾਂ ਹੀ ਸਿੰਘਾਂ ਨੇ ਆਪਣੇ ਅਧੀਨ ਕਰ ਲਿਆ ਸੀ ਤੇ ਜਥੇਦਾਰ ਕਰਮ ਸਿੰਘ ਨੇ ਦੁਆਬੇ ਦਾ ਇਕ ਸਿੰਘ ਕਿਲ੍ਹੇਦਾਰ ਮੁਕੱਰਰ ਕਰ ਦਿੱਤਾ ਸੀ। ਇਸ ਇਲਾਕੇ ਰਾਹੋਂ 'ਤੇ ਸਿੰਘਾਂ ਦਾ ਕਬਜ਼ਾ ਜਲੰਧਰ ਦੇ ਫ਼ੌਜਦਾਰ ਨੂੰ ਬਹੁਤ ਰੜਕਿਆ ਸੀ ਪਰ ਉਹ ਸਿੰਘਾਂ ਦੀ ਚੜ੍ਹਤ ਦੇਖ ਕੇ ਚੁੱਪ ਵੱਟ ਗਿਆ ਸੀ। ਜਦੋਂ ਹੁਣ ਦਿੱਲੀ ਤੋਂ ਮੁਗ਼ਲ ਫ਼ੌਜਾਂ ਸਰਹੰਦ ਫ਼ਤਹਿ ਕਰ ਕੇ ਇਸ ਪਾਸੇ ਵੱਲ ਆਈਆਂ ਤਾਂ ਜਲੰਧਰ ਦੇ ਫ਼ੌਜਦਾਰ ਨੇ ਪਹਿਲਾਂ ਹੀ ਇਤਲਾਹ ਭੇਜ ਦਿੱਤੀ ਕਿ ਰਾਹੋਂ ਨੂੰ ਵੀ ਸਿੱਖਾਂ ਤੋਂ ਆਜ਼ਾਦ ਕਰਵਾਇਆ ਜਾਏ।

ਬਹਾਦਰ ਸ਼ਾਹ ਨੂੰ ਦੁਆਬੇ ਵਿਚ ਸਿੱਖਾਂ ਦੀਆਂ ਸਰਗਰਮੀਆਂ ਦੀ ਸਾਰੀ ਸੂਚਨਾ ਮਿਲ ਚੁੱਕੀ ਸੀ, ਇਸ ਲਈ ਉਹਨੇ ਦੋ ਜਰਨੈਲਾਂ ਨੂੰ ਦੋ ਫ਼ੌਜੀ ਟੁਕੜੀਆਂ ਦੇ ਕੇ ਪਲਾਹੀ ਤੇ ਕਰਤਾਰਪੁਰ ਭੇਜ ਦਿੱਤਾ ਤਾਕਿ ਸਿੱਖਾਂ ਦੇ ਟਿਕਾਣਿਆਂ ਨੂੰ ਤਬਾਹ ਕਰ ਦੇਣ ਤੇ ਜਿਤਨੇ ਸਿਖ ਇਨ੍ਹਾਂ ਥਾਵਾਂ 'ਤੇ ਮਿਲ ਜਾਣ, ਉਨ੍ਹਾਂ ਸਭਨਾਂ ਨੂੰ ਕਤਲ ਕਰ ਦਿੱਤਾ ਜਾਏ। ਨਾਲ ਹੀ ਇਹ ਵੀ ਹੁਕਮ ਦਿੱਤਾ ਕਿ ਕੁਝ ਦਿਨ ਪਲਾਹੀ ਤੇ ਕਰਤਾਰਪੁਰ ਵਿਚ ਠਹਿਰ ਕੇ ਇਲਾਕੇ ਦੇ ਆਸ ਪਾਸ ਦੇ ਪਿੰਡਾਂ ਵਿਚ ਵੀ ਸਿੱਖਾਂ ਦਾ ਸਫ਼ਾਇਆ ਕਰ ਦਿੱਤਾ ਜਾਏ। ਦਿੱਲੀ ਹਕੂਮਤ ਦੀ ਨੀਤੀ ਇਹ ਸੀ ਕਿ ਜਿਸ ਇਲਾਕੇ ਵਿਚ ਬਾਦਸ਼ਾਹ ਜਾਏ, ਉਥੇ ਪਹਿਲਾਂ ਹੀ ਫ਼ੌਜ ਜਾ ਕੇ ਬਾਗ਼ੀਆਂ ਦਾ ਸਫ਼ਾਇਆ ਕਰ ਦੇਵੇ ਤੇ ਬਾਦਸ਼ਾਹ ਦੇ ਪਹੁੰਚਣ ਤਕ ਸਭ ਠੀਕ ਠਾਕ ਹੋਵੇ।

ਪਲਾਹੀ ਤੇ ਕਰਤਾਰਪੁਰ ਵਿਚੋਂ ਸਾਰੇ ਸਿੰਘ ਪਹਿਲਾਂ ਹੀ ਜਾ ਚੁੱਕੇ ਸਨ। ਪਲਾਹੀ ਵਿਚ ਦੋ ਬੁੱਢੇ ਸਨ, ਜਿਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਜਿਹੜੀ ਫ਼ੌਜ ਕਰਤਾਰਪੁਰ ਆਈ, ਉਸ ਨੇ ਪਹਿਲਾਂ ਜਥੇਦਾਰ ਕਰਮ ਸਿੰਘ ਦੀ ਬਾਹਰਲੀ ਹਵੇਲੀ 'ਤੇ ਹਮਲਾ ਕਰ ਕੇ ਉਹਨੂੰ ਢਾਹ ਦਿੱਤਾ। ਉਥੇ ਕੇਵਲ ਮਾਲ ਡੰਗਰ ਸੀ, ਜਿਨ੍ਹਾਂ ਦੀ ਸੇਵਾ-ਸੰਭਾਲ ਕੁਝ ਮੁਸਲਮਾਨ ਕਰ ਰਹੇ ਸਨ। ਉਹ ਡੰਗਰ ਵੀ ਫ਼ੌਜ ਨੇ ਖੋਲ੍ਹ ਲਏ ਤੇ ਫ਼ੌਜਦਾਰ ਜਲੰਧਰ ਦੇ ਹਵਾਲੇ ਕਰ ਦਿੱਤੇ।

ਫ਼ੌਜ ਦੇ ਮੁਖੀ ਨੇ ਪੁੱਛਿਆ ਕਿ ਕਰਮ ਸਿੰਘ ਦਾ ਘਰ ਕਿਹੜਾ ਹੈ, ਉਹਦੀ ਵੀ ਤਲਾਸ਼ੀ ਲਈ ਜਾਣੀ ਹੈ। ਕਰਤਾਰਪੁਰ ਵਿਚ ਤਾਂ ਕੋਈ ਕਰਮ ਸਿੰਘ ਦਾ ਘਰ ਦੱਸਣ ਲਈ ਤਿਆਰ ਨਹੀਂ ਸੀ ਪਰ ਫ਼ੌਜਦਾਰ ਜਲੰਧਰ ਦੇ ਸਿਪਾਹੀਆਂ ਨੇ ਕਰਮ ਸਿੰਘ ਦੇ ਘਰ ਦਾ ਪਤਾ ਦੱਸ ਦਿੱਤਾ। ਫ਼ੌਜ ਉਧਰ ਨੂੰ ਤੁਰ ਪਈ। ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਦੀਪੋ ਤੇ ਭਾਗਾਂ ਫ਼ਤਹਿ ਸਿੰਘ ਬੱਚੇ ਨੂੰ ਲੈ ਕੇ ਗਲੀ ਟੱਪ ਕੇ ਕਿਸੇ ਹੋਰ ਘਰ ਪਹੁੰਚ ਗਈਆਂ। ਅਸਲ ਵਿਚ ਕਰਤਾਰਪੁਰ ਦੇ ਮੁਸਲਮਾਨਾਂ ਨੇ ਇਨ੍ਹਾਂ ਦੋਹਾਂ ਨੂੰ ਲੁਕਾ ਲਿਆ ਤੇ ਆਪਣੇ ਪਰਦੇ ਵਾਲੇ ਘਰਾਂ ਵਿਚ ਜਾ ਬਿਠਾਇਆ।

ਲਾਭ ਚੰਦ ਉਸ ਦਿਨ ਘਰ ਨਹੀਂ ਸੀ। ਉਹ ਕਿਸੇ ਕੰਮ ਲਾਗਲੇ ਪਿੰਡ ਗਿਆ ਹੋਇਆ ਸੀ। ਉਥੋਂ ਮੁੜਦਿਆਂ ਉਹਨੂੰ ਇਤਲਾਹ ਮਿਲ ਗਈ ਕਿ ਮੁਗ਼ਲ ਫ਼ੌਜ ਨੇ ਉਨ੍ਹਾਂ ਦੀ ਹਵੇਲੀ ਨੂੰ ਘੇਰ ਕੇ ਉਹਦੀ ਇੱਟ ਨਾਲ ਇੱਟ ਵਜਾ ਦਿੱਤੀ ਹੈ। ਇਸ ਲਈ ਉਹ ਤੇਜ਼ ਕਦਮ ਪੁੱਟਦਾ ਤੇ ਨਗਰ ਦੀਆਂ ਭੀੜੀਆਂ ਗਲੀਆਂ ਵਿਚੋਂ ਲੰਘਦਾ ਘਰ ਵੱਲ ਆ ਰਿਹਾ ਸੀ। ਉਹ ਚਾਹੁੰਦਾ ਸੀ ਕਿ ਘਰ ਪਹੁੰਚ ਕੇ ਦੀਪੋ ਤੇ ਫ਼ਤਹਿ ਸਿੰਘ ਨੂੰ ਕੱਢ ਲਵੇ। ਉਹਨੂੰ ਯਕੀਨ ਸੀ ਕਿ ਫ਼ੌਜ ਬਾਹਰਲੀ ਹਵੇਲੀ ਤੋਂ ਹੀ ਨਹੀਂ ਮੁੜੇਗੀ, ਉਹਦੇ ਘਰ ਤਕ ਜ਼ਰੂਰ ਆਏਗੀ। ਪਰ ਉਹਨੂੰ ਇਹ ਨਾ ਪਤਾ ਲੱਗਾ ਕਿ ਫ਼ੌਜ ਹਵੇਲੀ ਤੋਂ ਤੁਰਤ ਪਿੱਛੋਂ ਉਹਦੇ ਘਰ ਵੀ ਅੱਪੜ ਗਈ ਹੈ।

ਘਰ ਵੱਲ ਗਲੀ ਦਾ ਮੋੜ ਮੁੜਦਿਆਂ ਉਹਨੂੰ ਅੱਗੇ ਖੜੀ ਫ਼ੌਜੀ ਟੁਕੜੀ ਦਿੱਸ ਪਈ ਤੇ ਫ਼ੌਜ ਨਾਲ ਆਏ ਫ਼ੌਜਦਾਰ ਜਲੰਧਰ ਦੇ ਬੰਦਿਆਂ ਨੇ ਦੂਰੋਂ ਦੇਖ ਕੇ ਦੱਸ ਦਿੱਤਾ ਕਿ ਉਹ ਕਰਮ ਸਿੰਘ ਦਾ ਪਿਓ ਜੇ। ਬੱਸ ਫ਼ੌਜ ਨੇ ਘੇਰ ਕੇ ਲਾਭ ਚੰਦ ਨੂੰ ਗ੍ਰਿਫ਼ਤਾਰ ਕਰ ਲਿਆ। ਜਦ ਜਰਨੈਲ ਸਾਹਮਣੇ ਪੇਸ਼ ਕੀਤਾ ਤਾਂ ਉਹਨੇ ਦੇਖ ਕੇ ਪੁੱਛਿਆ, "ਕੀ ਤੂੰ ਕਰਮ ਸਿੰਘ ਦਾ ਪਿਤਾ ਏਂ ?"

"ਹਾਂ ਜੀ, ਮੈਂ ਹੀ ਜਥੇਦਾਰ ਕਰਮ ਸਿੰਘ ਦਾ ਪਿਤਾ ਹਾਂ," ਲਾਭ ਚੰਦ ਨੇ ਦਲੇਰੀ ਨਾਲ ਉੱਤਰ ਦਿੱਤਾ।

"ਇਹਨੂੰ ਕਤਲ ਕਰ ਦਿੱਤਾ ਜਾਏ," ਜਰਨੈਲ ਦੇ ਹੁਕਮ ਦੇਣ ਦੀ ਦੇਰੀ ਸੀ ਕਿ ਉਸੇ ਵੇਲੇ ਲਾਭ ਚੰਦ ਨੂੰ ਤਲਵਾਰ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਫ਼ੌਜੀ ਮੁਖੀ ਇਹਨੂੰ ਆਪਣੀ ਬਹੁਤ ਵੱਡੀ ਪ੍ਰਾਪਤੀ ਸਮਝਦੇ ਸਨ। ਉਹਨੇ ਉਸੇ ਵੇਲੇ ਬਹਾਦਰ ਸ਼ਾਹ ਵੱਲ ਦੋ ਘੋੜ ਸਵਾਰ ਭੇਜੇ ਕਿ ਜਥੇਦਾਰ ਕਰਮ ਸਿੰਘ ਤਾਂ ਮਿਲਿਆ ਨਹੀਂ ਪਰ ਉਸ ਦੇ ਪਿਤਾ ਨੂੰ ਕਤਲ ਕਰ ਦਿੱਤਾ ਹੈ ਤੇ ਉਹਦੀ ਹਵੇਲੀ, ਜੋ ਇਕ ਫ਼ੌਜੀ ਛਾਉਣੀ ਸੀ, ਉਹਦੀ ਇੱਟ ਨਾਲ ਇੱਟ ਵਜਾ ਦਿੱਤੀ ਗਈ ਏ। ਸਾਰੇ ਕਰਤਾਰਪੁਰ ਵਿਚ ਸੋਗ ਛਾ ਗਿਆ। ਹਰ ਕਿਸੇ ਨੇ ਲਾਭ ਚੰਦ ਦੀ ਸ਼ਹੀਦੀ 'ਤੇ ਅਫ਼ਸੋਸ ਪ੍ਰਗਟ ਕੀਤਾ, ਪਰ ਮੁਗ਼ਲ ਫ਼ੌਜ ਤੋਂ ਡਰਦਿਆਂ ਕੋਈ ਸਾਹਮਣੇ ਆ ਕੇ ਆਹ ਦਾ ਨਾਹਰਾ ਵੀ ਨਾ ਮਾਰ ਸਕਿਆ।

37

ਜਥੇਦਾਰ ਕਰਮ ਸਿੰਘ ਸਾਰੀ ਰਾਤ ਸੌਂ ਨਾ ਸਕਿਆ। ਉਹਨੇ ਕਈ ਵਾਰ ਯਤਨ ਕੀਤਾ ਕਿ ਅੱਖਾਂ ਮੀਟ ਕੇ ਰੱਖੇ ਤੇ ਦਿਲ ਦਿਮਾਗ਼ ਨੂੰ ਪੂਰੀ ਤਰ੍ਹਾਂ ਸ਼ਾਂਤ ਰੱਖੇ ਪਰ ਮਨ ਦੀ ਬੇਚੈਨੀ ਉਹਨੂੰ ਸੌਣ ਨਹੀਂ ਸੀ ਦਿੰਦੀ। ਇਸ ਤਰ੍ਹਾਂ ਅੱਗੇ ਕਦੇ ਵੀ ਨਹੀਂ ਸੀ ਹੋਇਆ। ਉਹ ਸਾਰਾ ਦਿਨ ਕੰਮ ਕਰਦਾ ਰਹਿੰਦਾ, ਇਕੱਤਰਤਾਵਾਂ ਵਿਚ ਸ਼ਾਮਲ ਹੁੰਦਾ, ਦੀਵਾਨਾਂ ਵਿਚ ਹਾਜ਼ਰੀ

ਭਰਦਾ, ਲੜਾਈ ਦੇ ਦਾਅ ਪੇਚਾਂ ਬਾਰੇ ਵਿਚਾਰਾਂ ਕਰਦਾ ਤੇ ਰਾਤ ਨੂੰ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਜਦ ਬਿਸਤਰੇ 'ਤੇ ਲੇਟਦਾ ਤਾਂ ਝੱਟ ਨੀਂਦਰ ਆ ਜਾਂਦੀ। ਉਸ ਵੇਲੇ ਜੇ ਬਿਸਤਰਾ ਨਾ ਵੀ ਮਿਲਦਾ ਤਾਂ ਵੀ ਪ੍ਰਵਾਹ ਨਾ ਕਰਦਾ। ਉਹ ਤੇ ਧਰਤੀ 'ਤੇ ਵੀ ਝੱਟ ਸੌਂ ਜਾਣ ਵਾਲਾ ਸੀ। ਜਦ ਕਦੇ ਉਹਨੂੰ ਕੋਈ ਰਾਤ ਨੀਂਦ ਨਾ ਪੈਣ ਦੀ ਸ਼ਿਕਾਇਤ ਕਰਦਾ ਤਾਂ ਉਹ ਅੱਗੋਂ ਹੱਸ ਕੇ ਕਹਿੰਦਾ ਕਿ ਬਹੁਤਾ ਖਾ ਲਿਆ ਹੋਏਗਾ, ਪੇਟ ਠੀਕ ਨਹੀਂ ਹੋਣਾ। ਪਰ ਅੱਜ ਉਹਨੂੰ ਪਹਿਲੀ ਵਾਰ ਆਪ ਨੀਂਦਰ ਨਾ ਆਉਣ ਤੋਂ ਉਤਪੰਨ ਹੋਈ ਸਥਿਤੀ ਦਾ ਗਿਆਨ ਹੋਇਆ।

ਉਹਨੇ ਸੋਚਿਆ ਕਿ ਮੁਗ਼ਲਾਂ ਦੀਆਂ ਫ਼ੌਜਾਂ ਪੰਜਾਬ ਵਿਚ ਹਰਲ ਹਰਲ ਕਰ ਰਹੀਆਂ ਹਨ। ਉਨ੍ਹਾਂ ਨੇ ਜ਼ਰੂਰ ਸਾਡੀ ਕੌਮ ਦੇ ਪ੍ਰਸਿੱਧ ਟਿਕਾਣਿਆਂ 'ਤੇ ਹਮਲਾ ਕਰ ਕੇ ਤਬਾਹੀ ਮਚਾਈ ਹੋਵੇਗੀ। ਕਦੇ ਉਹਨੂੰ ਖ਼ਿਆਲ ਆਉਂਦਾ ਕਿ ਦੁਸ਼ਮਣ ਸਾਡੇ ਗੁਰ-ਅਸਥਾਨ ਢਾਹ ਰਿਹਾ ਹੋਵੇਗਾ, ਜਿਸ ਕਾਰਨ ਮੇਰੇ ਮਨ ਨੂੰ ਬੇਚੈਨੀ ਹੋ ਰਹੀ ਹੈ। ਕਦੇ ਉਹ ਸੋਚਦਾ ਕਿ ਕਈ ਦਿਨਾਂ ਤੋਂ ਬੰਦਾ ਸਿੰਘ ਬਹਾਦਰ ਵੱਲੋਂ ਕੋਈ ਸੂਚਨਾ ਨਹੀਂ ਆਈ। ਕਿਧਰੇ ਉਹ ਤਾਂ ਮੁਗ਼ਲਾਂ ਦੇ ਕਾਬੂ ਨਾ ਆ ਗਏ ਹੋਣ। ਫਿਰ ਉਹਦਾ ਮਨ ਆਪ ਹੀ ਅਜਿਹੇ ਖ਼ਿਆਲ ਨੂੰ ਰੱਦ ਕਰ ਦਿੰਦਾ ਕਿ ਬੰਦਾ ਸਿੰਘ ਬਹਾਦਰ ਇਉਂ ਕਾਬੂ ਨਹੀਂ ਆ ਸਕਦਾ। ਉਹਨੂੰ ਕਲਗੀਧਰ ਪਾਤਿਸ਼ਾਹ ਦਾ ਆਸ਼ੀਰਵਾਦ ਤੇ ਥਾਪੀ ਮਿਲੀ ਹੋਈ ਹੈ। ਉਹਨੇ ਅਜੇ ਬਹੁਤ ਕਾਰਜ ਕਰਨੇ ਹਨ, ਫਿਰ ਆਪ ਮੁਹਾਰੇ ਉਹਦੇ ਦੋਵੇਂ ਹੱਥ ਜੁੜ ਗਏ ਤੇ ਉਹ ਅਰਦਾਸ ਕਰਨ ਲੱਗ ਪਿਆ ਕਿ ਸੱਚੇ ਪਾਤਿਸ਼ਾਹ! ਬੰਦਾ ਸਿੰਘ ਬਹਾਦਰ ਦੀ ਆਯੂ ਲੰਮੀ ਕਰੀਂ। ਮੇਰੇ ਜੀਵਨ ਦਾ ਸਮਾਂ ਵੀ ਉਹਨੂੰ ਬਖ਼ਸ਼ ਦੇਵੀਂ। ਉਹਨੇ ਪੰਜਾਬ ਆ ਕੇ ਜਿਵੇਂ ਮੁਗ਼ਲ ਰਾਜ ਦੀਆਂ ਜੜ੍ਹਾਂ ਹਿਲਾਈਆਂ ਹਨ, ਖ਼ਾਲਸੇ ਨੂੰ ਰਾਜ-ਭਾਗ ਦਾ ਮਾਲਕ ਬਣਾਇਆ ਹੈ, ਇਹ ਬਹੁਤ ਵੱਡੀ ਦੇਣ ਹੈ।

ਕਦੇ ਉਹ ਬੇਚੈਨੀ ਤੇ ਨੀਂਦਰ ਨਾ ਆਉਣ ਦੇ ਹੋਰ ਕਾਰਨਾਂ 'ਤੇ ਵਿਚਾਰ ਕਰਨ ਲੱਗ ਪੈਂਦਾ। ਉਤਨਾ ਚਿਰ ਉਹਦੇ ਦਿਮਾਗ਼ ਵਿਚ ਨਵੇਂ ਨਵੇਂ ਖ਼ਿਆਲ, ਫੁਰਨੇ ਤੇ ਅਨੁਮਾਨ ਘੁੰਮਦੇ ਰਹੇ, ਜਿਤਨਾ ਚਿਰ ਕਿਸੇ ਇਕ ਖ਼ਿਆਲ 'ਤੇ ਉਹਦਾ ਮਨ ਅਖ਼ੀਰ ਆ ਕੇ ਨਾ ਟਿਕਿਆ। ਇਸੇ ਲੜੀ ਵਿਚ ਉਹਨੂੰ ਆਪਣੇ ਘਰ ਪਰਵਾਰ ਦਾ ਵੀ ਖ਼ਿਆਲ ਆਇਆ। ਪਿਤਾ ਜੀ ਕਾਫ਼ੀ ਬਿਰਧ ਸਨ। ਉਨ੍ਹਾਂ 'ਤੇ ਵੀ ਕੋਈ ਬਿਪਤਾ ਆ ਸਕਦੀ ਏ। ਦੀਪੋ ਤੇ ਭੁਜੰਗੀ ਫ਼ਤਹਿ ਸਿੰਘ ਠੀਕ ਹੋਣ। ਕਿਧਰੇ ਮੁਗ਼ਲ ਫ਼ੌਜ ਦੀ ਕਰੋਪੀ ਦਾ ਉਹ ਸ਼ਿਕਾਰ ਨਾ ਹੋ ਗਏ ਹੋਣ। ਫ਼ੌਜਦਾਰ ਜਲੰਧਰ ਤਾਂ ਸਾਡੇ ਘਰ ਪਰਵਾਰ ਬਾਰੇ ਸਭ ਕੁਝ ਜਾਣਦਾ ਹੈ। ਉਹਨੇ ਜਦੋਂ ਦੇਖਿਆ ਹੋਏਗਾ ਕਿ ਮੁਗ਼ਲਾਂ ਦਾ ਮੁੜ ਜ਼ੋਰ ਵਧ ਗਿਆ ਹੈ ਤਾਂ ਉਹ ਜ਼ਰੂਰ ਸਾਡੇ ਨਾਲ ਦੁਸ਼ਮਣੀ ਪ੍ਰਗਟ ਕਰਨ ਵਿਚ ਮੂਹਰੇ ਹੋਏਗਾ। ਇਸ ਵਿਚਾਰ ਪਿੱਛੋਂ ਉਹਨੇ ਫ਼ੈਸਲਾ ਕੀਤਾ ਕਿ ਸਵੇਰੇ ਉਹ ਪੰਜ ਸਿੰਘਾਂ ਨੂੰ ਦੁਆਬੇ ਦਾ ਚੱਕਰ ਲਾਣ ਲਈ ਭੇਜੇਗਾ ਤਾਕਿ ਕਰਤਾਰਪੁਰ, ਪਲਾਹੀ, ਸੁਲਤਾਨਪੁਰ ਲੋਧੀ, ਬੰਗਾ, ਰਾਹੋਂ ਤੇ ਹੁੜਕਾ ਆਦਿ ਸਾਰੇ ਇਲਾਕਿਆਂ ਦੀ ਪੂਰੀ ਪੂਰੀ ਜਾਣਕਾਰੀ ਲੈ ਕੇ ਆਉਣ। ਉਹਨੂੰ ਇਸ ਕਰਕੇ ਵੀ ਚਿੰਤਾ ਸੀ ਕਿ ਕੁਝ ਦਿਨਾਂ ਤੋਂ ਕੋਈ ਬੰਦਾ ਇਸ ਪਾਸਿਉਂ ਨਹੀਂ ਸੀ ਆਇਆ।

ਇਨ੍ਹਾਂ ਸੋਚਾਂ ਵਿਚਾਰਾਂ ਵਿਚ ਹੀ ਦੋ ਪਹਿਰ ਰਾਤ ਬੀਤ ਗਈ। ਉਹ ਉਠਿਆ ਤੇ ਜੰਗਲ ਪਾਣੀ ਹੋ ਕੇ ਤੇ ਇਸ਼ਨਾਨ ਕਰ ਕੇ ਪਾਠ ਕਰਨ ਬੈਠ ਗਿਆ। ਉਂਝ ਤੇ ਉਹ ਰੋਜ਼ ਹੀ ਸਵੇਰੇ ਨਿਤਨੇਮ ਅੰਮ੍ਰਿਤ ਵੇਲੇ ਕਰ ਲੈਂਦਾ ਸੀ ਪਰ ਅੱਜ ਉਹਨੇ ਤੀਜੇ ਪਹਿਰ ਰਾਤ ਹੀ ਪਾਠ ਸ਼ੁਰੂ ਕਰ ਦਿੱਤਾ। ਉਹਨੂੰ ਯਕੀਨ ਸੀ ਕਿ ਇਉਂ ਬਾਣੀ ਦੇ ਪਾਠ ਤੇ ਮਨ ਦੇ ਟਿਕਾਉ ਨਾਲ ਅੰਦਰਲੀ ਅਸ਼ਾਂਤੀ ਖ਼ਤਮ ਹੋ ਜਾਂਦੀ ਹੈ। ਭਟਕਣਾ ਦੀ ਥਾਂ ਮਨ ਟਿਕਾਉ ਵਿਚ ਆ ਜਾਂਦਾ ਹੈ। ਸੱਚਮੁੱਚ ਸਾਰੇ ਫ਼ਿਕਰ, ਸੋਚਾਂ ਤੇ ਚਿੰਤਾਵਾਂ ਤੋਂ ਉਹਨੂੰ ਛੁਟਕਾਰਾ ਮਿਲ ਗਿਆ।

ਦਿਨ ਚੜ੍ਹਿਆ, ਉਹਨੇ ਸਾਥੀ ਜਥੇਦਾਰਾਂ ਨਾਲ ਆਪਣੀ ਰਾਤ ਦੀ ਮਾਨਸਕ ਹਾਲਤ ਦਾ ਚਰਚਾ ਕੀਤਾ ਤੇ ਉਨ੍ਹਾਂ ਨੂੰ ਦੱਸਿਆ ਕਿ ਉਹ ਅਜੇ ਤਕ ਨਿਰਣਾ ਨਹੀਂ ਕਰ ਸਕਿਆ ਕਿ ਰਾਤ ਕਿਉਂ ਉਹਦਾ ਮਨ ਬੇਚੈਨ ਸੀ। ਰਤਨ ਸਿੰਘ ਜਥੇਦਾਰ ਨੇ ਕਿਹਾ, "ਮਨ ਬੜਾ ਉਡਾਰੂ ਏ, ਤੁਸੀਂ ਕਿਧਰੇ ਭਰਜਾਈ ਤੇ ਆਪਣੇ ਭੁਝੰਗੀ ਦਾ ਫ਼ਿਕਰ ਤਾਂ ਨਹੀਂ ਕਰਦੇ ਸੁੱਤੇ।"

"ਨਹੀਂ, ਬਿਲਕੁਲ ਨਹੀਂ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਮੇਰੇ ਮਨ ਵਿਚ ਕਈ ਫੁਰਨੇ ਫੁਰੇ, ਅਖ਼ੀਰ ਤੇ ਉਨ੍ਹਾਂ ਵਿਚ ਇਕ ਖ਼ਿਆਲ ਪਰਵਾਰ ਦਾ ਵੀ ਆਇਆ, ਪਰ ਬਹੁਤ ਪਿੱਛੋਂ ਜਾ ਕੇ। ਮੈਂ ਮੁੱਕਰਦਾ ਨਹੀਂ। ਆਖ਼ਰ ਪਰਵਾਰ ਨਾਲ ਵੀ ਸਾਨੂੰ ਕਿਸੇ ਨਾਲੋਂ ਘੱਟ ਪਿਆਰ ਤੇ ਮੋਹ ਨਹੀਂ। ਇਹ ਵੱਖਰੀ ਗੱਲ ਏ ਕਿ ਆਪਣਾ ਧਰਮ, ਆਪਣੀ ਕੌਮ ਤੇ ਆਪਣੇ ਦੇਸ਼ ਨਾਲੋਂ ਵੱਧ ਪਿਆਰ ਵੀ ਨਹੀਂ। ਜਿਸ ਨੂੰ ਆਪਣੇ ਪਰਵਾਰ ਨਾਲ ਪਿਆਰ ਮੋਹ ਨਹੀਂ, ਉਹ ਦੇਸ਼ ਨਾਲ ਕਦੋਂ ਪਿਆਰ ਕਰ ਸਕਦਾ ਏ।" ਜਥੇਦਾਰ ਰਤਨ ਸਿੰਘ ਨੇ ਤਾਂ ਹਾਸੇ ਨਾਲ ਗੱਲ ਆਖੀ ਸੀ ਤੇ ਗੰਭੀਰਤਾ ਨੂੰ ਤੋੜਨ ਲਈ ਜਾਣ ਬੁਝ ਕੇ ਟੁਣਕਾ ਲਾਇਆ ਸੀ ਪਰ ਜਥੇਦਾਰ ਕਰਮ ਸਿੰਘ ਨੇ ਤਾਂ ਇਸ ਵਿਸ਼ੇ 'ਤੇ ਲੰਮਾ ਭਾਸ਼ਨ ਸੁਣਾ ਦਿੱਤਾ।

"ਚਲੋ, ਮੈਂ ਸ਼ਬਦ ਵਾਪਸ ਲੈਂਦਾ ਹਾਂ," ਜਥੇਦਾਰ ਰਤਨ ਸਿੰਘ ਨੇ ਕਿਹਾ, "ਹੁਣ ਦੱਸੋ ਸਾਨੂੰ ਕਰਨਾ ਕੀ ਚਾਹੀਦਾ ਏ ?"

"ਮੇਰਾ ਖ਼ਿਆਲ ਏ ਕਿ ਪੰਜ ਸਿੰਘ ਦੁਆਬੇ ਦੀ ਹਾਲਤ ਦੇਖਣ ਲਈ ਭੇਜੇ ਜਾਣ," ਜਥੇਦਾਰ ਕਰਮ ਸਿੰਘ ਨੇ ਮਨ ਦੀ ਗੱਲ ਕਹਿ ਦਿੱਤੀ, "ਉਥੋਂ ਕਈ ਦਿਨਾਂ ਤੋਂ ਕੋਈ ਸੁਨੇਹਾ ਵੀ ਨਹੀਂ ਆਇਆ। ਅਖ਼ੀਰ ਕੋਈ ਨਾ ਕੋਈ ਸੰਕਟ ਹੋਏਗਾ। ਨਾਲੇ ਸਾਨੂੰ ਵੀ ਸਾਰੀ ਗੱਲ ਦਾ ਪਤਾ ਲੱਗਣਾ ਚਾਹੀਦਾ ਏ।"

"ਇਹ ਠੀਕ ਏ," ਦੋ ਤਿੰਨਾਂ ਨੇ ਇਕੱਠੇ ਹੀ ਤਾਈਦ ਕਰ ਦਿੱਤੀ।

ਕਿਹੜੇ ਸਿੰਘਾਂ ਨੂੰ ਭੇਜਿਆ ਜਾਏ, ਇਸ ਵਿਸ਼ੇ 'ਤੇ ਵਿਚਾਰ ਹੋ ਹੀ ਰਹੀ ਸੀ ਕਿ ਝੱਟ ਸੇਵਾਦਾਰ ਨੇ ਆ ਕੇ ਫ਼ਤਹਿ ਬੁਲਾਈ ਤੇ ਕਿਹਾ, "ਕੁਝ ਬੰਦੇ ਕਰਤਾਰਪੁਰ ਤੋਂ ਆਏ ਨੇ, ਉਹ ਮਿਲਣਾ ਚਾਹੁੰਦੇ ਨੇ।"

"ਉਨ੍ਹਾਂ ਨੂੰ ਅੰਦਰ ਕਿਉਂ ਨਹੀਂ ਲਿਆਂਦਾ ?" ਝੱਟ ਜਥੇਦਾਰ ਕਰਮ ਸਿੰਘ ਨੇ ਕਿਹਾ।

"ਉਹ ਸਿਖ ਨਹੀਂ, ਹਿੰਦੂ ਤੇ ਮੁਸਲਮਾਨ ਨੇ," ਸੇਵਾਦਾਰ ਨੇ ਉੱਤਰ ਦਿੱਤਾ, "ਇਸ ਲਈ ਤੁਹਾਡੀ ਆਗਿਆ ਬਿਨਾ ਉਨ੍ਹਾਂ ਨੂੰ ਅੰਦਰ ਨਹੀਂ ਲਿਆ ਸਕਦੇ। ਕਿਸੇ ਨੂੰ ਬਾਹਰੋਂ ਭੇਜ ਕੇ ਪਹਿਲਾਂ ਤਸੱਲੀ ਕਰ ਲੈਣੀ ਚਾਹੀਦੀ ਏ।"

"ਮੈਂ ਜਾ ਕੇ ਦੇਖਦਾ ਹਾਂ," ਕਸਤੂਰ ਸਿੰਘ ਨੇ ਕਿਹਾ। ਉਹ ਕਰਤਾਰਪੁਰ ਦੇ ਬਹੁਤ ਸਾਰੇ ਵਸਨੀਕਾਂ ਨੂੰ ਜਾਣਦਾ ਸੀ, ਇਸ ਲਈ ਉਹਨੇ ਪੇਸ਼ਕਸ਼ ਕੀਤੀ ਤੇ ਆਗਿਆ ਲੈ ਕੇ ਉਹ ਬਾਹਰ ਚਲਾ ਗਿਆ।

"ਸੁਖ ਨਹੀਂ, ਜ਼ਰੂਰ ਕੋਈ ਭਾਣਾ ਵਰਤ ਗਿਆ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਮੇਰੇ ਮਨ ਨੂੰ ਰਾਤ ਜੋ ਕੁਝ ਹੁੰਦਾ ਸੀ, ਇਸੇ ਕਰਕੇ ਸੀ," ਫਿਰ ਆਪ ਹੀ ਦੂਜੇ ਸਾਥੀਆਂ ਨੂੰ ਹੌਸਲਾ ਦੇਣ ਤੇ ਚੜ੍ਹਦੀ ਕਲਾ ਵਿਚ ਰੱਖਣ ਲਈ ਕਹਿਣ ਲੱਗਾ, "ਵਾਹਿਗੁਰੂ ਭਲੀ ਕਰੇਗਾ।"

ਇਤਨੇ ਵਿਚ ਕਸਤੂਰ ਸਿੰਘ ਉਨ੍ਹਾਂ ਬੰਦਿਆਂ ਨੂੰ ਲੈ ਕੇ ਆ ਗਿਆ। ਦੋ ਮੁਸਲਮਾਨ ਰਹੀਮ ਖ਼ਾਂ ਤੇ ਅੱਲਾ ਦਿੱਤਾ ਸਨ, ਜੋ ਹਮੇਸ਼ਾ ਹੀ ਕਰਮ ਸਿੰਘ ਤੇ ਲਾਭ ਚੰਦ ਦੇ ਨਾਲ ਰਹੇ ਸਨ ਤੇ ਜਲੰਧਰ ਦੇ ਫ਼ੌਜਦਾਰ ਪਾਸ ਵੀ ਜਾਂਦੇ ਰਹੇ ਸਨ। ਉਨ੍ਹਾਂ ਦੇ ਨਾਲ ਗਵੱਈਆ ਭਗਤੂ ਤੇ ਰੇਸ਼ਮ ਸਨ, ਜਿਨ੍ਹਾਂ ਨਾਲ ਸਿੰਘ ਸੱਜਣ ਤੋਂ ਪਹਿਲਾਂ ਕਰਮ ਸਿੰਘ ਭੱਠੀ 'ਤੇ ਸ਼ਾਮ ਗੁਜ਼ਾਰਿਆ

ਕਰਦਾ ਸੀ। ਉਨ੍ਹਾਂ ਦੇ ਲੱਥੇ ਹੋਏ ਚਿਹਰੇ ਤੇ ਨੀਵੀਆਂ ਪਈਆਂ ਅੱਖਾਂ ਤੋਂ ਕਰਮ ਸਿੰਘ ਨੇ ਅਨੁਮਾਨ ਲਾ ਲਿਆ ਕਿ ਘਰ ਖ਼ੈਰ ਨਹੀਂ। ਕੋਈ ਨਾ ਕੋਈ ਦੁਖਾਂਤ ਭਾਣਾ ਵਰਤ ਗਿਆ ਹੈ।

ਜਥੇਦਾਰ ਕਰਮ ਸਿੰਘ ਨੇ ਉੱਠ ਕੇ ਉਨ੍ਹਾਂ ਨੂੰ ਹੱਥ ਜੋੜ ਕੇ 'ਜੀ ਆਇਆਂ' ਆਖਿਆ ਤੇ ਉਨ੍ਹਾਂ ਨੇ ਝੁਕ ਕੇ ਫ਼ਤਹਿ ਬੁਲਾਈ।

"ਬਹੁਤ ਮਾੜਾ ਹੋਇਆ ਜਥੇਦਾਰ ਜੀ," ਰਹੀਮ ਖ਼ਾਂ ਨੇ ਮਿਲਦਿਆਂ ਰਜ਼ਾ ਬੁਲਾਈ। ਇਸ ਤੋਂ ਸਪੱਸ਼ਟ ਸੀ ਕਿ ਘਰ ਵਿਚ ਖ਼ੈਰ ਨਹੀਂ।

"ਕੀ ਹੋਇਆ ਏ ?" ਹੁਣ ਬਹੁਤ ਹੀ ਉਤਸੁਕਤਾ ਨਾਲ ਜਥੇਦਾਰ ਕਰਮ ਸਿੰਘ ਨੇ ਪੁੱਛਿਆ। ਹਰ ਸਮੇਂ ਸ਼ਾਂਤ ਚਿੱਤ ਰਹਿਣ ਵਾਲੇ ਜਥੇਦਾਰ ਦਾ ਹੁਣ ਸਬਰ ਦਾ ਕੜ ਟੁੱਟਣ ਲੱਗਾ।

"ਫ਼ੌਜ ਨੇ ਆਪਣੀ ਹਵੇਲੀ ਢਾਹ ਦਿੱਤੀ ਏ," ਭਗਤੂ ਨੇ ਦੱਸਿਆ।

"ਇਹ ਤਾਂ ਕੁਝ ਵੀ ਨਹੀਂ, ਹੋਰ ਹੋਏ ਨੁਕਸਾਨ ਦਾ ਛੇਤੀ ਦੱਸੋ," ਜਥੇਦਾਰ ਕਰਮ ਸਿੰਘ ਨੇ ਭਗਤੂ ਦੇ ਵਾਕ ਪੂਰਾ ਕਰਦਿਆਂ ਅਗਲੀ ਗੱਲ ਕਰਨ ਤੋਂ ਪਹਿਲਾਂ ਹੀ ਪੁੱਛ ਲਿਆ।

"ਸਾਡੇ ਵਿਚ ਦੱਸਣ ਦੀ ਹਿੰਮਤ ਨਹੀਂ," ਰੇਸ਼ਮ ਬੋਲ ਪਿਆ।

"ਪਰਵਾਰ ਦੀ ਗੱਲ ਕਰੋ। ਹੋਰ ਨੁਕਸਾਨ ਤਾਂ ਛੇਤੀ ਪੂਰੇ ਕਰ ਲਵਾਂਗੇ। ਪਿਤਾ ਜੀ ਦਾ ਕੀ ਹਾਲ ਏ ? ਮੇਰੀ ਮਾਂ ਕਿਥੇ ਵੇ ? ਦੀਪੋ ਤੇ ਫ਼ਤਹਿ ਸਿੰਘ ਜ਼ਿੰਦਾ ਹਨ ਕਿ ਨਹੀਂ ?" ਕਰਮ ਸਿੰਘ ਇਕੋ ਸਾਹੇ ਸਾਰਿਆਂ ਬਾਰੇ ਪ੍ਰਸ਼ਨ ਕਰ ਗਿਆ।

"ਪਿਤਾ ਜੀ ਦਾ ਦੇਹਾਂਤ ਹੋ ਗਿਆ," ਅੱਲਾ ਦਿੱਤਾ ਬੋਲ ਪਿਆ, "ਫ਼ੌਜ ਨੇ ਉਨ੍ਹਾਂ ਨੂੰ ਗਲੀ ਵਿਚੋਂ ਫੜ ਕੇ ਮੌਤ ਦੇ ਘਾਟ ਉਤਾਰ ਦਿੱਤਾ ਏ। ਬਾਕੀ ਪਰਵਾਰ ਤਾਂ ਅਸੀਂ ਪਹਿਲਾਂ ਹੀ ਘਰੋਂ ਕੱਢ ਕੇ ਆਪਣੇ ਘਰੀਂ ਲੈ ਗਏ ਸਾਂ। ਉਹ ਸਾਰੇ ਠੀਕ ਨੇ ਪਰ ਤੁਹਾਡੇ ਵਾਲਦ ਨੂੰ ਅਸੀਂ ਨਹੀਂ ਬਚਾ ਸਕੇ। ਉਹ ਘਰ ਨਹੀਂ ਸਨ ਤੇ ਬਾਹਰੋਂ ਕਿਧਰੋਂ ਆਉਂਦੇ ਗਲੀ ਵਿਚ ਹੀ ਘੇਰੇ ਗਏ।"

ਇਕ ਵਾਰ ਤਾਂ ਕਰਮ ਸਿੰਘ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਪਰ ਛੇਤੀ ਹੀ ਗੁੱਸੇ ਨਾਲ ਅੱਖਾਂ ਲਾਲ ਹੋ ਗਈਆਂ। ਉਹਨੇ ਆਪਣੇ ਅੰਦਰ ਉਤਪੰਨ ਹੋਈ ਕਮਜ਼ੋਰੀ, ਗੁੱਸੇ ਤੇ ਰੋਹ 'ਤੇ ਕਾਬੂ ਪਾਂਦਿਆਂ ਸਾਰੀ ਵਿਥਿਆ ਵਿਸਥਾਰ ਨਾਲ ਦੱਸਣ ਲਈ ਜ਼ੋਰ ਦਿੱਤਾ ਤਾਂ ਰਹੀਮ ਖ਼ਾਂ ਨੇ ਦੱਸਿਆ ਕਿ ਫ਼ੌਜ ਦੇ ਤੁਰ ਜਾਣ ਪਿੱਛੋਂ ਸਾਰੇ ਨਗਰ ਨੇ ਮਿਰਤਕ ਦੇਹ ਦਾ ਸਸਕਾਰ ਤੁਹਾਡੀ ਹਵੇਲੀ ਵਾਲੀ ਥਾਂ ਹੀ ਕੀਤਾ। ਮਾਂ, ਦੀਪੋ ਤੇ ਕਾਕਾ ਬਹੁਤ ਰੋਏ, ਪਰ ਅਸੀਂ ਉਨ੍ਹਾਂ ਨੂੰ ਬਾਹਰ ਨਾ ਜਾਣ ਦਿੱਤਾ। ਉਹ ਬਥੇਰਾ ਕਹਿੰਦੀਆਂ ਰਹੀਆਂ ਕਿ ਅਸੀਂ ਹੁਣੇ ਜਾਣਾ ਏਂ ਪਰ ਅਸੀਂ ਸਸਕਾਰ ਕਰਨ ਪਿੱਛੋਂ ਹੀ ਉਨ੍ਹਾਂ ਨੂੰ ਬਾਹਰ ਨਿਕਲਣ ਦਿੱਤਾ।

"ਅਸੀਂ ਬਦਲਾ ਲਵਾਂਗੇ," ਕਈ ਸਿੰਘ ਆਪੇ ਤੋਂ ਬਾਹਰ ਹੋ ਕੇ ਬੋਲ ਪਏ।

"ਉਨ੍ਹਾਂ ਸਾਰੇ ਇਲਾਕੇ ਵਿਚ ਤਬਾਹੀ ਮਚਾ ਦਿੱਤੀ ਏ," ਭਗਤੂ ਨੇ ਦੱਸਿਆ, "ਸੁਣਿਆ ਏ ਕਿ ਪਲਾਹੀ ਵਿਚ ਵੀ ਬਹੁਤ ਹੀ ਤਬਾਹੀ ਕਰ ਗਏ ਨੇ। ਕਹਿੰਦੇ ਸਨ ਕਿ ਦੁਆਬੇ ਵਿਚ ਕੋਈ ਸਿਖ ਦਾ ਬੱਚਾ ਜੀਊਂਦਾ ਨਹੀਂ ਛੱਡਣਾ।"

"ਜਥਾ ਤਿਆਰ ਕਰੋ, ਜੋ ਮੁਗ਼ਲ ਫ਼ੌਜ ਦੇ ਉਨ੍ਹਾਂ ਜਰਨੈਲਾਂ ਦੇ ਸਿਰ ਵੱਢ ਕੇ ਲਿਆਏ, ਜਿਨ੍ਹਾਂ ਦੁਆਬੇ ਵਿਚ ਅੱਤਿਆਚਾਰ ਕੀਤੇ ਹਨ," ਜਥੇਦਾਰ ਕਰਮ ਸਿੰਘ ਨੇ ਕਿਹਾ।

"ਨਾਲੇ ਉਨ੍ਹਾਂ ਨੂੰ ਵੀ ਸਜ਼ਾ ਦਿੱਤੀ ਜਾਏ, ਜਿਹੜੇ ਜਲੰਧਰ ਦੇ ਫ਼ੌਜਦਾਰ ਦੇ ਬੰਦੇ ਸਿੱਖਾਂ ਦੇ ਘਰਾਂ ਤੇ ਜੀਆਂ ਦੀ ਨਿਸ਼ਾਨਦੇਹੀ ਕਰ ਰਹੇ ਹਨ।" ਕਸਤੂਰ ਸਿੰਘ ਨੇ ਸੁਝਾਅ ਦਿੱਤਾ। ਉਸੇ ਵੇਲੇ ਦੋ ਸੌ ਸਿੰਘਾਂ ਦੇ ਜਥੇ ਦੀ ਚੋਣ ਕਰ ਲਈ ਗਈ। ਕਿੱਕਰ ਸਿੰਘ ਤੇ ਕਸਤੂਰ ਸਿੰਘ ਦੀ ਜਥੇਦਾਰੀ ਹੇਠ ਉਨ੍ਹਾਂ ਨੂੰ ਕੱਲ੍ਹ ਜਲੰਧਰ ਵੱਲ ਤੁਰਨ ਦੇ ਆਦੇਸ਼ ਜਾਰੀ ਹੋ ਗਏ।

38

ਜਿਹੜੇ ਪੰਜ ਸਿੰਘ ਫਿਰ ਕੇ ਦੁਆਬੇ ਦੀ ਸਾਰੀ ਸੂਚਨਾ ਇਕੱਠੀ ਕਰਨ ਗਏ ਸਨ, ਉਹ ਵਾਪਸ ਆ ਗਏ। ਉਨ੍ਹਾਂ ਨੇ ਸਾਰੀ ਸਥਿਤੀ ਦੀ ਸੂਚਨਾ ਜਥੇਦਾਰ ਕਰਮ ਸਿੰਘ ਨੂੰ ਦਿੱਤੀ ਤੇ ਉਸ ਨੇ ਸਾਰੇ ਹਾਲਾਤ ਸੁਣਨ ਲਈ ਜਥੇਦਾਰਾਂ ਦੀ ਇਕੱਤਰਤਾ ਬੁਲਾ ਲਈ। ਸਾਰਿਆਂ ਨੂੰ ਸਮਾਚਾਰ ਸੁਣਨ ਲਈ ਉਤਸੁਕਤਾ ਸੀ। ਅੱਗੇ ਥਾਂ ਥਾਂ ਤੋਂ ਕੋਈ ਨਾ ਕੋਈ ਸਿੰਘ ਆ ਜਾਂਦਾ ਸੀ, ਪਰ ਹੁਣ ਮੁਗ਼ਲ ਫ਼ੌਜ ਦੀ ਕਰੋਪੀ ਕਾਰਨ ਕੋਈ ਨਹੀਂ ਸੀ ਆ ਰਿਹਾ। ਸਾਬੋ ਕੀ ਤਲਵੰਡੀ ਤੋਂ ਵੀ ਕੋਈ ਉੱਘ-ਸੁੱਘ ਨਹੀਂ ਸੀ। ਬੰਦਾ ਸਿੰਘ ਬਹਾਦਰ ਜਦੋਂ ਦੇ ਪਹਾੜਾਂ ਵਿਚ ਦੂਰ ਨਿਕਲ ਗਏ ਸਨ, ਉਨ੍ਹਾਂ ਦਾ ਵੀ ਅਨੰਦਪੁਰ ਕੋਈ ਸੁਨੇਹਾ ਨਹੀਂ ਸੀ। ਅੱਗੇ ਕਰਤਾਰਪੁਰ ਦੇ ਲੋਕਾਂ ਨੇ ਆ ਕੇ ਕੁਝ ਦੱਸਿਆ ਸੀ ਤੇ ਉਹ ਵੀ ਬਹੁਤਾ ਕਰਤਾਰਪੁਰ ਦੇ ਹਾਲਾਤ ਹੀ ਸਨ। ਹੁਣ ਪਹਿਲੀ ਵਾਰ ਸਾਰੇ ਦੁਆਬੇ ਦੀ ਅੱਖੀਂ ਦੇਖੀ ਦਸ਼ਾ ਇਨ੍ਹਾਂ ਸਿੰਘਾਂ ਨੇ ਬਿਆਨ ਕੀਤੀ।

ਇਨ੍ਹਾਂ ਸਿੰਘਾਂ ਦੇ ਦੱਸਣ ਅਨੁਸਾਰ ਦੁਆਬੇ ਵਿਚ ਹੁਣ ਬਹੁਤ ਘੱਟ ਸਿੰਘ ਰਹਿਣ ਦਿੱਤੇ ਗਏ ਹਨ। ਪਿੰਡਾਂ ਵਿਚ ਜੋ ਵੀ ਮਿਲਿਆ, ਉਹਨੂੰ ਸ਼ਹੀਦ ਕਰ ਦਿੱਤਾ ਗਿਆ ਹੈ। ਬਹੁਤੀ ਤਬਾਹੀ ਰਾਹੋਂ, ਬੰਗਾ, ਰੁੜਕਾ, ਸੰਗ ਢੇਸੀਆਂ, ਪਲਾਹੀ ਤੇ ਕਰਤਾਰਪੁਰ ਵਿਚ ਹੋਈ ਏ। ਜੋ ਵੀ ਸਿਖ ਮਿਲਿਆ, ਉਹਨੂੰ ਤੁਰਤ ਕਤਲ ਕੀਤਾ ਗਿਆ। ਨਾ ਕੈਦ ਕੀਤੇ ਤੇ ਨਾ ਹੀ ਨਿਰਦੋਸ਼ ਸਾਬਤ ਕਰਨ ਲਈ ਕਿਸੇ ਨੂੰ ਸਮਾਂ ਦਿੱਤਾ ਗਿਆ। ਔਰਤਾਂ ਤੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਕਈ ਥਾਂ ਔਰਤਾਂ ਨੇ ਬੜੀ ਬਹਾਦਰੀ ਦਿਖਾਈ ਏ। ਕਰਮ ਸਿੰਘ ਦੀ ਪਤਨੀ ਦੀਪੋ ਨੇ, ਲਾਭ ਚੰਦ ਦੇ ਸ਼ਹੀਦ ਹੋਣ ਪਿੱਛੋਂ, ਕਰਤਾਰਪੁਰ ਆਏ ਜਲੰਧਰ ਦੇ ਫ਼ੌਜਦਾਰ ਦੇ ਉਨ੍ਹਾਂ ਸਿਪਾਹੀਆਂ ਨੂੰ ਪਛਾਣ ਲਿਆ, ਜਿਨ੍ਹਾਂ ਨੇ ਮੁਗ਼ਲ ਫ਼ੌਜ ਨੂੰ ਉਨ੍ਹਾਂ ਦਾ ਘਰ ਤੇ ਲਾਭ ਚੰਦ ਦੀ ਪਛਾਣ ਕੀਤੀ ਸੀ।

"ਫਿਰ ਉਸ ਕੀ ਕੀਤਾ ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ।

"ਉਹ ਇਕ ਕੋਠੇ 'ਤੇ ਖੜੀ ਝਾਕ ਰਹੀ ਸੀ। ਉਹਨੇ ਇਕ ਪੱਥਰ ਚੁੱਕ ਲਿਆ ਤੇ ਗਲੀ ਵਿਚੋਂ ਲੰਘਦੇ ਸਿਪਾਹੀ ਦੇ ਵੱਟ ਕੇ ਮਾਰਿਆ, ਜੋ ਉਸ ਦੇ ਸਿਰ ਵਿਚ ਵੱਜਾ। ਉਹ ਥਾਂ 'ਤੇ ਹੀ ਤੜਫ ਤੜਫ ਕੇ ਮਰ ਗਿਆ," ਇਕ ਸਿੰਘ ਨੇ ਦੱਸਿਆ।

"ਉਹਦੇ ਸਾਥੀਆਂ ਫਿਰ ਚੋਖਾ ਨੁਕਸਾਨ ਕੀਤਾ ਹੋਏਗਾ," ਇਕ ਜਥੇਦਾਰ ਨੇ ਪੁੱਛਿਆ।

"ਨਹੀਂ, ਉਹ ਇਕੱਲਾ ਸੀ," ਦੂਜੇ ਸਿੰਘ ਨੇ ਦੱਸਿਆ, "ਸਮਾਂ ਵੀ ਮੂੰਹ-ਹਨੇਰੇ ਦਾ ਸੀ। ਗਲੀ ਵਾਲਿਆਂ ਉਹਨੂੰ ਚੁੱਕ ਕੇ ਬਾਹਰ ਖੇਤਾਂ ਵਿਚ ਸੁੱਟ ਦਿੱਤਾ ਤਾਕਿ ਸਾਰੀ ਗਲੀ 'ਤੇ ਕੋਈ ਮੁਸੀਬਤ ਨਾ ਆ ਜਾਏ। ਫਿਰ ਕੀ ਹੋਇਆ ਇਸ ਬਾਰੇ ਸਾਨੂੰ ਕੁਝ ਪਤਾ ਨਹੀਂ ਲੱਗਾ। ਅਸੀਂ ਬਹੁਤੀ ਦੇਰ ਉਥੇ ਠਹਿਰ ਨਹੀਂ ਸਾਂ ਸਕੇ।"

"ਤੁਸੀਂ ਮੇਰੀ ਮਾਂ ਜਾਂ ਦੀਪੋ ਨੂੰ ਮਿਲੇ ਸੀ ?" ਜਥੇਦਾਰ ਕਰਮ ਸਿੰਘ ਨੇ ਪ੍ਰਸ਼ਨ ਕੀਤਾ।

"ਹਾਂ, ਮਿਲੇ ਸਾਂ," ਮੁਖੀ ਸਿੰਘ ਬੋਲਿਆ, "ਉਨ੍ਹਾਂ ਨੂੰ ਅਜੇ ਤਕ ਲੋਕ ਘਰ ਨਹੀਂ ਜਾਣ ਦਿੰਦੇ, ਪਤਾ ਨਹੀਂ ਕਿਹੜੇ ਵੇਲੇ ਫਿਰ ਫ਼ੌਜ ਆ ਨਿਕਲੇ। ਮੁਗ਼ਲ ਫ਼ੌਜ ਤਾਂ ਹੁਣ ਕਿਧਰੇ ਦਿਸੀ ਨਹੀਂ, ਪਰ ਫ਼ੌਜਦਾਰ ਜਲੰਧਰ ਦੇ ਬੰਦੇ ਹਰਲ ਹਰਲ ਕਰਦੇ ਫਿਰਦੇ ਨੇ।"

"ਇਕ ਗੱਲ ਬੜੀ ਸਾਫ਼ ਦੇਖੀ ਏ ਕਿ ਲੋਕ ਸਾਡੇ ਨਾਲ ਹਨ," ਦੂਜੇ ਸਿੰਘ ਨੇ ਦੱਸਿਆ, "ਸਾਨੂੰ ਜਿਹੜਾ ਵੀ ਹਿੰਦੂ ਮਿਲਿਆ ਜਾਂ ਮੁਸਲਮਾਨ, ਉਹਨੇ ਮੁਗ਼ਲ ਫ਼ੌਜ ਦੇ ਜ਼ੁਲਮ ਵਿਰੁੱਧ ਰੋਸ ਪ੍ਰਗਟ ਕੀਤਾ ਤੇ ਮਾੜੀ ਹਾਲਤ 'ਤੇ ਅਫ਼ਸੋਸ ਵੀ ਪ੍ਰਗਟਾਇਆ। ਸਾਨੂੰ ਲੋਕਾਂ ਨੇ ਰਾਹ ਵੀ ਦੱਸਿਆ, ਖਾਣ ਪੀਣ ਦੀ ਵੀ ਸੇਵਾ ਕੀਤੀ। ਅਗਾਊਂ ਸੂਚਨਾ ਮਿਲ ਜਾਂਦੀ ਸੀ ਕਿ

ਫਲਾਂ ਪਿੰਡ ਵਿਚ ਫ਼ੌਜ ਏ ਤੇ ਫਲਾਂ ਵਿਚ ਕੋਈ ਨਹੀਂ।"

"ਇਹੀ ਤਾਂ ਸਾਡੀ ਬਹੁਤ ਵੱਡੀ ਪ੍ਰਾਪਤੀ ਏ। ਲੋਕਾਂ ਦੀ ਹਮਦਰਦੀ ਸਾਡੇ ਨਾਲ ਇਸੇ ਕਰਕੇ ਹੈ ਕਿ ਅਸੀਂ ਉਨ੍ਹਾਂ ਦੇ ਦੁਖ ਸੁਖ ਦੇ ਭਾਈਵਾਲ ਹਾਂ। ਸਾਡੇ ਦੋ ਤਿੰਨ ਸਾਲ ਦੇ ਰਾਜ ਵਿਚ ਉਨ੍ਹਾਂ ਵੇਖ ਲਿਆ ਹੈ ਕਿ ਅਸੀਂ ਲੋਕਾਂ ਲਈ ਹਾਂ," ਜਥੇਦਾਰ ਕਰਮ ਸਿੰਘ ਨੇ ਟਿੱਪਣੀ ਕੀਤੀ ਤੇ ਫਿਰ ਕਿਹਾ, "ਜਿਨ੍ਹਾਂ ਪਿੰਡਾਂ ਦੇ ਸਿੰਘ ਇਥੇ ਅਨੰਦਪੁਰ ਵਿਚ ਸਾਡੇ ਪਾਸ ਹਨ, ਉਨ੍ਹਾਂ ਦੇ ਘਰੀਂ ਉਨ੍ਹਾਂ ਦੇ ਠੀਕ ਠਾਕ ਹੋਣ ਦੀ ਖ਼ਬਰ ਦੇ ਆਏ ਹੋ ਨਾ?"

"ਜੀ, ਸਭ ਥਾਂ ਦੱਸ ਆਏ ਹਾਂ," ਮੁਖੀ ਸਿੰਘ ਨੇ ਦੱਸਿਆ, "ਲੋਕ ਤਾਂ ਖ਼ੁਸ਼ ਨੇ ਕਿ ਅਸੀਂ ਪਿੰਡਾਂ ਵਿਚ ਨਹੀਂ ਸੀ ਤਾਂ ਹੀ ਬਚ ਗਏ ਹਾਂ।"

"ਲੋਕਾਂ ਵਿਚ ਨਿਰਾਸਤਾ ਤੇ ਢਹਿੰਦੀ ਕਲਾ ਤਾਂ ਨਹੀਂ ਆਈ?" ਇਕ ਹੋਰ ਜਥੇਦਾਰ ਦਾ ਪ੍ਰਸ਼ਨ ਸੀ।

"ਬਿਲਕੁਲ ਨਹੀਂ," ਦੋ ਸਿੰਘ ਇਕੱਠੇ ਬੋਲ ਪਏ।

"ਕਰਤਾਰਪੁਰ ਭੁਝੰਗੀ ਫ਼ਤਹਿ ਸਿੰਘ ਵੀ ਦੇਖਿਆ ਸੀ?" ਕਿਸ਼ਨ ਸਿੰਘ ਨੇ ਪੁੱਛਿਆ। ਇਹ ਇਸੇ ਇਲਾਕੇ ਦਾ ਰਹਿਣ ਵਾਲਾ ਸੀ ਤੇ ਜਦੋਂ ਸਿੰਘਾਂ ਦੀ ਛਾਉਣੀ ਕਰਤਾਰਪੁਰ ਹੁੰਦੀ ਸੀ ਤਾਂ ਇਹ ਪ੍ਰਬੰਧ ਵਿਚ ਵਧੇਰੇ ਸਮੇਂ ਦਿੰਦਾ ਸੀ। ਘਰ ਆ ਕੇ ਕਿਤਨਾ ਕਿਤਨਾ ਚਿਰ ਫ਼ਤਹਿ ਸਿੰਘ ਨਾਲ ਖੇਡਦਾ ਰਹਿੰਦਾ ਸੀ। ਉਹਨੂੰ ਭੁਝੰਗੀ ਫ਼ਤਹਿ ਸਿੰਘ ਨਾਲ ਖ਼ਾਸ ਸਨੇਹ ਹੋ ਗਿਆ ਸੀ। ਇਸੇ ਲਈ ਉਹਨੇ ਉਸ ਬਾਰੇ ਖ਼ਾਸ ਤੌਰ 'ਤੇ ਪੁੱਛ ਕੀਤੀ।

"ਉਹ ਵੀ ਮਿਲਿਆ ਸੀ," ਇਕ ਸਿੰਘ ਨੇ ਦੱਸਿਆ, "ਉਹ ਤੇ ਬੜਾ ਹੁਸ਼ਿਆਰ ਏ। ਕਹਿੰਦਾ ਸੀ, ਜਿਸ ਮੇਰੇ ਬਾਪੂ ਨੂੰ ਮਾਰਿਆ ਏ, ਮੈਂ ਉਹਨੂੰ ਛੱਡੂੰਗਾ ਨਹੀਂ। ਮੈਨੂੰ ਵੱਡਾ ਹੋ ਲੈਣ ਦੇ।"

"ਆਖ਼ਰ ਪੁੱਤਰ ਕਿਸ ਦਾ ਏ?" ਕੋਲੋਂ ਇਕ ਜਥੇਦਾਰ ਬੋਲ ਪਿਆ, "ਇਸ ਤਰ੍ਹਾਂ ਦੇ ਭੁਝੰਗੀਆਂ 'ਤੇ ਹੀ ਸਾਡੀਆਂ ਆਸਾਂ ਨੇ। ਕੌਮ ਦੇਸ਼ ਦਾ ਭਵਿੱਖਤ ਅੱਗੋਂ ਇਨ੍ਹਾਂ ਦੇ ਹੀ ਹੱਥ ਏ। ਜਿਸ ਕੌਮ ਦੇ ਬੱਚੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਵਾਂਗ ਹਰ ਕੁਰਬਾਨੀ ਲਈ ਤਿਆਰ ਹੋਣ, ਉਸ ਕੌਮ ਨੂੰ ਦੁਨੀਆਂ ਦੀ ਕੋਈ ਤਾਕਤ ਖ਼ਤਮ ਨਹੀਂ ਕਰ ਸਕਦੀ।"

ਕਾਫ਼ੀ ਸਮਾਂ ਸਾਰੇ ਜਥੇਦਾਰ ਹਾਲਾਤ ਦੀ ਸਮੀਖਿਆ ਕਰਦੇ ਰਹੇ। ਕਰਮ ਸਿੰਘ ਦੇ ਦਿਲ ਦਿਮਾਗ਼ 'ਤੇ ਕਰਤਾਰਪੁਰ ਦੀਆਂ ਘਟਨਾਵਾਂ, ਪਿਤਾ ਜੀ ਦੀ ਸ਼ਹੀਦੀ, ਪਰਵਾਰ ਦੀ ਹਾਲਤ ਤੇ ਭੁਝੰਗੀ ਫ਼ਤਹਿ ਸਿੰਘ ਦੀਆਂ ਗੱਲਾਂ ਛਾਈਆਂ ਰਹੀਆਂ। ਇਹਨੂੰ ਗੰਭੀਰ ਦੇਖ ਕੇ ਸਾਥੀਆਂ ਨੇ ਹੋਰ ਗੱਲਾਂ ਕਰ ਕੇ ਧਿਆਨ ਹੋਰ ਪਾਸੇ ਮੋੜਨ ਦਾ ਯਤਨ ਕੀਤਾ। ਅਖ਼ੀਰ ਇਕ ਨੇ ਪੁੱਛ ਹੀ ਲਿਆ ਕਿ ਕਿਨ੍ਹਾਂ ਸੋਚਾਂ ਵਿਚ ਹੋ?

"ਮੇਰਾ ਜੀਅ ਕਰਦਾ ਏ ਕਿ ਮੈਂ ਆਪ ਦੁਆਬੇ ਦਾ ਚੱਕਰ ਲਾਵਾਂ," ਜਥੇਦਾਰ ਕਰਮ ਸਿੰਘ ਨੇ ਮਨ ਦੀ ਗੱਲ ਦੂਜੇ ਜਥੇਦਾਰਾਂ ਨਾਲ ਸਾਂਝੀ ਕਰਨ ਲਈ ਆਖਿਆ, "ਅਸੀਂ ਜਿਹੜੇ ਦੋ ਜਥੇ ਸਿੰਘਾਂ ਦੇ ਕਾਤਲਾਂ ਨੂੰ ਸੋਧਣ ਲਈ ਭੇਜੇ ਹਨ, ਉਹ ਕਾਹਲੀ ਕੀਤੀ ਏ। ਸਾਨੂੰ ਇਨ੍ਹਾਂ ਪੰਜਾਂ ਸਿੰਘਾਂ ਦੀ ਵਾਪਸੀ ਦੀ ਉਡੀਕ ਪਿੱਛੋਂ ਹੀ ਕੋਈ ਕਦਮ ਪੁੱਟਣਾ ਚਾਹੀਦਾ ਸੀ।"

"ਇਹਦੇ ਵਿਚ ਕੀ ਫ਼ਰਕ ਪੈਂਦਾ ਏ," ਇਕ ਜਥੇਦਾਰ ਬੋਲ ਪਿਆ।

"ਬਹੁਤ ਫ਼ਰਕ ਏ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਮੁਗ਼ਲ ਫ਼ੌਜ ਦੁਆਬੇ ਵਿਚੋਂ ਨਿਕਲ ਕੇ ਲਾਹੌਰ ਵੱਲ ਚਲੀ ਗਈ ਏ ਜਾਂ ਸਰਹੰਦ ਵੱਲ। ਜੇ ਉਹ ਲਾਹੌਰ ਗਈ ਏ ਤਾਂ ਸਮਝ ਲਉ ਮੁੜਦੀ ਵਾਰ ਦਿੱਲੀ ਜਾਂਦਿਆਂ ਉਹ ਇਕ ਵਾਰ ਹੋਰ ਤਬਾਹੀ ਮਚਾਏਗੀ।

ਸਾਨੂੰ ਉਸ 'ਤੇ ਹਮਲੇ ਕਰ ਕੇ ਦੱਸਣਾ ਹੋਵੇਗਾ ਕਿ ਸਿਖ ਖ਼ਤਮ ਨਹੀਂ ਹੋਏ। ਲੋਕਾਂ ਵਿਚ ਵੀ ਸਾਡੀ ਹੋਂਦ ਦਾ ਅਹਿਸਾਸ ਤਾਂ ਹੀ ਕਾਇਮ ਰਹੇਗਾ।"

"ਸਾਨੂੰ ਇਹ ਵੀ ਧਿਆਨ ਰੱਖਣਾ ਪਵੇਗਾ ਕਿ ਲੋਕਾਂ ਦੀ ਜੋ ਹਮਦਰਦੀ ਸਾਡੇ ਨਾਲ ਅੱਜ ਏ, ਉਹ ਨਾ ਖ਼ਤਮ ਹੋਵੇ," ਨਿਧਾਨ ਸਿੰਘ ਜਥੇਦਾਰ ਦਾ ਵਿਚਾਰ ਸੀ, "ਹੁਣ ਮੁਗਲ ਫ਼ੌਜ ਜਾਂ ਹਾਕਮ ਵਰਗ ਤੋਂ ਬਦਲਾ ਲੈਂਦਿਆਂ ਤੇ ਹਕੂਮਤ ਦੇ ਝੋਲੀ-ਚੁੱਕਾਂ ਨੂੰ ਸੋਧਦਿਆਂ ਉਚੇਚਾ ਇਹਤਯਾਤ ਵਰਤਣੀ ਹੋਵੇਗੀ ਕਿ ਨਿਰਦੋਸ਼ ਲੋਕਾਂ ਦਾ ਨੁਕਸਾਨ ਨਾ ਹੋਵੇ। ਕਿਸੇ ਦੋਸ਼ੀ ਨੂੰ ਕੀਤੇ ਦੀ ਸਜ਼ਾ ਦਿਉ ਤਾਂ ਜਨ-ਸਾਧਾਰਨ ਖ਼ੁਸ਼ ਹੁੰਦਾ ਏ ਪਰ ਜਦੋਂ ਕੋਈ ਨਿਰਦੋਸ਼ ਐਵੇਂ ਮਾਰਿਆ ਜਾਏ ਤਾਂ ਲੋਕ ਰਾਏ ਮਾਰਨ ਵਾਲੇ ਨੂੰ ਕਾਤਲ ਕਹਿਣ ਲੱਗ ਪੈਂਦੀ ਏ। ਕਾਤਲਾਂ ਨਾਲ ਕਿਸੇ ਨੂੰ ਹਮਦਰਦੀ ਨਹੀਂ ਹੁੰਦੀ।"

"ਇਸੇ ਲਈ ਮੈਂ ਕਹਿੰਦਾ ਹਾਂ ਕਿ ਮੈਨੂੰ ਹੁਣ ਆਪ ਜਾਣਾ ਚਾਹੀਦਾ ਏ ਤੇ ਸਾਰੀ ਸਥਿਤੀ ਦੇਖ ਕੇ ਰਣਨੀਤੀ ਬਣਾਣੀ ਚਾਹੀਦੀ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਜੋ ਜਥੇ ਗਏ ਹਨ, ਉਨ੍ਹਾਂ ਨੂੰ ਵੀ ਅਜੇ ਡੱਕਣਾ ਹੋਵੇਗਾ। ਉਹ ਮੁਗਲ ਫ਼ੌਜ ਦੇ ਉਨ੍ਹਾਂ ਜਰਨੈਲਾਂ ਦੀ ਭਾਲ ਵਿਚ ਹੋਣਗੇ ਜੋ ਪਤਾ ਨਹੀਂ ਸਰਹੰਦ ਚਲੇ ਗਏ ਹਨ ਜਾਂ ਦਿੱਲੀ। ਮੁਗਲ ਫ਼ੌਜ ਦੇ ਦਿੱਲੀ ਮੁੜ ਜਾਣ ਪਿੱਛੋਂ ਹੀ ਹਕੂਮਤ ਦੇ ਝੋਲੀ-ਚੁੱਕਾਂ ਦੀ ਸੁਧਾਈ ਦਾ ਕਾਰਜ ਕਰਨਾ ਚਾਹੀਦਾ ਏ। ਅੱਜ ਅਸੀਂ ਗੁੱਸੇ ਵਿਚ ਹਾਂ। ਗੁੱਸੇ ਵਿਚ ਲਏ ਗਏ ਫ਼ੈਸਲੇ ਕਈ ਵਾਰ ਠੀਕ ਨਹੀਂ ਹੁੰਦੇ। ਠੰਡੇ ਦਿਲ ਨਾਲ ਵਿਚਾਰ ਕੇ ਚੁੱਕਿਆ ਕਦਮ ਹਮੇਸ਼ਾਂ ਠੀਕ ਸਾਬਤ ਹੁੰਦਾ ਹੈ। ਮੇਰੇ ਪਿਤਾ ਜੀ ਸ਼ਹੀਦ ਹੋ ਗਏ। ਸਾਡੀ ਹਵੇਲੀ ਤੇ ਘਰ-ਬਾਰ ਤਬਾਹ ਕਰ ਦਿੱਤਾ ਏ। ਇਸੇ ਤਰ੍ਹਾਂ ਪਤਾ ਨਹੀਂ ਕਿਤਨੇ ਹੋਰਾਂ ਨਾਲ ਹੋਇਆ ਏ। ਅਸੀਂ ਤੁਰਤ ਬਦਲਾ ਲੈਣ ਲਈ ਜਥੇ ਭੇਜ ਦਿੱਤੇ ਹਨ। ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਸਥਿਤੀ ਦਾ ਪੂਰਾ ਜਾਇਜ਼ਾ ਲੈ ਕੇ ਹੀ ਕੋਈ ਨਿਰਣਾ ਲੈਣਾ ਚਾਹੀਦਾ ਏ।"

"ਪਰ ਤੁਹਾਨੂੰ ਅਸੀਂ ਅਨੰਦਪੁਰ ਤੋਂ ਨਹੀਂ ਜਾਣ ਦੇ ਸਕਦੇ," ਇਕ ਜਥੇਦਾਰ ਬੋਲ ਪਿਆ, "ਸੱਚੀ ਗੱਲ ਇਹ ਹੈ ਕਿ ਅਸੀਂ ਸਾਰੇ ਤੁਹਾਨੂੰ ਮੁਖੀ ਸਮਝਦੇ ਹਾਂ ਤੇ ਤੁਹਾਡੀ ਗੈਰ-ਹਾਜ਼ਰੀ ਵਿਚ ਅਸੀਂ ਅਹਿਮ ਫ਼ੈਸਲੇ ਲੈਣ ਦੇ ਸਮਰੱਥ ਨਹੀਂ। ਇਸ ਲਈ ਸਾਡੇ ਵਿਚੋਂ ਕਿਸੇ ਨੂੰ ਭੇਜੋ, ਅਸੀਂ ਹਰ ਕੰਮ ਲਈ ਤਿਆਰ ਹਾਂ। ਹਰ ਸੰਕਟ ਦੇ ਟਾਕਰੇ ਲਈ ਤਤਪਰ ਹਾਂ।"

"ਜੇ ਤੁਸੀਂ ਕਰਤਾਰਪੁਰ ਜਾ ਕੇ ਆਪਣੇ ਪਰਵਾਰ ਨੂੰ ਮਿਲਣਾ ਏ ਜਾਂ ਪਿਤਾ ਜੀ ਦੀ ਸ਼ਹੀਦੀ ਪਿੱਛੋਂ ਰਜ਼ਾ ਬੁਲਾਣੀ ਏ ਤਾਂ ਗੱਲ ਵੱਖਰੀ ਏ," ਦੂਜਾ ਜਥੇਦਾਰ ਬੋਲ ਪਿਆ, "ਇਸ ਹਾਲਤ ਵਿਚ ਤੁਸੀਂ ਜਥਾ ਲੈ ਕੇ ਜਾਉ ਤੇ ਹਫ਼ਤੇ ਵਿਚ ਮੁੜ ਆਉ।"

"ਨਹੀਂ, ਜੇ ਮੈਂ ਕਰਤਾਰਪੁਰ ਗਿਆ ਤਾਂ ਉਨ੍ਹਾਂ ਪਿੰਡਾਂ ਵਿਚ ਵੀ ਹੋ ਕੇ ਆਵਾਂਗਾ, ਜਿਨ੍ਹਾਂ ਵਿਚ ਸਾਡੇ ਸਿੰਘਾਂ ਦੇ ਪਰਵਾਰਾਂ 'ਤੇ ਕਸ਼ਟ ਆਇਆ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਮੈਨੂੰ ਇਤਨਾ ਖ਼ੁਦਗਰਜ਼ ਨਾ ਸਮਝੋ ਕਿ ਮੈਨੂੰ ਸਿਰਫ਼ ਆਪਣੇ ਪਰਵਾਰ ਦਾ ਫ਼ਿਕਰ ਏ। ਸਭ ਸਿੰਘਾਂ ਦੇ ਪਰਵਾਰ ਮੇਰੇ ਆਪਣੇ ਹਨ ਤੇ ਹਰ ਕਿਸੇ ਦਾ ਦੁਖ ਮੇਰਾ ਆਪਣਾ ਦੁਖ ਹੈ।"

ਕਾਫ਼ੀ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਸੋਚ-ਵਿਚਾਰ ਵਿਚ ਆਈਆਂ ਕਈ ਗੱਲਾਂ ਦੇ ਹਰ ਪੱਖ 'ਤੇ ਦਲੀਲਾਂ ਸੁਣੀਆਂ ਗਈਆਂ। ਅਖ਼ੀਰ ਫ਼ੈਸਲਾ ਹੋ ਗਿਆ ਕਿ ਜਥੇਦਾਰ ਕਰਮ ਸਿੰਘ 15-20 ਦਿਨ ਲਾ ਕੇ ਸਾਰੇ ਦੁਆਬੇ ਦਾ ਚੱਕਰ ਲਾ ਆਏ। ਇਸ ਤਰ੍ਹਾਂ ਸੌ ਸਿੰਘਾਂ ਦਾ ਜਥਾ ਇਸ ਦੇ ਨਾਲ ਜਾਏ। ਪਹਿਲਾਂ ਭੇਜੇ ਜਥੇ ਰਾਹੋਂ ਦੇ ਕੋਲ ਦਰਿਆ ਸਤਲੁਜ ਦੇ ਗੋਟ ਵਿਚ ਅਗਲੇ ਫ਼ੈਸਲੇ ਦੀ ਉਡੀਕ ਕਰਨ, ਉਹ ਅਜੇ ਕਿਧਰੇ ਹਮਲਾ ਨਾ ਕਰਨ ਜਾਣ।

39

ਜਥੇਦਾਰ ਕਰਮ ਸਿੰਘ ਦਾ ਜੀਅ ਕਰਦਾ ਸੀ ਕਿ ਉਹ ਝੱਟ-ਪਟ ਤੇ ਸਿੱਧਾ ਕਰਤਾਰਪੁਰ ਆਪਣੇ ਪਰਵਾਰ ਪਾਸ ਪਹੁੰਚੇ। ਪਿਤਾ ਜੀ ਦੇ ਸ਼ਹੀਦ ਹੋ ਜਾਣ ਪਿੱਛੋਂ ਆਪਣੀ ਮਾਂ ਦੀ ਹਾਲਤ ਦੇਖੇ, ਉਹਨੂੰ ਧਰਵਾਸ ਦਿਵਾਏ। ਦੀਪੇ ਤੇ ਫ਼ਤਹਿ ਸਿੰਘ ਨੂੰ ਸੁਰੱਖਿਅਤ ਥਾਂ 'ਤੇ ਰੱਖਣ ਦਾ ਪ੍ਰਬੰਧ ਕਰੇ, ਪਰ ਜਦ ਵੀ ਇਸ ਤਰ੍ਹਾਂ ਦਾ ਮੋਹ ਜਾਗਦਾ ਤਾਂ ਝੱਟ ਉਹਦੀ ਅੰਤਰ-ਆਤਮਾ ਉਸ ਨੂੰ ਆਪਣੀ ਜ਼ਿੰਮੇਵਾਰੀ ਤੇ ਜਥੇਦਾਰੀ ਦੇ ਫ਼ਰਜ਼ ਯਾਦ ਕਰਵਾ ਦਿੰਦੀ। ਉਹ ਸੋਚਦਾ ਕਿ ਆਖ਼ਰ ਮੇਰੇ ਜਥੇ ਵਿਚ ਸ਼ਾਮਲ ਤੇ ਸਾਡੇ ਲੋਕ ਸੰਘਰਸ਼ ਵਿਚ ਹਿੱਸਾ ਲੈਣ ਵਾਲਿਆਂ ਦੇ ਪਰਵਾਰਾਂ ਦੀ ਖ਼ਬਰ ਸੁਰਤ ਲੈਣੀ ਉਹਦਾ ਪਹਿਲਾ ਧਰਮ ਹੈ।

ਜਥੇ ਸਮੇਤ ਉਹ ਅਨੰਦਪੁਰ ਤੋਂ ਕੀਰਤਪੁਰ ਤੇ ਰੋਪੜ ਹੁੰਦਾ ਹੋਇਆ ਦਰਿਆ ਟੱਪ ਕੇ ਬਲਾਚੌਰ ਪਹੁੰਚ ਗਿਆ। ਇਥੋਂ ਉਹਨੇ ਤੇਜ਼ ਘੋੜ ਸਵਾਰ ਭੇਜ ਕੇ ਰਾਹੋਂ ਨੇੜੇ ਦਰਿਆ ਦੀ ਝੱਲ ਵਿਚ ਉਸ ਟਿਕਾਣੇ ਖ਼ਬਰ ਕੀਤੀ, ਜਿਥੇ ਅਨੰਦਪੁਰ ਤੋਂ ਆਏ ਪਹਿਲੇ ਦੋ ਜਥੇ ਠਹਿਰੇ ਹੋਏ ਸਨ। ਉਨ੍ਹਾਂ ਦਿਨਾਂ ਵਿਚ ਰਾਹੋਂ ਤੋਂ ਹੀ ਜਰਨੈਲੀ ਸੜਕ ਲੰਘਦੀ ਸੀ ਤੇ ਇਥੋਂ ਹੀ ਦਿੱਲੀ ਤੋਂ ਮੁਗ਼ਲ ਫ਼ੌਜ ਦੀ ਆਵਾਜਾਈ ਦੀ ਸੂਚਨਾ ਲਈ ਜਾ ਸਕਦੀ ਸੀ। ਦੋਹਾਂ ਜਥਿਆਂ ਦੇ ਮੁਖੀ ਝੱਟ ਅਗਲਾ ਦਿਨ ਚੜ੍ਹਨ ਤੋਂ ਪਹਿਲਾਂ ਬਲਾਚੌਰ ਪਹੁੰਚ ਗਏ। ਉਨ੍ਹਾਂ ਜਥੇਦਾਰ ਕਰਮ ਸਿੰਘ ਨੂੰ ਦੱਸਿਆ ਕਿ ਰਾਹੋਂ ਤੋਂ ਲੈ ਕੇ ਬੰਗਾ ਤਕ ਕਿਸੇ ਪਿੰਡ ਵਿਚ ਕੋਈ ਸਿਖ ਨਹੀਂ ਛੱਡਿਆ। ਜਵਾਨ ਤਾਂ ਹਥਿਆਰ ਤੇ ਘੋੜੀਆਂ ਆਦਿ ਲੈ ਕੇ ਨਿਕਲ ਗਏ, ਪਰ ਬੁੱਢਿਆਂ ਨੂੰ ਮਾਰ ਦਿੱਤਾ ਗਿਆ ਹੈ। ਇਲਾਕਾ ਸਮਝਦਾ ਹੈ ਕਿ ਸਿਖ ਖ਼ਤਮ ਕਰ ਦਿੱਤੇ ਗਏ ਹਨ। ਸਾਰੀ ਸਥਿਤੀ 'ਤੇ ਵਿਚਾਰ ਪਿੱਛੋਂ ਫ਼ੈਸਲਾ ਹੋ ਗਿਆ ਕਿ ਪਹਿਲਾਂ ਰਾਹੋਂ ਦੇ ਕਿਲ੍ਹੇ 'ਤੇ ਕਬਜ਼ਾ ਕੀਤਾ ਜਾਏ। ਦਰਿਆ ਕੰਢੇ ਫ਼ੌਜ ਰੱਖੀ ਜਾਏ ਤਾਕਿ ਮੁਗ਼ਲ ਫ਼ੌਜ ਇਥੋਂ ਦਰਿਆ ਪਾਰ ਨਾ ਕਰ ਸਕੇ।

ਜੈਕਾਰੇ ਛੱਡਦੇ ਸਿੰਘਾਂ ਦੇ ਤਿੰਨੇ ਜਥੇ ਰਾਹੋਂ ਦੇ ਕਿਲ੍ਹੇ 'ਤੇ ਚੜ੍ਹ ਆਏ। ਤਕਨੀਕ ਇਹ ਵਰਤੀ ਗਈ ਕਿ ਦੋ ਸੂਹੀਏ ਪਹਿਲਾਂ ਭੇਜੇ ਗਏ ਤੇ ਉਨ੍ਹਾਂ ਨੇ ਕਿਲ੍ਹੇ ਦੇ ਪਹਿਰੇਦਾਰਾਂ ਨੂੰ ਗੱਲਾਂ ਵਿਚ ਲਾ ਕੇ ਕਤਲ ਕਰ ਦਿੱਤਾ। ਅੰਦਰਲੇ ਪਹਿਰੇਦਾਰਾਂ ਦੇ ਮੁੱਖ-ਦਵਾਰ 'ਤੇ ਆਉਣ ਤੋਂ ਪਹਿਲਾਂ ਘੋੜੇ ਕਿਲ੍ਹੇ ਵਿਚ ਦਾਖ਼ਲ ਹੋ ਗਏ। ਇਹ ਹਮਲਾ ਅੰਮ੍ਰਿਤ ਵੇਲੇ ਉਸ ਸਮੇਂ ਕੀਤਾ ਗਿਆ ਜਦੋਂ ਕਿ ਰਾਤ ਨੂੰ ਸ਼ਰਾਬ ਪੀ ਕੇ ਧੁੱਤ ਸੁੱਤੇ ਪਏ ਫ਼ੌਜੀ ਛੇਤੀ ਉੱਠ ਨਹੀਂ ਸੀ ਸਕਦੇ। ਫਿਰ ਵੀ ਇਕ ਪਹਿਰ ਲੜਾਈ ਪਿੱਛੋਂ ਸਿੰਘਾਂ ਦਾ ਕਿਲ੍ਹੇ 'ਤੇ ਕਬਜ਼ਾ ਹੋ ਗਿਆ। ਇਸ ਲੜਾਈ ਵਿਚ ਮੁਗ਼ਲਈ ਫ਼ੌਜ ਦੇ 50 ਜਵਾਨ ਮਾਰੇ ਗਏ, 28 ਫੱਟੜ ਹੋਏ ਤੇ 34 ਕੈਦੀ ਬਣਾ ਲਏ ਗਏ। ਛੇ ਸਿੰਘ ਸ਼ਹੀਦ ਹੋ ਗਏ ਤੇ ਇਕ ਦਰਜਨ ਜ਼ਖ਼ਮੀ ਹੋ ਗਏ। ਕੈਦੀ ਫ਼ੌਜੀਆਂ ਤੋਂ ਕਬਰਾਂ ਪੁਟਵਾ ਕੇ ਮੁਸਲਮਾਨ ਦਫ਼ਨਾਏ ਗਏ। ਸਿੰਘਾਂ ਦਾ ਦਰਿਆ ਕੰਢੇ ਸਸਕਾਰ ਕਰ ਦਿੱਤਾ ਗਿਆ।

ਸਾਰੇ ਦੁਆਬੇ ਵਿਚ ਅੱਗ ਵਾਂਗ ਖ਼ਬਰ ਫੈਲ ਗਈ ਕਿ ਸਿੰਘ ਹਜ਼ਾਰਾਂ ਦੀ ਗਿਣਤੀ ਵਿਚ ਕਿਧਰੋਂ ਆ ਗਏ ਹਨ ਤੇ ਉਨ੍ਹਾਂ ਨੇ ਰਾਹੋਂ 'ਤੇ ਕਬਜ਼ਾ ਕਰ ਲਿਆ ਹੈ, ਰਾਤ ਦੇ ਹਨੇਰੇ ਵਿਚ ਕਿਸੇ ਨਹੀਂ ਦੇਖਿਆ ਕਿ ਸਿੰਘ ਕਿਤਨੇ ਹਨ। ਚੁੱਪ ਦੇ ਸੰਨਾਟੇ ਵਿਚ ਜੈਕਾਰਿਆਂ ਦੀ ਗੂੰਜ ਤੋਂ ਹੀ ਲੋਕਾਂ ਅਨੁਮਾਨ ਲਾ ਲਿਆ ਕਿ ਅਣਗਿਣਤ ਸਿਖ ਆ ਪਏ ਹਨ। ਕਿਲ੍ਹੇ ਵਿਚੋਂ ਬਹੁਤ ਸਾਰੇ ਹਥਿਆਰ ਤੇ ਘੋੜੇ ਆਦਿ ਵੀ ਪ੍ਰਾਪਤ ਹੋ ਜਾਣ ਨਾਲ ਸਿੰਘਾਂ ਦੀ ਫ਼ੌਜੀ ਸ਼ਕਤੀ ਵਧ ਗਈ। ਦੁਬਾਰਾ ਰਾਹੋਂ 'ਤੇ ਕਬਜ਼ੇ ਨਾਲ ਲੋਕਾਂ ਵਿਚ ਇਹ ਪ੍ਰਭਾਵ ਵਧ ਗਿਆ ਕਿ ਸਿਖ ਹੁਣ ਮੁਗ਼ਲ ਰਾਜ ਦੀ ਥਾਂ ਆਪਣਾ ਰਾਜ ਕਾਇਮ ਕਰ ਕੇ ਹੀ ਛੱਡਣਗੇ।

ਕੁਝ ਦਿਨ ਇਥੇ ਪ੍ਰਬੰਧ ਠੀਕ ਠਾਕ ਕਰ ਕੇ ਦੋ ਸੌ ਸਿੰਘਾਂ ਦੇ ਜਥੇ ਨੂੰ ਇਥੇ ਛੱਡ ਕੇ ਅਤੇ ਕਿਲ੍ਹੇਦਾਰ ਮੁਕੱਰਰ ਕਰ ਕੇ ਆਪ ਬੰਗਾ ਨੂੰ ਚੱਲ ਪਏ। ਆਸ ਪਾਸ ਦੇ ਪਿੰਡਾਂ ਤੇ ਕਸਬਿਆਂ ਵਿਚ ਮੁਨਾਦੀ ਕਰਵਾ ਦਿੱਤੀ ਕਿ ਕਿਸੇ ਤੋਂ ਡਰਨ ਦੀ ਲੋੜ ਨਹੀਂ। ਕੋਈ ਤੁਹਾਡੇ 'ਤੇ ਜ਼ੁਲਮ ਨਹੀਂ ਕਰ ਸਕਦਾ। ਕਿਸੇ ਦੀ ਇੱਜ਼ਤ 'ਤੇ ਕੋਈ ਹਮਲਾ ਨਹੀਂ ਕਰ ਸਕਦਾ। ਸਿੰਘ ਤੁਹਾਡੀ ਆਜ਼ਾਦੀ, ਜਾਨ ਮਾਲ ਤੇ ਇੱਜ਼ਤ ਦੀ ਰੱਖਿਆ ਕਰਨਗੇ। ਤੁਸੀਂ ਆਪਣੀ ਖ਼ੁਸ਼ੀ ਨਾਲ ਜੇਕਰ ਘੋੜੇ, ਹਥਿਆਰ ਜਾਂ ਅਨਾਜ ਭੇਟਾ ਕਰਨਾ ਚਾਹੋ ਤਾਂ ਸਵੀਕਾਰ ਕੀਤਾ ਜਾਏਗਾ, ਪਰ ਕਿਸੇ ਤੋਂ ਜ਼ਬਰਦਸਤੀ ਕੋਈ ਵਸਤ ਵੀ ਪ੍ਰਾਪਤ ਕਰਨ ਦਾ ਯਤਨ ਨਹੀਂ ਹੋਵੇਗਾ। ਕੋਈ ਹਾਕਮ ਜਾਂ ਲੁਟੇਰਾ ਜੇਕਰ ਤੁਹਾਡੇ ਨਾਲ ਵਧੀਕੀ ਕਰੇ ਤਾਂ ਰਾਹੋਂ ਸੁਨੇਹਾ ਭੇਜ ਦਿਉ। ਸਿੰਘ ਆਪੇ ਨਿੱਬੜ ਲੈਣਗੇ।

ਸ਼ਹੀਦ ਹੋਏ ਸਿੰਘਾਂ ਦੇ ਪਿੰਡਾਂ ਵਿਚ ਸੂਚਨਾ ਭੇਜ ਦਿੱਤੀ ਗਈ ਤੇ ਨਾਲ ਹੀ ਹਰ ਪਿੰਡ ਦੇ ਜ਼ਿੰਮੇ ਲਾ ਦਿੱਤਾ ਕਿ ਸ਼ਹੀਦ ਸਿੰਘਾਂ ਦੇ ਪਰਵਾਰਾਂ ਦੀ ਸੇਵਾ-ਸੰਭਾਲ ਦਾ ਸਾਰਾ ਪਿੰਡ ਮਿਲ ਕੇ ਪ੍ਰਬੰਧ ਕਰੇ। ਜਥੇ ਵੱਲੋਂ ਵੀ ਸਮੇਂ ਸਮੇਂ ਸੇਵਾ ਪਹੁੰਚਦੀ ਰਹੇਗੀ। ਬੰਗਾ ਵਿਚ ਜਿਨ੍ਹਾਂ ਪਰਵਾਰਾਂ ਦਾ ਸਥਾਨਕ ਹਾਕਮਾਂ ਨੇ ਨੁਕਸਾਨ ਕੀਤਾ ਸੀ, ਉਨ੍ਹਾਂ ਨੂੰ ਰਜ਼ਾ ਬੁਲਾ ਕੇ ਅਤੇ ਉਨ੍ਹਾਂ ਪਰਵਾਰਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰ ਕੇ ਜਥਾ ਬਹਿਰਾਮ ਪਹੁੰਚ ਗਿਆ। ਰਾਹੋਂ ਵਿਚ ਸ਼ਹੀਦ ਹੋਣ ਵਾਲੇ ਸਿੰਘ ਬਹਿਰਾਮ ਤੇ ਜਸੋਮਜ਼ਾਰਾ ਦੇ ਸਨ, ਇਸ ਲਈ ਇਨ੍ਹਾਂ ਦੋਹਾਂ ਪਿੰਡਾਂ ਵਿਚ ਜਥੇਦਾਰ ਕਰਮ ਸਿੰਘ ਨੇ ਆਪ ਜਾ ਕੇ ਦੁਖੀ ਪਰਵਾਰਾਂ ਨੂੰ ਧਰਵਾਸ ਦਿੱਤਾ। ਦੋਹਾਂ ਥਾਈਂ ਪਿੰਡ ਵਾਸੀਆਂ ਨੇ ਯਕੀਨ ਦਿਵਾਇਆ ਕਿ ਇਨ੍ਹਾਂ ਸਿੰਘਾਂ ਦੇ ਪਰਵਾਰਾਂ ਦੀ ਪੂਰੀ ਸੇਵਾ-ਸੰਭਾਲ ਹੋਵੇਗੀ। ਇਨ੍ਹਾਂ ਦੀ ਜ਼ਮੀਨ ਸਾਰਾ ਪਿੰਡ ਵਾਹੇਗਾ ਤੇ ਬੀਜੇਗਾ। ਜਥੇਦਾਰ ਕਰਮ ਸਿੰਘ ਨੇ ਇਕ ਇਕ ਘਰ ਜਾ ਕੇ ਰਜ਼ਾ ਬੁਲਾਈ ਤੇ ਕਿਹਾ ਕਿ ਗੁਰੂ ਨੂੰ ਪਿਆਰੇ ਹੋ ਗਏ ਜੀਅ ਤਾਂ ਅਸੀਂ ਮੋੜ ਨਹੀਂ ਸਕਦੇ। ਉਹ ਘਾਟ ਤਾਂ ਪੂਰੀ ਹੋ ਨਹੀਂ ਸਕਦੀ ਪਰ ਹੋਰ ਹਰ ਤਰ੍ਹਾਂ ਨਾਲ ਤੁਹਾਡਾ ਖ਼ਿਆਲ ਰੱਖਾਂਗੇ, ਤੁਸੀਂ ਸ਼ਹੀਦਾਂ ਦੇ ਪਰਵਾਰ ਹੋ।

ਇਸੇ ਤਰ੍ਹਾਂ ਫਗਵਾੜਾ ਤੇ ਪਲਾਹੀ ਵਿਚ ਇਕੱਠ ਕਰ ਕੇ ਜਥੇਦਾਰ ਕਰਮ ਸਿੰਘ ਨੇ ਐਲਾਨ ਕੀਤਾ ਕਿ ਦੁਆਬੇ ਵਿਚ ਮੁੜ ਕੇ ਖ਼ਾਲਸੇ ਦਾ ਰਾਜ ਹੋ ਗਿਆ ਹੈ ਤੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਹਨ। ਅਸੀਂ ਰਾਜੇ ਤੇ ਹੁਕਮਰਾਨ ਬਣਨ ਲਈ ਨਹੀਂ ਲੜ ਰਹੇ, ਸਾਡਾ ਨਿਸ਼ਾਨਾ ਤੁਹਾਨੂੰ ਜ਼ੁਲਮੀ ਰਾਜ ਤੋਂ ਬਚਾਉਣ ਦਾ ਹੈ। ਪਿੰਡਾਂ ਦਾ ਪ੍ਰਬੰਧ ਤੁਸੀਂ ਆਪ ਕਰਨਾ ਹੈ। ਸਿਆਣੇ ਪੰਚ ਚੁਣ ਲਉ ਤੇ ਲੋਕ-ਹਿੱਤਾਂ ਦੇ ਫ਼ੈਸਲੇ ਕਰੋ। ਜਿਨ੍ਹਾਂ ਘਰਾਂ ਦਾ ਜ਼ਾਲਮ ਮੁਗ਼ਲ ਨੁਕਸਾਨ ਕਰ ਗਏ ਹਨ, ਉਹ ਤੁਸੀਂ ਰਲ ਮਿਲ ਕੇ ਪੂਰਾ ਕਰ ਲਉ। ਪਿੰਡਾਂ ਦੇ ਸਾਰੇ ਨੌਜਵਾਨ ਹਥਿਆਰਬੰਦ ਹੋ ਜਾਣ ਤੇ ਹਰ ਤਰ੍ਹਾਂ ਦੇ ਲੁਟੇਰਿਆਂ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਉ। ਬੰਦਾ ਸਿੰਘ ਬਹਾਦਰ ਬਹੁਤ ਛੇਤੀ ਤੁਹਾਡੇ ਇਲਾਕੇ ਵਿਚ ਆ ਰਹੇ ਹਨ।

ਜਥੇਦਾਰ ਕਰਮ ਸਿੰਘ ਦੇ ਇਸ ਦੌਰੇ ਨਾਲ ਸਾਰਾ ਦੁਆਬਾ ਸਾਵਧਾਨ ਹੋ ਗਿਆ। ਢਹਿੰਦੀ ਕਲਾ ਖ਼ਤਮ ਹੋ ਗਈ। ਨਿਰਾਸਤਾ ਦੀ ਥਾਂ ਆਸ਼ਾ ਦੀ ਕਿਰਨ ਪੈਦਾ ਹੋ ਗਈ। ਸਿੰਘਾਂ ਨੂੰ, ਖ਼ਾਸ ਕਰਕੇ ਜਥੇ ਵਿਚ ਸ਼ਾਮਲ ਸਿੰਘਾਂ ਨੂੰ, ਕਰਮ ਸਿੰਘ ਨਿੱਤ ਯਾਦ ਕਰਵਾਉਂਦਾ ਕਿ ਤੁਸੀਂ ਕਿਸੇ ਆਦਰਸ਼ ਲਈ ਘਰ-ਬਾਰ ਛੱਡ ਕੇ ਕੁਰਬਾਨੀਆਂ ਲਈ ਨਿੱਤਰੇ ਹੋ। ਸੱਚਾ ਤੇ ਸੁੱਚਾ ਨਿਸ਼ਾਨਾ ਤੇ ਨਿਸ਼ਕਾਮ ਸੇਵਾ ਤੁਹਾਡੇ ਅੰਦਰ ਉਹ ਤਾਕਤ ਪੈਦਾ ਕਰ ਰਹੀ ਹੈ ਕਿ ਤੁਸੀਂ ਪਹਾੜ ਜਿਤਨੀ ਮਜ਼ਬੂਤ ਹਕੂਮਤ ਨਾਲ ਟੱਕਰ ਲੈ ਰਹੇ ਹੋ। ਜਿਸ ਦਿਨ ਤੁਸੀਂ ਨਿੱਜ-ਸਵਾਰਥੀ ਬਣ ਗਏ, ਲੋਕ-ਹਿੱਤਾਂ ਦੀ ਸੋਚ ਛੱਡ ਗਏ, ਲੋਕਾਂ ਨਾਲੋਂ ਟੁੱਟ ਗਏ ਜਾਂ

ਮੁਗਲ ਹਾਕਮਾਂ ਵਾਂਗ ਹੀ ਨਿਰਦਈ ਤੇ ਅੱਤਿਆਚਾਰੀ ਬਣ ਗਏ, ਉਸ ਦਿਨ ਗੁਰੂ ਦੀ ਬਖਸ਼ੀ ਸਾਰੀ ਤਾਕਤ ਖ਼ਤਮ ਹੋ ਜਾਏਗੀ ਤੇ ਤੁਹਾਡਾ ਵੀ ਮੰਦਾ ਹਾਲ ਹੋਏਗਾ। ਅਸੀਂ ਹੰਕਾਰ ਵਿਚ ਨਹੀਂ ਆਉਣਾ, ਹਰ ਜਿੱਤ ਤੇ ਸਫਲਤਾ ਨੂੰ ਵਾਹਿਗੁਰੂ ਦੀ ਜਿੱਤ ਤੇ ਸਫਲਤਾ ਸਮਝਣਾ ਹੈ। ਇਸੇ ਲਈ ਗੁਰਦੇਵ ਸਾਨੂੰ ਨਾਹਰਾ ਦੇ ਗਏ ਹਨ—'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ'। ਗੁਰੂ 'ਤੇ ਓਟ ਰੱਖਣ ਵਾਲੇ ਗੁਰਮੁਖ ਦੀ ਇਹ ਆਵਾਜ਼ ਤੇ ਬਚਨ ਸੁਣਨ ਵਾਲਿਆਂ ਦੇ ਧੁਰ ਅੰਦਰ ਤਕ ਅਸਰ ਕਰ ਜਾਂਦੇ ਸਨ।

ਕਰਤਾਰਪੁਰ ਪਹਿਲਾਂ ਹੀ ਖ਼ਬਰ ਪਹੁੰਚ ਚੁੱਕੀ ਸੀ ਕਿ ਜਥੇਦਾਰ ਕਰਮ ਸਿੰਘ ਦੁਆਬੇ ਦਾ ਦੌਰਾ ਕਰਦੇ ਹੋਏ ਕਰਤਾਰਪੁਰ ਵੱਲ ਆ ਰਹੇ ਹਨ ਤੇ ਦੁਆਬੇ ਵਿਚ ਮੁੜ ਕੇ ਸਿੰਘਾਂ ਦੀ ਰਾਜਸੀ ਸ਼ਕਤੀ ਸਥਾਪਤ ਹੋ ਰਹੀ ਹੈ। ਜਦ ਸਿੰਘਾਂ ਦੀ ਚੜ੍ਹਦੀ ਕਲਾ ਦੀਆਂ ਗੱਲਾਂ ਕਰਮ ਸਿੰਘ ਦੀ ਮਾਂ ਭਾਗਾਂ ਤੇ ਪਤਨੀ ਦੀਪੋ ਸੁਣਦੀਆਂ ਤਾਂ ਉਨ੍ਹਾਂ ਨੂੰ ਆਪਣਾ ਦੁਖ ਘਟਦਾ ਜਾਪਦਾ। ਜਦੋਂ ਲਾਭ ਚੰਦ ਸ਼ਹੀਦ ਹੋਇਆ ਤਾਂ ਉਨ੍ਹਾਂ ਨੂੰ ਇਉਂ ਲੱਗਾ ਜਿਵੇਂ ਉਨ੍ਹਾਂ 'ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਹੋਵੇ ਪਰ ਜਦੋਂ ਖ਼ਾਲਸੇ ਦੀ ਚੜ੍ਹਦੀ ਕਲਾ ਦੀਆਂ ਗੱਲਾਂ ਸੁਣਦੀ ਤਾਂ ਆਪਣਾ ਦੁੱਖ ਝੱਟ ਪਲ ਲਈ ਭੁੱਲ ਜਾਂਦਾ।

ਕਰਤਾਰਪੁਰ ਵਾਸੀਆਂ ਨੇ ਕੁਝ ਦਿਨ ਪਹਿਲਾਂ ਹੀ ਬਹੁਤ ਸਾਰੇ ਮਿਸਤਰੀ ਲਾ ਕੇ ਉਹਦੀ ਹਵੇਲੀ ਮੁੜ ਕੇ ਤਿਆਰ ਕਰਵਾ ਦਿੱਤੀ। ਜਿਹੜੇ ਸਨੇਹੀ ਹੁਣ ਤਕ ਭਾਗਾਂ ਤੇ ਦੀਪੋ ਨੂੰ ਆਪਣੇ ਘਰ ਨਹੀਂ ਆਉਣ ਦਿੰਦੇ ਤੇ ਸੇਵਾ-ਸੰਭਾਲ ਕਿਸੇ ਹੋਰ ਥਾਂ ਰੱਖ ਕੇ ਕਰ ਰਹੇ ਸਨ, ਉਨ੍ਹਾਂ ਨੇ ਕਰਮ ਸਿੰਘ ਦਾ ਘਰ ਲਿਪ ਪੋਚ ਕੇ ਪਰਵਾਰ ਨੂੰ ਉਥੇ ਲੈ ਆਂਦਾ। ਸਾਰੇ ਨਗਰ ਦੇ ਹਿੰਦੂ ਤੇ ਮੁਸਲਮਾਨ ਮਿਲ ਕੇ ਕਰਮ ਸਿੰਘ ਨੂੰ ਅੱਗੇ ਲੈਣ ਲਈ ਆ ਗਏ। ਇਸ ਵਾਰ ਇਕ ਨਵੀਂ ਤਬਦੀਲੀ ਕਰਤਾਰਪੁਰ ਵਿਚ ਨਜ਼ਰ ਆਈ। ਪਹਿਲਾਂ ਨਗਰ ਵਿਚ ਦੋ ਧੜੇ ਸਨ। ਇਕ ਤਾਂ ਗੁਰੂ-ਘਰ ਨਾਲ ਜੁੜਿਆ ਵਰਗ ਸੀ ਜੋ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਤੇ ਜਵਾਈ ਜਾਣ ਕੇ ਪੂਜਦਾ ਤੇ ਸਤਿਕਾਰਦਾ ਸੀ। ਦੂਜਾ ਧੜਾ ਧੀਰ-ਮੱਲ ਦੇ ਪਰਵਾਰ ਸੋਢੀਆਂ ਦਾ ਸੀ। ਇਹ ਹਕੂਮਤ ਨਾਲ ਬਣਾ ਕੇ ਰੱਖਣ ਵਾਲਿਆਂ ਦੇ ਆਗੂ ਸਨ। ਸਰਕਾਰ ਪੱਖੀ ਇਨ੍ਹਾਂ ਨੂੰ ਲੀਡਰ ਮੰਨਦੇ ਸਨ। ਇਨ੍ਹਾਂ ਮੁੱਢਲੇ ਦਿਨਾਂ ਵਿਚ ਜਥੇਦਾਰ ਕਰਮ ਸਿੰਘ ਤੇ ਉਹਦੇ ਪਿਤਾ ਦਾ ਵਿਰੋਧ ਵੀ ਕੀਤਾ ਸੀ ਪਰ ਜਦੋਂ ਲਾਭ ਚੰਦ ਸ਼ਹੀਦ ਹੋ ਗਿਆ ਤੇ ਕਰਤਾਰਪੁਰ ਵਿਚ ਮੁਗ਼ਲ ਫ਼ੌਜ ਨੇ ਜ਼ੁਲਮ ਢਾਹੇ ਤਾਂ ਇਹ ਜਲੰਧਰ ਦੇ ਫ਼ੌਜਦਾਰ ਨਾਲੋਂ ਟੁੱਟ ਗਏ। ਇਨ੍ਹਾਂ ਦੀ ਹਕੂਮਤ ਪ੍ਰਸਤੀ ਖ਼ਤਮ ਹੋ ਗਈ। ਇਸੇ ਲਈ ਇਹ ਲੋਕ ਵੀ ਜਥੇਦਾਰ ਕਰਮ ਸਿੰਘ ਦੇ ਸਮਰਥਕਾਂ ਨਾਲ ਹੋ ਗਏ।

ਮਾਂ ਨੇ ਫ਼ੈਸਲਾ ਕੀਤਾ ਹੋਇਆ ਸੀ ਕਿ ਉਹ ਕਰਮ ਸਿੰਘ ਨੂੰ ਮਿਲ ਕੇ ਬਿਲਕੁਲ ਨਹੀਂ ਰੋਏਗੀ ਤੇ ਭਾਣਾ ਮੰਨਣ ਦਾ ਯਤਨ ਕਰੇਗੀ, ਪਰ ਜਦੋਂ ਕਰਮ ਸਿੰਘ ਨੇ ਮਾਂ ਦੇ ਪੈਰੀਂ ਹੱਥ ਲਾ ਕੇ ਦੋਵੇਂ ਹੱਥ ਜੋੜ ਕੇ ਚੁੱਪ ਰਜ਼ਾ ਬੁਲਾਈ ਤਾਂ ਭਾਗਾਂ ਦੇ ਸਬਰ ਦਾ ਕੜ ਟੁੱਟ ਗਿਆ। ਉਹ ਜੱਫੀ ਵਿਚ ਪੁੱਤਰ ਨੂੰ ਲੈ ਕੇ ਬੇ-ਤਹਾਸ਼ਾ ਰੋਣ ਲੱਗ ਪਈ। ਉਹਦੇ ਤੋਂ ਆਪਣਾ ਆਪ ਠੱਲ੍ਹਿਆ ਨਹੀਂ ਸੀ ਜਾਂਦਾ। ਕਰਮ ਸਿੰਘ ਨੇ ਉਹਨੂੰ ਧਰਵਾਸ ਦਿੱਤਾ। ਫਿਰ ਫ਼ਤਹਿ ਸਿੰਘ ਭੁਝੰਗੀ ਉਹਨੂੰ ਆ ਚੰਬੜਿਆ। ਉਹਨੂੰ ਕਰਮ ਸਿੰਘ ਨੇ ਚੁੱਕ ਲਿਆ ਤੇ ਪਿਆਰ ਕੀਤਾ। ਉਹ ਚਾਹੁੰਦਾ ਸੀ ਕਿ ਇਸ ਪਿੱਛੋਂ ਉਹ ਦੀਪੋ ਨਾਲ ਕੁਝ ਗੱਲ-ਬਾਤ ਕਰੇ ਤੇ ਉਹਨੂੰ ਪਹੁੰਚੇ ਕਸ਼ਟ ਬਾਰੇ ਪੁੱਛ-ਗਿੱਛ ਕਰੇ, ਪਰ ਲੋਕ ਵੱਡੀ ਗਿਣਤੀ ਵਿਚ ਅਫ਼ਸੋਸ ਕਰਨ ਲਈ ਆਉਣੇ ਸ਼ੁਰੂ ਹੋ ਗਏ। ਉਹ ਸਭ ਨੂੰ ਹੱਥ ਜੋੜ ਕੇ ਉਨ੍ਹਾਂ ਦੀ ਬੁਲਾਈ ਰਜ਼ਾ ਦਾ ਉੱਤਰ ਦਿੰਦਾ।

"ਸਾਵਧਾਨ ਰਹਿਣਾ, ਫ਼ੌਜਦਾਰ ਦਾ ਹੁਣ ਵੀ ਹਮਲਾ ਹੋ ਸਕਦਾ ਏ," ਇਕ ਸੋਢੀ

ਪਰਵਾਰ ਦੇ ਮੁਖੀਏ ਨੇ ਆਖਿਆ।

"ਚਿੰਤਾ ਨਾ ਕਰੋ," ਜਥੇਦਾਰ ਕਰਮ ਸਿੰਘ ਨੇ ਕਿਹਾ, "ਉਹ ਤਾਂ ਹਵਾ ਦੇ ਬਦਲਵੇਂ ਰੁਖ਼ ਨਾਲ ਬਦਲਣ ਵਾਲੇ ਹਨ। ਅਸੀਂ ਉਨ੍ਹਾਂ ਨਾਲ ਵੀ ਸਿੱਝ ਲਵਾਂਗੇ।"

40

ਜਥੇਦਾਰ ਕਰਮ ਸਿੰਘ ਨੇ ਸੂਹੀਏ ਲਾਹੌਰ ਭੇਜੇ ਤਾਕਿ ਪਤਾ ਲੱਗੇ ਕਿ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਲਾਹੌਰ ਵਿਚ ਕੀ ਕਰ ਰਿਹਾ ਹੈ ? ਉਹ ਕਿਧਰੇ ਪਿਸ਼ਾਵਰ ਵੱਲ ਨਿਕਲ ਗਿਆ ਹੈ ਜਾਂ ਦਿੱਲੀ ਚਲਾ ਗਿਆ ਹੈ। ਇਹ ਜਾਣਨਾ ਜ਼ਰੂਰੀ ਸੀ ਕਿਉਂਕਿ ਇਸ ਦੇ ਆਧਾਰ 'ਤੇ ਹੀ ਅਗਲੀ ਨੀਤੀ ਤਿਆਰ ਕਰਨੀ ਸੀ। ਇਸ ਕੰਮ ਲਈ ਆਪਣੇ ਵਫ਼ਾਦਾਰ ਦੋਸਤਾਂ ਰਹੀਮ ਖ਼ਾਂ ਤੇ ਅੱਲਾ ਦਿੱਤਾ ਨੂੰ ਹੀ ਆਖਿਆ। ਉਹ ਤੁਰਤ ਲਾਹੌਰ ਚਲੇ ਗਏ। ਗੌਤਮ ਤੇ ਨਿਰਮਲ ਨੂੰ ਅੰਮ੍ਰਿਤਸਰ ਭੇਜਿਆ ਤਾਕਿ ਉਥੋਂ ਦੇ ਸਾਰੇ ਸਮਾਚਾਰ ਮਿਲ ਜਾਣ। ਦੋ ਸਿੰਘਾਂ ਨੂੰ ਸਾਬੋ ਕੀ ਤਲਵੰਡੀ ਵੱਲ ਤੋਰਿਆ, ਕਿਉਂਕਿ ਪੰਜਾਬ ਵਿਚ ਉਹੀ ਸਭ ਤੋਂ ਵੱਡਾ ਤੇ ਸੁਰੱਖਿਅਤ ਸਿਖ ਕੇਂਦਰ ਸੀ, ਜਿਥੇ ਬਾਬਾ ਦੀਪ ਸਿੰਘ ਜੀ ਦਮਦਮੀ ਟਕਸਾਲ ਦੇ ਮੁਖੀ ਸਨ।

ਦਿਆਲਪੁਰ ਤੋਂ ਸ਼ਾਮੂ ਸ਼ਾਹ ਤੇ ਉਹਦੇ ਭਰਾ ਭਤੀਜੇ ਲਾਭ ਚੰਦ ਦੀ ਮੌਤ 'ਤੇ ਅਫ਼ਸੋਸ ਕਰਨ ਲਈ ਕਰਮ ਸਿੰਘ ਪਾਸ ਆਏ। ਉਹ ਪਹਿਲਾਂ ਵੀ ਸਸਕਾਰ ਸਮੇਂ ਪਹੁੰਚ ਗਏ ਸਨ। ਭਾਵੇਂ ਸ਼ਾਮੂ ਸ਼ਾਹ ਤਾਂ ਝਿਜਕਦਾ ਸੀ ਪਰ ਫ਼ਜ਼ਲ ਅਲੀ ਨੇ ਉਹਨੂੰ ਜ਼ੋਰ ਦੇ ਕੇ ਆਖਿਆ ਸੀ ਕਿ ਕੁੜਮ ਹੋਣ ਦੇ ਨਾਤੇ ਤੁਹਾਨੂੰ ਹਰ ਹਾਲਤ ਵਿਚ ਪਹੁੰਚਣਾ ਚਾਹੀਦਾ ਏ ਤੇ ਜੇ ਤੁਸੀਂ ਨਾ ਗਏ ਤਾਂ ਕਿਹੜੇ ਮੂੰਹ ਨਾਲ ਜਵਾਈ ਸਾਹਮਣੇ ਜਾਉਗੇ। ਇਸ 'ਤੇ ਉਹ ਭਰਾਵਾਂ ਤੇ ਭਤੀਜਿਆਂ ਸਮੇਤ ਸਸਕਾਰ 'ਤੇ ਆਇਆ ਸੀ। ਉਹਨੇ ਉਦੋਂ ਵੀ ਜ਼ੋਰ ਦਿੱਤਾ ਸੀ ਕਿ ਉਹ ਦੀਪੋ ਤੇ ਭਾਗਾਂ ਨੂੰ ਦਿਆਲਪੁਰ ਲੈ ਜਾਂਦਾ ਏ ਪਰ ਨਾ ਤਾਂ ਉਹ ਕਰਤਾਰਪੁਰੋਂ ਜਾਣ ਲਈ ਤਿਆਰ ਹੋਈਆਂ ਤੇ ਨਾ ਹੀ ਕਰਤਾਰਪੁਰ ਦੇ ਵਸਨੀਕ ਉਨ੍ਹਾਂ ਨੂੰ ਜਾਣ ਦੇਣ ਲਈ ਰਾਜ਼ੀ ਸਨ।

ਹੁਣ ਉਹ ਦੂਜੀ ਵਾਰ ਕਰਮ ਸਿੰਘ ਦੇ ਘਰ ਆਉਣ 'ਤੇ ਆਇਆ। ਝੱਟ ਅਫ਼ਸੋਸ ਕਰ ਕੇ ਉਹ ਕਹਿਣ ਲੱਗਾ ਕਿ ਜੇ ਚਾਹੋ ਤਾਂ ਮੈਂ ਪਰਵਾਰ ਨੂੰ ਦਿਆਲਪੁਰ ਲੈ ਜਾਵਾਂ। ਦੀਪੋ ਦਾ ਮਾਮਾ ਕਹਿੰਦਾ ਸੀ ਕਿ ਇਨ੍ਹਾਂ ਨੂੰ ਫਗਵਾੜੇ ਉਹਦੇ ਕੋਲ ਭੇਜ ਦਿਆਂ। ਇਹ ਗੱਲ ਮੈਂ ਸਸਕਾਰ ਵਾਲੇ ਦਿਨ ਵੀ ਆਖੀ ਸੀ, ਪਰ ਇਹ ਨਹੀਂ ਮੰਨੀਆਂ। ਸ਼ਾਇਦ ਤੁਹਾਡੇ ਆਉਣ ਨੂੰ ਉਡੀਕ ਰਹੀਆਂ ਸਨ।

"ਇਨ੍ਹਾਂ ਠੀਕ ਕੀਤਾ ਏ," ਕਰਮ ਸਿੰਘ ਨੇ ਕਿਹਾ, "ਅਸੀਂ ਲੋਕਾਂ ਨੂੰ ਕਹਿੰਦੇ ਹਾਂ ਕਿ ਹਾਲਾਤ ਦਾ ਡਟ ਕੇ ਟਾਕਰਾ ਕਰੋ ਤੇ ਆਪੋ ਆਪਣੀ ਥਾਂ ਡਟੇ ਰਹੋ। ਜੇ ਮੈਂ ਹੀ ਆਪਣਾ ਪਰਵਾਰ ਅੱਗੇ-ਪਿੱਛੇ ਕਰ ਦਿੱਤਾ ਤਾਂ ਹੋਰ ਸਿਖ ਤੇ ਸਾਡੇ ਸਮਰਥਕ ਕਿਵੇਂ ਟਾਕਰਾ ਕਰਨਗੇ।"

"ਹੁਣ ਤੁਸੀਂ ਤਾਂ ਕੁਝ ਸਮਾਂ ਘਰ ਟਿਕੋਗੇ ?" ਸ਼ਾਮੂ ਸ਼ਾਹ ਦਾ ਅਗਲਾ ਸਵਾਲ ਸੀ।

"ਨਹੀਂ, ਮੈਂ ਕੁਝ ਦਿਨਾਂ ਤਕ ਵਾਪਸ ਜਾ ਰਿਹਾ ਹਾਂ," ਕਰਮ ਸਿੰਘ ਨੇ ਦੱਸਿਆ, "ਸਾਡੀ ਹਕੂਮਤ ਨਾਲ ਟੱਕਰ ਇਕ ਅਜਿਹੇ ਮੋੜ 'ਤੇ ਪਹੁੰਚ ਗਈ ਏ ਜਿਥੇ ਤਖ਼ਤ ਜਾਂ ਤਖ਼ਤਾ ਦੋ ਹੀ ਨਤੀਜੇ ਹੋ ਸਕਦੇ ਹਨ। ਸਾਰਾ ਦੁਆਬਾ ਸਾਡੇ ਵੱਲ ਵੇਖ ਰਿਹਾ ਏ।"

ਲਾਹੌਰ ਵੱਲ ਭੇਜੇ ਬੰਦੇ ਚੌਥੇ ਦਿਨ ਵਾਪਸ ਆ ਗਏ। ਉਨ੍ਹਾਂ ਆ ਕੇ ਦੱਸਿਆ ਕਿ ਬਹਾਦਰ ਸ਼ਾਹ ਲਾਹੌਰ ਵਿਚ ਹੀ ਬਿਮਾਰ ਪਿਆ ਹੈ। ਇਸ ਕਰਕੇ ਕਿਸੇ ਪਾਸੇ ਵੀ ਕੋਈ ਫ਼ੌਜੀ

ਹਿਲਜੁਲ ਨਹੀਂ। ਬਹਾਦਰ ਸ਼ਾਹ ਨੇ ਲਾਹੌਰ ਦੇ ਹਾਕਮ ਅਸਲਮ ਖ਼ਾਂ ਨੂੰ ਹਟਾ ਦਿੱਤਾ ਹੈ ਤੇ ਉਹਦੀ ਥਾਂ ਜ਼ਬਰਦਸਤ ਖ਼ਾਂ ਲਾਹੌਰ ਦਾ ਗਵਰਨਰ ਬਣਾ ਦਿੱਤਾ ਹੈ।

"ਅਸਲਮ ਖ਼ਾਂ ਕਿਥੇ ਗਿਆ?" ਕਰਮ ਸਿੰਘ ਨੇ ਪੁੱਛਿਆ।

"ਇਹ ਤਾਂ ਸਾਨੂੰ ਨਹੀਂ ਪਤਾ ਲੱਗਾ," ਅੱਲਾ ਦਿੱਤਾ ਨੇ ਉੱਤਰ ਦਿੱਤਾ।

"ਇਹਦਾ ਮਤਲਬ ਏ ਕਿ ਲਾਹੌਰ ਦੀ ਹਕੂਮਤ ਲਈ ਜੰਗ ਸ਼ੁਰੂ ਹੋ ਜਾਏਗੀ," ਕਰਮ ਸਿੰਘ ਦਾ ਅਨੁਮਾਨ ਸੀ, "ਅਸਲਮ ਖ਼ਾਂ ਬੜਾ ਜ਼ਹਿਰੀ ਬੰਦਾ ਏ। ਉਹ ਚੁੱਪ ਕਰ ਕੇ ਨਹੀਂ ਬੈਠੇਗਾ। ਬਹਾਦਰ ਸ਼ਾਹ ਦੇ ਲਾਹੌਰ ਤੋਂ ਤੁਰਦਿਆਂ ਹੀ ਉਹ ਗੜ-ਬੜ ਕਰੇਗਾ।"

"ਲਾਹੌਰ ਵਿਚ ਤਾਂ ਚਰਚਾ ਏ ਕਿ ਮੁਗ਼ਲ ਬਾਦਸ਼ਾਹ ਚੋਖਾ ਬੀਮਾਰ ਏ ਤੇ ਹੋ ਸਕਦਾ ਏ ਕਿ ਉਹ ਠੀਕ ਹੀ ਨਾ ਹੋਵੇ," ਰਹੀਮ ਖ਼ਾਂ ਨੇ ਦੱਸਿਆ, "ਤੁਹਾਨੂੰ ਹੁਣ ਕੋਈ ਫੌਰੀ ਖ਼ਤਰਾ ਨਹੀਂ। ਜੇ ਚਾਹੋ ਤਾਂ ਜਲੰਧਰ ਦੇ ਫ਼ੌਜਦਾਰ ਨਾਲ ਦੋ ਹੱਥ ਕਰ ਲਉ। ਉਹਦੀ ਮਦਦ 'ਤੇ ਕੋਈ ਨਹੀਂ ਆਏਗਾ।"

"ਤੁਸੀਂ ਜਲੰਧਰ ਜਾਉ ਤੇ ਇਹ ਪਤਾ ਕਰੋ ਕਿ ਫ਼ੌਜਦਾਰ ਕਰੀਮ ਬਖ਼ਸ਼ ਕਿਸ ਦੇ ਨੇੜੇ ਹੈ, ਅਸਲਮ ਖ਼ਾਂ ਦੇ ਜਾਂ ਜ਼ਬਰਦਸਤ ਖ਼ਾਂ ਦੇ," ਕਰਮ ਸਿੰਘ ਨੇ ਆਦੇਸ਼ ਦਿੱਤਾ, "ਮੇਰਾ ਖ਼ਿਆਲ ਏ ਕਿ ਉਹਦੀ ਅਸਲਮ ਖ਼ਾਂ ਨਾਲ ਬਹੁਤੀ ਬਣਦੀ ਸੀ। ਇਸ ਲਈ ਨਵਾਂ ਸੂਬੇਦਾਰ ਉਹਦੀ ਹਮਾਇਤ ਵਿਚ ਛੇਤੀ ਨਹੀਂ ਆਏਗਾ।"

ਅੰਮ੍ਰਿਤਸਰ ਵੱਲ ਭੇਜੇ ਦੋਵੇਂ ਬੰਦੇ ਵੀ ਆ ਗਏ। ਉਨ੍ਹਾਂ ਸੂਚਨਾ ਦਿੱਤੀ ਕਿ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ 'ਤੇ ਪ੍ਰਿਥੀ ਚੰਦ ਦੇ ਟੱਬਰ ਦਾ ਕਬਜ਼ਾ ਹੈ ਤੇ ਉਨ੍ਹਾਂ ਦੇ ਹੀ ਪੁਜਾਰੀ ਤੇ ਗ੍ਰੰਥੀ ਉਥੇ ਸੇਵਾ-ਸੰਭਾਲ ਕਰ ਰਹੇ ਹਨ। ਉਨ੍ਹਾਂ ਦੀ ਸਮੇਂ ਦੀ ਹਕੂਮਤ ਨਾਲ ਗੰਢ ਤਰੁੱਪ ਏ ਤੇ ਉਹ ਕਿਸੇ ਤਰ੍ਹਾਂ ਦਾ ਖ਼ਤਰਾ ਨਹੀਂ ਅਨੁਭਵ ਕਰਦੇ। ਪਹਿਲਾਂ ਉਹ ਡਰਦੇ ਸਨ ਕਿ ਜੇ ਬੰਦਾ ਬਹਾਦਰ ਅੰਮ੍ਰਿਤਸਰ ਆ ਗਿਆ ਤਾਂ ਉਨ੍ਹਾਂ ਦੀ ਖ਼ੈਰ ਨਹੀਂ। ਗੁਰੂ ਤੇਗ ਬਹਾਦਰ ਨਾਲ ਜੋ ਉਨ੍ਹਾਂ ਵਰਤਾਓ ਕੀਤਾ ਸੀ, ਉਸ ਦਾ ਬਦਲਾ ਲਿਆ ਜਾਏਗਾ, ਪਰ ਜਦੋਂ ਬਹਾਦਰ ਸ਼ਾਹ ਦੀ ਮੁਗ਼ਲ ਫ਼ੌਜ ਨੇ ਦੁਬਾਰਾ ਸਰਹੰਦ 'ਤੇ ਕਬਜ਼ਾ ਕਰ ਲਿਆ ਏ ਤਾਂ ਉਹ ਵੀ ਖ਼ਤਰਾ ਟਲ ਗਿਆ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਯਕੀਨ ਏ ਕਿ ਹਕੂਮਤ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰੇਗੀ।

"ਅਸੀਂ ਤਾਂ ਉਨ੍ਹਾਂ ਵਿਰੁੱਧ ਅਵੱਸ਼ ਕਾਰਵਾਈ ਕਰਾਂਗੇ," ਜਥੇਦਾਰ ਕਰਮ ਸਿੰਘ ਨੇ ਤੁਰਤ ਗੱਲ ਟੋਕ ਕੇ ਆਖਿਆ, "ਗੁਰੂ-ਘਰ ਦੇ ਦੋਖੀਆਂ ਦਾ ਉਥੇ ਕਬਜ਼ਾ ਪੰਥ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਹ ਠੀਕ ਸੋਚਦੇ ਨੇ, ਬੰਦਾ ਸਿੰਘ ਬਹਾਦਰ ਅਵੱਸ਼ ਉਨ੍ਹਾਂ ਨੂੰ ਕੀਤੇ ਦੀ ਸਜ਼ਾ ਦੇਵੇਗਾ, ਮੈਂ ਜਦੋਂ ਦਿੱਲੀ ਗਿਆ ਸਾਂ ਤਾਂ ਮਾਤਾ ਸੁੰਦਰ ਕੌਰ ਵੀ ਇਸ ਬਾਰੇ ਚਿੰਤਾਤੁਰ ਸਨ ਤੇ ਉਹ ਕਹਿ ਰਹੇ ਸਨ ਕਿ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਭੇਜਾਂਗੇ।"

"ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ ਅੰਦਰ ਨਹੀਂ ਪਹੁੰਚਣ ਦਿੱਤਾ, ਉਹ ਭਾਈ ਮਨੀ ਸਿੰਘ ਨੂੰ ਕਿਵੇਂ ਬਰਦਾਸ਼ਤ ਕਰਨਗੇ?" ਗੌਤਮ ਨੇ ਪੁੱਛਿਆ।

"ਗੁਰੂ ਸਾਹਿਬ ਝਗੜਾ ਨਹੀਂ ਸਨ ਕਰਨਾ ਚਾਹੁੰਦੇ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਜੇ ਉਸ ਸਮੇਂ ਸਿਖ ਸੰਗਤ ਨੂੰ ਆਦੇਸ਼ ਦਿੰਦੇ ਤਾਂ ਲੋਕਾਂ ਨੇ ਪੁਜਾਰੀਆਂ ਨੂੰ ਫੜ ਕੇ ਪਰਕਰਮਾ 'ਚੋਂ ਧੂਅ ਕੱਢਣਾ ਸੀ। ਹੁਣ ਜਦ ਭਾਈ ਮਨੀ ਸਿੰਘ ਆਏ ਤਾਂ ਅਸੀਂ ਲੋਕ ਉਨ੍ਹਾਂ ਦੇ ਨਾਲ ਹੋਵਾਂਗੇ।"

ਸਾਰਾ ਸਾਰਾ ਦਿਨ ਜਥੇਦਾਰ ਕਰਮ ਸਿੰਘ ਕੋਲ ਲੋਕਾਂ ਦੀ ਆਵਾਜਾਈ ਲੱਗੀ ਰਹਿੰਦੀ। ਉਹ ਦਿਨ ਨੂੰ ਬਹੁਤਾ ਸਮਾਂ ਬਾਹਰਲੀ ਹਵੇਲੀ ਵਿਚ ਹੀ ਰਹਿੰਦਾ, ਘਰ ਤਾਂ ਸਵੇਰੇ ਜਾਂ ਸ਼ਾਮ

ਨੂੰ ਹੀ ਲੋਕ ਆਉਂਦੇ। ਬਾਹਰਲੇ ਪਿੰਡਾਂ ਦੇ ਲੋਕ ਵੀ ਲਾਭ ਚੰਦ ਦੀ ਮਿਰਤੂ 'ਤੇ ਅਫ਼ਸੋਸ ਕਰਨ ਆਉਂਦੇ ਤਾਂ ਕਰਮ ਸਿੰਘ ਉਨ੍ਹਾਂ ਨੂੰ ਵੀ ਪ੍ਰੇਰਨਾ ਕਰਦਾ ਕਿ ਉਹ ਸਵੈ-ਨਿਰਭਰ ਬਣਨ। ਇਸ ਹਕੂਮਤ ਨੇ ਉਨ੍ਹਾਂ ਨੂੰ ਕੁਝ ਨਹੀਂ ਦੇਣਾ, ਇਸ ਤੋਂ ਇਨਸਾਫ਼ ਦੀ ਆਸ ਵੀ ਨਾ ਰੱਖਣ। ਇਹ ਲੋਕਾਂ ਦੀ ਰੱਖਿਆ ਵੀ ਨਹੀਂ ਕਰ ਸਕਦੀ। ਇਹ ਹਾਕਮ ਤਾਂ ਲਹੂ-ਪੀਣੀਆਂ ਜੋਕਾਂ ਹਨ। ਨਾਲੇ ਇਹ ਰਾਜ ਹੁਣ ਟੁੱਟਣ ਵਾਲਾ ਹੈ। ਮੁਗਲਾਂ ਦੇ ਰਾਜ ਦਾ ਪਤਨ ਸ਼ੁਰੂ ਹੋ ਗਿਆ ਹੈ। ਦੇਖਿਆ ਜੇ ਕਿਵੇਂ ਰੇਤ ਦੀ ਕੰਧ ਵਾਂਗ ਇਹ ਰਾਜ ਵੀ ਢਹਿ ਢੇਰੀ ਹੁੰਦਾ ਏ।

ਜਦ ਲੋਕ ਸਰਹੰਦ 'ਤੇ ਮੁੜ ਮੁਗਲਾਂ ਦੇ ਕਬਜ਼ੇ ਤੇ ਬੰਦਾ ਸਿੰਘ ਬਹਾਦਰ ਦੇ ਅਲੋਪ ਹੋ ਜਾਣ ਦੀਆਂ ਗੱਲਾਂ ਛੇੜਦੇ ਤਾਂ ਜਥੇਦਾਰ ਕਰਮ ਸਿੰਘ ਉਨ੍ਹਾਂ ਨੂੰ ਦੱਸਦਾ, "ਸਰਹੰਦ ਵਿਚ ਸਿੱਧੀ ਲੜਾਈ ਸੰਭਵ ਨਹੀਂ ਸੀ। ਬਹਾਦਰ ਸ਼ਾਹ ਸਾਰੇ ਹਿੰਦੁਸਤਾਨ ਦੀ ਫ਼ੌਜੀ ਤਾਕਤ ਲੈ ਕੇ ਚੜ੍ਹ ਆਇਆ ਸੀ। ਬੰਦਾ ਸਿੰਘ ਬਹਾਦਰ ਸਾਢੌਰੇ ਵਿਚ ਸੀ ਤੇ ਉਹਨੂੰ ਮੁਗਲ ਫ਼ੌਜ ਨੇ ਉਥੇ ਘੇਰਨ ਦਾ ਯਤਨ ਕੀਤਾ ਤਾਂ ਉਹ ਲੜਦਾ ਤੇ ਮੁਗਲ ਫ਼ੌਜ ਦਾ ਚੋਖਾ ਨੁਕਸਾਨ ਕਰਦਾ ਨਾਹਨ ਰਿਆਸਤ ਵੱਲ ਨਿਕਲ ਗਿਆ। ਪਹਾੜੀ ਰਾਜਿਆਂ ਨੂੰ ਸੋਧਣਾ ਜ਼ਰੂਰੀ ਸੀ। ਉਹ ਪਹਾੜਾਂ ਵਿਚ ਫ਼ੌਜੀ ਤਾਕਤ ਇਕੱਠੀ ਕਰ ਕੇ ਮੁੜ ਆਇਆ ਕਿ ਆਇਆ।"

ਕਰਮ ਸਿੰਘ ਜਾਣਦਾ ਸੀ ਕਿ ਲੋਕਾਂ ਨੂੰ ਚੰਗੇ ਕੰਮਾਂ ਲਈ ਹੱਲਾ-ਸ਼ੇਰੀ ਦੀ ਲੋੜ ਹੁੰਦੀ ਏ। ਲੋਕਾਂ ਵਿਚ ਸਵੈ-ਭਰੋਸਾ ਪੈਦਾ ਕਰ ਲਈਏ ਤਾਂ ਵੱਡੇ ਤੋਂ ਵੱਡਾ ਜ਼ਾਲਮ ਵੀ ਲੋਕ-ਸ਼ਕਤੀ ਸਾਹਮਣੇ ਖੜਾ ਨਹੀਂ ਰਹਿ ਸਕਦਾ। ਜੇ ਰਾਵਣ ਵਰਗੇ ਮਾਰੇ ਗਏ, ਜੇ ਹਰਨਾਖਸ਼ ਵਰਗਿਆਂ ਦਾ ਹੰਕਾਰ ਟੁੱਟ ਸਕਦਾ ਏ ਤਾਂ ਇਹ ਮੁਗਲ ਕਿਸ ਬਾਗ ਦੀ ਮੂਲੀ ਹਨ।

ਰਾਤ ਨੂੰ ਰੋਟੀ ਪਾਣੀ ਖਾ ਕੇ ਤੇ ਝੱਟ ਫਿਰ ਹਵੇਲੀ ਵਿਚ ਗੁਜ਼ਾਰ ਕੇ ਜਦ ਕਰਮ ਸਿੰਘ ਘਰ ਆਇਆ ਤਾਂ ਦੀਪੋ ਕੁਝ ਉਦਾਸ ਬੈਠੀ ਸੀ। ਕਰਮ ਸਿੰਘ ਨੇ ਉਦਾਸੀ ਦਾ ਕਾਰਨ ਪੁੱਛਿਆ ਤਾਂ ਦੀਪੋ ਨੇ ਦੱਸਿਆ, "ਮੈਂ ਸਫਲ ਨਹੀਂ ਹੋਈ, ਤੁਹਾਡੇ ਪਿੱਛੋਂ ਮੈਂ ਕਈ ਤੀਵੀਆਂ ਨਾਲ ਗੱਲ ਕੀਤੀ, ਪਰ ਉਹ ਜਥਾ ਬਣਾ ਕੇ ਤੁਹਾਡੇ ਨਾਲ ਯੁੱਧ ਵਿਚ ਜਾਣ ਲਈ ਤਿਆਰ ਨਹੀਂ ਹੋਈਆਂ। ਕੋਈ ਕਹਿੰਦੀ ਏ ਕਿ ਮੇਰੇ ਬੱਚੇ ਛੋਟੇ ਛੋਟੇ ਨੇ। ਕੋਈ ਕਹਿੰਦੀ ਏ ਕਿ ਮੇਰੇ ਸਹੁਰੇ ਨਹੀਂ ਮੰਨਦੇ। ਕਿਸੇ ਨੂੰ ਘਰ ਬੈਠਿਆਂ ਆਪਣੀ ਇੱਜ਼ਤ ਦਾ ਡਰ ਲੱਗੀ ਜਾ ਰਿਹਾ ਏ।"

"ਮੈਨੂੰ ਤਾਂ ਪਹਿਲਾਂ ਹੀ ਪਤਾ ਸੀ," ਕਰਮ ਸਿੰਘ ਨੇ ਕਿਹਾ, "ਇਹ ਕੰਮ ਮਰਦਾਂ ਦੇ ਕਰਨ ਵਾਲਾ ਏ, ਔਰਤਾਂ ਦੇ ਨਹੀਂ। ਕੁਦਰਤ ਨੇ ਔਰਤਾਂ ਦਾ ਸਰੀਰ ਹੀ ਹੋਰ ਤਰ੍ਹਾਂ ਦਾ ਬਣਾਇਆ ਏ। ਇਹ ਸੇਵਾ ਕਰ ਸਕਦੀ ਏ, ਲੰਗਰ ਬਣਾ ਸਕਦੀ ਏ, ਘਰ ਸੰਭਾਲ ਸਕਦੀ ਏ ਤੇ ਆਪਣੇ ਪੁੱਤਰਾਂ ਨੂੰ ਇਸ ਕੰਮ ਲਈ ਤਿਆਰ ਕਰ ਸਕਦੀ ਏ।"

"ਮੈਂ ਨਹੀਂ ਮੰਨਦੀ," ਦੀਪੋ ਬੋਲ ਪਈ, "ਮਾਂ ਭਾਗੋ ਦੀ ਕਹਾਣੀ ਤੁਸੀਂ ਆਪ ਹੀ ਸੁਣਾਈ ਸੀ। ਉਹ ਕਿਤਨੀ ਬਹਾਦਰ ਔਰਤ ਸੀ, ਜਿਸ ਨੇ ਬੇਦਾਵਾ ਲਿਖ ਕੇ ਦੇ ਆਏ ਸਿੰਘਾਂ ਨੂੰ ਮੁੜ ਜੰਗ ਵਿਚ ਜਾਣ ਲਈ ਤਿਆਰ ਹੀ ਨਹੀਂ ਕਰ ਲਿਆ, ਸਗੋਂ ਉਸ ਫ਼ੌਜ ਦੀ ਜਰਨੈਲ ਵੀ ਉਹ ਆਪ ਬਣ ਗਈ।"

"ਇਸ ਤਰ੍ਹਾਂ ਦੀ ਔਰਤ ਕਦੇ ਕਦੇ ਕੌਮਾਂ ਵਿਚ ਜਨਮ ਲੈਂਦੀ ਏ। ਹਰ ਔਰਤ ਇਤਨੀ ਬੀਰਤਾ ਤੇ ਜੰਗੀ ਸ਼ਕਤੀ ਦਾ ਪਰਦਰਸ਼ਨ ਨਹੀਂ ਕਰ ਸਕਦੀ," ਜਥੇਦਾਰ ਕਰਮ ਸਿੰਘ ਨੇ ਸਮਝਾਇਆ।

"ਮੇਰਾ ਤਾਂ ਜੀਅ ਕਰਦਾ ਏ ਕਿ ਮੈਂ ਤੁਹਾਡੇ ਨਾਲ ਯੁੱਧ ਵਿਚ ਜਾਵਾਂ," ਦੀਪੋ ਨੇ ਮਨ ਦੀ ਗੱਲ ਕੀਤੀ।

"ਜੇ ਇਹ ਸਤਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਤੇਰੀ ਇਹ ਇੱਛਾ ਵੀ ਪੂਰੀ ਹੋ ਜਾਏਗੀ," ਕਰਮ ਸਿੰਘ ਨੇ ਕਿਹਾ, "ਹੁਣ ਤੇਰਾ ਮਾਂ ਕੋਲ ਰਹਿਣਾ ਵਧੇਰੇ ਜ਼ਰੂਰੀ ਏ ਤੇ ਨਾਲ ਫ਼ਤਹਿ ਸਿੰਘ ਦੀ ਪੜ੍ਹਾਈ ਤੇ ਸਿਖਲਾਈ ਦਾ ਜੋ ਕੰਮ ਤੇਰੀ ਨਿਗਰਾਨੀ ਵਿਚ ਹੋ ਸਕਦਾ ਏ, ਉਹ ਕੋਈ ਹੋਰ ਨਹੀਂ ਕਰ ਸਕਦਾ।"

ਦੂਜੇ ਦਿਨ ਸਵੇਰੇ ਹੀ ਸਾਬੋ ਕੀ ਤਲਵੰਡੀ ਤੋਂ ਸੁਨੇਹਾ ਆ ਗਿਆ ਕਿ ਛੇਤੀ ਉਥੇ ਪਹੁੰਚੋ। ਪੰਥ ਦੇ ਮੁਖੀ ਜਥੇਦਾਰਾਂ ਦੀ ਜ਼ਰੂਰੀ ਇਕੱਤਰਤਾ ਹੋ ਰਹੀ ਏ। ਪੰਥਕ ਸੰਘਰਸ਼ ਦਾ ਅਗਲਾ ਪੜਾਅ ਵਿਚਾਰਿਆ ਜਾਣਾ ਹੈ।

ਜਥੇਦਾਰ ਕਰਮ ਸਿੰਘ ਤੁਰਤ ਸਾਬੋ ਕੀ ਤਲਵੰਡੀ ਜਾਣ ਲਈ ਤਿਆਰ ਹੋ ਗਿਆ ਤੇ ਜਥੇ ਨੂੰ ਵੀ ਕੂਚ ਦਾ ਆਦੇਸ਼ ਦੇ ਦਿੱਤਾ।

41

ਸਾਬੋ ਕੀ ਤਲਵੰਡੀ ਪੰਦਰਾਂ ਜਥੇਦਾਰ ਪਹੁੰਚ ਗਏ। ਬਾਬਾ ਦੀਪ ਸਿੰਘ ਜੀ ਦੀ ਵਿਉਂਤ ਅਨੁਸਾਰ ਪਹਿਲਾਂ ਹੀ ਇਨ੍ਹਾਂ ਦੀ ਇਕੱਤਰਤਾ ਦਾ ਪ੍ਰਬੰਧ ਕੀਤਾ ਗਿਆ। ਪਹਿਲਾਂ ਹੀ ਨਿਸਚਿਤ ਕਰ ਲਿਆ ਗਿਆ ਕਿ ਜੋ ਫ਼ੈਸਲੇ ਹੋਣ, ਉਹ ਫਿਰ ਆਮ ਸਿੱਖਾਂ ਦੇ ਇਕੱਠ ਵਿਚ ਦੱਸੇ ਜਾਣ। ਉਨ੍ਹਾਂ ਬਾਰੇ ਹੀ ਸਾਰੇ ਭਾਸ਼ਣ ਦੇਣ। ਜਿਹੜੇ ਫ਼ੈਸਲੇ ਗੁਪਤ ਰੱਖਣ ਦੀ ਲੋੜ ਹੈ, ਉਹ ਇਕੱਤਰਤਾ ਵਿਚ ਸ਼ਾਮਲ ਬਿਲਕੁਲ ਕਿਸੇ ਨੂੰ ਵੀ ਨਾ ਦੱਸਣ। ਬਾਬਾ ਦੀਪ ਸਿੰਘ ਜੀ ਨੇ ਅਰਦਾਸਾ ਕੀਤਾ ਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈ ਕੇ ਕਾਰਵਾਈ ਸ਼ੁਰੂ ਕੀਤੀ।

ਸਭ ਤੋਂ ਪਹਿਲਾਂ ਬਾਬਾ ਦੀਪ ਸਿੰਘ ਨੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਆਖਿਆ ਕਿ ਪੰਥ ਲਈ ਸੰਕਟ ਦਾ ਸਮਾਂ ਫਿਰ ਆ ਗਿਆ ਹੈ। ਢਾਈ ਸਾਲ ਦੇਸ ਦੀ ਰਾਜ-ਸ਼ਕਤੀ 'ਤੇ ਸਾਡਾ ਪ੍ਰਭਾਵ ਰਿਹਾ ਹੈ। ਪਹਿਲੀ ਵਾਰ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਅਸੀਂ ਨਾ ਕੇਵਲ ਜ਼ੁਲਮ ਦਾ ਟਾਕਰਾ ਹੀ ਕੀਤਾ, ਸਗੋਂ ਜ਼ਾਲਮਾਂ ਨੂੰ ਦੰਡ ਦੇ ਕੇ ਰਾਜ-ਭਾਗ ਸੰਭਾਲਣ ਦਾ ਯਤਨ ਵੀ ਕੀਤਾ ਹੈ। ਸਾਡੇ ਇਤਿਹਾਸ ਵਿਚ ਇਹ ਨਵਾਂ ਮੋੜ ਸੀ। ਗੁਰੂ ਸਾਹਿਬ ਦੇ ਹੁੰਦਿਆਂ ਅਸੀਂ ਰਾਜ-ਭਾਗ 'ਤੇ ਕਾਬਜ਼ ਹੋਣ ਦਾ ਯਤਨ ਕਦੇ ਵੀ ਨਹੀਂ ਕੀਤਾ। ਕਲਗੀਧਰ ਪਾਤਿਸ਼ਾਹ ਲਈ ਪਹਾੜੀ ਰਾਜਿਆਂ ਤੋਂ ਰਾਜ ਖੋਹ ਲੈਣਾ ਕੋਈ ਔਖਾ ਨਹੀਂ ਸੀ, ਪਰ ਉਨ੍ਹਾਂ ਨੇ ਆਪਣੇ ਮਿਸ਼ਨ ਦੀ ਪੂਰਤੀ ਵੱਲ ਹੀ ਧਿਆਨ ਦਿੱਤਾ। ਜਦੋਂ ਬੰਦਾ ਸਿੰਘ ਬਹਾਦਰ ਨੂੰ ਨਾਦੇੜ ਤੋਂ ਉਨ੍ਹਾਂ ਭੇਜਿਆ ਤਾਂ ਉਸ ਸਮੇਂ ਬਦਲੇ ਹਾਲਾਤ ਵਿਚ ਜੋ ਹਦਾਇਤ ਕੀਤੀ, ਉਸ ਵਿਚ ਜੋ ਕੁਝ ਸ਼ਾਮਲ ਸੀ, ਉਹੀ ਕੁਝ ਹੋਇਆ। ਉਹੀ ਬਹਾਦਰ ਸ਼ਾਹ ਜੋ ਕਦੇ ਗੁਰਦੇਵ ਦਾ ਮਿੱਤਰ ਤੇ ਸਰਧਾਲੂ ਸੀ, ਉਹੀ ਹੁਣ ਸਿਖ ਕੌਮ ਨੂੰ ਖ਼ਤਮ ਕਰਨ 'ਤੇ ਤੁਲ ਗਿਆ ਹੈ। ਹੁਣ ਪਿੰਡਾਂ ਵਿਚ ਸਿਖ ਫੜ ਫੜ ਕੇ ਮਾਰੇ ਜਾ ਰਹੇ ਹਨ। ਸਰਹੰਦ 'ਤੇ ਮੁੜ ਕੇ ਮੁਗ਼ਲ ਫ਼ੌਜ ਨੇ ਕਬਜ਼ਾ ਕਰ ਲਿਆ ਹੈ, ਅਸੀਂ ਵਿਚਾਰਨਾ ਹੈ ਕਿ ਅਸੀਂ ਹੁਣ ਕੀ ਕਰੀਏ? ਸਭ ਆਪੋ ਆਪਣੀ ਰਾਏ ਦਿਉ, ਦਲੀਲਾਂ ਨਾਲ ਆਪਣਾ ਨੁਕਤਾ ਤੇ ਦ੍ਰਿਸ਼ਟੀਕੋਣ ਸਪੱਸ਼ਟ ਕਰੋ।

"ਸਾਡੇ ਇਸ ਸੰਕਟ ਲਈ ਬੰਦਾ ਸਿੰਘ ਬਹਾਦਰ ਜ਼ਿੰਮੇਵਾਰ ਹੈ," ਜਥੇਦਾਰ ਬਸੰਤ ਸਿੰਘ ਨੇ ਤੁਰਤ ਬੋਲਦਿਆਂ ਕਿਹਾ, "ਉਨ੍ਹਾਂ ਨੂੰ ਸਰਹੰਦ ਦੀ ਰਾਖੀ ਲਈ ਲੜਨਾ ਚਾਹੀਦਾ ਸੀ, ਉਹ ਸਾਢੌਰੇ ਤੋਂ ਪਹਾੜਾਂ ਵੱਲ ਕਿਉਂ ਨਿਕਲ ਗਏ ਹਨ। ਸਰਹੰਦ 'ਤੇ ਮੁਗ਼ਲ ਫ਼ੌਜ

ਦਾ ਸਹਿਜੇ ਕਬਜ਼ਾ ਹੋ ਜਾਣ ਨਾਲ ਹੀ ਸਿੱਖਾਂ ਦੀ ਤਬਾਹੀ ਦਾ ਦੌਰ ਸ਼ੁਰੂ ਹੋਇਆ ਏ।"

"ਸਾਨੂੰ ਆਪਣੇ ਜਰਨੈਲ ਬੰਦਾ ਸਿੰਘ ਬਹਾਦਰ ਬਾਰੇ ਅਜਿਹੀਆਂ ਟਿੱਪਣੀਆਂ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਏ। ਉਹਨੇ ਜਿਵੇਂ ਇਤਿਹਾਸ ਦੀ ਧਾਰਾ ਬਦਲੀ ਏ, ਮੁਗ਼ਲ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ, ਸਾਨੂੰ ਰਾਜੇ ਤੇ ਹੁਕਮਰਾਨ ਬਣਾਇਆ ਏ, ਉਸ ਦੀਆਂ ਪ੍ਰਾਪਤੀਆਂ 'ਤੇ ਗੌਰਵ ਕਰਨ ਦੀ ਥਾਂ ਉਸ ਦੀ ਨਿੰਦਾ ਨਹੀਂ ਕਰਨੀ ਚਾਹੀਦੀ। ਕੀ ਪਤਾ ਉਨ੍ਹਾਂ ਦੀ ਟਾਕਰੇ ਲਈ ਕੀ ਵਿਉਂਤ ਸੀ ਤੇ ਉਹ ਹੁਣ ਕੀ ਕਰ ਰਹੇ ਹਨ," ਜਥੇਦਾਰ ਬਚਨ ਸਿੰਘ ਨੇ ਬੜੇ ਠਰ੍ਹੰਮੇ ਨਾਲ ਬਸੰਤ ਸਿੰਘ ਦੇ ਵਿਚਾਰਾਂ 'ਤੇ ਟਿੱਪਣੀ ਕੀਤੀ।

"ਬੰਦਾ ਸਿੰਘ ਨੂੰ ਬਹਾਦਰ ਨਾ ਆਖੋ," ਜਥੇਦਾਰ ਭਗਤ ਸਿੰਘ ਬੋਲ ਪਿਆ, "ਉਹਨੇ ਗੁਰੂ ਮਹਾਰਾਜ ਦੇ ਆਦੇਸ਼ ਦੀ ਉਲੰਘਣਾ ਕੀਤੀ ਏ, ਉਹਨੂੰ ਕਿਹਾ ਗਿਆ ਸੀ ਕਿ ਉਹ ਵਿਆਹ ਨਾ ਕਰਵਾਏ ਪਰ ਸੁਣਿਆ ਏ, ਉਹਨੇ ਵਿਆਹ ਕਰਵਾ ਲਿਆ ਏ। ਚੰਬੇ ਦੇ ਰਾਜੇ ਨੇ ਆਪਣੀ ਧੀ ਦਾ ਡੋਲਾ ਉਹਨੂੰ ਭੇਟ ਕਰ ਦਿੱਤਾ ਏ ਤੇ ਉਹ ਹੁਣ ਪਹਾੜਾਂ ਵਿਚ ਆਪਣੇ ਵਿਆਹੁਤਾ ਜੀਵਨ ਦਾ ਅਨੰਦ ਮਾਣ ਰਿਹਾ ਹੈ। ਤੁਸੀਂ ਕਹਿੰਦੇ ਹੋ ਕਿ ਉਸ ਬਾਰੇ ਕੁਝ ਨਾ ਬੋਲੀਏ।"

ਜਥੇਦਾਰ ਕਰਮ ਸਿੰਘ, ਜੋ ਹੁਣ ਤਕ ਚੁੱਪ ਕਰ ਕੇ ਸਬਰ ਨਾਲ ਗੱਲਾਂ ਸੁਣ ਰਿਹਾ ਸੀ, ਉਹਨੇ ਬਾਬਾ ਦੀਪ ਸਿੰਘ ਤੋਂ ਆਗਿਆ ਲੈ ਕੇ ਇਸ ਵਿਚਾਰ-ਵਟਾਂਦਰੇ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, "ਸੁਣੀਆਂ ਸੁਣਾਈਆਂ ਗੱਲਾਂ 'ਤੇ ਇਤਬਾਰ ਕਰ ਕੇ ਅਸੀਂ ਜੇ ਆਪਣੇ ਨੇਤਾ ਤੇ ਜਰਨੈਲ ਵਿਰੁੱਧ ਬੋਲਣ ਲੱਗ ਪਏ ਤਾਂ ਇਹ ਬੇਇਨਸਾਫ਼ੀ ਹੋਵੇਗੀ। ਤੁਹਾਡੇ ਵਿਚੋਂ ਦੋ ਤਿੰਨ ਹੀ ਬੰਦਾ ਸਿੰਘ ਬਹਾਦਰ ਨੂੰ ਮਿਲੇ ਹਨ ਤੇ ਜਿਨ੍ਹਾਂ ਉਨ੍ਹਾਂ ਦੇ ਦਰਸ਼ਨ ਕੀਤੇ ਹਨ, ਉਹ ਮੰਨਦੇ ਹਨ ਕਿ ਉਹ ਮਹਾਨ ਆਤਮਾ ਹੈ, ਬੜਾ ਵੱਡਾ ਤਪੱਸਵੀ ਹੈ, ਤਾਂ ਹੀ ਕਲਗੀਧਰ ਪਾਤਿਸ਼ਾਹ ਨੇ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਉਹਨੂੰ ਆਪਣਾ ਥਾਪੜਾ ਦੇ ਕੇ ਭੇਜਿਆ ਹੈ। ਜਿਵੇਂ ਉਹਨੇ ਗੰਗ ਦੁਆਬ ਦੇ ਇਲਾਕੇ ਵਿਚ ਸਿੰਘਾਂ ਦੀ ਧਾਂਕ ਬਿਠਾਈ, ਜਿਵੇਂ ਗੁਰੂ-ਘਰ ਦੇ ਦੋਖੀਆਂ ਤੇ ਅੱਤਿਆਚਾਰੀਆਂ ਨੂੰ ਸਮਾਣੇ ਤੇ ਸਰਹੰਦ ਵਿਚ ਸੋਧਿਆ, ਉਸ ਨੂੰ ਦੇਖਦਿਆਂ ਕੋਈ ਨਹੀਂ ਕਹਿ ਸਕਦਾ ਕਿ ਉਹ ਨਿਜ ਸਵਾਰਥੀ ਹੈ। ਬਾਕੀ ਰਹੀ ਵਿਆਹ ਦੀ ਗੱਲ, ਮੈਂ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਗੁਰਦੇਵ ਨੇ ਕਦੇ ਵਿਆਹ ਕਰਨ ਤੋਂ ਨਹੀਂ ਵਰਜਿਆ। ਕਿਸੇ ਗੁਰੂ ਸਾਹਿਬ ਨੇ ਕਦੇ ਕਿਸੇ ਸਿਖ ਨੂੰ ਗ੍ਰਿਹਸਥ ਵਿਚ ਪ੍ਰਵੇਸ਼ ਕਰਨ ਤੋਂ ਨਹੀਂ ਰੋਕਿਆ। ਇਹ ਸਭ ਸਾਡੇ ਦੁਸ਼ਮਣਾਂ ਦੀਆਂ ਫੈਲਾਈਆਂ ਅਫ਼ਵਾਹਾਂ ਹਨ, ਜਿਹੜੇ ਪੰਜ ਸਿਖ ਬੰਦਾ ਸਿੰਘ ਬਹਾਦਰ ਨਾਲ ਨਾਦੇੜ ਤੋਂ ਆਏ ਸਨ, ਉਨ੍ਹਾਂ ਨੂੰ ਪੁੱਛ ਲਉ। ਉਹੀ ਗਵਾਹ ਹਨ ਕਿ ਅਜਿਹੀ ਕੋਈ ਹਦਾਇਤ ਨਹੀਂ ਸੀ।"

ਜਥੇਦਾਰ ਕਰਮ ਸਿੰਘ ਨੇ ਆਪਣੇ ਵਿਚਾਰ ਜਾਰੀ ਰੱਖਦਿਆਂ ਕਿਹਾ, "ਸਾਡੇ ਵਿਚ ਵੀ ਸਰਕਾਰ ਦੇ ਟੋਡੀ ਹੋ ਸਕਦੇ ਹਨ। ਕਈ ਸਿਖ ਸਰਕਾਰ ਨਾਲ ਮਿਲਵਰਤਣ ਕਰ ਰਹੇ ਹਨ। ਖ਼ਾਸ ਕਰਕੇ ਜਿਨ੍ਹਾਂ ਦਾ ਕਲਗੀਧਰ ਪਾਤਿਸ਼ਾਹ ਪਿੱਛੋਂ ਗੁਰੂ-ਡੰਮ ਨਹੀਂ ਚੱਲ ਸਕਿਆ, ਉਹ ਹਕੂਮਤ-ਪ੍ਰਸਤ ਬਣ ਕੇ ਆਪਣਾ ਗੁਰੂ-ਡੰਮ ਚਲਾਉਣਾ ਚਾਹੁੰਦੇ ਹਨ। ਉਹ ਹਰ ਉਸ ਆਗੂ ਬਾਰੇ ਗ਼ਲਤ ਪ੍ਰਚਾਰ ਕਰਨਗੇ, ਜੋ ਕੌਮ ਦੀ ਚੜ੍ਹਦੀ ਕਲਾ ਲਈ ਕੁਝ ਕਰ ਰਿਹਾ ਏ। ਬਾਕੀ ਰਹੀ ਬੰਦਾ ਸਿੰਘ ਬਹਾਦਰ ਦੀ ਪਹਾੜਾਂ ਵਿਚ ਵਿਚਰਨ ਦੀ ਗੱਲ, ਉਹ ਤਿਆਰੀ ਕਰ ਰਹੇ ਹਨ। ਘੋੜੇ ਤੇ ਹਥਿਆਰ ਇਕੱਠੇ ਕਰ ਰਹੇ ਹਨ ਤੇ ਛੇਤੀ ਹੀ ਮੁਗ਼ਲਾਂ ਨਾਲ ਟੱਕਰ ਲੈਣ ਲਈ ਮੈਦਾਨਾਂ ਵਿਚ ਉਤਰਨ ਵਾਲੇ ਹਨ। ਉਨ੍ਹਾਂ ਥਾਂ ਥਾਂ ਸੰਦੇਸ਼ ਭੇਜੇ ਹਨ। ਇਕ ਚਿੱਠੀ ਹੁਣੇ ਹੁਣੇ ਮੈਨੂੰ ਰੂਪੋਕੇ ਤੋਂ ਆਏ ਸਿੰਘਾਂ ਨੇ ਦਿਖਾਈ ਏ, ਜੋ ਮੈਂ ਤੁਹਾਨੂੰ ਪੜ੍ਹ ਕੇ ਸੁਣਾਣੀ

ਚਾਹੁੰਦਾ ਹਾਂ।" ਉਹਨੇ ਚਿੱਠੀ ਪੜ੍ਹਨੀ ਸ਼ੁਰੂ ਕੀਤੀ—"ਸਰਬਤਰ ਅਕਾਲ ਪੁਰਖ ਜੀਉ ਕਾ ਖ਼ਾਲਸਾ ਹੈ। ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਉਰੇਗਾ ਹੁਕਮ ਦੇਖਦਿਆਂ ਈ ਪੰਜੇ ਹਥਿਆਰ ਬਧਿ ਆਵਣਾ। ਜੋ ਸਿਖ ਆਵੇਗਾ ਸੋ ਨਿਹਾਲ ਹੋਵੇਗਾ। ਸੰਗਤ ਦੇ ਮਨੋਰਥ ਪੂਰੇ ਹੋਵੇਂਗੇ, ਨਿਹਾਲ ਹੋਏ।"

"ਚਿੱਠੀ ਥੱਲੇ ਦਸਖ਼ਤ ਕੀ ਨੇ ?" ਬਸੰਤ ਸਿੰਘ ਨੇ ਪ੍ਰਸ਼ਨ ਕੀਤਾ।

"ਉਹ ਚਿੱਠੀ ਥੱਲੇ ਆਪਣਾ ਨਾਮ ਨਹੀਂ ਲਿਖਦੇ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਉਨ੍ਹਾਂ ਦੀ ਮੋਹਰ ਹੈ, ਜਿਸ 'ਤੇ ਫ਼ਾਰਸੀ ਵਿਚ ਉਕਰਿਆ ਹੋਇਆ ਹੈ—ਦੇਗੋ ਤੇਗੋ ਫ਼ਤਹ ਨੁਸਰਤ ਬੇਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।"

"ਮੈਨੂੰ ਅਨੰਦਪੁਰ ਸੂਚਨਾ ਮਿਲਦੀ ਰਹੀ ਏ ਕਿ ਉਹ ਪਹਾੜਾਂ ਵਿਚ ਹਥਿਆਰ ਤੇ ਜੰਗੀ ਤਿਆਰੀਆਂ ਲਈ ਲੋੜੀਂਦੇ ਸਾਮਾਨ ਨੂੰ ਇਕੱਠਾ ਕਰ ਰਹੇ ਹਨ। ਇਹ ਪਹਾੜੀ ਰਾਜਿਆਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਸੀ," ਕਰਮ ਸਿੰਘ ਨੇ ਬੰਦਾ ਸਿੰਘ ਬਹਾਦਰ ਦਾ ਪੱਖ ਲਿਆ।

"ਇਹ ਤਾਂ ਪੱਤਰ ਵਿਚ ਲਿਖਿਆ ਨਹੀਂ ਕਿ ਹਥਿਆਰ ਇਕੱਠੇ ਕਰ ਕੇ ਕਿਥੇ ਆਈਏ ?" ਇਕ ਹੋਰ ਜਥੇਦਾਰ ਬੋਲ ਪਿਆ, "ਕੌਮ 'ਤੇ ਇਤਨਾ ਵੱਡਾ ਸੰਕਟ ਆਇਆ ਹੋਇਆ ਏ ਤੇ ਉਹਨੂੰ ਇਨ੍ਹਾਂ ਦਿਨਾਂ ਵਿਚ ਵਿਆਹ ਕਰਵਾਉਣ ਦੀ ਕੀ ਲੋੜ ਸੀ ?"

"ਤੁਹਾਨੂੰ ਉਹ ਆਪਣਾ ਥਾਂ ਟਿਕਾਣਾ ਲਿਖ ਕੇ ਭੇਜ ਦੇਵੇ ਤਾਂ ਕੀ ਤੁਹਾਡੇ ਤੋਂ ਪਹਿਲਾਂ ਮੁਗਲਾਂ ਦੀਆਂ ਫ਼ੌਜਾਂ ਉਥੇ ਨਹੀਂ ਪਹੁੰਚ ਜਾਣਗੀਆਂ ? ਕਿਉਂ ਬੱਚਿਆਂ ਵਾਲੀਆਂ ਗੱਲਾਂ ਕਰਦੇ ਹੋ। ਤੁਸੀਂ ਹਥਿਆਰਬੰਦ ਹੋ ਕੇ ਸਾਬੋ ਕੀ, ਅਨੰਦਪੁਰ, ਕਰਤਾਰਪੁਰ, ਤਰਨ ਤਾਰਨ ਕਿਧਰੇ ਵੀ ਪਹੁੰਚ ਜਾਉ। ਉਥੋਂ ਆਪੇ ਤੁਹਾਨੂੰ ਅੱਗੇ ਜਾਣ ਦਾ ਸੰਕੇਤ ਮਿਲ ਜਾਏਗਾ। ਪਹਿਲਾਂ ਵੀ ਤਾਂ ਦਿੱਲੀ ਜਾਂਦੇ ਰਾਹ 'ਤੇ ਆਪੇ ਸਾਨੂੰ ਬੰਦਾ ਸਿੰਘ ਦਾ ਟਿਕਾਣਾ ਲੱਭ ਪਿਆ ਸੀ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਬਹਾਦਰ ਸ਼ਾਹ ਲਾਹੌਰ ਬੀਮਾਰ ਪਿਆ ਏ। ਮੈਂ ਬੰਦੇ ਭੇਜੇ ਸਨ, ਉਹ ਦੱਸਦੇ ਨੇ ਕਿ ਉਹਦੇ ਬਚਣ ਦੀ ਉਮੀਦ ਨਹੀਂ। ਜਦ ਉਹਦੀ ਮੌਤ ਹੋ ਗਈ ਤਾਂ ਉਹਦੇ ਪੁੱਤਰਾਂ ਵਿਚ ਤਖ਼ਤ ਤਾਜ ਦੀ ਲੜਾਈ ਛਿੜੇਗੀ। ਸਾਨੂੰ ਮੁੜ ਕੇ ਆਪਣੀ ਤਾਕਤ ਬਣਾਣ ਦਾ ਮੌਕਾ ਮਿਲ ਸਕਦਾ ਏ। ਇਸ ਲਈ ਹੁਣ ਇਹ ਵਿਚਾਰੋ ਕਿ ਅਸੀਂ ਆਪਣਾ ਸੰਗਠਨ ਕਿਵੇਂ ਬਣਾਈਏ ? ਬੰਦਾ ਸਿੰਘ ਬਹਾਦਰ ਨੇ ਜੋ ਕੀਤਾ ਏ, ਹਾਲਾਤ ਅਨੁਸਾਰ ਠੀਕ ਕੀਤਾ ਏ। ਸਾਨੂੰ ਨਹੀਂ ਪਤਾ ਕਿ ਚੰਬੇ ਦੇ ਰਾਜੇ ਨੇ ਕਿਉਂ ਧੀ ਉਨ੍ਹਾਂ ਨਾਲ ਵਿਆਹੀ ਏ। ਹੋ ਸਕਦਾ ਏ ਕਿ ਬੰਦਾ ਸਿੰਘ ਬਹਾਦਰ ਇਉਂ ਵਿਆਹ ਕਰਵਾ ਕੇ ਇਕ ਰਿਆਸਤ ਦੀ ਸਾਰੀ ਫ਼ੌਜੀ ਤਾਕਤ ਨਾਲ ਜੋੜ ਰਿਹਾ ਹੋਵੇ। ਜੇ ਇਕ ਬੈਰਾਗੀ ਸਾਧੂ ਅੰਮ੍ਰਿਤਪਾਨ ਕਰ ਕੇ ਸੰਤ ਸਿਪਾਹੀ ਬਣ ਸਕਦਾ ਏ ਤਾਂ ਉਸ ਲਈ ਗ੍ਰਿਹਸਤੀ ਬਣਨਾ ਵੀ ਲਾਹੇਵੰਦ ਹੋ ਸਕਦਾ ਏ। ਤੁਸੀਂ ਮੁਗਲ ਪੱਖੀਆਂ ਦੇ ਝੂਠੇ ਪ੍ਰਚਾਰ ਵੱਲ ਧਿਆਨ ਨਾ ਦਿਓ। ਇਹ ਵੇਲਾ ਏਕਤਾ ਦਾ ਏ, ਫੁੱਟ ਪਾਣ ਦਾ ਨਹੀਂ।"

ਬਾਬਾ ਦੀਪ ਸਿੰਘ ਨੇ ਆਪਣੇ ਭਾਸ਼ਨ ਵਿਚ ਜਥੇਦਾਰ ਕਰਮ ਸਿੰਘ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ ਤੇ ਦੱਸਿਆ ਕਿ ਜਥੇਦਾਰ ਕਰਮ ਸਿੰਘ ਦਿੱਲੀ ਜਾ ਕੇ ਮਾਤਾ ਸੁੰਦਰ ਕੌਰ ਨੂੰ ਵੀ ਮਿਲ ਆਏ ਸਨ ਤੇ ਬੰਦਾ ਸਿੰਘ ਬਹਾਦਰ ਨੂੰ ਵੀ। ਰਾਜਨੀਤੀ ਵਿਚ ਸਮੇਂ ਤੇ ਹਾਲਾਤ ਅਨੁਸਾਰ ਤਬਦੀਲੀ ਹੁੰਦੀ ਰਹਿੰਦੀ ਏ। ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਾਉਣ ਵਾਲੇ ਜਹਾਂਗੀਰ ਬਾਦਸ਼ਾਹ ਨਾਲ ਗੁਰੂ ਹਰਿਗੋਬਿੰਦ ਜੀ ਦੀ ਦੋਸਤੀ ਹੋ ਸਕਦੀ ਏ। ਔਰੰਗਜ਼ੇਬ ਦੇ ਜ਼ਮਾਨੇ ਵਿਚ ਗੁਰੂ ਗੋਬਿੰਦ ਸਿੰਘ ਵੱਲ ਯਥਾਰਥਕ ਨੀਤੀ ਰੱਖਣ ਵਾਲੇ ਬਹਾਦਰ ਸ਼ਾਹ ਨੂੰ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋਣ ਲਈ ਕਲਗੀਧਰ ਪਾਤਿਸ਼ਾਹ ਮਦਦ ਕਰ ਸਕਦੇ ਹਨ।

ਹੁਣ ਬਹਾਦਰ ਸ਼ਾਹ ਦੇ ਰਾਜ ਦੀਆਂ ਜੜ੍ਹਾਂ ਹਿਲਾ ਦੇਣ ਵਾਲੇ ਖ਼ਾਲਸੇ ਵੱਲ ਉਹਦਾ ਵਤੀਰਾ ਕੁਦਰਤੀ ਹੈ। ਮੁਗ਼ਲ ਸਿੱਕੇ ਦੀ ਥਾਂ ਨਾਨਕਸ਼ਾਹੀ ਸਿੱਕਾ ਚਾਲੂ ਹੋਣਾ ਉਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ ? ਸਾਨੂੰ ਆਪਣੇ ਸੰਘਰਸ਼ ਵਿਚ ਉਤਰਾਅ ਚੜ੍ਹਾਅ ਦੇਖ ਕੇ ਆਪਣੇ ਆਗੂਆਂ ਦੇ ਵਿਰੁੱਧ ਨਹੀਂ ਹੋ ਜਾਣਾ ਚਾਹੀਦਾ। ਹਕੂਮਤ ਦੀ ਸਖ਼ਤੀ ਦੇਖ ਕੇ ਆਪਣਾ ਪੈਂਤੜਾ ਭਾਵੇਂ ਬਦਲ ਲਈਏ ਪਰ ਆਪਣਾ ਨਿਸ਼ਾਨਾ ਨਹੀਂ ਬਦਲਣਾ ਚਾਹੀਦਾ। ਸਮਾਂ ਸਦਾ ਇਕੋ ਜਿਹਾ ਨਹੀਂ ਰਹਿੰਦਾ, ਉਹ ਬਦਲਦਾ ਹੈ ਤੇ ਸਾਨੂੰ ਸੋਚ ਸਮਝ ਕੇ ਤੁਰਨਾ ਚਾਹੀਦਾ ਏ। ਆਪਾਂ ਵਿਚੋਂ ਕੋਈ ਵੀ ਰਾਜਾ ਜਾਂ ਹੁਕਮਰਾਨ ਬਣਨ ਲਈ ਨਹੀਂ ਆਇਆ। ਅਸੀਂ ਪੰਥਕ ਸੰਘਰਸ਼ ਵਿਚ ਕੁਰਬਾਨੀ ਕਰਨ ਆਏ ਹਾਂ ਤੇ ਇਉਂ ਆਪਣੀ ਕੁਰਬਾਨੀ ਨਾਲ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਚਾਹੁੰਦੇ ਹਾਂ। ਸਾਨੂੰ ਤਾਂ ਅਰਦਾਸ ਕਰਨੀ ਚਾਹੀਦੀ ਏ ਕਿ ਹੇ ਅਕਾਲ ਪੁਰਖ, ਬੀਮਾਰ ਹੋ ਕੇ ਮੰਜੇ 'ਤੇ ਅੱਡੀਆਂ ਰਗੜ ਰਗੜ ਕੇ ਮਰਨ ਨਾਲੋਂ ਦੇਸ਼ ਕੌਮ ਲਈ ਸ਼ਹੀਦ ਹੋਣ ਦੀ ਸ਼ਕਤੀ ਬਖ਼ਸ਼ੀਂ। ਸ਼ਹੀਦ ਸਿੰਘਾਂ ਨੂੰ ਪਰਲੋਕ ਵਿਚ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਦੀ ਗੋਦ ਵਿਚ ਜਾ ਬੈਠਣ ਦਾ ਮੌਕਾ ਮਿਲੇਗਾ।

ਅਖ਼ੀਰ ਪ੍ਰਵਾਨ ਹੋਇਆ ਕਿ ਥਾਂ ਥਾਂ ਹਥਿਆਰਬੰਦ ਜਥੇ ਬਣਾਈਏ। ਸਿਖ ਆਚਰਣ ਦੀ ਖ਼ੁਸ਼ਬੂ ਫੈਲਾਈਏ। ਲੋਕਾਂ ਵਿਚ ਪ੍ਰੇਮ ਤੇ ਸੇਵਾ ਭਾਵਨਾ ਵਧਾਈਏ। ਦੁਖੀਆਂ ਦੀ ਮਦਦ ਕਰੀਏ। ਔਰਤਾਂ ਦੀ ਇੱਜ਼ਤ ਦੇ ਰਖਵਾਲੇ ਬਣੀਏ। ਇਉਂ ਲੋਕਾਂ ਦਾ ਵਿਸ਼ਵਾਸ ਜਿੱਤੀਏ ਤੇ ਫਿਰ ਦੁਨੀਆਂ ਦੀ ਕੋਈ ਤਾਕਤ ਸਾਨੂੰ ਦਬਾਅ ਨਹੀਂ ਸਕੇਗੀ। ਚੜ੍ਹਦੀ ਕਲਾ ਤੇ ਪੰਥ ਦੀ ਜਿੱਤ ਵਿਚ ਨਿਸਚਾ ਰੱਖ ਕੇ ਸੰਘਰਸ਼ ਨੂੰ ਜਾਰੀ ਰੱਖੀਏ।

42

ਫ਼ਰਵਰੀ 1712 ਈ. ਵਿਚ ਬਹਾਦਰ ਸ਼ਾਹ ਲਾਹੌਰ ਵਿਚ ਹੀ ਕਈ ਮਹੀਨੇ ਬੀਮਾਰ ਰਹਿ ਕੇ ਮਰ ਗਿਆ। ਇਸ 'ਤੇ ਦਿੱਲੀ ਦੇ ਤਖ਼ਤ 'ਤੇ ਕਬਜ਼ਾ ਕਰਨ ਲਈ ਉਹਦੇ ਪੁੱਤਰਾਂ ਵਿਚ ਗ੍ਰਹਿ ਯੁੱਧ ਸ਼ੁਰੂ ਹੋ ਗਿਆ। ਖ਼ਾਨਦਾਨੀ ਰਵਾਇਤ ਅਨੁਸਾਰ ਅਜਿਹੇ ਮੌਕੇ 'ਤੇ ਹਮੇਸ਼ਾਂ ਭਰਾਵਾਂ ਵਿਚ ਲੜਾਈ ਹੁੰਦੀ ਹੈ। ਕਿਸੇ ਮੁਗ਼ਲ ਰਾਜਕੁਮਾਰ ਨੇ ਕੇਂਦਰੀ ਹਿੰਦੁਸਤਾਨ ਵਿਚ ਹੀ ਆਪਣੇ ਆਪ ਨੂੰ ਦਿੱਲੀ ਦਾ ਬਾਦਸ਼ਾਹ ਬਣਾ ਲਿਆ ਤੇ ਕੋਈ ਆਗਰੇ ਦੇ ਕਿਲ੍ਹੇ ਵਿਚ ਫ਼ੌਜਾਂ ਇਕੱਠੀਆਂ ਕਰ ਕੇ ਬਾਦਸ਼ਾਹ ਬਣਨ ਦੇ ਸੁਪਨੇ ਲੈਣ ਲੱਗਾ। ਲਾਹੌਰ ਤੋਂ ਮੁਗ਼ਲ ਫ਼ੌਜਾਂ ਛੇਤੀ ਦਿੱਲੀ ਨੂੰ ਕੂਚ ਕਰ ਗਈਆਂ ਕਿਉਂਕਿ ਦਿੱਲੀ 'ਤੇ ਕਬਜ਼ੇ ਦੀ ਹੀ ਦੌੜ ਸੀ।

ਇਹ ਸੂਚਨਾ ਮਿਲਦੇ ਸਾਰ ਜਥੇਦਾਰ ਕਰਮ ਸਿੰਘ ਤੁਰਤ ਰਾਹੋਂ ਪਹੁੰਚਿਆ ਤੇ ਉਥੋਂ ਸਿੰਘਾਂ ਦੇ ਜਥੇ ਨੂੰ ਆਦੇਸ਼ ਦਿੱਤਾ ਕਿ ਉਹ ਪੂਰੀ ਤਰ੍ਹਾਂ ਸਾਵਧਾਨ ਰਹਿਣ। ਵਾਪਸ ਜਾ ਰਹੀਆਂ ਮੁਗ਼ਲ ਫ਼ੌਜਾਂ ਨੂੰ ਕਾਹਲੀ ਹੋਵੇਗੀ, ਤੁਸੀਂ ਛਾਪਾਮਾਰ ਜੰਗੀ ਤਕਨੀਕ ਅਨੁਸਾਰ ਹਰ ਰਾਤ ਛਾਪੇ ਮਾਰਨੇ ਹਨ। ਫ਼ੌਜ ਪਾਸੋਂ ਹਥਿਆਰ ਤੇ ਘੋੜੇ ਖੋਹਣੇ ਹਨ। ਇਹ ਮੌਕਾ ਸਾਡਾ ਫ਼ੌਜੀ ਸ਼ਕਤੀ ਬਣਾਨ ਦਾ ਹੈ। ਇਹ ਨੱਸੀ ਜਾਂਦੀ ਫ਼ੌਜ ਤੁਹਾਡਾ ਦਿਨ ਨੂੰ ਪਿੱਛਾ ਕਰਨ ਤੇ ਦਿਨ ਇਥੇ ਬਿਤਾਣ ਦਾ ਯਤਨ ਨਹੀਂ ਕਰੇਗੀ। ਫਿਰ ਜਥੇਦਾਰ ਕਰਮ ਸਿੰਘ ਨੇ ਗੋਇੰਦਵਾਲ ਕੋਲ ਦਰਿਆ ਦੇ ਪੱਤਣ ਦਾ ਪ੍ਰਬੰਧ ਕੀਤਾ। ਉਹਨੇ ਤਰਨ ਤਾਰਨ ਨੇੜੇ ਵਿਚਰ ਰਹੇ ਸਿੰਘਾਂ ਨੂੰ ਗੋਇੰਦਵਾਲ ਵਾਲੇ ਪਾਸਿਉਂ ਫ਼ੌਜ 'ਤੇ ਛਾਪੇ ਮਾਰਨ ਲਈ ਵੀ ਸੁਨੇਹਾ ਭੇਜ ਦਿੱਤਾ। ਇਸ ਦਾ ਬਹੁਤ ਚੰਗਾ ਨਤੀਜਾ ਨਿਕਲਿਆ। ਇਕ ਤਾ ਸਿੰਘਾਂ ਨੂੰ ਘੋੜੇ ਤੇ ਬੰਦੂਕਾਂ ਆਦਿ ਪ੍ਰਾਪਤ

ਹੋ ਗਈਆਂ। ਦੂਜਾ ਸਾਰੇ ਸਥਾਨਕ ਹਾਕਮਾਂ ਨੂੰ ਚਿਤਾਵਨੀ ਹੋ ਗਈ ਕਿ ਜਿਹੜੇ ਸਿਖ ਦਿੱਲੀ ਦੀ ਫ਼ੌਜ ਤੋਂ ਨਹੀਂ ਡਰਦੇ, ਉਹ ਉਨ੍ਹਾਂ ਨਾਲ ਟੱਕਰ ਲੈਣ ਤੋਂ ਕਦੋਂ ਸੰਕੋਚ ਕਰਨਗੇ। ਸਿੰਘਾਂ ਦੀ ਹਾਰ ਤੇ ਦਿੱਲੀ ਦੀ ਮੁਗ਼ਲ ਫ਼ੌਜ ਦੀ ਚੜ੍ਹਤ ਨਾਲ ਸ਼ੇਰ ਹੋ ਗਏ ਪਠਾਣ ਤੇ ਮੁਗ਼ਲ ਸਥਾਨਕ ਹਾਕਮ ਹੁਣ ਇਨ੍ਹਾਂ ਛਾਪਿਆਂ ਨਾਲ ਮੁੜ ਕੇ ਫ਼ਿਕਰਮੰਦ ਹੋ ਗਏ ਕਿ ਸਿੰਘਾਂ ਨਾਲ ਬਣਾ ਕੇ ਕਿਵੇਂ ਰੱਖਣ। ਇਹ ਮੁੱਕਣ ਵਾਲੇ ਨਹੀਂ, ਹਾਕਮ ਬਣਨ ਵਾਲੇ ਜਾਪਦੇ ਹਨ।

ਪੰਜ ਮਹੀਨੇ ਦਿੱਲੀ ਦੇ ਤਖ਼ਤ ਲਈ ਮੁਗ਼ਲ ਰਾਜਕੁਮਾਰਾਂ ਵਿਚ ਜੰਗ ਹੁੰਦੀ ਰਹੀ ਤੇ ਇਸ ਸਮੇਂ ਵਿਚ ਕਿਸੇ ਨੂੰ ਵੀ ਦੇਸ਼ ਵਿਚ ਉਭਰ ਰਹੀ ਸਿਖ ਬਗ਼ਾਵਤ ਨਾਲ ਨਜਿੱਠਣ ਲਈ ਵਿਹਲ ਹੀ ਨਹੀਂ ਸੀ। ਦੁਆਬੇ ਵਿਚ ਜਥੇਦਾਰ ਕਰਮ ਸਿੰਘ ਨੇ ਆਪਣੀ ਚੰਗੀ ਧਾਂਕ ਬਿਠਾ ਲਈ। ਜਲੰਧਰ ਦੇ ਫ਼ੌਜਦਾਰ ਨਾਲ ਵੀ ਦੋ ਵਾਰ ਟੱਕਰ ਹੋਈ, ਜਿਸ ਵਿਚ ਉਹਦਾ ਚੋਖਾ ਨੁਕਸਾਨ ਕਰ ਦਿੱਤਾ, ਪਰ ਜਲੰਧਰ ਦਾ ਕਬਜ਼ਾ ਉਸ ਤੋਂ ਨਾ ਖੋਹਿਆ ਜਾ ਸਕਿਆ। ਇਸ ਸਮੇਂ ਜਥੇਦਾਰ ਕਰਮ ਸਿੰਘ ਨੇ ਮਹਿਸੂਸ ਕੀਤਾ ਕਿ ਫ਼ੌਜੀ ਤਾਕਤ ਦੇ ਨਾਲ ਨਾਲ ਪ੍ਰਬੰਧਕੀ ਤਾਕਤ ਤੇ ਬੰਦੇ ਵੀ ਚਾਹੀਦੇ ਹਨ। ਸ਼ਹਿਰੀ ਲੋਕਾਂ ਦੀਆਂ ਸਮੱਸਿਆਵਾਂ ਆਪਣੀ ਕਿਸਮ ਦੀਆਂ ਹਨ। ਸੁਲਤਾਨਪੁਰ ਲੋਧੀ 'ਤੇ ਵੀ ਇਕ ਵਾਰ ਜਥੇਦਾਰ ਕਰਮ ਸਿੰਘ ਨੇ ਹਮਲਾ ਕਰ ਕੇ ਸਥਾਨਕ ਨਵਾਬ ਨੂੰ ਖ਼ਤਮ ਕਰ ਦਿੱਤਾ। ਉਹਦੀ ਥਾਂ, ਉਹਦੇ ਵਿਰੋਧੀ ਤੇ ਸਿੱਖਾਂ ਦੇ ਹਮਦਰਦ ਮੁਸਲਮਾਨ ਨੂੰ ਉਥੋਂ ਦਾ ਪ੍ਰਬੰਧਕ ਲਾ ਦਿੱਤਾ। ਇਹੋ ਮੰਗ ਕੀਤੀ ਕਿ ਲੋਕਾਂ ਦੇ ਮਸਲੇ ਹੱਲ ਕਰੋ। ਉਨ੍ਹਾਂ 'ਤੇ ਜ਼ੁਲਮ ਤੇ ਅੱਤਿਆਚਾਰ ਨਾ ਕਰੋ ਤੇ ਹਰ ਕਿਸੇ ਨੂੰ ਆਪਣੇ ਧਰਮ ਵਿਸ਼ਵਾਸ ਅਨੁਸਾਰ ਰੱਬ ਦੀ ਭਗਤੀ ਤੇ ਤਪੱਸਿਆ ਕਰਨ ਦਿਉ। ਸਿੱਖਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਅਸਥਾਨਾਂ ਦੀ ਸੇਵਾ-ਸੰਭਾਲ ਦੀ ਖੁੱਲ੍ਹ ਦਿਉ।

ਉਧਰ ਬੰਦਾ ਸਿੰਘ ਬਹਾਦਰ ਵੀ ਸਾਰੀ ਰਾਜਸੀ ਸਥਿਤੀ 'ਤੇ ਕੜੀ ਨਜ਼ਰ ਰੱਖ ਰਿਹਾ ਸੀ। ਉਹਨੇ ਪਹਾੜੀ ਰਾਜਿਆਂ ਨੂੰ ਜਿੱਤ ਕੇ ਆਪਣੀ ਤਾਕਤ ਬਣਾ ਲਈ ਸੀ, ਇਸ ਲਈ ਪਹਾੜਾਂ ਵਿਚ ਦੀ ਹੁੰਦਾ ਹੋਇਆ ਕਾਂਗੜੇ ਪਹੁੰਚ ਗਿਆ ਤੇ ਉਥੋਂ ਪਹਾੜਾਂ ਤੋਂ ਉਤਰ ਆਇਆ। ਉਹਦੇ ਪਾਸ ਹੁਣ ਇਤਨੀ ਫ਼ੌਜੀ ਸ਼ਕਤੀ ਹੋ ਗਈ ਸੀ ਕਿ ਉਹਦੇ ਟਾਕਰੇ ਕੋਈ ਵੀ ਸਥਾਨਕ ਹਾਕਮ ਖੜਾ ਨਾ ਹੋ ਸਕਿਆ। ਖ਼ਾਲਸਾ ਫ਼ੌਜ ਨੇ ਪਰਗਣਾ ਵਟਾਲਾ ਤੇ ਕਲਾਨੌਰ 'ਤੇ ਕਬਜ਼ਾ ਕਰ ਲਿਆ। ਬੰਦਾ ਸਿੰਘ ਬਹਾਦਰ ਦੀਆਂ ਧੁੰਮਾਂ ਤਾਂ ਪਹਿਲਾਂ ਹੀ ਪਈਆਂ ਹੋਈਆਂ ਸਨ, ਇਸ ਲਈ ਮੁਗ਼ਲ ਹਾਕਮਾਂ ਤੋਂ ਦੁਖੀ ਲੋਕਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਬੰਦਾ ਸਿੰਘ ਬਹਾਦਰ ਤੇਜ਼ੀ ਨਾਲ ਵਧਦਾ ਅੰਮ੍ਰਿਤਸਰ ਤਕ ਆ ਗਿਆ ਤੇ ਲੋਹਗੜ੍ਹ 'ਤੇ ਆਪਣਾ ਕੇਸਰੀ ਝੰਡਾ ਆ ਝੁਲਾਇਆ।

ਬੰਦਾ ਸਿੰਘ ਬਹਾਦਰ ਨੇ ਅਨੰਦਪੁਰ, ਕਰਤਾਰਪੁਰ ਤੇ ਸਾਬੋ ਕੀ ਤਲਵੰਡੀ ਸੰਦੇਸ਼ ਭੇਜਿਆ ਕਿ ਛੋਟੀ ਛੋਟੀ ਹਥਿਆਰਬੰਦ ਦਸਤੇ ਲੈ ਕੇ ਅੰਮ੍ਰਿਤਸਰ ਵੱਲ ਆਓ, ਅਸੀਂ ਲਾਹੌਰ 'ਤੇ ਕਬਜ਼ਾ ਕਰਨ ਦਾ ਯਤਨ ਕਰਨਾ ਹੈ। ਜਦ ਤਕ ਦਿੱਲੀ ਦੇ ਤਖ਼ਤ ਦੀ ਲੜਾਈ ਚੱਲ ਰਹੀ ਏ, ਸਾਨੂੰ ਆਪਣੀ ਤਾਕਤ ਬਣਾ ਲੈਣੀ ਚਾਹੀਦੀ ਏ। ਇਹ ਸੂਚਨਾ ਪੰਜਾਬ ਦੇ ਇਲਾਕਾ ਮਾਲਵਾ ਤੇ ਦੁਆਬਾ ਵਿਚ ਪਹੁੰਚਣ ਤੇ ਸਿੱਖਾਂ ਵਿਚ ਖ਼ੁਸ਼ੀ ਤੇ ਚੜ੍ਹਦੀ ਕਲਾ ਦੀ ਲਹਿਰ ਉੱਠ ਪਈ। ਜਿਥੇ ਵੀ ਇਹ ਸੂਚਨਾ ਪਹੁੰਚਦੀ, ਸਿਖ ਜੈਕਾਰਿਆਂ ਦੀ ਗੂੰਜ ਨਾਲ ਇਸ ਸੂਚਨਾ 'ਤੇ ਖ਼ੁਸ਼ੀ ਪ੍ਰਗਟ ਕਰਦੇ।

ਪਠਾਣ ਤੇ ਮੁਗ਼ਲ ਹਾਕਮ ਇਲਾਕਿਆਂ ਵਿਚ ਮੁਸਲਮਾਨਾਂ ਨੂੰ ਇਕੱਠੇ ਕਰ ਕੇ 'ਇਸਲਾਮ ਖ਼ਤਰੇ ਵਿਚ' ਦਾ ਨਾਹਰਾ ਮਾਰਦੇ ਤੇ ਭੜਕਾਂਦੇ ਕਿ ਕਾਫ਼ਰਾਂ ਨੂੰ ਖ਼ਤਮ ਕਰਨ ਵਿਚ ਹਕੂਮਤ ਦਾ ਸਾਥ ਦਿਉ। ਉਨ੍ਹਾਂ ਮੁਸਲਮਾਨਾਂ ਨੂੰ ਪਹਿਲਾਂ ਇਸਲਾਮ ਦਾ ਵਾਸਤਾ

ਪਾਇਆ, ਜੋ ਸਿਖ ਲਹਿਰ ਦੇ ਸਮਰਥਕ ਸਨ ਤੇ ਸਿੰਘਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰ ਰਹੇ ਸਨ। ਜਦ ਉਹ ਸਾਥ ਛੱਡਣ ਲਈ ਨਾ ਮੰਨੇ ਤਾਂ ਧਮਕੀਆਂ ਦਿੱਤੀਆਂ ਪਰ ਲੋਕ ਦੇਖ ਰਹੇ ਸਨ ਕਿ ਸਿਖ ਆਪਣੇ ਲਈ ਨਹੀਂ, ਉਨ੍ਹਾਂ ਲਈ ਲੜ ਰਹੇ ਹਨ। ਇਸ ਲਈ ਅਨੇਕ ਹਿੰਦੂ ਤੇ ਮੁਸਲਮਾਨ ਵੀ ਇਸ ਇਨਕਲਾਬੀ ਲਹਿਰ ਨਾਲ ਜੁੜਦੇ ਗਏ।

ਪੰਜ ਮਹੀਨੇ ਪਿੱਛੋਂ ਜੂਨ ਵਿਚ ਜਾ ਕੇ ਦਿੱਲੀ ਦੇ ਤਖ਼ਤ ਦੀ ਲੜਾਈ ਮੁੱਕੀ ਤਾਂ ਜਹਾਂਦਾਰ ਸ਼ਾਹ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋ ਗਿਆ ਪਰ ਉਹਦੇ ਵਿਰੁੱਧ ਅੰਦਰੋ-ਅੰਦਰੀ ਭਰਾਵਾਂ ਤੇ ਲਾਲ ਕਿਲ੍ਹੇ ਵਿਚ ਪ੍ਰਭਾਵਸ਼ਾਲੀ ਲੋਕਾਂ ਦੀਆਂ ਸਾਜ਼ਸ਼ਾਂ ਜਾਰੀ ਰਹੀਆਂ। ਉਹਨੂੰ ਇਨ੍ਹਾਂ ਗੁਪਤ ਸਾਜ਼ਸ਼ਾਂ ਦੀ ਸੂਹ ਮਿਲਦੀ ਰਹੀ ਤੇ ਉਹ ਪੰਜਾਬ ਵੱਲੋਂ ਬੇਫ਼ਿਕਰ ਆਪਣੀ ਗੱਦੀ ਬਚਾਉਣ ਲਈ ਯਤਨ ਕਰਦਾ ਰਿਹਾ। ਅਜੇ ਉਸ ਨੂੰ ਰਾਜ ਸੰਭਾਲਿਆਂ ਛੇ ਮਹੀਨੇ ਵੀ ਪੂਰੇ ਨਹੀਂ ਸਨ ਹੋਏ, ਜਦੋਂ ਉਹਨੂੰ ਘਰ ਦੇ ਦੁਸ਼ਮਣਾਂ ਨੇ ਕਤਲ ਕਰ ਦਿੱਤਾ। ਫਿਰ ਟੱਬਰ ਵਿਚ ਰਾਜ ਦੇ ਤਖ਼ਤ ਤਾਜ ਲਈ ਗ੍ਰਹਿ-ਯੁੱਧ ਸ਼ੁਰੂ ਹੋ ਗਿਆ। ਅਖ਼ੀਰ ਫ਼ਰਖ਼ਸੀਅਰ ਦਿੱਲੀ ਦਾ ਬਾਦਸ਼ਾਹ ਬਣ ਗਿਆ। ਉਹ ਬੜੇ ਜ਼ਾਲਮ ਕਿਸਮ ਦਾ ਮਨੁੱਖ ਸੀ। ਉਹਨੇ ਤੁਰਤ ਹੁਕਮ ਦਿੱਤਾ ਕਿ ਮੁਗ਼ਲੀਆ ਖ਼ਾਨਦਾਨ ਵਿਚ ਜੋ ਉਸ ਦਾ ਵਿਰੋਧੀ ਹੈ, ਉਹਨੂੰ ਤੁਰਤ ਖ਼ਤਮ ਕਰ ਦਿਉ। ਕੁਝ ਹੀ ਦਿਨਾਂ ਵਿਚ ਉਹਨੇ ਚੁਣ ਚੁਣ ਕੇ ਆਪਣੇ ਖ਼ਾਨਦਾਨ ਦੇ ਲੋਕਾਂ ਨੂੰ ਕਤਲ ਕਰ ਦਿੱਤਾ।

ਇਧਰੋਂ ਬੇਫ਼ਿਕਰ ਹੋ ਕੇ ਉਹਨੇ ਪੰਜਾਬ ਵੱਲ ਧਿਆਨ ਕੀਤਾ। ਉਹਨੂੰ ਸੂਚਨਾ ਮਿਲ ਚੁੱਕੀ ਸੀ ਕਿ ਬੰਦਾ ਬਹਾਦਰ ਫ਼ੌਜੀ ਤਾਕਤ ਇਕੱਠੀ ਕਰ ਕੇ ਪੰਜਾਬ ਦੇ ਕੁਝ ਇਲਾਕਿਆਂ 'ਤੇ ਕਾਬਜ਼ ਹੋ ਕੇ ਲਾਹੌਰ 'ਤੇ ਹਮਲਾ ਕਰਨ ਵਾਲਾ ਹੈ। ਉਹਨੂੰ ਲਾਹੌਰ ਦੇ ਹਾਕਮ ਜ਼ਬਰਦਸਤ ਖ਼ਾਂ ਵਿਰੁੱਧ ਵੀ ਇਤਲਾਹ ਮਿਲ ਚੁੱਕੀ ਸੀ ਕਿ ਉਹ ਪੰਜਾਬ ਵਿਚ ਸਿੱਖਾਂ ਦੀ ਵਧ ਰਹੀ ਤਾਕਤ ਨੂੰ ਠੱਲ੍ਹ ਪਾਉਣ ਵਿਚ ਅਸਫਲ ਰਿਹਾ ਹੈ। ਉਹਨੂੰ ਹੋਰ ਵੱਧ ਗੁੱਸਾ ਚੜ੍ਹਿਆ, ਜਦੋਂ ਕਿਸੇ ਆ ਕੇ ਸ਼ਿਕਾਇਤ ਕਰ ਦਿੱਤੀ ਕਿ ਜ਼ਬਰਦਸਤ ਖ਼ਾਂ ਤਾਂ ਬੰਦਾ ਬਹਾਦਰ ਨਾਲ ਗੱਠ-ਜੋੜ ਕਰ ਕੇ ਲਾਹੌਰ ਦਾ ਪੱਕਾ ਮਾਲਕ ਬਣਨ ਦੇ ਯਤਨਾਂ ਵਿਚ ਹੈ। ਉਹ ਬੰਦਾ ਸਿੰਘ ਬਹਾਦਰ ਨੂੰ ਸੁਨੇਹੇ ਭੇਜ ਰਿਹਾ ਹੈ ਕਿ ਅੰਮ੍ਰਿਤਸਰ ਤੋਂ ਲੈ ਕੇ ਸਰਹੰਦ ਤਕ ਦਾ ਇਲਾਕਾ ਸਿਖ ਮੱਲ ਲੈਣ ਤੇ ਲਾਹੌਰ ਤੋਂ ਮੁਲਤਾਨ ਤਕ ਉਹਦੀ ਹਕੂਮਤ ਬਣੀ ਰਹਿਣ ਦੇਣ।

ਇਸ 'ਤੇ ਫ਼ਰਖ਼ਸੀਅਰ ਨੇ ਤੁਰਤ ਬਹੁਤ ਵੱਡੀ ਫ਼ੌਜ ਲੈ ਕੇ ਅਬਦੁਲ ਸਮੱਦ ਖ਼ਾਂ ਨੂੰ ਲਾਹੌਰ ਦਾ ਹਾਕਮ ਨਿਸਚਿਤ ਕਰ ਕੇ ਭੇਜ ਦਿੱਤਾ। ਜ਼ਬਰਦਸਤ ਖ਼ਾਂ ਦੀ ਫ਼ੌਜ ਵੀ ਉਹਦਾ ਸਾਥ ਛੱਡ ਗਈ। ਇਸ ਲਈ ਉਹਦੀ ਥਾਂ ਸਮੱਦ ਖ਼ਾਂ ਸਹਿਜੇ ਹੀ ਲਾਹੌਰ ਦਾ ਸੂਬਾ ਤੇ ਪੰਜਾਬ ਦਾ ਹਾਕਮ ਬਣ ਗਿਆ। ਬਹਾਦਰ ਸ਼ਾਹ ਵਾਂਗ ਹੀ ਫ਼ਰਖ਼ਸੀਅਰ ਨੇ ਸਾਰੀ ਫ਼ੌਜੀ ਤਾਕਤ ਪੰਜਾਬ ਵੱਲ ਭੇਜ ਦਿੱਤੀ। ਉਸ ਫ਼ੌਜ ਪਾਸ ਅਣਗਿਣਤ ਹਾਥੀ, ਊਠ, ਬੰਦੂਕਾਂ ਤੇ ਤੋਪਾਂ ਤਕ ਵੀ ਸਨ, ਜਿਹੜੇ ਕਿ ਸਿੰਘਾਂ ਪਾਸ ਨਹੀਂ ਸਨ। ਇਸ ਲਈ ਬੰਦਾ ਸਿੰਘ ਬਹਾਦਰ ਮੁੜ ਕੇ ਪਹਾੜਾਂ ਵੱਲ ਨਿਕਲ ਗਿਆ।

ਪੰਜਾਬ ਭਰ ਤੋਂ ਅੰਮ੍ਰਿਤਸਰ ਵੱਲ ਨੂੰ ਆ ਰਹੇ ਸਿਖ ਜਥਿਆਂ ਨੂੰ ਰਾਹ ਵਿਚ ਹੀ ਰੋਕ ਕੇ ਵਾਪਸ ਕਰ ਦਿੱਤਾ ਗਿਆ ਤੇ ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ ਛਾਪਾਮਾਰ ਲੜਾਈ ਜਾਰੀ ਰੱਖਣੀ ਹੈ। ਫ਼ਰਖ਼ਸੀਅਰ ਬੜਾ ਜ਼ਾਲਮ ਹੈ, ਇਸ ਲਈ ਉਹਦੀਆਂ ਕਮੀਨੀਆਂ ਹਰਕਤਾਂ ਤੋਂ ਸੁਚੇਤ ਰਹਿਣਾ ਹੈ।

ਜਥੇਦਾਰ ਕਰਮ ਸਿੰਘ ਨੇ ਫ਼ੈਸਲਾ ਕਰ ਦਿੱਤਾ ਕਿ ਜਿਹੜੇ ਸਿਖ ਪਰਵਾਰ ਪਿੰਡਾਂ ਵਿਚ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਮਹਿਸੂਸ ਕਰਦੇ, ਉਹ ਕੀਰਤਪੁਰ ਸਾਹਿਬ ਪਹੁੰਚ ਜਾਓ,

ਪਹਾੜਾਂ ਵੱਲ ਮੁਗਲਈ ਫ਼ੌਜ ਦਾ ਧਿਆਨ ਘੱਟ ਹੁੰਦਾ ਹੈ। ਉਹ ਆਪ ਜਥਾ ਲੈ ਕੇ ਹਾਕਮਾਂ ਵਿਰੁੱਧ ਛਾਪਾਮਾਰ ਕਾਰਵਾਈ ਜਾਰੀ ਰੱਖ ਰਿਹਾ ਸੀ।

"ਹੁਣ ਕੀ ਬਣੇਗਾ ?" ਕਈ ਵਾਰ ਡਰਪੋਕ ਤੇ ਕੁਝ ਨਾ ਕਰ ਸਕਣ ਵਾਲੇ ਉਹਦੇ 'ਤੇ ਸਵਾਲ ਕਰ ਦਿੰਦੇ, "ਆਪਾਂ ਨੂੰ ਇਸ ਲੜਾਈ ਦਾ ਕੀ ਫ਼ਾਇਦਾ ?"

"ਅਸੀਂ ਆਪਣੇ ਫ਼ਾਇਦੇ ਲਈ ਨਹੀਂ ਲੜ ਰਹੇ," ਜਥੇਦਾਰ ਕਰਮ ਸਿੰਘ ਸਵਾਲ ਕਰਨ ਵਾਲਿਆਂ ਨੂੰ ਸਮਝਾਂਦਾ, "ਫ਼ਾਇਦਾ ਲੈਣ ਦੇ ਚਾਹਵਾਨ ਤਾਂ ਪਹਿਲਾਂ ਹੀ ਜ਼ਾਲਮ ਹਾਕਮਾਂ ਦੇ ਜੀ-ਹਜ਼ੂਰੀਏ ਬਣੇ ਹੋਏ ਨੇ। ਹਕੂਮਤ ਕੌਮ ਦੇ ਗ਼ੱਦਾਰਾਂ ਨੂੰ ਜਗੀਰਾਂ, ਧਨ ਤੇ ਰਾਜ ਦਰਬਾਰੇ ਅਹੁਦੇ ਦਿੰਦੀ ਏ। ਜੋ ਫ਼ਾਇਦਾ ਲੋੜਦਾ ਏ, ਉਹ ਬੇਸ਼ੱਕ ਸਾਡੀ ਜਦੋ-ਜਹਿਦ ਵਿਚ ਸ਼ਾਮਲ ਨਾ ਹੋਵੇ। ਉਨ੍ਹਾਂ ਦੀ ਸੋਚਣੀ ਮੁਤਾਬਕ ਤਾਂ ਅਸੀਂ ਘਾਟੇ ਦਾ ਸੌਦਾ ਕਰ ਰਹੇ ਹਾਂ, ਪਰ ਸਾਡੇ ਲਈ ਇਹੀ ਲਾਹੇਵੰਦਾ ਹੈ। ਖ਼ਾਲਸੇ ਦੀ ਸਾਜਨਾ ਹੀ ਜ਼ੁਲਮ ਨਾਲ ਟੱਕਰ ਲੈਣ ਲਈ ਤੇ ਗਊ-ਗਰੀਬ ਦਾ ਸਾਥ ਦੇਣ ਲਈ ਹੋਈ ਏ। ਦੂਜਾ ਸਵਾਲ ਹੈ ਕਿ ਹੁਣ ਕੀ ਬਣੇਗਾ ? ਸਾਨੂੰ ਤਾਂ ਨਿਸਚਾ ਹੈ ਕਿ ਅਖ਼ੀਰ ਖ਼ਾਲਸੇ ਦੀ ਜਿੱਤ ਹੋਵੇਗੀ ਕਿਉਂਕਿ ਅਸੀਂ ਸੱਚ ਤੇ ਹੱਕ ਲਈ ਲੜ ਰਹੇ ਹਾਂ। ਜਦੋਂ ਤਕ ਅਸੀਂ ਕਲਗੀਧਰ ਦੇ ਠੀਕ ਸਪੂਤ ਹਾਂ, ਵਿਜੈ ਸਾਡੀ ਹੀ ਹੁੰਦੀ ਰਹੇਗੀ ਪਰ ਜਦੋਂ ਅਸੀਂ ਗਿਰਾਵਟ ਦੀ ਖੱਡ ਵਿਚ ਡਿੱਗ ਪਏ ਤਾਂ ਗੁਰੂ ਵੀ ਸਾਡਾ ਸਾਥ ਨਹੀਂ ਦੇਵੇਗਾ।"

ਇਉਂ ਉਹ ਪ੍ਰਭਾਵਸ਼ਾਲੀ ਤਕਰੀਰਾਂ ਨਾਲ ਲੋਕਾਂ ਨੂੰ ਸੰਘਰਸ਼ ਲਈ ਤਿਆਰ ਕਰਦਾ ਰਿਹਾ।

43

ਇਧਰੋਂ ਫ਼ਰਖ਼ਸੀਅਰ ਨੇ ਦਿੱਲੀ ਤੋਂ ਮੁਗ਼ਲ ਫ਼ੌਜਾਂ ਪੰਜਾਬ ਭੇਜ ਦਿੱਤੀਆਂ ਤੇ ਉਧਰੋਂ ਲਾਹੌਰ ਦੇ ਹਾਕਮ ਅਬਦੁੱਲ ਸਮੱਦ ਖ਼ਾਂ ਨੇ ਪੰਜਾਬ ਵਿਚ ਫ਼ੌਜੀ ਦਸਤੇ ਭੇਜ ਦਿੱਤੇ ਤਾਕਿ ਪਿੰਡ ਪਿੰਡ ਫਿਰ ਕੇ ਤੇ ਸਿਖ ਪਰਵਾਰਾਂ ਨੂੰ ਚੁਣ ਚੁਣ ਕੇ ਮਾਰਨ। ਅਸਲ ਵਿਚ ਮੁਗ਼ਲ ਹਕੂਮਤ ਨੂੰ ਹੁਣ ਇਹ ਯਕੀਨ ਹੋ ਗਿਆ ਸੀ ਕਿ ਸਿਖ ਇਕ ਅਜਿਹੀ ਤਾਕਤ ਪੰਜਾਬ ਵਿਚ ਉੱਠ ਖੜੀ ਹੋਈ ਹੈ ਕਿ ਇਸ ਤੋਂ ਕਿਸੇ ਸਮੇਂ ਵੀ ਮੁੜ ਖ਼ਤਰਾ ਪੈਦਾ ਹੋ ਸਕਦਾ ਹੈ। ਉਹ ਦੇਖ ਚੁੱਕੇ ਸਨ ਕਿ ਜਦ ਵੀ ਉਨ੍ਹਾਂ ਫ਼ੌਜੀ ਦਸਤੇ ਪੰਜਾਬ ਤੋਂ ਬਾਹਰ ਭੇਜੇ, ਇਥੇ ਬਗ਼ਾਵਤ ਹੀ ਨਹੀਂ ਹੋਈ, ਰਾਜ-ਭਾਗ ਦੇ ਮਾਲਕ ਵੀ ਸਿਖ ਬਣ ਜਾਂਦੇ ਰਹੇ ਹਨ। ਬੰਦਾ ਸਿੰਘ ਬਹਾਦਰ ਦਾ ਤੂਫ਼ਾਨ ਦੀ ਤਰ੍ਹਾਂ ਆਉਣਾ ਤੇ ਆਪਣਾ ਸੁਤੰਤਰ ਰਾਜ ਸਥਾਪਤ ਕਰ ਕੇ ਨਾਨਕ-ਸ਼ਾਹੀ ਸਿੱਕਾ ਚਾਲੂ ਕਰਨਾ ਬਹੁਤ ਵੱਡੀ ਚਨੌਤੀ ਸੀ। ਹਾਕਮ ਵਰਗ ਇਹ ਵੀ ਅਨੁਮਾਨ ਲਾ ਰਿਹਾ ਸੀ ਕਿ ਅਜੇ ਤਕ ਅਫ਼ਗ਼ਾਨਾਂ ਤੇ ਦੁਰਾਨੀਆਂ ਨਾਲ ਸਿੱਖਾਂ ਦਾ ਰਾਜਸੀ ਗੱਠ-ਜੋੜ ਨਹੀਂ ਹੋਇਆ, ਇਸ ਲਈ ਮੁਗ਼ਲ ਹਕੂਮਤ ਨੂੰ ਖ਼ਤਮ ਕਰਨ ਲਈ ਬਾਹਰੋਂ ਹਮਲੇ ਨਹੀਂ ਹੋ ਰਹੇ, ਪਰ ਜੇਕਰ ਬਾਹਰਲੇ ਹਮਲਾਵਰਾਂ ਨਾਲ ਸਿਖ ਰਲ ਗਏ ਤਾਂ ਮੁਗ਼ਲ ਹਕੂਮਤ ਲਈ ਸੰਭਾਲਣਾ ਔਖਾ ਹੋ ਜਾਏਗਾ। ਇਸੇ ਲਈ ਹਰ ਹੀਲਾ ਵਰਤ ਕੇ ਉਹ ਪੰਜਾਬ ਵਿਚ ਸਿੱਖਾਂ ਦੀ ਜਥੇਬੰਦਕ ਸ਼ਕਤੀ ਹੀ ਨਹੀਂ, ਹੋਂਦ ਨੂੰ ਵੀ ਖ਼ਤਮ ਕਰਨ ਦਾ ਯਤਨ ਕਰਨ ਲੱਗ ਪਏ ਸਨ। ਫ਼ਰਖ਼ਸੀਅਰ ਨੇ ਇਹੀ ਵਚਨ ਲੈ ਕੇ ਅਬਦੁਲ ਸਮੱਦ ਖ਼ਾਂ ਨੂੰ ਲਾਹੌਰ ਦਾ ਹਾਕਮ ਨਿਯੁਕਤ ਕੀਤਾ ਸੀ ਕਿ ਉਹ ਕਿਸੇ ਸਿਖ ਪਰਵਾਰ ਨੂੰ ਨਹੀਂ ਬਖ਼ਸ਼ੇਗਾ।

ਸਿੱਖਾਂ ਦਾ ਜਨ-ਸਾਧਾਰਨ ਵੱਲ ਵਤੀਰਾ, ਪਿੰਡਾਂ ਦੇ ਲੋਕਾਂ ਲਈ ਕੁਰਬਾਨੀਆਂ ਤੇ ਆਪਣਾ ਤਿਆਗ ਅਜਿਹੀ ਸ਼ਕਤੀ ਸੀ ਕਿ ਕਈ ਪਿੰਡਾਂ ਨੇ ਫ਼ੈਸਲਾ ਕਰ ਲਿਆ ਕਿ ਉਹ ਕਿਸੇ ਸਿਖ ਪਰਵਾਰ ਨੂੰ ਪਿੰਡੋਂ ਬਾਹਰ ਕਿਧਰੇ ਨਹੀਂ ਜਾਣ ਦੇਣਗੇ। ਸਾਰਾ ਪਿੰਡ ਖ਼ਤਮ ਹੋ ਜਾਏਗਾ ਤਾਂ ਹੀ ਹਕੂਮਤ ਸਿਖ ਪਰਵਾਰਾਂ ਨੂੰ ਮਾਰ ਸਕੇਗੀ। ਜਥੇਦਾਰ ਕਰਮ ਸਿੰਘ ਨੇ ਜਦੋਂ ਇਹ ਸਥਿਤੀ ਕਈ ਥਾਂ ਵੇਖੀ ਤਾਂ ਉਹਨੇ ਅਜਿਹੇ ਪਿੰਡਾਂ ਦੇ ਸਿਖ ਪਰਵਾਰਾਂ ਨੂੰ ਉਥੇ ਹੀ ਟਿਕੇ ਰਹਿਣ ਦਿੱਤਾ। ਸੁਲਤਾਨਪੁਰ ਲੋਧੀ, ਕਰਤਾਰਪੁਰ, ਪਲਾਹੀ, ਬੰਗਾ ਤੇ ਰਾਹੋਂ ਦੇ ਪੰਜ ਜਥੇਦਾਰਾਂ ਤੇ ਹੋਰ ਮੁਖੀਆਂ ਦੀ ਇਕ ਇਕੱਤਰਤਾ ਬੁਲਾਈ, ਉਸ ਵਿਚ ਵਿਚਾਰ ਕਰ ਕੇ ਫ਼ੈਸਲਾ ਕਰ ਦਿੱਤਾ ਕਿ ਜਿਹੜੇ ਪਿੰਡ ਤੇ ਨਗਰ ਮੁਗ਼ਲੀਆ ਸਰਕਾਰ ਦੀਆਂ ਨਜ਼ਰਾਂ ਵਿਚ ਬਹੁਤੇ ਰੜਕਦੇ ਹਨ, ਉਥੋਂ ਸਿਖ ਵੱਸੋਂ ਕੱਢ ਲਈ ਜਾਵੇ ਤੇ ਕੀਰਤਪੁਰ ਇਕੱਠੀ ਕੀਤੀ ਜਾਏ। ਅੱਗੋਂ ਉਥੋਂ ਪਹਾੜੀ ਇਲਾਕਿਆਂ ਵਿਚ, ਜਿਥੇ ਸਮਾਈ ਹੋ ਸਕੇ, ਭੇਜ ਦਿੱਤੀ ਜਾਏ। ਪਹਿਲਾਂ ਇਨ੍ਹਾਂ ਪੰਜ ਪਿੰਡਾਂ ਤੇ ਨਗਰਾਂ ਦੀ ਸਿਖ ਆਬਾਦੀ ਕੀਰਤਪੁਰ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਗਿਆ ਪਰ ਨਾਲ ਹੀ ਨਿਰਣਾ ਲਿਆ ਗਿਆ ਕਿ ਜੋ ਸਿਖ ਪਰਵਾਰ ਜ਼ਮੀਨਾਂ ਛੱਡ ਕੇ ਜਾਣ, ਉਹ ਸਾਰਾ ਪਿੰਡ ਰਲ ਕੇ ਵਾਹੇਗਾ। ਸਾਰੀ ਫ਼ਸਲ ਸੰਭਾਲ ਕੇ ਰੱਖੇਗਾ। ਵਾਪਸ ਆ ਕੇ ਸਿਖ ਪਰਵਾਰ ਲੈ ਜਾਣਗੇ ਜਾਂ ਸਿਖ ਜਥਿਆਂ ਦੇ ਲੰਗਰ ਵਿਚ ਭੇਜ ਦੇਣਗੇ।

ਜਥੇਦਾਰ ਕਰਮ ਸਿੰਘ, ਜੋ ਹੁਣ ਤਕ ਪਰਵਾਰ ਨੂੰ ਕਰਤਾਰਪੁਰ ਰੱਖਣ ਲਈ ਬਜ਼ਿਦ ਸੀ, ਉਸ ਨੇ ਬਦਲੇ ਹਾਲਾਤ ਵਿਚ ਆਪਣੇ ਪਰਵਾਰ ਨੂੰ ਵੀ ਕੀਰਤਪੁਰ ਭੇਜਣ ਦਾ ਫ਼ੈਸਲਾ ਕਰ ਲਿਆ ਤੇ ਤੁਰਤ ਉਨ੍ਹਾਂ ਦੀ ਤਿਆਰੀ ਕਰ ਕੇ ਪਰਵਾਰ ਨੂੰ ਤੋਰ ਦਿੱਤਾ। ਕਰਤਾਰਪੁਰ ਦੇ ਲੋਕਾਂ ਨੇ ਬਥੇਰਾ ਜ਼ੋਰ ਲਾਇਆ ਕਿ ਪਰਵਾਰ ਨੂੰ ਕਰਤਾਰਪੁਰ ਹੀ ਰਹਿਣ ਦਿਉ, ਉਹ ਆਪਣੇ ਘਰਾਂ ਵਿਚ ਸੁਰੱਖਿਅਤ ਰੱਖਣਗੇ, ਪਰ ਕਰਮ ਸਿੰਘ ਨੇ ਸਮਝਾਇਆ ਕਿ ਉਹ ਦਿੱਲੀ ਤੇ ਲਾਹੌਰ ਦੋਹਾਂ ਹਕੂਮਤਾਂ ਦੀਆਂ ਅੱਖਾਂ ਵਿਚ ਰੜਕਦਾ ਹੈ। ਇਸ ਲਈ ਉਹਦੀ ਖ਼ਾਤਰ ਜੇਕਰ ਸਾਰੇ ਕਰਤਾਰਪੁਰ ਵਾਸੀਆਂ ਲਈ ਮੁਸੀਬਤ ਖੜੀ ਹੋ ਜਾਏ ਤਾਂ ਉਹਨੂੰ ਵਧੇਰੇ ਦੁੱਖ ਹੋਵੇਗਾ। ਦੂਜਾ ਉਹਨੇ ਖ਼ਾਸ ਨਿਕਟਵਰਤੀਆਂ ਨੂੰ ਸਮਝਾਇਆ ਕਿ ਘਰ-ਬਾਰ ਛੱਡ ਕੇ ਜੰਗਲਾਂ ਤੇ ਪਹਾੜਾਂ ਵਿਚ ਜਾਣ ਵਾਲੇ ਪਰਵਾਰਾਂ ਦੀ ਸੇਵਾ-ਸੰਭਾਲ ਦਾ ਕੰਮ ਵੀ ਬਹੁਤ ਵੱਡਾ ਹੈ ਤੇ ਦੀਪੋ ਇਸ ਕੰਮ ਨੂੰ ਸੰਭਾਲ ਸਕਦੀ ਏ। ਇਸ ਲਈ ਜਾਣ ਦਿਉ।

"ਰਸਤੇ ਵਿਚ ਹਰਲ ਹਰਲ ਕਰ ਰਹੀਆਂ ਫ਼ੌਜਾਂ ਕਿਧਰੇ ਪਰਵਾਰ ਨੂੰ ਨੁਕਸਾਨ ਨਾ ਪਹੁੰਚਾਣ," ਅੱਲਾ ਦਿੱਤਾ ਨੇ ਆਖਿਆ।

"ਵੇਖੀ ਜਾਏਗੀ, ਮੁਸੀਬਤਾਂ ਨਾਲ ਟਕਰਾਣ ਦੇ ਆਦੀ ਹੋ ਗਏ ਹਾਂ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਜੇ ਮੁਸ਼ਕਲਾਂ ਤੇ ਸੰਕਟ ਤੋਂ ਡਰਨਾ ਹੁੰਦਾ ਤਾਂ ਖੰਡੇ ਬਾਟੇ ਦਾ ਅੰਮ੍ਰਿਤਪਾਨ ਹੀ ਨਾ ਕਰਦੇ। ਸਾਨੂੰ ਕਿਸੇ ਮਜ਼ਬੂਰ ਤਾਂ ਨਹੀਂ ਸੀ ਕੀਤਾ। ਇਹ ਰਾਹ ਅਸੀਂ ਆਪ ਚੁਣਿਆ ਏ। ਕੁਰਬਾਨੀ ਕਰਨ ਵਿਚ ਜੋ ਅਨੰਦ ਤੇ ਸੰਤੁਸ਼ਟਤਾ ਹੁੰਦੀ ਏ, ਉਹ ਸੰਸਾਰਕ ਸੁਖਾਂ ਵਿਚ ਨਹੀਂ। ਇਸ ਅਨੰਦ ਦਾ ਅਨੁਭਵ ਉਸੇ ਨੂੰ ਹੁੰਦਾ ਏ, ਜੋ ਇਸ ਰਾਹ ਦਾ ਪਾਂਧੀ ਬਣ ਜਾਏ।"

"ਫਿਰ ਇਕ ਗੱਲ ਸਾਡੀ ਮੰਨ ਜਾਉ," ਰਹੀਮ ਖ਼ਾਂ ਕੋਲੋਂ ਬੋਲ ਪਿਆ, "ਪਰਵਾਰ ਨੂੰ ਉਥੇ ਪਹੁੰਚਾਣ ਦੀ ਸੇਵਾ ਸਾਨੂੰ ਸੌਂਪ ਦਿਉ। ਅਸੀਂ ਗੌਤਮ ਤੇ ਰਮੇਸ਼ ਨੂੰ ਵੀ ਨਾਲ ਲੈ ਜਾਂਦੇ ਹਾਂ। ਗੌਤਮ ਦੀ ਪਤਨੀ ਨਿਰਮਲ ਤੇ ਮੇਰੀ ਬੇਗਮ ਦੋਵੇਂ ਨਾਲ ਜਾਣ ਤਾਂ ਅਸੀਂ ਉਥੇ ਪਹੁੰਚਾ ਕੇ ਪਰਤ ਆਵਾਂਗੇ।"

"ਮੈਂ ਵੀ ਇਹੀ ਗੱਲ ਕਹਿਣੀ ਚਾਹੁੰਦਾ ਸਾਂ ਪਰ ਰਹੀਮ ਖ਼ਾਂ ਨੇ ਪਹਿਲ ਕਰ ਲਈ

ਏ," ਗੌਤਮ ਨੇ ਕਿਹਾ।

ਉਨ੍ਹਾਂ ਦੋ ਬੈਲ-ਗੱਡੀਆਂ ਤਿਆਰ ਕੀਤੀਆਂ। ਇਕ ਵਿਚ ਜਨਾਨੀਆਂ ਬੈਠ ਗਈਆਂ ਤੇ ਦੂਜੀ ਵਿਚ ਅੰਨ-ਦਾਣਾ ਭਰ ਲਿਆ। ਅਤਿ ਲੋੜੀਂਦੇ ਕੱਪੜੇ ਲੈ ਕੇ ਇਹ ਸਾਰੇ ਤੁਰ ਪਏ। ਜਥੇਦਾਰ ਕਰਮ ਸਿੰਘ ਜਥੇ ਸਮੇਤ ਹੋਰ ਪਿੰਡਾਂ ਵਿਚੋਂ ਹੁੰਦਾ ਰਾਤ ਨੂੰ ਇਨ੍ਹਾਂ ਦੇ ਬਿਸਰਾਮ ਟਿਕਾਣੇ ਪਹੁੰਚਣ ਦਾ ਵਚਨ ਕਰ ਕੇ ਤੁਰ ਗਿਆ।

ਜਥੇਦਾਰ ਕਰਮ ਸਿੰਘ ਨਕੋਦਰ ਵੱਲ ਜਾ ਰਿਹਾ ਸੀ ਕਿ ਜਦੋਂ ਉਹਨੂੰ ਰਾਹ ਵਿਚ ਇਕ ਸਿਖ ਮਿਲ ਪਿਆ, ਜਿਸ ਨੇ ਰੋਕ ਕੇ ਦੱਸਿਆ ਕਿ ਖੁਰਲੇ ਕਿੰਗਰੇ ਨੇੜੇ ਸੁਲਤਾਨਪੁਰ ਤੋਂ ਜਾ ਰਹੇ ਦੋ ਸਿਖ ਪਰਵਾਰਾਂ ਦੀਆਂ ਬੀਵੀਆਂ ਤੇ ਬੱਚਿਆਂ ਨੂੰ ਜਲੰਧਰ ਦਾ ਫ਼ੌਜਦਾਰ ਘੇਰ ਕੇ ਜ਼ਬਰਦਸਤੀ ਫ਼ੌਜੀ ਪਹਿਰੇ ਹੇਠ ਜਲੰਧਰ ਨੂੰ ਲੈ ਗਿਆ ਹੈ। ਉਹਨੇ ਚੀਕ ਚਿਹਾੜਾ ਸੁਣਿਆ ਸੀ ਤੇ ਉਹਨੇ ਫ਼ੌਜ ਦਾ ਰਾਹ ਰੋਕਣਾ ਚਾਹਿਆ ਸੀ ਪਰ ਖੁਰਲੇ ਕਿੰਗਰੇ ਦੇ ਲੋਕਾਂ ਨੇ ਉਹਨੂੰ ਉਸ ਪਾਸੇ ਜਾਣ ਨਹੀਂ ਦਿੱਤਾ। ਉਹ ਕਹਿੰਦੇ ਸਨ ਕਿ ਤੂੰ ਇਕੱਲਾ ਛੁਡਾ ਨਹੀਂ ਸਕਦਾ ਤੇ ਨਾ ਹੀ ਇਕੱਲਾ ਲੜ ਸਕਦਾ ਏਂ, ਇਸ ਨਾਲੋਂ ਚੰਗਾ ਏ ਕਿ ਤੂੰ ਜਾ ਕੇ ਕਿਸੇ ਸਿਖ ਜਥੇ ਨੂੰ ਇਤਲਾਹ ਦੇ। ਉਹ ਆ ਕੇ ਲੜ ਕੇ ਛੁਡਾ ਲੈਣਗੇ।

"ਚੱਲ, ਅਸੀਂ ਚੱਲਦੇ ਹਾਂ ਤੇ ਹੁਣੇ ਫ਼ੌਜਦਾਰ ਨਾਲ ਦੋ ਹੱਥ ਕਰ ਲੈਂਦੇ ਹਾਂ," ਜਥੇਦਾਰ ਕਰਮ ਸਿੰਘ ਨੇ ਉਸ ਸਿੰਘ ਨੂੰ ਇਕ ਘੋੜ ਸਵਾਰ ਪਿੱਛੇ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ, "ਇਹ ਪੱਕੀ ਗੱਲ ਏ ਕਿ ਉਹ ਜਲੰਧਰ ਨੂੰ ਹੀ ਲੈ ਕੇ ਗਏ ਨੇ? ਕਿਤੇ ਨੂਰ ਮਹਿਲ ਨੂੰ ਨਾ ਨਿਕਲ ਗਏ ਹੋਣ।"

"ਲੋਕਾਂ ਇਹੀ ਦੱਸਿਆ ਏ ਕਿ ਉਹ ਜਲੰਧਰ ਦੇ ਫ਼ੌਜਦਾਰ ਦੇ ਬੰਦੇ ਸਨ," ਸਿੰਘ ਨੇ ਉੱਤਰ ਦਿੱਤਾ, "ਨਾਲੇ ਉਥੋਂ ਜਲੰਧਰ ਨੇੜੇ ਏ, ਨੂਰ ਮਹਿਲ ਨਹੀਂ। ਰੁਖ਼ ਉਨ੍ਹਾਂ ਦਾ ਜਲੰਧਰ ਵੱਲ ਹੀ ਸੀ। ਜਥੇਦਾਰ ਜੀ, ਤੁਹਾਨੂੰ ਪਤਾ ਏ ਕਿ ਨੂਰ ਮਹਿਲ ਦੇ ਇਲਾਕੇ ਵਿਚ ਬਹੁਤੇ ਪਠਾਣ ਨੇ, ਮੁਗ਼ਲ ਨਹੀਂ। ਇਹ ਪਠਾਣ ਇਥੋਂ ਦੇ ਪੱਕੇ ਵਸਨੀਕ ਬਣ ਗਏ ਨੇ ਤੇ ਆਪ ਆਪਣੇ ਇਲਾਕੇ ਵਿਚ ਅਮਨ ਚੈਨ ਨਾਲ ਵੱਸਣ ਲਈ ਚਾਹਵਾਨ ਨੇ। ਪਠਾਣਾਂ ਤੇ ਮੁਗ਼ਲਾਂ ਦੇ ਵਤੀਰੇ ਵਿਚ ਬੜਾ ਫ਼ਰਕ ਏ।"

ਜਥਾ ਤੇਜ਼ ਘੋੜੇ ਭਜਾਂਦਾ ਪਹਿਲਾਂ ਖੁਰਲੇ ਕਿੰਗਰੇ ਪਹੁੰਚ ਗਿਆ। ਇਥੇ ਲੋਕਾਂ ਤੋਂ ਪਹਿਲਾਂ ਸਾਰੀ ਸੂਚਨਾ ਲਈ। ਲੋਕਾਂ ਨੇ ਦੱਸਿਆ ਕਿ ਬੀਬੀਆਂ ਬੜੀ ਬਹਾਦਰੀ ਨਾਲ ਲੜੀਆਂ, ਪਰ ਅਖ਼ੀਰ ਉਹ ਔਰਤਾਂ ਹੀ ਸਨ ਤੇ ਉਨ੍ਹਾਂ ਪਾਸ ਹਥਿਆਰ ਵੀ ਨਹੀਂ ਸਨ। ਜੇਕਰ ਸੱਚਮੁੱਚ ਉਨ੍ਹਾਂ ਪਾਸ ਹਥਿਆਰ ਹੁੰਦੇ ਤਾਂ ਉਨ੍ਹਾਂ ਮਰਦਾਂ ਵਾਂਗ ਹੀ ਮੁਕਾਬਲਾ ਕਰਨਾ ਸੀ।

ਇਥੇ ਕਰਮ ਸਿੰਘ ਨੇ ਨਵੀਂ ਗੱਲ ਦੇਖੀ। ਹਕੂਮਤ-ਪ੍ਰਸਤ ਲੋਕਾਂ ਨੇ ਤਾਂ ਸਾਫ਼ ਹੀ ਕਹਿ ਦਿੱਤਾ ਕਿ ਅਸੀਂ ਕੁਝ ਨਹੀਂ ਵੇਖਿਆ ਤੇ ਨਾ ਹੀ ਸਾਨੂੰ ਪਤਾ ਹੈ ਕਿ ਇਥੇ ਕੋਈ ਅਜਿਹੀ ਘਟਨਾ ਵਾਪਰੀ ਏ। ਕੁਝ ਲੋਕ ਇਹ ਤਾਂ ਮੰਨ ਗਏ ਕਿ ਇਥੇ ਕੁਝ ਹੋਇਆ ਸੀ, ਪਰ ਉਹ ਇਹ ਦੱਸਣ ਲਈ ਤਿਆਰ ਨਹੀਂ ਸਨ ਕਿ ਦੁਰਘਟਨਾ ਪਿੱਛੋਂ ਉਹ ਕਿਧਰ ਨੂੰ ਗਏ ਹਨ। ਕੁਝ ਨੌਜਵਾਨ ਅਜਿਹੇ ਨਿੱਤਰੇ, ਜਿਨ੍ਹਾਂ ਸਾਰੀ ਗੱਲ ਸਾਫ਼ ਸਾਫ਼ ਕਹਿ ਦਿੱਤੀ ਤੇ ਨਾਲ ਹੀ ਆਪਣਾ ਪ੍ਰਭਾਵ ਵੀ ਪ੍ਰਗਟ ਕਰ ਦਿੱਤਾ ਕਿ ਇਹ ਬਹੁਤ ਮਾੜੀ ਗੱਲ ਹੋਈ ਏ ਤੇ ਉਹ ਇਹਨੂੰ ਜ਼ੁਲਮ ਸਮਝਦੇ ਹਨ।

ਜਥੇਦਾਰ ਕਰਮ ਸਿੰਘ ਨੇ ਘੋੜ ਸਵਾਰ ਫਲਾਹੀ ਵੱਲ ਭਜਾਇਆ। ਉਹਨੂੰ ਪਤਾ ਸੀ ਕਿ 50 ਕੁ ਸਿੰਘਾਂ ਦਾ ਜਥਾ ਉਥੇ ਵੀ ਹੋ ਸਕਦਾ ਏ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਵੀ ਸੁਨੇਹਾ ਭੇਜ ਦਿੱਤਾ। ਇਕ ਹਿੰਦੂ ਤੇ ਇਕ ਮੁਸਲਮਾਨ, ਦੋ ਬੰਦੇ ਜਲੰਧਰ ਦੇ ਫ਼ੌਜਦਾਰ ਵੱਲ

ਤੋਰ ਦਿੱਤੇ ਕਿ ਰਾਤ ਪੈਣ ਤੋਂ ਪਹਿਲਾਂ ਪਹਿਲਾਂ ਫੜੇ ਸਿਖ ਪਰਵਾਰ ਰਿਹਾਅ ਕਰ ਦਿਉ, ਨਹੀਂ ਤੇ ਦਿਨ ਚੜ੍ਹਦੇ ਨੂੰ ਜੰਗ ਲਈ ਤਿਆਰ ਹੋ ਜਾਉ।

"ਸਾਨੂੰ ਜੰਗ ਲਈ ਸਮਾਂ ਨਹੀਂ ਦੇਣਾ ਚਾਹੀਦਾ," ਇਕ ਸਿੰਘ ਨੇ ਸੁਝਾਅ ਦਿੱਤਾ, "ਹੁਣੇ ਅਚਾਨਕ ਹਮਲਾ ਉਸ 'ਤੇ ਵਧੇਰੇ ਠੀਕ ਰਹੇਗਾ। ਨਾਲੇ ਔਰਤਾਂ ਦੀ ਬੇਪਤੀ ਕਰਨ ਦਾ ਉਹਨੂੰ ਮੌਕਾ ਨਹੀਂ ਦੇਣਾ ਚਾਹੀਦਾ।"

"ਮੈਂ ਤੁਹਾਡੇ ਜਜ਼ਬਾਤ ਦੀ ਕਦਰ ਕਰਦਾ ਹਾਂ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਅਸੀਂ ਦੁਸ਼ਮਣ ਨੂੰ ਛੁਪ ਕੇ ਧੋਖੇ ਨਾਲ ਨਹੀਂ ਮਾਰਨਾ ਚਾਹੁੰਦੇ। ਸਾਡੀ ਪਰੰਪਰਾ ਇਹ ਹੈ ਕਿ ਅਸੀਂ ਪਹਿਲਾਂ ਚਿਤਾਵਨੀ ਦੇ ਕੇ ਉਹਨੂੰ ਸਾਵਧਾਨ ਕਰੀਏ ਤੇ ਜਦੋਂ ਉਹ ਤਿਆਰ ਹੋ ਜਾਏ ਤਾਂ ਪਹਿਲਾਂ ਵਾਰ ਕਰਨ ਦੀ ਵੀ ਖੁਲ੍ਹ ਉਸ ਨੂੰ ਦੇਈਏ। ਅਸੀਂ ਹਥਿਆਰ ਰਹਿਤ ਵੈਰੀ 'ਤੇ ਵੀ ਵਾਰ ਨਹੀਂ ਕਰਦੇ। ਜੇਕਰ ਲੜਦਿਆਂ ਉਹਦੀ ਤਲਵਾਰ ਡਿੱਗ ਪਵੇ ਜਾਂ ਟੁੱਟ ਜਾਏ ਤਾਂ ਉਹਨੂੰ ਹੋਰ ਤਲਵਾਰ ਫੜਨ ਤਕ ਦਾ ਸਮਾਂ ਵੀ ਦੇ ਦਿੰਦੇ ਹਾਂ। ਇਹ ਸੂਰਬੀਰਾਂ ਦਾ ਆਚਰਣ ਹੁੰਦਾ ਏ। ਅਸੀਂ ਭੱਜੇ ਜਾਂਦੇ ਦੁਸ਼ਮਣ 'ਤੇ ਪਿੱਛੋਂ ਕੰਡ 'ਤੇ ਵਾਰ ਕਰ ਕੇ ਖ਼ੁਸ਼ ਨਹੀਂ ਹੁੰਦੇ, ਜਿਵੇਂ ਆਪ ਛਾਤੀ 'ਤੇ ਵੈਰੀ ਦਾ ਵਾਰ ਝੱਲ ਕੇ ਖ਼ੁਸ਼ ਹੁੰਦੇ ਹਾਂ।"

ਜਥੇਦਾਰ ਕਰਮ ਸਿੰਘ ਨੇ ਕੁਝ ਸਮਾਂ ਰੁਕ ਕੇ ਫਿਰ ਆਖਿਆ, "ਸਾਨੂੰ ਵੀ ਤਿਆਰੀ ਨਾਲ ਲੜਨ ਜਾਣਾ ਚਾਹੀਦਾ ਏ। ਪਲਾਹੀ ਤੇ ਸੁਲਤਾਨਪੁਰ ਤੋਂ ਜਥੇ ਆ ਜਾਣ ਤਾਂ ਅਸੀਂ ਫ਼ੌਜਦਾਰ ਦੀ ਫ਼ੌਜ ਦਾ ਸਹਿਜੇ ਟਾਕਰਾ ਕਰ ਸਕਦੇ ਹਾਂ। ਨਾਲੇ ਅਸੀਂ ਫ਼ੌਜਦਾਰ ਨੂੰ ਇਸ ਸੌਦੇ ਦੇ ਸਾਰੇ ਨਫ਼ੇ ਨੁਕਸਾਨ ਦਾ ਪਤਾ ਕਰ ਲੈਣ ਦਾ ਮੌਕਾ ਵੀ ਦੇਣਾ ਚਾਹੁੰਦੇ ਹਾਂ। ਉਹ ਵੀ ਦੇਖ ਲਵੇ ਕਿ ਉਹਨੇ ਸਿਖ ਪਰਵਾਰਾਂ 'ਤੇ ਅੱਤਿਆਚਾਰ ਕਰ ਕੇ ਆਪਣੇ ਲਈ ਮੁਸੀਬਤ ਸਹੇੜਨੀ ਹੈ ਕਿ ਨਹੀਂ, ਅੱਗੇ ਦੋ ਵਾਰ ਉਸ ਨਾਲ ਟੱਕਰ ਹੋ ਚੁੱਕੀ ਏ ਤੇ ਦੋਵੇਂ ਵਾਰ ਉਹ ਹਾਰਿਆ ਸੀ। ਹੁਣ ਤੀਜੀ ਹਾਰ ਦਾ ਨਤੀਜਾ ਪਹਿਲੀਆਂ ਦੋ ਹਾਰਾਂ ਨਾਲੋਂ ਵੱਖਰਾ ਹੋ ਸਕਦਾ ਏ।"

ਸਾਰੀ ਰਾਤ ਜਥਾ ਅਗਲੇ ਦਿਨ ਦੀ ਜੰਗ ਲਈ ਤਿਆਰੀ ਕਰਦਾ ਰਿਹਾ। ਘੋੜਿਆਂ ਨੂੰ ਦਾਣਾ ਤੇ ਪੱਠੇ ਆਦਿ ਖੁਆ ਕੇ ਤਿਆਰ ਕਰ ਲਿਆ। ਖੁਰਲੇ ਕਿੰਗਰੇ ਵਿਚ ਕੁਝ ਸਹਿਜਧਾਰੀ ਪਰਵਾਰ ਸਨ, ਜਿਨ੍ਹਾਂ ਦਿਲ ਖੋਲ੍ਹ ਕੇ ਜਥੇ ਦੀ ਲੰਗਰ ਪਾਣੀ ਦੀ ਸੇਵਾ ਕੀਤੀ।

44

ਜਥੇਦਾਰ ਕਰਮ ਸਿੰਘ ਦਾ ਪਰਵਾਰ ਰਾਤ ਥੰਗੋ ਪਹੁੰਚ ਗਿਆ। ਪਹਿਲਾਂ ਨਿਸਚਿਤ ਟਿਕਾਣੇ ਨਗਰ ਤੋਂ ਬਾਹਰਵਾਰ ਗੁਰਦੁਆਰਾ ਚਰਨ ਕੰਵਲ ਵਿਚ ਜਾ ਡੇਰਾ ਲਾਇਆ। ਗੁਰਦੁਆਰੇ ਦੇ ਸੇਵਾਦਾਰਾਂ ਨੇ ਤੁਰਤ ਉਨ੍ਹਾਂ ਲਈ ਲੰਗਰ ਦੀ ਰਸਦ ਦਾ ਪ੍ਰਬੰਧ ਕਰ ਦਿੱਤਾ। ਦੀਪੋ ਤੇ ਨਿਰਮਲਾ ਨੇ ਝੱਟ-ਪਟ ਦਾਲ ਅੱਗ 'ਤੇ ਰੱਖ ਦਿੱਤੀ ਤੇ ਆਟਾ ਗੁੰਨ੍ਹ ਕੇ ਰੋਟੀਆਂ ਪਕਾ ਦਿੱਤੀਆਂ। ਮਰਦਾਂ ਨੂੰ ਪਹਿਲਾਂ ਲੰਗਰ ਛਕਾ ਦਿੱਤਾ ਤੇ ਫਿਰ ਔਰਤਾਂ ਨੇ ਛਕਣਾ ਸ਼ੁਰੂ ਕੀਤਾ। ਦੀਪੋ ਨੇ ਲੰਗਰ ਨਾ ਛਕਿਆ। ਜਦੋਂ ਨਿਰਮਲਾ ਨੇ ਬਾਰ ਬਾਰ ਰੋਟੀ ਖਾਣ ਲਈ ਮਜਬੂਰ ਕੀਤਾ ਤਾਂ ਦੀਪੋ ਕਹਿਣ ਲੱਗੀ, "ਉਹ ਹੁਣੇ ਆਉਂਦੇ ਨੇ ਤਾਂ ਉਨ੍ਹਾਂ ਨੂੰ ਛਕਾ ਕੇ ਛਕਾਂਗੀ।"

"ਉਹ ਪਤਾ ਨਹੀਂ ਕਿਹੜੇ ਵੇਲੇ ਆਉਣ," ਨਿਰਮਲਾ ਨੇ ਕਿਹਾ, "ਜਦ ਉਹ ਆਏ

ਤਾਂ ਉਨ੍ਹਾਂ ਲਈ ਤਾਜ਼ਾ ਲੰਗਰ ਤਿਆਰ ਕਰਾਂਗੇ। ਉਹ ਇਕੱਲੇ ਤਾਂ ਨਹੀਂ, ਪੂਰਾ ਜਥਾ ਨਾਲ ਏ।" ਅੱਧੀ ਰਾਤ ਤਕ ਉਡੀਕਦੀਆਂ ਰਹੀਆਂ। ਨਿਰਮਲਾ ਤਾਂ ਸੌਂ ਗਈ ਪਰ ਦੀਪੋ ਨੂੰ ਨੀਂਦਰ ਨਾ ਪਈ। ਫ਼ਤਹਿ ਸਿੰਘ ਵੀ ਕਾਫ਼ੀ ਦੇਰ ਤਕ ਪਿਤਾ ਨੂੰ ਉਡੀਕਦਾ ਅਖ਼ੀਰ ਸੌਂ ਹੀ ਗਿਆ। ਭਾਗਾਂ ਨੂੰ ਵੀ ਨੀਂਦਰ ਨਾ ਪਈ। ਉਹਦਾ ਤਾਂ ਉਂਝ ਵੀ ਸੁਭਾਅ ਸੀ ਕਿ ਜੇਕਰ ਪਹਿਲੀ ਰਾਤ ਨੀਂਦਰ ਆ ਜਾਏ ਤਾਂ ਠੀਕ, ਨਹੀਂ ਤੇ ਨੀਂਦਰ ਵੇਲਾ ਖੁੰਝ ਜਾਣ ਪਿੱਛੋਂ ਉਹ ਸੌਂ ਨਹੀਂ ਸੀ ਸਕਦੀ। ਨਿਰਮਲਾ ਨੇ ਦੇਖਿਆ ਕਿ ਦੀਪੋ ਨੂੰ ਨੀਂਦਰ ਨਹੀਂ ਆ ਰਹੀ ਤੇ ਉਹ ਘੜੀ-ਮੁੜੀ ਪਾਸੇ ਪਲਟ ਰਹੀ ਏ। ਉਹਨੇ ਕਿਹਾ, "ਕੁੜੇ ਦੀਪੋ, ਤੂੰ ਭੁੱਖੀ ਸੌਂ ਗਈ ਏਂ, ਨੀਂਦਰ ਕਿਥੋਂ ਆਊ। ਕੁਝ ਖਾ ਪੀ ਲੈਂਦੀਓਂ ਤਾਂ ਨੀਂਦ ਵੀ ਆ ਜਾਂਦੀ।"

"ਨਹੀਂ ਭੈਣ, ਮੈਨੂੰ ਭੁੱਖ ਹੀ ਨਹੀਂ ਲੱਗੀ। ਚਿੰਤਾ ਹੋ ਰਹੀ ਏ ਕਿ ਵਾਹਿਗੁਰੂ ਸੁੱਖ ਰੱਖੇ, ਉਹ ਕਿਸੇ ਨਵੀਂ ਮੁਸੀਬਤ ਵਿਚ ਨਾ ਫਸ ਗਏ ਹੋਣ," ਦੀਪੋ ਨੇ ਕਿਹਾ, "ਉਹ ਜਿਹੜੀ ਗੱਲ ਕਹਿ ਕੇ ਜਾਂਦੇ ਨੇ, ਵਾਹ ਲੱਗਦੇ ਉਸ ਵਿਚ ਤਬਦੀਲੀ ਨਹੀਂ ਕਰਦੇ। ਜੇ ਉਨ੍ਹਾਂ ਰਾਤ ਇਥੇ ਨਾ ਪਹੁੰਚਣਾ ਹੁੰਦਾ ਤਾਂ ਉਹ ਕਹਿ ਜਾਂਦੇ।"

"ਕੀ ਪਤਾ ਕੋਈ ਹੋਰ ਜ਼ਰੂਰੀ ਕੰਮ ਪੈ ਗਿਆ ਹੋਵੇ," ਨਿਰਮਲਾ ਨੇ ਕਿਹਾ, "ਸਾਡੇ ਵਰਗੀਆਂ ਨੂੰ ਤਾਂ ਮਰਦਾਂ ਦੀ ਰੋਜ਼ ਸ਼ਾਮ ਨੂੰ ਉਡੀਕ ਹੁੰਦੀ ਏ। ਪਿੰਡਾਂ ਵੱਲ ਗਏ, ਜ਼ਰਾ ਕੁ ਦੇਰੀ ਕਰ ਦੇਣ ਤਾਂ ਘਰ ਤੋਂ ਬਾਹਰ ਰਾਹ 'ਤੇ ਦੂਰ ਦੂਰ ਝਾਕਦੇ ਰਹਿੰਦੇ ਹਾਂ, ਪਰ ਤੁਸੀਂ ਤਾਂ ਆਦੀ ਹੋ, ਅੱਗੇ ਵੀ ਤਾਂ ਜਥੇਦਾਰ ਜੀ ਮਹੀਨਿਆਂ ਬੱਧੀ ਘਰ ਤੋਂ ਗਏ ਰਹਿੰਦੇ ਨੇ।"

"ਉਡੀਕ ਤਾਂ ਸਾਨੂੰ ਵੀ ਤੁਹਾਡੇ ਵਾਂਗ ਹੀ ਹੁੰਦੀ ਏ," ਦੀਪੋ ਨੇ ਕਿਹਾ, "ਪਰ ਪਤਾ ਹੁੰਦਾ ਏ ਕਿ ਉਹ ਦੂਰ ਗਏ ਨੇ, ਤਰਕਾਲਾਂ ਤਕ ਨਹੀਂ ਆ ਸਕਦੇ, ਇਸ ਲਈ ਸਬਰ ਕਰ ਲੈਂਦੀ ਹਾਂ।"

ਉਨ੍ਹਾਂ ਦੀਆਂ ਗੱਲਾਂ ਇਤਨੀਆਂ ਲੰਮੀਆਂ ਹੋ ਗਈਆਂ ਕਿ ਅੰਮ੍ਰਿਤ ਵੇਲਾ ਹੋ ਗਿਆ। ਤੀਜਾ ਪਹਿਰ ਸ਼ੁਰੂ ਹੁੰਦੇ ਹੀ ਸਿੰਘਾਂ ਨੇ ਉੱਠ ਕੇ ਬਾਹਰ ਖੇਤਾਂ ਵੱਲ ਜੰਗਲ ਪਾਣੀ ਜਾਣਾ ਸ਼ੁਰੂ ਕਰ ਦਿੱਤਾ। ਇਹ ਵੀ ਉੱਠ ਪਈਆਂ ਤੇ ਦੀਪੋ ਨੇ ਨਹਾ ਧੋ ਕੇ ਪਾਠ ਸ਼ੁਰੂ ਕਰ ਦਿੱਤਾ। ਫਿਰ ਲੰਗਰ ਦੀ ਤਿਆਰੀ ਵਿਚ ਜੁੱਟ ਗਈਆਂ।

"ਕੀ ਵਿਚਾਰ ਏ, ਜਥੇਦਾਰ ਨੂੰ ਇਥੇ ਹੀ ਉਡੀਕੀਏ ਜਾਂ ਅਗਲੇ ਪੜਾਅ 'ਤੇ ਚੱਲ ਕੇ ਠਹਿਰੀਏ," ਗੌਤਮ ਨੇ ਦੀਪੋ ਤੋਂ ਆ ਕੇ ਪੁੱਛਿਆ। ਅਸਲ ਵਿਚ ਉਹਨੂੰ ਨਾਲ ਆਏ ਦੂਜਿਆਂ ਬੰਦਿਆਂ ਨੇ ਪੁੱਛਣ ਲਈ ਭੇਜਿਆ ਸੀ।

"ਮੇਰਾ ਖ਼ਿਆਲ ਏ ਕਿ ਇਥੇ ਹੀ ਉਡੀਕ ਕਰੀਏ," ਦੀਪੋ ਨੇ ਕਿਹਾ, "ਉਨ੍ਹਾਂ ਦਾ ਪਤਾ ਤਾਂ ਲੱਗੇ ਕਿ ਉਹ ਕਿਧਰ ਨੂੰ ਤੁਰ ਗਏ ਨੇ। ਨਾਲੇ ਸਾਨੂੰ ਅਗਲੇ ਪੜਾਅ ਦਾ ਵੀ ਪਤਾ ਨਹੀਂ।"

"ਉਹ ਤਾਂ ਸਾਨੂੰ ਸਭ ਸਮਝਾ ਗਏ ਨੇ। ਗੌਤਮ ਨੇ ਦੱਸਿਆ, "ਅਗਲਾ ਪੜਾਅ ਅਸੀਂ ਬਲਾਚੌਰ ਕਰ ਕੇ ਤੀਜੇ ਦਿਨ ਕੀਰਤਪੁਰ ਪਹੁੰਚ ਜਾਣਾ ਏ। ਉਹ ਉਥੇ ਵੀ ਪਹੁੰਚ ਸਕਦੇ ਨੇ, ਬਲਾਚੌਰ ਵੀ। ਰਾਹ ਦੇ ਸਾਰੇ ਟਿਕਾਣੇ ਉਨ੍ਹਾਂ ਸਮਝਾ ਦਿੱਤੇ ਨੇ।"

"ਉਹ ਇਹ ਵੀ ਤਾਂ ਕਹਿੰਦੇ ਸਨ ਕਿ ਰਾਹ ਵਿਚ ਸਾਵਧਾਨ ਹੋ ਕੇ ਸਫ਼ਰ ਕਰਨਾ," ਦੀਪੋ ਨੇ ਕਿਹਾ, "ਕੀ ਪਤਾ ਕਿਥੇ ਸਾਨੂੰ ਹਾਕਮਾਂ ਦੇ ਫ਼ੌਜੀ ਟੱਕਰ ਪੈਣ ਤੇ ਉਹ ਰਾਹ ਰੋਕਣ ਦਾ ਯਤਨ ਕਰਨ। ਇਸ ਲਈ ਮੇਰੀ ਸਲਾਹ ਹੈ ਕਿ ਅਸੀਂ ਇਥੇ ਹੀ ਠਹਿਰੀਏ। ਇਹ ਥਾਂ ਵੱਸੋਂ ਤੋਂ ਬਾਹਰ ਤੇ ਸੁਰੱਖਿਅਤ ਹੈ। ਤੁਸੀਂ ਕੋਈ ਬੰਦਾ ਪਲਾਹੀ ਭੇਜੋ। ਉਥੋਂ ਪਤਾ ਲੱਗੇਗਾ ਕਿ ਜਥੇਦਾਰ ਜੀ ਕਿਧਰ ਗਏ ਹਨ ਤੇ ਕਦੋਂ ਤਕ ਆਉਣਗੇ। ਸਾਰੇ ਸਮਾਚਾਰ ਪਲਾਹੀ ਤੋਂ

ਹੀ ਮਿਲ ਸਕਦੇ ਹਨ," ਕੁਝ ਦੇਰ ਰੁਕ ਕੇ ਦੀਪੇ ਨੇ ਮੁੜ ਸੁਝਾਅ ਦਿੱਤਾ, "ਇਕ ਬੰਦਾ ਬਲਾਚੌਰ ਤਕ ਹੋ ਆਏ ਤੇ ਰਾਹ ਦੇਖੇ ਕਿ ਕਿਧਰੇ ਫ਼ੌਜੀ ਦਸਤਾ ਗਸ਼ਤ ਕਰਦਾ ਤਾਂ ਨਹੀਂ।"

ਉਸੇ ਵੇਲੇ ਮਰਦਾਂ ਨੇ ਸਲਾਹ ਕੀਤੀ। ਉਨ੍ਹਾਂ ਨੂੰ ਦੀਪੇ ਦੀ ਗੱਲ ਪਸੰਦ ਆਈ ਤੇ ਦੋਵੇਂ ਪਾਸੇ ਇਕ ਇਕ ਬੰਦਾ ਭੇਜ ਦਿੱਤਾ।

ਉਧਰ ਦਿਨ ਚੜ੍ਹਦੇ ਨੂੰ ਸਿੰਘਾਂ ਨੇ ਅਰਦਾਸਾ ਕੀਤਾ ਤੇ ਜਥੇਦਾਰਾਂ ਕਰਮ ਸਿੰਘ ਦੀ ਅਗਵਾਈ ਹੇਠ ਜਲੰਧਰ ਵੱਲ ਕੂਚ ਕਰ ਦਿੱਤਾ। ਪਹਿਲਾਂ ਜਲੰਧਰ ਫ਼ੌਜਦਾਰ ਵੱਲ ਭੇਜੇ ਬੰਦੇ ਨੇ ਆ ਕੇ ਦੱਸਿਆ ਕਿ ਉਹ ਲੜਾਈ ਬਿਨਾ ਔਰਤਾਂ ਤੇ ਬੱਚੇ ਨਹੀਂ ਛੱਡੇਗਾ। ਸਗੋਂ ਉਹਨੇ ਧਮਕੀ ਦਿੱਤੀ ਏ ਕਿ ਜੇ ਲੜਾਈ ਛੇੜੀ ਗਈ ਤਾਂ ਉਹ ਇਨ੍ਹਾਂ ਔਰਤਾਂ ਤੇ ਬੱਚਿਆਂ ਨੂੰ ਉਨ੍ਹਾਂ ਤਕ ਪਹੁੰਚਣ ਤੋਂ ਪਹਿਲਾਂ ਹੀ ਕਤਲ ਕਰ ਦੇਵੇਗਾ।

"ਸਾਡੇ ਜਲੰਧਰ ਸ਼ਹਿਰ ਵਿਚ ਵੜਨ ਤਕ ਉਹਦੇ ਨਾਲ ਗੱਲ-ਬਾਤ ਦਾ ਸਿਲਸਿਲਾ ਜਾਰੀ ਰੱਖਿਆ ਜਾਏ," ਉਸ ਬੰਦੇ ਨੂੰ ਰਾਤ ਹੀ ਮੁੜ ਵਾਪਸ ਭੇਜ ਦਿੱਤਾ। ਪਿੱਛੋਂ ਹੋਰ ਦੋ ਬੰਦੇ ਇਸ ਕੰਮ ਲਈ ਵੱਖਰੇ ਤੋਰੇ ਕਿ ਉਹ ਪਤਾ ਕਰਨ ਕਿ ਸਿਖ ਪਰਵਾਰ ਕਿਥੇ ਰੱਖੇ ਹਨ। ਅਸੀਂ ਸਿੱਧਾ ਉਸ ਥਾਂ ਪਹੁੰਚੀਏ। ਜਥੇਦਾਰ ਕਰਮ ਸਿੰਘ ਨੇ ਬੜੀ ਸੁਚੱਜੀ ਵਿਉਂਤ ਨਾਲ ਲੜਾਈ ਲੜਨ ਦਾ ਫ਼ੈਸਲਾ ਕੀਤਾ। ਉਹ ਚਾਹੁੰਦਾ ਸੀ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ। ਸਿਖ ਪਰਵਾਰ ਘੱਟ ਤੋਂ ਘੱਟ ਜਾਨੀ ਨੁਕਸਾਨ ਨਾਲ ਛੁਡਾ ਲਏ ਜਾਣ।

ਉਹੀ ਗੱਲ ਹੋਈ, ਫ਼ੌਜਦਾਰ ਦੀ ਫ਼ੌਜ ਉਨ੍ਹਾਂ ਦਾ ਰਾਹ ਰੋਕਣ ਲਈ ਜਲੰਧਰ ਤੋਂ ਬਾਹਰ ਖੁਰਲੇ ਕਿੰਗਰੇ ਵੱਲ ਵਧ ਆਈ। ਇਧਰ ਉਨ੍ਹਾਂ ਦਾ ਰਾਹ ਰੋਕਣ ਲਈ ਇਕ ਜਥਾ ਤਿਆਰ ਖੜਾ ਕਰ ਦਿੱਤਾ। ਪੱਛਮ ਵੱਲੋਂ ਸੁਲਤਾਨਪੁਰ ਤੋਂ ਆਏ ਜਥੇ ਨੇ ਅਗੇ ਵਧਣਾ ਸ਼ੁਰੂ ਕਰ ਦਿੱਤਾ। ਪਲਾਹੀ ਦਾ ਜਥਾ ਪੂਰਬ ਵੱਲੋਂ ਜਲੰਧਰ ਆ ਰਿਹਾ ਸੀ; ਫ਼ੌਜਦਾਰ ਨੂੰ ਇਸ ਵਿਉਂਤ ਦਾ ਉਦੋਂ ਪਤਾ ਲੱਗਾ, ਜਦੋਂ ਉਹਦੀ ਫ਼ੌਜ 'ਤੇ ਤਿੰਨ ਪਾਸਿਆਂ ਤੋਂ ਹਮਲਾ ਹੋ ਗਿਆ ਤੇ ਉਹ ਘੇਰੀਆਂ ਗਈਆਂ। ਇਕ ਜਥਾ ਇਸ ਲੜਾਈ ਤੋਂ ਹਟਵਾਂ ਹੋ ਕੇ ਮਾਈ ਹੀਰਾਂ ਦੇ ਦਰਵਾਜ਼ੇ ਵੱਲ ਉਸ ਹਵੇਲੀ ਵੱਲ ਵਧਿਆ, ਜਿਥੇ ਸਿਖ ਪਰਵਾਰ ਡੱਕੇ ਹੋਏ ਸਨ ਤੇ ਬਿਨਾਂ ਮੁਕਾਬਲੇ ਜਥਾ ਉਸ ਹਵੇਲੀ ਤਕ ਆ ਗਿਆ। ਉਥੇ ਦੋ ਚਾਰ ਪਹਿਰੇਦਾਰ ਸਨ, ਉਹ ਅਚਾਨਕ ਇਸ ਪਾਸਿਉਂ ਆ ਪਏ ਸਿੰਘਾਂ ਦਾ ਮੁਕਾਬਲਾ ਕਰਨ ਦੀ ਥਾਂ ਫ਼ੌਜਦਾਰ ਦੀ ਹਵੇਲੀ ਵੱਲ ਨੱਸ ਗਏ ਤਾਕਿ ਪਤਾ ਦੇ ਸਕਣ ਕਿ ਸਿੱਖਾਂ ਦਾ ਹਮਲਾ ਇਸ ਪਾਸਿਉਂ ਵੀ ਹੋ ਗਿਆ ਹੈ। ਇਹ ਜਥਾ ਸਿਖ ਪਰਵਾਰਾਂ ਨੂੰ ਆਜ਼ਾਦ ਕਰਾ ਕੇ ਘੋੜਿਆਂ 'ਤੇ ਬਿਠਾ ਕੇ ਉਸ ਪਾਸਿਉਂ ਹੁਸ਼ਿਆਰਪੁਰ ਵੱਲ ਨਿਕਲ ਗਿਆ। ਇਸ ਸਾਰੀ ਕਾਰਵਾਈ ਵਿਚ ਇਕ ਕਤਰਾ ਖ਼ੂਨ ਦਾ ਵੀ ਨਾ ਡੁੱਲ੍ਹਿਆ।

ਦੂਜੇ ਪਾਸੇ ਤਿੰਨ ਪਾਸਿਉਂ ਘਿਰੀ ਫ਼ੌਜ ਨੇ ਪਹਿਲਾਂ ਤਾਂ ਕੁਝ ਦੇਰ ਮੁਕਾਬਲਾ ਕੀਤਾ ਤੇ ਉਸ ਵਿਚ ਦੁਵੱਲਿਉਂ ਕੁਝ ਬੰਦੇ ਮਾਰੇ ਵੀ ਗਏ, ਪਰ ਫਿਰ ਉਹ ਪਿੱਛੇ ਹਟਣ ਲੱਗ ਪਈਆਂ। ਫ਼ੌਜਦਾਰ ਦਾ ਸੁਨੇਹਾ ਵੀ ਚਲਾ ਗਿਆ ਕਿ ਕੁਝ ਟੁਕੜੀਆਂ ਵਾਪਸ ਆਉ, ਮਾਈ ਹੀਰਾਂ ਦਰਵਾਜ਼ਿਉਂ ਸਿੱਖਾਂ ਦਾ ਹਮਲਾ ਹੋ ਗਿਆ ਹੈ ਤੇ ਇਸ ਪਾਸਿਉਂ ਸ਼ਹਿਰ ਨੂੰ ਜ਼ਬਰਦਸਤ ਖ਼ਤਰਾ ਹੈ। ਫ਼ੌਜੀ ਪਹਿਲਾਂ ਹੀ ਘਬਰਾਏ ਤੇ ਬੇ-ਦਿਲੀ ਨਾਲ ਲੜ ਰਹੇ ਸਨ। ਉਨ੍ਹਾਂ ਦਾ ਸਿੰਘਾਂ ਬਾਰੇ ਤਜਰਬਾ ਸੀ ਕਿ ਉਹ ਤਾਂ ਮਰਨ ਤੋਂ ਨਹੀਂ ਡਰਦੇ। ਮਰਨ ਨੂੰ ਉਹ ਸ਼ਹੀਦੀ ਪਾਣਾ ਸਮਝਦੇ ਹਨ, ਪਰ ਉਹ ਤਾਂ ਫ਼ੌਜਦਾਰ ਪਾਸ ਮਰਨ ਲਈ ਨਹੀਂ ਸਨ ਆਏ। ਉਹ ਤਾਂ ਤਨਖ਼ਾਹ ਲੈਣ ਆਏ ਸਨ ਤੇ ਤਨਖ਼ਾਹ ਲਈ ਪਹਿਲਾਂ ਆਪਣਾ ਬਚਾਅ ਜ਼ਰੂਰੀ ਸਮਝਦੇ ਸਨ।

ਫ਼ੌਜਦਾਰ ਲੜਾਈ ਹਾਰ ਗਿਆ। ਉਹਨੇ ਸਮਝੌਤਾ ਕਰਨ ਲਈ ਚਿੱਟਾ ਝੰਡਾ ਦੇ ਕੇ ਕੁਝ ਆਦਮੀ ਭੇਜੇ ਤੇ ਜਥੇਦਾਰ ਕਰਮ ਸਿੰਘ ਨਾਲ ਗੱਲ-ਬਾਤ ਕਰਨ ਦੀ ਪੇਸ਼ਕਸ਼ ਕੀਤੀ।

ਇਸ ਸਮੇਂ ਸਿੰਘਾਂ ਦੀ ਨੀਤੀ ਇਲਾਕੇ ਮੱਲਣ ਤੇ ਰਾਜ ਬਣਾਣ ਦੀ ਨਹੀਂ ਸੀ। ਇਹ ਸਮਾਂ ਉਹ ਆਪਣੀ ਤਾਕਤ ਇਕੱਠੀ ਕਰਨ ਲਈ ਲਾਣਾ ਚਾਹੁੰਦੇ ਸਨ। ਇਸ ਲਈ ਸਥਾਨਕ ਹਾਕਮਾਂ ਨੂੰ ਆਪਣੀਆਂ ਸ਼ਰਤਾਂ ਮੰਨਵਾ ਕੇ ਰਾਜ ਵਾਪਸ ਕਰਨ ਦੀ ਨੀਤੀ ਹੀ ਲਾਹੇਵੰਦੀ ਸੀ।

ਜਥੇਦਾਰ ਕਰਮ ਸਿੰਘ ਨੇ ਵੀ ਫ਼ੌਜਦਾਰ ਨੂੰ ਮਿਲਣੀ ਸਮੇਂ ਇਹੀ ਆਖਿਆ, "ਤੁਹਾਨੂੰ ਅੱਗੇ ਵੀ ਕਈ ਵਾਰ ਮਾਫ਼ ਕਰ ਚੁੱਕੇ ਹਾਂ, ਪਰ ਜਦੋਂ ਵੀ ਤੁਹਾਡਾ ਦਾਅ ਲੱਗੇ ਤੁਸੀਂ ਸਿੱਖਾਂ ਵਿਰੁੱਧ ਕਾਰਵਾਈ ਤੋਂ ਬਾਜ ਨਹੀਂ ਆਉਂਦੇ। ਹੁਣ ਤੁਹਾਨੂੰ ਆਖ਼ਰੀ ਵਾਰ ਚਿਤਾਵਨੀ ਕਰ ਰਹੇ ਹਾਂ ਕਿ ਜੇਕਰ ਤੁਸੀਂ ਦੁਆਬੇ ਵਿਚ ਜ਼ੁਲਮ ਤੇ ਅੱਤਿਆਚਾਰ ਬੰਦ ਨਾ ਕੀਤੇ ਤਾਂ ਅਗਲੀ ਵਾਰ ਨਾ ਤੁਸੀਂ ਬਚੋਗੇ ਤੇ ਨਾ ਹੀ ਤੁਹਾਡਾ ਰਾਜ ਪ੍ਰਬੰਧ। ਅਸੀਂ ਜਲੰਧਰ 'ਤੇ ਕਬਜ਼ਾ ਕਰ ਕੇ ਇਹਨੂੰ ਦੁਆਬੇ ਵਿਚ ਆਪਣੇ ਰਾਜ ਦੀ ਰਾਜਧਾਨੀ ਬਣਾਣ ਲਈ ਮਜਬੂਰ ਹੋਵਾਂਗੇ।"

"ਮੈਂ ਮੰਨਦਾ ਹਾਂ ਕਿ ਤੁਸੀਂ ਕਈ ਵਾਰ ਸੁਹਿਰਦਤਾ ਦਿਖਾਈ ਏ। ਮੈਨੂੰ ਤੁਹਾਡੇ ਬੋਲ ਤੇ ਕਿਰਦਾਰ 'ਤੇ ਫ਼ਖ਼ਰ ਵੀ ਹੈ, ਪਰ ਕੀ ਕਰਾਂ ਜਦੋਂ ਮੁਗ਼ਲ ਹਕੂਮਤ ਦੀ ਡਾਂਟ ਪੈਂਦੀ ਏ ਤੇ ਉਹ ਮੇਰੇ ਤੋਂ ਫ਼ੌਜਦਾਰੀ ਖੋਹ ਕੇ ਕਿਸੇ ਹੋਰ ਨੂੰ ਭੇਜਣ ਲਈ ਧਮਕੀਆਂ ਦਿੰਦੇ ਨੇ ਤਾਂ ਮਜਬੂਰ ਹੋ ਕੇ ਮੈਨੂੰ ਕੁਝ ਕਰਨਾ ਪੈਂਦਾ ਏ," ਫ਼ੌਜਦਾਰ ਨੇ ਉੱਤਰ ਦਿੱਤਾ, "ਹੁਣ ਵੀ ਉਹ ਬਾਰ ਬਾਰ ਇਹ ਹਦਾਇਤ ਕਰ ਰਹੇ ਹਨ ਕਿ ਪਿੰਡ ਪਿੰਡ ਫਿਰ ਕੇ ਸਿੱਖਾਂ ਦਾ ਖ਼ਾਤਮਾ ਕਰ ਦਿਉ। ਮੈਂ ਹੁਣ ਤੋਬਾ ਕਰਦਾ ਹਾਂ ਕਿ ਅਗੋਂ ਅਜਿਹਾ ਨਹੀਂ ਕਰਾਂਗਾ। ਪਿੰਡਾਂ ਵਿਚ ਜਿਥੇ ਕੋਈ ਸਿੱਖਾਂ ਦਾ ਦੁਸ਼ਮਣ ਰਹਿੰਦਾ ਏ, ਉਹ ਚੋਰੀ-ਛੁਪੇ ਆ ਕੇ ਸ਼ਿਕਾਇਤ ਕਰ ਜਾਂਦਾ ਏ। ਜਿਥੋਂ ਕੋਈ ਸ਼ਿਕਾਇਤ ਨਾ ਆਏ, ਉਥੇ ਅਸੀਂ ਜਾਂਦੇ ਹੀ ਨਹੀਂ।"

"ਸਾਨੂੰ ਉਨ੍ਹਾਂ ਚੁਗ਼ਲੀ ਕਰਨ ਵਾਲਿਆਂ ਦੇ ਨਾਮ ਦਿਉ," ਜਥੇਦਾਰ ਕਰਮ ਸਿੰਘ ਨੇ ਕਿਹਾ, "ਅਸੀਂ ਅਜਿਹਾ ਪਰਬੰਧ ਕਰ ਦਿਆਂਗੇ ਕਿ ਅੱਗੋਂ ਕੋਈ ਚੁਗ਼ਲਖ਼ੋਰ ਮੁਗ਼ਲ ਹਕੂਮਤ ਤਕ ਸੂਚਨਾ ਦੇਣ ਲਈ ਨਾ ਆਏ, ਜੋ ਆਏ ਉਹ ਮੁੜ ਪਿੰਡ ਵਿਚ ਵਾਪਸ ਜਾ ਕੇ ਦੱਸ ਨਾ ਸਕੇ।"

ਫ਼ੌਜਦਾਰ ਨੇ ਅਜਿਹੇ ਲੋਕਾਂ ਦੀ ਲਿਸਟ ਤਿਆਰ ਕਰ ਕੇ ਭਿਜਵਾਣ ਦਾ ਵਚਨ ਕੀਤਾ। ਜਥੇਦਾਰ ਕਰਮ ਸਿੰਘ ਨੂੰ 11 ਘੋੜੇ ਤੇ ਇਕ ਗੱਡਾ ਕਣਕ ਦਾ ਨਜ਼ਰਾਨੇ ਵੱਜੋਂ ਭੇਟ ਕੀਤਾ ਤੇ ਅੱਗੋਂ ਲਈ ਸਿੰਘਾਂ ਨਾਲ ਨਾ ਵਿਗਾੜਨ ਦੀ ਸਹੁੰ ਚੁੱਕੀ। ਜਥਾ ਜੈਕਾਰੇ ਲਾਂਦਾ, ਪਲਾਹੀ ਤੇ ਬੰਗੇ ਤੋਂ ਹੁੰਦਾ ਬਲਾਚੌਰ ਪਹੁੰਚ ਗਿਆ।

45

ਜਥੇਦਾਰ ਕਰਮ ਸਿੰਘ ਦੇ ਪਹੁੰਚਣ ਤੋਂ ਪਹਿਲਾਂ ਹੀ ਬਲਾਚੌਰ ਤੋਂ ਔਰਤਾਂ ਤੇ ਬੱਚਿਆਂ ਦਾ ਕਾਫ਼ਲਾ ਕੀਰਤਪੁਰ ਵੱਲ ਚਲਾ ਗਿਆ ਸੀ। ਉਥੇ ਮੌਜੂਦ ਕੁਝ ਸਿੱਖਾਂ ਤੇ ਸਹਿਜਧਾਰੀਆਂ ਨੇ ਦੱਸਿਆ ਕਿ ਤੁਹਾਡੀ ਬਹੁਤ ਉਡੀਕ ਕੀਤੀ ਗਈ। ਆਸ-ਪਾਸ ਦੇ ਪਿੰਡਾਂ ਦੇ ਕਈ ਸਿਖ ਪਰਵਾਰ ਵੀ ਨਾਲ ਰਲ ਗਏ ਸਨ ਤੇ ਇਉਂ ਇਕ ਥਾਂ 'ਤੇ ਉਨ੍ਹਾਂ ਦੀ ਸੇਵਾ-ਸੰਭਾਲ ਵੀ ਔਖੀ ਹੁੰਦੀ ਜਾ ਰਹੀ ਸੀ। ਦੂਜਾ ਉਨ੍ਹਾਂ ਨੇ ਜੋ ਸੂਹੀਏ ਪਲਾਹੀ ਵੱਲ ਭੇਜੇ ਸਨ, ਉਨ੍ਹਾਂ ਨੇ ਆ ਕੇ ਦੱਸ ਦਿੱਤਾ ਕਿ ਤੁਸੀਂ ਸਾਰੇ ਠੀਕ ਹੋ ਤੇ ਜਲੰਧਰ ਦੇ ਫ਼ੌਜਦਾਰ ਨਾਲ ਲੜਾਈ ਲਈ ਤੁਸੀਂ ਚੌਫੇਰਿਉਂ ਸਿੰਘਾਂ ਨੂੰ ਜਲੰਧਰ ਬੁਲਾਇਆ ਸੀ। ਇਸ ਲਈ ਤੁਹਾਡੀ ਉਡੀਕ ਕੀਤੇ ਬਿਨਾਂ ਸਭ ਕੀਰਤਪੁਰ ਵੱਲ ਚਲੇ ਗਏ ਹਨ ਤਾਕਿ ਉਥੇ ਜਾ ਕੇ ਪਰਵਾਰਾਂ ਦੇ ਰਹਿਣ-ਸਹਿਣ

ਦਾ ਪ੍ਰਬੰਧ ਕੀਤਾ ਜਾਏ।

"ਕੀ ਦੁਆਬੇ ਦੇ ਸਾਰੇ ਪਿੰਡਾਂ ਤੋਂ ਸਿਖ ਪਰਵਾਰ ਨਿਕਲ ਆਏ ਹਨ ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ, "ਕੀ ਮੇਰੇ ਪਰਵਾਰ 'ਚ ਕਰਤਾਰਪੁਰੋਂ ਆਉਣ ਦਾ ਮਾੜਾ ਅਸਰ ਤਾਂ ਨਹੀਂ ਪਿਆ ?" ਜਥੇਦਾਰ ਕਰਮ ਸਿੰਘ ਦੇ ਸ਼ਬਦਾਂ ਵਿਚ ਇਕ ਡੂੰਘੀ ਚਿੰਤਾ ਤੇ ਤੌਖਲੇ ਦਾ ਪ੍ਰਗਟਾਵਾ ਹੋ ਰਿਹਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਹਦੇ ਕਿਸੇ ਫ਼ੈਸਲੇ ਜਾਂ ਕਰਮ ਨਾਲ ਢਹਿੰਦੀ ਕਲਾ ਆਏ, ਇਸੇ ਲਈ ਉਹਨੇ ਉਕਤ ਪ੍ਰਸ਼ਨ ਕੀਤਾ ਤੇ ਸਾਰੀ ਸਥਿਤੀ ਦੀ ਤਹਿ ਤਕ ਜਾਣ ਦਾ ਯਤਨ ਕੀਤਾ।

"ਇਹ ਗੱਲ ਨਹੀਂ," ਇਕ ਸਿਆਣੇ ਬਜ਼ੁਰਗ ਨੇ ਸਪੱਸ਼ਟ ਕੀਤਾ, "ਹਕੂਮਤ ਦੇ ਸਿੱਖਾਂ ਵੱਲ ਕਰੜੇ ਵਤੀਰੇ ਦਾ ਸੁਭਾਵਕ ਤੌਰ 'ਤੇ ਅਸਰ ਹੋਣਾ ਸੀ, ਪਰ ਘਬਰਾਹਟ ਨਹੀਂ। ਇਸ ਵੇਲੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਨ ਵਾਲਾ ਹਰ ਸਿਖ ਕੁਰਬਾਨੀ ਲਈ ਮਨ ਬਣਾ ਕੇ ਹੀ ਆਪਣਾ ਆਪ ਗੁਰੂ ਦੇ ਅਰਪਨ ਕਰਦਾ ਹੈ। ਉਹਦੀ ਚਿੰਤਾ ਸਿਰਫ਼ ਪਰਵਾਰਾਂ ਬਾਰੇ ਹੈ। ਹਕੂਮਤ ਦੇ ਨਸ਼ੇ ਵਿਚ ਹਾਕਮ ਉਨ੍ਹਾਂ ਦੀ ਬੇਪਤੀ ਨਾ ਕਰਨ ਤੇ ਬੱਚਿਆਂ ਨੂੰ ਕਸ਼ਟ ਤੋਂ ਬਚਾਇਆ ਜਾਏ। ਇਸ ਲਈ ਜਿਨ੍ਹਾਂ ਪਿੰਡਾਂ ਵਿਚ ਪੂਰਨ ਏਕਤਾ ਹੈ, ਕੋਈ ਚੁਗਲੀ ਕਰਨ ਵਾਲਾ ਨਹੀਂ, ਉਥੋਂ ਤਾਂ ਸਿਖ ਪਰਵਾਰ ਨਹੀਂ ਉੱਠ ਰਹੇ, ਨਾ ਹੀ ਪਿੰਡਾਂ ਦੇ ਹਿੰਦੂ ਮੁਸਲਮਾਨ ਉਨ੍ਹਾਂ ਨੂੰ ਉੱਠਣ ਦਿੰਦੇ ਹਨ, ਪਰ ਜਿਨ੍ਹਾਂ ਪਿੰਡਾਂ ਵਿਚ ਹਕੂਮਤ ਦੇ ਝੋਲੀ ਚੁੱਕ ਤੇ ਫ਼ਿਰਕੂ ਨਫ਼ਰਤ ਪੈਦਾ ਕਰਨ ਵਾਲੇ ਹਨ, ਉਨ੍ਹਾਂ ਪਿੰਡਾਂ ਦੇ ਸਿਖ ਪਰਵਾਰ ਕੱਢੇ ਜਾ ਰਹੇ ਹਨ ਤਾਕਿ ਉਨ੍ਹਾਂ 'ਤੇ ਕੋਈ ਅਚੋਪਲੇ ਬਿਪਤਾ ਨਾ ਆ ਪਵੇ।"

"ਮੈਂ ਜਲੰਧਰ ਦੇ ਫ਼ੌਜਦਾਰ ਨੂੰ ਵੀ ਕਹਿ ਕੇ ਆਇਆ ਹਾਂ ਕਿ ਉਹ ਸਿੱਖਾਂ ਵਿਰੁੱਧ ਚੁਗਲੀਆਂ ਕਰ ਕੇ ਹਕੂਮਤ ਤੋਂ ਅਯੋਗ ਲਾਭ ਉਠਾਣ ਵਾਲਿਆਂ ਦੀ ਸੂਚੀ ਸਾਨੂੰ ਦੇਵੇ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਪਰ ਮੈਨੂੰ ਉਸ ਤੋਂ ਬਹੁਤੀ ਉਮੀਦ ਨਹੀਂ। ਇਸ ਲਈ ਸਾਨੂੰ ਆਪ ਹੀ ਫ਼ਹਿਰਿਸਤ ਤਿਆਰ ਕਰਨੀ ਹੋਵੇਗੀ ਤੇ ਇਸ ਕੰਮ ਲਈ ਉਹ ਪਰਵਾਰ ਮਦਦਗਾਰ ਹੋ ਸਕਦੇ ਹਨ, ਜੋ ਅਜਿਹੇ ਲੋਕਾਂ ਦੀਆਂ ਹਰਕਤਾਂ ਦੇਖ ਕੇ ਆ ਰਹੇ ਹਨ।"

"ਜੇ ਇਹ ਚੁਗਲਖ਼ੋਰ ਗ਼ਲਤ ਇਤਲਾਹਾਂ ਹਕੂਮਤ ਤਕ ਨਾ ਪਹੁੰਚਾਣ ਤਾਂ ਪਿੰਡਾਂ ਵਿਚ ਕੋਈ ਸਮੱਸਿਆ ਹੀ ਨਹੀਂ," ਉਸੇ ਬਜ਼ੁਰਗ ਨੇ ਉੱਤਰ ਦਿੱਤਾ, "ਬਹੁਤਾ ਵਿਗਾੜ ਉਨ੍ਹਾਂ ਲੋਕਾਂ ਦਾ ਪਾਇਆ ਹੋਇਆ ਹੈ, ਜੋ ਇਕ ਪਾਸੇ ਹਕੂਮਤ ਨੂੰ ਗੁੰਮਰਾਹ ਕਰਦੇ ਹਨ ਤੇ ਦੂਜੇ ਪਾਸੇ ਜਨ-ਸਾਧਾਰਨ 'ਤੇ ਜ਼ੁਲਮ ਕਰ ਕੇ ਅਸ਼ਾਂਤੀ ਪੈਦਾ ਕਰਦੇ ਹਨ। ਲੋਕ ਹਮੇਸ਼ਾਂ ਸ਼ਾਂਤੀ ਪਸੰਦ ਹੁੰਦੇ ਹਨ। ਵੇਖ ਲਉ, ਪਿੰਡਾਂ ਵਿਚ ਸਭ ਹਿੰਦੂ ਤੇ ਮੁਸਲਮਾਨ ਸਿੱਖਾਂ ਨੂੰ ਪਿਆਰ ਕਰਦੇ ਹਨ, ਸਾਥ ਦੇਣ ਲਈ ਤਿਆਰ ਹਨ, ਪਰ ਇਕ ਅੱਧ ਗੰਦੀ ਮੱਛੀ ਸਾਰੇ ਜਲ ਨੂੰ ਗੰਦਾ ਕਰ ਦੇਣ ਦੇ ਸਮਰੱਥ ਹੁੰਦੀ ਹੈ। ਲੋਕ ਧਰਮਾਂ ਦੇ ਨਾਮ 'ਤੇ ਨਹੀਂ ਲੜਦੇ, ਖ਼ੁਦਗਰਜ਼ ਇਨ੍ਹਾਂ ਨੂੰ ਲੜਾਉਣ ਲਈ ਤੀਲੀ ਲਾਂਦੇ ਰਹਿੰਦੇ ਹਨ।"

"ਤੁਸੀਂ ਰਾਹੋਂ ਨਾਲ, ਉਹ ਬੰਗੇ ਨਾਲ ਤੇ ਅੱਗੋਂ ਇਸ ਤਰ੍ਹਾਂ ਸਾਰੇ ਦੁਆਬੇ ਵਿਚ ਇਕ ਦੂਜੇ ਨਾਲ ਸੰਪਰਕ ਰੱਖੋ। ਸਥਿਤੀ 'ਤੇ ਨਜ਼ਰ ਰੱਖੋ ਤੇ ਇਕ ਦੂਜੇ ਦੀ ਮਦਦ ਲਈ ਤਿਆਰ ਰਹੋ," ਜਥੇਦਾਰ ਕਰਮ ਸਿੰਘ ਨੇ ਹਦਾਇਤ ਕੀਤੀ, "ਦੋ ਕੰਮ ਤੁਰਤ ਕਰਨ ਵਾਲੇ ਹਨ। ਜਿਨ੍ਹਾਂ ਪਿੰਡਾਂ ਵਿਚ ਲੋਕੀਂ ਸਿੱਖਾਂ ਨੂੰ ਸੰਭਾਲੀ ਬੈਠੇ ਹਨ, ਉਨ੍ਹਾਂ ਦੀ ਰਾਖੀ ਦੀ ਜ਼ਿੰਮੇਵਾਰੀ ਸਾਨੂੰ ਲੈਣੀ ਚਾਹੀਦੀ ਏ। ਉਨ੍ਹਾਂ ਵਿਰੁੱਧ ਜੇਕਰ ਕੋਈ ਤਸ਼ੱਦਦ ਹੋਵੇ ਤਾਂ ਤੁਰਤ ਉਹਦੇ ਟਾਕਰੇ ਲਈ ਨਿੱਤਰ ਆਉ। ਦੂਜਾ ਕੰਮ ਹੈ, ਚੁਗਲਖ਼ੋਰਾਂ ਤੇ ਲੋਕਾਂ ਵਿਚ ਪਾੜ ਪਾ ਕੇ ਆਪਣਾ ਉੱਲੂ ਸਿੱਧਾ ਕਰਨ ਵਾਲਿਆਂ ਨਾਲ ਨਿਬੜਨਾ। ਮੈਂ ਕੀਰਤਪੁਰ ਤੇ ਅਨੰਦਪੁਰ ਤੋਂ ਹੋ ਕੇ ਛੇਤੀ

ਇਸ ਪਾਸੇ ਫਿਰ ਚੱਕਰ ਲਾਵਾਂਗਾ। ਇਤਨੇ ਚਿਰ ਤਕ ਬੰਦਾ ਸਿੰਘ ਬਹਾਦਰ ਦੀ ਅਗਲੀ ਕਾਰਵਾਈ ਬਾਰੇ ਵੀ ਪਤਾ ਲੱਗ ਜਾਏਗਾ। ਸੁਣਿਆ ਏ ਕਿ ਉਹ ਜੰਮੂ ਦੀਆਂ ਪਹਾੜੀਆਂ ਵਿਚ ਕਿਧਰੇ ਟਿਕ ਕੇ ਫ਼ੌਜੀ ਸੰਗਠਨ ਮਜ਼ਬੂਤ ਕਰ ਰਹੇ ਹਨ। ਜਦੋਂ ਹਾਲਾਤ ਸੁਖਾਵੇਂ ਹੋਏ, ਉਹ ਅਵੱਸ਼ ਮੈਦਾਨਿ-ਜੰਗ ਵਿਚ ਨਿੱਤਰ ਕੇ ਮੁਗ਼ਲਾਂ ਨਾਲ ਭਰਪੂਰ ਟੱਕਰ ਲੈਣਗੇ। ਮੁਗ਼ਲ ਹਕੂਮਤ ਦੀਆਂ ਜੜ੍ਹਾਂ ਤਾਂ ਹਿੱਲ ਗਈਆਂ ਹਨ, ਹੁਣ ਇਹ ਬੂਟਾ ਜੜ੍ਹੋਂ ਪੁੱਟ ਕੇ ਸੁਟਣ ਲਈ ਹੰਭਲਾ ਮਾਰਨਾ ਹੈ।" ਜਥੇਦਾਰ ਕਰਮ ਸਿੰਘ ਦੀਆਂ ਚੜ੍ਹਦੀ ਕਲਾ ਦੀਆਂ ਅਜਿਹੀਆਂ ਗੱਲਾਂ ਦਾ ਸਿੰਘਾਂ 'ਤੇ ਬਹੁਤ ਅਸਰ ਹੁੰਦਾ। ਉਹ ਬੰਦਾ ਸਿੰਘ ਬਹਾਦਰ ਦੇ ਮੁੜ ਭਰਪੂਰ ਹਮਲੇ ਦੀਆਂ ਗੱਲਾਂ ਸੁਣ ਕੇ ਬੀਰ-ਰਸ ਵਿਚ ਆ ਜਾਂਦੇ। ਜਥੇਦਾਰ ਕਰਮ ਸਿੰਘ ਦੇ ਪ੍ਰਗਟਾਏ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਉਹ ਉਹਦੀਆਂ ਗੱਲਾਂ ਵਿਚਕਾਰ ਝੱਟ-ਪਟ ਪਿੱਛੋਂ ਜੈਕਾਰੇ ਗਜਾਂਦੇ।

ਜਥੇਦਾਰ ਕਰਮ ਸਿੰਘ ਜਥੇ ਸਮੇਤ ਕੀਰਤਪੁਰ ਪਹੁੰਚ ਗਿਆ। ਉਹਦੇ ਜਥੇ ਪਾਸ ਹੁਣ ਘੋੜੇ ਵੀ ਪਹਿਲਾਂ ਨਾਲੋਂ ਵੱਧ ਸਨ ਤੇ ਨਵੀਨਤਮ ਸ਼ਸਤਰ ਵੀ ਹੋ ਗਏ ਸਨ। ਗੱਡਿਆਂ 'ਤੇ ਆ ਰਿਹਾ ਅਨਾਜ ਦੇਰ ਨਾਲ ਪਹੁੰਚਣਾ ਸੀ, ਇਸ ਲਈ ਰਸਤੇ ਵਿਚ ਘੋੜਿਆਂ 'ਤੇ ਵੀ ਅਨਾਜ ਰੱਖ ਲਿਆ ਗਿਆ। ਦਰਿਆ ਸਤਲੁਜ ਦੇ ਕੰਢੇ ਕੰਢੇ ਇਕ ਨਵਾਂ ਨਗਰ ਤੰਬੂਆਂ ਦਾ ਵੱਸਿਆ ਹੋਇਆ ਸੀ ਤੇ ਨਾਲੋ ਨਾਲੋ ਕੀਰਤਪੁਰ ਸਾਹਿਬ ਦੇ ਗੁਰ-ਅਸਥਾਨਾਂ ਨਾਲ ਮਕਾਨ ਵੀ ਬਣ ਰਹੇ ਸਨ। ਜਾਂਦਿਆਂ ਪਹਿਲਾਂ ਪ੍ਰਬੰਧ ਦੇਖਿਆ। ਇਥੇ ਪਹੁੰਚ ਚੁੱਕੇ ਪਰਵਾਰਾਂ ਦੇ ਜੀਆਂ ਨਾਲ ਗੱਲ-ਬਾਤ ਕੀਤੀ ਤੇ ਫਿਰ ਉਹ ਆਪਣੇ ਪਰਵਾਰ ਪਾਸ ਆਇਆ। ਸ਼ਾਮ ਨੂੰ ਸਿੰਘਾਂ ਦਾ ਇਕ ਇਕੱਠ ਕੀਤਾ ਤੇ ਉਸ ਵਿਚ ਪ੍ਰਬੰਧ ਬਾਰੇ ਕਈ ਸਮੱਸਿਆਵਾਂ 'ਤੇ ਵਿਚਾਰ ਹੋਇਆ।

ਰਾਤ ਨੂੰ ਖਾਣੇ ਤੋਂ ਵਿਹਲੇ ਹੋ ਕੇ ਪਹਿਲਾਂ ਦੇਸ਼ ਕੌਮ ਦੀ ਸਥਿਤੀ ਬਾਰੇ ਗੱਲ-ਬਾਤ ਹੋਈ ਤੇ ਫਿਰ ਪ੍ਰਸ਼ਨ-ਉੱਤਰ ਤੇ ਖੁੱਲ੍ਹੇ ਵਿਚਾਰ-ਵਟਾਂਦਰੇ ਦਾ ਸਿਲਸਿਲਾ ਆਰੰਭ ਹੋ ਗਿਆ। ਇਕ ਜਥੇਦਾਰ ਨੇ ਕਿਹਾ, "ਸਾਨੂੰ ਅਨੰਦਪੁਰ ਇਹ ਰੌਣਕਾਂ ਲਾਣੀਆਂ ਚਾਹੀਦੀਆਂ ਸਨ। ਕੀਰਤਪੁਰ ਨੂੰ ਇਸ ਲਈ ਕਿਉਂ ਚੁਣਿਆ ਹੈ ?"

"ਫ਼ੌਜੀ ਦ੍ਰਿਸ਼ਟੀਕੋਣ ਤੋਂ!" ਜਥੇਦਾਰ ਕਰਮ ਸਿੰਘ ਨੇ ਤੁਰਤ ਸਮਝਾਇਆ, "ਅਨੰਦਪੁਰ ਤੋਂ ਉਪਰ ਪਹਾੜਾਂ ਵਿਚ ਕੁਝ ਨਹੀਂ। ਦੂਜੇ ਪਾਸੇ ਥੋੜ੍ਹੀ ਦੂਰ ਚੋਅ ਹਨ। ਇਹੀ ਇਕ ਰਸਤਾ ਹੈ। ਉਹਦੇ ਟਾਕਰੇ ਅਸੀਂ ਕੀਰਤਪੁਰ ਤੋਂ ਚੁਫੇਰਿਉਂ ਮਦਦ ਲੈ ਸਕਦੇ ਹਾਂ। ਅੰਨ-ਦਾਣਾ ਪਹੁੰਚ ਸਕਦਾ ਏ ਤੇ ਬਿਲਾਸਪੁਰ ਵੱਲ ਪਹਾੜੀ ਇਲਾਕੇ ਦੇ ਰਸਤੇ ਇਥੋਂ ਪੈਂਦੇ ਹਨ। ਉਧਰ ਪਹਾੜੀ ਇਲਾਕਿਆਂ ਵੱਲੋਂ ਅੰਨ-ਦਾਣਾ ਆ ਸਕਦਾ ਏ। ਇਧਰੋਂ ਹੀ ਕਿਸੇ ਵੇਲੇ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਲੰਘ ਕੇ ਗਈਆਂ ਹਨ। ਲੜਾਈ ਦੇ ਦ੍ਰਿਸ਼ਟੀਕੋਣ ਤੋਂ ਕੀਰਤਪੁਰ ਬਹੁਤ ਹੀ ਵਧੀਆ ਟਿਕਾਣਾ ਏ।"

"ਸਾਡੇ ਪਾਸ ਕਿਤਨੇ ਘੋੜੇ ਤੇ ਖੱਚਰਾਂ ਹਨ ?" ਇਕ ਸਿੰਘ ਨੇ ਪੁੱਛਿਆ, "ਸਾਨੂੰ ਆਪਣੀ ਤਾਕਤ ਦਾ ਪਤਾ ਹੋਣਾ ਚਾਹੀਦਾ ਏ।"

"ਇਹ ਸਵਾਲ ਠੀਕ ਨਹੀਂ," ਜਥੇਦਾਰ ਕਰਮ ਸਿੰਘ ਝੱਟ ਬੋਲ ਪਿਆ, "ਖੁੱਲ੍ਹੇ-ਆਮ ਅਜਿਹੀਆਂ ਗੱਲਾਂ ਤੁਰਤ ਦੁਸ਼ਮਣ ਤਕ ਪਹੁੰਚ ਸਕਦੀਆਂ ਹਨ। ਇਸ ਲਈ ਇਸ ਬਾਰੇ ਕੁਝ ਨਾ ਪੁੱਛਿਆ ਜਾਏ। ਸਾਰੇ ਜਥੇਦਾਰਾਂ ਨੂੰ ਪਤਾ ਹੈ, ਉਹ ਜਾਣਦੇ ਹਨ ਤੇ ਉਨ੍ਹਾਂ ਦਾ ਜਾਣਨਾ ਹੀ ਕਾਫ਼ੀ ਏ। ਕਲਗੀਧਰ ਪਾਤਿਸ਼ਾਹ ਨੇ ਇਕ ਇਕ ਸਿੰਘ ਨੂੰ ਸਵਾ ਸਵਾ ਲੱਖ ਦੇ ਬਰਾਬਰ ਦੱਸਿਆ ਹੈ। ਫਿਰ ਤੁਸੀਂ ਕਿਥੋਂ ਤਕ ਗਿਣਤੀ ਕਰ ਲਉਗੇ। ਆਪਾਂ ਗਿਣਤੀ ਨਾਲ ਨਹੀਂ, ਗੁਣਾਂ ਨਾਲ ਇਹ ਸੰਘਰਸ਼ ਜਿੱਤਣਾ ਹੈ। ਗੁਣ ਨਾ ਹੋਣ ਤਾਂ ਗਿਣਤੀ ਵੀ ਕੁਝ ਨਹੀਂ ਕਰ ਸਕਦੀ।"

ਜਥੇਦਾਰ ਕਰਮ ਸਿੰਘ ਨੇ ਦੇਖਿਆ ਕਿ ਜਿਹੜਾ ਸੁਪਨਾ ਉਹਨੇ ਕਰਤਾਰਪੁਰ ਦੀਪੋ ਦੀਆਂ ਗੱਲਾਂ ਵਿਚ ਦੇਖਿਆ ਸੀ, ਉਹ ਹੁਣ ਕੀਰਤਪੁਰ ਵਿਚ ਸਾਕਾਰ ਹੁੰਦਾ ਜਾਪਦਾ ਹੈ। ਦੀਪੋ ਨੂੰ ਇਥੇ ਆਇਆਂ ਭਾਵੇਂ ਦੋ-ਚਾਰ ਦਿਨ ਹੀ ਹੋਏ ਸਨ, ਪਰ ਉਹਨੇ ਪਰਵਾਰਾਂ ਦੀਆਂ ਸਿਖ ਔਰਤਾਂ ਨੂੰ ਹੁਣ ਨਵੇਂ ਜੀਵਨ ਵਿਚ ਢਾਲਣਾ ਸ਼ੁਰੂ ਕਰ ਦਿੱਤਾ ਸੀ। ਆਪਣੇ ਘਰਾਂ ਵਿਚ ਹੁੰਦਿਆਂ ਹਰ ਔਰਤ ਆਪਣੇ ਪਰਵਾਰ ਦੀਆਂ ਇਛਾਵਾਂ ਅਨੁਸਾਰ ਪਕਾਂਦੀ ਤੇ ਬਣਾਂਦੀ ਸੀ, ਪਰ ਇਥੇ ਸਾਂਝੇ ਲੰਗਰ ਵਿਚ ਤਾਂ ਉਹੀ ਕੁਝ ਬਣ ਸਕਦਾ ਸੀ, ਜੋ ਸਭ ਨੂੰ ਪ੍ਰਵਾਨ ਹੋਵੇ ਜਾਂ ਜੋ ਮਿਲ ਸਕੇ। ਘਰ ਵਿਚ ਤਾਂ ਬੱਚੇ ਵੀ ਕਹਿੰਦੇ ਹਨ ਕਿ ਮੈਂ ਇਹ ਦਾਲ ਨਹੀਂ ਖਾਣੀ, ਉਹ ਸਬਜ਼ੀ ਨਾ ਬਣਾਣੀ, ਪਰ ਇਥੇ ਤਾਂ ਜੋ ਮਿਲ ਜਾਏ, ਉਹੀ ਵਧੀਆ ਏ।

ਰਾਤ ਨੂੰ ਦੀਪੋ ਨੇ ਜਥੇਦਾਰ ਕਰਮ ਸਿੰਘ ਨੂੰ ਦੱਸਿਆ, "ਅਸੀਂ ਫ਼ੈਸਲਾ ਕਰ ਲਿਆ ਏ ਕਿ ਦਿਨ ਨੂੰ ਬੱਚਿਆਂ ਨੂੰ ਇਕੱਠੇ ਕਰ ਕੇ ਪੈਂਤੀ ਅੱਖਰੀ ਪੜ੍ਹਾਣੀ ਏ ਤੇ ਹਰ ਬੱਚੇ ਨੂੰ ਪੰਜਾਬੀ ਪੜ੍ਹਨ ਤੇ ਫਿਰ ਗੁਰਬਾਣੀ ਦਾ ਪਾਠ ਆਪ ਕਰ ਸਕਣ ਦੇ ਯੋਗ ਬਣਾਣਾ ਏ। ਜਿਹੜੀ ਸਾਡੇ 'ਚੋਂ ਗਿਣਤੀ ਸਿਖਾ ਸਕਦੀ ਏ, ਉਹ ਗਿਣਤੀ ਤੇ ਹਿਸਾਬ ਪੜ੍ਹਾ ਲਿਆ ਕਰੇਗੀ।"

"ਇਹ ਤਾਂ ਬਹੁਤ ਵਧੀਆ ਕੰਮ ਏ," ਕਰਮ ਸਿੰਘ ਨੇ ਕਿਹਾ, "ਮੇਰੇ ਵਾਹਿਗੁਰੂ ਨੇ ਇਸੇ ਲਈ ਘਰ-ਬਾਰ ਛੱਡ ਕੇ ਇਕੱਠੇ ਇਕ ਥਾਂ ਰਹਿਣ ਦਾ ਅਵਸਰ ਬਖ਼ਸ਼ ਦਿੱਤਾ ਏ।"

"ਮੈਂ ਵੀ ਇਹੀ ਸੋਚਦੀ ਹਾਂ," ਦੀਪੋ ਨੇ ਉੱਤਰ ਦਿੱਤਾ, "ਜਦੋਂ ਮੈਂ ਤੁਹਾਡੇ ਨਾਲ ਗੱਲ ਕੀਤੀ ਸੀ ਕਿ ਔਰਤਾਂ ਨੂੰ ਵੀ ਜਥਾ ਬਣਾ ਕੇ ਸ਼ਸਤਰ ਵਿਦਿਆ ਸਿੱਖਣੀ ਚਾਹੀਦੀ ਏ ਤਾਂ ਤੁਸੀਂ ਕਿਹਾ ਸੀ ਕਿ ਇਹ ਸੰਭਵ ਨਹੀਂ। ਮੈਂ ਵੀ ਜਿਤਨੀਆਂ ਭੈਣਾਂ ਨਾਲ ਗੱਲ ਕੀਤੀ, ਸਭ ਨੇ ਮੇਰਾ ਵਿਚਾਰ ਰੱਦ ਕਰ ਦਿੱਤਾ ਪਰ ਹੁਣ ਤਾਂ ਸਾਰੀਆਂ ਕਹਿ ਰਹੀਆਂ ਨੇ ਕਿ ਸਾਨੂੰ ਆਪਣੀ ਰੱਖਿਆ ਆਪ ਕਰਨ ਦੇ ਸਮਰੱਥ ਹੋਣਾ ਚਾਹੀਦਾ ਏ। ਅਸੀਂ ਸਾਰੀਆਂ ਜਵਾਨ ਮੁਟਿਆਰਾਂ ਨੇ ਸ਼ਾਮ ਨੂੰ ਕੁਝ ਸਮਾਂ ਸ਼ਸਤਰ ਵਿਦਿਆ ਸਿੱਖਣ ਦਾ ਵਿਚਾਰ ਬਣਾ ਲਿਆ ਏ, ਸਿਰਫ਼ ਤੁਹਾਡੀ ਉਡੀਕ ਸੀ ਤਾਕਿ ਸਾਨੂੰ ਸ਼ਸਤਰ ਵਿਦਿਆ ਸਿਖਾਣ ਦਾ ਕੰਮ ਕੁਝ ਸਿੰਘਾਂ ਨੂੰ ਸੌਂਪ ਦਿਉ।"

"ਇਹ ਹੁਣ ਕਲ੍ਹ ਸਵੇਰੇ ਕਰ ਦਿਆਂਗੇ," ਜਥੇਦਾਰ ਕਰਮ ਸਿੰਘ ਨੇ ਕਿਹਾ, "ਤੁਸੀਂ ਤਾਂ ਆਪਣੇ ਲਈ ਰੁਝੇਵੇਂ ਚੁਣ ਲਏ ਨੇ, ਜੋ ਵਧੀਆ ਹਨ ਪਰ ਮਾਂ ਵਰਗੀਆਂ ਬੁੱਢੀਆਂ ਦਾ ਕੀ ਕਰੋਗੀਆਂ। ਉਹ ਤਾਂ ਉਕਤਾ ਜਾਣਗੀਆਂ।"

"ਨਹੀਂ, ਉਨ੍ਹਾਂ ਦੇ ਵੱਖਰੇ ਇਕੱਠ ਕਰਿਆ ਕਰਾਂਗੇ," ਦੀਪੋ ਨੇ ਦੱਸਿਆ, "ਉਹ ਕੁਝ ਸਮਾਂ ਲੰਗਰ ਵਿਚ ਸੇਵਾ ਕਰਨਗੀਆਂ ਤੇ ਕੁਝ ਸਮਾਂ ਕਥਾ ਵਾਰਤਾ ਲਈ ਜੁੜਿਆ ਕਰਨਗੀਆਂ। ਥੱਕ ਗਈਆਂ ਤਾਂ ਨਿੱਕੇ ਬਾਲਾਂ ਨਾਲ ਲਾਡ ਪਿਆਰ ਕਰ ਕੇ ਥਕਾਵਟ ਲਾਹ ਲੈਣਗੀਆਂ ਜਾਂ ਆਰਾਮ ਕਰਨਗੀਆਂ।"

46

ਅਨੰਦਪੁਰ ਵਿਚ ਜਾਸੂਸਾਂ ਦਾ ਇਕ ਜਥਾ ਤਿਆਰ ਕੀਤਾ ਗਿਆ। ਉਨ੍ਹਾਂ ਨੂੰ ਮੁਸਲਮਾਨ ਫ਼ਕੀਰਾਂ ਵਾਲਾ ਰੂਪ ਰੱਖਣ ਦੀ ਜਾਚ ਸਿਖਾਈ ਗਈ। ਮੁਸਲਮਾਨ ਸੂਫ਼ੀਆਂ ਦੀ ਸਿਖ ਲੋਕ-ਲਹਿਰ ਨਾਲ ਪੁਰਾਣੀ ਸਾਂਝ ਸੀ। ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਗੁਰੂ ਸਾਹਿਬਾਨ ਵਧੇਰੇ ਕਰਕੇ ਸੂਫ਼ੀ ਸੰਤਾਂ ਦੇ ਡੇਰਿਆਂ 'ਤੇ ਹੀ ਠਹਿਰਦੇ ਰਹੇ ਸਨ। ਇਸ ਲਈ

ਉਨ੍ਹਾਂ ਵਰਗੀ ਰਹਿਣੀ-ਬਹਿਣੀ ਦੀ ਨਕਲ ਕਰਨ ਵਿਚ ਕੋਈ ਔਖ ਨਹੀਂ ਸੀ। ਇਨ੍ਹਾਂ ਵਿਚ ਕੁਝ ਮੁਸਲਮਾਨ ਵੀ ਸਨ ਤੇ ਕੁਝ ਹਿੰਦੂ ਤੇ ਸਿਖ ਵੀ। ਖ਼ਾਸ ਤੌਰ 'ਤੇ ਸਿਖਲਾਈ ਦਿੱਤੀ ਗਈ ਕਿ ਜਦ ਉਹ ਕਿਸੇ ਮੁਸਲਮਾਨ ਨੂੰ ਮਿਲਣ ਤਾਂ ਕਿਸ ਤਰ੍ਹਾਂ ਦੀ ਉਰਦੂ ਫ਼ਾਰਸੀ ਦੀ ਸ਼ਬਦਾਵਲੀ ਦਾ ਪ੍ਰਯੋਗ ਕਰਨ ਤੇ ਜਦੋਂ ਉਹ ਕਿਸੇ ਹਾਕਮ ਨੂੰ ਮਿਲ ਪੈਣ ਤਾਂ ਇਸਲਾਮੀ ਢੰਗ ਨਾਲ ਸਲਾਮ ਕਰਨ। ਜੇ ਉਹ ਕਿਸੇ ਸਿਖ ਜਾਂ ਸਹਿਜਧਾਰੀ ਪਰਵਾਰ ਪਾਸ ਜਾਣ ਤਾਂ ਕਿਸ ਤਰ੍ਹਾਂ 'ਸਤਿ ਸ੍ਰੀ ਅਕਾਲ' ਹੌਲੀ ਜਿਹੀ ਕਹਿ ਕੇ ਦੱਸ ਦੇਣ ਕਿ ਉਹ ਸਿਖ ਹਨ ਜਾਂ ਸਿੱਖਾਂ ਦੇ ਭੇਜੇ ਹੋਏ ਹਨ।

"ਇਹ ਬਹੁਰੂਪੀਏ ਬਣਾਨ ਦਾ ਸਾਨੂੰ ਕੀ ਲਾਭ ?" ਇਕ ਜੱਥੇਦਾਰ ਨੇ ਪ੍ਰਸ਼ਨ ਕੀਤਾ, "ਇਹ ਕਿਹੜਾ ਜ਼ਾਲਮਾਂ ਨੂੰ ਜ਼ੁਲਮ ਕਰਨ ਤੋਂ ਰੋਕ ਸਕਦੇ ਹਨ।"

"ਕਿਸੇ ਲਹਿਰ ਜਾਂ ਜਥੇਬੰਦਕ ਅੰਦੋਲਨ ਦੀ ਸਫਲਤਾ ਵਿਚ ਸੂਹੀਆ ਵਰਗ ਦਾ ਬਹੁਤ ਵੱਡਾ ਹਿੱਸਾ ਹੁੰਦਾ ਏ। ਕੋਈ ਵੀ ਲੜਾਈ ਜਾਂ ਸੰਘਰਸ਼ ਕੇਵਲ ਆਪਣੀ ਤਾਕਤ ਨਾਲ ਨਹੀਂ ਲੜਿਆ ਜਾ ਸਕਦਾ, ਉਸ ਲਈ ਸਾਵਧਾਨੀ ਜ਼ਰੂਰੀ ਹੈ। ਦੁਸ਼ਮਣ ਦੀਆਂ ਸਰਗਰਮੀਆਂ, ਚਾਲਾਂ ਤੇ ਵਿਉਂਤਾਂ ਦਾ ਪਤਾ ਕਰਨਾ ਜਿੱਤ ਲਈ ਜ਼ਰੂਰੀ ਹੈ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਸਾਨੂੰ ਪਤਾ ਹੋਣਾ ਚਾਹੀਦਾ ਏ ਕਿ ਉਹ ਸਾਡੇ ਬਾਰੇ ਕਿਵੇਂ ਸੋਚਦਾ ਏ। ਸਾਨੂੰ ਹਰਾਉਣ ਲਈ ਕੀ ਕੁਝ ਕਰਨ ਜਾ ਰਿਹਾ ਹੈ। ਅਸੀਂ ਇਹ ਵੀ ਜਾਣਨਾ ਹੈ ਕਿ ਪਿੰਡਾਂ ਵਿਚ ਕਿਹੜਾ ਕਿਹੜਾ ਹਕੂਮਤ ਦਾ ਝੋਲੀ ਚੁੱਕ ਏ। ਉਹਨੂੰ ਸਿੱਧੇ ਰਾਹ ਲਿਆਉਣ ਲਈ ਕੀ ਕੁਝ ਕਰਨਾ ਚਾਹੀਦਾ ਏ। ਇਹ ਸਾਰਾ ਕੁਝ ਸਾਨੂੰ ਇਹੀ ਸੂਹੀਏ ਆ ਕੇ ਦੱਸਣਗੇ। ਇਨ੍ਹਾਂ ਦੀਆਂ ਇਤਲਾਹਾਂ ਦੇ ਆਧਾਰ 'ਤੇ ਹੀ ਅੱਗੋਂ ਅਸੀਂ ਕਾਰਵਾਈ ਕਰ ਸਕਾਂਗੇ।"

"ਇਹ ਕਿੰਨੇ ਕੁ ਸਮੇਂ ਵਿਚ ਸਿਖਲਾਈ ਨਾਲ ਤਿਆਰ ਹੋ ਜਾਣਗੇ ?" ਜਥੇਦਾਰ ਦਾ ਅਗਲਾ ਪ੍ਰਸ਼ਨ ਸੀ। ਉਹਦੀ ਪੁੱਛ ਤੋਂ ਹੀ ਪਤਾ ਲੱਗਦਾ ਸੀ ਕਿ ਉਹ ਸੰਤੁਸ਼ਟ ਹੋ ਗਿਆ ਏ ਤੇ ਉਹਨੂੰ ਸੂਹੀਏ ਤਿਆਰ ਕਰਨ ਦੀ ਵਿਸ਼ੇਸ਼ਤਾ ਸਮਝ ਆ ਗਈ ਏ।

"ਇਕ ਮਹੀਨਾ ਤਾਂ ਲੱਗ ਜਾਵੇਗਾ," ਜਥੇਦਾਰ ਕਰਮ ਸਿੰਘ ਨੇ ਕਿਹਾ, "ਆਖ਼ਰ ਕੇਸਾਂ ਨੂੰ ਖਿਲਾਰ ਕੇ ਪਿੱਛੇ ਸੁੱਟਣ ਤੇ ਉਪਰ ਪਗੜੀ ਬੰਨ੍ਹਣ ਦਾ ਢੰਗ ਦੱਸਣਾ ਪਵੇਗਾ। ਹਿੰਦੂਆਂ ਮੁਸਲਮਾਨਾਂ ਨੂੰ ਮੁਸਲਮਾਨੀ ਢੰਗ ਦੀਆਂ ਟੋਪੀਆਂ ਜਾਂ ਪਟਕੇ ਲਪੇਟਣ ਦੀ ਜਾਚ ਸਿੱਖਣ ਅਤੇ ਸੰਤਾਂ ਫ਼ਕੀਰਾਂ ਵਾਲੀ ਸ਼ਬਦਾਵਲੀ ਸਿੱਖਦਿਆਂ ਵੀ ਦਿਨ ਲੱਗ ਜਾਣਗੇ। ਇਸ ਤਰ੍ਹਾਂ ਤਿਆਰ ਹੋ ਗਏ ਤਾਂ ਤੁਸੀਂ ਵੀ ਨਹੀਂ ਪਛਾਣ ਸਕੋਗੇ। ਇਹ ਖ਼ਾਸ ਹੁਨਰ ਏ ਤੇ ਇਹਨੂੰ ਸਿੱਖਣਾ ਕੋਈ ਸੌਖਾ ਨਹੀਂ।"

ਪੰਜਾਂ ਹਫ਼ਤਿਆਂ ਪਿੱਛੋਂ ਇਹ ਸੂਹੀਏ ਤਿਆਰ ਹੋ ਗਏ। ਇਨ੍ਹਾਂ ਨੂੰ ਸੇਵਾ ਫਲ ਚੋਖਾ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ। ਇਨ੍ਹਾਂ ਦੇ ਪਰਵਾਰਾਂ ਦੀ ਦੇਖ-ਭਾਲ ਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਜਥੇ ਨੇ ਆਪਣੇ ਜ਼ਿੰਮੇ ਲੈ ਲਈ। ਜਿਹੜੇ ਸਭ ਤੋਂ ਵਧੀਆ ਸੂਹੀਏ ਤਿਆਰ ਹੋਏ, ਉਨ੍ਹਾਂ ਨੂੰ ਲਾਹੌਰ ਭੇਜ ਦਿੱਤਾ ਗਿਆ। ਉਨ੍ਹਾਂ ਨੂੰ ਆਖਿਆ ਗਿਆ ਕਿ ਉਹ ਅਬਦੁਲ ਸਮੱਦ ਖ਼ਾਂ ਦੇ ਆਲੇ-ਦੁਆਲੇ ਦੇ ਲੋਕਾਂ ਨਾਲ ਨੇੜਤਾ ਪੈਦਾ ਕਰਨ ਤੇ ਇਹ ਜਾਣਨ ਦੀ ਕੋਸ਼ਿਸ਼ ਕਰਨ ਕਿ ਉਹ ਸਿੱਖਾਂ ਵਿਰੁੱਧ ਕੀ ਸਾਜ਼ਸ਼ਾਂ ਘੜ ਰਿਹਾ ਹੈ। ਕੀ ਬੰਦਾ ਸਿੰਘ ਬਹਾਦਰ ਬਾਰੇ ਉਹਨੂੰ ਕੋਈ ਜਾਣਕਾਰੀ ਹੈ। ਕੀ ਉਹ ਦਿੱਲੀ ਦਰਬਾਰ ਦਾ ਹਰ ਹੁਕਮ ਮੰਨ ਰਿਹਾ ਹੈ ਜਾਂ ਉਹ ਅੰਦਰੋ-ਅੰਦਰੀ ਵਿਰੁੱਧ ਹੈ। ਪੰਜਾਬ ਵਿਚ ਸਿੱਖ ਪਰਵਾਰਾਂ ਨੂੰ ਬੇਇੱਜ਼ਤ ਕਰਨ ਜਾਂ ਮਾਰਨ ਲਈ ਉਹ ਕਿਸ ਤਰ੍ਹਾਂ ਦੀਆਂ ਹਦਾਇਤਾਂ ਕਰ ਰਿਹਾ ਹੈ। ਇਸੇ ਸੂਹੀਏ ਜਥੇ ਨੇ ਉਹਦੀ ਫ਼ੌਜੀ ਤਾਕਤ ਦਾ ਵੀ ਅਨੁਮਾਨ ਲਾਣਾ ਹੈ। ਇਨ੍ਹਾਂ ਨੂੰ ਇਹ

ਵੀ ਪੱਕੀ ਕੀਤੀ ਗਈ ਕਿ ਉਹ ਆਪਣੇ ਲਾਹੌਰ ਜਾਣ ਬਾਰੇ ਅਨੰਦਪੁਰ ਜਾਂ ਹੋਰ ਕਿਧਰੇ ਕੁਝ ਨਾ ਦੱਸ ਕੇ ਜਾਣ। ਕੀ ਪਤਾ ਕਿਹੜੀ ਥਾਂ ਤੋਂ ਇਹ ਭੇਦ ਖੁੱਲ੍ਹ ਜਾਏ ਤੇ ਫਿਰ ਸੂਹੀਆਂ ਦੀ ਜਾਨ ਨੂੰ ਪਹਿਲਾਂ ਖ਼ਤਰਾ ਪੈਂਦਾ ਹੋ ਜਾਏ।

"ਔਰਤਾਂ ਦਾ ਜਥਾ ਵੀ ਸੂਹੀਆਂ ਦਾ ਤਿਆਰ ਕਰਨਾ ਚਾਹੀਦਾ ਏ," ਦੀਪੋ ਨੇ ਜਥੇਦਾਰ ਕਰਮ ਸਿੰਘ ਨੂੰ ਸਲਾਹ ਦਿੱਤੀ।

"ਬਿਲਕੁਲ ਨਹੀਂ," ਜਥੇਦਾਰ ਕਰਮ ਸਿੰਘ ਨੇ ਤੁਰਤ ਸੁਝਾਅ ਰੱਦ ਕਰ ਦਿੱਤਾ ਤੇ ਕਿਹਾ, "ਔਰਤਾਂ ਮਰਦਾਂ ਨਾਲੋਂ ਵਧੀਆ ਜਾਸੂਸੀ ਕਰ ਸਕਦੀਆਂ ਨੇ। ਮੈਂ ਮੰਨਦਾ ਹਾਂ ਕਿ ਮਰਦ ਦੀ ਕਮਜ਼ੋਰੀ ਔਰਤ ਏ ਤੇ ਕੋਈ ਵੀ ਔਰਤ ਇਸ ਕਮਜ਼ੋਰੀ ਤੋਂ ਛੇਤੀ ਲਾਭ ਉਠਾ ਸਕਦੀ ਏ, ਪਰ ਇਥੇ ਸਵਾਲ ਇਹ ਹੈ ਕਿ ਔਰਤ ਦੀ ਆਪਣੀ ਇੱਜ਼ਤ ਅਸੀਂ ਕਿਵੇਂ ਖ਼ਤਰੇ ਵਿਚ ਪਾ ਸਕਦੇ ਹਾਂ। ਜੇਕਰ ਮਰ ਜਾਣ ਤਕ ਦਾ ਸੰਕਟ ਆ ਜਾਏ ਤਾਂ ਜਾਸੂਸੀ ਕਰਨ ਲਈ ਨਿੱਤਰੀ ਔਰਤ ਮਰ ਸਕਦੀ ਏ, ਪਰ ਜੇਕਰ ਔਰਤ ਹੋਣ ਕਾਰਨ ਕੋਈ ਜ਼ਾਲਮ ਉਹਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲਏ ਤਾਂ ਫਿਰ ਅਸੀਂ ਕੀ ਖੱਟਿਆ।"

"ਇਹ ਵੀ ਤੁਹਾਨੂੰ ਮਰਦਾਂ ਨੂੰ ਵਹਿਮ ਏ," ਦੀਪੋ ਨੇ ਕਿਹਾ, "ਔਰਤ ਜੇਕਰ ਦ੍ਰਿੜ੍ਹਤਾ ਨਾਲ ਡਟ ਜਾਏ ਤਾਂ ਕੋਈ ਵੀ ਉਹਦੀ ਪੱਤ ਨਹੀਂ ਲੁੱਟ ਸਕਦਾ। ਉਹ ਅਜਿਹੇ ਵਹਿਸ਼ੀ ਨੂੰ ਬਿਨਾ ਹਥਿਆਰ ਮਾਰ ਸਕਦੀ ਏ, ਸਿਰਫ਼ ਉਹਦੇ ਵਿਚ ਸਵੈ-ਭਰੋਸਾ ਹੋਣਾ ਚਾਹੀਦਾ ਏ। ਸਾਡੀਆਂ ਭੈਣਾਂ ਨੇ ਕਦੇ ਤਲਵਾਰ ਜਾਂ ਬਰਛਾ ਫੜਿਆ ਨਹੀਂ ਸੀ, ਇਸੇ ਲਈ ਕੋਈ ਉਹਨੂੰ ਮੈਦਾਨਿ-ਜੰਗ ਵਿਚ ਲੜਨ ਦੇ ਕਾਬਲ ਨਹੀਂ ਸੀ ਸਮਝਦਾ। ਹੁਣ ਇਥੇ ਆ ਕੇ ਅਸੀਂ ਸ਼ਸਤਰ ਵਿਦਿਆ ਸਿੱਖ ਲਈ ਏ ਤੇ ਤੁਸੀਂ ਦੇਖਿਆ ਜੇ, ਜਦ ਵੀ ਮੌਕਾ ਬਣਿਆ ਅਸੀਂ ਦੁਸ਼ਮਣ ਨਾਲ ਲੜਾਂਗੀਆਂ। ਹੁਣ ਤੁਹਾਨੂੰ ਸਾਡੀ ਰਾਖੀ ਲਈ ਸਾਡੇ ਦੁਆਲੇ ਪਹਿਰਾ ਦੇਣ ਦੀ ਲੋੜ ਨਹੀਂ। ਅਸੀਂ ਆਪਣੀ ਸਵੈ-ਰੱਖਿਆ ਆਪ ਕਰ ਲਵਾਂਗੀਆਂ।"

"ਦੀਪ, ਮੈਂ ਹੈਰਾਨ ਹਾਂ ਕਿ ਤੇਰੇ ਅੰਦਰ ਇਤਨੀ ਦਲੇਰੀ ਤੇ ਸਵੈ-ਭਰੋਸਾ ਕਿਸ ਤਰ੍ਹਾਂ ਆ ਗਿਆ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਤੂੰ ਤੇ ਇਉਂ ਔਰਤਾਂ ਨੂੰ ਜਥੇਬੰਦ ਕਰ ਲਿਆ ਏ, ਜਿਵੇਂ ਤੂੰ ਜਮਾਂਦਰੂ ਜਰਨੈਲ ਹੋਵੇਂ। ਹਕੂਮਤਾਂ ਬੜੇ ਤਜਰਬੇਕਾਰਾਂ ਨੂੰ ਸਾਲਾਂ ਪਿੱਛੋਂ ਜਰਨੈਲ ਬਣਨ ਦੇ ਸਮਰੱਥ ਸਮਝਦੀਆਂ ਹਨ, ਪਰ ਤੇਰੀ ਹਰ ਗੱਲ ਇਉਂ ਲੱਗਦੀ ਏ ਜਿਵੇਂ ਤੂੰ ਬਹੁਤ ਹੀ ਮਾਹਿਰ, ਸਿੱਖੀ ਹੋਈ ਤੇ ਹੰਢੀ-ਵਰਤੀ ਨੇਤਾ ਹੈਂ।"

"ਮੈਂ ਹੁਣ ਦਿਆਲਪੁਰ ਦੇ ਸ਼ਾਮੂ ਸ਼ਾਹ ਦੀ ਧੀ ਨਹੀਂ, ਜਥੇਦਾਰ ਕਰਮ ਸਿੰਘ ਦੀ ਅਰਧੰਗਣੀ ਹਾਂ। ਕਲਗੀਧਰ ਪਾਤਿਸ਼ਾਹ ਦੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕੀਤਾ ਹੋਇਆ ਏ, ਸਵੇਰੇ ਸ਼ਾਮ ਬਾਣੀ ਦਾ ਪਾਠ ਕਰਦੀ ਹਾਂ। ਇਨ੍ਹਾਂ ਸਾਰੀਆਂ ਗੱਲਾਂ ਦਾ ਇਹ ਮਿਲਵਾਂ ਅਸਰ ਏ," ਦੀਪੋ ਨੇ ਇਕੋ ਸਾਹੇ ਇਤਨੀਆਂ ਗੱਲਾਂ ਕਰ ਦਿੱਤੀਆਂ ਤੇ ਫਿਰ ਪੁੱਛ ਲਿਆ, "ਕੀ ਤੁਸੀਂ ਸਮਝਦੇ ਹੋ ਕਿ ਤੁਹਾਡੇ ਸੰਗ ਰਹਿ ਕੇ ਇਸ ਅਸਰ ਤੋਂ ਵਾਂਝਿਆਂ ਰਹਿ ਸਕਦੀ ਸਾਂ? ਜਿਸ ਦਿਨ ਦੋ ਸਿੰਘਾਂ ਨੇ ਮੈਨੂੰ ਚੌਧਰੀ ਦੀ ਕੈਦ ਤੋਂ ਛੁਡਾਇਆ ਸੀ, ਮੇਰੇ ਵਿਚ ਤਾਂ ਉਸ ਦਿਨ ਤੋਂ ਹੀ ਤਬਦੀਲੀ ਆਉਣੀ ਸ਼ੁਰੂ ਹੋ ਗਈ ਸੀ।"

"ਅੱਛਾ, ਇਹ ਗੱਲ ਏ," ਜਥੇਦਾਰ ਕਰਮ ਸਿੰਘ ਨੇ ਪ੍ਰਸੰਸਾ ਵੱਜੋਂ ਉਹਦਾ ਹੱਥ ਫੜ ਕੇ ਘੁੱਟਦਿਆਂ ਕਿਹਾ, "ਘਰ-ਬਾਰ ਛੱਡ ਕੇ ਇਉਂ ਉਜਾੜ ਵਿਚ ਰਹਿਣਾ ਤੈਨੂੰ ਕਿਸ ਤਰ੍ਹਾਂ ਲੱਗਦਾ ਏ? ਤੇਰੀਆਂ ਹੋਰ ਭੈਣਾਂ ਕਿਵੇਂ ਮਹਿਸੂਸ ਕਰਦੀਆਂ ਨੇ?"

"ਜਿਥੋਂ ਤਕ ਮੇਰਾ ਸੰਬੰਧ ਏ, ਮੈਨੂੰ ਤਾਂ ਇਥੇ ਆਉਣਾ ਸਤਿਗੁਰਾਂ ਦੀ ਮਿਹਰ ਤੇ ਕ੍ਰਿਪਾ ਜਾਪਦੀ ਏ," ਦੀਪੋ ਨੇ ਦੱਸਿਆ, "ਇਥੇ ਨਾ ਆਉਂਦੇ ਤਾਂ ਕਿਸ ਸਾਨੂੰ ਸ਼ਸਤਰ ਵਿਦਿਆ

ਸਿਖਾਣੀ ਸੀ। ਹੋਰ ਔਰਤਾਂ ਨੇ ਵੀ ਕਦੋਂ ਆਪਣੇ ਧਰਮ ਬਾਰੇ ਗੱਲਾਂ ਸੁਣਨੀਆਂ ਸਨ। ਬਹੁਤੀਆਂ ਨੂੰ ਸਿੱਖੀ ਬਾਰੇ ਕੁਝ ਨਹੀਂ ਸੀ ਪਤਾ। ਉਹ ਤੇ ਕੇਵਲ ਇਤਨਾ ਹੀ ਜਾਣਦੀਆਂ ਸਨ ਕਿ ਸਿੱਖਾਂ ਦੀਆਂ ਧੀਆਂ ਹਨ ਜਾਂ ਸਿੱਖਾਂ ਨਾਲ ਵਿਆਹੀਆਂ ਗਈਆਂ ਹਨ। ਇਹ ਉਜਾੜਾ ਸਾਡੇ ਲਈ ਸਤਿਗੁਰੂ ਦੀ ਮਿਹਰ ਤੇ ਨਿਆਮਤ ਸਾਬਤ ਹੋਇਆ ਏ।"

"ਇਹ ਤੇਰੀ ਹੀ ਰਾਏ ਹੈ ਕਿ ਦੂਜੀਆਂ ਦੀ ਵੀ," ਜਥੇਦਾਰ ਕਰਮ ਸਿੰਘ ਨੇ ਹੋਰ ਜਾਣਕਾਰੀ ਲੈਣ ਲਈ ਪੁੱਛਿਆ।

"ਸਾਰੀਆਂ ਤਾਂ ਇਸ ਵਿਚਾਰ ਦੀਆਂ ਨਹੀਂ," ਦੀਪੋ ਨੇ ਦੱਸਿਆ, "ਕਈਆਂ ਨੂੰ ਅਜੇ ਵੀ ਆਪਣੇ ਖੇਤ, ਘਰ ਤੇ ਪਿੱਛੇ ਛੱਡੇ ਪਸ਼ੂ ਯਾਦ ਆ ਰਹੇ ਹਨ। ਕੁਝ ਕਾਹਲੀਆਂ ਵੀ ਪੈ ਗਈਆਂ ਹਨ ਕਿ ਕਦੋਂ ਘਰ ਵਾਪਸ ਜਾਵਾਂਗੀਆਂ। ਜਿਨ੍ਹਾਂ ਨੂੰ ਖੇਤਾਂ ਵਿਚ ਕੰਮ ਕਰਨ, ਹਾਲੀਆਂ ਲਈ ਰੋਟੀ ਲਿਜਾਣ, ਮਾਲ ਡੰਗਰ ਸਾਂਭਣ ਤੇ ਗੋਹਾ ਪੱਥਣ ਦੀ ਆਦਤ ਪਈ ਹੋਈ ਏ, ਉਹ ਇਥੇ ਕਿਵੇਂ ਸੰਤੁਸ਼ਟ ਹੋ ਸਕਦੀਆਂ ਹਨ, ਪਰ ਹੌਲੀ ਹੌਲੀ ਉਨ੍ਹਾਂ ਦਾ ਸੁਭਾਅ ਵੀ ਬਦਲ ਜਾਏਗਾ।"

ਫ਼ਤਹਿ ਸਿੰਘ ਬਾਲਕ ਦੌੜਦਾ ਆ ਗਿਆ ਤੇ ਝੱਟ ਪਿਤਾ ਦੀ ਗੋਦੀ ਵਿਚ ਚੜ੍ਹ ਕੇ ਬੈਠ ਗਿਆ। ਉਹ ਬਹੁਤ ਖ਼ੁਸ਼ ਸੀ ਕਿ ਹੁਣ ਰੋਜ਼ ਹੀ ਉਹਨੂੰ ਪਿਤਾ ਦਾ ਪਿਆਰ ਮਿਲ ਰਿਹਾ ਸੀ। ਨਾਲੇ ਉਹ ਸਾਰਾ ਦਿਨ ਆਪਣੀ ਉਮਰ ਦੇ ਬਾਲਾਂ ਨਾਲ ਖੇਡਦਾ, ਪੜ੍ਹਦਾ, ਲੰਗਰ ਵਰਤਾਂਦਾ ਤੇ ਨਿੱਕੇ ਨਿੱਕੇ ਸ਼ਸਤਰ ਲੈ ਕੇ ਸ਼ਸਤਰ ਵਿਦਿਆ ਸਿੱਖਦਾ ਤੇ ਬਾਲਾਂ ਨਾਲ ਮਿਲ ਕੇ ਦਰਿਆ ਦੇ ਕੰਢੇ 'ਤੇ ਨਿੱਕੀਆਂ ਨਿੱਕੀਆਂ ਲੜਾਈਆਂ ਲੜਦਾ।

ਇਕ ਸੇਵਾਦਾਰ ਨੇ ਆ ਕੇ ਦੱਸਿਆ ਕਿ ਸਾਈਂ ਫ਼ਕੀਰ ਤੁਹਾਨੂੰ ਮਿਲਣਾ ਚਾਹੁੰਦਾ ਏ, ਉਹਨੂੰ ਪੁੱਛਿਆ ਸੀ ਕਿ ਕਿਥੋਂ ਆਏ ਹੋ ਤਾਂ ਉਹ ਦੱਸਣ ਲਈ ਤਿਆਰ ਨਹੀਂ ਸੀ। ਜਥੇਦਾਰ ਕਰਮ ਸਿੰਘ ਨੇ ਤੁਰਤ ਉਹਨੂੰ ਡੇਰੇ ਲੈ ਆਉਣ ਲਈ ਕਿਹਾ। ਸੇਵਾਦਾਰ ਦੇ ਪਿੱਛੇ ਇਕ ਜਥੇਦਾਰ ਨੂੰ ਭੇਜ ਦਿੱਤਾ ਕਿ ਉਹ ਪਹਿਲਾਂ ਤਸੱਲੀ ਕਰ ਲਵੇ ਕਿ ਕਿਧਰੇ ਮੁਗ਼ਲਾਂ ਦਾ ਜਾਸੂਸ ਤਾਂ ਨਹੀਂ।

'ਫ਼ਤਹਿ ਦਰਸ਼ਨ', ਉਸ ਸੰਤ ਫ਼ਕੀਰ ਨੇ ਜਥੇਦਾਰ ਨੂੰ ਮਿਲਦਿਆਂ ਕਿਹਾ ਤੇ ਉਹ ਝੱਟ ਸਮਝ ਗਿਆ ਕਿ ਇਹ ਤਾਂ ਬੰਦਾ ਸਿੰਘ ਬਹਾਦਰ ਦਾ ਭੇਜਿਆ ਆਦਮੀ ਹੈ। ਉਹਨੂੰ ਬੜੇ ਸਤਿਕਾਰ ਨਾਲ ਜਥੇਦਾਰ ਕਰਮ ਸਿੰਘ ਤਕ ਲੈ ਆਂਦਾ ਤੇ ਉਹਨੇ ਜਥੇਦਾਰ ਜੀ ਨੂੰ 'ਫ਼ਤਹਿ ਦਰਸ਼ਨ' ਕਹਿ ਕੇ ਫ਼ਤਹਿ ਬੁਲਾਈ। ਉਹ ਜਾਣਦੇ ਸਨ ਕਿ ਇਹ ਜੰਗ ਦੇ ਦਿਨਾਂ ਵਿਚ ਦੁਸ਼ਮਣ ਨੂੰ ਆਪਣੀ ਸ਼ਨਾਖ਼ਤ ਨਾ ਹੋਣ ਦੇਣ ਲਈ 'ਫ਼ਤਹਿ ਦਰਸ਼ਨ' ਕਹਿੰਦੇ ਹਨ।

"ਜਥੇਦਾਰ ਜੀ, ਇਨ੍ਹਾਂ ਲਈ ਜਲ ਪਾਣੀ ਤੇ ਫਿਰ ਪ੍ਰਸ਼ਾਦੇ ਦਾ ਪ੍ਰਬੰਧ ਕਰ ਦਿਉ," ਇਹ ਕਹਿ ਕੇ ਜਥੇਦਾਰ ਕਰਮ ਸਿੰਘ ਨੇ ਤੰਬੂ 'ਚੋਂ ਸਾਰਿਆਂ ਨੂੰ ਬਾਹਰ ਭੇਜ ਕੇ ਇਕਾਂਤ ਵਿਚ ਉਹਦੀ ਗੱਲ ਸੁਣਨੀ ਚਾਹੀ।

"ਮੈਂ ਬਲਕਾਰ ਸਿੰਘ ਹਾਂ," ਸੰਤ ਸਾਈਂ ਨੇ ਆਪਣਾ ਨਾਮ ਦੱਸਿਆ ਤੇ ਕਿਹਾ, "ਤੁਹਾਨੂੰ ਯਾਦ ਹੋਵੇਗਾ, ਮੈਂ ਕਰਤਾਰਪੁਰ ਵੀ ਤੁਹਾਡੇ ਪਾਸ ਗਿਆ ਸਾਂ ?"

"ਸਾਡੇ ਪੰਥ ਦੇ ਜਰਨੈਲ ਦਾ ਕੀ ਹਾਲ ਏ ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ।

"ਉਹ ਚੜ੍ਹਦੀ ਕਲਾ ਵਿਚ ਨੇ। ਪਰਵਾਰ ਵਿਚ ਸੁੱਖ ਸਾਂਦ ਏ। ਬੜੇ ਸ਼ਾਂਤ ਵਾਤਾਵਰਣ ਵਿਚ ਪਹਾੜਾਂ ਵਿਚ ਵਿਚਰ ਰਹੇ ਨੇ। ਸਤਿਗੁਰਾਂ ਦੀ ਕ੍ਰਿਪਾ ਨਾਲ ਉਨ੍ਹਾਂ ਦੇ ਘਰ ਦੋ ਭੁਝੰਗੀ ਨੇ। ਹੁਣ ਉਨ੍ਹਾਂ ਮੁੜ ਕੇ ਹਥਿਆਰ ਤੇ ਘੋੜੇ ਇਕੱਠੇ ਕਰ ਲਏ ਨੇ। ਪੰਜਾਬ ਤੋਂ ਵੀ ਸਿੰਘਾਂ ਦੇ ਜਥੇ ਉਨ੍ਹਾਂ ਪਾਸ ਪਹੁੰਚਣ ਲੱਗ ਪਏ ਹਨ," ਬਲਕਾਰ ਸਿੰਘ ਨੇ ਦੱਸਿਆ।

"ਸਾਡੇ ਲਈ ਕੀ ਹੁਕਮ ਲਿਆਏ ਹੋ?" ਜਥੇਦਾਰ ਕਰਮ ਸਿੰਘ ਦਾ ਅਗਲਾ ਪ੍ਰਸ਼ਨ ਸੀ।

"ਉਹ ਹੁਣ ਪਹਾੜਾਂ 'ਚੋਂ ਨਿਕਲ ਕੇ ਪਠਾਨਕੋਟ ਵੱਲ ਆਉਣ ਲੱਗੇ ਹਨ। ਜੰਮੂ ਤੋਂ ਪਠਾਨਕੋਟ ਤਕ ਦਾ ਇਲਾਕਾ ਫ਼ਤਹਿ ਕਰ ਕੇ ਉਹ ਸ੍ਰੀ ਅੰਮ੍ਰਿਤਸਰ ਆਉਣਾ ਚਾਹੁੰਦੇ ਨੇ। ਇਥੇ ਉਹ ਮਾਝੇ ਦੇ ਸਾਰੇ ਸਿੰਘਾਂ ਦੇ ਜਥੇ ਮਿਲਾ ਕੇ ਲਾਹੌਰ ਦੇ ਹਾਕਮ ਅਬਦੁਲ ਸਮੱਦ ਖ਼ਾਂ ਨਾਲ ਯੁੱਧ ਕਰਕੇ ਇਕ ਵਾਰੀ ਲਾਹੌਰ 'ਤੇ ਜ਼ਰੂਰ ਕਬਜ਼ਾ ਕਰਨਾ ਚਾਹੁੰਦੇ ਹਨ। ਤੁਹਾਨੂੰ ਆਦੇਸ਼ ਹੈ ਕਿ ਦੁਆਬੇ ਵਿਚ ਪੂਰੀ ਤਿਆਰੀ ਕਰ ਲਉ ਤੇ ਜੇਕਰ ਦਿੱਲੀ ਤੋਂ ਮੁਗ਼ਲ ਫ਼ੌਜ ਆਵੇ ਤਾਂ ਉਸ ਨੂੰ ਸਤਲੁਜ ਤੇ ਬਿਆਸ ਕੰਢੇ ਰੋਕਿਆ ਜਾਏ ਤਾਕਿ ਇਕ ਵਾਰ ਅਸੀਂ ਲਾਹੌਰ ਪਹੁੰਚ ਜਾਈਏ। ਫਿਰ ਮੁਗ਼ਲ ਹਕੂਮਤ ਦਾ ਲੱਕ ਟੁੱਟ ਜਾਏਗਾ।"

47

ਵੱਖ ਵੱਖ ਪਾਸਿਆਂ ਵੱਲ ਭੇਜੇ ਸੂਹੀਏ ਵਾਪਸ ਆਉਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਕਈ ਖੇਤਰਾਂ ਤੋਂ ਸੂਚਨਾਵਾਂ ਪਹੁੰਚਣ ਲੱਗ ਪਈਆਂ। ਲਾਹੌਰ ਤੋਂ ਆਏ ਦੋ ਬੰਦਿਆਂ ਨੇ ਦੱਸਿਆ ਕਿ ਲਾਹੌਰ ਦੇ ਹਾਕਮ ਅਬਦੁਲ ਸਮੱਦ ਖ਼ਾਂ ਨੂੰ ਪਤਾ ਲੱਗ ਗਿਆ ਏ ਕਿ ਬੰਦਾ ਸਿੰਘ ਬਹਾਦਰ ਉਨ੍ਹਾਂ ਨਾਲ ਫ਼ੈਸਲਾਕੁੰਨ ਟੱਕਰ ਲਈ ਜੰਮੂ ਵੱਲ ਕਿਧਰੇ ਤਿਆਰੀ ਕਰ ਰਿਹਾ ਏ ਤੇ ਕਿਸੇ ਸਮੇਂ ਵੀ ਉਧਰੋਂ ਹਮਲਾ ਹੋ ਸਕਦਾ ਹੈ, ਇਸ ਲਈ ਉਹਨੇ ਪੰਜਾਬ ਭਰ ਤੋਂ ਸਾਰੇ ਫ਼ੌਜਦਾਰਾਂ ਤੇ ਕਿਲ੍ਹੇਦਾਰਾਂ ਦੀਆਂ ਫ਼ੌਜਾਂ ਲਾਹੌਰ ਵਿਚ ਇਕੱਠੀਆਂ ਕਰ ਲਈਆਂ ਹਨ। ਦਿੱਲੀ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਜਿਹੜੀ ਮੁਗ਼ਲ ਫ਼ੌਜ ਦਿੱਲੀ ਤੋਂ ਲਾਹੌਰ ਭੇਜੀ ਸੀ, ਉਹ ਵੀ ਉਥੇ ਹੀ ਹੈ। ਦਿੱਲੀ ਤੋਂ ਬਾਦਸ਼ਾਹ ਦਾ ਹੁਕਮ ਆਇਆ ਹੈ ਕਿ ਸਮੱਦ ਖ਼ਾਂ ਤਾਂ ਹੀ ਲਾਹੌਰ ਦੀ ਹਕੂਮਤ ਕਰਨ ਦੇ ਕਾਬਲ ਸਮਝਿਆ ਜਾਵੇਗਾ, ਜੇਕਰ ਉਹ ਬੰਦਾ ਬਹਾਦਰ ਦੀ ਬਗ਼ਾਵਤ ਨੂੰ ਕੁਚਲ ਦੇਵੇ। ਦਿੱਲੀ ਤੋਂ ਉਹਦੀ ਮੰਗ ਅਨੁਸਾਰ ਹਰ ਤਰ੍ਹਾਂ ਦੀ ਮਦਦ ਪਹੁੰਚਾਈ ਜਾਏਗੀ। ਲਾਹੌਰ ਦੇ ਜਾਸੂਸਾਂ ਨੇ ਜਿਥੇ ਹਰ ਤਰ੍ਹਾਂ ਦੀ ਖ਼ਬਰ ਲੱਭ ਲਿਆਂਦੀ ਏ, ਉਥੇ ਸਮੱਦ ਖ਼ਾਂ ਦੇ ਜਾਸੂਸ ਅਜੇ ਤਕ ਇਹ ਪਤਾ ਨਹੀਂ ਕਰ ਸਕੇ ਕਿ ਬੰਦਾ ਸਿੰਘ ਬਹਾਦਰ ਕਿਥੇ ਹੈ? ਉਨ੍ਹਾਂ ਦਾ ਅਨੁਮਾਨ ਏ ਕਿ ਬੰਦਾ ਸਿੰਘ ਬਹਾਦਰ ਆਪਣੇ ਜਨਮ ਨਗਰ ਰਾਜੌਰੀ ਦੇ ਨੇੜੇ ਕਿਧਰੇ ਪਹਾੜੀਆਂ ਵਿਚ ਹੋ ਸਕਦਾ ਏ ਪਰ ਜਿਤਨੇ ਵੀ ਲਾਹੌਰ ਤੋਂ ਜਾਸੂਸ ਉਸ ਪਾਸੇ ਗਏ ਨੇ, ਉਹ ਨਹੀਂ ਲੱਭ ਸਕੇ ਕਿ ਪੰਥ ਦਾ ਜਰਨੈਲ ਕਿਥੇ ਹੋਏਗਾ। ਉਨ੍ਹਾਂ ਦਾ ਅਨੁਮਾਨ ਹੈ ਕਿ ਉਹ ਸਿਆਲਕੋਟ ਵੱਲੋਂ ਨਿਕਲੇਗਾ।

ਰਾਹੋਂ ਵੱਲੋਂ ਸੁਨੇਹਾ ਆ ਗਿਆ ਕਿ ਦਿੱਲੀ ਤੋਂ ਲਾਹੌਰ ਨੂੰ ਜਾਂਦੀ ਇਕ ਫ਼ੌਜੀ ਟੁਕੜੀ ਦਰਿਆ ਸਤਲੁਜ ਪਾਰ ਕਰਦੀ ਰਾਹੋਂ ਨੇੜੇ ਖ਼ਤਮ ਕਰ ਦਿੱਤੀ ਗਈ ਏ ਤੇ ਉਸ ਪਾਸੋਂ ਬਹੁਤ ਸਾਰਾ ਅਸਲਾ ਬਾਰੂਦ ਤੇ ਘੋੜੇ ਸਿੰਘਾਂ ਦੇ ਹੱਥ ਲੱਗੇ ਹਨ। ਇਹ ਵੀ ਕਿਹਾ ਗਿਆ ਸੀ ਕਿ 14 ਜਵਾਨ ਆਪਣੇ ਵੀ ਸ਼ਹੀਦੀ ਪਾ ਗਏ ਹਨ। ਇਸ ਲਈ ਰਾਹੋਂ ਦੇ ਨਾਕੇ ਲਈ 50 ਜਵਾਨ ਹੋਰ ਭੇਜੇ ਜਾਣ। ਹਥਿਆਰਾਂ ਦੀ ਹੁਣ ਹੋਰ ਲੋੜ ਨਹੀਂ ਤੇ ਲੰਗਰ ਲਈ ਰਸਦ ਆਸ-ਪਾਸ ਦੇ ਪਿੰਡਾਂ ਦੇ ਲੋਕ ਬਿਨਾਂ ਮੰਗੇ ਪਹੁੰਚਾ ਰਹੇ ਹਨ। ਅੱਗੇ ਇਨ੍ਹਾਂ ਪਿੰਡਾਂ 'ਚੋਂ ਮੁਗ਼ਲ ਫ਼ੌਜ ਨਾ ਕੇਵਲ ਅੰਨ-ਦਾਣਾ ਲੁੱਟ ਕੇ ਲੈ ਜਾਂਦੀ ਸੀ, ਸਗੋਂ ਧੀਆਂ-ਭੈਣਾਂ ਦੀ ਇੱਜ਼ਤ ਵੀ ਲੁੱਟ ਲੈਂਦੇ ਸਨ। ਜਦੋਂ ਤੋਂ ਰਾਹੋਂ ਵਿਚ ਸਿੰਘਾਂ ਦਾ ਜਥਾ ਆ ਕੇ ਰਹਿਣ ਲੱਗ ਪਿਆ ਹੈ, ਲੋਕੀਂ ਉਸ ਲੁੱਟ-ਮਾਰ ਤੇ ਅਪਮਾਨ ਤੋਂ ਬਚ ਗਏ ਹਨ।

ਇਹ ਰਿਪੋਰਟ ਮਿਲਣ 'ਤੇ ਜਥੇਦਾਰ ਕਰਮ ਸਿੰਘ ਨੇ ਮੁਖੀ ਸਿੰਘਾਂ ਦੀ ਇਕੱਤਰਤਾ ਵਿਚ ਆਖਿਆ, "ਦੇਖ ਲਉ, ਮੈਂ ਬਾਰ ਬਾਰ ਇਸੇ ਲਈ ਪੱਕੀ ਕਰ ਰਿਹਾ ਸਾਂ ਕਿ ਜਦੋਂ ਤਕ ਅਸੀਂ ਲੋਕਾਂ ਦੇ ਜਾਨ-ਮਾਲ ਤੇ ਇੱਜ਼ਤ ਦੇ ਰਖਵਾਲੇ ਰਹਾਂਗੇ, ਲੋਕੀਂ ਸਾਡਾ ਸਾਥ ਦੇਣਗੇ। ਲੋਕਾਂ ਦੇ ਸਰੀਰਾਂ 'ਤੇ ਹਕੂਮਤ ਕਰਨ ਨਾਲੋਂ ਲੋਕਾਂ ਦੇ ਦਿਲਾਂ ਨੂੰ ਜਿੱਤ ਕੇ ਰਾਜ ਕਰਨਾ ਵਧੇਰੇ ਚੰਗਾ ਹੈ ਤੇ ਚਿਰ ਰਹਿਣਾ ਵੀ। ਜ਼ੁਲਮ ਕਰਨ ਵਾਲਿਆਂ ਤੋਂ ਲੋਕ ਡਰ ਤਾਂ ਸਕਦੇ ਹਨ ਪਰ ਉਨ੍ਹਾਂ ਨੂੰ ਕਦੇ ਮਾਫ਼ ਨਹੀਂ ਕਰ ਸਕਦੇ, ਕਦੇ ਭੁੱਲ ਨਹੀਂ ਸਕਦੇ।"

"ਇਕ ਘਟਨਾ ਆਪਣੇ ਜਥੇ ਦੇ ਇਕ ਸਿਖ ਦੀ ਵੀ ਹੈ, ਜਿਸ ਨੇ ਇਕ ਔਰਤ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਉਹਦੇ ਰੌਲਾ ਪਾਣ 'ਤੇ ਲੋਕ ਆ ਗਏ ਤੇ ਉਹ ਨੱਸ ਗਿਆ," ਇਕ ਜਥੇਦਾਰ ਨੇ ਨਵੀਂ ਸੁਣੀ ਇਕ ਘਟਨਾ ਬਿਆਨ ਕਰ ਦਿੱਤੀ।

"ਉਹ ਸਿੰਘ ਨਹੀਂ ਹੋ ਸਕਦਾ," ਜਥੇਦਾਰ ਕਰਮ ਸਿੰਘ ਨੇ ਤੁਰਤ ਪ੍ਰਭਾਵ ਪ੍ਰਗਟ ਕਰਦਿਆਂ ਆਖਿਆ, "ਸਿੰਘ ਉਹੀ ਸੱਜਦਾ ਏ, ਜਿਸ ਦਾ ਗੁਰੂ ਜੀ ਦੇ ਆਦੇਸ਼ 'ਤੇ ਪੂਰਨ ਭਰੋਸਾ ਹੈ। ਜੋ ਦੇਸ਼ ਕੌਮ ਲਈ ਆਪਾ ਵਾਰਨ ਲਈ ਨਿੱਤਰੇ, ਉਹੀ ਅੰਮ੍ਰਿਤਪਾਨ ਕਰਦਾ ਹੈ," ਇਕ ਮਿੰਟ ਰੁਕ ਕੇ ਜਥੇਦਾਰ ਕਰਮ ਸਿੰਘ ਨੇ ਕਿਹਾ, "ਉਹ ਜ਼ਰੂਰ ਬਹੁਰੂਪੀਆ ਜਾਂ ਦੁਸ਼ਮਣ ਦਾ ਸੂਹੀਆ ਹੋਏਗਾ। ਕਈ ਲੁੱਟ-ਮਾਰ ਤੇ ਨਾਜਾਇਜ਼ ਫ਼ਾਇਦਾ ਉਠਾਣ ਲਈ ਵੀ ਅਜਿਹੀਆਂ ਲੋਕ-ਲਹਿਰਾਂ ਵਿਚ ਸ਼ਾਮਲ ਹੋ ਜਾਂਦੇ ਹਨ। ਇਸ ਲਈ ਕਸਤੂਰ ਸਿੰਘ ਜੀ, ਤੁਸੀਂ ਜਥਾ ਲੈ ਕੇ ਖਟਕੜ ਕਲਾਂ ਜਾਉ ਤੇ ਸਾਰੀ ਘਟਨਾ ਦੀ ਪੜਤਾਲ ਕਰੋ। ਉਸ ਵਿਅਕਤੀ ਦਾ ਪਤਾ ਕਰ ਕੇ ਉਹਨੂੰ ਬੰਨ੍ਹ ਕੇ ਮੇਰੇ ਪਾਸ ਲੈ ਆਉ। ਅਸੀਂ ਲੱਭਣਾ ਚਾਹੁੰਦੇ ਹਾਂ ਕਿ ਉਹ ਹਕੂਮਤ ਦਾ ਸੂਹੀਆ ਸਿੱਖੀ ਰੂਪ ਵਿਚ ਸਾਡੇ ਅੰਦਰ ਆ ਵੜਿਆ ਹੈ ਜਾਂ ਉਂਝ ਕੋਈ ਲੁੱਚਾ ਬਦਮਾਸ਼ ਸਿੱਖੀ ਸਰੂਪ ਦਾ ਅਯੋਗ ਲਾਭ ਉਠਾਣ ਦਾ ਯਤਨ ਕਰ ਰਿਹਾ ਹੈ।"

"ਤੁਸੀਂ ਠੀਕ ਹੀ ਸੋਚਦੇ ਹੋ," ਕਸਤੂਰ ਸਿੰਘ ਨੇ ਕਿਹਾ, "ਜੇ ਅਸੀਂ ਹਰ ਪਾਸੇ ਆਪਣੇ ਸੂਹੀਏ ਛੱਡ ਰੱਖੇ ਹਨ ਤਾਂ ਹਕੂਮਤ ਨੇ ਵੀ ਜ਼ਰੂਰ ਸਾਡੇ ਵਿਚ ਆਪਣੇ ਸੂਹੀਏ ਤੇ ਜਾਸੂਸ ਲਾਏ ਹੋਣਗੇ। ਹਕੂਮਤਾਂ ਦੇ ਤਾਂ ਉਂਝ ਵੀ ਹੱਥ ਲੰਮੇ ਹੁੰਦੇ ਹਨ। ਉਹ ਹਰ ਲੋਕ-ਲਹਿਰ 'ਤੇ ਨਿਗਰਾਨੀ ਰੱਖਦੀਆਂ ਹਨ, ਹਰ ਅੰਦੋਲਨ ਨੂੰ ਕੁਰਾਹੇ ਪਾਉਣ ਲਈ ਆਪਣੇ ਬੰਦੇ ਵਿਚ ਵਾੜ ਦਿੰਦੇ ਹਨ। ਸਾਨੂੰ ਸਾਵਧਾਨ ਰਹਿਣ ਦੀ ਲੋੜ ਏ ਤੇ ਹਰ ਕਿਸੇ ਨੂੰ ਬਿਨਾਂ ਪੂਰੀ ਪੜਤਾਲ ਕੀਤੇ ਆਪਣੇ ਨਾਲ ਨਹੀਂ ਰੱਖ ਲੈਣਾ ਚਾਹੀਦਾ।"

"ਤੁਸੀਂ ਆਪਣਾ ਕੰਮ ਪੂਰਾ ਕਰ ਕੇ ਰਾਹੋਂ ਪਹੁੰਚ ਜਾਣਾ ਤੇ ਜਥੇ ਨੂੰ ਉਥੇ ਛੱਡ ਕੇ ਆਪ ਕੀਰਤਪੁਰ ਪਹੁੰਚ ਜਾਣਾ ਤੇ ਸਾਨੂੰ ਸਾਰਾ ਕੁਝ ਦੱਸਣਾ," ਜਥੇਦਾਰ ਕਰਮ ਸਿੰਘ ਨੇ ਜਥੇ ਦੇ ਤੁਰਨ ਸਮੇਂ ਮੁੜ ਹੋਰ ਆਦੇਸ਼ ਦੇ ਦਿੱਤਾ।

ਕਰਮ ਸਿੰਘ ਦਾ ਪੁੱਤਰ ਫ਼ਤਹਿ ਸਿੰਘ ਆ ਗਿਆ। ਉਹ ਬੜਾ ਗਹਿਰ ਗੰਭੀਰ ਸੀ। ਅੱਗੇ ਉਹ ਹਮੇਸ਼ਾ ਹੱਸਦਾ ਜਾਂ ਮੁਸਕਰਾਂਦਾ ਹੀ ਪਿਤਾ ਪਾਸ ਆਉਂਦਾ ਸੀ। ਕਰਮ ਸਿੰਘ ਨੇ ਪਿਆਰ ਨਾਲ ਉਹਨੂੰ ਆਪਣੇ ਕਲਾਵੇ ਵਿਚ ਲੈਂਦਿਆਂ ਉਸ ਦੇ ਚਿੰਤਾਵਾਨ ਹੋਣ ਦਾ ਕਾਰਨ ਪੁੱਛਿਆ। ਫ਼ਤਹਿ ਸਿੰਘ ਨੇ ਦੱਸਿਆ, "ਅੱਜ ਉਨ੍ਹਾਂ ਦੇ ਤੰਬੂ ਕੋਲ ਇਕ ਸੱਪ ਕਿਧਰੋਂ ਨਿਕਲ ਆਇਆ। ਕਈ ਜ਼ਨਾਨੀਆਂ ਤੇ ਬੱਚਿਆਂ ਦੀਆਂ ਚੀਕਾਂ ਨਿਕਲ ਗਈਆਂ। ਸਭ ਡਰ ਕੇ ਦੌੜ ਗਏ। ਮੈਂ ਆਪਣਾ ਤੀਰ ਕਮਾਨ ਲੈ ਕੇ ਉਹਨੂੰ ਇਕ ਤੀਰ ਮਾਰਿਆ। ਉਹ ਫੱਟੜ ਹੋ ਗਿਆ ਪਰ ਮਰਿਆ ਨਹੀਂ, ਸਗੋਂ ਉਸ ਮੇਰੇ 'ਤੇ ਹਮਲਾ ਕਰ ਦਿੱਤਾ। ਮੈਂ ਢਾਲ ਤਲਵਾਰ ਲੈ ਕੇ ਉਹਦਾ ਵਾਰ ਰੋਕਿਆ ਤੇ ਸੱਜੇ ਹੱਥ ਨਾਲ ਕਿਰਪਾਨ ਮਾਰ ਕੇ ਉਹਨੂੰ ਦੋ ਟੋਟੇ ਕਰ ਦਿੱਤਾ।"

"ਸ਼ਾਬਾਸ਼ ਮੇਰੇ ਲਾਡਲੇ, ਤੂੰ ਕਮਾਲ ਕਰ ਦਿੱਤਾ," ਜਥੇਦਾਰ ਕਰਮ ਸਿੰਘ ਨੇ ਉਹਦੀ ਬੀਰਤਾ ਦੀ ਦਾਦ ਦਿੰਦਿਆਂ ਉਹਦੀ ਕੰਡ 'ਤੇ ਥਾਪੜਾ ਦਿੱਤਾ ਤੇ ਫਿਰ ਪੁੱਛਿਆ, "ਤੂੰ ਇਤਨੀ ਵੱਡੀ ਬਹਾਦਰੀ ਕਰ ਕੇ ਮੁੜ ਘਬਰਾਇਆ ਹੋਇਆ ਕਿਉਂ ਏਂ ?"

"ਮੁੰਡੇ ਕਹਿੰਦੇ ਸੀ, ਸੱਪ ਮਰ ਕੇ ਵੀ ਪਿੱਛਾ ਨਹੀਂ ਛੱਡਦਾ। ਉਹ ਮੁੜ ਜਨਮ ਲੈ ਕੇ ਜ਼ਰੂਰ ਡੱਸਣ ਆਏਗਾ। ਕੀ ਇਹ ਠੀਕ ਏ ?" ਫ਼ਤਹਿ ਸਿੰਘ ਬਾਲਕ ਨੇ ਆਪਣੀ ਘਬਰਾਹਟ ਦਾ ਕਾਰਨ ਵੀ ਦੱਸ ਦਿੱਤਾ ਤੇ ਪਿਤਾ ਤੋਂ ਮੁੰਡਿਆਂ ਦੀ ਗੱਲ ਬਾਰੇ ਵੀ ਪੁੱਛ ਲਿਆ।

"ਇਹ ਸਭ ਗ਼ਲਤ ਏ," ਕਰਮ ਸਿੰਘ ਨੇ ਸਮਝਾਇਆ, "ਇਹ ਮਾਂਦਰੀਆਂ ਦੀ ਫੈਲਾਈ ਹੋਈ ਗ਼ਲਤ ਗੱਲ ਏ। ਉਹ ਇਕ ਤਾਂ ਸੱਪ ਲੜੇ ਦਾ ਇਲਾਜ ਕਰ ਕੇ ਪੈਸੇ ਬਟੋਰਦੇ ਹਨ ਤੇ ਦੂਜਾ ਇਸ ਵਹਿਮ ਨੂੰ ਪੈਦਾ ਕਰ ਕੇ ਮੁੜ ਇਸ ਦਾ ਦਾਰੂ ਦੱਸ ਕੇ ਕਿਤਨਾ ਕਿਤਨਾ ਚਿਰ ਭੋਲੇ ਲੋਕਾਂ ਨੂੰ ਲੁੱਟਦੇ ਹਨ। ਤੂੰ ਖ਼ੁਸ਼ ਹੋ, ਅੱਜ ਤੂੰ ਸ਼ਸਤਰ ਵਿਦਿਆ ਸਿੱਖ ਕੇ ਪਹਿਲੀ ਲੜਾਈ ਜਿੱਤ ਲਈ ਏ।"

ਦੀਪੋ ਉਸ ਸਮੇਂ ਉਥੇ ਨਹੀਂ ਸੀ। ਉਹ ਔਰਤਾਂ ਦੀ ਇਕੱਤਰਤਾ ਵਿਚ ਬੈਠੀ ਸੀ, ਜਿਥੇ ਵਿਚਾਰ ਹੋ ਰਿਹਾ ਸੀ ਕਿ ਹਕੂਮਤ ਨਾਲ ਵੱਡਾ ਯੁੱਧ ਛਿੜਨ ਵਾਲਾ ਏ। ਮਰਦਾਂ ਨੇ ਉਸ ਯੁੱਧ ਲਈ ਤੁਰ ਜਾਣਾ ਏ। ਸਾਨੂੰ ਪਿੱਛੋਂ ਆਪਣੀ ਤੇ ਬੱਚਿਆਂ ਦੀ ਰੱਖਿਆ ਆਪ ਕਰਨੀ ਪੈਣੀ ਹੈ। ਇਕ ਸੁਝਾਅ ਔਰਤਾਂ ਸਾਹਮਣੇ ਇਹ ਵੀ ਕਿਸੇ ਬੀਬੀ ਨੇ ਰੱਖ ਦਿੱਤਾ ਕਿ ਇਥੇ ਤੰਬੂਆਂ ਵਿਚ ਅਸੀਂ ਸੁਰੱਖਿਅਤ ਨਹੀਂ। ਆਪਣੀ ਰਾਖੀ ਆਪ ਇਥੇ ਚੰਗੀ ਤਰ੍ਹਾਂ ਨਹੀਂ ਕਰ ਸਕਦੀਆਂ। ਇਸ ਲਈ ਠੀਕ ਇਹੀ ਰਹੇਗਾ ਕਿ ਅਸੀਂ ਅਨੰਦਪੁਰ ਦੇ ਚਾਰੇ ਕਿਲ੍ਹਿਆਂ ਵਿਚ ਜਾ ਰਹੀਏ। ਉਥੇ ਅੰਨ-ਦਾਣੇ ਦਾ ਵੀ ਭੰਡਾਰ ਹੋ ਸਕਦਾ ਏ, ਅੰਦਰ ਜਲ ਦੀ ਵੀ ਸੁਵਿਧਾ ਹੈ। ਦਰਵਾਜ਼ੇ ਬੰਦ ਹੋਣ ਤਾਂ ਅਸੀਂ ਕਿਲ੍ਹੇ ਦੀਆਂ ਕੰਧਾਂ ਤੋਂ ਵੈਰੀ ਦਾ ਟਾਕਰਾ ਚੰਗੀ ਤਰ੍ਹਾਂ ਕਰ ਸਕਦੀਆਂ ਹਾਂ।

"ਭੈਣ ਜੀ, ਤੁਸੀਂ ਜਥੇਦਾਰ ਜੀ ਨਾਲ ਗੱਲ ਕਰੋ, ਜੇਕਰ ਉਹ ਵੀ ਇਸ ਸੁਝਾਅ ਨੂੰ ਮੰਨ ਲੈਣ ਤਾਂ ਅਸੀਂ ਨਿਸਚਿੰਤ ਹੋ ਕੇ ਅਨੰਦਪੁਰ ਦੀ ਰਾਖੀ ਦਾ ਕੰਮ ਆਪਣੇ ਜ਼ਿੰਮੇ ਲੈ ਸਕਦੀਆਂ ਹਾਂ," ਕਰਤਾਰ ਕੌਰ ਨੇ ਦੀਪੋ ਨੂੰ ਸੰਬੋਧਨ ਕਰ ਕੇ ਆਖਿਆ।

ਦੋ ਬੱਚੇ ਭੱਜੇ ਭੱਜੇ ਆਏ ਤੇ ਸਾਹੋ-ਸਾਹੀ ਹੋਇਆਂ ਨੇ ਦੱਸਿਆ ਕਿ ਇਕ ਕਾਲਾ ਨਾਗ ਉਥੇ ਤੰਬੂਆਂ ਕੋਲ ਨਿਕਲ ਆਇਆ ਸੀ। ਫ਼ਤਹਿ ਸਿੰਘ ਉਹਦਾ ਮੁਕਾਬਲਾ ਕਰਨ ਲਈ ਖੜਾ ਹੋ ਗਿਆ। ਅਸੀਂ ਭੱਜ ਆਏ ਹਾਂ। ਪਰ ਉਹ ਨਹੀਂ ਭੱਜਿਆ। ਉਹ ਸੱਪ ਨੂੰ ਤੀਰ ਮਾਰ ਚੁੱਕਿਆ ਸੀ ਤੇ ਸੱਪ ਉਹਦੇ ਵੱਲ ਫਿਰ ਵੀ ਵਧਿਆ ਆਉਂਦਾ ਸੀ। ਛੇਤੀ ਚੱਲੋ ਤੇ ਸੱਪ ਨੂੰ ਮਾਰੋ, ਨਹੀਂ ਤੇ ਉਹ ਕਈਆਂ ਨੂੰ ਡਸ ਜਾਏਗਾ।

"ਵੇਖਿਆ, ਤੰਬੂਆਂ ਵਿਚ ਰਹਿਣਾ ਕਿਤਨਾ ਖ਼ਤਰਨਾਕ ਏ," ਇਕ ਔਰਤ ਬੋਲ ਪਈ, "ਇਸ ਜੰਗਲੀ ਤੇ ਪਹਾੜੀ ਇਲਾਕੇ ਵਿਚ ਕਈ ਲਹੂ ਪੀਣੇ ਜਾਨਵਰ ਨੇ। ਕਈ ਕਹਿੰਦੇ ਨੇ ਕਿ ਇਥੇ ਸ਼ੇਰ ਵੀ ਹੁੰਦੇ ਹਨ। ਸਾਨੂੰ ਛੇਤੀ ਇਹ ਥਾਂ ਬਦਲ ਲੈਣੀ ਚਾਹੀਦੀ ਏ।"

ਦੀਪੋ ਝੱਟ-ਪਟ ਉੱਠ ਬੈਠੀ ਤੇ ਉਹ ਬੱਚਿਆਂ ਨੂੰ ਨਾਲ ਲੈ ਕੇ ਉਸ ਥਾਂ ਪਹੁੰਚ ਗਈ, ਜਿਥੇ ਸੱਪ ਨਾਲ ਫ਼ਤਹਿ ਸਿੰਘ ਲੜ ਰਿਹਾ ਸੀ। ਸੱਪ ਦੋ ਟੋਟੇ ਹੋਇਆ ਪਿਆ ਸੀ ਪਰ ਫ਼ਤਹਿ ਸਿੰਘ ਉਥੇ ਨਹੀਂ ਸੀ। ਦੀਪੋ ਨੂੰ ਕੁਝ ਘਬਰਾਹਟ ਵੀ ਹੋਈ ਕਿ ਫ਼ਤਹਿ ਸਿੰਘ ਕਿਧਰ ਗਿਆ। ਕਿਸੇ ਨੇ ਦੱਸਿਆ ਕਿ ਉਹ ਜਥੇਦਾਰ ਜੀ ਵੱਲ ਜਾਂਦਾ ਦੇਖਿਆ ਸੀ।

"ਉਹਨੂੰ ਸੱਪ ਨੇ ਡੰਗ ਤਾਂ ਨਹੀਂ ਮਾਰਿਆ ?" ਕੁਝ ਉਤਾਵਲੀ ਹੋ ਕੇ ਦੀਪੋ ਨੇ ਪੁੱਛਿਆ।

"ਨਹੀਂ ਜੀ," ਇਕ ਔਰਤ ਬੋਲ ਪਈ, "ਸੱਪ ਨੇ ਡੰਗ ਮਾਰਨ ਦਾ ਯਤਨ ਕੀਤਾ, ਪਰ ਤੁਹਾਡੇ ਪੁੱਤਰ ਨੇ ਢਾਲ 'ਤੇ ਉਹਦਾ ਵਾਰ ਰੋਕ ਕੇ ਕਿਰਪਾਨ ਨਾਲ ਉਹਦੇ ਦੋ ਟੋਟੇ ਕਰ ਦਿੱਤੇ।"

"ਇਹ ਸੱਪ ਤਾਂ ਬੜਾ ਭਿਅੰਕਰ ਨਜ਼ਰ ਆਉਂਦਾ ਏ," ਦੀਪੋ ਨੇ ਨੀਝ ਨਾਲ ਸੱਪ ਨੂੰ ਦੇਖਦਿਆਂ ਕਿਹਾ, "ਇਹਦਾ ਤਾਂ ਫੁੰਕਾਰਾ ਹੀ ਬੰਦੇ ਨੂੰ ਬੇਹੋਸ਼ ਕਰ ਸਕਦਾ ਏ।"

"ਅਸੀਂ ਤਾਂ ਸਾਰੇ ਡਰ ਗਏ ਸਾਂ, ਪਰ ਤੁਹਾਡਾ ਪੁੱਤਰ ਨਹੀਂ ਡਰਿਆ ਤੇ ਨਾ ਹੀ ਥਾਂ ਤੋਂ ਪਿੱਛੇ ਹਟਿਆ," ਉਸ ਔਰਤ ਦਾ ਪ੍ਰਭਾਵ ਸੀ, "ਸੱਪ ਨੂੰ ਮਾਰ ਕੇ ਉਹ ਹੱਸਦਾ ਹੋਇਆ ਮੁੰਡਿਆਂ ਦੀ ਦੂਰ ਭੱਜ ਕੇ ਜਾ ਖੜੀ ਟੁਕੜੀ ਵਿਚ ਜਾ ਮਿਲਿਆ। ਕੁਝ ਚਿਰ ਉਨ੍ਹਾਂ ਨਾਲ ਗੱਲਾਂ ਕਰ ਕੇ ਮੁੜ ਅੱਗੇ ਲੰਘ ਗਿਆ।"

ਤੇਜ਼ ਕਦਮ ਪੁੱਟਦੀ ਦੀਪੋ ਜਥੇਦਾਰ ਕਰਮ ਸਿੰਘ ਦੇ ਉਸ ਟਿਕਾਣੇ ਪਹੁੰਚ ਗਈ, ਜਿਥੇ ਉਹ ਸਾਥੀ ਜਥੇਦਾਰਾਂ ਨਾਲ ਹਰ ਸਮੇਂ ਵਿਚਾਰ-ਵਟਾਂਦਰਾ ਕਰਦਾ ਸੀ। ਉਹਨੇ ਦੂਰੋਂ ਦੇਖ ਲਿਆ ਕਿ ਫ਼ਤਹਿ ਸਿੰਘ ਆਪਣੇ ਪਿਤਾ ਦੇ ਕਲਾਵੇ ਵਿਚ ਹੈ। ਉਹਦੇ ਨੇੜੇ ਪਹੁੰਚਦਿਆਂ ਹੀ ਜਥੇਦਾਰ ਕਰਮ ਸਿੰਘ ਨੇ ਹੱਸਦਿਆਂ ਕਿਹਾ, "ਲਿਆ, ਕੁਝ ਲੱਡੂ ਵੰਡ, ਤੇਰੇ ਪੁੱਤਰ ਨੇ ਅੱਜ ਜੀਵਨ ਦਾ ਪਹਿਲਾ ਯੁੱਧ ਜਿੱਤ ਲਿਆ ਏ।"

"ਇਹ ਸਭ ਅਕਾਲ ਪੁਰਖ ਦੀ ਦਾਤ ਏ," ਦੀਪੋ ਨੇ ਪ੍ਰਭੂ ਦੇ ਸ਼ੁਕਰਾਨੇ ਵੱਜੋਂ ਦੋਵੇਂ ਹੱਥ ਜੋੜ ਲਏ ਤੇ ਕਿਹਾ, "ਹੌਲੀ ਹੌਲੀ ਉਹਦੀ ਰਜ਼ਾ ਵਿਚ ਰਹਿਣਾ ਸਿੱਖ ਰਹੇ ਹਾਂ। ਮੈਂ ਪਹਿਲਾਂ ਤਾਂ ਸੱਪ ਨਾਲ ਇਹਦੀ ਲੜਾਈ ਦੀ ਗੱਲ ਸੁਣ ਕੇ ਕੁਝ ਘਬਰਾ ਗਈ ਸਾਂ ਪਰ ਜਦੋਂ ਮੈਂ ਸੱਪ ਦੇ ਦੋ ਟੋਟੇ ਹੋਏ ਦੇਖੇ ਤਾਂ ਤਸੱਲੀ ਹੋਈ। ਲੱਡੂ ਤਾਂ ਤੁਸੀਂ ਹੀ ਮੰਗਵਾ ਕੇ ਦਿਓਗੇ, ਵੰਡਣ ਦੀ ਸੇਵਾ ਮੈਂ ਕਰ ਦਿਆਂਗੀ।"

"ਕਿਉਂ ਬਈ ਫ਼ਤਹਿ ਸਿੰਘ, ਤੈਨੂੰ ਇਸ ਜਿੱਤ ਲਈ ਕੀ ਇਨਾਮ ਦਿੱਤਾ ਜਾਏ ?" ਜਥੇਦਾਰ ਕਰਮ ਸਿੰਘ ਨੇ ਫਿਰ ਉਹਨੂੰ ਇਕ ਹੋਰ ਥਾਪੜਾ ਦਿੰਦਿਆਂ ਪੁੱਛਿਆ।

"ਮੈਨੂੰ ਇਕ ਘੋੜਾ ਲੈ ਦਿਉ," ਫ਼ਤਹਿ ਸਿੰਘ ਨੇ ਝੱਟ ਮੰਗ ਪੇਸ਼ ਕਰ ਦਿੱਤੀ। ਇਉਂ ਲੱਗਾ ਜਿਵੇਂ ਉਹ ਪਹਿਲਾਂ ਹੀ ਅਜਿਹਾ ਸੋਚ ਕੇ ਬੈਠਾ ਹੋਵੇ।

48

ਬੰਦਾ ਸਿੰਘ ਬਹਾਦਰ ਪੂਰੀ ਤਿਆਰੀ ਪਿੱਛੋਂ ਪਹਾੜਾਂ 'ਚੋਂ ਨਿਕਲਿਆ ਤੇ ਜੰਮੂ ਤੋਂ ਪਠਾਨਕੋਟ ਵੱਲ ਆਉਂਦੇ ਰਾਹਾਂ 'ਤੇ ਸਿੱਧਾ ਤੁਰਿਆ ਆਇਆ। ਇਲਾਕੇ ਵਿਚ ਬੜੇ ਚੋਅ ਸਨ ਤੇ ਪਹਾੜੀ ਨਦੀਆਂ ਨਾਲੇ ਸਨ ਪਰ ਉਨ੍ਹਾਂ ਵਿਚ ਬਹੁਤ ਘੱਟ ਪਾਣੀ ਸੀ ਤੇ ਪਾਰ ਕਰਨ ਵਿਚ ਕੋਈ ਔਖਿਆਈ ਨਹੀਂ ਸੀ। ਕਈ ਛੋਟੇ ਵੱਡੇ ਕਸਬੇ ਵੀ ਰਾਹ ਵਿਚ ਆਏ। ਕਈਆਂ ਦੇ ਹਾਕਮਾਂ ਨੇ ਪਹਿਲਾਂ ਹੀ ਬੰਦਾ ਸਿੰਘ ਬਹਾਦਰ ਦੀ ਸਰਦਾਰੀ ਮੰਨ ਲਈ ਤੇ ਉਹਨੂੰ ਘੋੜੇ ਤੇ ਅਨਾਜ ਆਦਿ ਦੇ ਨਜ਼ਰਾਨੇ ਭੇਟ ਕੀਤੇ। ਕੇਵਲ ਦੋ ਥਾਂ ਥੋੜ੍ਹੀ ਜਿਹੀ ਟੱਕਰ ਹੋਈ ਤੇ ਸਥਾਨਕ ਹਾਕਮ ਕੁਝ ਅੜੇ ਪਰ ਉਹ ਵੀ ਇਕ ਦੋ ਘੰਟੇ ਤੋਂ ਵੱਧ ਮੁਕਾਬਲਾ ਨਾ ਕਰ ਸਕੇ।

ਬਿਨਾ ਲਹੂ ਡੋਲ੍ਹੇ ਬੰਦਾ ਸਿੰਘ ਬਹਾਦਰ ਦੀ ਖ਼ਾਲਸਾ ਫ਼ੌਜ ਨੇ ਪਠਾਨਕੋਟ 'ਤੇ ਮੁੜ ਕਬਜ਼ਾ ਕਰ ਲਿਆ। ਇਹ ਦੂਜੀ ਵਾਰ ਪਠਾਨਕੋਟ ਫ਼ਤਹਿ ਕੀਤਾ ਗਿਆ ਸੀ। ਐਤਕੀਂ ਫ਼ੈਸਲਾ ਕੀਤਾ ਗਿਆ ਕਿ ਜਿੱਤੇ ਹੋਏ ਇਲਾਕਿਆਂ ਵਿਚ ਆਪਣੇ ਪ੍ਰਬੰਧਕ ਵੀ ਨਿਯੁਕਤ

ਕਰਨੇ ਹਨ ਤੇ ਸਥਾਨਕ ਵਸਨੀਕਾਂ ਦੀਆਂ ਪੰਚਾਇਤਾਂ ਨੂੰ ਪ੍ਰਬੰਧ ਵੀ ਸੌਂਪਣਾ ਹੈ। ਇਸ ਵਿਵਸਥਾ ਨੂੰ ਲਾਗੂ ਕਰਦਿਆਂ ਕੁਝ ਦਿਨ ਲੱਗ ਗਏ।

ਉਧਰ ਲਾਹੌਰ ਵਿਚ ਵੀ ਪੂਰੀ ਸਾਵਧਾਨੀ ਸੀ। ਇਸ ਲਈ ਇਕੱਠੀ ਹੋਈ ਫ਼ੌਜ ਨੂੰ ਤੁਰਤ ਅੱਗੋਂ ਰਾਹ ਰੋਕਣ ਦਾ ਆਦੇਸ਼ ਦੇ ਦਿੱਤਾ ਗਿਆ। ਮੁਗ਼ਲ ਫ਼ੌਜਾਂ ਪਹਿਲਾਂ ਹੀ ਜੰਮੂ ਤੋਂ ਪੰਜਾਬ ਨੂੰ ਆਉਂਦੇ ਰਾਹਾਂ 'ਤੇ ਖੜੀਆਂ ਉਡੀਕ ਰਹੀਆਂ ਸਨ। ਉਨ੍ਹਾਂ ਸਭ ਨੇ ਸਿਆਲਕੋਟ ਵੱਲ ਜਾਣ ਦੀ ਥਾਂ ਕਰਤਾਰਪੁਰ ਰਾਵੀ ਨੇੜੇ ਇਕੱਠ ਕਰ ਲਿਆ ਤੇ ਡੇਰਾ ਬਾਬਾ ਨਾਨਕ ਕੋਲੋਂ ਦਰਿਆ ਪਾਰ ਕਰ ਕੇ ਫਿਰ ਬਟਾਲੇ ਵੱਲ ਆ ਗਈਆਂ। ਇਉਂ ਜਾਪਦਾ ਸੀ ਕਿ ਹਾਕਮਾਂ ਪਾਸ ਪੂਰੀ ਸੂਚਨਾ ਸੀ ਕਿ ਬੰਦਾ ਸਿੰਘ ਸਿੱਧਾ ਅੰਮ੍ਰਿਤਸਰ ਆਉਣ ਦਾ ਯਤਨ ਕਰੇਗਾ। ਇਸ ਲਈ ਉਹਨੂੰ ਪਹਿਲਾਂ ਹੀ ਦੂਰ ਘੇਰ ਲਿਆ ਜਾਏ। ਹਕੂਮਤ ਦੀ ਇਹ ਵੀ ਨੀਤੀ ਸੀ ਕਿ ਪੰਜਾਬ ਦੇ ਦੂਜੇ ਹਿੱਸਿਆਂ ਤੋਂ ਤੁਰੇ ਹੋਏ ਸਿੱਖਾਂ ਦੇ ਜਥੇ ਬੰਦਾ ਸਿੰਘ ਦੀ ਫ਼ੌਜ ਨਾਲ ਨਾ ਮਿਲਣ ਦਿੱਤੇ ਜਾਣ। ਉਨ੍ਹਾਂ ਪਾਸ ਇਤਲਾਹ ਸੀ ਕਿ ਮਾਲਵੇ ਤੇ ਦੁਆਬੇ ਤੋਂ ਕਈ ਸਿਖ ਜਥੇ ਤੇਜ਼ੀ ਨਾਲ ਬੰਦਾ ਸਿੰਘ ਵੱਲ ਆ ਰਹੇ ਹਨ, ਇਸ ਲਈ ਉਨ੍ਹਾਂ ਰਾਹ ਰੋਕਣ ਦੀ ਯੋਜਨਾ ਬਣਾਈ।

ਬੰਦਾ ਸਿੰਘ ਬਹਾਦਰ ਗੁਰਦਾਸਪੁਰ ਪਹੁੰਚ ਗਿਆ ਤੇ ਨਗਰ 'ਤੇ ਖ਼ਾਲਸਾ ਫ਼ੌਜ ਦਾ ਕਬਜ਼ਾ ਹੋ ਗਿਆ। ਇਥੇ ਹੀ ਸੂਚਨਾ ਮਿਲ ਗਈ ਕਿ ਬਹੁਤ ਸਾਰੀ ਮੁਗ਼ਲ ਫ਼ੌਜ ਬਟਾਲੇ ਪਾਸ ਇਕੱਠੀ ਹੋ ਗਈ ਏ ਤੇ ਉਹਨੂੰ ਘੇਰਨ ਦਾ ਯਤਨ ਕੀਤਾ ਜਾ ਰਿਹਾ ਹੈ। ਚਿੰਤਾ ਵਾਲੀ ਇਕੋ ਗੱਲ ਸੀ ਕਿ ਹਾਕਮਾਂ ਨੇ ਮੁਸਲਮਾਨਾਂ ਵਿਚ ਧਰਮ ਦੇ ਆਧਾਰ 'ਤੇ ਬੜਾ ਜ਼ਹਿਰੀਲਾ ਪ੍ਰਚਾਰ ਕਰ ਕੇ ਇਸ ਲਹਿਰ ਨੂੰ ਕਾਫ਼ਰਾਂ ਵਿਰੁੱਧ ਮੋਮਨਾਂ ਦੀ ਜੰਗ ਬਣਾ ਦਿੱਤਾ ਤੇ ਅਜਿਹਾ ਜਹਾਦ ਸ਼ੁਰੂ ਕੀਤਾ ਕਿ ਅਨੇਕਾਂ ਮੁਸਲਮਾਨ ਯੁਵਕ ਵੀ ਯੁੱਧ ਲਈ ਤਿਆਰ ਕਰ ਲਏ। ਇਸ ਤਰ੍ਹਾਂ ਅਣਗਿਣਤ ਮੁਲਖ-ਮੁਲਖਈਆ ਇਕੱਠਾ ਕਰ ਕੇ ਫ਼ੌਜ ਦੇ ਨਾਲ ਤੋਰ ਲਿਆ ਗਿਆ।

ਇਕ ਤਾਂ ਬੰਦਾ ਸਿੰਘ ਬਹਾਦਰ ਪਾਸ ਪ੍ਰਚਾਰ ਲਈ ਉਚੇਚੀ ਤਿਆਰ ਮਸ਼ੀਨਰੀ ਨਹੀਂ ਸੀ। ਦੂਜਾ ਉਹ ਕਿਸੇ ਕੀਮਤ 'ਤੇ ਮੁਸਲਮਾਨਾਂ ਵਿਰੁੱਧ ਪ੍ਰਚਾਰ ਲਈ ਫ਼ਿਰਕੂ ਵਾਤਾਵਰਣ ਨਹੀਂ ਸਨ ਬਣਾਉਣਾ ਚਾਹੁੰਦੇ। ਉਨ੍ਹਾਂ ਦੇ ਅਨੇਕ ਮੁਸਲਮਾਨ ਸਮਰਥਕ ਤੇ ਮਿੱਤਰ ਸਨ। ਇਸ ਸਮੇਂ ਉਨ੍ਹਾਂ ਦੀ ਹਮਦਰਦੀ ਦੀ ਲੋੜ ਸੀ। ਉਂਝ ਵੀ ਜੰਗ ਸਿਰ 'ਤੇ ਆ ਜਾਏ ਤਾਂ ਪ੍ਰਚਾਰ ਕਰਨ ਦਾ ਸਮਾਂ ਕਦੋਂ ਮਿਲਦਾ ਹੈ ? ਉਸ ਸਮੇਂ ਤਾਂ ਲੜਨ ਮਰਨ ਤੋਂ ਵਿਹਲ ਨਹੀਂ ਹੁੰਦਾ।

ਬੰਦਾ ਸਿੰਘ ਬਹਾਦਰ ਦੀ ਫ਼ੌਜ ਜਦ ਗੁਰਦਾਸ ਨੰਗਲ ਪਹੁੰਚੀ ਤਾਂ ਤਿੰਨ ਪਾਸਿਉਂ ਮੁਗ਼ਲ ਫ਼ੌਜ ਨੇ ਘੇਰ ਲਈ। ਗੁਰਦਾਸ ਨੰਗਲ ਵਿਚ ਕੋਈ ਵੱਡਾ ਕਿਲ੍ਹਾ ਨਹੀਂ ਸੀ। ਇਕ ਗੜ੍ਹੀ ਵਰਗੀ ਵੱਡੀ ਸਾਰੀ ਹਵੇਲੀ ਸੀ। ਕੁਝ ਉਸ ਦੇ ਆਲੇ-ਦੁਆਲੇ ਅਜਿਹੇ ਮਕਾਨ ਸਨ, ਜਿਨ੍ਹਾਂ ਅੰਦਰ ਖੁੱਲ੍ਹੀ ਥਾਂ ਤੇ ਕਮਰੇ ਵੀ ਸਨ। ਪਹਿਲਾਂ ਯਤਨ ਤਾਂ ਇਹ ਸੀ ਕਿ ਕਿਸੇ ਤਰ੍ਹਾਂ ਦਰਿਆ ਤਕ ਪਹੁੰਚ ਜਾਈਏ ਤੇ ਇਕ ਪਾਸਿਉਂ ਰਸਦ ਆਦਿ ਪਹੁੰਚਾਣ ਦੀ ਸਹੂਲਤ ਹੋ ਜਾਏ ਤਾਂ ਦੂਜਾ ਦਰਿਆ ਕੰਢੇ ਪਾਣੀ ਦੀ ਘਾਟ ਨਹੀਂ ਰਹੇਗੀ। ਦਰਿਆ ਦਾ ਪਾਣੀ ਹਰ ਪੱਖ ਤੋਂ ਹੀ ਬੜਾ ਸਹਾਇਕ ਸਿੱਧ ਹੁੰਦਾ ਹੈ, ਪਰ ਸਥਾਨਕ ਹਵੇਲੀ ਵੀ ਕਿਲ੍ਹੇ ਦਾ ਰੂਪ ਸੀ, ਇਸ ਲਈ ਇਸ ਨੂੰ ਵੀ ਛੱਡਣ ਦਾ ਵਕਤ ਨਹੀਂ ਸੀ, ਇਸ ਲਈ ਹਾਰ ਜਿੱਤ ਦੇ ਫ਼ੈਸਲੇ ਤਕ ਗੁਰਦਾਸ ਨੰਗਲ ਵਿਚ ਹੀ ਡਟੇ ਰਹਿਣਾ ਪਿਆ।

ਬੰਦਾ ਸਿੰਘ ਬਹਾਦਰ ਤੇ ਖ਼ਾਲਸਾ ਫ਼ੌਜ ਦੀ ਦਹਿਸ਼ਤ ਬਹੁਤ ਜ਼ਿਆਦਾ ਸੀ। ਮੁਗ਼ਲ ਫ਼ੌਜ ਨੇ ਅਜੇ ਤਕ ਦੇਸ਼ ਭਰ ਵਿਚ ਕੋਈ ਹਿੰਦੁਸਤਾਨੀ ਲੋਕਾਂ ਦਾ ਅਜਿਹਾ ਬਾਹੂ-ਬਲ ਨਹੀਂ ਸੀ ਦੇਖਿਆ। ਮਾੜੀ ਮੋਟੀ ਬਗ਼ਾਵਤ ਨੂੰ ਉਹ ਝੱਟ ਕੁਚਲ ਕੇ ਰੱਖ ਦਿੰਦੀ ਸੀ। ਇਸ ਲਈ

ਲੱਖਾਂ ਦੀ ਗਿਣਤੀ ਦੀ ਫ਼ੌਜ ਨੂੰ ਹੌਂਸਲਾ ਨਹੀਂ ਸੀ ਪੈ ਰਿਹਾ ਕਿ ਉਹ ਇਕ ਦਮ ਗੁਰਦਾਸ ਨੰਗਲ 'ਤੇ ਟੁੱਟ ਪਏ। ਦੂਰ ਦੂਰ ਫ਼ੌਜਾਂ ਘੇਰ ਕੇ ਬੈਠ ਗਈਆਂ। ਕਦੇ ਕਦੇ ਗੋਲੀ ਚੱਲਦੀ, ਤੀਰਾਂ ਦੀ ਫ਼ੁੰਕਾਰ ਸੁਣਾਈ ਦਿੰਦੀ। ਫ਼ੌਜੀ ਦ੍ਰਿਸ਼ਟੀਕੋਣ ਤੋਂ ਉਹ ਦੋ ਗੱਲਾਂ ਵਿਚ ਸਫਲਤਾ ਪ੍ਰਾਪਤ ਕਰਨ ਦਾ ਯਤਨ ਕਰ ਰਹੇ ਸਨ। ਇਕ ਤਾਂ ਰਸਦ ਤੇ ਗੋਲੀ ਸਿੱਕਾ ਲੈ ਕੇ ਆ ਰਹੇ ਸਿਖ ਗੜ੍ਹੀ ਤਕ ਨਾ ਪਹੁੰਚ ਸਕਣ ਤੇ ਕਿਸੇ ਪਾਸਿਉਂ ਵੀ ਸਿੰਘਾਂ ਦੇ ਜਥੇ ਗੁਰਦਾਸ ਨੰਗਲ ਦਾਖ਼ਲ ਨਾ ਹੋ ਸਕਣ।

ਸਿੰਘਾਂ ਦੇ ਜਥੇ ਪਹਿਲਾਂ ਪਹਿਲ ਤਾਂ ਰਾਤ ਨੂੰ ਜੈਕਾਰੇ ਛੱਡਦੇ ਕਿਸੇ ਨਾ ਕਿਸੇ ਪਾਸਿਉਂ ਦਾਖ਼ਲ ਵੀ ਹੋ ਜਾਂਦੇ ਤੇ ਗੁਰਦਾਸ ਨੰਗਲ ਤੋਂ ਬਾਹਰ ਵੀ ਨਿਕਲ ਜਾਂਦੇ। ਰਾਤ ਦੇ ਹਨੇਰੇ ਵਿਚ ਮੁਗਲ ਫ਼ੌਜ ਲਈ ਲੜਨਾ ਕਠਨ ਹੁੰਦਾ ਸੀ। ਫਿਰ ਵੀ ਜਿਸ ਪਾਸਿਉਂ ਦੋ ਚਾਰ ਵਾਰ ਸਿੰਘਾਂ ਦੇ ਜਥੇ ਨਿਕਲਦੇ ਜਾਂ ਅੰਦਰ ਆਉਂਦੇ, ਉਸ ਪਾਸੇ ਮੁੜ ਹਕੂਮਤ ਦੀ ਫ਼ੌਜ ਇਕੱਠੀ ਕਰ ਕੇ ਨਾਕਾਬੰਦੀ ਕਰਨ ਦਾ ਯਤਨ ਹੁੰਦਾ। ਕਈ ਵਾਰ ਟੱਕਰ ਵੀ ਹੋਈ। ਸਿੰਘਾਂ ਦਾ ਜਾਨੀ ਨੁਕਸਾਨ ਵੀ ਹੋ ਜਾਂਦਾ ਪਰ ਉਹ ਕਈ ਗੁਣਾ ਮੁਗ਼ਲ ਫ਼ੌਜ ਦਾ ਨੁਕਸਾਨ ਕਰ ਕੇ ਸੰਤੁਸ਼ਟ ਸਨ।

ਕਦੀ ਕਦੀ ਦਿਨ ਨੂੰ ਵੀ ਟੱਕਰ ਹੋ ਜਾਂਦੀ ਪਰ ਸਿੰਘ ਗੜ੍ਹੀ ਤੋਂ ਬਾਹਰ ਨਾ ਨਿਕਲਦੇ ਤੇ ਮਾਮੂਲੀ ਛੇੜ-ਛਾੜ ਪਿੱਛੋਂ ਹਕੂਮਤ ਦੀ ਫ਼ੌਜ ਵੀ ਨੇੜੇ ਆਉਣ ਦਾ ਹੌਂਸਲਾ ਨਾ ਕਰਦੀ। ਕਈ ਮਹੀਨੇ ਇਉਂ ਬੀਤ ਗਏ। ਸਰਕਾਰੀ ਫ਼ੌਜਾਂ ਦਾ ਘੇਰਾ ਸੌੜਾ ਹੁੰਦਾ ਗਿਆ ਤੇ ਕਰੜਾਈ ਵਧਦੀ ਗਈ। ਉਨ੍ਹਾਂ ਨੂੰ ਇਕ ਵਾਧਾ ਇਹ ਹਾਸਲ ਸੀ ਕਿ ਉਨ੍ਹਾਂ ਨੂੰ ਅੰਨ-ਦਾਣਾ ਤੇ ਅਸਲਾ ਬਾਰੂਦ ਲਗਾਤਾਰ ਲਾਹੌਰ, ਮੁਲਤਾਨ, ਜਲੰਧਰ ਤੇ ਸਰਹੰਦ ਤਕ ਤੋਂ ਪਹੁੰਚ ਰਿਹਾ ਸੀ। ਦਿੱਲੀ ਤੋਂ ਪਹਿਲਾਂ ਪਹਿਲ ਤਾਂ ਕਾਫ਼ੀ ਮਦਦ ਆਉਂਦੀ ਰਹੀ ਪਰ ਸਤਲੁਜ ਤੇ ਬਿਆਸ ਦਰਿਆਵਾਂ ਵਿਚਕਾਰ ਜਥੇਦਾਰ ਕਰਮ ਸਿੰਘ ਦੇ ਛਾਪਾਮਾਰ ਦਸਤਿਆਂ ਦੀ ਗੁਰੀਲਾ ਲੜਾਈ ਨੇ ਇਹ ਮਦਦ ਲਗਭਗ ਖ਼ਤਮ ਜੇ ਨਾ ਕਰਵਾਈ ਤਾਂ ਬਹੁਤ ਹੱਦ ਤਕ ਘਟਵਾ ਦਿੱਤੀ।

ਜਥੇਦਾਰ ਕਰਮ ਸਿੰਘ ਨੇ ਅੰਨ-ਦਾਣਾ ਤੇ ਅਸਲਾ ਦੇ ਕੇ ਕੁਝ ਘੋੜ-ਸਵਾਰ ਗੁਰਦਾਸ ਨੰਗਲ ਵੱਲ ਭੇਜੇ ਤਾਕਿ ਉਹ ਮਦਦ ਬੰਦਾ ਸਿੰਘ ਬਹਾਦਰ ਤਕ ਪਹੁੰਚ ਜਾਏ। ਜਿਹੜਾ ਇਸ ਕਾਰਜ ਲਈ ਇਕੱਠ ਅਨੰਦਪੁਰ ਸਾਹਿਬ ਵਿਚ ਕੀਤਾ, ਉਸ ਵਿਚ ਜਥੇਦਾਰ ਕਰਮ ਸਿੰਘ ਨੇ ਸੁਝਾਅ ਰੱਖਿਆ ਕਿ ਪਹਿਲੇ ਜਥੇ ਦੀ ਅਗਵਾਈ ਉਹ ਆਪ ਕਰਨਾ ਚਾਹੁੰਦਾ ਹੈ, ਇਸ ਲਈ ਉਹਦੀ ਥਾਂ ਕੋਈ ਹੋਰ ਜਥੇਦਾਰ ਚੁਣ ਲਿਆ ਜਾਏ ਪਰ ਸਾਰੇ ਹਾਜ਼ਰ ਸਿੰਘਾਂ ਨੇ ਉਹਦਾ ਇਹ ਸੁਝਾਅ ਰੱਦ ਕਰ ਦਿੱਤਾ। ਕਈਆਂ ਨੇ ਸਾਫ਼ ਕਿਹਾ ਕਿ ਤੁਹਾਡਾ ਇਥੇ ਦੁਆਬੇ ਵਿਚ ਰਹਿਣਾ ਬੇਹੱਦ ਜ਼ਰੂਰੀ ਹੈ। ਤੁਸੀਂ ਉਤਸ਼ਾਹ ਦੇ ਕੇ ਸੈਂਕੜੇ ਹੋਰ ਨੌਜਵਾਨਾਂ ਨੂੰ ਤਿਆਰ ਕਰ ਸਕਦੇ ਹੋ। ਇਹ ਕੰਮ ਹੋਰ ਕੋਈ ਨਹੀਂ ਕਰ ਸਕਦਾ। ਇਕ ਸਿੰਘ ਨੇ ਇਥੋਂ ਤਕ ਕਹਿ ਦਿੱਤਾ ਕਿ ਸਾਰੇ ਤੁਹਾਨੂੰ ਮੁਖੀ ਜਥੇਦਾਰ ਸਮਝਦੇ ਹਨ ਤੇ ਤੁਹਾਨੂੰ ਆਗੂ ਮੰਨਦੇ ਹਨ। ਤੁਸੀਂ ਆਪਣੀ ਥਾਂ ਜਿਸ ਨੂੰ ਥਾਪ ਜਾਉਗੇ, ਉਹਨੂੰ ਸ਼ਾਇਦ ਦੂਜੇ ਮੁਖੀ ਸਵੀਕਾਰ ਨਾ ਕਰਨ।

"ਮੈਨੂੰ ਇਹ ਗੱਲ ਬਿਲਕੁਲ ਨਹੀਂ ਜਚਦੀ," ਜਥੇਦਾਰ ਕਰਮ ਸਿੰਘ ਨੇ ਕੁਝ ਗੁੱਸਾ ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਆਖਿਆ, "ਸਾਡੇ ਵਿਚ ਫਿਰ ਏਕਤਾ ਤੇ ਆਦਰਸ਼ ਦੀ ਪ੍ਰਾਪਤੀ ਲਈ ਕੁਰਬਾਨੀ ਦਾ ਜਜ਼ਬਾ ਕੀ ਹੋਇਆ? ਪੰਥ ਸਭ ਤੋਂ ਵੱਡੀ ਸ਼ਕਤੀ ਏ ਤੇ ਪੰਥ ਜਿਸ ਨੂੰ ਆਗੂ ਬਣਾ ਲਏ, ਉਹਨੂੰ ਇਹ ਸੇਵਾ ਕਰਨੀ ਹੀ ਪਵੇਗੀ। ਮੈਂ ਅੱਜ ਹਾਂ ਤੇ ਜੇਕਰ ਕੱਲ੍ਹ ਨਾ ਹੋਇਆ ਤਾਂ ਕੀ ਸਾਡਾ ਸੰਘਰਸ਼ ਕਮਜ਼ੋਰ ਹੋ ਜਾਏਗਾ? ਜੇ ਕੋਈ ਟਟੀਹਰੀ ਕਹੇ ਕਿ ਉਹਨੇ ਹੀ ਅਸਮਾਨ ਠੱਲ੍ਹਿਆ ਹੋਇਆ ਏ ਤਾਂ ਇਹ ਉਹਦੀ ਮੂਰਖਤਾ ਹੈ।"

"ਕੁਝ ਵੀ ਕਹੋ ਪਰ ਅਸੀਂ ਤੁਹਾਨੂੰ ਦੁਆਬੇ ਤੋਂ ਬਾਹਰ ਨਹੀਂ ਜਾਣ ਦਿਆਂਗੇ। ਜਿਥੇ ਲੋੜ ਸਮਝਦੇ ਹੋ, ਸਾਡੇ ਵਿਚੋਂ ਭੇਜ ਸਕਦੇ ਹੋ," ਕਿੱਕਰ ਸਿੰਘ ਨੇ ਸਾਰੇ ਜਥੇਦਾਰਾਂ ਦੀ ਪ੍ਰਤੀਨਿਧਤਾ ਕਰਦਿਆਂ ਆਖਿਆ।

ਇਕ ਸੌ ਘੋੜ ਸਵਾਰ ਪੂਰੇ ਸ਼ਸਤਰ-ਬਸਤਰ ਸਜਾ ਕੇ, ਕੇਸਗੜ੍ਹ ਸਾਹਿਬ ਅਰਦਾਸਾ ਸੋਧ ਕੇ ਚੱਲ ਪਏ। ਤੁਰਨ ਤੋਂ ਪਹਿਲਾਂ ਜਥੇਦਾਰ ਕਰਮ ਸਿੰਘ ਨੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਸੀਂ ਬੜੀ ਹੁਸ਼ਿਆਰੀ ਨਾਲ ਜਾਣਾ। ਸੂਹੀਏ ਪਹਿਲਾਂ ਭੇਜ ਕੇ ਪਤਾ ਕਰ ਲੈਣਾ ਕਿ ਕਿਹੜੇ ਪਾਸੇ ਵੱਲ ਹਕੂਮਤ ਦੀ ਫ਼ੌਜ ਥੋੜ੍ਹੀ ਏ। ਕਮਜ਼ੋਰ ਪਾਸਿਉਂ ਹਮਲਾ ਕਰ ਕੇ ਹੀ ਤੁਸੀਂ ਦੁਸ਼ਮਣ ਦੀਆਂ ਸਫ਼ਾਂ ਚੀਰ ਕੇ ਖ਼ਾਲਸਾ ਜੀ ਤਕ ਪਹੁੰਚ ਸਕੋਗੇ। ਹਮਲਾ ਅੰਮ੍ਰਿਤ ਵੇਲੇ ਮੂੰਹ-ਹਨੇਰੇ ਹੀ ਕਰਨਾ। ਨਸ਼ੇ ਵਿਚ ਚੂਰ ਫ਼ੌਜ ਉਨ੍ਹਾਂ ਦਾ ਅੰਮ੍ਰਿਤ ਵੇਲੇ ਟਾਕਰਾ ਨਹੀਂ ਕਰ ਸਕੇਗੀ। ਮੂੰਹ-ਹਨੇਰੇ ਵਿਚ ਤੁਹਾਡੇ ਜੈਕਾਰੇ ਫ਼ੌਜ ਦੇ ਹੌਂਸਲੇ ਡੇਗਣ ਵਿਚ ਸਹਾਇਕ ਹੋਣਗੇ। ਜਦ ਤੁਹਾਡੇ ਜੈਕਾਰਿਆਂ ਤੇ ਬੰਦੂਕਾਂ ਦੀਆਂ ਠਾਹ-ਠਾਹ ਦੀਆਂ ਆਵਾਜ਼ਾਂ ਗੁਰਦਾਸ ਨੰਗਲ ਤਕ ਪਹੁੰਚਣਗੀਆਂ ਤਾਂ ਘਿਰੇ ਬੈਠੇ ਸਿੰਘਾਂ ਦੇ ਹੌਂਸਲੇ ਵੱਧ ਜਾਣਗੇ। ਉਹ ਅੰਦਰੋਂ ਹਮਲਾ ਕਰਨ ਦਾ ਯਤਨ ਕਰਨਗੇ ਤੇ ਤੁਸੀਂ ਬਾਹਰੋਂ। ਮੇਰੀ ਇਤਲਾਹ ਅਨੁਸਾਰ ਮਾਲਵੇ ਤੇ ਮਾਝੇ ਦੇ ਜਥੇ ਵੀ ਉਧਰ ਅੱਪੜ ਗਏ ਹੋਣਗੇ। ਲੜਾਈ ਕੇਵਲ ਫ਼ੌਜੀ ਤਾਕਤ ਹੀ ਨਹੀਂ ਜਿੱਤਦੀ, ਇਸ ਲਈ ਸੁਚੱਜੀ ਵਿਉਂਤ ਤੇ ਢੰਗ ਤਰੀਕੇ ਵੀ ਸਫਲਤਾ ਵਿਚ ਵਿਸ਼ੇਸ਼ ਹਿੱਸਾ ਪਾਂਦੇ ਹਨ।"

"ਸਾਨੂੰ ਪੰਥ ਦੀ ਸ਼ਕਤੀ 'ਤੇ ਪੂਰਨ ਭਰੋਸਾ ਹੈ," ਕਿੱਕਰ ਸਿੰਘ ਨੇ ਕਿਹਾ, "ਅਸੀਂ ਘੱਟ ਤੋਂ ਘੱਟ ਨੁਕਸਾਨ ਨਾਲ ਯੁੱਧ ਜਿੱਤਣਾ ਹੈ। ਆਮ ਲੋਕਾਂ ਦਾ ਕੋਈ ਨੁਕਸਾਨ ਨਹੀਂ ਕਰਨਾ।"

"ਤੁਹਾਡੇ ਪਿੱਛੇ ਪਿੱਛੇ ਅਸੀਂ ਸੌ ਸਿੰਘਾਂ ਦਾ ਇਕ ਹੋਰ ਜਥਾ ਭੇਜਾਂਗੇ," ਜਥੇਦਾਰ ਕਰਮ ਸਿੰਘ ਨੇ ਕਿਹਾ, "ਮੈਂ ਦੁਆਬੇ ਦੇ ਸਾਰੇ ਵੱਡੇ ਪਿੰਡਾਂ ਤੇ ਨਗਰਾਂ ਦਾ ਦੌਰਾ ਕਰਾਂਗਾ ਤੇ ਨਵੇਂ ਨਵੇਂ ਨੌਜਵਾਨਾਂ ਨੂੰ ਜਥਿਆਂ ਵਿਚ ਸ਼ਾਮਲ ਕਰਾਂਗਾ। ਉਨ੍ਹਾਂ ਨੂੰ ਕੁਝ ਦਿਨ ਸਿਖਲਾਈ ਦੇ ਕੇ ਤੁਹਾਡੀ ਥਾਂ ਦੁਆਬੇ ਵਿਚ ਨਿਯੁਕਤ ਕਰਾਂਗਾ ਤੇ ਫਿਰ ਜੰਗ ਵਿਚ ਭੇਜਾਂਗਾ। ਐਤਕੀਂ ਬੰਦਾ ਸਿੰਘ ਬਹਾਦਰ ਵੀ ਫ਼ੈਸਲਾਕੁੰਨ ਲੜਾਈ ਲਈ ਡਟ ਗਏ ਜਾਪਦੇ ਹਨ। ਅਸੀਂ ਇਕ ਤਾਂ ਉਨ੍ਹਾਂ ਦਾ ਸਾਥ ਦੇਣਾ ਹੈ। ਦੂਜਾ ਮੁਗ਼ਲ ਹਾਕਮਾਂ ਵੱਲੋਂ ਪਿੰਡਾਂ ਵਿਚ ਸਿਖ ਪਰਵਾਰਾਂ ਨਾਲ ਕੀਤੇ ਜ਼ੁਲਮ ਨੂੰ ਠੱਲ੍ਹ ਪਾਉਣੀ ਏ। ਹਾਕਮਾਂ ਨੂੰ ਦੱਸ ਦੇਣਾ ਹੈ ਕਿ ਇਹ ਖ਼ਾਲਸਾ, ਅਕਾਲ ਪੁਰਖ ਕੀ ਫ਼ੌਜ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ। ਇਹ ਇਕ ਅਜਿਹਾ ਕਾਫ਼ਲਾ ਤੁਰ ਪਿਆ ਹੈ, ਜਿਸ ਨੂੰ ਮੁਕਾਣਾ ਜਾਂ ਜਿਸ ਦਾ ਰਾਹ ਰੋਕਣਾ ਕਿਸੇ ਦੁਨਿਆਵੀ ਤਾਕਤ ਦੇ ਵੱਸ ਵਿਚ ਨਹੀਂ। ਇਸ ਕਾਫ਼ਲੇ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹਦਾ ਹਰ ਇਕ ਮੁਸਾਫ਼ਰ ਕਾਫ਼ਲਾ ਬਣ ਜਾਣ ਦੀ ਸਮਰੱਥਾ ਰੱਖਦਾ ਹੈ। ਇਸ ਕਾਫ਼ਲੇ ਨੂੰ ਕੋਈ ਲੁੱਟ ਨਹੀਂ ਸਕੇਗਾ।"

ਅਜਿਹਾ ਜੋਸ਼ ਭਰਿਆ ਕਿ ਸਿੰਘ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਤੇ ਸ਼ਹੀਦੀਆਂ ਪਾਣ ਲਈ ਵੀ ਤਿਆਰ ਹੋ ਕੇ ਜੈਕਾਰੇ ਛੱਡਦੇ ਗੁਰਦਾਸ ਨੰਗਲ ਵੱਲ ਤੁਰ ਪਏ।

49

ਜਥੇਦਾਰ ਕਰਮ ਸਿੰਘ ਅਤਿ ਸੰਕਟ ਦੀ ਘੜੀ ਵਿਚ ਵੀ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਮਨੁੱਖ ਸੀ। ਇਕ ਤਾਂ ਉਹਨੂੰ ਅਕਾਲ ਪੁਰਖ ਦੀ ਅਪਾਰ ਸ਼ਕਤੀ 'ਤੇ ਪੂਰਨ ਭਰੋਸਾ ਸੀ ਤੇ ਦੂਜਾ ਸਤਿਗੁਰੂ 'ਤੇ ਉਹਦੀ ਸ਼ਰਧਾ ਤੇ ਯਕੀਨ, ਪਰ ਫਿਰ ਵੀ ਜਦੋਂ ਕੋਈ ਔਖੀ ਘੜੀ ਆਉਂਦੀ ਤਾਂ ਉਹ ਝੱਟ-ਪਟ ਲਈ ਬਹੁਤ ਸੰਜੀਦਾ ਹੋ ਜਾਂਦਾ। ਚੌਪਈ ਪਾਤਿਸ਼ਾਹੀ ਦਸਵੀਂ ਦਾ ਪਾਠ ਸ਼ੁਰੂ ਕਰ ਦਿੰਦਾ, "ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿਤ ਕੀ ਇੱਛਾ॥ ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਿਤਪਾਰਾ॥ ਹਮਰੇ ਦੁਸਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ॥ ਸੁਖੀ ਬਸੈ ਮੋਰ ਪਰਿਵਾਰਾ॥ ਸੇਵਕ ਸਿਖ੍ਯ ਸਭੈ ਕਰਤਾਰਾ॥ ਮੋ ਰੱਛਾ ਨਿਜੁ ਕਰ ਦੈ ਕਰਿਯੈ॥ ਸਭ ਬੈਰਨ ਕੋ ਆਜ ਸੰਘਰਿਯੈ॥ ਪੂਰਨ ਹੋਇ ਹਮਾਰੀ ਆਸਾ॥ ਤੋਰਿ ਭਜਨ ਕੀ ਰਹੈ ਪਯਾਸਾ॥"

ਚੌਪਈ ਦਾ ਪਾਠ ਪੂਰਾ ਕਰ ਕੇ ਜਥੇਦਾਰ ਕਰਮ ਸਿੰਘ ਅਰਦਾਸ ਕਰਨ ਲੱਗ ਪਿਆ। ਉਹਦੀ ਅਰਦਾਸ ਦੇ ਸ਼ਬਦ ਦੀਪੋ ਨੂੰ ਨਾ ਸੁਣਾਈ ਦਿੱਤੇ। ਨਹੀਂ ਤੇ ਉਹਨੂੰ ਝੱਟ ਪਤਾ ਲੱਗ ਜਾਂਦਾ ਕਿ ਅੱਜ ਕਿਹੜੇ ਸੰਕਟ ਕਾਰਨ ਜਥੇਦਾਰ ਕਰਮ ਸਿੰਘ ਨਿਤਨੇਮ ਦੇ ਵੇਲੇ ਤੋਂ ਬਿਨਾਂ ਹੀ ਚੌਪਈ ਦਾ ਪਾਠ ਕਰ ਰਹੇ ਹਨ। ਇਹ ਉਹਨੂੰ ਪਤਾ ਸੀ ਕਿ ਅੱਜ ਜ਼ਰੂਰ ਕੋਈ ਦੁਬਿਧਾ ਜਾਂ ਦੋਚਿੱਤੀ ਹੈ। ਉਹ ਚੌਪਈ ਦਾ ਪਾਠ ਅਜਿਹੀ ਸਥਿਤੀ ਵਿਚ ਹੀ ਦੁਪਹਿਰੇ, ਸ਼ਾਮ ਜਾਂ ਰਾਤ ਨੂੰ ਕਰਨ ਲੱਗ ਪੈਂਦੇ ਸਨ। ਇਸ ਲਈ ਅਰਦਾਸ ਤੋਂ ਵਿਹਲੇ ਹੋਏ ਪਤੀ ਪਾਸ ਆ ਬੈਠੀ। ਬਹੁਤ ਘੱਟ ਹੀ ਅਜਿਹੇ ਮੌਕੇ ਜ਼ਿੰਦਗੀ ਵਿਚ ਆਏ ਸਨ, ਜਦੋਂ ਦੀਪੋ ਦਿਨੇ ਦੁਪਹਿਰ ਵੇਲੇ ਪਤੀ ਦੇ ਇਉਂ ਨੇੜੇ ਆ ਕੇ ਬੈਠੀ ਸੀ। ਸਮਾਜ ਵਿਚ ਉਦੋਂ ਰਿਵਾਜ ਹੀ ਨਹੀਂ ਸੀ ਕਿ ਪਤੀ ਪਤਨੀ ਇਉਂ ਇਕ ਮੰਜੇ 'ਤੇ ਬੈਠ ਕੇ ਗੱਲਾਂ ਕਰਨ। ਦੀਪੋ ਵੀ ਇਸ ਸਮਾਜਕ ਝਾਕੇ ਨੂੰ ਆਪਣੇ ਲਈ ਇਕ ਪਾਬੰਦੀ ਸਮਝਦੀ ਸੀ, ਪਰ ਅੱਜ ਉਹਦੇ ਤੋਂ ਰਹਿ ਨਾ ਹੋਇਆ। ਉਹਨੇ ਮੰਜੇ 'ਤੇ ਜਥੇਦਾਰ ਕਰਮ ਸਿੰਘ ਦੇ ਨੇੜੇ ਬੈਠਦਿਆਂ ਤੇ ਪਿਆਰ-ਸਤਿਕਾਰ ਨਾਲ ਉਹਦੇ ਹੱਥ ਨੂੰ ਆਪਣੇ ਦੋਹਾਂ ਹੱਥਾਂ ਵਿਚ ਲੈ ਕੇ ਘੁੱਟਦਿਆਂ ਪੁੱਛਿਆ, "ਅੱਜ ਤੁਸੀਂ ਬਹੁਤ ਹੀ ਸੋਚਾਂ ਵਿਚ ਡੁੱਬੇ ਹੋਏ ਹੋ। ਕੀ ਕੋਈ ਮਾੜਾ ਸਮਾਚਾਰ ਸੁਣਿਆ ਜੇ? ਮੇਰੇ ਤੋਂ ਤੁਹਾਡੀ ਇਹ ਹਾਲਤ ਦੇਖੀ ਨਹੀਂ ਜਾਂਦੀ।"

"ਕੁਝ ਨਹੀਂ," ਕਰਮ ਸਿੰਘ ਨੇ ਕਿਹਾ।

"ਇਹ ਤਾਂ ਮੈਨੂੰ ਟਾਲਣ ਵਾਲੀ ਗੱਲ ਏ," ਦੀਪੋ ਨੇ ਕਿਹਾ, "ਅੱਗੇ ਤੁਸੀਂ ਕਦੇ ਇਸ ਵੇਲੇ ਚੌਪਈ ਦਾ ਪਾਠ ਨਹੀਂ ਕੀਤਾ। ਮੈਂ ਜਾਣਦੀ ਹਾਂ ਕਿ ਜ਼ਰੂਰ ਕੋਈ ਗੰਭੀਰ ਮਸਲਾ ਤੁਹਾਡੇ ਸਾਹਮਣੇ ਹੈ। ਤੁਸੀਂ ਆਪ ਹੀ ਤਾਂ ਆਖਿਆ ਕਰਦੇ ਹੋ ਕਿ ਜਦ ਕੋਈ ਸੰਕਟ ਖੜਾ ਹੋ ਜਾਏ ਤਾਂ ਉਹਦੇ ਬਾਰੇ ਸਾਥੀਆਂ ਨਾਲ ਸਲਾਹ ਮਸ਼ਵਰਾ ਕੀਤਿਆਂ ਕੋਈ ਨਾ ਕੋਈ ਹੱਲ ਨਿਕਲ ਆਉਂਦਾ ਏ।"

"ਗੱਲ ਵਿਗੜ ਗਈ ਏ।"

"ਕੀ ਹੋ ਗਿਆ ਏ, ਕੁਝ ਦੱਸੋ ਵੀ," ਦੀਪੋ ਨੇ ਮੁੜ ਜ਼ੋਰ ਦੇ ਕੇ ਪੁੱਛਿਆ, "ਕੀ ਹਾਕਮਾਂ ਦੀਆਂ ਫ਼ੌਜਾਂ ਇਧਰ ਆ ਰਹੀਆਂ ਹਨ? ਕੀ ਕੋਈ ਨਵੀਂ ਬਿਪਤਾ ਆ ਰਹੀ ਏ?"

"ਇਧਰ ਮੁਗ਼ਲ ਫ਼ੌਜ ਆ ਜਾਏ ਤਾਂ ਅਸੀਂ ਉਹਨੂੰ ਲੋਹੇ ਦੇ ਦਾਣੇ ਚਬਾ ਦਈਏ," ਕਰਮ ਸਿੰਘ ਨੇ ਕਿਹਾ, "ਇਥੇ ਤਾਂ ਔਰਤਾਂ ਵੀ ਆਪਣੀ ਸੁਰੱਖਿਆ ਆਪ ਕਰਨ ਦੇ ਸਮਰੱਥ ਹਨ। ਤੁਸੀਂ ਜਿਵੇਂ ਸ਼ਸਤਰ ਵਿਦਿਆ ਪ੍ਰਾਪਤ ਕਰ ਲਈ ਏ, ਉਸ ਤੋਂ ਤੁਹਾਡੀ ਫ਼ਿਕਰ ਹੁਣ

ਘੱਟ ਗਈ ਏ। ਮੈਂ ਦੇਖ ਰਿਹਾ ਹਾਂ ਕਿ ਆਪਣੇ ਅੰਦਰ ਪੈਦਾ ਹੋਏ ਸਵੈ-ਭਰੋਸੇ ਦੇ ਬਲ-ਬੂਤੇ ਕਈ ਪਰਵਾਰ ਮੁੜ ਕੇ ਪਿੰਡਾਂ ਨੂੰ ਜਾਣ ਵੀ ਲੱਗ ਪਏ ਹਨ। ਚਿੰਤਾ ਤਾਂ ਗੁਰਦਾਸ ਨੰਗਲ ਵਿਚ ਘਿਰੇ ਖ਼ਾਲਸਾ ਜੀ ਦੀ ਏ, ਬੰਦਾ ਸਿੰਘ ਬਹਾਦਰ ਤੇ ਦੂਜੇ ਜਰਨੈਲਾਂ ਦੀ ਏ।"

"ਤੁਹਾਡੇ ਚਿੰਤਾ ਕੀਤਿਆਂ ਕੀ ਬਣਦਾ ਏ," ਦੀਪੋ ਨੇ ਗ਼ਮ ਤੇ ਚਿੰਤਾ ਦੇ ਬੋਝ ਨੂੰ ਹਲਕਾ ਕਰਨ ਲਈ ਕਹਿ ਦਿੱਤਾ, "ਪੰਥ ਦੇ ਕਈ ਉੱਘੇ ਜਥੇਦਾਰ ਬੰਦਾ ਸਿੰਘ ਬਹਾਦਰ ਦੇ ਨਾਲ ਹਨ। ਉਹ ਜ਼ਰੂਰ ਕੋਈ ਨਾ ਕੋਈ ਅਜਿਹੀ ਵਿਉਂਤ ਕੱਢ ਲੈਣਗੇ ਜਿਸ ਨਾਲ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ। ਦੱਸੋ ਤਾਂ ਸਹੀ, ਉਥੋਂ ਨਵੀਂ ਕੀ ਇਤਲਾਹ ਆਈ ਏ, ਜਿਸ ਨੇ ਤੁਹਾਨੂੰ ਇਤਨੀ ਚਿੰਤਾ ਵਿਚ ਪਾ ਦਿੱਤਾ ਏ?"

"ਇਕ ਹੋਵੇ ਤਾਂ ਦੱਸਾਂ," ਜਥੇਦਾਰ ਕਰਮ ਸਿੰਘ ਨੇ ਇਉਂ ਕਾਫ਼ੀ ਗੱਲ-ਬਾਤ ਪਿੱਛੋਂ ਆਈਆਂ ਖ਼ਬਰਾਂ ਨੂੰ ਦੱਸਣਾ ਸ਼ੁਰੂ ਕੀਤਾ, "ਕਈ ਮਹੀਨੇ ਹੋ ਗਏ ਨੇ, ਗੁਰਦਾਸ ਨੰਗਲ ਵਿਚ ਖ਼ਾਲਸਾ ਜੀ ਨੂੰ ਘਿਰਿਆਂ। ਅਜੇ ਤਕ ਕਦੇ ਵੀ ਇਤਨਾ ਲੰਮਾ ਸਮਾਂ ਘੇਰਾ ਨਹੀਂ ਪਿਆ। ਉਸ ਨਾਲ ਜੋ ਸਮੱਸਿਆਵਾਂ ਉਥੇ ਪੈਦਾ ਹੋ ਗਈਆਂ ਹਨ, ਉਨ੍ਹਾਂ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ। ਅਸੀਂ ਮੁਸ਼ਕਲ ਵਿਚ ਫਸੇ ਖ਼ਾਲਸਾ ਜੀ ਦੀ ਮਦਦ ਕਰਨੀ ਚਾਹੁੰਦੇ ਹਾਂ, ਉਨ੍ਹਾਂ ਨੂੰ ਖ਼ੁਰਾਕ ਭੇਜਣਾ ਚਾਹੁੰਦੇ ਹਾਂ ਪਰ ਹੁਣ ਦੁਸ਼ਮਣ ਪਹੁੰਚਣ ਨਹੀਂ ਦੇ ਰਿਹਾ। ਅੰਦਰ ਅੰਨ ਦਾ ਭੰਡਾਰ ਖ਼ਤਮ ਏ। ਰੁੱਖਾਂ ਦੇ ਪੱਤੇ ਤੇ ਘਾਹ ਵੀ ਖਾ ਚੁੱਕੇ ਹਨ। ਘੋੜੇ ਭੁੱਖੇ ਮਰ ਰਹੇ ਹਨ ਤੇ ਸਿੰਘਾਂ ਨੇ ਹੁਣ ਘੋੜੇ ਝਟਕਾ ਕੇ ਖਾਣੇ ਸ਼ੁਰੂ ਕਰ ਦਿੱਤੇ ਹਨ।"

"ਤੁਹਾਨੂੰ ਇਹ ਕਿਵੇਂ ਪਤਾ ਲੱਗਾ ਏ?" ਦੀਪੋ ਨੇ ਪੁੱਛਿਆ, "ਆਪੇ ਤੇ ਕਹਿ ਰਹੇ ਸੀ ਕਿ ਉਥੇ ਅੰਦਰ ਕੋਈ ਜਾ ਨਹੀਂ ਸਕਦਾ, ਫਿਰ ਉਥੋਂ ਦੀ ਹਾਲਤ ਦਾ ਪਤਾ ਕਿਵੇਂ ਲੱਗਾ?"

"ਅੰਦਰ ਖ਼ਾਲਸਾ ਜੀ ਵਿਚ ਫੁੱਟ ਪੈ ਗਈ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਕੁਝ ਜਥੇਦਾਰਾਂ ਦੀ ਰਾਏ ਸੀ ਕਿ ਅੰਦਰ ਇਉਂ ਭੁੱਖ ਦੇ ਦੁੱਖ ਨਾਲ ਮਰਨ ਨਾਲੋਂ ਚੰਗਾ ਹੈ ਕਿ ਇਕੋ ਵਾਰ ਕਿਲ੍ਹੇ ਤੋਂ ਨਿਕਲ ਕੇ ਇਕ ਪਾਸਿਉਂ ਅਜਿਹਾ ਹਮਲਾ ਕਰੀਏ ਕਿ ਮੁਗ਼ਲ ਫ਼ੌਜ ਘਬਰਾ ਕੇ ਮੁਕਾਬਲਾ ਨਾ ਕਰ ਸਕੇ ਤੇ ਇਥੋਂ ਨਿਕਲ ਜਾਈਏ, ਪਰ ਬੰਦਾ ਸਿੰਘ ਬਹਾਦਰ ਇਸ ਸੁਝਾਅ ਨੂੰ ਮੰਨਣ ਲਈ ਤਿਆਰ ਨਹੀਂ ਹੋਏ। ਉਨ੍ਹਾਂ ਦਾ ਐਲਾਨ ਸੀ ਕਿ ਇਥੇ ਹੀ ਡਟ ਕੇ ਲੜਾਈ ਕਰਨੀ ਏ ਤੇ ਕਈ ਮਹੀਨੇ ਦੇ ਘੇਰੇ ਕਾਰਨ ਹਾਕਮਾਂ ਦੀਆਂ ਫ਼ੌਜਾਂ ਵਿਚ ਬੀਮਾਰੀ ਫੈਲ ਰਹੀ ਏ ਤੇ ਉਹ ਘੇਰਾ ਛੱਡ ਕੇ ਭੱਜਣ ਹੀ ਵਾਲੀਆਂ ਹਨ।"

"ਫਿਰ ਕੀ ਹੋਇਆ?" ਦੀਪੋ ਨੇ ਬੜੀ ਚਿੰਤਾਤੁਰ ਆਵਾਜ਼ ਵਿਚ ਪ੍ਰਸ਼ਨ ਕੀਤਾ।

"ਕੁਝ ਸਰਦਾਰ ਤੇ ਸਿੰਘ ਇਕ ਰਾਤ ਘੇਰਾ ਤੋੜ ਕੇ ਨਿਕਲ ਆਏ, ਕੁਝ ਮਾਰੇ ਗਏ ਤੇ ਕੁਝ ਬਚ ਕੇ ਨਿਕਲ ਗਏ। ਉਨ੍ਹਾਂ ਮੈਦਾਨ ਛੱਡ ਆਇਆਂ 'ਚੋਂ ਕਈਆਂ ਨੇ ਅੰਦਰ ਦੀ ਹਾਲਤ ਤੇ ਭਿਆਨਕ ਸਥਿਤੀ ਦਾ ਹਾਲ ਦੱਸਿਆ ਏ।"

"ਆਪਣੇ ਭੇਜੇ ਜਥਿਆਂ ਬਾਰੇ ਕੁਝ ਪਤਾ ਲੱਗਾ?" ਦੀਪੋ ਨੇ ਪੁੱਛਿਆ।

"ਉਹ ਵੀ ਚੰਗੀ ਇਤਲਾਹ ਨਹੀਂ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਪਹਿਲਾ ਜਥਾ ਤਾਂ ਘੇਰਾ ਤੋੜ ਕੇ ਲੜਦਾ-ਭਿੜਦਾ ਗੁਰਦਾਸ ਨੰਗਲ ਪਹੁੰਚ ਗਿਆ ਸੀ, ਪਰ ਦੂਜਾ ਜਥਾ ਨਹੀਂ ਪਹੁੰਚ ਸਕਿਆ। ਉਸ ਜਥੇ ਦੇ ਬਹੁਤੇ ਬੰਦੇ ਜ਼ਖ਼ਮੀ ਹੋ ਗਏ, ਕੁਝ ਸ਼ਹੀਦ ਹੋ ਗਏ ਪਰ ਉਹ ਗੁਰਦਾਸ ਨੰਗਲ ਨਹੀਂ ਜਾ ਸਕੇ।"

"ਮੈਨੂੰ ਤੇ ਇਹ ਸੁਣ ਕੇ ਇਉਂ ਲੱਗਦਾ ਏ ਜਿਵੇਂ ਕਲਗੀਧਰ ਪਾਤਿਸ਼ਾਹ ਦੇ ਸਮੇਂ ਅਨੰਦਪੁਰ ਦੇ ਘੇਰੇ ਵਾਲੀ ਘਟਨਾ ਹੁਣ ਫਿਰ ਦੁਹਰਾਈ ਜਾ ਰਹੀ ਏ," ਦੀਪੋ ਨੇ ਕਿਹਾ, "ਉਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਨੂੰ ਮਹੀਨਿਆਂ ਬੱਧੀ ਮੁਗ਼ਲ ਫ਼ੌਜ ਘੇਰੀ ਖੜੀ ਏ। ਜਿਵੇਂ

ਇਥੇ ਕੁਝ ਸਿੰਘ ਅੰਦਰਲੀਆਂ ਤੰਗੀਆਂ ਤੇ ਸੰਕਟ ਸਮੇਂ ਘਬਰਾ ਕੇ ਬੇਦਾਵਾ ਲਿਖ ਕੇ ਦੇ ਗਏ ਸਨ, ਉਸੇ ਤਰ੍ਹਾਂ ਕੁਝ ਸਿੰਘ ਤੇ ਜਥੇਦਾਰ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਕੇ ਉਥੋਂ ਨਿਕਲ ਆਏ ਹਨ।"

"ਅਨੰਦਪੁਰ ਦੇ ਘੇਰੇ ਸਮੇਂ ਅੰਤਮ ਫ਼ੈਸਲਾ ਕਰਨ ਵਾਲੇ ਸਤਿਗੁਰੂ ਆਪ ਸਨ," ਜਥੇਦਾਰ ਕਰਮ ਸਿੰਘ ਨੇ ਕਿਹਾ, "ਉਨ੍ਹਾਂ ਜੋ ਫ਼ੈਸਲਾ ਕੀਤਾ ਉਹ ਸਾਰਿਆਂ ਨੇ ਮੰਨ ਲਿਆ, ਪਰ ਇਥੇ ਤਾਂ ਵਿਚਾਰਾਂ ਦੇ ਮੱਤ-ਭੇਦ ਕਾਰਨ ਖ਼ਾਲਸਾ ਪੰਥ ਦੋ ਧੜਿਆਂ ਵਿਚ ਵੰਡਿਆ ਜਾ ਰਿਹਾ ਏ। ਜਿਹੜੇ ਗੁਰਦਾਸ ਨੰਗਲ ਗੜ੍ਹੀ 'ਚੋਂ ਨਿਕਲ ਆਏ ਹਨ, ਉਹ ਆਪਣੀ ਗ਼ਲਤੀ ਨਹੀਂ ਮੰਨਦੇ। ਉਲਟਾ ਉਹ ਬੰਦਾ ਸਿੰਘ ਬਹਾਦਰ ਨੂੰ ਦੋਸ਼ੀ ਸਿੱਧ ਕਰਨ ਲਈ ਜ਼ੋਰ ਲਾ ਰਹੇ ਹਨ। ਮੈਨੂੰ ਤਾਂ ਸਾਬੋ ਕੀ ਤਲਵੰਡੀ ਦੇ ਇਕੱਠ ਸਮੇਂ ਹੀ ਪਤਾ ਲੱਗ ਗਿਆ ਸੀ ਕਿ ਬੰਦਾ ਸਿੰਘ ਬਹਾਦਰ ਵਿਰੁੱਧ ਗਿਣ-ਮਿਥ ਕੇ ਪ੍ਰਚਾਰ ਹੋ ਰਿਹਾ ਏ। ਕੋਈ ਉਹਦੇ ਵਿਆਹ ਕਰਵਾਉਣ ਤੋਂ ਔਖਾ ਸੀ। ਕਿਸੇ ਨੂੰ ਸ਼ਿਕਾਇਤ ਸੀ ਕਿ ਉਹ ਸਰਹੰਦ ਤੋਂ ਕਿਉਂ ਪਹਾੜਾਂ ਵੱਲ ਨਿਕਲ ਗਿਆ। ਹੁਣ ਇਕ ਹੋਰ ਖ਼ਤਰਨਾਕ ਪ੍ਰਚਾਰ ਸ਼ੁਰੂ ਹੈ ਕਿ ਬੰਦਾ ਆਪਣੇ ਆਪ ਨੂੰ ਗੁਰੂ ਅਖਵਾਣ ਲੱਗ ਪਿਆ ਏ। ਮੈਂ ਜਾਣਦਾ ਹਾਂ ਕਿ ਉਹ ਕਦੇ ਅਜਿਹਾ ਨਹੀਂ ਸੋਚ ਸਕਦਾ, ਪਰ ਦੁਸ਼ਮਣ ਬਾਤ ਕਰੇ ਅਣਹੋਣੀ। ਇਸ ਖ਼ਤਰਨਾਕ ਪ੍ਰਚਾਰ ਦੀ ਜੜ੍ਹ ਤਾਂ ਹਕੂਮਤ ਦਾ ਪ੍ਰਚਾਰ ਹੈ ਪਰ ਅਸੀਂ ਵੀ ਝੱਟ ਦੁਸ਼ਮਣ ਦੀਆਂ ਗੱਲਾਂ ਵਿਚ ਆ ਜਾਂਦੇ ਹਾਂ।"

"ਇਸ ਗੱਲ ਦਾ ਜੰਗ ਵਿਚ ਕੀ ਅਸਰ ਏ ?" ਦੀਪੋ ਨੇ ਪੁੱਛਿਆ।

"ਬਹੁਤ ਦੂਰ ਤਕ ਇਹਦੇ ਨਤੀਜੇ ਨਿਕਲ ਸਕਦੇ ਨੇ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਯੁੱਧ ਤਾਂ ਖ਼ਾਲਸਾ ਕਈ ਜਿੱਤੇਗਾ, ਕਈ ਹਾਰੇਗਾ। ਸੂਰਬੀਰਾਂ ਲਈ ਜਿੱਤ ਹਾਰ ਨਾਲੋਂ ਵੱਧ ਮਹਾਨਤਾ ਰੱਖਦੀ ਏ, ਆਪਸੀ ਏਕਤਾ। ਜੇ ਪੰਥ ਵਿਚ ਏਕਤਾ ਨਾ ਰਹੀ ਤਾਂ ਜਿੱਤ ਵੀ ਬਹੁਤਾ ਸਮਾਂ ਨਹੀਂ ਰਹਿ ਸਕੇਗੀ।"

"ਇਸ ਸਾਰੀ ਸਥਿਤੀ ਵਿਚ ਤੁਸੀਂ ਕੀ ਸੋਚਦੇ ਹੋ ?" ਦੀਪੋ ਨੇ ਇਸ ਗੱਲ-ਬਾਤ ਦੇ ਸਿਲਸਿਲੇ ਦੀ ਅੰਤਮ ਗੱਲ 'ਤੇ ਆਉਂਦਿਆਂ ਪੁੱਛਿਆ, "ਕੀ ਇਸ ਦਾ ਕੋਈ ਹੱਲ ਤੁਹਾਡੀ ਸੋਚ ਵਿਚ ਆਉਂਦਾ ਏ ?"

"ਇਹੀ ਤਾਂ ਮੈਂ ਸੋਚਦਾ ਪਿਆ ਸੀ," ਜਥੇਦਾਰ ਕਰਮ ਸਿੰਘ ਨੇ ਕਿਹਾ, "ਤੈਨੂੰ ਇਹ ਸਾਰੀ ਜਾਣਕਾਰੀ ਦੇਣ ਦਾ ਭਾਵ ਇਹ ਸੀ ਕਿ ਇਸ ਬਾਰੇ ਤੇਰੀ ਵੀ ਰਾਏ ਲੈ ਲਈ ਜਾਏ। ਮੈਂ ਰਾਤ ਨੂੰ ਮੁਖੀ ਜਥੇਦਾਰਾਂ ਦੀ ਇਕ ਇਕੱਤਰਤਾ ਬੁਲਾਈ ਏ ਤੇ ਉਸ ਵਿਚ ਕੋਈ ਅੰਤਮ ਨਿਰਣਾ ਲਵਾਂਗੇ।"

ਦੀਪੋ ਨੂੰ ਜਾਪਿਆ ਜਿਵੇਂ ਕਰਮ ਸਿੰਘ ਪਾਸ ਇਸ ਕੌਮੀ ਸਮੱਸਿਆ ਦਾ ਕੋਈ ਹੱਲ ਨਹੀਂ। ਬੰਦਾ ਸਿੰਘ ਬਹਾਦਰ ਨੇ ਜਿਵੇਂ ਅਬਚਲ ਨਗਰ ਤੋਂ ਆ ਕੇ ਮੁਗ਼ਲ ਹਾਕਮਾਂ ਨੂੰ ਲਲਕਾਰਿਆ ਏ, ਜਿਵੇਂ ਇਕ ਵਾਰ ਖ਼ਾਲਸਾ ਰਾਜ ਦਾ ਸੁਪਨਾ ਸਾਕਾਰ ਕਰ ਕੇ ਨਾਨਕਸ਼ਾਹੀ ਸਿੱਕਾ ਚਾਲੂ ਕਰ ਦਿੱਤਾ ਸੀ, ਇਸ ਪਿੱਛੋਂ ਹਕੂਮਤ ਨਾਲ ਕਿਵੇਂ ਬਣ ਸਕਦੀ ਸੀ ? ਉਹ ਤਾਂ ਕੋਈ ਰਾਜ ਸਥਾਪਨਾ ਦੀ ਦ੍ਰਿਸ਼ਟੀ ਤੋਂ ਯੁੱਧ ਨਹੀਂ ਸਨ ਕਰ ਰਹੇ। ਉਹ ਤਾਂ ਜ਼ੁਲਮ ਤੇ ਅੱਤਿਆਚਾਰੀ ਹਾਕਮਾਂ ਵਿਰੁੱਧ ਲੜ ਰਹੇ ਹਨ ਤੇ ਇਸ ਲਈ ਉਨ੍ਹਾਂ ਦਾ ਸੰਘਰਸ਼ ਕਦੇ ਨਾ ਮੁੱਕਣ ਵਾਲਾ ਹੈ। ਉਹ ਜਥੇਦਾਰ ਕਰਮ ਸਿੰਘ ਦੇ ਬਾਹਰ ਚਲੇ ਜਾਣ ਪਿੱਛੋਂ ਵੀ ਸੋਚਦੀ ਰਹੀ ਕਿ ਉਹ ਕੀ ਸਲਾਹ ਦੇਵੇ। ਉਹ ਵੀ ਦੋ ਵਿਚਾਰਾਂ ਦੀ ਕਸ਼ਮਕਸ਼ ਵਿਚਕਾਰ ਫਸੀ ਹੋਈ ਸੀ। ਇਕ ਤਾਂ ਉਹਦੇ ਅੰਦਰ ਪੰਥਕ ਜਜ਼ਬਾ ਸੀ। ਉਹਦਾ ਕਰਮ ਸਿੰਘ ਦੇ ਨਾਲ ਰਹਿ ਕੇ ਚੜ੍ਹਦੀ ਕਲਾ ਦੀ ਗੱਲ ਸੋਚਣ ਦੀ ਆਦਤ ਸੀ। ਸ਼ਾਮੂ ਸ਼ਾਹ ਦੀ ਧੀ ਹੁੰਦਿਆਂ ਉਹਦੇ ਵਿਚ

ਕਈ ਵਾਰ ਢਹਿੰਦੀ ਕਲਾ ਵੀ ਭਾਰੂ ਹੋ ਜਾਂਦੀ ਸੀ, ਪਰ ਅੰਮ੍ਰਿਤਪਾਨ ਕਰਨ ਪਿੱਛੋਂ ਇਹ ਢਾਊ ਵਿਚਾਰ ਪਿੱਛਾ ਛੱਡ ਗਏ ਸਨ। ਇਹ ਜਜ਼ਬਾ ਉਹਨੂੰ ਆਵਾਜ਼ ਦਿੰਦਾ ਕਿ ਸਾਨੂੰ ਹੁਣ ਗੁਰਦਾਸ ਨੰਗਲ ਦਾ ਘੇਰਾ ਤੁੜਵਾਉਣ ਲਈ ਪੂਰੀ ਸ਼ਕਤੀ ਨਾਲ ਹਮਲਾ ਕਰਨਾ ਚਾਹੀਦਾ ਏ। ਜੇ ਜਥੇਦਾਰ ਜੀ ਮੰਨ ਜਾਣ ਤਾਂ ਅਗਲੇ ਜਥੇ ਨਾਲ ਜਥੇਦਾਰ ਜੀ ਆਪਣੀ ਅਗਵਾਈ ਕਰਨ ਤੇ ਉਹ ਔਰਤਾਂ ਦਾ ਜਥਾ ਲੈ ਕੇ ਨਾਲ ਵੀ ਜਾਏ ਪਰ ਝੱਟ ਉਹਦੇ ਅੰਦਰ ਤ੍ਰੀਮਤਪਨ ਦਾ ਉਹ ਪਿਆਰ ਜਾਗ ਪੈਂਦਾ, ਜੋ ਆਪਣੇ ਪਤੀ ਤੇ ਪੁੱਤਰ ਦੀ ਸੁੱਖ-ਸਾਂਦ ਲੋਚਦਾ ਏ। ਇਸ ਮੋਹ ਜਾਲ ਵਿਚ ਉਹ ਸੋਚਦੀ ਕਿ ਕਰਮ ਸਿੰਘ ਨੂੰ ਕਿਉਂ ਸਲਾਹ ਦੇਵੇ ਕਿ ਉਹ ਜੰਗ ਵਿਚ ਆਪ ਜਾਏ। ਜੇ ਉਹ ਔਰਤਾਂ ਦਾ ਜਥਾ ਵੀ ਲਿਜਾਣਾ ਮੰਨ ਜਾਏ ਤਾਂ ਉਹ ਆਪਣੇ ਪੁੱਤਰ ਫ਼ਤਹਿ ਸਿੰਘ ਨੂੰ ਕਿਥੇ ਛੱਡ ਜਾਏ ? ਇਹਦੇ ਭਵਿੱਖਤ ਤੇ ਸੁਰੱਖਿਅਤਾ ਦਾ ਖ਼ਿਆਲ ਉਹਦੀ ਪਹਿਲੀ ਸੋਚ ਪ੍ਰਣਾਲੀ ਦਾ ਰੁਖ਼ ਮੋੜ ਦਿੰਦਾ।

ਜਥੇਦਾਰ ਕਰਮ ਸਿੰਘ ਨੇ ਰਾਤ ਦੀ ਇਕੱਤਰਤਾ ਪਿੱਛੋਂ ਆ ਕੇ ਦੱਸਿਆ ਕਿ ਉਹਨੂੰ ਗੁਰਦਾਸ ਨੰਗਲ ਵੱਲ ਜਥਾ ਲੈ ਕੇ ਜਾਣ ਦੀ ਆਗਿਆ ਮਿਲ ਗਈ ਏ। ਫ਼ੈਸਲਾ ਹੋ ਗਿਆ ਕਿ ਅਨੰਦਪੁਰ ਵਿਚ ਤੁਹਾਡਾ ਔਰਤਾਂ ਦਾ ਜਥਾ ਸੇਵਾ-ਸੰਭਾਲ ਕਰੇਗਾ ਤੇ ਬਜ਼ੁਰਗ ਇਥੇ ਰਹਿਣਗੇ। ਸਾਰੇ ਨੌਜਵਾਨ ਮੇਰੇ ਨਾਲ ਯੁੱਧ ਦੇ ਮੈਦਾਨ ਵਿਚ ਜਾਣਗੇ।

50

ਬੰਦਾ ਸਿੰਘ ਬਹਾਦਰ ਨੂੰ ਬਾਹਰ ਤੋਂ ਕਿਸੇ ਵੀ ਪਾਸਿਉਂ ਮਦਦ ਨਾ ਪਹੁੰਚ ਸਕੀ। ਉਹ ਸਮਝ ਗਏ ਸਨ ਕਿ ਅੱਠ ਮਹੀਨਿਆਂ ਤੋਂ ਜੋ ਘੇਰਾ ਪਿਆ ਹੋਇਆ ਸੀ, ਉਸੇ ਕਾਰਨ ਕੋਈ ਵੀ ਜਥਾ ਉਨ੍ਹਾਂ ਤਕ ਨਹੀਂ ਅੱਪੜ ਰਿਹਾ। ਉਨ੍ਹਾਂ ਪਾਸ ਹੁਣ ਤਕ ਜਿਹੜੇ ਦੋ ਜਥੇ ਪਹੁੰਚੇ ਸਨ, ਉਨ੍ਹਾਂ ਵਿਚੋਂ ਇਕ ਤਾਂ ਦੁਆਬੇ ਦਾ ਜਥਾ ਸੀ, ਜੋ ਜਥੇਦਾਰ ਕਰਮ ਸਿੰਘ ਨੇ ਰਾਸ਼ਨ ਤੇ ਕੁਝ ਹਥਿਆਰ ਦੇ ਕੇ ਭੇਜਿਆ ਸੀ ਤੇ ਦੂਜਾ ਮਾਲਵੇ ਦਾ ਜਥਾ ਪਹੁੰਚਣ ਵਿਚ ਸਫਲ ਹੋਇਆ ਸੀ, ਜਿਸ ਨੂੰ ਬਾਬਾ ਦੀਪ ਸਿੰਘ ਨੇ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਤੋਂ ਰਵਾਨਾ ਕੀਤਾ ਸੀ। ਉਨ੍ਹਾਂ ਨੂੰ ਨਿਸਚਾ ਸੀ ਕਿ ਤਰਨ ਤਾਰਨ ਤੋਂ ਵੀ ਮਝੈਲਾਂ ਦਾ ਜਥਾ ਜ਼ਰੂਰ ਨਿੱਤਰਿਆ ਹੋਏਗਾ, ਉਹ ਤਾਂ ਨੇੜੇ ਸਨ ਪਰ ਫਿਰ ਉਨ੍ਹਾਂ ਸੋਚਿਆ ਕਿ ਉਹ ਕਿਧਰੇ ਰਾਹ ਵਿਚ ਹੀ ਨਾ ਸ਼ਹੀਦ ਹੋ ਗਏ ਹੋਣ ਜਾਂ ਮੁਗ਼ਲ ਫ਼ੌਜਾਂ ਨੇ ਉਨ੍ਹਾਂ ਨੂੰ ਪਿੱਛੇ ਨਾ ਧੱਕ ਦਿੱਤਾ ਹੋਵੇ।

ਬੰਦਾ ਸਿੰਘ ਬਹਾਦਰ ਨੂੰ ਜਦ ਵੀ ਪਤਾ ਲੱਗਦਾ ਕਿ ਸਿੰਘਾਂ ਦਾ ਕੋਈ ਜਥਾ ਮੁਗ਼ਲ ਫ਼ੌਜ ਦਾ ਘੇਰਾ ਤੋੜਨ ਲਈ ਕਿਸੇ ਪਾਸਿਉਂ ਹਮਲਾ ਕਰ ਰਿਹਾ ਹੈ, ਕਿਸੇ ਪਾਸਿਉਂ ਦੂਰੋਂ ਨਿੰਮੀ ਨਿੰਮੀ ਜੈਕਾਰਿਆਂ ਦੀ ਆਵਾਜ਼ ਆਉਂਦੀ ਤਾਂ ਉਹ ਝੱਟ ਸਾਥੀਆਂ ਨੂੰ ਕਹਿੰਦਾ ਕਿ ਇਹ ਬਾਬਾ ਦੀਪ ਸਿੰਘ ਦਾ ਜਥਾ ਹੋਏਗਾ ਜਾਂ ਜਥੇਦਾਰ ਕਰਮ ਸਿੰਘ ਦੁਆਬੇ ਦੇ ਸਿੰਘਾਂ ਨਾਲ ਪਹੁੰਚ ਗਿਆ ਹੋਏਗਾ। ਜਦੋਂ ਝੱਟ ਪਿੱਛੋਂ ਜੈਕਾਰੇ ਬੰਦ ਹੋ ਜਾਂਦੇ ਜਾਂ ਯੁੱਧ ਵਿਚ ਤਲਵਾਰਾਂ ਖੜਕਣ ਤੇ ਘੋੜਿਆਂ ਦੇ ਦੌੜਨ ਦੀਆਂ ਆਵਾਜ਼ਾਂ ਮੱਧਮ ਪੈ ਜਾਂਦੀਆਂ ਤਾਂ ਉਨ੍ਹਾਂ ਦੇ ਚਿਹਰੇ 'ਤੇ ਚਿੰਤਾ ਦੀਆਂ ਰੇਖਾਵਾਂ ਉਭਰ ਪੈਂਦੀਆਂ। ਉਹ ਸੋਚਾਂ ਵਿਚ ਪੈ ਜਾਂਦੇ। ਉਨ੍ਹਾਂ ਦਾ ਜੀਅ ਕਰਦਾ ਕਿ ਉਹ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਨਿਕਲ ਕੇ ਵੈਰੀ ਦਲ ਨੂੰ ਚੀਰਦੇ ਉਨ੍ਹਾਂ ਸੂਰਬੀਰਾਂ ਪਾਸ ਪਹੁੰਚ ਜਾਣ, ਜੋ ਉਨ੍ਹਾਂ ਦੀ ਮਦਦ ਲਈ ਆ ਕੇ ਬਾਹਰੋਂ ਹਮਲੇ ਕਰ ਰਹੇ

ਹਨ, ਪਰ ਹੁਣ ਉਨ੍ਹਾਂ ਵਿਚ ਪਹਿਲਾਂ ਵਰਗੀ ਸ਼ਕਤੀ ਨਹੀਂ ਸੀ। ਕਈ ਕਈ ਦਿਨ ਦੇ ਭੁੱਖੇ ਜਵਾਨ ਲੜਨ ਦੀ ਸਮਰੱਥਾ ਨਹੀਂ ਸਨ ਰੱਖਦੇ। ਘੋੜਿਆਂ ਨੂੰ ਕਈ ਕਈ ਦਿਨ ਕੁਝ ਵੀ ਖਾਣ ਲਈ ਨਹੀਂ ਸੀ ਦਿੱਤਾ ਗਿਆ।

"ਇਸ ਸਥਿਤੀ ਵਿਚ ਕੋਈ ਹੱਲ ਲੱਭਿਆ ਜਾਏ ?" ਇਕ ਸਾਥੀ ਜਰਨੈਲ ਨੇ ਬੰਦਾ ਸਿੰਘ ਬਹਾਦਰ ਪਾਸ ਆ ਕੇ ਬੇਨਤੀ ਕੀਤੀ, "ਸਾਡੇ ਤੋਂ ਤੁਹਾਡਾ ਉਦਾਸ ਚਿਹਰਾ ਨਹੀਂ ਦੇਖਿਆ ਜਾ ਸਕਦਾ।"

"ਜਿੱਤ ਦੀ ਹੁਣ ਆਸ ਨਹੀਂ। ਸਾਡੇ ਸਾਧਨ ਸੀਮਤ ਹੋ ਗਏ ਹਨ," ਬੰਦਾ ਸਿੰਘ ਬਹਾਦਰ ਨੇ ਉੱਤਰ ਦਿੱਤਾ, "ਹਾਰ ਅਸੀਂ ਮੰਨਣੀ ਨਹੀਂ। ਆਪਣੇ ਅੰਤਮ ਸਵਾਸਾਂ ਤਕ ਸੰਘਰਸ਼ ਤਾਂ ਜਾਰੀ ਰੱਖਾਂਗੇ। ਸਮਾਂ ਆਉਣ 'ਤੇ ਸ਼ਹੀਦੀ ਵੀ ਪਾ ਲਵਾਂਗੇ। ਫਿਰ ਵੀ ਸਾਨੂੰ ਚਿੰਤਾ ਨਹੀਂ। ਸਤਿਗੁਰੂ ਸੱਚੇ ਪਾਤਿਸ਼ਾਹ ਪੰਥ ਦਾ ਵਾਲੀ ਆਪ ਬਹੁੜੀ ਕਰੇਗਾ। ਇਸ ਧਰਮ ਯੁੱਧ ਦਾ ਝੰਡਾ ਫੜਨ ਲਈ ਹੋਰ ਸਿੰਘ ਨਿੱਤਰ ਆਉਣਗੇ। ਇਹ ਸੰਘਰਸ਼ ਤਾਂ ਨਿਰੰਤਰ ਜਾਰੀ ਰਹਿਣ ਵਾਲਾ ਏ।"

"ਫਿਰ ਤੁਸੀਂ ਉਦਾਸ ਕਿਉਂ ਜੇ ?" ਜਥੇਦਾਰ ਨੇ ਮੁੜ ਪ੍ਰਸ਼ਨ ਕੀਤਾ।

"ਮੈਂ ਉਨ੍ਹਾਂ ਅਣਗਿਣਤ ਸ਼ਹੀਦਾਂ ਬਾਰੇ ਸੋਚ ਰਿਹਾ ਹਾਂ ਜੋ ਬਾਹਰੋਂ ਘੇਰਾ ਤੋੜਨ ਦਾ ਯਤਨ ਕਰਦੇ ਹੋਏ ਆਪਾ ਵਾਰ ਗਏ ਹਨ ਤੇ ਸਾਨੂੰ ਉਨ੍ਹਾਂ ਬਾਰੇ ਪਤਾ ਵੀ ਨਹੀਂ," ਬੰਦਾ ਸਿੰਘ ਬਹਾਦਰ ਨੇ ਕਿਹਾ, "ਅਸੀਂ ਉਨ੍ਹਾਂ ਜ਼ਖ਼ਮੀ ਹੋਏ ਭਰਾਵਾਂ ਤਕ ਪਹੁੰਚ ਵੀ ਨਹੀਂ ਸਕਦੇ, ਸਹਿਕਦਿਆਂ ਦੇ ਮੂੰਹ ਵਿਚ ਪਾਣੀ ਦਾ ਘੁੱਟ ਵੀ ਨਹੀਂ ਪਾ ਸਕਦੇ। ਜੋ ਦਵਾ-ਦਾਰੂ ਨਾਲ ਠੀਕ ਹੋ ਸਕਦੇ ਹਨ, ਉਨ੍ਹਾਂ ਦਾ ਇਲਾਜ ਵੀ ਨਹੀਂ ਕਰ ਸਕਦੇ।"

"ਜਿਹੜੇ ਸਾਡੇ ਨਾਲ ਇਥੇ ਭੁੱਖੇ ਭਾਣੇ ਦਿਨ ਰਾਤ ਦੁਸ਼ਮਣ ਦਾ ਟਾਕਰਾ ਕਰ ਰਹੇ ਹਨ, ਅਸੀਂ ਉਨ੍ਹਾਂ ਲਈ ਵੀ ਕੁਝ ਨਹੀਂ ਕਰ ਸਕਦੇ," ਜਥੇਦਾਰ ਸੁਲੱਖਣ ਸਿੰਘ ਨੇ ਆਖਿਆ, "ਜੇ ਆਗਿਆ ਦਿਉ ਤਾਂ ਘੋੜੇ ਝਟਕਾਏ ਜਾਣ। ਉਂਝ ਵੀ ਉਹ ਭੁੱਖ ਨਾਲ ਮਰ ਜਾਣਗੇ, ਇਸ ਨਾਲੋਂ ਚੰਗਾ ਹੈ ਕਿ ਉਨ੍ਹਾਂ ਨੂੰ ਖਾ ਕੇ ਕੁਝ ਦਿਨ ਤਾਂ ਹੋਰ ਜਿੰਦਾ ਰਹਿਣ ਦਾ ਪ੍ਰਬੰਧ ਕਰ ਲਈਏ।" ਬੰਦਾ ਬਹਾਦਰ ਚੁੱਪ ਸੀ, ਉਹਨੇ ਜਥੇਦਾਰ ਦੇ ਸੁਝਾਅ ਦਾ ਤੁਰਤ ਉੱਤਰ ਨਾ ਦਿੱਤਾ। ਇਸ ਲਈ ਮਿੰਟ ਕੁ ਰੁਕ ਕੇ ਜਥੇਦਾਰ ਸੁਲੱਖਣ ਸਿੰਘ ਨੇ ਆਖਿਆ, "ਸਾਨੂੰ ਪਤਾ ਹੈ ਕਿ ਤੁਹਾਨੂੰ ਘੋੜੇ ਬਹੁਤ ਪਿਆਰੇ ਹਨ। ਇਹ ਸਾਡੇ ਯੁੱਧ ਵਿਚ ਸਭ ਤੋਂ ਵੱਡੇ ਸਾਥੀ ਹਨ, ਪਰ ਸਾਡੀ ਮਜਬੂਰੀ ਏ। ਜੇ ਇਨ੍ਹਾਂ ਨੂੰ ਨਾ ਝਟਕਾਇਆ ਗਿਆ ਤਾਂ ਇਹ ਵੀ ਭੁੱਖੇ ਮਰ ਜਾਣਗੇ ਤੇ ਇਨ੍ਹਾਂ ਨੂੰ ਪਿਆਰ ਕਰਨ ਵਾਲੇ ਸਾਡੇ ਜਵਾਨ ਵੀ।"

ਬੰਦਾ ਸਿੰਘ ਬਹਾਦਰ ਨੇ ਪਤਾ ਨਹੀਂ ਕੀ ਸੋਚ ਕੇ ਸਿਰ ਹਿਲਾਇਆ ਤੇ ਉਹ ਜਥੇਦਾਰ ਇਸ ਚੁੱਪ ਦੇ ਸੰਕੇਤ ਨੂੰ ਰਜ਼ਾਮੰਦੀ ਸਮਝ ਕੇ ਚਲਾ ਗਿਆ ਤੇ ਇਉਂ ਪੇਟ ਦੀ ਅੱਗ ਨੂੰ ਮੱਠਾ ਕਰਨ ਲਈ ਘੋੜੇ ਝਟਕਾਏ ਜਾਣ ਲੱਗੇ। ਬੰਦਾ ਸਿੰਘ ਬਹਾਦਰ ਨੂੰ ਇਹ ਚੰਗਾ ਨਾ ਲੱਗਾ, ਪਰ ਉਹਦੇ ਪਾਸ ਇਸ ਦਾ ਕੋਈ ਬਦਲ ਵੀ ਨਹੀਂ ਸੀ ਜੋ ਉਹ ਦੱਸ ਸਕਦਾ। ਉਹਨੇ ਤੁਰਤ ਜਥੇਦਾਰਾਂ ਤੇ ਮੁਖੀ ਫ਼ੌਜੀਆਂ ਦੀ ਇਕੱਤਰਤਾ ਬੁਲਾਈ ਤਾਕਿ ਇਸ ਸੰਕਟ ਨੂੰ ਖ਼ਤਮ ਕਰਨ ਲਈ ਆਖ਼ਰੀ ਕਾਰਵਾਈ ਸ਼ੁਰੂ ਕੀਤੀ ਜਾਏ।

"ਅਸੀਂ ਅੱਜ ਯੁੱਧ ਦੇ ਜਿਸ ਪੜਾਅ 'ਤੇ ਪਹੁੰਚ ਗਏ ਹਾਂ, ਇਸ ਬਾਰੇ ਅੰਤਮ ਨਿਰਣਾ ਲੈਣ ਲਈ ਤੁਹਾਨੂੰ ਸਾਰਿਆਂ ਨੂੰ ਸੱਦਿਆ ਏ," ਬੰਦਾ ਸਿੰਘ ਬਹਾਦਰ ਨੇ ਭਰੇ ਗਲੇ ਨਾਲ ਕਹਿਣਾ ਸ਼ੁਰੂ ਕੀਤਾ, "ਹੁਣ ਗੜ੍ਹੀ ਵਿਚ ਘਿਰਿਆਂ ਅੱਠ ਮਹੀਨੇ ਹੋਣ ਲੱਗੇ ਹਨ। ਇਸ ਅਵਸਥਾ ਵਿਚ ਬਹੁਤੇ ਦਿਨ ਹੋਰ ਨਹੀਂ ਕੱਟੇ ਜਾ ਸਕਦੇ।"

"ਤੁਸੀਂ ਦੱਸੋ ਕੀ ਕਰਨਾ ਚਾਹੀਦਾ ਏ ?" ਸੱਜਣ ਸਿੰਘ ਜਥੇਦਾਰ ਬੋਲਿਆ, "ਜਿਨ੍ਹਾਂ ਜਾਣਾ ਸੀ, ਉਹ ਚਲੇ ਗਏ ਹਨ। ਅਸੀਂ ਤਾਂ ਤੁਹਾਡੇ ਆਦੇਸ਼ 'ਤੇ ਹਰ ਸਮੇਂ ਜਾਨਾਂ ਵਾਰਨ ਲਈ ਤਿਆਰ ਹਾਂ। ਹੁਣ ਮੇਰਾ ਸੁਝਾਅ ਹੈ ਕਿ ਸਾਨੂੰ ਗੜ੍ਹੀ ਤੋਂ ਨਿਕਲ ਕੇ ਅੰਤਮ ਟੱਕਰ ਲਈ ਤਿਆਰ ਹੋਣਾ ਚਾਹੀਦਾ ਏ।"

"ਅਸੀਂ ਗ਼ਲਤੀ ਕੀਤੀ ਏ," ਲੱਧਾ ਸਿੰਘ ਨੇ ਉੱਠ ਕੇ ਆਖਿਆ, "ਸਾਨੂੰ ਪਹਿਲਾਂ ਗੜ੍ਹੀ 'ਚੋਂ ਨਿਕਲ ਕੇ ਗਏ ਭਰਾਵਾਂ ਦੇ ਨਾਲ ਹੀ ਨਿਕਲ ਜਾਣਾ ਚਾਹੀਦਾ ਸੀ। ਉਸ ਵੇਲੇ ਅਸੀਂ ਰੁਕ ਗਏ, ਅਸਲ ਗੱਲ ਇਹ ਹੈ ਕਿ ਜਿੱਤ ਵੇਲੇ ਸਾਰੇ ਕਹਿੰਦੇ ਹਨ ਕਿ ਨੀਤੀ ਠੀਕ ਏ, ਹਾਰ ਵੇਲੇ ਹਰ ਕੋਈ ਆਗੂਆਂ ਜਾਂ ਦੂਜਿਆਂ ਨੂੰ ਕੋਸਦਾ ਏ ਕਿ ਉਹਦਾ ਫ਼ੈਸਲਾ ਗ਼ਲਤ ਸੀ।" ਬੰਦਾ ਸਿੰਘ ਬਹਾਦਰ ਦੇ ਅਤਿ ਨਿਕਟਵਰਤੀ ਮੱਖਣ ਸਿੰਘ ਨੇ ਕਿਹਾ, "ਜਦੋਂ ਅਸੀਂ ਸਰਹੰਦ ਵਿਚ ਲੜਨ ਦੀ ਥਾਂ ਪਹਾੜਾਂ ਵੱਲ ਨਿਕਲ ਜਾਣ ਦਾ ਨਿਰਣਾ ਲਿਆ ਤਾਂ ਕਿਤਨਾ ਕੁਝ ਸਾਡੇ ਵਿਰੁੱਧ ਪੰਥ ਵਿਚ ਆਖਿਆ ਗਿਆ ਸੀ। ਜਦੋਂ ਜੰਗ ਦੀ ਤਿਆਰੀ ਲਈ ਕੁਝ ਸਮਾਂ ਜੰਮੂ ਦੀਆਂ ਪਹਾੜੀਆਂ ਵੱਲ ਨਿਕਲ ਗਏ ਤਾਂ ਕਈਆਂ ਪਾਸਿਉਂ ਆਵਾਜ਼ਾਂ ਉੱਠੀਆਂ ਕਿ ਪੰਥ ਦਾ ਜਰਨੈਲ ਵਿਆਹ ਕਰਵਾ ਕੇ ਮੌਜਾਂ ਮਾਣ ਰਿਹਾ ਹੈ ਤੇ ਇਧਰ ਕੌਮ ਫ਼ਰਖ਼ਸੀਅਰ ਦੀਆਂ ਸਖ਼ਤੀਆਂ ਦਾ ਸ਼ਿਕਾਰ ਹੋ ਰਹੀ ਏ। ਜਦੋਂ ਫਿਰ ਜੰਮੂ, ਕਨੂਹਾ, ਪਠਾਨਕੋਟ ਫ਼ਤਹਿ ਕਰ ਕੇ ਅੱਗੇ ਵਧਣ ਲੱਗੇ ਤਾਂ ਸਾਰਿਆਂ ਨੇ ਇਸ ਕਾਰਵਾਈ ਨੂੰ ਠੀਕ ਆਖਿਆ। ਕਈ ਨੁਕਤਾਚੀਨ ਤਾਂ ਦੋਧਾਰੀ ਤਲਵਾਰ ਹਨ। ਜੇ ਕੁਝ ਕਰੀਏ ਤਾਂ ਕਹਿੰਦੇ ਨੇ ਕਿਉਂ ਕਰਦੇ ਜੇ। ਜੇ ਨਾ ਕਰੀਏ ਤਾਂ ਕਹਿੰਦੇ ਹਨ ਕਿ ਕਰਦੇ ਕੁਝ ਨਹੀਂ।"

"ਸਾਨੂੰ ਆਪਣੀ ਬੁੱਧੀ ਤੇ ਗੁਰੂ 'ਤੇ ਭਰੋਸਾ ਰੱਖ ਕੇ, ਪ੍ਰਾਪਤ ਸਾਧਨਾਂ ਨਾਲ ਸੰਘਰਸ਼ ਕਰਦੇ ਰਹਿਣਾ ਚਾਹੀਦਾ ਏ, ਨਤੀਜੇ ਜਾਂ ਫਲ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ," ਬੰਦਾ ਸਿੰਘ ਬਹਾਦਰ ਨੇ ਚੜ੍ਹਦੀ ਕਲਾ ਵਾਲੇ ਬੋਲਾਂ ਨਾਲ ਵਿਚਾਰ-ਵਟਾਂਦਰੇ ਵਿਚ ਹੀ ਅਸਲ ਗੱਲ ਵੱਲ ਆਉਣ ਦੀ ਪ੍ਰੇਰਨਾ ਕਰਦਿਆਂ ਕਿਹਾ, "ਮੈਂ ਨਹੀਂ ਮੰਨਦਾ ਕਿ ਅਸੀਂ ਹਾਰ ਰਹੇ ਹਾਂ। ਹਾਰਦਾ ਤਾਂ ਉਹ ਹੈ ਜੋ ਦਿਲ ਹਾਰ ਜਾਏ। ਇਸ ਸੰਘਰਸ਼ ਵਿਚ ਅਵੱਸ਼ ਇਕ ਦਿਨ ਸਾਡੀ ਜਿੱਤ ਹੋਏਗੀ। ਇਸ ਭਵਿੱਖ-ਬਾਣੀ 'ਤੇ ਪੂਰਨ ਨਿਸਚਾ ਰੱਖੋ, 'ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ॥' ਤੁਹਾਡੇ ਮਨ ਵਿਚ ਜੋ ਵੀ ਸੁਝਾਅ ਆਵੇ ਉਹ ਦਿਉ, ਅਖ਼ੀਰ ਤੇ ਮੈਂ ਤੁਹਾਡੇ ਵਿਚਾਰਾਂ ਦੀ ਰੌਸ਼ਨੀ ਵਿਚ ਅੰਤਮ ਰਾਏ ਪ੍ਰਗਟ ਕਰਾਂਗਾ। ਸਾਡਾ ਸੰਗਠਨ ਇਕ ਪੁਰਖੀ ਨਹੀਂ, ਪੰਥ ਦੇ ਫ਼ੈਸਲੇ ਪੰਥ ਆਪ ਕਰਦਾ ਏ, ਕੋਈ ਇਕ ਵਿਅਕਤੀ ਨਹੀਂ ਕਰ ਸਕਦਾ।"

"ਅਸੀਂ ਖ਼ੁਰਾਕ ਬਿਨਾ ਦਿਨ-ਬ-ਦਿਨ ਭੁੱਖੇ ਰਹਿ ਕੇ ਕਮਜ਼ੋਰ ਹੋ ਰਹੇ ਹਾਂ," ਇਕ ਜਥੇਦਾਰ ਭਗਤ ਸਿੰਘ ਬੋਲ ਪਿਆ, "ਸਾਡੇ ਪਾਸ ਹਥਿਆਰ ਤੇ ਘੋੜੇ ਵੀ ਘੱਟ ਗਏ ਹਨ। ਜੇ ਕੁਝ ਚਿਰ ਹੋਰ ਇਥੇ ਫਸੇ ਰਹੇ ਤਾਂ ਹੋਰ ਵੀ ਕਮਜ਼ੋਰ ਹੋ ਜਾਵਾਂਗੇ। ਇਸ ਲਈ ਅੱਜ ਹੀ ਦੋ-ਟੁੱਕ ਫ਼ੈਸਲਾ ਕਰਨਾ ਚਾਹੀਦਾ ਏ ਕਿ ਅਸੀਂ ਇਥੇ ਹੋਰ ਨਹੀਂ ਰਹਿਣਾ। ਘੇਰਾ ਤੋੜ ਲੈਣਾ ਏ ਜਾਂ ਸ਼ਹੀਦ ਹੋ ਜਾਣਾ ਏ।" ਲਗ ਪਗ ਇਸੇ ਤਰ੍ਹਾਂ ਦੀ ਰਾਏ ਹੋਰ ਵੀ ਕਈਆਂ ਨੇ ਪ੍ਰਗਟ ਕੀਤੀ।

ਅਗਲੇ ਦਿਨ ਤੜਕੇ ਹੀ ਘੇਰਾ ਪਾਈ ਬੈਠੀ ਮੁਗ਼ਲ ਫ਼ੌਜ ਨੇ ਵੀ ਵਿਉਂਤ-ਬੱਧ ਤਰੀਕੇ ਨਾਲ ਹਮਲਾ ਕਰ ਦਿੱਤਾ। ਲਾਹੌਰ ਦੇ ਹਾਕਮ ਅਬਦੁਲ ਸਮੱਦ ਖ਼ਾਂ ਨੇ ਇਸ ਯੁੱਧ ਦੀ ਕਮਾਨ ਆਪਣੇ ਪੁੱਤਰ ਜ਼ਕਰੀਆ ਖ਼ਾਨ ਨੂੰ ਸੌਂਪੀ ਹੋਈ ਸੀ। ਜ਼ਕਰੀਆ ਖ਼ਾਨ ਨੇ ਦਿੱਲੀ ਦੇ ਬਾਦਸ਼ਾਹ ਨਾਲ ਗਾਂਢਾ-ਸਾਂਢਾ ਕਰ ਲਿਆ ਸੀ ਕਿ ਕਈ ਮਹੀਨਿਆਂ ਦੇ ਗੁਰਦਾਸ ਨੰਗਲ ਦੇ ਘੇਰੇ ਨੂੰ ਉਹੀ ਸਫਲ ਬਣਾ ਸਕਦਾ ਏ। ਬਾਦਸ਼ਾਹ ਫ਼ਰਖ਼ਸੀਅਰ ਨੇ ਉਹਨੂੰ ਭਰੋਸਾ ਦਿਵਾਇਆ

ਸੀ ਕਿ ਜੇਕਰ ਉਹ ਇਸ ਜੰਗ ਨੂੰ ਜਿੱਤ ਲਏ ਤਾਂ ਉਹਨੂੰ ਲਾਹੌਰ ਦਾ ਰਾਜ ਦੇ ਦਿੱਤਾ ਜਾਏਗਾ।

ਇਧਰ ਜਥੇਦਾਰ ਕਰਮ ਸਿੰਘ ਦੁਆਬੇ ਦਾ ਜਥਾ ਲੈ ਕੇ ਦਰਿਆ ਬਿਆਸ ਨੂੰ ਪਾਰ ਕਰ ਕੇ ਗੁਰਦਾਸ ਨੰਗਲ ਵੱਲ ਜਾ ਰਿਹਾ ਸੀ, ਜਦੋਂ ਮੁਗ਼ਲ ਫ਼ੌਜ ਦੇ ਗਸ਼ਤੀ ਦਸਤਿਆਂ ਨਾਲ ਉਹਦੀ ਟੱਕਰ ਹੋ ਗਈ। ਜਥੇਦਾਰ ਕਰਮ ਸਿੰਘ ਪਾਸ ਦੋ ਸੌ ਜਵਾਨਾਂ ਦੀ ਟੁਕੜੀ ਸੀ ਤੇ ਗਸ਼ਤੀ ਫ਼ੌਜ ਇਸ ਤੋਂ ਦੂਣੀ ਸੀ। ਪਹਿਲਾਂ ਤਾਂ ਕੁਝ ਚਿਰ ਦੂਰੋਂ ਬੰਦੂਕਾਂ ਚੱਲਦੀਆਂ ਰਹੀਆਂ। ਬੰਦੂਕਾਂ 'ਚੋਂ ਨਿਕਲੀਆਂ ਗੋਲੀਆਂ ਤੇ ਬਾਰੂਦ ਨੇ ਦੋਪਾਸੜ ਹੀ ਕਈ ਕੀਮਤੀ ਜਾਨਾਂ ਲੈ ਲਈਆਂ। ਇਹ ਦੇਖ ਕੇ ਜਥੇਦਾਰ ਕਰਮ ਸਿੰਘ ਨੇ ਜਥੇ ਨੂੰ ਆਦੇਸ਼ ਦਿੱਤਾ ਕਿ ਤੇਜ਼ ਦੌੜ ਕੇ ਦੁਸ਼ਮਣ ਦੀਆਂ ਸਫ਼ਾਂ ਵਿਚ ਵੜ ਜਾਓ ਤਾਕਿ ਬੰਦੂਕਾਂ ਦੀ ਲੜਾਈ ਬੰਦ ਹੋ ਜਾਏ ਤੇ ਤਲਵਾਰਾਂ ਦੀ ਲੜਾਈ ਸ਼ੁਰੂ ਹੋ ਜਾਏ। ਉਹਨੂੰ ਨਿਸਚਾ ਸੀ ਕਿ ਤਲਵਾਰਾਂ ਤੇ ਬਰਛਿਆਂ ਨੇਜ਼ਿਆਂ ਦੇ ਮੁਕਾਬਲੇ ਵਿਚ ਸਿੰਘ ਆਪਣੇ ਤੋਂ ਕਈ ਗੁਣਾ ਵੱਧ ਦੁਸ਼ਮਣ ਨੂੰ ਵੀ ਹਰਾ ਸਕਦੇ ਹਨ। ਕੇਵਲ ਬੰਦੂਕਾਂ ਦੀ ਟੱਕਰ ਵਿਚ ਨਹੀਂ ਜਿੱਤ ਸਕਦੇ।

ਇਸ ਹਮਲੇ ਦੀ ਅਗਵਾਈ ਜਥੇਦਾਰ ਕਰਮ ਸਿੰਘ ਆਪ ਕਰ ਰਿਹਾ ਸੀ। ਉਹ ਸਭ ਤੋਂ ਅੱਗੇ ਸੀ। ਜਦ ਜਰਨੈਲ ਆਪ ਅੱਗੇ ਹੋ ਕੇ ਲੜੇ ਤਾਂ ਸਾਥੀ ਉਸ ਦਾ ਪੂਰਾ ਪੂਰਾ ਸਾਥ ਦਿੰਦੇ ਹਨ। ਅੱਜ ਵਰਗੇ ਨਾ ਉਸ ਸਮੇਂ ਯੁੱਧ ਸਨ ਤੇ ਨਾ ਹੀ ਹਥਿਆਰ। ਨਾ ਅੱਜ ਵਾਂਗ ਮੁਖੀ ਜਰਨੈਲ ਪਿੱਛੇ ਰਹਿ ਕੇ ਵਿਉਂਤ ਬਣਾਂਦੇ ਸਨ ਤੇ ਹੁਕਮ ਦਿੰਦੇ ਸਨ। ਯੁੱਧ ਨੀਤੀ ਬਿਲਕੁਲ ਵੱਖਰੇ ਕਿਸਮ ਦੀ ਸੀ। ਉਸ ਨੀਤੀ ਵਿਚ ਸਿੰਘਾਂ ਦੀ ਬੀਰਤਾ ਤੇ ਬਾਹੂ-ਬਲ ਹੀ ਕੰਮ ਆਉਂਦੇ ਸਨ।

ਜਥੇਦਾਰ ਕਰਮ ਸਿੰਘ ਨੂੰ ਨਿਸ਼ਾਨਾ ਬਣਾ ਕੇ ਦੁਸ਼ਮਣ ਨੇ ਦੂਰੋਂ ਬੰਦੂਕ ਚਲਾਈ। ਨਿਸ਼ਾਨਾ ਕੁਝ ਉਕ ਗਿਆ, ਘੋੜੇ ਨੂੰ ਗੋਲੀ ਲੱਗੀ ਤੇ ਉਹ ਜ਼ਖ਼ਮੀ ਹੋ ਗਿਆ। ਕੁਝ ਬਾਰੂਦ ਦੇ ਟੁਕੜੇ ਕਰਮ ਸਿੰਘ ਦੀਆਂ ਲੱਤਾਂ 'ਤੇ ਲੱਗੇ ਤੇ ਖ਼ੂਨ ਵਗਣ ਲੱਗ ਪਿਆ। ਘੋੜਾ ਡਿੱਗ ਰਿਹਾ ਸੀ ਜਦੋਂ ਕਰਮ ਸਿੰਘ ਉਸ ਤੋਂ ਛਾਲ ਮਾਰ ਕੇ ਉਤਰ ਗਿਆ। ਇਤਨੇ ਵਿਚ ਦੁਸ਼ਮਣ ਦੀ ਫ਼ੌਜ ਬਿਲਕੁਲ ਨੇੜੇ ਆ ਗਈ ਤੇ ਤਲਵਾਰ ਦੀ ਲੜਾਈ ਸ਼ੁਰੂ ਹੋ ਗਈ। ਜਥੇਦਾਰ ਕਰਮ ਸਿੰਘ ਨੂੰ ਦੋ ਸਾਥੀਆਂ ਨੇ ਪਿੱਛੇ ਹਟ ਜਾਣ ਲਈ ਕਿਹਾ, ਕਿਉਂਕਿ ਉਨ੍ਹਾਂ ਦੇ ਕੱਪੜੇ ਖ਼ੂਨ ਨਾਲ ਲੱਥ-ਪੱਥ ਹੋ ਚੁੱਕੇ ਸਨ। ਪਰ ਜਥੇਦਾਰ ਕਰਮ ਸਿੰਘ ਸਮਝਦਾ ਸੀ ਕਿ ਉਸ ਦਾ ਪਿੱਛੇ ਹਟਣਾ ਹੁਣ ਯੁੱਧ ਦਾ ਰੁਖ਼ ਬਦਲ ਸਕਦਾ ਏ। ਉਂਝ ਵੀ ਗਹਿ-ਗੱਚ ਲੜਾਈ ਵਿਚੋਂ ਕਿਸ ਤਰ੍ਹਾਂ ਕੋਈ ਪਿੱਛੇ ਹਟ ਸਕਦਾ ਸੀ।

ਗਸ਼ਤੀ ਫ਼ੌਜ ਦੀ ਟੁਕੜੀ ਦਾ ਜਦ ਕਾਫ਼ੀ ਜਾਨੀ ਨੁਕਸਾਨ ਹੋ ਗਿਆ ਤਾਂ ਉਹ ਪਿੱਛੇ ਹਟ ਗਈ ਤੇ ਮੈਦਾਨ ਛੱਡ ਕੇ ਭੱਜ ਨਿਕਲੀ। ਸਿੰਘਾਂ ਦੇ ਜਥੇ ਦੇ ਵੀ ਸੌ ਤੋਂ ਵੱਧ ਬੰਦੇ ਮਾਰੇ ਗਏ ਪਰ ਜਿੱਤ ਨੇ ਉਨ੍ਹਾਂ ਦੇ ਹੌਂਸਲੇ ਬੁਲੰਦ ਰੱਖੇ। ਲਾਸ਼ਾਂ ਦੇ ਢੇਰ ਵਿਚੋਂ ਜ਼ਖ਼ਮੀ ਤੇ ਜਿਊਂਦੇ ਸਿੰਘਾਂ ਨੂੰ ਬਾਹਰ ਕੱਢ ਕੇ ਉਨ੍ਹਾਂ ਦੇ ਮੂੰਹ ਵਿਚ ਪਾਣੀ ਪਾਇਆ ਤੇ ਸੇਵਾ-ਸੰਭਾਲ ਸ਼ੁਰੂ ਹੋਈ। ਜਥੇਦਾਰ ਕਰਮ ਸਿੰਘ ਵੀ ਅਤਿ ਜ਼ਖ਼ਮੀ ਹੋ ਗਿਆ। ਬੇਹੋਸ਼ ਹਾਲਤ ਵਿਚ ਚੁੱਕ ਕੇ ਇਸ ਨੂੰ ਸੁਰੱਖਿਅਤ ਟਿਕਾਣੇ ਪਹੁੰਚਾ ਦਿੱਤਾ ਗਿਆ।

51

ਜਥੇਦਾਰ ਕਰਮ ਸਿੰਘ ਨੂੰ ਹੋਸ਼ ਆਈ ਤਾਂ ਉਹਨੇ ਦੇਖਿਆ ਕਿ ਉਹ ਦਿਆਲਪੁਰ ਵਿਚ ਸਾਮੂ ਸ਼ਾਹ ਦੇ ਘਰ ਪਿਆ ਏ। ਪੂਰਾ ਹੋਸ਼ ਵਿਚ ਆਉਣ ਤੋਂ ਪਹਿਲਾਂ ਉਹਨੇ ਅੱਖ

ਪੁੱਟੀ ਤਾਂ ਦੀਪੋ ਤੇ ਫ਼ਤਹਿ ਸਿੰਘ ਉਹਦੇ ਕੋਲ ਸਨ। ਫ਼ਤਹਿ ਸਿੰਘ ਦੌੜਦਾ ਬਾਹਰ ਗਿਆ ਤੇ ਉਹਨੇ ਸਾਰੇ ਪਰਵਾਰ ਨੂੰ ਬੁਲਾ ਲਿਆਂਦਾ। ਖ਼ੁਸ਼ੀ ਦੇ ਮਾਰੇ ਉਹ ਆਵਾਜ਼ਾਂ ਦੇ ਰਿਹਾ ਸੀ, "ਛੇਤੀ ਆਉ, ਪਿਤਾ ਜੀ ਦੇਖਦੇ ਪਏ ਜੇ, ਛੇਤੀ ਆਉ।" ਉਨ੍ਹਾਂ ਦੇ ਆਉਣ ਤੋਂ ਪਹਿਲਾਂ ਦੀਪੋ ਨੇ ਉਹਦੇ ਮੂੰਹ 'ਤੇ ਪਿਆਰ ਨਾਲ ਹੱਥ ਫੇਰਿਆ ਤੇ ਫਿਰ ਵਾਹਿਗੁਰੂ ਦੇ ਧੰਨਵਾਦ ਵਿਚ ਉਹਦੇ ਦੋਵੇਂ ਹੱਥ ਜੁੜ ਗਏ। ਪੂਰੇ ਇਕ ਮਹੀਨੇ ਪਿੱਛੋਂ ਉਹਨੇ ਅੱਖ ਪੁੱਟੀ ਸੀ ਤੇ ਇਕ ਮਹੀਨਾ ਉਨ੍ਹਾਂ ਸਾਰਿਆਂ ਲਈ ਇਕ ਸਾਲ ਜਿੰਨਾ ਲੰਮਾ ਹੋ ਗਿਆ ਸੀ। ਦੀਪੋ ਨੇ ਮੂੰਹ 'ਤੇ ਉਂਗਲੀ ਰੱਖ ਕੇ ਸਾਰਿਆਂ ਨੂੰ ਚੁੱਪ ਰਹਿਣ ਲਈ ਆਖਿਆ। ਕਰਮ ਸਿੰਘ ਨੂੰ ਹੈਰਾਨੀ ਨਾਲ ਵੇਖਦਿਆਂ ਅਨੁਭਵ ਕਰ ਕੇ ਦੀਪੋ ਨੇ ਕਿਹਾ, "ਸਤਿਗੁਰੂ ਦੀ ਕਿਰਪਾ ਨਾਲ ਤੁਸੀਂ ਠੀਕ ਹੋ ਗਏ ਹੋ। ਸਾਡੀਆਂ ਸਭ ਦੀਆਂ ਅਰਦਾਸਾਂ ਪ੍ਰਭੂ ਨੇ ਸੁਣ ਲਈਆਂ ਹਨ।"

ਕਿਤਨਾ ਚਿਰ ਜਥੇਦਾਰ ਕਰਮ ਸਿੰਘ ਵਿਚ ਬੋਲਣ ਦੀ ਹਿੰਮਤ ਨਹੀਂ ਸੀ। ਉਹ ਬੋਲਣਾ ਚਾਹੁੰਦਾ ਸੀ ਪਰ ਬੋਲ ਨਹੀਂ ਸੀ ਸਕਦਾ। ਉਹ ਪੁੱਛਣਾ ਚਾਹੁੰਦਾ ਸੀ ਕਿ ਉਹ ਕਿਥੇ ਵੇ ਤੇ ਕਿਵੇਂ ਯੁੱਧ ਦੇ ਮੈਦਾਨ 'ਚੋਂ ਇਥੇ ਆ ਗਿਆ ਏ। ਉਹਨੂੰ ਹੁਣ ਕੁਝ ਵੀ ਯਾਦ ਨਹੀਂ ਸੀ। ਉਹਨੂੰ ਇਹ ਵੀ ਨਹੀਂ ਸੀ ਚੇਤੇ ਆ ਰਿਹਾ ਕਿ ਉਹ ਕਿਥੇ ਤੇ ਕਿਸ ਤਰ੍ਹਾਂ ਜ਼ਖ਼ਮੀ ਹੋ ਕੇ ਡਿੱਗ ਪਿਆ ਸੀ। ਉਹਨੂੰ ਬੰਦਿਆਂ ਦੀ ਪਛਾਣ ਵੀ ਘੱਟ ਹੀ ਸੀ। ਉਹਦੇ ਹਿਲਦੇ ਬੁੱਲ੍ਹਾਂ ਤੋਂ ਅਨੁਮਾਨ ਲਾ ਕੇ ਦੀਪੋ ਨੇ ਪੁੱਛਿਆ, "ਪਾਣੀ ਦਿਆਂ ?" ਕਰਮ ਸਿੰਘ ਦੇ ਅੱਖਾਂ ਝਮਕਣ ਤੋਂ ਹੀ ਉਹਨੇ 'ਹਾਂ' ਦਾ ਅਨੁਮਾਨ ਲਾ ਲਿਆ।

"ਨਾ ਨੀ, ਪਾਣੀ ਨਹੀਂ ਦੇਣਾ," ਰੁਕਮਣੀ ਨੇ ਆਪਣੀ ਧੀ ਦੀਪੋ ਨੂੰ ਟੋਕਿਆ ਤੇ ਦੌੜ ਕੇ ਅੰਦਰ ਗਈ ਤੇ ਕਾੜ੍ਹਨੀ 'ਚੋਂ ਦੁੱਧ ਲੈ ਆਈ। ਚਿਮਚੇ ਨਾਲ ਦੁੱਧ ਉਹਦੇ ਮੂੰਹ ਵਿਚ ਪਾਇਆ। ਉਹਨੇ ਦੋ ਕੁ ਚਿਮਚੇ ਦੁੱਧ ਅੰਦਰ ਲੰਘਾਇਆ ਤੇ ਫਿਰ ਸਿਰ ਹਿਲਾ ਕੇ ਰੋਕ ਦਿੱਤਾ। ਝੱਟ ਪਿੱਛੋਂ ਉਹਦੇ ਮੂੰਹੋਂ 'ਵਾਹਿਗੁਰੂ' ਸ਼ਬਦ ਨਿਕਲਿਆ। ਆਵਾਜ਼ ਬਹੁਤ ਹੀ ਧੀਮੀ ਸੀ। 'ਵਾਹਿਗੁਰੂ' ਸ਼ਬਦ ਸੁਣ ਕੇ ਧਰਵਾਸ ਆ ਗਿਆ ਕਿਉਂਕਿ ਉਹਦੀ ਬੇਹੋਸ਼ੀ ਦੇ ਦਿਨਾਂ ਵਿਚ ਜਿਤਨੇ ਵੀ ਹਕੀਮ ਵੈਦ ਆਏ, ਉਨ੍ਹਾਂ ਨੇ ਵੱਖੋ ਵੱਖਰੀ ਕਿਸਮ ਦੀਆਂ ਗੱਲਾਂ ਕੀਤੀਆਂ। ਕਿਸੇ ਨੇ ਕਿਹਾ, "ਇਤਨਾ ਲੰਮਾ ਸਮਾਂ ਬੇਹੋਸ਼ ਰਹਿਣ ਨਾਲ ਦਿਮਾਗ਼ ਸੁੰਨ ਹੋ ਜਾਂਦਾ ਏ, ਤੇ ਫਿਰ ਮਨੁੱਖ ਦੀ ਯਾਦ ਸ਼ਕਤੀ ਚਲੀ ਜਾਂਦੀ ਏ। ਉਹਨੂੰ ਪਿਛਲਾ ਕੁਝ ਵੀ ਯਾਦ ਨਹੀਂ ਰਹਿੰਦਾ।"

"ਹਾਇ, ਸਾਨੂੰ ਉਹ ਪਛਾਣਨਗੇ ਵੀ ਨਹੀਂ," ਦੀਪੋ ਨੂੰ ਇਸ ਵਿਚਾਰ ਨਾਲ ਹੀ ਕੰਬਣੀ ਛਿੜ ਪੈਂਦੀ। ਕਦੇ ਕੋਈ ਆ ਕੇ ਗਲੀ-ਗੁਆਂਢ ਦਾ ਆਪਣੀ ਸਿਆਣਪ ਦਾ ਪ੍ਰਭਾਵ ਪਾਣ ਲਈ ਕਹਿ ਦਿੰਦਾ, "ਸਿਰ ਦੀ ਅਜਿਹੀ ਸੱਟ ਨਾਲ ਕਈਆਂ ਦਾ ਬੋਲਣਾ ਬੰਦ ਹੋ ਜਾਂਦਾ ਏ। ਉਹ ਗੂੰਗੇ ਹੋ ਜਾਂਦੇ ਨੇ।" ਇਕ ਜ਼ਨਾਨੀ ਨੇ ਇਨ੍ਹਾਂ ਦਿਨਾਂ ਵਿਚ ਹੀ ਆ ਕੇ ਦੱਸਿਆ ਸੀ ਕਿ ਦਿਮਾਗ਼ ਦੀ ਸੱਟ ਨਾਲ ਮਨੁੱਖ ਦੇ ਅੰਦਰ ਇਤਨੀ ਸ਼ਕਤੀ ਵੀ ਨਹੀਂ ਰਹਿੰਦੀ ਕਿ ਉਹ ਆਪਣੇ ਆਪ ਹੱਥ ਪੈਰ ਹਿਲਾ ਲਵੇ। ਅੰਗਾਂ ਨੂੰ ਹੁਕਮ ਦੇਣ ਵਾਲੀ ਦਿਮਾਗ਼ ਦੀ ਸ਼ਕਤੀ ਮੁੱਕ ਜਾਂਦੀ ਏ। 'ਵਾਹਿਗੁਰੂ ਰਾਖਾ' ਕਹਿ ਕੇ ਦੀਪੋ ਸਭ ਨੂੰ ਚੁੱਪ ਕਰਾ ਦਿੰਦੀ। ਉਂਝ ਉਹਨੂੰ ਬੜਾ ਗੁੱਸਾ ਆਉਂਦਾ ਕਿ ਇਹ ਮੈਨੂੰ ਡਰਾਉਣ ਤੇ ਭਿਆਨਕ ਨਤੀਜੇ ਕਿਉਂ ਦੱਸਣ ਆਉਂਦੀਆਂ ਨੇ। ਉਹਨੂੰ ਹੌਸਲਾ ਦੇਣ, ਪ੍ਰਭੂ ਅੱਗੇ ਅਰਦਾਸਾਂ ਕਰਨ ਤੇ ਚੰਗੀਆਂ ਗੱਲਾਂ ਸੁਣਾਣ ਕਿਉਂ ਨਹੀਂ ਆਉਂਦੀਆਂ। ਉਹ ਜਾਣਦੀ ਸੀ ਕਿ ਇਨ੍ਹਾਂ ਵਿਚੋਂ ਕੋਈ ਵੀ ਹਕੀਮ ਜਾਂ ਵੈਦ ਨਹੀਂ। ਅਸਲੀ ਵੈਦ ਤਾਂ ਹਮੇਸ਼ਾਂ ਆ ਕੇ ਚੜ੍ਹਦੀ ਕਲਾ ਦੀ ਗੱਲ ਕਰਦੇ ਨੇ, ਹੌਸਲਾ

ਦਿੰਦੇ ਨੇ ਤੇ ਛੇਤੀ ਠੀਕ ਹੋ ਜਾਣ ਦਾ ਐਲਾਨ ਕਰ ਜਾਂਦੇ ਨੇ।

ਦੀਪੋ ਦੇ ਅਚੇਤ ਮਨ ਵਿਚ ਔਰਤਾਂ ਦੇ ਬੋਲ-ਕਬੋਲ ਬੈਠਦੇ ਗਏ। ਉਹ ਸੁਚੇਤ ਰੂਪ ਵਿਚ ਜਿਨ੍ਹਾਂ ਵਹਿਮਾਂ ਭਰਮਾਂ ਨੂੰ ਕਬੂਲ ਕਰਨ ਲਈ ਤਿਆਰ ਨਹੀਂ ਸੀ, ਉਹ ਵੀ ਅਚੇਤ ਉਹਦੇ ਮਨ ਦੀ ਕਿਸੇ ਨੁੱਕਰ ਵਿਚ ਬੈਠੇ ਰਹੇ। ਹੁਣ ਜਦੋਂ ਕਰਮ ਸਿੰਘ ਨੇ ਵਾਹਿਗੁਰੂ ਸ਼ਬਦ ਮੂੰਹ ਤੋਂ ਕੱਢਿਆ ਤਾਂ ਉਹਨੂੰ ਖ਼ੁਸ਼ੀ ਹੋਈ ਕਿ ਉਹਦੀ ਚਾਚੀ ਦੀ ਮਾਸੀ ਨੇ ਗ਼ਲਤ ਆਖਿਆ ਸੀ ਕਿ ਸਿਰ ਦੀ ਸੱਟ ਨਾਲ ਕਈਆਂ ਦਾ ਬੋਲਣਾ ਬੰਦ ਹੋ ਜਾਂਦਾ ਏ। ਝੱਟ ਪਿੱਛੋਂ ਕਰਮ ਸਿੰਘ ਦੇ ਮੂੰਹ ਤੋਂ ਨਿਕਲਿਆ, "ਦੀਪੋ।"

ਦੀਪੋ ਝੱਟ ਉਹਦੇ ਸਰ੍ਹਾਣਿਉਂ ਅੱਖਾਂ ਸਾਹਮਣੇ ਆ ਗਈ ਤੇ ਬੋਲੀ, "ਜੀ, ਮੈਂ ਆ ਗਈ ਹਾਂ।" ਫਿਰ ਉਹਨੇ ਕਮਰੇ ਵਿਚ ਖੜੇ ਲੋਕਾਂ ਨੂੰ ਬਾਹਰ ਜਾਣ ਲਈ ਇਸ਼ਾਰਾ ਕੀਤਾ। ਕਰਮ ਸਿੰਘ ਅੱਗੋਂ ਕੁਝ ਨਾ ਬੋਲ ਸਕਿਆ। ਉਹਨੇ ਅਨੁਮਾਨ ਲਾਇਆ ਕਿ ਇਹ ਕੁਝ ਬੋਲਣਾ ਚਾਹੁੰਦਾ ਹੈ ਪਰ ਬੋਲ ਨਹੀਂ ਸਕਦਾ, ਕਿਉਂਕਿ ਆਲੇ-ਦੁਆਲੇ ਕਈ ਲੋਕ ਖੜੇ ਹਨ। ਉਹ ਆਪ ਵੀ ਕਰਮ ਸਿੰਘ ਦੇ ਚਿਹਰੇ 'ਤੇ ਪਿਆਰ ਨਾਲ ਹੱਥ ਫੇਰਨਾ ਚਾਹੁੰਦੀ ਸੀ। ਉਹਦਾ ਹੱਥ ਫੜ ਕੇ ਘੁੱਟਣਾ ਚਾਹੁੰਦੀ ਸੀ ਪਰ ਉਹ ਸਾਰਿਆਂ ਸਾਹਮਣੇ ਅਜਿਹਾ ਕਰਨ ਤੋਂ ਝਿਜਕਦੀ ਸੀ।

ਹੌਲੀ ਹੌਲੀ ਕਰਮ ਸਿੰਘ ਦੀ ਸਿਹਤ ਵਿਚ ਸੁਧਾਰ ਹੋਣ ਲੱਗ ਪਿਆ। ਉਹਦੇ ਅੰਦਰ ਖ਼ੁਰਾਕ ਜਾਣ ਲੱਗ ਪਈ ਤੇ ਸ਼ਕਤੀ ਵਧਣ ਲੱਗੀ। ਜਦ ਉਹਨੂੰ ਪੂਰੀ ਤਰ੍ਹਾਂ ਹੋਸ਼ ਆ ਗਈ ਤੇ ਉਹ ਬੋਲਣ ਦੇ ਸਮਰੱਥ ਹੋ ਗਿਆ ਤਾਂ ਉਹਨੇ ਪੁੱਛਿਆ, "ਮੈਂ ਇਥੇ ਕਿਵੇਂ ਆ ਗਿਆ? ਮੈਨੂੰ ਕੁਝ ਵੀ ਚੇਤੇ ਨਹੀਂ ਕਿ ਕਿਥੇ ਸਾਂ ਤੇ ਕਿਵੇਂ ਇਥੇ ਆ ਗਿਆ?" ਆਪਣੀ ਯਾਦ-ਸ਼ਕਤੀ 'ਤੇ ਜ਼ੋਰ ਪਾਂਦਿਆਂ ਉਹ ਕਹਿਣ ਲੱਗਾ, "ਮੈਂ ਤਾਂ ਬਿਆਸਾ ਦੇ ਪਾਰਲੇ ਪਾਸੇ ਯੁੱਧ ਵਿਚ ਸਾਂ। ਮੈਨੂੰ ਯਾਦ ਆ ਗਿਆ ਕਿ ਮੈਂ ਤਾਂ ਮੁਗ਼ਲਾਂ ਨਾਲ ਯੁੱਧ ਕਰ ਰਿਹਾ ਸਾਂ।"

"ਤੁਸੀਂ ਠੀਕ ਹੀ ਕਹਿ ਰਹੇ ਹੋ," ਦੀਪੋ ਨੇ ਆਖਿਆ, "ਇਸ ਵੇਲੇ ਦਿਮਾਗ਼ 'ਤੇ ਇਹ ਕਾਹਨੂੰ ਬੋਝ ਪਾਂਦੇ ਹੋ ਕਿ ਕਿਥੇ ਸੀ ਤੇ ਕਿਵੇਂ ਆ ਗਏ। ਠੀਕ ਹੋ ਜਾਉ ਤਾਂ ਸਭ ਕੁਝ ਦੱਸ ਦਿਆਂਗੇ।"

"ਤੁਸੀਂ ਤਾਂ ਅਨੰਦਪੁਰ ਸੀ, ਉਥੇ ਕਿਵੇਂ ਆ ਗਏ?" ਯਾਦ-ਸ਼ਕਤੀ ਮੁੜਦਿਆਂ ਜਥੇਦਾਰ ਕਰਮ ਸਿੰਘ ਨੇ ਅਗਲਾ ਸਵਾਲ ਕਰ ਦਿੱਤਾ।

"ਵਾਹਿਗੁਰੂ ਦਾ ਭਾਣਾ, ਸਾਡੀ ਖ਼ੁਸ਼ਕਿਸਮਤੀ ਏ ਕਿ ਤੁਸੀਂ ਬਚ ਗਏ," ਦੀਪੋ ਨੇ ਕਿਹਾ, "ਤੱਤ ਦੀ ਗੱਲ ਤਾਂ ਇਹੀ ਏ, ਬਾਕੀ ਸਭ ਫ਼ਜ਼ੂਲ ਗੱਲਾਂ ਨੇ। ਸਿਆਣੇ ਠੀਕ ਕਹਿੰਦੇ ਨੇ, ਵਧੀ ਦਾ ਸੌ ਦਾਰੂ ਏ। ਤੁਹਾਡੀ ਜ਼ਿੰਦਗੀ ਨੇ ਬਚਣਾ ਸੀ, ਸੋ ਇਸ ਲਈ ਢੋਅ ਬਣ ਗਿਆ। ਵੈਦ ਕਹਿ ਗਏ ਸਨ ਕਿ ਅਜੇ ਬਹੁਤੀਆਂ ਗੱਲਾਂ ਨਹੀਂ ਕਰਨੀਆਂ। ਦਿਮਾਗ਼ 'ਤੇ ਬੋਝ ਨਹੀਂ ਪਾਣਾ।"

ਫ਼ਤਹਿ ਸਿੰਘ ਅੰਦਰ ਆਇਆ ਤੇ ਉਹ ਪਿਆਰ ਨਾਲ ਪਿਤਾ ਦੀ ਛਾਤੀ ਨਾਲ ਲੱਗ ਗਿਆ। ਕਰਮ ਸਿੰਘ ਨੇ ਪਹਿਲੀ ਵਾਰ ਆਪਣੀਆਂ ਬਾਹਵਾਂ ਉਪਰ ਚੁੱਕੀਆਂ ਤੇ ਫ਼ਤਹਿ ਸਿੰਘ ਨੂੰ ਬਾਹਵਾਂ ਦੇ ਕਲਾਵੇ ਵਿਚ ਲੈ ਲਿਆ। ਕਿਤਨਾ ਚਿਰ ਫ਼ਤਹਿ ਸਿੰਘ ਉਹਦੇ ਪਿਆਰ ਦਾ ਨਿੱਘ ਮਾਣਦਾ ਰਿਹਾ ਤੇ ਕਰਮ ਸਿੰਘ ਵੀ ਉਹਦੇ ਮੋਹ ਪਿਆਰ ਵਿਚ ਹੋਰ ਗੱਲਾਂ ਭੁੱਲ ਗਿਆ। ਦੀਪੋ ਨੂੰ ਪਿਉ ਪੁੱਤਰ ਦੀ ਇਸ ਪ੍ਰੇਮ ਮਿਲਣੀ ਦਾ ਕਿਤਨਾ ਕੁ ਅਨੰਦ ਤੇ ਖ਼ੁਸ਼ੀ ਹੋਈ, ਉਹ ਹੋਰ ਕੋਈ ਨਹੀਂ ਜਾਣ ਸਕਦਾ।

ਸ਼ਾਮੂ ਸ਼ਾਹ ਤੇ ਉਹਦੇ ਕਈ ਹੋਰ ਰਿਸ਼ਤੇਦਾਰ ਵੀ ਆ ਗਏ। ਸਾਰੇ ਪਿੰਡ ਵਿਚ ਇਹ ਗੱਲ

ਪਲਾਂ ਵਿਚ ਧੁੰਮ ਗਈ ਕਿ ਕਰਮ ਸਿੰਘ ਨੂੰ ਹੋਸ਼ ਆ ਗਈ ਏ। ਉਹ ਠੀਕ ਹੋ ਰਿਹਾ ਏ ਤੇ ਬੋਲਣ ਵੀ ਲੱਗ ਪਿਆ ਏ। ਅਸਲ ਵਿਚ ਜਥੇਦਾਰ ਕਰਮ ਸਿੰਘ ਦੇ ਜਥੇ ਦੀਆਂ ਲੋਕਾਂ ਲਈ ਕੁਰਬਾਨੀਆਂ ਤੇ ਲੋਕ-ਦੁਸ਼ਮਣਾ ਨਾਲ ਲੜਨ ਦੀ ਸਮਰੱਥਾ ਕਰ ਕੇ ਸਾਰਾ ਦਿਆਲਪੁਰ ਹੀ ਉਹਦਾ ਪ੍ਰਸੰਸਕ ਹੋ ਗਿਆ ਸੀ। ਉਂਝ ਵੀ ਦੁਆਬੇ ਦੇ ਪਿੰਡਾਂ ਵਿਚ ਅਜਿਹਾ ਭਾਈਚਾਰਾ ਸੀ ਕਿ ਇਕ ਘਰ ਦਾ ਜੁਆਈ ਸਾਰੇ ਪਿੰਡ ਦਾ ਜੁਆਈ ਸਮਝਿਆ ਜਾਂਦਾ ਸੀ ਤੇ ਉਸ ਪ੍ਰਾਹੁਣੇ ਦਾ ਸਤਿਕਾਰ ਸਾਰਾ ਪਿੰਡ ਕਰਦਾ ਸੀ ਪਰ ਜੇਕਰ ਜੁਆਈ ਕੋਈ ਨਾਮਵਰ ਹਸਤੀ ਬਣ ਜਾਏ ਤਾਂ ਸਾਰਾ ਪਿੰਡ ਉਹਦੇ 'ਤੇ ਗੌਰਵ ਕਰਦਾ ਸੀ। ਜਥੇਦਾਰ ਕਰਮ ਸਿੰਘ ਦੀ ਦੁਆਬੇ ਵਿਚ ਬੈਠੀ ਧਾਂਕ ਤੇ ਮੁਗਲਾਂ ਦੇ ਮੁਕਾਬਲੇ 'ਤੇ ਕਾਇਮ ਕੀਤੀ ਸਰਦਾਰੀ ਦਾ ਸਾਰੇ ਪਿੰਡ ਨੂੰ ਮਾਣ ਸੀ। ਪਿੰਡ ਵਾਲੇ ਫ਼ਖ਼ਰ ਨਾਲ ਗੱਲਾਂ ਕਰਦੇ ਸਨ ਕਿ ਕਰਮ ਸਿੰਘ ਸਾਡੇ ਪਿੰਡ ਵਿਆਹਿਆ ਹੋਇਆ ਹੈ। ਪਹਿਲਾਂ ਪਿੰਡ ਵਿਚ ਧੜੇਬੰਦੀ ਸੀ ਪਰ ਹੁਣ ਤਾਂ ਸਾਰਾ ਪਿੰਡ ਹੀ ਹਿੰਦੂ, ਮੁਸਲਮਾਨ ਤੇ ਸਿਖ ਇਕ-ਮੁੱਠ ਹੋ ਚੁੱਕੇ ਸਨ। ਇਥੇ ਕੋਈ ਵੀ ਹਕੂਮਤ ਪਾਸ ਜਾ ਕੇ ਚੁਗਲੀ ਕਰਨ ਵਾਲਾ ਨਹੀਂ ਸੀ ਰਹਿ ਗਿਆ। ਸ਼ਾਇਦ ਇਸੇ ਲਈ ਅਤਿ ਸੁਰੱਖਿਅਤ ਥਾਂ ਸਮਝ ਕੇ ਜਥੇਦਾਰ ਕਰਮ ਸਿੰਘ ਨੂੰ ਬੈਲ-ਗੱਡੀ ਵਿਚ ਪਾ ਕੇ ਇਥੇ ਲੈ ਆਂਦਾ ਗਿਆ ਸੀ।

ਕੁਝ ਸਿੰਘ ਆ ਗਏ। ਉਨ੍ਹਾਂ ਨਾਲ ਹੀ ਇਬਰਾਹੀਮ ਤੇ ਫ਼ਜ਼ਲ ਅਲੀ ਵੀ ਅੰਦਰ ਆ ਗਏ। ਉਹ ਸਾਰੇ ਜਥੇਦਾਰ ਕਰਮ ਸਿੰਘ ਨੂੰ ਦੇਖਣ ਆਏ ਸਨ। ਜਥੇਦਾਰ ਬਿਸ਼ਨ ਸਿੰਘ, ਜੋ ਜਥੇਦਾਰ ਕਰਮ ਸਿੰਘ ਨਾਲ ਯੁੱਧ ਦੇ ਮੈਦਾਨ ਵਿਚ ਸੀ, ਨੇ ਜਥੇਦਾਰ ਦੇ ਬਾਰ ਬਾਰ ਪੁੱਛਣ 'ਤੇ ਦੱਸਿਆ ਕਿ ਜਦ ਯੁੱਧ ਖ਼ਤਮ ਹੋਇਆ ਤਾਂ ਜ਼ਖ਼ਮੀਆਂ ਦੀ ਸੰਭਾਲ ਕਰਦਿਆਂ ਤੁਸੀਂ ਵੀ ਲਾਸ਼ਾਂ ਵਿਚਕਾਰ ਪਏ ਮਿਲ ਗਏ।

"ਇਹਦਾ ਮਤਲਬ ਏ ਕਿ ਅਸੀਂ ਉਸ ਯੁੱਧ ਵਿਚ ਵਿਜੇਈ ਰਹੇ ਸਾਂ," ਬੜੇ ਉਤਸ਼ਾਹ ਨਾਲ ਜਥੇਦਾਰ ਕਰਮ ਸਿੰਘ ਨੇ ਬਿਸ਼ਨ ਸਿੰਘ ਦੀ ਗੱਲ ਨੂੰ ਵਿਚੇ ਟੋਕਦਿਆਂ ਕਿਹਾ, "ਪਹਿਲਾਂ ਆਪਣੀ ਜਿੱਤ ਦੇ ਸਮਾਚਾਰ ਸੁਣਾਓ, ਕੀ ਤੁਸੀਂ ਗੁਰਦਾਸ ਨੰਗਲ ਪਹੁੰਚ ਗਏ ਸੀ ਤੇ ਕੀ ਜਥੇਦਾਰ ਸਿੰਘ ਸਾਹਿਬ, ਬੰਦਾ ਸਿੰਘ ਬਹਾਦਰ ਤਕ ਸਾਡਾ ਜਥਾ ਅੱਪੜ ਗਿਆ ਸੀ?"

"ਮੈਨੂੰ ਜੋ ਕੁਝ ਪਤਾ ਹੈ, ਉਹ ਤੁਹਾਨੂੰ ਦੱਸ ਸਕਦਾ ਹਾਂ," ਬਿਸ਼ਨ ਸਿੰਘ ਨੇ ਜਾਣ ਬੁੱਝ ਕੇ ਉਧਰ ਦੀ ਗੱਲ ਅਜੇ ਦੱਸਣੀ ਮੁਨਾਸਬ ਨਾ ਸਮਝੀ ਤੇ ਪਹਿਲਾਂ ਕਰਮ ਸਿੰਘ ਦੇ ਇਥੇ ਪਹੁੰਚਣ ਦੀ ਵਿਥਿਆ ਸੁਣਾਣੀ ਸ਼ੁਰੂ ਕਰ ਦਿੱਤੀ, "ਮੈਨੂੰ ਆਖਿਆ ਗਿਆ ਸੀ ਕਿ ਤੁਰਤ ਤੁਹਾਨੂੰ ਕਿਸੇ ਪਿੰਡ ਹਕੀਮ ਜਾਂ ਵੈਦ ਪਾਸ ਲੈ ਜਾਵਾਂ ਤਾਕਿ ਤੁਹਾਡਾ ਇਲਾਜ ਸ਼ੁਰੂ ਹੋ ਜਾਏ। ਅਸੀਂ ਤੁਹਾਨੂੰ ਚੁੱਕੀ ਲਿਆ ਰਹੇ ਸਾਂ ਕਿ ਅੱਗੋਂ ਤੁਹਾਡੇ ਭੇਜੇ ਹੋਏ ਸੂਹੀਏ ਫ਼ਜ਼ਲ ਅਲੀ ਹੋਰੀਂ ਮਿਲ ਪਏ। ਇਨ੍ਹਾਂ ਨੇ ਨੇੜੇ ਦੇ ਪਿੰਡ ਫ਼ਤਹਿਪੁਰ ਗੁੱਜਰਾਂ ਲੈ ਆਂਦਾ। ਕੁਦਰਤ ਨੇ ਢੋਅ ਬਣਾਨਾ ਸੀ, ਇਹ ਪਿੰਡ ਫ਼ਜ਼ਲ ਅਲੀ ਦੇ ਸਹੁਰਿਆਂ ਦਾ ਸੀ। ਉਹ ਇਨ੍ਹਾਂ ਦਿਨਾਂ ਵਿਚ ਆਪਣੀ ਸੇਵਾ ਨਿਭਾਉਂਦਿਆਂ ਇਸ ਪਿੰਡ ਆਪਣੇ ਸਹੁਰੀਂ ਆ ਕੇ ਠਹਿਰਦਾ ਸੀ। ਉਹਨੇ ਸਿੰਘਾਂ ਦੇ ਕਿਰਦਾਰ ਤੇ ਲੋਕ-ਸੇਵਾ ਦੀ ਆਪਣੇ ਸਹੁਰੇ ਪਰਵਾਰ ਵਿਚ ਇਤਨੀ ਤਾਰੀਫ਼ ਕੀਤੀ ਹੋਈ ਸੀ ਕਿ ਉਹ ਸਾਰਾ ਟੱਬਰ ਵੀ ਸਿਖ ਲਹਿਰ ਦਾ ਸਮਰਥਕ ਹੋ ਗਿਆ ਸੀ।"

"ਫਿਰ ਕੀ ਹੋਇਆ?" ਜਥੇਦਾਰ ਕਰਮ ਸਿੰਘ ਤੁਰਤ ਆਪਣੇ ਦਿਆਲਪੁਰ ਪਹੁੰਚਣ ਦੀ ਗੱਲ ਸੁਣਨੀ ਚਾਹੁੰਦਾ ਸੀ।

"ਦੋ ਤਿੰਨ ਦਿਨ ਤੁਹਾਨੂੰ ਉਥੇ ਰੱਖਿਆ ਗਿਆ," ਬਿਸ਼ਨ ਸਿੰਘ ਬੜੇ ਠਰ੍ਹੰਮੇ ਨਾਲ ਅੱਗੋਂ ਸੁਣਾਂਦਾ ਗਿਆ, "ਪਰ ਤੁਹਾਨੂੰ ਸੁਰਤ ਨਾ ਆਈ। ਉਥੋਂ ਦੇ ਹਕੀਮ ਨੇ ਜਵਾਬ ਦੇ

ਦਿੱਤਾ ਕਿ ਇਹ ਉਹਦੇ ਵੱਸ ਦੀ ਗੱਲ ਨਹੀਂ। ਤੁਸੀਂ ਕਿਸੇ ਹੋਰ ਨੂੰ ਦਿਖਾ ਲਉ। ਪਿੰਡ ਵਿਚ ਕੁਝ ਸਿਖ ਵਿਰੋਧੀ ਲੋਕ ਵੀ ਸਨ। ਇਸ ਲਈ ਫ਼ਜ਼ਲ ਅਲੀ ਦੇ ਸਹੁਰਿਆਂ ਨੇ ਖ਼ਤਰਾ ਅਨੁਭਵ ਕਰ ਕੇ ਇਕ ਬੈਲ ਗੱਡੀ ਦਾ ਪ੍ਰਬੰਧ ਕਰ ਦਿੱਤਾ ਤੇ ਤੁਹਾਨੂੰ ਉਸ 'ਤੇ ਲਿਟਾ ਕੇ ਦਿਆਲਪੁਰ ਲੈ ਆਏ।"

"ਮੈਨੂੰ ਗੁਰਦਾਸ ਨੰਗਲ ਦੀ ਯੁੱਧ ਦੀ ਗੱਲ ਦੱਸੋ," ਜਥੇਦਾਰ ਕਰਮ ਸਿੰਘ ਨੇ ਕਿਹਾ, "ਉਹ ਸਮੁੱਚੇ ਪੰਥ ਦੀ ਜ਼ਿੰਦਗੀ ਮੌਤ ਦਾ ਸਵਾਲ ਏ।"

ਜਥੇਦਾਰ ਮੰਗਲ ਸਿੰਘ ਨੇ ਕਰਮ ਸਿੰਘ ਦੀ ਉਤਸੁਕਤਾ ਦੇਖ ਕੇ ਅਖ਼ੀਰ ਦੱਸ ਹੀ ਦਿੱਤਾ, "ਉਹ ਯੁੱਧ ਅਸੀਂ ਹਾਰ ਗਏ। ਮੁਗ਼ਲ ਫ਼ੌਜਾਂ ਨੇ ਲੱਖਾਂ ਦੀ ਗਿਣਤੀ ਵਿਚ ਇਕੋ ਵੇਲੇ ਧਾਵਾ ਬੋਲ ਕੇ ਲੜਦੇ ਬੰਦਾ ਸਿੰਘ ਬਹਾਦਰ ਤੇ ਦੂਜੇ ਜਥੇਦਾਰਾਂ ਸਮੇਤ ਅੱਠ ਸੌ ਤੋਂ ਵੱਧ ਸਿੰਘਾਂ ਨੂੰ ਕੈਦੀ ਬਣਾ ਲਿਆ। ਬਾਕੀ ਤਾਂ ਲੜਦੇ ਹੋਏ ਮੌਕੇ 'ਤੇ ਹੀ ਸ਼ਹੀਦ ਹੋ ਗਏ।"

ਜਥੇਦਾਰ ਕਰਮ ਸਿੰਘ ਦੀਆਂ ਅੱਖਾਂ ਵਿਚ ਹੰਝੂ ਆ ਗਏ। ਕੁਝ ਮਿੰਟ ਉਨ੍ਹਾਂ ਕੋਈ ਗੱਲ ਨਾ ਕੀਤੀ, ਜਿਵੇਂ ਉਹ ਇਸ ਸਦਮੇ ਨੂੰ ਸਹਿਣ ਦਾ ਯਤਨ ਕਰ ਰਹੇ ਹੋਣ। ਬਿਸ਼ਨ ਸਿੰਘ ਨੇ ਕਿਹਾ, "ਇਸੇ ਲਈ ਤੁਹਾਨੂੰ ਪਹਿਲਾਂ ਇਹ ਗੱਲ ਨਹੀਂ ਸਾਂ ਦੱਸਣਾ ਚਾਹੁੰਦੇ। ਬੰਦਾ ਸਿੰਘ ਬਹਾਦਰ ਨੂੰ ਬੜੇ ਭਾਰੀ ਫ਼ੌਜੀ ਪਹਿਰੇ ਹੇਠ ਪਹਿਲਾਂ ਲਾਹੌਰ ਲਿਜਾਇਆ ਗਿਆ ਤੇ ਮੁੜ ਦਿੱਲੀ ਵੱਲ ਲੈ ਗਏ ਸਨ। ਬੰਦਾ ਸਿੰਘ ਬਹਾਦਰ ਨੂੰ ਪਿੰਜਰੇ ਵਿਚ ਬੰਦ ਕਰ ਕੇ ਹਾਥੀ 'ਤੇ ਪਿੰਜਰਾ ਰੱਖ ਕੇ ਚੁਫੇਰੇ ਕਰੜਾ ਪਹਿਰਾ ਲਾ ਕੇ ਲਿਜਾਂਦੇ ਸੁਣੇ ਹਨ।"

52

"ਮੈਨੂੰ ਤੁਸੀਂ ਇਹ ਤਾਂ ਦੱਸਿਆ ਹੀ ਨਹੀਂ ਕਿ ਤੁਸੀਂ ਅਨੰਦਪੁਰ ਤੋਂ ਕਿਸ ਤਰ੍ਹਾਂ ਦਿਆਲਪੁਰ ਆ ਗਏ," ਜਥੇਦਾਰ ਕਰਮ ਸਿੰਘ ਨੇ ਦੂਜੇ ਦਿਨ ਦੀਪੋ ਨੂੰ ਪੁੱਛਿਆ, "ਮਾਤਾ ਜੀ ਕਿਥੇ ਨੇ ? ਉਨ੍ਹਾਂ ਦਾ ਕੀ ਹਾਲ ਏ ? ਅਨੰਦਪੁਰ ਬਾਕੀ ਦੇ ਪਰਵਾਰਾਂ ਦਾ ਕੀ ਕਰ ਆਏ ਹੋ ?" ਇਕੋ ਸਾਹੇ ਜਥੇਦਾਰ ਕਰਮ ਸਿੰਘ ਨੇ ਕਈ ਸਵਾਲ ਕਰ ਦਿੱਤੇ।

"ਸਾਨੂੰ ਤੁਹਾਡੇ ਜ਼ਖ਼ਮੀ ਹੋਣ ਦੀ ਸੂਚਨਾ ਦੇਣ ਵਾਲੇ ਸਿੰਘਾਂ ਨੇ ਹੀ ਅਨੰਦਪੁਰ ਤੋਂ ਇਥੇ ਲੈ ਆਂਦਾ ਸੀ," ਦੀਪੋ ਨੇ ਦੱਸਿਆ, "ਇਕ ਵਾਰ ਤਾਂ ਤੁਹਾਡੇ ਸਖ਼ਤ ਜ਼ਖ਼ਮੀ ਹੋਣ ਦੀ ਖ਼ਬਰ ਨੇ ਸਾਡੀ ਜਾਨ ਹੀ ਕੱਢ ਲਈ। ਮਾਂ ਜੀ ਵੀ ਨਾਲ ਹੀ ਆ ਗਏ ਸਨ ਤੇ ਕਈ ਦਿਨ ਇਥੇ ਰਹਿ ਕੇ ਹੁਣ ਕਰਤਾਰਪੁਰ ਗਏ ਹਨ। ਉਥੋਂ ਆਏ ਲੋਕ ਉਨ੍ਹਾਂ ਨੂੰ ਨਾਲ ਲੈ ਗਏ ਹਨ। ਉਹ ਤਾਂ ਜ਼ੋਰ ਦਿੰਦੇ ਸਨ ਕਿ ਤੁਹਾਨੂੰ ਵੀ ਕਰਤਾਰਪੁਰ ਲੈ ਚੱਲੀਏ ਪਰ ਇਥੋਂ ਦੇ ਸਾਡੇ ਰਿਸ਼ਤੇਦਾਰ ਤੇ ਤੁਹਾਡੇ ਪ੍ਰੇਮੀ ਨਹੀਂ ਮੰਨੇ। ਉਹ ਕਹਿੰਦੇ ਸਨ ਕਿ ਕਰਤਾਰਪੁਰ ਸੁਰੱਖਿਅਤ ਥਾਂ ਨਹੀਂ।"

"ਅਨੰਦਪੁਰ ਵਿਚ ਕੀ ਹਾਲ ਸੀ ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ।

"ਕਾਫ਼ੀ ਘਬਰਾਹਟ ਸੀ," ਦੀਪੋ ਨੇ ਦੱਸਿਆ, "ਆਖ਼ਰ ਜਿਨ੍ਹਾਂ ਦੇ ਆਦਮੀ ਸ਼ਹੀਦ ਹੋ ਗਏ ਜਾਂ ਸਖ਼ਤ ਫੱਟੜ ਹੋ ਕੇ ਮੁੜੇ ਹਨ, ਉਨ੍ਹਾਂ ਨੂੰ ਦੁੱਖ ਤੇ ਅਫ਼ਸੋਸ ਤਾਂ ਹੋਣਾ ਹੀ ਹੈ। ਭਾਵੇਂ ਸਾਰੇ ਭਾਣਾ ਮੰਨਣ ਦਾ ਉਪਦੇਸ਼ ਦਿੰਦੇ ਹਨ ਪਰ ਆਖ਼ਰ ਵਿਛੋੜਾ ਦੁਖਦਾਈ ਤਾਂ ਹੁੰਦਾ ਹੀ ਏ। ਕੋਈ ਔਰਤ ਨਹੀਂ ਚਾਹੁੰਦੀ ਕਿ ਉਹਦੇ ਸਿਰ ਦਾ ਸਾਈਂ ਇਉਂ ਚਲਾ ਜਾਏ ਪਰ ਕੀਤਾ ਕੀ ਜਾਏ, ਆਪ ਹੀ ਤਾਂ ਇਹ ਰਾਹ ਚੁਣਿਆ ਏ। ਕਿਸੇ ਜ਼ਬਰਦਸਤੀ ਤਾਂ

ਧੱਕਿਆ ਨਹੀਂ।"

"ਮੈਨੂੰ ਛੇਤੀ ਅਨੰਦਪੁਰ ਪਹੁੰਚਣਾ ਚਾਹੀਦਾ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਸਾਨੂੰ ਪਤਾ ਕਰਨਾ ਚਾਹੀਦਾ ਏ ਕਿ ਬੰਦਾ ਸਿੰਘ ਬਹਾਦਰ ਨੂੰ ਦਿੱਲੀ ਲਿਜਾਂਦਿਆਂ ਰਾਹ ਵਿਚ ਸਿੰਘਾਂ ਨੇ ਮੁਗ਼ਲ ਫ਼ੌਜ ਨਾਲ ਟੱਕਰ ਲਈ ਹੈ ਕਿ ਨਹੀਂ। ਇਹ ਵੀ ਪਤਾ ਕਰਨਾ ਚਾਹੀਦਾ ਏ ਕਿ ਦਿੱਲੀ ਲਿਜਾ ਕੇ ਕਿਵੇਂ ਸ਼ਹੀਦ ਕਰ ਰਹੇ ਹਨ।"

"ਤੁਹਾਨੂੰ ਵੈਦ ਜੀ ਨੇ ਆਪਣੇ ਮਨ ਤੇ ਦਿਮਾਗ਼ 'ਤੇ ਬੋਝ ਪਾਉਣ ਤੋਂ ਮਨ੍ਹਾ ਕੀਤਾ ਹੋਇਆ ਏ, ਇਸ ਲਈ ਤੁਸੀਂ ਅਜੇ ਇਸ ਤਰ੍ਹਾਂ ਨਾ ਸੋਚੋ," ਦੀਪੋ ਨੇ ਕਿਹਾ, "ਤੁਸੀਂ ਅਨੰਦਪੁਰ ਕਿਸ ਤਰ੍ਹਾਂ ਜਾ ਸਕਦੇ ਹੋ, ਅਜੇ ਟੁੱਟੀ ਹੱਡੀ ਠੀਕ ਨਹੀਂ ਹੋਈ। ਜਦ ਤਕ ਪੱਟੀਆਂ ਤੇ ਫੱਟੀਆਂ ਨਹੀਂ ਖੁੱਲ੍ਹ ਜਾਂਦੀਆਂ, ਤੁਸੀਂ ਕਿਧਰੇ ਨਹੀਂ ਜਾ ਸਕਦੇ।"

"ਤੂੰ ਕਿਉਂ ਨਹੀਂ ਸਮਝਦੀ," ਜਥੇਦਾਰ ਕਰਮ ਸਿੰਘ ਨੇ ਕਿਹਾ, "ਹਾਰ ਤੇ ਢਹਿੰਦੀ ਕਲਾ ਦੇ ਦਿਨਾਂ ਵਿਚ ਆਗੂਆਂ ਦੀ ਜ਼ਿੰਮੇਵਾਰੀ ਵਧ ਜਾਂਦੀ ਏ। ਲੋਕਾਂ ਦਾ ਹੌਂਸਲਾ ਉੱਚਾ ਰੱਖਣ ਲਈ ਕੁਝ ਕਦਮ ਪੁੱਟਣੇ ਜ਼ਰੂਰੀ ਹਨ। ਜਿਨ੍ਹਾਂ ਦੇ ਘਰ ਦੇ ਨੌਜਵਾਨ ਸ਼ਹੀਦ ਹੋ ਗਏ ਹਨ, ਜੋ ਬੇਘਰ ਹੋ ਕੇ ਜੰਗਲਾਂ ਤੇ ਪਹਾੜਾਂ ਵਿਚ ਦਿਨ ਕੱਟੀ ਕਰ ਰਹੇ ਹਨ, ਉਨ੍ਹਾਂ ਦਾ ਸਾਥ ਦੇਣਾ ਬੇਹੱਦ ਜ਼ਰੂਰੀ ਏ। ਅਜਿਹੇ ਵੇਲੇ ਨਾ ਬਹੁੜੀਏ ਤਾਂ ਨਿਰਾਸਤਾ ਕੌਮ ਨੂੰ ਅਜਿਹੀ ਖੱਡ ਵਿਚ ਸੁੱਟ ਸਕਦੀ ਏ, ਜਿਥੋਂ ਮੁੜ ਕੇ ਉਠਾਣਾ ਔਖਾ ਹੋ ਜਾਏਗਾ। ਆਪਣੇ ਜਥੇ ਨੂੰ ਵੀ ਨਵੇਂ ਸਿਰਿਉਂ ਜਥੇਬੰਦ ਕਰਨਾ ਪਵੇਗਾ। ਜੋ ਸ਼ਹੀਦ ਹੋ ਗਏ ਨੇ, ਉਨ੍ਹਾਂ ਦੀ ਥਾਂ ਨਵੇਂ ਨੌਜਵਾਨ ਨਾਲ ਲੈਣੇ ਹੋਣਗੇ। ਚੜ੍ਹਦੀ ਕਲਾ ਦੇ ਦਿਨਾਂ ਵਿਚ ਤਾਂ ਆਪੇ ਯੁਵਕ ਵਰਗ ਜੋਸ਼ ਵਿਚ ਆ ਕੇ ਮਿਲ ਜਾਂਦਾ ਏ, ਪਰ ਅੱਜ ਦੀ ਸਥਿਤੀ ਵਿਚ ਨੌਜਵਾਨਾਂ ਨੂੰ ਪ੍ਰੇਰਨਾ ਕਰਨੀ ਹੋਵੇਗੀ। ਇਹ ਵੀ ਸੌਖਾ ਕੰਮ ਨਹੀਂ।"

ਉਹ ਜਦ ਵੀ ਇਕੱਲੇ ਹੁੰਦੇ, ਦੀਪੋ ਦਾ ਇਹੀ ਯਤਨ ਹੁੰਦਾ ਕਿ ਕਰਮ ਸਿੰਘ ਪਿਆਰ ਦੀਆਂ ਗੱਲਾਂ ਕਰੇ। ਦੀਪੋ ਨਾਲ ਫ਼ਤਹਿ ਸਿੰਘ ਦੇ ਭਵਿੱਖਤ ਦੀਆਂ ਗੱਲਾਂ ਕਰੇ ਜਾਂ ਹੋਰ ਹਾਸੇ ਮਖ਼ੌਲ ਦਾ ਮਾਹੌਲ ਬਣਿਆ ਰਹੇ ਪਰ ਜਥੇਦਾਰ ਕਰਮ ਸਿੰਘ, ਜੋ ਕਦੇ ਬੇਹੱਦ ਹਸਾਉਣੀਆਂ ਗੱਲਾਂ ਕਰਦਾ ਸੀ, ਹੁਣ ਵਧੇਰੇ ਗੰਭੀਰ ਤੇ ਸੋਚਾਂ ਵਿਚ ਡੁੱਬਿਆ ਰਹਿੰਦਾ ਸੀ। ਕੁਝ ਸਮਾਂ ਪਹਿਲਾਂ ਤਕ ਉਹਨੂੰ ਆਸ ਸੀ ਕਿ ਪੰਜਾਬ ਵਿਚ ਛੇਤੀ ਹੀ ਖ਼ਾਲਸੇ ਦਾ ਰਾਜ ਹੋਣ ਵਾਲਾ ਹੈ। ਬੰਦਾ ਸਿੰਘ ਬਹਾਦਰ ਅੰਮ੍ਰਿਤਸਰ ਤਕ ਪਹੁੰਚ ਕੇ ਵੀ ਲਾਹੌਰ ਤਕ ਕਾਬਜ਼ ਨਾ ਹੋ ਸਕਿਆ। ਢਾਈ ਸਾਲ ਦੀ ਤਿਆਰੀ ਪਿੱਛੋਂ ਜਿਵੇਂ ਤੂਫ਼ਾਨ ਵਾਂਗ ਬੰਦਾ ਸਿੰਘ ਬਹਾਦਰ ਜੰਮੂ ਦੀਆਂ ਪਹਾੜੀਆਂ ਤੋਂ ਨਿਕਲ ਕੇ ਆਇਆ, ਪ੍ਰਤੀਤ ਹੁੰਦਾ ਸੀ ਕਿ ਛੇਤੀ ਉਹ ਮੁਗ਼ਲ ਫ਼ੌਜ ਦੇ ਛੱਕੇ ਛੁਡਾ ਦੇਵੇਗਾ, ਪਰ ਹੋਇਆ ਉਹ ਕੁਝ ਨਹੀਂ। ਇਸ ਲਈ ਨਿਰਾਸਤਾ ਆਉਣੀ ਕੁਦਰਤੀ ਗੱਲ ਸੀ।

ਕਰਮ ਸਿੰਘ ਨੂੰ ਦੂਜੀ ਸੋਚ ਇਹ ਖਾਈ ਜਾ ਰਹੀ ਸੀ ਕਿ ਜਦ ਵੀ ਕਿਸੇ ਮੋਰਚੇ 'ਤੇ ਹਾਰ ਹੋ ਜਾਏ ਤਾਂ ਕੌਮਾਂ ਵਿਚ ਫੁੱਟ ਪੈ ਜਾਂਦੀ ਏ। ਲੀਡਰ ਆਪੋ ਵਿਚ ਉਲਝ ਪੈਂਦੇ ਹਨ ਤੇ ਹਰ ਕੋਈ ਹਾਰ ਦੀ ਜ਼ਿੰਮੇਵਾਰੀ ਦੂਜੇ 'ਤੇ ਸੁੱਟਣ ਦਾ ਯਤਨ ਕਰਦਾ ਹੈ। ਜਿਹੜੇ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਕੇ ਨਿਕਲ ਗਏ, ਉਹ ਪ੍ਰਚਾਰ ਕਰਨਗੇ ਕਿ ਬੰਦਾ ਸਿੰਘ ਬਹਾਦਰ ਦੀ ਗ਼ਲਤ ਨੀਤੀ ਕਾਰਨ ਹਾਰ ਹੋਈ ਏ। ਦੂਜੇ ਉਨ੍ਹਾਂ ਨੂੰ ਸਾਥ ਛੱਡਣ ਕਾਰਨ ਗ਼ੱਦਾਰ ਕਹਿਣਗੇ। ਇਸ ਵੇਲੇ ਕੌਮ ਵਿਚ ਫੁੱਟ ਵਧੇਰੇ ਮਾਰੂ ਅਸਰ ਕਰੇਗੀ। ਉਸ ਨੂੰ ਯਾਦ ਸੀ ਕਿ ਜਦ ਸਰਹੰਦ ਖੁਸ ਗਈ, ਉਸ ਵੇਲੇ ਵੀ ਕਈ ਆਗੂ ਬੰਦਾ ਸਿੰਘ ਬਹਾਦਰ ਨੂੰ ਕੋਸਣ ਲੱਗ ਪਏ ਸਨ।

ਉਹਨੇ ਔਖੇ ਸੌਖੇ ਦੋ ਕੁ ਹਫ਼ਤੇ ਦਿਆਲਪੁਰ ਵਿਚ ਹੋਰ ਗੁਜ਼ਾਰੇ ਤੇ ਜਦ ਥੋੜ੍ਹਾ ਜਿਹਾ ਵੀ ਠੀਕ ਹੋਇਆ ਤਾਂ ਉਹਨੇ ਅਨੰਦਪੁਰ ਜਾਣ ਦੀ ਤਿਆਰੀ ਕਰ ਲਈ। ਉਹਦੇ ਹੋਸ਼ ਵਿਚ ਆਉਣ ਤੇ ਠੀਕ ਠਾਕ ਗੱਲਾਂ ਕਰਨ ਦਾ ਸੁਣ ਕੇ ਉਹਦੀ ਮਾਂ ਵੀ ਕਰਤਾਰਪੁਰ ਤੋਂ ਆ ਗਈ, ਉਹਦੇ ਨਾਲ ਕਰਤਾਰਪੁਰ ਦੇ ਕਈ ਆਦਮੀ ਵੀ ਆਏ।

"ਤੁਸੀਂ ਕਰਤਾਰਪੁਰ ਚੱਲੋ, ਅਸੀਂ ਤੁਹਾਡੀ ਸੇਵਾ ਕਰਾਂਗੇ," ਭਗਤੂ ਨੇ ਕਿਹਾ।

"ਨਹੀਂ ਬਈ, ਕਰਤਾਰਪੁਰ ਹੁਣ ਮੇਰੇ ਲਈ ਸੁਰੱਖਿਅਤ ਨਹੀਂ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਫ਼ੌਜਦਾਰ ਜਲੰਧਰ ਉਥੇ ਜ਼ਰੂਰ ਹਮਲਾ ਕਰੇਗਾ। ਅੱਜ-ਕੱਲ੍ਹ ਤਾਂ ਉਹ ਗਿੱਦੜ ਵੀ ਸ਼ੇਰ-ਭਬਕੀਆਂ ਮਾਰਦਾ ਹੋਏਗਾ।"

"ਸ਼ੇਰਾਂ ਦੀ ਅਸਲੀ ਗਰਜ ਸਾਹਮਣੇ ਗਿੱਦੜ ਕਦੇ ਨਹੀਂ ਖੜੇ ਹੋ ਸਕਦੇ," ਭਗਤੂ ਨੇ ਕਿਹਾ।

"ਕਈ ਸਾਲ ਹੋ ਗਏ ਨੇ, ਤੇਰੇ ਤੋਂ ਮਿਰਜ਼ਾ ਨਹੀਂ ਸੁਣਿਆ। ਅੱਜ ਸੁਣਾ ਬਈ," ਜਥੇਦਾਰ ਕਰਮ ਸਿੰਘ ਨੇ ਫ਼ਰਮਾਇਸ਼ ਪਾਈ, "ਸੁਣਾਈਂ ਪਰ ਸੋਜ਼ ਭਰੀ ਲੰਮੀ ਹੇਕ ਨਾਲ।" ਉਸ ਵੇਲੇ ਘਰ ਦੇ ਅਗਲੇ ਹਿੱਸੇ ਵਿਚ ਹਵੇਲੀ ਦੀ ਖੁੱਲ੍ਹੀ ਥਾਂ ਤੇ ਰੁੱਖ ਹੇਠ ਮੰਜੇ 'ਤੇ ਜਥੇਦਾਰ ਕਰਮ ਸਿੰਘ ਸਰ੍ਹਾਣੇ ਦੀ ਢੋਅ ਲਾ ਕੇ ਬੈਠਾ ਹੋਇਆ ਸੀ ਤੇ ਆਸ ਪਾਸ ਪਿੰਡ ਦੇ ਕਈ ਬੰਦੇ ਬੈਠੇ ਸਨ। ਉਨ੍ਹਾਂ ਦੀ ਤਫ਼ਰੀਹ ਲਈ ਜਥੇਦਾਰ ਨੇ ਮਿਰਜ਼ਾ ਸੁਣਨਾ ਚਾਹਿਆ ਸੀ।

ਭਗਤੂ ਖ਼ੁਸ਼ ਹੋ ਗਿਆ ਕਿ ਕਰਮ ਸਿੰਘ ਬਚਪਨ ਦੀਆਂ ਗੱਲਾਂ ਯਾਦ ਕਰ ਕੇ ਭਗਤੂ ਦਾ ਭੱਠੀ 'ਤੇ ਗਾਣਾ ਯਾਦ ਰੱਖ ਰਿਹਾ ਹੈ। ਉਹਨੇ ਕੰਨਾਂ 'ਤੇ ਹੱਥ ਰੱਖ ਕੇ ਲੰਮੀ ਹੇਕ ਨਾਲ ਗਾਣਾ ਸ਼ੁਰੂ ਕੀਤਾ, "ਚੜ੍ਹਦੇ ਮਿਰਜ਼ੇ ਖ਼ਾਨ ਨੂੰ ਜੱਟ ਵੰਝਲ ਦਿੰਦਾ ਮੱਤ....." ਕਰਮ ਸਿੰਘ ਨੇ ਇਹਨੂੰ ਟੋਕ ਦਿੱਤਾ ਤੇ ਕਿਹਾ, "ਨਾ ਬਈ ਔਰਤ ਜ਼ਾਤ ਵਿਰੁੱਧ ਪੀਲੂ ਦਾ ਇਹ ਇਲਜ਼ਾਮ ਠੀਕ ਨਹੀਂ। ਜੇ ਸਾਹਿਬਾਂ ਪ੍ਰੀਤ ਨਿਭਾ ਨਹੀਂ ਸਕੀ ਤਾਂ ਸਾਰੀਆਂ ਔਰਤਾਂ ਉਹਦੇ ਵਰਗੀਆਂ ਨਹੀਂ। ਹਜ਼ਾਰਾਂ ਔਰਤਾਂ ਪ੍ਰੀਤ ਪਿੱਛੇ ਆਪਾ ਵਾਰ ਵੀ ਸਕਦੀਆਂ ਨੇ। ਸਾਡੇ ਸੰਘਰਸ਼ ਵਿਚ ਕਿਤਨੀਆਂ ਹੀ ਮੁਟਿਆਰਾਂ ਨੇ ਆਪਣੇ ਸੁਹਾਗ ਕੁਰਬਾਨ ਕੀਤੇ ਹਨ। ਆਪਣਾ ਆਪ ਵਾਰ ਰਹੀਆਂ ਹਨ। ਕੋਈ ਮਿਰਜ਼ੇ ਦੀ ਬੀਰਤਾ ਦੀ ਗੱਲ ਸੁਣਾ।"

ਭਗਤੂ ਨੇ ਮਿਰਜ਼ੇ ਦੇ ਚੜ੍ਹਦੀ ਕਲਾ ਵਾਲੇ ਕੁਝ ਬੰਦ ਗਾਏ ਤੇ ਸਾਰੇ 'ਵਾਹ ਵਾਹ' ਕਰ ਉੱਠੇ। ਜਦ ਉਹਨੇ 'ਮੇਰੀ ਬੱਕੀ ਤੋਂ ਡਰਨ ਫ਼ਰਿਸ਼ਤੇ ਤੇ ਮੈਥੋਂ ਡਰੇ ਖ਼ੁਦਾ' ਦੀ ਤੁਕ ਗਾਈ ਤਾਂ ਕਰਮ ਸਿੰਘ ਨੇ ਇਹਦੀ ਵਿਆਖਿਆ ਸ਼ੁਰੂ ਕਰ ਦਿੱਤੀ। ਉਹ ਕਹਿਣ ਲੱਗਾ, "ਇਹ ਹੰਕਾਰ ਭਰਿਆ ਐਲਾਨ ਏ। ਇਸੇ ਲਈ ਹੰਕਾਰਿਆ ਮਿਰਜ਼ਾ ਜੰਡ ਥੱਲੇ ਰਾਹ ਵਿਚ ਸੌਂ ਗਿਆ ਤੇ ਮਾਰਿਆ ਗਿਆ।"

"ਤੁਸੀਂ ਤੇ ਹਰ ਖ਼ਿਆਲ 'ਚੋਂ ਹੀ ਆਪਣੇ ਅਰਥ ਕੱਢ ਲੈਂਦੇ ਹੋ," ਭਗਤੂ ਨੇ ਕਿਹਾ, "ਮੈਨੂੰ ਮਿਰਜ਼ਾ ਗਾਉਂਦਿਆਂ ਦਸ ਸਾਲ ਹੋ ਗਏ ਨੇ, ਪਰ ਮੈਂ ਤਾਂ ਕਦੇ ਇਸ ਤਰ੍ਹਾਂ ਗੱਲਾਂ 'ਚੋਂ ਗੱਲਾਂ ਨਹੀਂ ਕੱਢੀਆਂ।"

"ਆਪਣੀ ਆਪਣੀ ਰੁੱਚੀ ਏ," ਕਰਮ ਸਿੰਘ ਕਹਿਣ ਲੱਗਾ, "ਕਈ ਇਹਨੂੰ ਕੇਵਲ ਇਸ਼ਕ ਦੀ ਗੱਲ ਕਰਕੇ ਪਸੰਦ ਕਰਦੇ ਹਨ। ਕਿਸੇ ਨੂੰ ਪੀਲੂ ਕਵੀ ਦੀ ਕਵਿਤਾ ਚੰਗੀ ਲੱਗਦੀ ਏ।"

"ਤੁਹਾਨੂੰ ਇਸ਼ਕ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ ?" ਭਗਤੂ ਬੋਲ ਪਿਆ। ਉਹ ਬਚਪਨ ਦਾ ਯਾਰ ਸੀ, ਇਸ ਲਈ ਬੇਤਕੱਲਫ਼ੀ ਨਾਲ ਗੱਲਾਂ ਕਰ ਰਿਹਾ ਸੀ।

"ਅਸੀਂ ਇਸ਼ਕ ਹਕੀਕੀ ਦੇ ਚਾਹਵਾਨ ਹਾਂ, ਇਸ਼ਕ ਮਜਾਜ਼ੀ ਦੇ ਨਹੀਂ।" ਕਰਮ ਸਿੰਘ

ਨੇ ਵਿਆਖਿਆ ਕੀਤੀ, "ਇਸ਼ਕ ਮਜ਼ਾਜ਼ੀ ਦਾ ਸੰਬੰਧ ਹੁਸਨ ਜਵਾਨੀ ਤੇ ਸੋਹਣੇ ਤਨ ਨਾਲ ਏ ਪਰ ਇਸ਼ਕ ਹਕੀਕੀ ਦਾ ਸੰਬੰਧ ਇਨ੍ਹਾਂ ਗੱਲਾਂ ਨਾਲ ਨਹੀਂ; ਉਮਰ ਨਾਲ ਨਹੀਂ। ਜੀਵਨ ਦੀ ਹੱਦ ਤੋਂ ਪਾਰ ਲੰਘ ਕੇ ਵੀ ਉਹ ਪਿਆਰ ਖ਼ਤਮ ਨਹੀਂ ਹੁੰਦਾ।"

"ਤੁਸੀਂ ਆਉਂਦੇ ਰਿਹਾ ਕਰੋ," ਉੱਠ ਕੇ ਜਾਣ ਲੱਗੇ ਭਗਤੂ ਨੂੰ ਦੀਪੋ ਦੇ ਪਿਤਾ ਸ਼ਾਮੂ ਸ਼ਾਹ ਨੇ ਕਿਹਾ, "ਤੁਹਾਡੇ ਆਉਣ ਨਾਲ ਜਥੇਦਾਰ ਦਾ ਦਿਲ ਹੋਰ ਪਾਸੇ ਲੱਗਾ ਰਹਿੰਦਾ ਏ।"

ਜਥੇਦਾਰ ਕਰਮ ਸਿੰਘ ਕਾਹਲਾ ਪੈ ਗਿਆ ਤੇ ਅਖ਼ੀਰ ਉਹ ਅਨੰਦਪੁਰ ਜਾਣ ਲਈ ਤਿਆਰ ਹੋ ਗਿਆ। ਦਿਆਲਪੁਰ ਦੇ ਵਸਨੀਕਾਂ ਨੇ ਉਹਨੂੰ ਇਕ ਬਹੁਤ ਹੀ ਸੁੰਦਰ ਘੋੜਾ ਭੇਟ ਕੀਤਾ। ਇਕ ਬੈਲ ਗੱਡੀ ਤਿਆਰ ਕੀਤੀ ਗਈ, ਉਸ 'ਤੇ ਕਰਮ ਸਿੰਘ ਦਾ ਪਰਵਾਰ ਬੈਠ ਗਿਆ। ਸਿੰਘਾਂ ਦਾ ਇਕ ਜਥਾ ਉਨ੍ਹਾਂ ਦੇ ਨਾਲ ਜਾਣ ਲਈ ਸੱਦ ਲਿਆ ਗਿਆ। ਇਕ ਕਾਫ਼ਲਾ ਬਣ ਗਿਆ ਤੇ ਰਾਹ ਵਿਚ ਕਈ ਥਾਂ ਠਹਿਰਦਾ, ਸ਼ਹੀਦ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਤੇ ਜਿਨ੍ਹਾਂ ਦੇ ਗੁਜ਼ਾਰੇ ਦਾ ਕੋਈ ਸਾਧਨ ਨਹੀਂ ਸੀ, ਉਨ੍ਹਾਂ ਦੀਆਂ ਸੂਚੀਆਂ ਤਿਆਰ ਕਰਦਾ ਕਰਮ ਸਿੰਘ ਅਨੰਦਪੁਰ ਪਹੁੰਚ ਗਿਆ। ਰਾਹ ਵਿਚ ਲੋੜਵੰਦਾਂ ਨੂੰ ਭਰੋਸਾ ਦਿਵਾਂਦਾ ਗਿਆ ਕਿ ਉਹ ਛੇਤੀ ਹੀ ਪ੍ਰਬੰਧ ਕਰ ਕੇ ਉਨ੍ਹਾਂ ਪਾਸ ਬੰਦੇ ਭੇਜੇਗਾ।

ਉਹਨੇ ਅਨੰਦਪੁਰ ਤਕ ਦੇ ਸਫ਼ਰ ਵਿਚ ਮਹਿਸੂਸ ਕੀਤਾ ਕਿ ਲੋਕਾਂ ਵਿਚ ਮਾਯੂਸੀ ਤਾਂ ਹੈ ਪਰ ਉਹ ਹੱਦੋਂ ਬਾਹਰੀ ਨਹੀਂ। ਉਹ ਇਹ ਵੀ ਨਤੀਜਾ ਕੱਢ ਸਕਿਆ ਕਿ ਜੇਕਰ ਪ੍ਰਚਾਰ ਜਾਰੀ ਰਹੇ ਤੇ ਚੜ੍ਹਦੀ ਕਲਾ ਦੀ ਪ੍ਰੇਰਨਾ ਜਾਰੀ ਰਹੇ ਤਾਂ ਲੋਕ ਛੇਤੀ ਮੁੜ ਕੇ ਉਤਸ਼ਾਹ ਭਰੇ ਸੰਘਰਸ਼ ਲਈ ਤਿਆਰ ਹੋ ਜਾਣਗੇ। ਇਕ ਗੱਲ ਹੋਰ ਲੋਕਾਂ ਤੋਂ ਉਸ ਨੇ ਸੁਣੀ ਕਿ ਬੰਦਾ ਸਿੰਘ ਬਹਾਦਰ ਬੜਾ ਕਰਾਮਾਤੀ ਹੈ ਤੇ ਉਹਨੇ ਜਦੋਂ ਚਾਹਿਆ, ਮੁਗ਼ਲਾਂ ਦੇ ਪਿੰਜਰੇ ਵਿਚੋਂ ਨਿਕਲ ਜਾਏਗਾ। ਕਰਮ ਸਿੰਘ ਇਹ ਸੁਣ ਕੇ ਹੱਸ ਪੈਂਦਾ, ਕਿਉਂਕਿ ਉਹ ਜਾਣਦਾ ਸੀ ਕਿ ਸਿੱਖੀ ਵਿਚ ਕਰਾਮਾਤ ਨਾਮ ਕਹਿਰ ਦਾ ਏ ਤੇ ਬੰਦਾ ਸਿੰਘ ਬਹਾਦਰ ਗੁਰਮਤਿ ਵਿਰੋਧੀ ਗੱਲ ਨਹੀਂ ਕਰ ਸਕਦਾ। ਫਿਰ ਉਹ ਸੋਚਦਾ ਕਿ ਹਰ ਲੋਕ-ਨਾਇਕ ਨਾਲ ਅਜਿਹੀਆਂ ਅਣਹੋਣੀਆਂ ਤੇ ਅਸੰਭਵ ਗੱਲਾਂ ਸੰਭਵ ਬਣਾ ਕੇ ਜੋੜ ਲਈਆਂ ਜਾਂਦੀਆਂ ਹਨ।

ਅਨੰਦਪੁਰ ਜਾ ਕੇ ਦੋ ਦਿਨ ਤਾਂ ਉਹਨੂੰ ਸਭ ਨਾਲ ਮਿਲਦਿਆਂ ਮਿਲਾਂਦਿਆਂ ਲੱਗ ਗਏ। ਫਿਰ ਉਹਨੇ ਜਥੇ ਦੇ ਮੈਂਬਰਾਂ ਦੀ ਸੂਚੀ ਦੇਖੀ ਕਿ ਕਿਤਨੇ ਸ਼ਹੀਦ ਹੋ ਗਏ ਹਨ ਤੇ ਕਿਹੜੇ ਕਿਹੜੇ ਮੁੜ ਕੇ ਅਨੰਦਪੁਰ ਆ ਪਹੁੰਚੇ ਹਨ ਜਾਂ ਇਥੇ ਇਤਲਾਹ ਦੇ ਕੇ ਪਿੰਡਾਂ ਨੂੰ ਚਲੇ ਗਏ ਹਨ। ਉਹਨੇ ਰਾਗੀਆਂ ਤੇ ਢਾਡੀਆਂ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਉਹ ਅਨੰਦਪੁਰ ਵਿਚ ਰੋਜ਼ਾਨਾ ਕੀਰਤਨ ਦੇ ਨਾਲ ਬੀਰ-ਰਸ ਭਰਪੂਰ ਸ਼ਬਦਾਂ ਦਾ ਗਾਇਨ ਜ਼ਰੂਰ ਕੀਤਾ ਕਰਨ। ਇਹ ਸ਼ਬਦ ਉਹਨੇ ਰੋਜ਼ ਕੀਰਤਨ ਵਿਚ ਸਰਵਣ ਕਰਵਾਉਣ ਲਈ ਪੱਕੀ ਕੀਤੀ:

1. ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
   ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
   ਸੂਰਾ ਸੋ ਪਹਿਚਾਨੀਐ.....
2. ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥.....
3. ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥.....

53

ਜਥੇਦਾਰ ਕਰਮ ਸਿੰਘ ਮੰਜੇ 'ਤੇ ਪਿਆ ਸੀ, ਕਿਉਂਕਿ ਕਈ ਮਹੀਨਿਆਂ ਤੋਂ ਜ਼ਖ਼ਮ ਠੀਕ ਨਹੀਂ ਸਨ ਹੋ ਰਹੇ। ਇਕ ਵਾਰ ਕਾਫ਼ੀ ਆਰਾਮ ਆ ਗਿਆ ਸੀ ਪਰ ਫਿਰ ਅੰਦਰ ਪਾਣੀ ਭਰ ਗਿਆ ਤੇ ਪੀਕ ਦੇ ਚਿੱਟੇ ਚਿੱਟੇ ਨਿਸ਼ਾਨ ਬਾਹਰੋਂ ਦਿਸਣ ਲੱਗ ਪਏ। ਇਸ ਕਾਰਨ ਜ਼ਖ਼ਮ ਦੇ ਆਸ-ਪਾਸ ਦਾ ਹਿੱਸਾ ਕਾਫ਼ੀ ਲਾਲ ਹੋ ਗਿਆ ਤੇ ਲੱਤ 'ਤੇ ਉਸ ਥਾਂ ਸੋਜ਼ਸ਼ ਹੋਣੀ ਸ਼ੁਰੂ ਹੋ ਗਈ। ਇਸ ਨਾਲ ਖ਼ਤਮ ਹੋ ਰਿਹਾ ਦਰਦ ਦੁਬਾਰਾ ਹੋਣ ਲੱਗ ਪਿਆ। ਸਿਆਣੇ ਫੱਟਬੰਨ੍ਹਾਂ ਨੂੰ ਸੱਦਿਆ ਗਿਆ, ਉਨ੍ਹਾਂ ਨੇ ਕੁਝ ਖ਼ਾਸ ਰੁੱਖਾਂ ਦੇ ਪੱਤੇ ਗਰਮ ਕਰ ਕੇ ਤੇ ਤੇਲ ਲਾ ਕੇ ਉੱਤੇ ਬੰਨ੍ਹ ਦਿੱਤੇ, ਪਰ ਉਹਨੂੰ ਦਰਦ ਤੇ ਤਰਾਟਾਂ ਕਾਰਨ ਨੀਂਦ ਨਹੀਂ ਸੀ ਆ ਰਹੀ। ਜਦ ਵੀ ਚੀਸ ਪੈਂਦੀ, ਉਹ ਦਰਦ ਨਾਲ ਕੁਰਲਾ ਉੱਠਣ ਦੀ ਥਾਂ ਦੋਵੇਂ ਦੰਦਾਂ ਦੀਆਂ ਬੀੜਾਂ ਵਿਚਕਾਰ ਹੋਂਠ ਦੇ ਕੇ ਦਰਦ ਨੂੰ ਬਰਦਾਸ਼ਤ ਕਰਨ ਦਾ ਯਤਨ ਕਰਦਾ। ਦੂਰ ਖੜੇ ਜਾਂ ਹੋਰ ਕੰਮ ਕਰਦਿਆਂ ਨੂੰ ਪਤਾ ਹੀ ਨਾ ਲੱਗਦਾ ਕਿ ਕਰਮ ਸਿੰਘ ਨੂੰ ਅਜਿਹਾ ਕੋਈ ਦਰਦ ਹੈ, ਪਰ ਜਦ ਕਦੇ ਕੋਈ ਨੇੜੇ ਹੁੰਦਾ, ਖ਼ਾਸ ਕਰਕੇ ਦੀਪੋ, ਜੋ ਹਰ ਵੇਲੇ ਉਹਦੇ ਵੱਲ ਟਿਕ-ਟਿਕੀ ਲਾਈ ਵਿਹਲੇ ਵੇਲੇ ਕੋਲ ਖੜੀ ਰਹਿੰਦੀ, ਉਹ ਝੱਟ ਸਮਝ ਜਾਂਦੀ ਕਿ ਪੀੜ ਤੇ ਤਰਾਟ ਨਾਲ ਕਰਮ ਸਿੰਘ ਬੇਹਾਲ ਹੋ ਰਿਹਾ ਹੈ। ਉਹ ਭੱਜ ਕੇ ਜਾਂਦੀ ਤੇ ਸਿਆਣੇ ਵੈਦ ਤੇ ਫੱਟਬੰਨ੍ਹ ਨੂੰ ਬੁਲਾ ਲਿਆਂਦੀ।

"ਪਹਿਲਾਂ ਦੱਸੋ, ਮੇਰੇ ਜ਼ਖ਼ਮੀ ਸਾਥੀਆਂ ਦਾ ਕੀ ਹਾਲ ਏ?" ਫੱਟਬੰਨ੍ਹ ਨੂੰ ਜਥੇਦਾਰ ਕਰਮ ਸਿੰਘ ਹਮੇਸ਼ਾਂ ਸਵਾਲ ਕਰਦਾ, "ਉਹ ਠੀਕ ਹੋ ਰਹੇ ਨੇ ਕਿ ਨਹੀਂ? ਕਿਤਨੇ ਕੁ ਸਿਹਤਮੰਦ ਹੋ ਕੇ ਉੱਠ ਬੈਠੇ ਨੇ। ਕਿਸੇ ਦੀ ਜਾਨ ਨੂੰ ਖ਼ਤਰਾ ਤਾਂ ਨਹੀਂ? ਵੈਦ ਜੀ! ਖ਼ਰਚ ਦੀ ਪਰਵਾਹ ਨਾ ਕਰਿਆ ਜੇ। ਅਸੀਂ ਹਰ ਪ੍ਰਬੰਧ ਕਰ ਲਵਾਂਗੇ। ਮੇਰੇ ਇਕ ਇਕ ਜਵਾਨ ਦੀ ਜਾਨ ਕੀਮਤੀ ਜੇ। ਇਸ ਇਕ ਇਕ ਜ਼ਿੰਦਗੀ ਲਈ ਅਸੀਂ ਸਾਰਾ ਧਨ ਵਾਰ ਸਕਦੇ ਹਾਂ।"

"ਅਸੀਂ ਦਿਨ ਰਾਤ ਇਸੇ ਸੇਵਾ ਵਿਚ ਲੱਗੇ ਹੋਏ ਹਾਂ," ਮੱਖਣ ਸਿੰਘ ਫੱਟਬੰਨ੍ਹ ਨੇ ਦੱਸਿਆ, "ਸਤਿਗੁਰਾਂ ਦੀ ਕਿਰਪਾ ਨਾਲ ਸਾਰੇ ਹੀ ਸਰੀਰ ਠੀਕ ਹੋ ਰਹੇ ਨੇ। ਜੋ ਮੈਦਾਨ ਵਿਚ ਸ਼ਹੀਦ ਹੋ ਗਏ, ਸੋ ਹੋ ਗਏ, ਜੋ ਬਚ ਕੇ ਫੱਟੜ ਸਾਡੇ ਪਾਸ ਪਹੁੰਚ ਗਏ ਹਨ, ਉਨ੍ਹਾਂ ਦੀ ਪੂਰੀ ਸੇਵਾ-ਸੰਭਾਲ ਹੋ ਰਹੀ ਏ।"

"ਤੁਸੀਂ ਇਕ ਵਾਰ ਇਕ ਜਥਾ ਸਾਰੇ ਦੁਆਬੇ ਵਿਚ ਫੇਰ ਦਿਓ ਤੇ ਜਿਥੇ ਜਿਥੇ ਵੀ ਕੋਈ ਜ਼ਖ਼ਮੀ ਸਿੰਘ ਪਿਆ ਏ, ਉਹਦੇ ਇਲਾਜ ਦੀ ਦੇਖ-ਭਾਲ ਕਰੋ ਤੇ ਜਿਨ੍ਹਾਂ ਦੇ ਡੂੰਘੇ ਘਾਓ ਨੇ, ਉਨ੍ਹਾਂ ਨੂੰ ਅਨੰਦਪੁਰ ਲੈ ਆਉ," ਜਥੇਦਾਰ ਕਰਮ ਸਿੰਘ ਨੇ ਆਪਣੀ ਤਕਲੀਫ਼ ਤੇ ਦਰਦ ਭੁੱਲ ਕੇ ਮੱਖਣ ਸਿੰਘ ਨੂੰ ਆਖਿਆ, "ਇਸ ਵਾਰ ਯੁੱਧ ਵਿਚ ਸਾਡੇ ਬਹੁਤ ਬੰਦੇ ਜ਼ਖ਼ਮੀ ਵੀ ਹੋਏ ਨੇ ਤੇ ਉਨ੍ਹਾਂ ਦੀ ਸੇਵਾ-ਸੰਭਾਲ ਦਾ ਕੰਮ ਠੀਕ ਤਰ੍ਹਾਂ ਨਹੀਂ ਹੋ ਸਕਿਆ। ਤਸੱਲੀ ਬਖ਼ਸ਼ ਪ੍ਰਬੰਧ ਤਾਂ ਹੀ ਆਖ ਸਕਦੇ ਸਾਂ ਜੇਕਰ ਸਾਡੇ ਪਾਸ ਸਾਰੇ ਫੱਟੜਾਂ ਦੀ ਸੂਚੀ ਹੁੰਦੀ। ਮੈਨੂੰ ਮੰਜੇ 'ਤੇ ਪਿਆਂ ਮਹਿਸੂਸ ਹੋਇਆ ਏ ਕਿ ਸਾਨੂੰ ਹਕੀਮਾਂ ਵੈਦਾਂ ਤੇ ਫੱਟਬੰਨ੍ਹਾਂ ਦਾ ਇਕ ਜਥਾ ਤਿਆਰ ਕਰਨਾ ਚਾਹੀਦਾ ਏ, ਜੋ ਹਰ ਯੁੱਧ ਸਮੇਂ ਪਿੱਛੇ ਪਿੱਛੇ ਰਹਿ ਕੇ ਜ਼ਖ਼ਮੀਆਂ ਦੀ ਸੰਭਾਲ ਕਰੇ।"

"ਬਹੁਤ ਅੱਛਾ ਵਿਚਾਰ ਏ," ਮੱਖਣ ਸਿੰਘ ਨੇ ਉੱਤਰ ਦਿੱਤਾ, "ਸਿਆਣੇ ਕਹਿੰਦੇ ਨੇ ਕਿ ਤੁਹਾਨੂੰ ਇਨ੍ਹਾਂ ਦਿਨਾਂ ਵਿਚ ਘੱਟ ਸੋਚਣਾ ਚਾਹੀਦਾ ਏ। ਸਿਰ ਦੀ ਸੱਟ ਕਾਫ਼ੀ ਦਿਨ ਆਰਾਮ ਮੰਗਦੀ ਏ।"

"ਮੈਂ ਤਾਂ ਬੀਮਾਰ ਪਿਆ ਤੰਗ ਆ ਗਿਆ ਹਾਂ," ਕਰਮ ਸਿੰਘ ਨੇ ਕਿਹਾ, "ਮੇਰੀ ਲੱਤ ਦਾ ਫੱਟ ਠੀਕ ਕਰ ਦਿਉ, ਮੈਂ ਤੁਰਨ ਜੋਗਾ ਹੋ ਜਾਵਾਂ ਤਾਂ ਇਸ ਸੰਕਟ ਸਮੇਂ ਕੌਮ ਲਈ

ਕੁਝ ਕਰਾਂ। ਮੈਨੂੰ ਚਿੰਤਾ ਖਾ ਰਹੀ ਏ ਕਿ ਦਿੱਲੀ ਵਿਚ ਬੰਦਾ ਸਿੰਘ ਬਹਾਦਰ ਨਾਲ ਕੀ ਵਾਪਰੀ ਏ? ਦੁਸ਼ਟ ਹਕੂਮਤ ਨੇ ਉਹਨੂੰ ਸ਼ਹੀਦ ਕਰ ਦਿੱਤਾ ਹੋਏਗਾ। ਉਹਦੇ ਨਾਲ ਕਾਫ਼ੀ ਸਿੰਘ ਵੀ ਫੜੇ ਹੋਏ ਨੇ। ਸੂਹੀਏ ਕਾਫ਼ੀ ਭੇਜੇ ਹੋਏ ਨੇ ਪਰ ਉਨ੍ਹਾਂ ਵਿਚੋਂ ਵੀ ਕੋਈ ਨਹੀਂ ਮੁੜਿਆ। ਇਹ ਵੇਲਾ ਮੇਰੇ ਕੁਝ ਕਰਨ ਦਾ ਸੀ। ਦੁਆਬੇ ਦੇ ਸਿੰਘਾਂ ਦੀਆਂ ਰਵਾਇਤਾਂ ਨੇ ਕਿ ਇਹ ਵੈਰੀਆਂ ਨਾਲ ਜ਼ਰੂਰ ਲੋਹਾ ਲੈਂਦੇ ਨੇ। ਇਨ੍ਹਾਂ 'ਤੇ ਜਦ ਵੀ ਕਿਸੇ ਹਕੂਮਤ ਨੇ ਤਸ਼ੱਦਦ ਕੀਤਾ, ਇਨ੍ਹਾਂ ਨੇ ਉਹਦੀ ਭਾਸ਼ਾ ਵਿਚ ਹੀ ਉੱਤਰ ਦਿੱਤਾ। ਐਤਕੀਂ ਅਸੀਂ ਕੁਝ ਨਹੀਂ ਕਰ ਸਕੇ।"

"ਕੁਝ ਕਿਉਂ ਨਹੀਂ ਕਰ ਸਕੇ?" ਮੱਖਣ ਸਿੰਘ ਨੇ ਕਿਹਾ, "ਆਪਣੇ ਅਣਗਿਣਤ ਸਿੰਘ ਗੁਰਦਾਸ ਨੰਗਲ ਵੱਲ ਜਾਂਦੇ ਸ਼ਹੀਦ ਹੋ ਗਏ। ਰਾਹੇ ਵਿਚ ਸਿੰਘਾਂ ਨੇ ਮੁਗ਼ਲ ਫ਼ੌਜਾਂ 'ਤੇ ਕਈ ਹਮਲੇ ਕਰ ਕੇ ਉਹਦਾ ਚੋਖਾ ਨੁਕਸਾਨ ਕੀਤਾ ਏ। ਬਿਆਸਾ ਟੱਪਦੇ ਮੁਗ਼ਲ ਫ਼ੌਜ ਤੋਂ ਬਹੁਤ ਸਾਰੇ ਘੋੜੇ ਤੇ ਅਸਲਾ ਬਾਰੂਦ ਖੋਹ ਲਿਆ ਏ।"

"ਚਲੋ ਛੱਡੋ, ਇਸ ਗੱਲ ਦੇ ਵਿਸਥਾਰ ਵਿਚ ਜਾਂਦਿਆਂ ਅਸੀਂ ਅਸਲ ਗੱਲ ਨਾ ਭੁੱਲ ਜਾਈਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਤੁਸੀਂ ਮੱਖਣ ਸਿੰਘ ਜੀ, ਸੇਵਾ-ਸੰਭਾਲ ਵਾਲੇ ਜਥੇ ਦੇ ਮੁਖੀ ਹੋਵੋਗੇ ਤੇ ਤੁਹਾਡੇ ਜਥੇ ਦਾ ਨਾਮ 'ਭਾਈ ਘਨਈਆ ਸੇਵਾ ਦਲ' ਹੋਏਗਾ। ਤੁਸੀਂ ਜਾਣਦੇ ਹੋ ਕਿ ਅਨੰਦਪੁਰ ਦੀ ਇਸੇ ਧਰਤੀ 'ਤੇ ਕਲਗੀਧਰ ਪਾਤਿਸ਼ਾਹ ਦੇ ਸਿੱਖਾਂ ਵਿਚੋਂ ਮੁਖੀ ਭਾਈ ਘਨੱਈਆ ਜੀ ਸਨ ਜੋ ਯੁੱਧ ਵਿਚ ਫੱਟੜ ਹੋਏ ਇਨਸਾਨਾਂ ਨੂੰ ਜਲ ਛਕਾਂਦੇ ਸਨ ਤੇ ਫਿਰ ਦਸਮੇਸ਼ ਜੀ ਨੇ ਉਨ੍ਹਾਂ ਨੂੰ ਮਰ੍ਹਮ ਵੀ ਦਿੱਤੀ ਸੀ ਕਿ ਫੱਟਾਂ 'ਤੇ ਮਰ੍ਹਮ ਵੀ ਲਾਇਆ ਕਰੋ। ਤੁਸੀਂ ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਚੱਲਣਾ ਏ, ਉਸੇ ਤਰ੍ਹਾਂ ਦੀ ਸੇਵਾ ਕਰਨੀ ਏ।"

"ਜੋ ਆਗਿਆ, ਜਥੇਦਾਰ ਜੀ ਦੀ," ਮੱਖਣ ਸਿੰਘ ਨੇ ਦੋਵੇਂ ਹੱਥ ਜੋੜ ਕੇ ਸਤਿਕਾਰ ਪ੍ਰਗਟ ਕਰਦਿਆਂ ਕਿਹਾ, "ਅਸੀਂ ਪਹਿਲਾਂ ਹੀ ਉਸੇ ਆਦਰਸ਼ ਨੂੰ ਅਪਨਾ ਰਹੇ ਹਾਂ। ਸਾਡੇ ਪਾਸ ਮੁਗ਼ਲ ਫ਼ੌਜ ਦੇ ਚਾਰ ਫੱਟੜ ਵੀ ਸਨ, ਜੋ ਅਸੀਂ ਠੀਕ ਕਰ ਕੇ ਵਾਪਸ ਭੇਜ ਦਿੱਤੇ ਹਨ।"

"ਸ਼ਾਬਾਸ਼," ਜਥੇਦਾਰ ਕਰਮ ਸਿੰਘ ਨੇ ਕਿਹਾ, "ਉਹ ਚਾਰੇ ਤੁਹਾਡੇ ਸਾਰੀ ਉਮਰ ਰਿਣੀ ਰਹਿਣਗੇ। ਜਿਥੇ ਗੱਲ ਹੋਏਗੀ, ਉਹ ਤੁਹਾਡਾ ਪੱਖ ਲੈਣਗੇ। ਤੁਹਾਡੇ ਗੁਣਾਂ ਦੀ ਖ਼ੁਸ਼ਬੂ ਫੈਲਾਣਗੇ।"

"ਅਸੀਂ ਵੀ ਇਸਤ੍ਰੀ ਸੇਵਾ ਦਲ ਬਣਾਵਾਂਗੀਆਂ," ਦੀਪੋ ਨੇ ਨੇੜੇ ਆ ਕੇ ਕਿਹਾ, "ਆਖ਼ਰ ਜਵਾਨ ਤੇ ਬਿਰਧ ਔਰਤਾਂ ਦੀ ਸੇਵਾ-ਸੰਭਾਲ ਲਈ ਨਾਰੀ ਸੇਵਾਦਾਰਾਂ ਦੀ ਲੋੜ ਏ।"

"ਠੀਕ ਏ," ਜਥੇਦਾਰ ਕਰਮ ਸਿੰਘ ਨੇ ਪ੍ਰਸੰਨਤਾ ਪ੍ਰਗਟ ਕੀਤੀ, "ਜਿਥੇ ਕੋਈ ਸੇਵਾ ਕਰ ਸਕਦਾ ਏ, ਜ਼ਰੂਰ ਕਰੇ।" ਮੱਖਣ ਸਿੰਘ ਨੇ ਲੱਤ ਦੇ ਜ਼ਖ਼ਮ ਨੂੰ ਦੇਖਿਆ, ਮਰ੍ਹਮ ਲਾਈ ਤੇ ਦੱਸਿਆ, "ਦੋ ਚਾਰ ਦਿਨਾਂ ਵਿਚ ਇਹ ਠੀਕ ਹੋ ਜਾਏਗਾ ਪਰ ਡੋਲ ਨਾ ਪੈਣ ਦਿਓ।"

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਇਕ ਸਿੰਘ ਨੇ ਆ ਕੇ ਫ਼ਤਹਿ ਬੁਲਾਈ ਤੇ ਦੱਸਿਆ ਕਿ ਉਹ ਦਿੱਲੀ ਤੋਂ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੇ ਸਾਰੇ ਸਮਾਚਾਰ ਲਿਆਇਆ ਏ। ਉਹਦੇ ਨਾਲ ਦੋ ਹੋਰ ਬੰਦੇ ਵੀ ਹਨ, ਜੇ ਆਗਿਆ ਹੋਏ ਤਾਂ ਉਨ੍ਹਾਂ ਨੂੰ ਅੰਦਰ ਬੁਲਾ ਲਵਾਂ।

"ਜ਼ਰੂਰ, ਛੇਤੀ ਬੁਲਾਓ, ਮੈਂ ਇਹੀ ਸਮਾਚਾਰ ਜਾਣਨ ਲਈ ਤਾਂ ਉਤਾਵਲਾ ਸਾਂ," ਜਥੇਦਾਰ ਕਰਮ ਸਿੰਘ ਨੇ ਕਿਹਾ, "ਨਾਲ ਦੇ ਸਾਰੇ ਸਿੰਘ ਵੀ ਸ਼ਹੀਦ ਕਰ ਦਿੱਤੇ ਨੇ?"

"ਜੀ ਸਭ ਸਿੰਘ ਸ਼ਹੀਦ ਹੋ ਚੁੱਕੇ ਹਨ।" ਸਿੰਘ ਨੇ ਦੱਸਿਆ ਤੇ ਬਾਹਰ ਰੋਕੇ ਦੋਵੇਂ

ਸਾਥੀਆਂ ਨੂੰ ਅੰਦਰ ਲੈਣ ਲਈ ਚਲਾ ਗਿਆ। ਅਨੰਦਗੜ੍ਹ ਕਿਲ੍ਹੇ ਦੇ ਬਾਹਰ ਸਿੰਘਾਂ ਦਾ ਕਰੜਾ ਪਹਿਰਾ ਸੀ ਤੇ ਉਹ ਬਿਸ਼ਨ ਸਿੰਘ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਇਸ ਲਈ ਉਹਨੂੰ ਅੰਦਰ ਲੰਘਣ ਦਿੱਤਾ, ਪਰ ਦੂਜੇ ਦੋਹਾਂ ਲਈ ਜਥੇਦਾਰ ਦੀ ਆਗਿਆ ਜ਼ਰੂਰੀ ਸੀ।

"ਕਿਸੇ ਸਿੰਘ ਨੇ ਕਮਜ਼ੋਰੀ ਤਾਂ ਨਹੀਂ ਦਿਖਾਈ ?" ਤਿੰਨਾਂ ਦੇ ਸਾਹਮਣੇ ਆਉਂਦਿਆਂ ਜਥੇਦਾਰ ਕਰਮ ਸਿੰਘ ਨੇ ਪਹਿਲਾ ਸਵਾਲ ਕੀਤਾ, "ਕੋਈ ਮੌਤ ਨੂੰ ਸਾਹਮਣੇ ਦੇਖ ਕੇ ਭੈ-ਭੀਤ ਤੇ ਨਹੀਂ ਹੋਇਆ ? ਕਿਸੇ ਅੰਦਰ ਪਰਵਾਰ ਦਾ ਮੋਹ ਉਹਦੀ ਕਮਜ਼ੋਰੀ ਤਾਂ ਨਹੀਂ ਬਣਿਆ ?"

"ਬਿਲਕੁਲ ਨਹੀਂ," ਬਿਸ਼ਨ ਸਿੰਘ ਨੇ ਜਥੇਦਾਰ ਦੇ ਕਈ ਪ੍ਰਸ਼ਨਾਂ ਦਾ ਉੱਤਰ ਇਕੋ ਵਾਰ ਦੇ ਦਿੱਤਾ ਤੇ ਫਿਰ ਸ਼ਹੀਦੀਆਂ ਦੀ ਸਾਰੀ ਵਿਥਿਆ ਸੁਣਾਣੀ ਸ਼ੁਰੂ ਕਰ ਦਿੱਤੀ।

"ਇਉਂ ਨਹੀਂ, ਮੈਨੂੰ ਵਿਸਥਾਰ ਨਾਲ ਦੱਸੋ," ਜਥੇਦਾਰ ਨੇ ਪੁੱਛਿਆ, "ਤੁਸੀਂ ਕਿਸ ਭੇਸ ਵਿਚ ਸੀ ਤੇ ਕੀ ਤੁਸੀਂ ਅੱਖੀਂ ਦੇਖੀਆਂ ਗੱਲਾਂ ਦੱਸ ਰਹੇ ਹੋ ਜਾਂ ਸੁਣੀਆਂ ਸੁਣਾਈਆਂ ?"

"ਅਸੀਂ ਤਿੰਨੇ ਕਈ ਭੇਸ ਵਟਾਂਦੇ ਰਹੇ ਹਾਂ," ਬਿਸ਼ਨ ਸਿੰਘ ਨੇ ਦੱਸਿਆ, "ਵਧੇਰੇ ਕਰਕੇ ਸਾਧੂਆਂ ਜਾਂ ਸੂਫ਼ੀ ਫ਼ਕੀਰਾਂ ਦੇ ਕੱਪੜੇ ਪਾ ਕੇ ਨਾਲ ਨਾਲ ਚੱਲਦੇ ਰਹੇ ਹਾਂ। ਕਈ ਵਾਰ ਤਾਂ ਬੰਦਾ ਸਿੰਘ ਬਹਾਦਰ ਦੇ ਦਰਸ਼ਨ ਕੀਤੇ। ਉਹ ਪਿੰਜਰੇ ਵਿਚ ਬੰਦ ਸਨ ਤੇ ਪਿੰਜਰਾ ਹਾਥੀ ਉਪਰ ਰੱਖਿਆ ਹੋਇਆ ਸੀ। ਚੁਫੇਰੇ ਉਹਦੇ ਫ਼ੌਜੀ ਟੁਕੜੀਆਂ ਸਨ। ਅੱਗੇ ਅੱਗੇ ਸਿੰਘਾਂ ਦੇ ਸਿਰ ਗੱਡਿਆਂ 'ਤੇ ਲੱਦੇ ਹੋਏ ਸਨ ਤੇ ਕੁਝ ਸਿਰ ਬਰਛਿਆਂ 'ਤੇ ਟੰਗੇ ਹੋਏ ਸਨ।"

"ਉਹ ਤਾਂ ਆਮ ਲੋਕਾਂ ਨੂੰ ਭੈ-ਭੀਤ ਕਰਨ ਲਈ ਇਹ ਵਿਖਾਵਾ ਕੀਤਾ ਜਾ ਰਿਹਾ ਸੀ ਕਿ ਮੁਗ਼ਲ ਹਕੂਮਤ ਵਿਰੁੱਧ ਬਗ਼ਾਵਤ ਕਰਨ ਵਾਲਿਆਂ ਨੂੰ ਇਉਂ ਖ਼ਤਮ ਕੀਤਾ ਜਾਏਗਾ," ਜਥੇਦਾਰ ਕਰਮ ਸਿੰਘ ਨੇ ਪ੍ਰਭਾਵ ਪ੍ਰਗਟ ਕੀਤਾ, "ਪਰ ਮੈਨੂੰ ਇਹ ਦੱਸੋ ਕਿ ਬੰਦਾ ਸਿੰਘ ਬਹਾਦਰ ਦਾ ਚਿਹਰਾ ਕਿਸ ਤਰ੍ਹਾਂ ਲੱਗਦਾ ਸੀ ?"

"ਚਿਹਰੇ 'ਤੇ ਜਲਾਲ ਸੀ, ਹਾਰ ਦੀ ਨਹੀਂ, ਜਿੱਤ ਵਰਗੀ ਮੁਸਕਰਾਹਟ ਸੀ," ਬਿਸ਼ਨ ਸਿੰਘ ਨੇ ਦੱਸਿਆ, "ਮੁਗ਼ਲ ਪਿੰਜਰੇ ਪਏ ਬੰਦਾ ਸਿੰਘ ਬਹਾਦਰ ਤੋਂ ਵੀ ਡਰ ਰਹੇ ਸਨ।"

"ਰਾਹ ਵਿਚ ਵੀ ਕੋਈ ਸਿੰਘ ਮਿਲਿਆ ?" ਕਰਮ ਸਿੰਘ ਨੇ ਪ੍ਰਸ਼ਨ ਕੀਤਾ। ਬਿਸ਼ਨ ਸਿੰਘ ਨੇ ਦੱਸਿਆ, "ਜੀ ਹਾਂ, ਕਈ ਥਾਂ ਤਮਾਸ਼ਾ ਦੇਖਣ ਵਾਲੀ ਭੀੜ ਵਿਚ ਵੀ ਸਿੰਘ ਖੜੇ ਹੁੰਦੇ ਸਨ ਤੇ ਕਈ ਥਾਂ ਬੰਦਾ ਸਿੰਘ ਬਹਾਦਰ ਨੂੰ ਸਿੰਘਾਂ ਨੇ ਫ਼ਤਹਿ ਵੀ ਬੁਲਾਈ। ਅੱਗੋਂ ਪੰਥ ਦਾ ਜਰਨੈਲ ਵੀ ਫ਼ਤਹਿ ਦਾ ਉੱਤਰ ਫ਼ਤਹਿ ਵਿਚ ਦਿੰਦਾ ਸੀ। ਬੱਸ, ਝੱਟ ਹੀ ਫ਼ੌਜੀ ਉਸ ਸਿੰਘ ਨੂੰ ਵੀ ਫੜ ਕੇ ਬੰਦੀ ਬਣਾ ਲੈਂਦੇ ਸਨ। ਕਈ ਅਨ-ਦਾਹੜੀਏ ਬੱਚੇ ਵੀ ਜੋਸ਼ ਵਿਚ ਆ ਜਾਂਦੇ ਸਨ। ਦੋ ਥਾਂ ਰਸਤੇ ਵਿਚ ਸਿੰਘਾਂ ਨੇ ਕਾਫ਼ਲੇ 'ਤੇ ਹਮਲਾ ਵੀ ਕੀਤਾ ਸੀ।"

"ਦਿੱਲੀ ਲਿਜਾ ਕੇ ਕਿਵੇਂ ਸ਼ਹੀਦ ਕੀਤੇ ?" ਕਰਮ ਸਿੰਘ ਛੇਤੀ ਛੇਤੀ ਅਗਲੀ ਗੱਲ ਜਾਣਨਾ ਚਾਹੁੰਦਾ ਸੀ, "ਸਭ ਨੂੰ ਇਕੱਠੇ ਸ਼ਹੀਦ ਕੀਤਾ ਜਾਂ ਵਾਰੋ ਵਾਰੀ ?"

"ਦਿੱਲੀ ਪਹਿਲਾਂ ਤਾਂ ਸਾਰੇ ਸ਼ਹਿਰ ਵਿਚ ਫੇਰਿਆ ਗਿਆ। ਉਸੇ ਤਰ੍ਹਾਂ ਅੱਗੇ-ਅੱਗੇ ਸ਼ਹੀਦ ਸਿੰਘਾਂ ਦੇ ਸੀਸ, ਪਿੱਛੇ ਕੈਦ ਕੀਤੇ ਖ਼ਾਲਸਾ ਜੀ ਤੇ ਪਿੱਛੇ ਬੰਦਾ ਸਿੰਘ ਬਹਾਦਰ," ਬਿਸ਼ਨ ਸਿੰਘ ਦੱਸਦਾ ਗਿਆ, "ਫਿਰ ਸਾਰੇ ਕੋਤਵਾਲ ਦੇ ਹਵਾਲੇ ਕਰ ਦਿੱਤੇ। ਉਹਨੇ ਕੋਤਵਾਲੀ ਵਿਚ ਕੈਦ ਕਰ ਦਿੱਤੇ। ਫ਼ਰਖ਼ਸੀਅਰ ਆਪ ਦੇਖਣ ਆਇਆ। ਹਕੂਮਤ ਦੀ ਨੀਤੀ ਅਨੁਸਾਰ ਚਾਂਦਨੀ ਚੌਕ ਦੇ ਖੁੱਲ੍ਹੇ ਮੈਦਾਨ ਵਿਚ ਰੇਤ ਦੀਆਂ ਬੋਰੀਆਂ ਜੋੜ ਕੇ ਪੰਜ ਫ਼ੁਟ ਉੱਚਾ ਖ਼ੂਹ ਬਣਾ ਦਿੱਤਾ। ਰੋਜ਼ਾਨਾ ਇਕ ਸੌ ਸਿੰਘਾਂ ਨੂੰ ਇਸ ਮੈਦਾਨ ਵਿਚ ਲਿਜਾ ਕੇ ਬੋਰੀਆਂ 'ਤੇ ਸੀਸ ਰੱਖਵਾ ਕੇ ਤਲਵਾਰਾਂ ਨਾਲ ਸਿਰ ਧੜ ਤੋਂ ਵੱਖ ਕਰ ਦਿੰਦੇ। ਇਉਂ ਹਫ਼ਤਾ ਭਰ ਸਿੰਘ ਸ਼ਹੀਦ ਹੁੰਦੇ ਰਹੇ।"

"ਪਰ ਕੋਈ ਨਹੀਂ ਡੋਲਿਆ ?" ਜਥੇਦਾਰ ਕਰਮ ਸਿੰਘ ਨੇ ਫਿਰ ਪ੍ਰਸ਼ਨ ਕੀਤਾ।

"ਬਿਲਕੁਲ ਨਹੀਂ," ਬਿਸ਼ਨ ਸਿੰਘ ਨੇ ਦੱਸਿਆ, "ਇਕ ਬੱਚੇ ਦੀ ਮਾਂ ਉਹਨੂੰ ਛੁਡਾਣ ਲਈ ਆਈ। ਉਹਨੇ ਕਿਸੇ ਦੀਵਾਨ ਰਾਹੀਂ ਸਿਫ਼ਾਰਸ਼ ਪਹੁੰਚਾਈ ਸੀ ਕਿ ਮੇਰਾ ਪੁੱਤਰ ਸਿਖ ਨਹੀਂ। ਹੁਕਮ ਹੋ ਗਿਆ ਕਿ ਜੇ ਲੜਕਾ ਕਹਿ ਦੇਵੇ ਕਿ ਉਹ ਸਿਖ ਨਹੀਂ ਤਾਂ ਛੱਡ ਦਿੱਤਾ ਜਾਏ ਪਰ ਸ਼ਾਬਾਸ਼ ਉਸ ਬਾਲਕ ਦੇ, ਉਹਨੇ ਨਿੱਡਰ ਹੋ ਕੇ ਆਖਿਆ ਕਿ ਮੈਂ ਸਿਖ ਹਾਂ ਤੇ ਜਦੋਂ ਮਾਂ ਸਾਹਮਣੇ ਆਈ ਤਾਂ ਉਹਨੇ ਮਾਂ ਨੂੰ ਪਛਾਣਨ ਤੋਂ ਇਨਕਾਰ ਕਰ ਦਿੱਤਾ। ਉਹ ਸਿੰਘਾਂ ਦੇ ਨਾਲ ਹੀ ਸ਼ਹੀਦ ਹੋ ਗਿਆ।"

"ਵਾਹਿਗੁਰੂ ਵਾਹਿਗੁਰੂ," ਜਥੇਦਾਰ ਕਰਮ ਸਿੰਘ ਦੇ ਮੂੰਹੋਂ ਨਿਕਲਿਆ, "ਜਿਸ ਕੌਮ ਵਿਚ ਭੁਝੰਗੀ ਇਤਨੇ ਜਜ਼ਬੇ ਵਾਲੇ ਹੋਣ, ਉਹਨੂੰ ਕੌਣ ਖ਼ਤਮ ਕਰ ਸਕਦਾ ਏ। ਖ਼ਾਲਸਾ ਪੰਥ ਦੀਆਂ ਨੀਹਾਂ ਪੱਕੀਆਂ ਕਰਨ ਲਈ ਕਲਗੀਧਰ ਪਾਤਿਸ਼ਾਹ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ ਸੀ। ਉਹ ਸ਼ਹੀਦੀਆਂ ਜਦੋਂ ਤਕ ਸਾਡੇ ਬੱਚੇ ਯਾਦ ਰੱਖਣਗੇ, ਉਨ੍ਹਾਂ ਅੰਦਰ ਕੁਰਬਾਨੀ ਦਾ ਜਜ਼ਬਾ ਭਰਿਆ ਜਾਂਦਾ ਰਹੇਗਾ।"

"ਉਹ ਤੇ ਸੱਚਮੁੱਚ ਰੌਂਗਟੇ ਖੜੇ ਕਰਨ ਵਾਲੀ ਘਟਨਾ ਸੀ," ਬਿਸ਼ਨ ਸਿੰਘ ਦਾ ਸਾਥੀ ਰਾਮ ਸਰੂਪ ਬੋਲ ਉਠਿਆ, "ਮੈਂ ਉਸ ਸਮੇਂ ਕੋਤਵਾਲੀ ਦੇ ਸਾਹਮਣੇ ਖੜਾ ਸਾਂ ਤੇ ਮੇਰੇ ਸਾਹਮਣੇ ਉਸ ਬਾਲਕ ਨੇ ਕਮਾਲ ਬੀਰਤਾ ਦਿਖਾਈ।"

54

"ਕੀ ਬੰਦਾ ਸਿੰਘ ਬਹਾਦਰ ਨੂੰ ਵੀ ਉਸੇ ਤਰ੍ਹਾਂ ਸ਼ਹੀਦ ਕੀਤਾ ਗਿਆ ?" ਜਥੇਦਾਰ ਕਰਮ ਸਿੰਘ ਨੇ ਸਾਰੀ ਪਹਿਲੀ ਵਿਥਿਆ ਵਿਸਥਾਰ ਨਾਲ ਸੁਣਨ ਪਿੱਛੋਂ ਪੁੱਛਿਆ।

"ਉਨ੍ਹਾਂ ਨੂੰ ਫਿਰ ਜਲੂਸ ਦੇ ਰੂਪ ਵਿਚ ਦਿੱਲੀ ਵਿਚ ਫੇਰਿਆ ਗਿਆ," ਬਿਸ਼ਨ ਸਿੰਘ ਨੇ ਦੱਸਣਾ ਸ਼ੁਰੂ ਕੀਤਾ, "ਕੁਤਬ ਮੀਨਾਰ ਤੋਂ ਅੱਗੇ ਮਹਿਰੌਲੀ ਬਸਤੀ ਏ, ਉਥੇ ਲੈ ਗਏ। ਉਥੇ ਸੂਫ਼ੀ ਸੰਤ ਬਖ਼ਤਿਆਰ ਕਾਕੀ ਦੇ ਮਕਬਰੇ ਵੱਲ ਜਾਂਦੇ ਰਾਹ 'ਤੇ ਮੁਨਸਫ਼ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਉਥੇ ਉਨ੍ਹਾਂ ਨੂੰ ਆਪਣਾ ਧਰਮ ਬਦਲਣ ਤੇ ਹਕੂਮਤ ਵਿਰੁੱਧ ਕੀਤੀ ਬਗ਼ਾਵਤ ਲਈ ਮਾਫ਼ੀ ਮੰਗਣ ਨੂੰ ਆਖਿਆ ਗਿਆ, ਪਰ ਬੰਦਾ ਸਿੰਘ ਬਹਾਦਰ ਨੇ ਹਕੂਮਤ ਦੇ ਕਰਮਚਾਰੀਆਂ ਤੇ ਮੁਨਸਫ਼ ਮੌਲਵੀ ਦੀ ਹਰ ਪੇਸ਼ਕਸ਼ ਨੂੰ ਠੁਕਰਾ ਦਿੱਤਾ।"

"ਫਿਰ ਕੀ ਹੁਕਮ ਸੁਣਾਇਆ ਗਿਆ ?" ਜਥੇਦਾਰ ਨੇ ਪੁੱਛਿਆ।

"ਅਖ਼ੀਰ ਅਤਿ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਨ ਦਾ ਹੁਕਮ ਹੋਇਆ," ਰਾਮ ਸਰੂਪ ਬੋਲ ਪਿਆ, "ਆਫ਼ਰੀਨ ਏ ਉਸ ਸ਼ੇਰ ਦੇ, ਉਹਨੂੰ ਮੌਤ ਦਾ ਬਿਲਕੁਲ ਹੀ ਡਰ ਨਹੀਂ ਸੀ ਰਿਹਾ। ਉਹ ਬਾਰ ਬਾਰ ਕਹਿੰਦਾ ਸੀ ਕਿ ਮੈਂ ਜੋ ਕੀਤਾ ਏ, ਠੀਕ ਕੀਤਾ ਏ। ਮੈਂ ਜ਼ਾਲਮ ਹਕੂਮਤ ਨਾਲ ਟੱਕਰ ਲਈ ਏ ਤੇ ਉਸ ਨੂੰ ਦੱਸ ਦਿੱਤਾ ਏ ਕਿ ਉਹਦਾ ਹੰਕਾਰ ਟੁੱਟ ਸਕਦਾ ਏ, ਉਹਦਾ ਰਾਜ ਖ਼ਤਮ ਕਰਨ ਲਈ ਕਲਗੀਧਰ ਦੇ ਸ਼ੇਰ ਨਿੱਤਰ ਸਕਦੇ ਨੇ। ਮੈਨੂੰ ਤਸੱਲੀ ਏ ਕਿ ਗੁਰਦੇਵ ਪਿਤਾ ਨੇ ਨਾਦੇੜ ਤੋਂ ਥਾਪੜਾ ਦੇ ਕੇ ਜਿਸ ਕਾਰਜ ਲਈ ਭੇਜਿਆ ਸੀ, ਉਹ ਮੈਂ ਪੂਰਾ ਕਰ ਦਿਖਾਇਆ ਏ। ਪੰਜਾਬ ਵਿਚ ਥਾਂ ਥਾਂ ਹੁਣ 'ਰਾਜ ਕਰੇਗਾ ਖ਼ਾਲਸਾ' ਦੀਆਂ ਗੂੰਜਾਂ ਪੈ ਰਹੀਆਂ ਹਨ।"

ਰਾਮ ਸਰੂਪ ਦੀ ਗੱਲ ਨੂੰ ਅੱਗੋਂ ਬਿਸ਼ਨ ਸਿੰਘ ਨੇ ਫੜ ਲਿਆ, "ਜ਼ਾਲਮਾਂ ਨੇ ਬੰਦਾ ਸਿੰਘ ਬਹਾਦਰ 'ਤੇ ਦਬਾਅ ਪਾਣ ਲਈ ਪਹਿਲਾਂ ਉਨ੍ਹਾਂ ਦੇ ਚਾਰ ਸਾਲ ਦੇ ਸਪੁੱਤਰ ਨੂੰ ਅੱਗੇ

ਲੈ ਆਂਦਾ। ਉਹ ਵੀ ਬੰਦੀ ਸੀ। ਕਹਿਣ ਲੱਗੇ ਕਿ ਦੀਨ ਮੰਨ ਜਾ, ਨਹੀਂ ਤੇ ਤੇਰੇ ਸਾਹਮਣੇ ਬੱਚੇ ਦੇ ਟੋਟੇ ਟੋਟੇ ਕਰ ਦਿਆਂਗੇ। ਉਹ ਫਿਰ ਵੀ ਨਾ ਝੁਕਿਆ, ਸਗੋਂ ਕਹਿਣ ਲੱਗਾ ਕਿ ਕਲਗੀਧਰ ਪਾਤਿਸ਼ਾਹ ਦੇ ਬੱਚਿਆਂ ਨੂੰ ਕੰਧਾਂ ਵਿਚ ਚਿਣਨ ਵਾਲੇ ਸਰਹੰਦ ਦੇ ਵਜੀਦ ਖ਼ਾਂ ਦਾ ਜੋ ਜੋ ਹਸ਼ਰ ਹੋਇਆ ਏ, ਉਹੀ ਇਸ ਬੱਚੇ ਦੇ ਕਾਤਲਾਂ ਦਾ ਵੀ ਹੋਏਗਾ।"

"ਉਨ੍ਹਾਂ ਫਿਰ ਬਾਲਕ ਨੂੰ ਸ਼ਹੀਦ ਕਰ ਦਿੱਤਾ ਹੋਏਗਾ?" ਜਥੇਦਾਰ ਕਰਮ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ, "ਇਹ ਮੈਨੂੰ ਹੁਣ ਤਕ ਨਹੀਂ ਸੀ ਪਤਾ ਕਿ ਬੰਦਾ ਸਿੰਘ ਬਹਾਦਰ ਦੇ ਜੰਮੂ ਦੀਆਂ ਪਹਾੜੀਆਂ ਵਿਚ ਰਹਿਣ ਸਮੇਂ ਉਹਦੀ ਸੰਤਾਨ ਵੀ ਹੋਈ ਸੀ ਤੇ ਸਪੁੱਤਰ ਵੀ ਨਾਲ ਹੀ ਫੜਿਆ ਗਿਆ ਏ।"

"ਭੁਝੰਗੀ ਨੂੰ ਟੋਟੇ ਟੋਟੇ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਉਹਦਾ ਮਾਸ ਫਿਰ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਜ਼ਬਰਦਸਤੀ ਪਾਣ ਦਾ ਯਤਨ ਕੀਤਾ। ਫਿਰ ਉਨ੍ਹਾਂ ਦਾ ਮਾਸ ਨੋਚ ਨੋਚ ਕੇ ਤੇ ਤਸੀਹੇ ਦੇ ਦੇ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ। ਫਿਰ ਉਨ੍ਹਾਂ ਦੇ ਸਰੀਰ ਨੂੰ ਦਰਗਾਹ ਵੱਲ ਜਾਂਦੇ ਰਸਤੇ 'ਤੇ ਬਣੇ ਦਰਵਾਜ਼ੇ 'ਤੇ ਲਟਕਾ ਦਿੱਤਾ ਗਿਆ। ਅੱਗੋਂ ਸਾਨੂੰ ਨਹੀਂ ਪਤਾ ਲੱਗਾ ਕਿ ਮੁੜ ਸਰੀਰ ਦਾ ਸਸਕਾਰ ਕਿਸ ਨੇ ਕੀਤਾ ਤੇ ਕਿਥੇ ਕੀਤਾ," ਬਿਸ਼ਨ ਸਿੰਘ ਨੇ ਦੱਸਿਆ।

"ਤੁਸੀਂ ਇਹ ਸਾਰਾ ਦ੍ਰਿਸ਼ ਕਿਸ ਤਰ੍ਹਾਂ ਦੇਖਦੇ ਰਹੇ?" ਬਿਸ਼ਨ ਸਿੰਘ ਨੂੰ ਜਥੇਦਾਰ ਕਰਮ ਸਿੰਘ ਨੇ ਪੁੱਛਿਆ, "ਮੈਂ ਤਾਂ ਸੁਣ ਕੇ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਉਥੇ ਹੁੰਦਾ ਤਾਂ ਬੰਦਾ ਸਿੰਘ ਬਹਾਦਰ ਨੂੰ ਤਸੀਹੇ ਦੇਣ ਵਾਲਿਆਂ ਦੇ ਟੋਟੇ ਟੋਟੇ ਕਰ ਦਿੰਦਾ।"

"ਤੁਸੀਂ ਉਥੇ ਕਿਥੇ ਪਹੁੰਚ ਸਕਦੇ ਸੀ," ਬਿਸ਼ਨ ਸਿੰਘ ਨੇ ਝੱਟ ਗੱਲ ਨੂੰ ਫੜ ਕੇ ਆਖਿਆ, "ਜੇ ਤੁਹਾਨੂੰ ਪਹਿਲਾਂ ਹੀ ਵਧੇਰੇ ਸੱਟ ਨਾ ਲੱਗ ਚੁੱਕੀ ਹੁੰਦੀ ਤਾਂ ਤੁਸੀਂ ਮੈਦਾਨਿ-ਯੁੱਧ ਵਿਚ ਸ਼ਹੀਦ ਹੋ ਗਏ ਹੁੰਦੇ ਜਾਂ ਮੁਗ਼ਲ ਫ਼ੌਜਾਂ ਤੁਹਾਨੂੰ ਵੀ ਫੜ ਕੇ ਬੰਦੀ ਬਣਾ ਲੈਂਦੀਆਂ ਤੇ ਤੁਸੀਂ ਦਿੱਲੀ ਲਿਜਾ ਕੇ ਸ਼ਹੀਦ ਕਰ ਦਿੱਤੇ ਗਏ ਹੁੰਦੇ। ਬੰਦਾ ਸਿੰਘ ਬਹਾਦਰ ਨਾਲ ਜ਼ਿੰਦਾ ਫੜੇ ਗਏ ਸਿੰਘਾਂ ਵਿਚੋਂ ਇਕ ਵੀ ਜੀਉਂਦਾ ਨਹੀਂ ਛੱਡਿਆ ਗਿਆ।"

"ਮੇਰੇ ਵੱਡੇ ਭਾਗ ਹੁੰਦੇ ਜੇ ਮੈਂ ਇਸ ਸੰਘਰਸ਼ ਵਿਚ ਸ਼ਹੀਦੀ ਪਾ ਜਾਂਦਾ," ਕਰਮ ਸਿੰਘ ਨੇ ਆਪਣਾ ਪਹਿਲਾਂ ਵਾਂਗ ਸੰਕਲਪ ਫਿਰ ਦੁਹਰਾਇਆ, "ਮਰਨਾ ਤਾਂ ਸਾਰਿਆਂ ਨੇ ਹੈ, ਕੋਈ ਮੌਤ ਤੋਂ ਬਚ ਕੇ ਸੈਂਕੜੇ ਸਾਲ ਤਾਂ ਹੁਣ ਜ਼ਿੰਦਾ ਰਹਿ ਨਹੀਂ ਸਕਦਾ ਪਰ ਮੈਂ ਮੰਜੇ 'ਤੇ ਬੀਮਾਰ ਪੈ ਕੇ ਜਾਂ ਰਾਹ ਖੈਹੜੇ ਵਿਚ ਕਿਸੇ ਹਾਦਸੇ ਨਾਲ ਨਹੀਂ ਮਰਨਾ ਚਾਹੁੰਦਾ। ਮੈਂ ਤਾਂ ਦੇਸ਼ ਕੌਮ ਲਈ ਯੁੱਧ ਵਿਚ ਸ਼ਹੀਦੀ ਪਾਉਣੀ ਚਾਹੁੰਦਾ ਹਾਂ ਜਾਂ ਖ਼ਾਲਸੇ ਦੇ ਨਿਰਾਲੇ ਸਰੂਪ ਨੂੰ ਕਾਇਮ ਰੱਖਣ ਦੀ ਖ਼ਾਤਰ ਆਪਾ ਵਾਰਨਾ ਚਾਹੁੰਦਾ ਹਾਂ।" ਇਹ ਕਹਿ ਕੇ ਉਹ ਮੁੜ ਚੁੱਪ ਕਰ ਗਿਆ ਤੇ ਇਕ ਦਮ ਹੀ ਸੋਚਾਂ ਦੇ ਡੂੰਘੇ ਸਾਗਰ ਵਿਚ ਜਾ ਪਹੁੰਚਿਆ।

ਕੋਲ ਬੈਠੇ ਸਾਰੇ ਸਿੰਘਾਂ ਤੇ ਨਾਨਕ ਨਾਮ-ਲੇਵਾ ਇਨਕਲਾਬੀ ਪੰਜਾਬੀਆਂ ਨੇ ਬੰਦਾ ਸਿੰਘ ਬਹਾਦਰ ਦੀ ਦਿੱਲੀ ਵਿਚ ਸ਼ਹੀਦੀ ਦੇ ਸਾਰੇ ਸਮਾਚਾਰ ਸੁਣੇ। ਵਿਚ ਕਦੇ ਕਦੇ 'ਵਾਹਿਗੁਰੂ ਵਾਹਿਗੁਰੂ' ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਜਦ ਵੀ ਸਿੰਘਾਂ ਦੀ ਕੁਰਬਾਨੀ ਤੇ ਅਣਖੀਆਂ ਵਾਂਗ ਸ਼ਹੀਦੀ ਦੀ ਕੋਈ ਗੱਲ ਸੁਣਾਨ ਵਾਲੇ ਦੱਸਦੇ ਤਾਂ ਸਾਰੇ ਮੌਜੂਦ ਸਿੰਘ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਵੀ ਲਾ ਦਿੰਦੇ। ਜਦ ਉਹ ਸਾਰੀ ਵਿਥਿਆ ਸੁਣਾ ਚੁੱਕੇ ਤਾਂ ਹਾਜ਼ਰ ਸਿੰਘਾਂ ਨੇ ਉਨ੍ਹਾਂ 'ਤੇ ਕਈ ਪ੍ਰਸ਼ਨ ਕੀਤੇ। ਕਈ ਘਟਨਾਵਾਂ ਦੀ ਵਿਆਖਿਆ ਮੰਗੀ। ਇਕ ਜਥੇਦਾਰ ਬੋਲ ਪਿਆ, "ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਉਦੋਂ ਦਿੱਲੀ ਵਿਚ ਸਨ, ਉਨ੍ਹਾਂ ਨੇ ਰੋਸ ਪ੍ਰਗਟ ਨਹੀਂ ਕੀਤਾ? ਉਹ ਹਕੂਮਤ ਨੂੰ ਅਜਿਹਾ

ਜ਼ੁਲਮ ਕਰਨ ਤੋਂ ਰੋਕ ਨਹੀਂ ਸਕੀਆਂ ?"

"ਮਾਤਾਵਾਂ ਨੇ ਜ਼ਬਰਦਸਤ ਰੋਸ ਪ੍ਰਗਟ ਕੀਤਾ," ਬਿਸ਼ਨ ਸਿੰਘ ਨੇ ਦੱਸਿਆ, "ਉਹ ਅਤਿ ਦੁਖੀ ਸਨ ਤੇ ਉਨ੍ਹਾਂ ਨੇ ਬੇਗਮਾਂ ਰਾਹੀਂ ਯਤਨ ਵੀ ਕੀਤਾ, ਪਰ ਬਾਦਸ਼ਾਹ ਅਤਿ ਗੁੱਸੇ ਵਿਚ ਸੀ ਤੇ ਉਹ ਕਿਸੇ ਦੀ ਵੀ ਸੁਣਦਾ ਨਹੀਂ ਸੀ। ਮਾਤਾਵਾਂ ਨੂੰ ਵੀ ਇਸ ਸਮੇਂ ਫੜਨ ਦੀਆਂ ਗੱਲਾਂ ਚੱਲ ਰਹੀਆਂ ਸਨ।"

"ਤੁਸੀਂ ਮਾਤਾਵਾਂ ਨੂੰ ਆਪ ਜਾ ਕੇ ਮਿਲੇ ਵੀ ਸੀ ?" ਇਕੱਠ ਵਿਚੋਂ ਕਿਸੇ ਹੋਰ ਨੇ ਪੁੱਛ ਲਿਆ।

"ਉਹ ਦਿੱਲੀ ਵਿਚ ਨਹੀਂ ਸਨ," ਬਿਸ਼ਨ ਸਿੰਘ ਨੇ ਉੱਤਰ ਦਿੱਤਾ, "ਸੁਣਨ ਵਿਚ ਆਇਆ ਹੈ ਕਿ ਉਹ ਮਥਰਾ ਚਲੀਆਂ ਗਈਆਂ ਸਨ। ਪਤਾ ਨਹੀਂ ਹਕੂਮਤ ਦੇ ਕਹਿਰ ਤੋਂ ਬਚਣ ਲਈ ਜਾਂ ਕਿਸੇ ਤੋਂ ਇਸ ਸੰਕਟ ਸਮੇਂ ਸਹਾਇਤਾ ਤੇ ਸਲਾਹ ਲੈਣ ਲਈ। ਦਿੱਲੀ ਵਿਚ ਵੱਸਦੇ ਸਿੱਖਾਂ ਨੂੰ ਵੀ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ। ਕਈ ਸਿੱਖਾਂ ਨੇ ਦੱਸਿਆ ਏ ਕਿ ਉਹ ਬੰਦਾ ਸਿੰਘ ਬਹਾਦਰ ਦੇ ਸਰਹੰਦ ਦੀ ਇੱਟ ਨਾਲ ਇੱਟ ਵਜਾਣ 'ਤੇ ਬਹੁਤ ਖ਼ੁਸ਼ ਸਨ ਤੇ ਖ਼ਾਸ ਕਰਕੇ ਨਾਨਕਸ਼ਾਹੀ ਸਿੱਕਾ ਦੇਖ ਕੇ ਪ੍ਰਸੰਨ ਸਨ। ਹਕੂਮਤ ਨੇ ਉਨ੍ਹਾਂ 'ਤੇ ਦਬਾਅ ਵੀ ਪਾਇਆ ਸੀ ਕਿ ਉਹ ਬੰਦਾ ਸਿੰਘ ਬਹਾਦਰ ਵਿਰੁੱਧ ਕੋਈ ਬਿਆਨ ਦੇਣ ਤੇ ਉਹਦੀਆਂ ਕਾਰਵਾਈਆਂ ਦੀ ਨਿੰਦਾ ਕਰਨ, ਪਰ ਮਾਤਾ ਸੁੰਦਰੀ ਨੇ ਹਕੂਮਤ ਦੇ ਆਖੇ ਕੋਈ ਵੀ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ।"

"ਮੈਂ ਆਪ ਜੋ ਮਾਤਾ ਸੁੰਦਰੀ ਨੂੰ ਦਿੱਲੀ ਮਿਲ ਕੇ ਆਇਆ ਸਾਂ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਉਦੋਂ ਬੰਦਾ ਸਿੰਘ ਬਹਾਦਰ ਨਾਦੇੜ ਤੋਂ ਆ ਹੀ ਰਿਹਾ ਸੀ ਤੇ ਮਾਤਾ ਜੀ ਉਸ ਰਾਹੀਂ ਆ ਰਹੇ ਸੁਨੇਹੇ ਦੀ ਉਡੀਕ ਕਰ ਰਹੇ ਸਨ। ਮੈਨੂੰ ਮਾਤਾ ਜੀ ਨੇ ਆਪ ਤੁਰਤ ਬੰਦਾ ਸਿੰਘ ਬਹਾਦਰ ਨੂੰ ਮਿਲ ਕੇ ਉਹਦੀ ਮਦਦ ਕਰਨ ਲਈ ਪ੍ਰੇਰਿਆ ਸੀ। ਕਲਗੀਧਰ ਦਾ ਥਾਪੜਾ ਲੈ ਕੇ ਆਏ ਜਰਨੈਲ ਵਿਰੁੱਧ ਉਹ ਕਿਸ ਤਰ੍ਹਾਂ ਕੋਈ ਬਿਆਨ ਦੇ ਸਕਦੇ ਸਨ।"

"ਹਕੂਮਤ ਨੇ ਬੜੀ ਗ਼ਲਤ-ਫ਼ਹਿਮੀ ਪਾਣ ਦਾ ਯਤਨ ਕੀਤਾ ਏ," ਬਿਸ਼ਨ ਸਿੰਘ ਨੇ ਦੱਸਿਆ, "ਐਵੇਂ ਮਾਤਾ ਸੁੰਦਰੀ ਜੀ ਦੇ ਨਾਮ 'ਤੇ ਬੰਦਾ ਸਿੰਘ ਬਹਾਦਰ ਵਿਰੁੱਧ ਪ੍ਰਚਾਰ ਕੀਤਾ ਗਿਆ ਕਿ ਉਹ ਗੁਰੂ ਦੇ ਉਪਦੇਸ਼ਾਂ ਤੋਂ ਦੂਰ ਚਲਾ ਗਿਆ ਸੀ ਤੇ ਕੋਈ ਕੁਰਹਿਤਾਂ ਕਰਨ ਬਦਲੇ ਉਹਦੀ ਇਹ ਦੁਰਦਸ਼ਾ ਹੋ ਰਹੀ ਏ। ਮਾਤਾ ਜੀ ਨੇ ਇਹਦੀ ਤਰਦੀਦ ਵੀ ਕੀਤੀ, ਪਰ ਪ੍ਰਚਾਰ ਮਾਧਿਅਮ 'ਤੇ ਹਕੂਮਤ ਦਾ ਕਬਜ਼ਾ ਹੋਣ ਕਾਰਨ ਮਾਤਾ ਸੁੰਦਰੀ ਦੀ ਆਵਾਜ਼ ਕੌਣ ਸੁਣ ਸਕਦਾ ਸੀ।"

"ਹਕੂਮਤ ਹਮੇਸ਼ਾਂ ਅਜਿਹਾ ਗ਼ਲਤ ਪ੍ਰਚਾਰ ਕਰ ਕੇ ਲੋਕਾਂ ਨੂੰ ਕੁਰਾਹੇ ਪਾਣ ਦਾ ਯਤਨ ਕਰਦੀ ਰਹਿੰਦੀ ਏ," ਜਥੇਦਾਰ ਕਰਮ ਸਿੰਘ ਨੇ ਗੱਲ ਸੁਣਾ ਕੇ ਪ੍ਰਭਾਵ ਤੁਰਤ ਪ੍ਰਗਟ ਕਰ ਦਿੱਤਾ, "ਅਜਿਹੇ ਪ੍ਰਚਾਰ ਦਾ ਅਸਰ ਉਨ੍ਹਾਂ ਲੋਕਾਂ 'ਤੇ ਹੀ ਹੁੰਦਾ ਏ, ਜੋ ਹਕੂਮਤ ਦੇ ਪਿਛਲੱਗ ਹੁੰਦੇ ਹਨ।"

"ਹੁਣ ਇਨ੍ਹਾਂ ਸ਼ਹੀਦੀਆਂ ਦਾ ਅਸਰ ਕੀ ਹੋਏਗਾ ?" ਇਕ ਸਿੰਘ ਨੇ ਜਥੇਦਾਰ ਕਰਮ ਸਿੰਘ ਤੋਂ ਪੁੱਛ ਲਿਆ।

"ਕੁਰਬਾਨੀ ਸਦਾ ਕੌਮ ਦੀ ਚੜ੍ਹਦੀ ਕਲਾ ਲਿਆਉਂਦੀ ਏ," ਕਰਮ ਸਿੰਘ ਨੇ ਉੱਤਰ ਦਿੱਤਾ, "ਸ਼ਹੀਦੀਆਂ ਕੌਮ ਦੀ ਬੁਨਿਆਦ ਤੇ ਉਸਾਰੀ ਨੂੰ ਮਜ਼ਬੂਤ ਕਰਦੀਆਂ ਹਨ। ਤੁਸੀਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਹੀ ਲੈ ਲਉ। ਉਸ ਨੇ ਕਿਵੇਂ ਔਰੰਗਜ਼ੇਬ ਦੇ ਜਬਰ ਨੂੰ ਠੱਲ੍ਹ ਪਾਈ। ਉਹ ਮੁੜ ਕੇ ਕਿਸੇ ਮਹਾਨ ਆਤਮਾ 'ਤੇ ਅਜਿਹਾ ਜ਼ੁਲਮ ਨਹੀਂ ਕਰ ਸਕਿਆ।"

"ਕੀ ਹੁਣ ਫ਼ਰਖ਼ਸੀਅਰ ਦੇ ਅੱਤਿਆਚਾਰਾਂ ਨੂੰ ਵੀ ਠੱਲ੍ਹ ਪੈ ਜਾਏਗੀ?" ਇਕ ਸਿੰਘ ਨੇ ਪ੍ਰਸ਼ਨ ਕੀਤਾ।

"ਜ਼ਰੂਰ ਠੱਲ੍ਹ ਪਏਗੀ, ਪਰ ਇਕ ਵਾਰ ਸਖ਼ਤੀ ਦਾ ਦੌਰ ਚੱਲੇਗਾ," ਜਥੇਦਾਰ ਕਰਮ ਸਿੰਘ ਦਾ ਅਨੁਮਾਨ ਸੀ, "ਜਿਹੜੇ ਹਾਕਮ ਇਨ੍ਹਾਂ ਸ਼ਹੀਦੀਆਂ ਨੂੰ ਆਪਣੀ ਜਿੱਤ ਸਮਝ ਰਹੇ ਹਨ, ਉਨ੍ਹਾਂ ਦਾ ਹੰਕਾਰ ਵਧੇਗਾ। ਉਹ ਅੱਗੋਂ ਛੋਟੇ ਛੋਟੇ ਹਾਕਮ ਵਰਗ ਨੂੰ ਕਹਿਣਗੇ ਕਿ ਜਿਥੇ ਵੀ ਸਿਖ ਮਿਲ ਜਾਣ, ਉਨ੍ਹਾਂ ਨੂੰ ਕਤਲ ਕਰ ਦਿਉ, ਅਜਿਹਾ ਮਾਰੋ ਕਿ ਅੱਗੋਂ ਹਕੂਮਤ ਵਿਰੁੱਧ ਕੋਈ ਸਿਰ ਉੱਚਾ ਨਾ ਕਰ ਸਕੇ। ਹਕੂਮਤ ਇਹੀ ਚਾਹੁੰਦੀ ਏ ਕਿ ਕੋਈ ਉਹਦੀ ਗ਼ਲਤ ਨੀਤੀ 'ਤੇ ਕਿੰਤੂ ਨਾ ਕਰੇ। ਕੋਈ ਹਕੂਮਤ ਦੀ ਗ਼ਲਤ ਕਾਰਵਾਈ ਨੂੰ ਗ਼ਲਤ ਨਾ ਆਖੇ। ਇਹ ਰਾਜ ਦਾ ਨਸ਼ਾ ਹੀ ਅਜਿਹਾ ਹੈ ਕਿ ਮਨੁੱਖ ਵਿਚੋਂ ਮਨੁੱਖਤਾ ਲਈ ਹਮਦਰਦੀ ਤੇ ਪਿਆਰ ਖ਼ਤਮ ਕਰ ਦਿੰਦਾ ਏ,ਤਾਂ ਹੀ ਹਾਕਮ ਜ਼ਾਲਮ ਬਣ ਜਾਂਦੇ ਹਨ। ਉਨ੍ਹਾਂ ਵਿਚ ਇਨਸਾਫ਼ ਕਰਨ ਦੀ ਸ਼ਕਤੀ ਹੀ ਨਹੀਂ ਰਹਿੰਦੀ।"

"ਇਹ ਠੀਕ ਏ," ਬਿਸ਼ਨ ਸਿੰਘ ਨੇ ਪ੍ਰੋੜ੍ਹਤਾ ਕੀਤੀ, "ਅਸੀਂ ਭੇਸ ਵਟਾਈ ਮੁੜਦੇ ਹੋਏ ਆਉਂਦਿਆਂ ਕਈ ਥਾਂ ਸੁਣਿਆ ਏ ਕਿ ਜਿਹੜੇ ਮੁਗ਼ਲ ਹਕੂਮਤ ਦੇ ਫ਼ੌਜਦਾਰ ਤੇ ਚੌਧਰੀ ਸਿੰਘਾਂ ਦੀ ਚੜ੍ਹਤ ਦੇਖ ਕੇ ਸਿਖਾਂ ਪੱਖੀ ਹੋ ਗਏ ਸਨ, ਉਨ੍ਹਾਂ ਨੇ ਹੁਣ ਅੱਖਾਂ ਫੇਰਨੀਆਂ ਸ਼ੁਰੂ ਕਰ ਦਿੱਤੀਆਂ ਹਨ।"

"ਮੇਰਾ ਤਾਂ ਹੋਰ ਵੀ ਅਨੁਮਾਨ ਏ ਕਿ ਜਿਹੜੇ ਕੱਚੇ ਪਿੱਲੇ, ਸਿੰਘਾਂ ਦਾ ਰਾਜ ਆਉਂਦਾ ਦੇਖ ਕੇ ਝੱਟ ਸਿੰਘ ਸੱਜਣ ਲੱਗ ਪਏ ਸਨ, ਉਹ ਹੁਣ ਮੁੜ ਕੇ ਸਿੱਖੀ ਨੂੰ ਤਿਲਾਂਜਲੀ ਵੀ ਦੇ ਸਕਦੇ ਹਨ," ਜਥੇਦਾਰ ਕਰਮ ਸਿੰਘ ਨੇ ਕਿਹਾ ਤੇ ਵੇਖਿਆ ਕਿ ਉਹਦੇ ਇਹ ਕਹਿਣ 'ਤੇ ਕਈ ਸਿੱਖਾਂ ਦੇ ਚਿਹਰੇ 'ਤੇ ਮਾੜਾ ਪ੍ਰਭਾਵ ਪਿਆ ਏ ਤਾਂ ਜਥੇਦਾਰ ਕਰਮ ਸਿੰਘ ਨੇ ਗੱਲ ਨੂੰ ਸਪੱਸ਼ਟ ਕਰਦਿਆਂ ਕਿਹਾ, "ਮੇਰਾ ਭਾਵ ਨਿਰਾਸ਼ਾਵਾਦੀ ਰੁਚੀ ਪੈਦਾ ਕਰਨ ਦਾ ਨਹੀਂ, ਪਰ ਸਾਨੂੰ ਅਸਲੀਅਤ ਜਾਣਨ ਤੇ ਸਮਝਣ ਲਈ ਤਿਆਰ ਰਹਿਣਾ ਚਾਹੀਦਾ ਏ। ਕਈ ਹਿੰਦੂ ਤੇ ਮੁਸਲਮਾਨ ਸਰਹੰਦ ਫ਼ਤਹਿ ਕਰਨ ਪਿੱਛੋਂ ਸਿੰਘ ਸੱਜ ਗਏ ਸਨ। ਉਨ੍ਹਾਂ ਵਿਚੋਂ ਕਈ ਤਾਂ ਹੁਣ ਸਿੱਖੀ ਨੂੰ ਅੰਤਰ-ਆਤਮਾ ਤਕ ਅਪਨਾ ਚੁੱਕੇ ਹਨ ਤੇ ਉਹ ਸਾਡੇ ਵਾਂਗ ਹੀ ਸੰਘਰਸ਼ ਵਿਚ ਕੁਰਬਾਨੀ ਕਰਨ ਲਈ ਤਿਆਰ ਹਨ, ਉਹ ਪਿੱਛੇ ਨਹੀਂ ਮੁੜਨਗੇ, ਪਰ ਜਿਹੜੇ ਕਿਸੇ ਗਰਜ਼ ਜਾਂ ਡਰ ਕਾਰਨ ਸਿਖ ਬਣੇ ਸਨ, ਉਹ ਦਿਲੋਂ ਸਿਖ ਨਹੀਂ ਹੋਏ, ਉਨ੍ਹਾਂ ਦੇ ਮੁੜ ਕੇ ਪਰਤ ਜਾਣ ਦੀ ਹਰ ਸਮੇਂ ਸੰਭਾਵਨਾ ਹੋ ਸਕਦੀ ਹੈ। ਜਦੋਂ ਰਾਜ-ਸ਼ਕਤੀ ਆਏ, ਉਦੋਂ ਬਥੇਰੇ ਪ੍ਰਸ਼ੰਸਕ ਬਣ ਜਾਂਦੇ ਹਨ ਤੇ ਜਦੋਂ ਰਾਜ-ਸ਼ਕਤੀ ਚਲੀ ਜਾਏ ਤਾਂ ਕਈ ਲੋਕ ਖ਼ਾਸ ਕਰਕੇ ਬਹੁਰੂਪੀਏ ਸਾਥ ਛੱਡ ਜਾਂਦੇ ਹਨ।"

55

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਸਿੱਖਾਂ ਵਿਚ ਦੋ ਧੜੇ ਹੋ ਗਏ। ਸਰਹੰਦ ਦੀ ਫ਼ਤਹਿ ਪਿੱਛੋਂ ਜਿਹੜੀ ਏਕਤਾ ਇਕ ਦੋ ਸਾਲ ਰਹੀ, ਉਸ ਵਿਚ ਉਦੋਂ ਹੀ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ, ਜਦੋਂ ਸਰਹੰਦ 'ਤੇ ਮੁੜ ਕੇ ਮੁਗ਼ਲ ਫ਼ੌਜਾਂ ਨੇ ਕਬਜ਼ਾ ਕਰ ਲਿਆ। ਇਕ ਵਰਗ ਬੰਦਾ ਸਿੰਘ ਬਹਾਦਰ ਦੀ ਬੀਰਤਾ, ਆਤਮਕ ਉੱਚਤਾ, ਕਲਗੀਧਰ ਪਾਤਿਸ਼ਾਹ ਵੱਲੋਂ ਥਾਪੜਾ ਦੇ ਕੇ ਭੇਜੇ ਪ੍ਰਤੀਨਿਧ ਹੋਣ ਕਾਰਨ ਬੰਦਾ ਸਿੰਘ ਬਹਾਦਰ ਦੀ ਪੂਜਾ ਕਰਨ

ਲੱਗ ਪਿਆ। ਉਹ ਸਤਿਕਾਰ ਵੱਜੋਂ ਉਹਨੂੰ ਮਹਾਰਾਜ ਕਹਿਣ ਲੱਗ ਪਏ। ਉਹਦੇ ਹਰ ਫ਼ੈਸਲੇ ਤੇ ਆਦੇਸ਼ ਨੂੰ ਰੱਬੀ ਹੁਕਮ ਸਮਝਣ ਲੱਗ ਪਏ। ਉਹਨੇ ਆਪਣੇ ਆਪ ਨੂੰ ਗੁਰੂ ਜਾਂ ਗੁਰੂ ਸਾਹਿਬਾਨ ਦੇ ਬਰਾਬਰ ਕਦੇ ਨਹੀਂ ਸਮਝਿਆ, ਪਰ ਉਹਦੇ ਸ਼ਰਧਾਲੂ ਉਹਨੂੰ ਇਸ ਹੱਦ ਤਕ ਪਿਆਰਨ ਤੇ ਸਤਿਕਾਰਨ ਲੱਗ ਪਏ ਕਿ ਉਨ੍ਹਾਂ ਨੂੰ ਦੂਜੇ 'ਬੰਦਈ ਸਿਖ' ਕਹਿਣ ਲੱਗ ਪਏ।

ਦੂਜੇ ਪਾਸੇ ਸਮੇਂ ਦੀ ਹਕੂਮਤ ਦੇ ਸਿਆਣੇ ਨੀਤੀਵਾਨ ਸਿੱਖਾਂ ਵਿਚ ਬੰਦਾ ਸਿੰਘ ਬਹਾਦਰ ਬਾਰੇ ਭੁਲੇਖੇ ਪਾਉਂਦੇ ਰਹੇ। ਨੀਤੀ ਮੰਗ ਵੀ ਇਹੋ ਕਰਦੀ ਸੀ ਕਿ ਜੋ ਹਕੂਮਤ ਖੋਹਣ ਦਾ ਯਤਨ ਕਰ ਰਿਹਾ ਹੋਵੇ, ਉਹਨੂੰ ਉਹਦੇ ਆਪਣੇ ਲੋਕਾਂ ਵਿਚ ਇਤਨਾ ਬਦਨਾਮ ਕਰ ਦਿੱਤਾ ਜਾਏ ਕਿ ਲੋਕ ਉਹਦੇ ਬਾਰੇ ਚੰਗੀ ਰਾਏ ਹੀ ਨਾ ਬਣਾਣ। ਇਹ ਪ੍ਰਚਾਰ ਵੀ ਅਸਲ ਵਿਚ ਹਕੂਮਤੀ ਵਰਗ ਵੱਲੋਂ ਹੋਇਆ ਕਿ ਗੁਰੂ ਸਾਹਿਬ ਨੇ ਉਹਨੂੰ ਵਿਆਹ ਨਾ ਕਰਾਉਣ ਦੀ ਹਦਾਇਤ ਕੀਤੀ ਸੀ। ਜਿਹੜੇ ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਦੇ ਘੇਰੇ ਸਮੇਂ ਛੱਡ ਕੇ ਨਿਕਲ ਆਏ ਸਨ, ਉਨ੍ਹਾਂ ਵੀ ਬੰਦਾ ਸਿੰਘ ਬਹਾਦਰ ਵਿਰੁੱਧ ਬੜਾ ਪ੍ਰਚਾਰ ਕੀਤਾ ਤੇ ਉਹ ਆਪਣੇ ਆਪ ਨੂੰ 'ਤੱਤ ਖ਼ਾਲਸਾ' ਅਖਵਾਣ ਲੱਗੇ। ਇਨ੍ਹਾਂ ਦੋਹਾਂ ਵਰਗਾਂ (ਬੰਦਈ ਤੇ ਤੱਤ ਖ਼ਾਲਸਾ) ਵਿਚਕਾਰ ਵਿਚਾਰਧਾਰਕ ਮੱਤ-ਭੇਦ ਵਧਦੇ ਹੀ ਗਏ। ਬੰਦਈ ਉਨ੍ਹਾਂ ਨੂੰ ਗੱਦਾਰ ਕਹਿਣ ਲੱਗੇ ਤੇ ਉਹ ਬੰਦਈਆਂ ਨੂੰ ਗੁਰੂ ਤੋਂ ਬੇਮੁਖ ਹੋਏ ਸਮਝਣ ਲੱਗੇ। ਇਹ ਆਮ ਵੇਖਿਆ ਗਿਆ ਏ ਕਿ ਜੇਕਰ ਮੱਤ-ਭੇਦ ਛੇਤੀ ਦੂਰ ਨਾ ਕਰ ਲਏ ਜਾਣ ਤਾਂ ਉਹ ਵਧਦੇ ਜਾਂਦੇ ਹਨ ਤੇ ਸੰਬੰਧਾਂ ਵਿਚ ਤਨਾਉ ਆਉਂਦਾ ਜਾਂਦਾ ਹੈ। ਨਿੱਕੀ ਜਿਹੀ ਗੱਲ ਵੱਡਾ ਪਾੜਾ ਬਣ ਜਾਂਦੀ ਏ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ-ਸੰਭਾਲ ਤੇ ਪ੍ਰਬੰਧ ਬਾਰੇ ਬੰਦਈਆਂ ਤੇ ਤੱਤ ਖ਼ਾਲਸੇ ਵਿਚਕਾਰ ਝਗੜਾ ਚੱਲ ਪਿਆ। ਇਸ ਦਾ ਅਸਲ ਕਾਰਨ ਤਾਂ ਇਹ ਸੀ ਕਿ ਜਦ ਬੰਦਾ ਸਿੰਘ ਬਹਾਦਰ ਪਹਿਲੀ ਵਾਰ ਪਠਾਨਕੋਟ ਤੇ ਬਟਾਲਾ ਆਦਿ ਫ਼ਤਹਿ ਕਰਦਾ ਅੰਮ੍ਰਿਤਸਰ ਤਕ ਆ ਪਹੁੰਚਿਆ ਸੀ ਤਾਂ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀ ਤੇ ਪ੍ਰਿਥੀ ਚੰਦ ਦੀ ਸੰਤਾਨ ਦਰਬਾਰ ਸਾਹਿਬ ਦਾ ਕਬਜ਼ਾ ਛੱਡ ਕੇ ਭੱਜ ਗਏ ਸਨ। ਉਨ੍ਹਾਂ ਦਾ ਕਬਜ਼ਾ ਗੁਰੂ ਤੇਗ ਬਹਾਦਰ ਜੀ ਦੇ ਅੰਮ੍ਰਿਤਸਰ ਆਉਣ ਤੋਂ ਪਹਿਲਾਂ ਦਾ ਸੀ। ਇਕ ਵਾਰ ਕਲਗੀਧਰ ਪਾਤਿਸ਼ਾਹ ਦੇ ਭੇਜੇ ਹੋਏ ਭਾਈ ਮਨੀ ਸਿੰਘ ਨੇ ਗੁਰੂ-ਘਰ ਦੇ ਦੋਖੀਆਂ ਦਾ ਕਬਜ਼ਾ ਆ ਕੇ ਛੁਡਾਇਆ ਵੀ ਸੀ ਪਰ ਫਿਰ ਉਨ੍ਹਾਂ ਨੂੰ ਮਾਤਾ ਸੁੰਦਰੀ ਜੀ ਨਾਲ ਦਿੱਲੀ ਰਹਿਣਾ ਪਿਆ ਤੇ ਮੁੜ ਕੇ ਪੁਰਾਣੇ ਪੁਜਾਰੀਆਂ ਨੇ ਪ੍ਰਬੰਧ ਸੰਭਾਲ ਲਿਆ ਸੀ। ਬੰਦਾ ਸਿੰਘ ਬਹਾਦਰ ਦਾ ਆਉਣਾ ਸੁਣ ਕੇ ਪੁਜਾਰੀ ਮੁੜ ਦੌੜ ਗਏ।

ਹੁਣ ਜਦ ਅੰਮ੍ਰਿਤਸਰ ਵਿਚ ਟਕਰਾਓ ਵਧਦਾ ਵੇਖਿਆ ਤਾਂ ਪੰਥ ਦੇ ਸ਼ੁਭ ਚਿੰਤਕਾਂ ਤੇ ਸਿੱਖੀ ਦੀ ਚੜ੍ਹਦੀ ਕਲਾ ਦੇਖਣ ਦੇ ਚਾਹਵਾਨਾਂ ਨੇ ਤਰਲੇ ਲੈਣੇ ਸ਼ੁਰੂ ਕਰ ਦਿੱਤੇ ਕਿ ਕਿਸੇ ਤਰ੍ਹਾਂ ਇਸ ਟਕਰਾਓ ਨੂੰ ਟਾਲਿਆ ਜਾਏ। ਅਜਿਹੇ ਵਿਗੜਦੇ ਹਾਲਾਤ ਦੇ ਸਮਾਚਾਰ ਅਨੰਦਪੁਰ ਵਿਚ ਜਥੇਦਾਰ ਕਰਮ ਸਿੰਘ ਤੇ ਸਾਬੋ ਕੀ ਤਲਵੰਡੀ ਬਾਬਾ ਦੀਪ ਸਿੰਘ ਜੀ ਨੂੰ ਵੀ ਪਹੁੰਚੇ। ਜਿਹੜੇ ਸਿੰਘ ਅਨੰਦਪੁਰ ਆਏ ਤੇ ਸਾਰੀ ਵਿਥਿਆ ਸੁਣਾਈ, ਉਨ੍ਹਾਂ ਨੂੰ ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਫੁੱਟ ਤਾਂ ਹਕੂਮਤ ਪੁਆਂਦੀ ਏ ਤਾਕਿ ਸਾਡੇ ਵਿਚ ਏਕਤਾ ਨਾ ਬਣੀ ਰਹੇ। ਅਸੀਂ ਸਮਝਦੇ ਨਹੀਂ, ਉਨ੍ਹਾਂ ਦੀ ਚਲਾਕੀ ਭਰੀ ਰਾਜਸੀ ਖੇਡ ਵਿਚ ਅਸੀਂ ਹੀ ਮੋਹਰੇ ਬਣ ਜਾਂਦੇ ਹਾਂ। ਤੁਸੀਂ ਸਾਬੋ ਕੀ ਤਲਵੰਡੀ ਜਾਓ ਤੇ ਬਾਬਾ ਦੀਪ ਸਿੰਘ ਜੀ ਨੂੰ ਇਸ ਸਮੱਸਿਆ ਬਾਰੇ ਦੱਸੋ। ਨਾਲੇ ਉਨ੍ਹਾਂ ਨੂੰ ਦੱਸ ਦਿਉ ਕਿ ਮੈਂ ਦਿੱਲੀ ਮਾਤਾ ਸੁੰਦਰੀ ਜੀ ਵੱਲ ਬੰਦੇ ਭੇਜ

ਰਿਹਾ ਹਾਂ ਕਿ ਉਹ ਤੁਰਤ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦਾ ਪ੍ਰਬੰਧਕ ਤੇ ਮੁੱਖ ਸੇਵਾਦਾਰ ਬਣਾ ਕੇ ਭੇਜ ਦੇਣ। ਇਕ ਤਾਂ ਮਾਤਾ ਜੀ ਦਾ ਆਦੇਸ਼ ਸਾਰਾ ਪੰਥ ਮੰਨਦਾ ਏ। ਬੰਦਈ ਤੇ ਤੱਤ ਖ਼ਾਲਸਾ ਅਖਵਾਣ ਵਾਲੀਆਂ ਦੋਵੇਂ ਧਿਰਾਂ ਉਨ੍ਹਾਂ ਦਾ ਹੁਕਮ ਨਹੀਂ ਟਾਲ ਸਕਦੀਆਂ। ਦੂਜਾ ਭਾਈ ਮਨੀ ਸਿੰਘ ਜੀ ਦੀ ਆਪਣੀ ਸ਼ਖ਼ਸੀਅਤ ਤੇ ਵਿਦਵਤਾ ਦਾ ਅਜਿਹਾ ਪ੍ਰਭਾਵ ਹੈ ਕਿ ਉਹ ਸਿਆਣਪ ਨਾਲ ਹਰ ਸੰਕਟ ਨੂੰ ਟਾਲ ਸਕਦੇ ਹਨ। ਹਰ ਸਮੱਸਿਆ ਦਾ ਹੱਲ ਕੱਢ ਸਕਦੇ ਹਨ।"

"ਇਸ ਵੇਲੇ ਪੰਥ ਵਿਚ ਆਗੂ ਕੋਈ ਨਹੀਂ," ਅੰਮ੍ਰਿਤਸਰ ਤੋਂ ਆਏ ਨਿਛੱਤਰ ਸਿੰਘ ਨੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ, "ਪੰਥ ਉੱਤੇ ਬੜੀ ਭੀੜਾ ਆ ਬਣੀ ਏ ਤੇ ਆਗੂ ਕੋਈ ਅਜਿਹਾ ਨਹੀਂ, ਜੋ ਇਸ ਘੁੰਮਣਘੇਰ ਵਿਚ ਫਸੀ ਬੇੜੀ ਨੂੰ ਬੰਨੇ ਲਾ ਦੇਵੇ।"

"ਤੁਸੀਂ ਭੁਲੇਖੇ ਵਿਚ ਹੋ, ਇਸ ਵੇਲੇ ਵੀ ਪੰਥ ਦੇ ਅਨੇਕਾਂ ਆਗੂ ਸਿਆਣੇ ਤੇ ਗਹਿਰ-ਗੰਭੀਰ ਹਨ ਜੋ ਪੰਥ ਨੂੰ ਅਗਵਾਈ ਦੇ ਸਕਦੇ ਹਨ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਪੰਥ ਦਾ ਵਾਲੀ ਤਾਂ ਕਲਗੀਧਰ ਆਪ ਹੈ। ਆਪਣੇ ਬਿਰਦ ਬਾਣੇ ਦੀ ਲਾਜ ਉਹ ਰੱਖੇਗਾ। ਅਜੇ ਤਾਂ ਪੰਥ ਵਿਚ ਉਹ ਸ਼ਖ਼ਸੀਅਤਾਂ ਬਥੇਰੀਆਂ ਹਨ, ਜੋ ਸਤਿਗੁਰਾਂ ਦੇ ਸਮੇਂ ਤੋਂ ਉਨ੍ਹਾਂ ਦੀ ਛਤਰ-ਛਾਇਆ ਹੇਠ ਪਲੀਆਂ ਤੇ ਵੱਡੀਆਂ ਹੋਈਆਂ ਹਨ। ਪੰਥ ਦੀ ਪਹਿਲੀ ਨਾਰੀ ਨੇਤਾ ਮਾਤਾ ਸੁੰਦਰੀ ਤੇ ਸਾਹਿਬ ਕੌਰ ਦਿੱਲੀ ਵਿਚ ਹਨ। ਉਹ ਹਰ ਔਖੀ ਘੜੀ ਪੰਥ ਨੂੰ ਸੇਧ ਦੇ ਸਕਦੀਆਂ ਹਨ ਤੇ ਦੇ ਰਹੀਆਂ ਹਨ। ਭਾਈ ਮਨੀ ਸਿੰਘ ਉਨ੍ਹਾਂ ਪਾਸ ਦਿੱਲੀ ਵਿਚ ਹੀ ਹਨ। ਇਸ ਸਮੇਂ ਪੰਥ ਵਿਚ ਉਨ੍ਹਾਂ ਵਰਗਾ ਵਿਦਵਾਨ ਤੇ ਬੁੱਧੀਜੀਵੀ ਮਨੁੱਖ ਹੋਰ ਸ਼ਾਇਦ ਹੀ ਕਿਧਰੇ ਹੋਵੇ। ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਬਾਬਾ ਦੀਪ ਸਿੰਘ ਜੀ ਹਨ, ਜੋ ਦਮਦਮੀ ਟਕਸਾਲ ਚਲਾ ਰਹੇ ਹਨ ਤੇ ਹਜ਼ਾਰਾਂ ਲੋਕਾਂ ਨੂੰ ਗੁਰਬਾਣੀ ਦੇ ਅਰਥ, ਗੁਰਮਤਿ ਦੀ ਵਿਲੱਖਣਤਾ ਤੇ ਇਤਿਹਾਸ ਦੀ ਜਾਣਕਾਰੀ ਦੇ ਰਹੇ ਹਨ। ਇਉਂ ਹੋਰ ਵੀ ਕਈ ਹਨ, ਪਰ ਸਾਡੇ ਅੰਦਰ ਜਦ ਨਿਰਾਸ਼ਾਵਾਦੀ ਰੁਚੀ ਜ਼ੋਰ ਫੜਦੀ ਏ ਤਾਂ ਅਸੀਂ ਆਪਣੀ ਕਮਜ਼ੋਰੀ ਲਈ ਲੀਡਰਾਂ ਨੂੰ ਕੋਸਣ ਲੱਗ ਪੈਂਦੇ ਹਾਂ ਜਾਂ ਇਹ ਕਹਿਣ ਲੱਗਦੇ ਹਾਂ ਕਿ ਕੌਮ ਪਾਸ ਕੋਈ ਲੀਡਰ ਹੀ ਨਹੀਂ।"

"ਅਸੀਂ ਸਮਝਦੇ ਹਾਂ ਕਿ ਤੁਸੀਂ ਜੋ ਕੰਮ ਦੁਆਬੇ ਵਿਚ ਕੀਤਾ ਏ, ਉਹ ਹੋਰ ਕੋਈ ਕਿਧਰੇ ਨਹੀਂ ਕਰ ਸਕਿਆ," ਨਿਛੱਤਰ ਸਿੰਘ ਨੇ ਗੱਲ ਦਾ ਰੁਖ਼ ਮੋੜਨ ਲਈ ਤੇ ਜਥੇਦਾਰ ਕਰਮ ਸਿੰਘ ਨੂੰ ਖ਼ੁਸ਼ ਕਰਨ ਲਈ ਨਵੀਂ ਗੱਲ ਕਹਿ ਦਿੱਤੀ।

"ਸਿੰਘ ਜੀ! ਅਜਿਹਾ ਮੁੜ ਕੇ ਕਦੇ ਨਾ ਆਖਣਾ। ਇਹ ਹੰਕਾਰ ਪੈਦਾ ਕਰਨ ਵਾਲੇ ਕੀਟਾਣੂੰ ਤੁਸੀਂ ਇਥੇ ਕਿਉਂ ਖਿਲਾਰ ਰਹੇ ਹੋ?" ਜਥੇਦਾਰ ਕਰਮ ਸਿੰਘ ਨੇ ਖ਼ੁਸ਼ ਹੋਣ ਦੀ ਥਾਂ ਉਲਟਾ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ, "ਤੁਸੀਂ ਕਿਹੜਾ ਸਭ ਥਾਂ ਗਏ ਹੋ, ਤੁਹਾਨੂੰ ਕੀ ਪਤਾ ਕਿਥੇ ਕਿਥੇ ਤੇ ਕੌਣ ਕੌਣ ਕੀ ਕੀ ਸੇਵਾ ਕਰ ਰਿਹਾ ਹੈ। ਦੂਜਾ ਅਸੀਂ ਤਾਂ ਸਮਝਦੇ ਹਾਂ ਕਿ ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰ ਕੇ ਨਾਚੀਜ਼ ਤੋਂ ਸੇਵਾ ਲਈ ਏ। ਜਦ ਹੰਕਾਰ ਆ ਗਿਆ ਤਾਂ ਅਸੀਂ ਕਹਿਣ ਲੱਗ ਪਵਾਂਗੇ ਕਿ ਇਹ ਸੇਵਾ ਮੈਂ ਕੀਤੀ ਤੇ ਉਹ ਕਠਿਨ ਵੇਲਾ ਮੈਂ ਟਾਲਿਆ। ਹੰਕਾਰਿਆ ਸੋ ਮਾਰਿਆ। ਨਿਮਰਤਾ ਤੇ ਮਿਠਾਸ ਵੱਡੇ ਗੁਣ ਹਨ ਤੇ ਉਹ ਧਾਰਨ ਕਰਨ ਵਾਲਾ ਹੀ ਵੱਡਾ ਇਨਸਾਨ ਹੋ ਸਕਦਾ ਹੈ।" ਜਥੇਦਾਰ ਕਰਮ ਸਿੰਘ ਦੇ ਬੋਲਾਂ ਵਿਚ ਅਥਾਹ ਸ਼ਕਤੀ ਇਸੇ ਕਰਕੇ ਸੀ, ਕਿਉਂਕਿ ਉਹ ਕਥਨੀ ਤੇ ਕਰਨੀ ਦਾ ਸੂਰਾ ਸੀ। ਜਿਥੇ ਗੁਰੂ 'ਤੇ ਉਹਦੀ ਸ਼ਰਧਾ ਤੇ ਅਟੁੱਟ ਵਿਸ਼ਵਾਸ ਸੀ, ਉਥੇ ਉਹਦੀ ਰਹਿਣੀ-ਬਹਿਣੀ ਤੇ ਕਿਰਦਾਰ ਵੀ ਗੁਰਮੁਖਾਂ ਦੀ ਕਸਵੱਟੀ 'ਤੇ ਪੂਰਾ ਉਤਰਨ ਵਾਲਾ ਸੀ।

ਨਾਮ ਬਾਣੀ ਜਪਣ ਵਾਲੇ ਤੇ ਲੋਕ-ਹਿੱਤਾਂ ਲਈ ਸਭ ਕੁਝ ਕੁਰਬਾਨ ਕਰ ਸਕਣ ਵਾਲਿਆਂ ਦੀ ਦਲੀਲ ਤੇ ਵਿਚਾਰ ਨਾਲ ਹਰ ਕੋਈ ਸਹਿਮਤ ਹੋ ਜਾਂਦਾ ਹੈ। ਝੱਟ ਸੰਤੁਸ਼ਟ ਹੋ ਕੇ ਨਿਛੱਤਰ ਸਿੰਘ ਹੋਰੀਂ ਸਾਬੋ ਕੀ ਤਲਵੰਡੀ ਨੂੰ ਚਲੇ ਗਏ। ਜਥੇਦਾਰ ਕਰਮ ਸਿੰਘ ਨੇ ਇਕ ਸਿੰਘ, ਦੋ ਸਹਿਜਧਾਰੀ ਤੇ ਇਕ ਮੁਸਲਮਾਨ ਨੂੰ ਸਾਰੇ ਹਾਲਾਤ 'ਤੇ ਆਪਣਾ ਸੁਝਾਅ ਲਿਖਤੀ ਰੂਪ ਵਿਚ ਦੇ ਕੇ ਦਿੱਲੀ ਤੋਰ ਦਿੱਤਾ।

ਜਥੇਦਾਰ ਸਮਝਦਾ ਸੀ ਕਿ ਇਸ ਸਮੇਂ ਚਾਰ ਪੰਜ ਸਿੰਘਾਂ ਦਾ ਜਥਾ ਦਿੱਲੀ ਵੱਲ ਤੋਰਨਾ ਖ਼ਤਰਨਾਕ ਹੈ ਤੇ ਰਸਤੇ ਵਿਚ ਹੀ ਕਿਧਰੇ ਟੱਕਰ ਹੋ ਸਕਦੀ ਏ। ਇਸ ਲਈ ਸਹਿਜਧਾਰੀ ਤੇ ਇਕ ਮੁਸਲਮਾਨ ਭੇਜਿਆ ਤਾਕਿ ਸ਼ੱਕ ਵੀ ਨਾ ਪਵੇ ਤੇ ਉਂਝ ਵੀ ਉਹ ਸਿੰਘਾਂ ਦੇ ਸਹਾਇਕ ਬਣੇ ਰਹਿਣ। ਜਥੇਦਾਰ ਕਰਮ ਸਿੰਘ ਦੀ ਸਫਲਤਾ ਦਾ ਇਕ ਵੱਡਾ ਰਾਜ਼ ਇਹ ਵੀ ਸੀ ਕਿ ਉਹਦੇ ਨਾਲ ਬਹੁਤ ਸਾਰੇ ਹਿੰਦੂ, ਸਹਿਜਧਾਰੀ ਵੀਰ ਤੇ ਮੁਸਲਮਾਨ ਵੀ ਸਨ। ਮੁਸਲਮਾਨ ਵੀ ਉਹ ਸਨ, ਜੋ ਮੌਲਵੀਆਂ-ਮੁਲਾਣਿਆਂ ਦੇ ਇਸ ਪ੍ਰਚਾਰ ਨੂੰ ਗ਼ਲਤ ਸਮਝਦੇ ਸਨ ਕਿ ਕੇਵਲ ਮੁਸਲਮਾਨ ਹੀ ਮੋਮਨ ਹੈ, ਬਾਕੀ ਸਾਰੇ ਧਰਮਾਂ ਨੂੰ ਮੰਨਣ ਵਾਲੇ ਕਾਫ਼ਰ ਹਨ। ਉਹ ਮੁਸਲਮਾਨ ਵੀ ਸਿਖ ਲੋਕ-ਲਹਿਰ ਦੇ ਸਮਰਥਕ ਤੇ ਹਮਦਰਦ ਬਣ ਚੁੱਕੇ ਸਨ, ਜਿਨ੍ਹਾਂ ਨਾਲ ਸਮੇਂ ਦੇ ਹਾਕਮ ਵਰਗ ਨੇ ਮੁਸਲਮਾਨ ਹੋਣ ਦੇ ਬਾਵਜੂਦ ਜ਼ਿਆਦਤੀਆਂ ਕੀਤੀਆਂ, ਨਾਜਾਇਜ਼ ਤੌਰ 'ਤੇ ਧਨ ਲੁੱਟਿਆ, ਘੋੜੇ ਖੋਹ ਕੇ ਲੈ ਗਏ ਤੇ ਕਈਆਂ ਦੀਆਂ ਜਵਾਨ ਧੀਆਂ ਭੈਣਾਂ ਦੀ ਇੱਜ਼ਤ 'ਤੇ ਹੱਥ ਪਾਇਆ। ਉਹ ਸਾਰੇ ਮਜ਼ਲੂਮ ਸਿੱਖਾਂ ਨੂੰ ਆਪਣਾ ਸਹਾਰਾ ਸਮਝ ਕੇ ਹਾਕਮਾਂ ਤੋਂ ਬਦਲੇ ਦੀ ਭਾਵਨਾ ਨਾਲ ਸਿਖ ਜਥਿਆਂ ਵਿਚ ਸ਼ਾਮਲ ਹੋ ਗਏ ਸਨ। ਜਥੇਦਾਰ ਕਰਮ ਸਿੰਘ ਨੇ ਸਿੰਘਾਂ ਦੇ ਸੰਘਰਸ਼ ਵਿਚ ਇਨ੍ਹਾਂ ਦਾ ਸਹਿਯੋਗ ਸਭ ਤੋਂ ਪਹਿਲਾਂ ਲਿਆ ਤੇ ਦੂਜੇ ਜਥਿਆਂ ਨੂੰ ਵੀ ਸਾਰੀ ਲੁਕਾਈ ਨਾਲ ਰੱਖਣ ਦੀ ਪ੍ਰੇਰਨਾ ਕੀਤੀ।

ਜਥੇਦਾਰ ਕਰਮ ਸਿੰਘ ਦੀ ਮਾਂ ਭਾਗਾਂ ਕੁਝ ਦਿਨ ਕਰਤਾਰਪੁਰ ਰਹਿ ਕੇ ਮੁੜ ਕੀਰਤਪੁਰ ਆ ਗਈ ਸੀ, ਕਿਉਂਕਿ ਜ਼ਖ਼ਮੀ ਕਰਮ ਸਿੰਘ ਤੋਂ ਬਹੁਤ ਦਿਨ ਦੂਰ ਨਹੀਂ ਸੀ ਰਹਿ ਸਕਦੀ। ਭਾਵੇਂ ਮਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਉਹਦਾ ਪੁੱਤਰ ਹੁੰਦਾ ਏ ਤੇ ਉਹ ਪੁੱਤਰ ਕੋਲ ਰਹਿ ਕੇ ਹਰ ਸੰਕਟ ਸਮੇਂ ਉਹਦਾ ਬਚਾਅ ਕਰਦੀ ਏ, ਪਰ ਭਾਗਾਂ ਨੇ ਸ਼ੁਰੂ ਤੋਂ ਹੀ ਆਪਣੇ ਇਕਲੌਤੇ ਪੁੱਤਰ ਨੂੰ ਸੂਰਮਾ ਤੇ ਦੇਸ਼ ਕੌਮ ਦੀ ਸੇਵਾ ਕਰਨ ਵਾਲਾ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ। ਉਹ ਨਾ ਚਾਹੁੰਦੀ ਤਾਂ ਸ਼ਾਇਦ ਲਾਭ ਚੰਦ ਉਹਨੂੰ ਇਸ ਰਾਹੇ ਨਾ ਪਾ ਸਕਦਾ ਜਾਂ ਘਰ ਵਿਚ ਕਿੜ ਕਿੜ ਚੱਲਦੀ ਰਹਿੰਦੀ, ਪਰ ਭਾਗਾਂ ਨੇ ਤਾਂ ਹਰ ਕਦਮ 'ਤੇ ਕਰਮ ਸਿੰਘ ਦੀ ਹੌਂਸਲਾ ਵਧਾਈ ਕੀਤੀ। ਇਸੇ ਲਈ ਕਰਮ ਸਿੰਘ ਦੇ ਦਿਲ ਵਿਚ ਮਾਂ ਲਈ ਅਥਾਹ ਸਤਿਕਾਰ ਤੇ ਪਿਆਰ ਸੀ। ਉਹ ਵੀ ਖ਼ੁਸ਼ ਸੀ ਕਿ ਉਹਦੀ ਮਾਂ ਉਹਦੇ ਕੋਲ ਹੀ ਕੀਰਤਪੁਰ ਆ ਗਈ ਏ, ਜਿਥੋਂ ਉਹ ਅਨੰਦਪੁਰ ਤੋਂ ਆ ਕੇ ਰੋਜ਼ ਮਿਲ ਸਕਦਾ ਸੀ।

ਭਾਗਾਂ ਕੀਰਤਪੁਰ ਆ ਕੇ ਬੀਮਾਰ ਹੋ ਗਈ। ਕਰਤਾਰਪੁਰ ਵਿਚ ਉਹ ਤੜਕੇ ਸਾਰੇ ਟੱਬਰ ਨਾਲੋਂ ਪਹਿਲਾਂ ਜਾਗ ਪੈਂਦੀ ਤੇ ਜਾਗ ਲਾਏ ਦੁੱਧ ਨੂੰ ਚਾਟੀ ਵਿਚ ਰਿੜਕਣਾ ਸ਼ੁਰੂ ਕਰ ਦਿੰਦੀ। ਮਧਾਣੀ ਪਾ ਕੇ ਨਾਲ ਉਹ ਜਪੁਜੀ ਦਾ ਪਾਠ ਸ਼ੁਰੂ ਕਰ ਦਿੰਦੀ। ਪਾਠ ਦੀ ਸਮਾਪਤੀ ਪਿੱਛੋਂ ਉਹਨੂੰ ਜਿਤਨੇ ਵੀ ਬਾਣੀ ਦੇ ਸ਼ਬਦ ਕੰਠ ਸਨ, ਉਹ ਬੋਲਦੀ ਤੇ ਇਤਨੇ ਵਿਚ ਲੱਸੀ ਵਿਚੋਂ ਮੱਖਣ ਨਿਕਲ ਆਉਂਦਾ। ਉਹ ਮੱਖਣ ਨੂੰ ਵੱਖ ਕਰ ਕੇ ਲੱਸੀ ਰੱਖ ਦਿੰਦੀ ਤੇ ਇਤਨੇ ਵਿਚ ਮੱਝਾਂ ਦੀ ਧਾਰ ਕੱਢੀ ਆ ਜਾਂਦੀ। ਭੜੋਲੀ ਵਿਚ ਗੋਹਿਆਂ ਦੀ ਮੱਠੀ ਮੱਠੀ ਅੱਗ 'ਤੇ ਕਾੜ੍ਹਨੀ ਵਿਚ ਦੁੱਧ ਕੜ੍ਹਨਾ ਰੱਖ ਦਿੰਦੀ। ਫਿਰ ਚੌਂਕੇ ਦਾ ਕੰਮ ਸ਼ੁਰੂ ਹੋ ਜਾਂਦਾ। ਇਉਂ ਸਾਰਾ ਦਿਨ ਕੰਮ ਕਰਦਿਆਂ ਤੇ ਸੋਹਣਾ ਖਾਂਦਿਆਂ ਪੀਂਦਿਆਂ ਉਹਦਾ ਸਮਾਂ ਬੀਤ ਰਿਹਾ

ਸੀ ਤੇ ਕਦੇ ਸਿਰ ਪੀੜ ਵੀ ਨਹੀਂ ਸੀ ਹੋਈ। ਜਦੋਂ ਦੀ ਉਹ ਕੀਰਤਪੁਰ ਕੈਂਪ ਵਿਚ ਆਈ ਸੀ, ਉਥੇ ਨਾ ਵੇਲੇ ਸਿਰ ਖਾਣ ਨੂੰ ਮਿਲਦਾ ਸੀ ਤੇ ਨਾ ਹੀ ਸਰੀਰ ਬਹੁਤਾ ਕੰਮ ਕਰਦਾ। ਉਹਨੂੰ ਪਾਣੀ ਵੀ ਇਥੋਂ ਦਾ ਨਾ ਸੁਖਾਇਆ। ਵਾਈ ਵਾਲਾ ਸਰੀਰ ਹੋ ਗਿਆ ਤੇ ਫਿਰ ਕਦੇ ਕਦੇ ਸਰੀਰ ਵਿਚ ਦਰਦ ਰਹਿਣ ਲੱਗ ਗਿਆ।

ਇਕ ਦਿਨ ਪੇਟ ਵਿਚ ਸਖ਼ਤ ਦਰਦ ਹੋਣ ਲੱਗ ਪਿਆ। ਦਰਦ ਵੀ ਇਤਨਾ ਭਿਆਨਕ ਸੀ ਕਿ ਬਰਦਾਸ਼ਤ ਤੋਂ ਬਾਹਰਾ। ਸੱਜੇ ਪਾਸੇ ਵੱਖੀ ਕੋਲ ਬਹੁਤ ਹੀ ਤਕਲੀਫ਼ ਮਹਿਸੂਸ ਕਰ ਰਹੀ ਸੀ। ਸਿਆਣੇ ਵੈਦ ਬੁਲਾਏ ਗਏ। ਉਨ੍ਹਾਂ ਨੇ ਦੇਖ ਕੇ ਦੱਸਿਆ ਕਿ ਇਹ ਸੂਲ ਵਰਗਾ ਇਕ ਰੋਗ ਹੈ, ਜਿਸ ਵਿਚ ਵੱਖੀ ਨੇੜੇ ਕਰਕੇ ਨਾੜ ਫੁੱਲ ਜਾਂਦੀ ਏ ਤੇ ਇਸ ਦਾ ਇਲਾਜ ਉਨ੍ਹਾਂ ਨੇ ਕੋਈ ਜੜ੍ਹੀ ਬੂਟੀ ਅੰਦਰ ਖਾਣ ਨੂੰ ਦਿੱਤੀ ਤੇ ਇਕ ਲੇਪ ਬਾਹਰ ਵੀ ਕਰ ਦਿੱਤਾ ਪਰ ਤੀਜੇ ਦਿਨ ਭਾਗਾਂ ਮਾਤਾ ਅਕਾਲ ਚਲਾਣਾ ਕਰ ਗਈ। ਜਥੇਦਾਰ ਕਰਮ ਸਿੰਘ ਦੀਆਂ ਅੱਖਾਂ ਵਿਚ ਗਲੇਡੂ ਆ ਗਏ ਤੇ ਦੀਪੋ ਜਦ ਰੋਣ ਲੱਗੀ ਤਾਂ ਕਰਮ ਸਿੰਘ ਨੇ ਰੋਕ ਦਿੱਤਾ ਤੇ ਕਿਹਾ ਕਿ ਕੋਈ ਨਾ ਰੋਵੇ। ਮਾਤਾ ਦੇ ਸਰੀਰ ਕੋਲ ਬੈਠ ਕੇ ਬਾਣੀ ਦਾ ਪਾਠ ਕਰੋ। ਨਵੇਂ ਸੱਜੇ ਸਿੱਖਾਂ ਦੇ ਪਰਵਾਰਾਂ ਨੇ ਪਹਿਲੀ ਵਾਰ ਦੇਖਿਆ ਕਿ ਅੰਤਮ ਸਸਕਾਰ ਤੋਂ ਪਹਿਲਾਂ ਸਭ ਨੇ ਮਿਲ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਚਿਖਾ ਚਿਣ ਕੇ ਅਰਦਾਸ ਪਿੱਛੋਂ ਚਿਤਾ ਨੂੰ ਅੱਗ ਦਿਖਾਈ ਗਈ। ਫਿਰ ਵਾਪਸ ਆ ਕੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਪਿੱਛੋਂ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਕਈ ਦਿਨ ਜਥੇਦਾਰ ਕਰਮ ਸਿੰਘ ਦੇ ਟਿਕਾਣੇ 'ਤੇ ਸਵੇਰੇ ਸ਼ਾਮ ਕੀਰਤਨ ਹੁੰਦਾ ਰਿਹਾ।

56

"ਘਰੋਂ ਬੇਘਰ ਹੋ ਕੇ ਰਹਿਣਾ ਬਹੁਤ ਔਖਾ ਹੈ, ਇਸੇ ਲਈ ਕਈ ਪਰਵਾਰ ਹੁਣ ਵਾਪਸ ਆਪਣੇ ਪਿੰਡਾਂ ਨੂੰ ਜਾਣਾ ਚਾਹੁੰਦੇ ਹਨ," ਦੀਪੋ ਨੇ ਇਕ ਦਿਨ ਜਥੇਦਾਰ ਕਰਮ ਸਿੰਘ ਨੂੰ ਆਖਿਆ, ਜਦੋਂ ਉਹ ਦੁਪਹਿਰ ਨੂੰ ਰੋਟੀ ਖਾਣ ਲਈ ਆਇਆ। ਜਥੇਦਾਰ ਨੂੰ ਬਹੁਤਾ ਅਨੰਦਪੁਰ ਰਹਿਣਾ ਪੈਂਦਾ ਸੀ ਜਦੋਂ ਕਿ ਦੀਪੋ ਨੂੰ ਕੀਰਤਪੁਰ ਵਿਚ ਔਰਤਾਂ ਤੇ ਬੱਚਿਆਂ ਦੇ ਵੱਡੇ ਕੈਂਪ ਵਿਚ ਉਨ੍ਹਾਂ ਦੀ ਸੇਵਾ-ਸੰਭਾਲ ਕਰਨੀ ਪੈਂਦੀ ਸੀ। ਉਹ ਕਈ ਵਾਰ ਜਦੋਂ ਦੋ ਚਾਰ ਦਿਨ ਕਰਮ ਸਿੰਘ ਨਾ ਆਉਂਦਾ ਤਾਂ ਆਪ ਖ਼ਬਰ ਸੁਰਤ ਲੈਣ ਲਈ ਅਨੰਦਪੁਰ ਆ ਜਾਂਦੀ। ਅਨੰਦਪੁਰ ਵਿਚ ਵੀ ਕਈ ਥਾਂ ਪਰਵਾਰਾਂ ਦੇ ਰਹਿਣ ਦਾ ਟਿਕਾਣਾ ਬਣਾਇਆ ਹੋਇਆ ਸੀ। ਦੀਪੋ ਜਾਣ ਕੇ ਕੀਰਤਪੁਰ ਵਿਚ ਸੀ ਤਾਕਿ ਕੋਈ ਇਹ ਨਾ ਆਖੇ ਕਿ ਜਥੇਦਾਰ ਕਰਮ ਸਿੰਘ ਤਾਂ ਆਪਣੇ ਟੱਬਰ ਨੂੰ ਨਾਲ ਲਈ ਫਿਰਦਾ ਏ ਤੇ ਦੂਜਿਆਂ ਦੇ ਟੱਬਰ ਵਿਛੜੇ ਹੋਏ ਹਨ।

"ਜੋ ਜਾਣਾ ਚਾਹੁੰਦੇ ਹਨ, ਉਹ ਬੇਸ਼ੱਕ ਚਲੇ ਜਾਣ," ਜਥੇਦਾਰ ਕਰਮ ਸਿੰਘ ਨੇ ਕਿਹਾ, "ਅਸੀਂ ਕਿਸੇ ਨੂੰ ਮਜਬੂਰ ਨਹੀਂ ਕਰ ਸਕਦੇ, ਪਰ ਜੇਕਰ ਕੋਈ ਸਲਾਹ ਪੁੱਛੇ ਤਾਂ ਉਹਨੂੰ ਇਹੋ ਆਖੋ ਕਿ ਹਾਲਾਤ ਸੁਖਾਵੇਂ ਨਹੀਂ। ਫ਼ੌਜਾਂ ਪਿੰਡਾਂ ਵਿਚ ਅਜੇ ਵੀ ਸਖ਼ਤੀ ਕਰ ਰਹੀਆਂ ਹਨ। ਫਿਰ ਭੱਜ ਕੇ ਆਉਣਾ ਪੈ ਸਕਦਾ ਏ। ਪਹਿਲਾਂ ਵਾਲੀ ਸਥਿਤੀ ਪਿੰਡਾਂ ਵਿਚ ਹੁਣ ਨਹੀਂ। ਜਦੋਂ ਸਾਡੀ ਚੜ੍ਹਤ ਦੇ ਦਿਨ ਸਨ ਤਾਂ ਬਹੁਤ ਸਾਰੇ ਪਿੰਡਾਂ ਵਾਲੇ ਦਲੇਰੀ ਨਾਲ ਸ਼ਹੀਦ ਸਿੰਘਾਂ ਦੇ ਪਰਵਾਰਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਲੈਂਦੇ ਸਨ, ਪਰ ਹੁਣ ਜਦੋਂ ਦੀ ਮੁਗ਼ਲਾਂ ਦੀ ਚੜ੍ਹ ਮੱਚੀ ਏ ਤਾਂ ਕਈਆਂ ਪਿੰਡਾਂ ਦੇ ਮੁਖੀਆਂ ਨੇ ਅੱਖਾਂ ਫੇਰ ਲਈਆਂ ਹਨ। ਜਿਹੜੇ ਖੁੱਲ੍ਹ

ਕੇ ਜਥਿਆਂ ਦੀ ਸੇਵਾ ਕਰਦੇ ਤੇ ਅੰਨ-ਦਾਨਾ ਦਿੰਦੇ ਸਨ, ਉਨ੍ਹਾਂ ਵਿਚੋਂ ਕੋਈ ਕੋਈ ਹੀ ਹੁਣ ਸਾਹਮਣੇ ਆਉਂਦੇ ਨੇ। ਕਈ ਤਾਂ ਜਥਿਆਂ ਦੇ ਮੱਥੇ ਹੀ ਨਹੀਂ ਲੱਗਦੇ।"

"ਕੀ ਲੋਕੀਂ ਇਤਨੇ ਹੀ ਡਰਪੋਕ ਹੋ ਗਏ ਨੇ ?" ਦੀਪੋ ਨੇ ਪੁੱਛਿਆ।

"ਕੀ ਕਰਨ ਲੋਕ ਵਿਚਾਰੇ," ਕਰਮ ਸਿੰਘ ਨੇ ਕਿਹਾ, "ਜਬਰ ਜ਼ੁਲਮ ਅੱਗੇ ਆਮ ਆਦਮੀ ਖੜਾ ਨਹੀਂ ਰਹਿ ਸਕਦਾ। ਕੋਈ ਹੀ ਜਾਨ ਜੋਖੋਂ ਵਿਚ ਪਾ ਕੇ ਜੂਝਣ ਦਾ ਸਾਹਸ ਰੱਖਦਾ ਹੈ। ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ ਬਥੇਰੇ ਹਨ। ਕੱਲ੍ਹ ਫਿਰ ਜਦੋਂ ਸਾਡੀ ਚੜ੍ਹਦੀ ਕਲਾ ਦੇਖੀ ਤਾਂ ਅੱਜ ਬੇਮੁੱਖ ਹੋ ਰਹੇ ਮੁੜ ਕੇ ਸਾਡੇ ਨੇੜੇ ਲੱਗਣ ਦਾ ਯਤਨ ਕਰਨਗੇ। ਇਹ ਮਨੁੱਖੀ ਆਚਰਣ ਦੀ ਇਕ ਬਹੁਤ ਵੱਡੀ ਕਮਜ਼ੋਰੀ ਹੈ।"

"ਕੀ ਇਸੇ ਕਰਕੇ ਨਵੇਂ ਬਣੇ ਸਿਖ ਮੁੜ ਪਤਿਤ ਹੋ ਰਹੇ ਹਨ ?" ਦੀਪੋ ਦਾ ਅਗਲਾ ਸਵਾਲ ਸੀ।

ਕਰਮ ਸਿੰਘ ਨੇ ਸਮਝਾਇਆ, "ਕੋਈ ਤਾਂ ਪਾਸਾ ਪਲਟਦਾ ਦੇਖ ਕੇ ਆਪ ਵੀ ਪੁੱਠਾ ਗੇੜਾ ਕੱਢ ਲੈਂਦੇ ਹਨ, ਪਰ ਕਈ ਉਨ੍ਹਾਂ ਵਿਚੋਂ ਦਲੇਰ ਨੇ ਤੇ ਉਹ ਸਾਡੇ ਵਾਂਗ ਹੀ ਸਿੱਖੀ ਲਈ ਜਾਨਾਂ ਵਾਰਨ ਨੂੰ ਤਿਆਰ ਹਨ।"

ਕੁਝ ਸਿੰਘ ਅੰਦਰ ਲੰਘ ਆਏ ਤੇ ਉਨ੍ਹਾਂ ਨੂੰ ਦੇਖ ਕੇ ਦੀਪੋ ਕੋਲੋਂ ਉੱਠ ਗਈ। ਉਨ੍ਹਾਂ ਵਿਚੋਂ ਇਕ ਨੇ ਦੱਸਿਆ, "ਅਸੀਂ ਸਾਬੋ ਕੀ ਤਲਵੰਡੀ ਤੋਂ ਆਏ ਹਾਂ ਤੇ ਬਾਬਾ ਦੀਪ ਸਿੰਘ ਜੀ ਨੇ ਆਖਿਆ ਏ ਕਿ ਦੁਆਬੇ ਵਿਚ ਧਰਮ ਪ੍ਰਚਾਰ ਲਹਿਰ ਸ਼ੁਰੂ ਕਰੋ। ਥਾਂ ਥਾਂ ਦੀਵਾਨ ਕਰ ਕੇ ਲੋਕਾਂ ਨੂੰ ਸਿੱਖੀ ਬਾਰੇ ਜਾਣਕਾਰੀ ਦਿਓ। ਲੋਕਾਂ ਵਿਚੋਂ ਭਿੰਨ-ਭੇਦ ਖ਼ਤਮ ਕਰ ਕੇ ਏਕਤਾ ਤੇ ਬਰਾਬਰੀ ਦੀ ਗੱਲ ਕਰੋ। ਸਭ ਤੋਂ ਵੱਡੀ ਗੱਲ ਹੈ ਕਿ ਆਪਣੇ ਆਚਰਣ ਨਾਲ ਲੋਕਾਂ ਦਾ ਦਿਲ ਜਿੱਤਣ ਦਾ ਉਪਰਾਲਾ ਕਰੋ। ਇਸ ਵੇਲੇ ਧਰਮ ਵਿਚ ਪੱਕੇ ਹੋਣ ਨਾਲ ਹਾਲਾਤ ਦਾ ਮੁਕਾਬਲਾ ਕਰ ਸਕਾਂਗੇ।"

ਦੂਜਾ ਬੋਲ ਪਿਆ, "ਤੁਹਾਡਾ ਸੁਨੇਹਾ ਮਿਲ ਗਿਆ ਸੀ ਤੇ ਬਾਬਾ ਜੀ ਦੀ ਇਤਲਾਹ ਅਨੁਸਾਰ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਪਹੁੰਚ ਗਏ ਹਨ ਤੇ ਉਨ੍ਹਾਂ ਨੇ ਤਣਾਓ ਤੇ ਟਕਰਾਓ ਖ਼ਤਮ ਕਰਵਾ ਦਿੱਤਾ ਏ। ਹੁਣ ਬੰਦਈ ਤੇ ਤੱਤ ਖ਼ਾਲਸਾ ਵਿਚਕਾਰ ਸ੍ਰੀ ਦਰਬਾਰ ਸਾਹਿਬ ਬਾਰੇ ਕੋਈ ਝਗੜਾ ਨਹੀਂ।"

"ਵਾਹ, ਇਹ ਤੇ ਤੁਸੀਂ ਖ਼ੁਸ਼ਖ਼ਬਰੀ ਸੁਣਾਈ ਏ। ਵਧਾਈਆਂ ਹੋਣ," ਜਥੇਦਾਰ ਕਰਮ ਸਿੰਘ ਨੇ ਇਹ ਖ਼ਬਰ ਸੁਣ ਕੇ ਆਖਿਆ, "ਮੈਂ ਪਹਿਲਾਂ ਹੀ ਕਹਿੰਦਾ ਸਾਂ ਕਿ ਜਦੋਂ ਪੰਥਕ ਹਿੱਤ ਹੀ ਸਾਹਮਣੇ ਹੋਣ ਤਾਂ ਛੇਤੀ ਸੁਲਹ ਹੋ ਜਾਂਦੀ ਏ। ਖ਼ੁਦਗਰਜ਼ੀ ਤੇ ਨਿੱਜੀ ਹਿੱਤਾਂ ਨੂੰ ਪਹਿਲ ਦੇਣ ਵਾਲਿਆਂ ਵਿਚ ਏਕਤਾ ਨਹੀਂ ਹੁੰਦੀ। ਮੈਨੂੰ ਵਿਸਥਾਰ ਨਾਲ ਦੱਸੋ, ਇਹ ਸੰਕਟ ਕਿਵੇਂ ਟਾਲਿਆ ਗਿਆ ਏ ?"

"ਇਹ ਤਾਂ ਸਾਨੂੰ ਪਤਾ ਨਹੀਂ, ਅਸੀਂ ਉਹੀ ਕੁਝ ਜਾਣਦੇ ਹਾਂ ਜੋ ਸਾਨੂੰ ਬਾਬਾ ਦੀਪ ਸਿੰਘ ਜੀ ਨੇ ਦੱਸਿਆ ਸੀ," ਪਹਿਲਾ ਸਿੰਘ ਬੋਲ ਪਿਆ, "ਹਾਂ, ਸੱਚੀਂ ਤੁਹਾਨੂੰ ਇਹ ਤਾਂ ਦੱਸਣਾ ਭੁੱਲ ਹੀ ਗਏ ਸਾਂ ਕਿ ਤੁਹਾਡੇ ਭੇਜੇ ਸਿੰਘ ਸਾਬੋ ਕੀ ਤਲਵੰਡੀ, ਦਮਦਮਾ ਸਾਹਿਬ ਤੋਂ ਬਾਬਾ ਦੀਪ ਸਿੰਘ ਜੀ ਨੇ ਅੰਮ੍ਰਿਤਸਰ ਵੱਲ ਭੇਜ ਦਿੱਤੇ ਸਨ ਤੇ ਉਹ ਇਸੇ ਕਰਕੇ ਸਾਡੇ ਨਾਲ ਨਹੀਂ ਆਏ। ਅਸੀਂ ਅੱਗੇ ਵੀ ਸਿੰਘਾਂ ਦੇ ਟਿਕਾਣਿਆਂ 'ਤੇ ਇਹੀ ਸੁਨੇਹਾ ਦੇਣ ਜਾ ਰਹੇ ਹਾਂ।"

"ਖ਼ਾਲਸਾ ਸੰਤ ਸਿਪਾਹੀ ਏ," ਜਥੇਦਾਰ ਕਰਮ ਸਿੰਘ ਨੇ ਉਨ੍ਹਾਂ ਦੀ ਹੌਸਲਾ ਵਧਾਈ ਕਰਦਿਆਂ ਕਿਹਾ, "ਯੁੱਧ ਸਮੇਂ ਇਹ ਸਿਪਾਹੀ ਤੇ ਸੂਰਮਾ ਹੈ। ਆਮ ਹਾਲਾਤ ਵਿਚ ਇਹ

ਸੰਤ ਹੈ। ਇਹਦਾ ਕਰਮ ਗੁਰਬਾਣੀ ਪੜ੍ਹਨੀ ਤੇ ਪੜ੍ਹਾਉਣੀ ਅਤੇ ਗੁਰਮਤਿ ਦੀ ਵਿਆਖਿਆ ਕਰਨਾ ਹੈ। ਆਤਮਕ ਬਲ ਪੈਦਾ ਕਰਨ ਲਈ ਅਗਵਾਈ ਦੇਣੀ ਸੰਤ ਦਾ ਮੁੱਖ ਕਰਤੱਵ ਹੈ। ਤੁਸੀਂ ਜਦੋਂ ਵੀ ਵਾਪਸ ਸਾਬੋ ਕੀ ਤਲਵੰਡੀ ਪਹੁੰਚੋ ਤਾਂ ਮੇਰੀ ਫ਼ਤਹਿ ਬੁਲਾ ਕੇ ਕਹਿ ਦੇਣਾ ਕਿ ਅਸੀਂ ਹੁਣ ਸ਼ਸਤਰ ਕੇਵਲ ਉਸ ਵੇਲੇ ਹੀ ਉਠਾ ਕੇ ਯੁੱਧ ਵਿਚ ਨਿੱਤਰਾਂਗੇ, ਜਦੋਂ ਹਕੂਮਤ ਦੇ ਹੰਕਾਰੇ ਹਾਕਮ ਸਿੱਖਾਂ 'ਤੇ ਜ਼ੁਲਮ ਕਰਨਗੇ ਜਾਂ ਨਿਰਦੋਸ਼ਾਂ ਨੂੰ ਫੜ ਕੇ ਮਾਰਨਗੇ। ਮੈਂ ਹੁਣੇ ਦੁਆਬੇ ਦੇ ਸਾਰੇ ਜਥੇਦਾਰਾਂ ਦੀ ਇਕੱਤਰਤਾ ਬੁਲਾ ਕੇ ਧਰਮ ਪ੍ਰਚਾਰ ਦੀ ਵਿਉਂਤ ਬਣਾ ਕੇ ਪਿੰਡ ਪਿੰਡ ਪਹੁੰਚਾਂਗਾ। ਲੋਕਾਂ ਦੇ ਦੁਖਦੇ ਦਿਲਾਂ 'ਤੇ ਪਿਆਰ ਦੀ ਮਰ੍ਹਮ ਲਾਵਾਂਗੇ। ਸਾਨੂੰ ਆਪਸ ਵਿਚ ਇਸੇ ਤਰ੍ਹਾਂ ਸੰਪਰਕ ਬਣਾਈ ਰੱਖਣਾ ਚਾਹੀਦਾ ਏ।"

ਉਸੇ ਵੇਲੇ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਸਿੰਘਾਂ ਦੇ ਹੋ ਰਹੇ ਦੀਵਾਨ ਵਿਚ ਜਾ ਕੇ ਜਥੇਦਾਰ ਕਰਮ ਸਿੰਘ ਨੇ ਖ਼ੁਸ਼ਖ਼ਬਰੀ ਸੁਣਾਈ ਕਿ ਸ੍ਰੀ ਅੰਮ੍ਰਿਤਸਰ ਵਿਚ ਭਾਈ ਮਨੀ ਸਿੰਘ ਜੀ ਦੇ ਯਤਨਾਂ ਨਾਲ ਤੇ ਮਾਤਾ ਸੁੰਦਰੀ ਜੀ ਦੇ ਆਦੇਸ਼ ਅਨੁਸਾਰ ਪੰਥ ਵਿਚ ਪੂਰਨ ਏਕਤਾ ਹੋ ਗਈ ਏ। ਸਿੰਘਾਂ ਨੇ ਜੈਕਾਰੇ ਗਜਾ ਕੇ ਇਸ ਖ਼ੁਸ਼ਖ਼ਬਰੀ 'ਤੇ ਖ਼ੁਸ਼ੀ ਤੇ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ। ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਤੋਂ ਆਏ ਸਿੰਘਾਂ ਨੂੰ ਸ੍ਰੀ ਕੇਸਗੜ੍ਹ ਤੋਂ ਸਿਰੋਪਾ ਬਖ਼ਸ਼ਸ਼ ਕੀਤਾ ਗਿਆ।

ਬੜੇ ਅਜੀਬ ਦਿਨ ਆ ਗਏ ਸਨ। ਖ਼ੁਸ਼ੀ ਤੇ ਗ਼ਮੀ, ਦੁਖ ਤੇ ਸੁਖ, ਚੜ੍ਹਦੀ ਕਲਾ ਤੇ ਢਹਿੰਦੀ ਕਲਾ, ਜਿੱਤ ਤੇ ਹਾਰ ਆਪਸ ਵਿਚ ਕੁਝ ਇਸ ਤਰ੍ਹਾਂ ਰਲ-ਗੱਡ ਹੋ ਗਏ ਸਨ ਕਿ ਕੋਈ ਸਪੱਸ਼ਟ ਗੱਲ ਸਾਹਮਣੇ ਨਹੀਂ ਸੀ ਆ ਰਹੀ। ਕਿਧਰੋਂ ਖ਼ਬਰ ਆ ਜਾਂਦੀ ਕਿ ਫਲਾਂ ਪਿੰਡ ਵਿਚ ਲੋਕਾਂ ਨੇ ਇਕੱਠੇ ਹੋ ਕੇ ਸਿੰਘਾਂ ਦੀ ਅਗਵਾਈ ਹੇਠ ਜ਼ਾਲਮ ਹਾਕਮ ਨੂੰ ਸੋਧ ਦਿੱਤਾ ਹੈ। ਚੜ੍ਹਾਈ ਕਰ ਕੇ ਆਏ ਫ਼ੌਜੀਆਂ ਨੂੰ ਪਿੰਡਾਂ ਦੇ ਵਸਨੀਕਾਂ ਦੀ ਏਕਤਾ ਨੇ ਭਜਾ ਦਿੱਤਾ ਹੈ। ਕਿਸੇ ਪਾਸਿਉਂ ਸਮਾਚਾਰ ਮਿਲ ਜਾਂਦੇ ਕਿ ਪਿੰਡ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਪਿੰਡ ਦੇ ਵਿਕਾਸ ਲਈ ਹੰਭਲਾ ਮਾਰਿਆ ਹੈ, ਸਿੱਖਾਂ ਦੀ ਪਹਿਲ ਨਾਲ ਗ਼ਰੀਬ ਦੀ ਲੜਕੀ ਦਾ ਵਿਆਹ ਪਿੰਡ ਨੇ ਰਲ ਕੇ ਕਰ ਦਿੱਤਾ ਹੈ ਤਾਂ ਝੱਟ ਚੜ੍ਹਦੀ ਕਲਾ ਤੇ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ। ਉਸੇ ਵੇਲੇ ਅਨੰਦਪੁਰ ਵਿਚ ਬੈਠੇ ਲਿਖਾਰੀ ਅਜਿਹੀ ਲੋਕ ਸ਼ਕਤੀ ਦੀ ਜਿੱਤ ਦੀ ਕਹਾਣੀ ਲਿਖਦੇ ਤੇ ਉਹਦੇ ਕਈ ਉਤਾਰੇ ਕਰਕੇ ਵੱਖ ਵੱਖ ਪਾਸਿਆਂ ਨੂੰ ਭੇਜ ਦਿੱਤੇ ਜਾਂਦੇ। ਜਿਥੇ ਜਿਥੇ ਵੀ ਇਹ ਸੂਚਨਾ ਪਹੁੰਚਦੀ, ਲੋਕਾਂ ਵਿਚ ਖ਼ੁਸ਼ੀ, ਸੰਤੁਸ਼ਟਤਾ ਦੇ ਨਾਲ ਨਾਲ ਭਾਈਚਾਰੇ ਦੀ ਏਕਤਾ ਦੀ ਭਾਵਨਾ ਵੀ ਪਰਬਲ ਹੁੰਦੀ।

ਕਦੇ ਕਦੇ ਮਾੜੀ ਖ਼ਬਰ ਆ ਜਾਂਦੀ, ਕਿਧਰੇ ਲੋਕਾਂ ਦੀ ਪਰਸਪਰ ਫੁੱਟ ਤੇ ਧਰਮ ਦੇ ਠੇਕੇਦਾਰਾਂ ਦੇ ਜ਼ਹਿਰੀਲੇ ਪ੍ਰਚਾਰ ਅਤੇ ਹਕੂਮਤ ਦੇ ਝੋਲੀ-ਚੁੱਕਾਂ ਦੀਆਂ ਗ਼ਲਤ-ਮਲਤ ਸੂਚਨਾਵਾਂ ਦੇ ਆਧਾਰ 'ਤੇ ਚੜ੍ਹ ਆਈ ਫ਼ੌਜ ਆ ਕੇ ਨਿਰਦੋਸ਼ਾਂ ਨੂੰ ਮਾਰ ਜਾਂਦੀ, ਗ਼ਰੀਬਾਂ ਦੇ ਮਕਾਨ ਤੇ ਕੁੱਲੀਆਂ ਢਾਹ ਜਾਂਦੀ ਤੇ ਸਮਾਜ-ਸੇਵਕਾਂ ਨੂੰ ਬੰਦੀ ਬਣਾ ਕੇ ਲੈ ਜਾਂਦੀ। ਕਈ ਵਾਰ ਸਥਾਨਕ ਹਾਕਮਾਂ ਦੀ ਲੋਕਾਂ ਦੇ ਟਾਕਰੇ 'ਤੇ ਹਾਰ ਦਾ ਬਦਲਾ ਲੈਣ ਲਈ ਫ਼ੌਜਦਾਰਾਂ ਦੀ ਸ਼ਕਤੀ ਲੋਕਾਂ 'ਤੇ ਟੁੱਟ ਪੈਂਦੀ। ਹਕੂਮਤ ਲਈ ਸਭ ਤੋਂ ਵੱਡੀ ਚਣੌਤੀ ਤਾਂ ਲੋਕਾਂ ਦੀ ਏਕਤਾ ਸੀ। ਹਾਕਮ ਨਹੀਂ ਸਨ ਬਰਦਾਸ਼ਤ ਕਰਦੇ ਕਿ ਲੋਕ ਇਕ ਦੂਜੇ ਦੇ ਨੇੜੇ ਹੋਣ। ਉਹ ਤਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਪਾੜ ਕੇ ਰੱਖਣ ਵਿਚ ਹੀ ਆਪਣੀ ਰਾਜਨੀਤਕ ਜਿੱਤ ਤੇ ਸੁਰੱਖਿਆ ਅਨੁਭਵ ਕਰਦੇ ਸਨ।

ਜਦੋਂ ਹਕੂਮਤ ਦੇ ਇਨ੍ਹਾਂ ਅੱਤਿਆਚਾਰਾਂ ਅਤੇ ਲੋਕਾਂ ਵਿਰੁੱਧ ਦਮਨ ਦੇ ਸਮਾਚਾਰ ਅਨੰਦਪੁਰ ਪਹੁੰਚਦੇ ਤਾਂ ਸਾਧਾਰਨ ਸਿੱਖਾਂ ਵਿਚ ਕੁਝ ਨਿਰਾਸ਼ਤਾ ਤੇ ਦੁੱਖ ਦੀ ਪਰਬਲਤਾ ਹੋ ਜਾਂਦੀ। ਭਾਵੇਂ ਮੁਖੀ ਲੋਕ ਤੇ ਜਥੇਦਾਰ ਸਮਝਦੇ ਸਨ ਕਿ ਇਹ ਤਾਂ ਹੋਏਗਾ ਪਰ ਇਸ ਨੂੰ ਬਰਦਾਸ਼ਤ

ਕੀਤਿਆਂ, ਜਿਥੇ ਇਕੱਠੇ ਹੋ ਕੇ ਮੈਦਾਨ ਵਿਚ ਟੱਕਰ ਲਿਆਂ, ਤਰੀਕੇ ਨਾਲ ਦਮਨ ਦਾ ਮੁਕਾਬਲਾ ਕੀਤਿਆਂ, ਨੁਕਸਾਨ ਹੋ ਜਾਣ ਦੇ ਬਾਵਜੂਦ ਢਹਿੰਦੀ ਕਲਾ ਨਹੀਂ ਆਉਂਦੀ। ਜੇਕਰ ਹਕੂਮਤ 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤੇ ਚੱਲਣ ਵਿਚ ਆਪਣਾ ਭਲਾ ਸਮਝਦੀ ਹੈ ਤਾਂ ਮਜ਼ਲੂਮ ਤੇ ਗ਼ਰੀਬ ਨੂੰ ਇਕੱਠੇ ਹੋਣ, ਏਕਤਾ ਕਰਨ ਤੇ ਮਿਲ ਕੇ ਸੰਕਟ ਨੂੰ ਟਾਲਣ ਦਾ ਯਤਨ ਕਰਨਾ ਚਾਹੀਦਾ ਏ। ਜੇ ਅਜਿਹੇ ਔਖੇ ਵੇਲੇ ਦੁਖੀ ਇਕੱਠੇ ਨਾ ਹੋਏ ਤਾਂ ਹਾਕਮਾਂ ਦੇ ਜ਼ੁਲਮੀ ਝੱਖੜ ਨਾਲ ਸਾਰੇ ਮਾਰੇ ਜਾਣਗੇ। ਇਸੇ ਲਈ ਹਾਕਮ ਲੋਕਾਂ ਵਿਚ ਫੁੱਟ ਪਾ ਕੇ ਰੱਖਦੇ ਹਨ ਤੇ ਲੋਕ-ਹਿਤਕਾਰੀ ਜਨ-ਸਮੂਹ ਨੂੰ ਇਕੱਠੇ ਰਹਿਣ ਲਈ ਪ੍ਰੇਰਦੇ ਹਨ।

ਜਥੇਦਾਰ ਕਰਮ ਸਿੰਘ ਨੇ ਦੁਆਬੇ ਦੇ ਸਾਰੇ ਖੇਤਰਾਂ ਦੇ ਜਥੇਦਾਰਾਂ ਦੀ ਇਕੱਤਰਤਾ ਅਨੰਦਪੁਰ ਵਿਚ ਬੁਲਾਈ। ਇਥੇ ਕਈ ਦਿਨ ਸਾਰੀ ਸਥਿਤੀ 'ਤੇ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਅਖ਼ੀਰ ਫ਼ੈਸਲਾ ਹੋ ਗਿਆ ਕਿ ਜੋ ਪਰਵਾਰ ਆਪਣੇ ਪਿੰਡਾਂ ਵਿਚ ਸੁਰੱਖਿਅਤ ਰਹਿ ਸਕਦੇ ਹਨ, ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਜਾਏ। ਜੋ ਵਿਧਵਾਵਾਂ ਕੀਰਤਪੁਰ ਤੇ ਅਨੰਦਪੁਰ ਵਿਚ ਹਨ, ਇਨ੍ਹਾਂ ਨੂੰ ਖੁੱਲ੍ਹ ਦਿੱਤੀ ਜਾਏ ਕਿ ਜੇ ਉਹ ਵਿਆਹ ਕਰਵਾਉਣਾ ਚਾਹੁਣ ਤਾਂ ਉਨ੍ਹਾਂ ਦੀ ਸ਼ਾਦੀ ਕਰ ਦਿੱਤੀ ਜਾਏ ਤਾਕਿ ਉਹ ਬਾਕੀ ਜੀਵਨ ਪਰਿਵਾਰਕ ਤੇ ਗ੍ਰਹਿਸਥੀ ਬਣ ਕੇ ਬਿਤਾ ਸਕਣ। ਜੋ ਪੁਨਰ ਵਿਆਹ ਲਈ ਤਿਆਰ ਨਹੀਂ, ਉਨ੍ਹਾਂ ਨੂੰ ਮਜਬੂਰ ਨਾ ਕੀਤਾ ਜਾਏ। ਜੋ ਅਨੰਦਪੁਰ ਤੇ ਕੀਰਤਪੁਰ ਰਹਿਣਾ ਚਾਹੁਣ ਉਹ ਬੇਸ਼ੱਕ ਰਹਿਣ। ਉਨ੍ਹਾਂ ਦੀ ਸੇਵਾ-ਸੰਭਾਲ ਦਾ ਕਾਰਜ ਪੰਥ ਵੱਲੋਂ ਹੋਵੇ। ਜੋ ਪਿੰਡਾਂ ਵਿਚ ਜਾਣਾ ਚਾਹੁਣ, ਉਨ੍ਹਾਂ ਦੇ ਗੁਜ਼ਾਰੇ ਦਾ ਪ੍ਰਬੰਧ ਕੀਤਾ ਜਾਏ। ਪਹਿਲਾਂ ਤਾਂ ਕੁਝ ਸਿੰਘਾਂ ਨੇ ਇਸ ਦਾ ਵਿਰੋਧ ਕੀਤਾ ਤੇ ਕਿਹਾ ਕਿ ਸਾਨੂੰ ਵਿਧਵਾ ਵਿਆਹ ਦੀ ਪ੍ਰਥਾ ਨਹੀਂ ਸ਼ੁਰੂ ਕਰਨੀ ਚਾਹੀਦੀ, ਪਰ ਜਦੋਂ ਜਥੇਦਾਰ ਕਰਮ ਸਿੰਘ ਨੇ ਸਮਝਾਇਆ ਕਿ ਗੁਰੂ ਅਮਰਦਾਸ ਜੀ ਨੇ ਇਹ ਪ੍ਰਥਾ ਗੋਇੰਦਵਾਲ ਤੋਂ ਸ਼ੁਰੂ ਕੀਤੀ ਸੀ ਤੇ ਕਿਹਾ ਸੀ ਕਿ ਵਿਧਵਾਵਾਂ ਦੇ ਜੀਵਨ ਵਿਚ ਖੇੜਾ ਲਿਆਉਣ ਲਈ ਤੇ ਜੀਵਨ ਸੁਖ ਨਾਲ ਗੁਜ਼ਾਰਨ ਦਾ ਅਵਸਰ ਦੇਣ ਲਈ ਵਿਧਵਾਵਾਂ ਨੂੰ ਮੁੜ ਸੁਹਾਗਣਾਂ ਬਣਾਉਣ ਵਿਚ ਕੋਈ ਹਰਜ਼ ਨਹੀਂ, ਤਾਂ ਬਾਕੀ ਸਿੰਘ ਵੀ ਮੰਨ ਗਏ।

ਪੰਥ ਦੇ ਸਿਆਣੇ ਜਥੇਦਾਰਾਂ ਨੇ ਪਹਿਲੀ ਵਾਰ ਅਮਨ ਦੇ ਵਾਤਾਵਰਣ ਵਿਚ ਆਪਣੇ ਵਿਕਾਸ ਲਈ ਸੋਚਣਾ ਸ਼ੁਰੂ ਕੀਤਾ। ਪਿਛਲੇ 15 ਸਾਲ ਤੋਂ ਉਹ ਜੰਗੀ ਤਿਆਰੀਆਂ ਤੇ ਯੁੱਧ ਲਈ ਹੀ ਸੋਚ ਰਹੇ ਸਨ। ਬੰਦਾ ਸਿੰਘ ਬਹਾਦਰ ਦੇ ਨਾਂਦੇੜ ਤੋਂ ਆਉਣ ਪਿੱਛੋਂ ਜੰਗ ਦੇ ਨਗਾਰੇ 'ਤੇ ਅਜਿਹੀ ਚੋਟ ਲੱਗੀ ਤੇ ਹਕੂਮਤ ਕਰਨ ਲਈ ਅਜਿਹਾ ਸੰਘਰਸ਼ ਸ਼ੁਰੂ ਹੋਇਆ ਕਿ ਸਿਵਾਏ ਜੰਗ ਦੇ ਹੋਰ ਕੁਝ ਵੀ ਨਾ ਸੁਝਿਆ। ਨਵੇਂ ਵਾਤਾਵਰਣ ਵਿਚ ਨਵੀਂ ਨੀਤੀ ਅਪਣਾਉਣ ਦੀ ਲੋੜ ਸੀ। ਕੁਝ ਲੋਕ ਇਸ ਬਦਲੇ ਹਾਲਾਤ ਅਨੁਸਾਰ ਆਪਣੇ ਆਪ ਨੂੰ ਨਹੀਂ ਸਨ ਬਦਲ ਸਕਦੇ ਤੇ ਉਹ ਨਵੀਂ ਨੀਤੀ ਦਾ ਵਿਰੋਧ ਕਰਦੇ ਸਨ। ਅੱਖਾਂ ਮੀਟ ਕੇ ਰੱਖਣ ਵਾਲੇ ਆਪਣੇ ਆਲੇ-ਦੁਆਲੇ ਦੀ ਤਬਦੀਲੀ ਨੂੰ ਅਨੁਭਵ ਨਹੀਂ ਕਰਦੇ। ਅਜਿਹੇ ਲੋਕਾਂ ਨੇ ਜਥੇਦਾਰ ਕਰਮ ਸਿੰਘ ਦੀ ਸੋਚ ਦਾ ਸ਼ੁਰੂ ਸ਼ੁਰੂ ਵਿਚ ਵਿਰੋਧ ਵੀ ਕੀਤਾ, ਪਰ ਪਿੱਛੋਂ ਉਹ ਵੀ ਕਹਿਣ ਲੱਗ ਪਏ ਕਿ ਇਹੀ ਇਸ ਵੇਲੇ ਠੀਕ ਰਾਹ ਸੀ।

ਜਥੇਦਾਰ ਕਰਮ ਸਿੰਘ ਨੇ ਜਥੇਦਾਰਾਂ ਦੀ ਇਕੱਤਰਤਾ ਪਿੱਛੋਂ ਸਭ ਨੂੰ ਸਮਝਾਇਆ ਕਿ ਪਿੰਡਾਂ ਵਿਚ ਉਸਾਰੀ ਦੇ ਕਾਰਜਾਂ ਵਿਚ ਜੁੱਟ ਜਾਓ। ਸਿਆਣੇ ਹਕੀਮਾਂ ਵੈਦਾਂ ਤੋਂ ਕੁਝ ਦਿਨਾਂ ਦੀ ਸਿਖਲਾਈ ਦੁਆ ਕੇ ਆਮ ਸਿੱਖਾਂ ਨੂੰ ਕੁਝ ਰੋਗਾਂ ਲਈ ਕੁਝ ਦੇਸੀ ਦਵਾਈਆਂ ਸਮਝਾ ਕੇ ਭੇਜ ਦਿੱਤਾ ਤਾਕਿ ਪਿੰਡਾਂ ਵਿਚ ਜਾ ਕੇ ਰੋਗੀਆਂ ਦੀ ਸੇਵਾ ਕਰਨ। ਸਰੀਰਕ ਦੁਖ ਜਿਸ ਦਾ ਸਿਖ ਦੂਰ ਕਰੇਗਾ, ਉਹ ਲੋਕਾਂ ਦਾ ਹਮਦਰਦ ਬਣ ਜਾਏਗਾ। ਦੂਜਾ ਪੜ੍ਹੇ-ਲਿਖੇ

ਸਿੱਖਾਂ ਨੂੰ ਵਿਦਿਆ ਦੇ ਖੇਤਰ ਵਿਚ ਸੇਵਾ ਕਰਨ ਲਈ ਨਿਯੁਕਤ ਕਰ ਦਿੱਤਾ। ਜਿਨ੍ਹਾਂ ਪਿੰਡਾਂ ਵਿਚ ਪਾਣੀ ਦੀ ਤੰਗੀ ਏ, ਉਥੇ ਖੂਹ ਲਵਾ ਦਿਉ। ਲੋਕ ਤੁਹਾਡੀ ਸੇਵਾ ਤੇ ਜਸ ਗਾਉਂਦੇ ਰਹਿਣਗੇ।

57

ਪੰਜਾਬ ਦੇ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਫ਼ਰਖ਼ਸੀਅਰ ਦਿੱਲੀ ਦਾ ਮੁਗ਼ਲ ਬਾਦਸ਼ਾਹ ਸਮਝ ਬੈਠਾ ਸੀ ਕਿ ਉਹਨੇ ਸਿੱਖਾਂ ਦੀ ਤਾਕਤ ਨੂੰ ਖ਼ਤਮ ਕਰ ਦਿੱਤਾ ਹੈ, ਬੰਦਾ ਸਿੰਘ ਬਹਾਦਰ ਤੇ ਉਹਦੇ ਹਜ਼ਾਰਾਂ ਸਿਖ ਭਰਾਵਾਂ ਨੂੰ ਕਤਲ ਕਰਨ ਪਿੱਛੋਂ ਜਦੋਂ ਪਿੰਡਾਂ ਵਿਚ ਸਿਖ ਪਰਵਾਰਾਂ ਦਾ ਰਹਿਣਾ ਔਖਾ ਕਰ ਦਿੱਤਾ ਤਾਂ ਸਿਖ ਤੇਜ਼ੀ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਨਿਰਾਲੇ ਸਰੂਪ ਨੂੰ ਤਿਲਾਂਜਲੀ ਦੇ ਜਾਣਗੇ, ਪਰ ਉਹਦਾ ਭੁਲੇਖਾ ਛੇਤੀ ਦੂਰ ਹੋ ਗਿਆ ਜਦੋਂ ਇਤਲਾਹਾਂ ਆਈਆਂ ਕਿ ਬਹੁਤ ਸਾਰੇ ਸਿਖ ਪਰਵਾਰ ਪਿੰਡਾਂ ਤੇ ਆਬਾਦੀਆਂ ਨੂੰ ਛੱਡ ਕੇ ਪਹਾੜਾਂ ਤੇ ਜੰਗਲਾਂ ਵੱਲ ਨਿਕਲ ਗਏ ਹਨ। ਇਹ ਸੂਚਨਾ ਵੀ ਲਾਹੌਰ ਤੋਂ ਦਿੱਲੀ ਤਕ ਪਹੁੰਚ ਗਈ ਸੀ ਕਿ ਪਹਾੜਾਂ ਵਿਚ ਦੂਰ ਤਕ ਸਿੱਖਾਂ ਦਾ ਦਬਦਬਾ ਹੈ ਤੇ ਜਾਂ ਫਿਰ ਬੀਕਾਨੇਰ ਦੇ ਥਲਾਂ ਵੱਲ ਸਿੰਘ ਨਿਕਲ ਗਏ ਹਨ। ਇਹ ਖ਼ਬਰ ਹਕੂਮਤ ਦੇ ਸੂਹੀਏ ਨਾ ਦੇ ਸਕੇ ਕਿ ਸਿਖ ਇਸ ਅਤਿ ਸੰਕਟ ਦੇ ਸਮੇਂ ਵੀ ਇਕੱਠੇ ਹਨ ਤੇ ਬੀਕਾਨੇਰ ਵੱਲ ਜਾਣ ਵਾਲੇ ਕਾਫ਼ਲਿਆਂ ਤੇ ਜਥਿਆਂ ਦੀ ਪੂਰੀ ਪੂਰੀ ਜਾਣਕਾਰੀ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਵਿਚ ਹੈ ਤੇ ਉਥੋਂ ਹੀ ਬਾਬਾ ਦੀਪ ਸਿੰਘ ਲਹਿਰ ਦੀ ਅਗਵਾਈ ਕਰ ਰਹੇ ਹਨ। ਇਸੇ ਤਰ੍ਹਾਂ ਪਹਾੜਾਂ ਵੱਲ ਜਾਣ ਵਾਲੇ ਸਿੱਖਾਂ ਦਾ ਸੰਪਰਕ ਸ੍ਰੀ ਅਨੰਦਪੁਰ ਨਾਲ ਹੈ।

ਇਨ੍ਹਾਂ ਸਿਖ ਕੇਂਦਰਾਂ ਦੇ ਮੁਖੀਆਂ ਦੀ ਨੀਤੀ ਇਹ ਸੀ ਕਿ ਚੁੱਪ ਕਰ ਕੇ ਅਮਲ ਕਰਦੇ ਜਾਓ ਤੇ ਐਵੇਂ ਉੱਚੀਆਂ ਤਕਰੀਰਾਂ ਤੇ ਧਮਕੀਆਂ ਨਾ ਦਿੱਤੀਆਂ ਜਾਣ। ਹਕੂਮਤ ਨੂੰ ਇਉਂ ਜਾਪੇ ਕਿ ਇਨ੍ਹਾਂ ਸਿਖ ਕੇਂਦਰਾਂ 'ਤੇ ਸਿਵਾਏ ਪਾਠ ਪੂਜਾ ਤੇ ਕੀਰਤਨ ਦੇ ਹੋਰ ਕੁਝ ਨਹੀਂ ਹੁੰਦਾ ਤੇ ਸਾਧੂ ਸੰਤ ਲੋਕ ਹੀ ਜੁੜਦੇ ਹਨ। ਹਥਿਆਰਾਂ ਦਾ ਪ੍ਰਦਰਸ਼ਨ ਤੇ ਵਾਧੂ ਬੇਤੁਕੀਆਂ ਗੱਲਾਂ ਕਰਨ ਦੀ ਪੂਰੀ ਮਨਾਹੀ ਹੋ ਗਈ। ਪਿੰਡਾਂ ਵਿਚ ਉਦਾਸੀ ਤੇ ਨਿਰਮਲੇ ਥਾਂ ਥਾਂ ਛਾ ਗਏ। ਉਦਾਸੀ ਤਾਂ ਉਂਝ ਵੀ ਖੁੱਲ੍ਹੇ ਵਾਲਾਂ ਨਾਲ ਜੋਗੀਆ ਕੱਪੜੇ ਪਾਈ ਇਕ ਵੱਖਰੇ ਹੀ ਧਰਮ ਦੇ ਮੰਨਣ ਵਾਲੇ ਜਾਪਦੇ ਸਨ। ਇਨ੍ਹਾਂ ਦੇ ਸਪੁਰਦ ਕੰਮ ਸੀ ਕਿ ਇਹ ਥਾਂ ਥਾਂ ਗੁਰ-ਅਸਥਾਨਾਂ ਤੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ। ਆਏ ਗਏ ਸਿੱਖਾਂ ਦੀ ਲੰਗਰ ਨਾਲ ਸੇਵਾ ਕਰਨ। ਠਹਿਰਨ ਲਈ ਪ੍ਰਬੰਧ ਕਰਨ ਤੇ ਲੋਕਾਂ ਨੂੰ ਦਵਾ-ਦਾਰੂ ਦੇ ਕੇ ਉਨ੍ਹਾਂ ਦੀ ਸਿਹਤ ਵਿਚ ਆਉਂਦੀ ਖ਼ਰਾਬੀ ਠੀਕ ਕਰਨ। ਜਥਿਆਂ ਦੇ ਸੰਪਰਕ ਤੇ ਕੇਂਦਰ ਤੋਂ ਆਈ ਸੂਚਨਾ ਵੀ ਇਨ੍ਹਾਂ ਉਦਾਸੀਆਂ ਤੋਂ ਮਿਲ ਜਾਂਦੀ ਸੀ। ਇਕੱਲਾ-ਦੁਕੱਲਾ ਸਿਖ ਵੀ ਇਨ੍ਹਾਂ ਡੇਰਿਆਂ 'ਤੇ ਆ ਕੇ ਪੁੱਛ ਲੈਂਦਾ ਸੀ ਕਿ ਹਕੂਮਤ ਦੀ ਕੋਈ ਫ਼ੌਜੀ ਟੁਕੜੀ ਇਧਰੋਂ ਲੰਘੀ ਤਾਂ ਨਹੀਂ। ਨਾਲ ਦੇ ਪਿੰਡਾਂ ਵਿਚ ਕਿਥੇ ਸਿੱਖਾਂ ਦੇ ਸਮਰਥਕ ਹਨ ਤੇ ਕਿਥੇ ਹਕੂਮਤ ਦੇ ਚੁਗ਼ਲ-ਖ਼ੋਰ ਰਹਿੰਦੇ ਹਨ। ਇਹ ਤਜਰਬਾ ਦੁਆਬੇ ਵਿਚ ਬੜਾ ਕਾਮਯਾਬ ਰਿਹਾ।

ਨਿਰਮਲੇ ਸੰਤ ਬੜੇ ਵਿਦਵਾਨ ਪੁਰਸ਼ ਸਨ, ਉਹ ਵਿਦਿਆ ਦੇਂਦੇ ਤੇ ਇਉਂ ਲੋਕਾਂ ਨੂੰ ਦਿਮਾਗ਼ੀ ਤੇ ਮਾਨਸਿਕ ਤੌਰ 'ਤੇ ਸਾਵਧਾਨ ਕਰ ਰਹੇ ਸਨ। ਇਨ੍ਹਾਂ ਪਾਸ ਵੀ ਕਈ ਪ੍ਰਕਾਰ ਦੀਆਂ ਦਵਾਈਆਂ ਤੇ ਦੇਸੀ ਟੋਟਕੇ ਸਨ, ਜਿਨ੍ਹਾਂ ਨਾਲ ਲੋਕਾਂ ਨੂੰ ਬਹੁਤ ਲਾਭ ਹੋਇਆ।

ਉਦਾਸੀ ਤੇ ਨਿਰਮਲੇ ਸੰਤ ਵਰਗ ਨੇ ਇਸ ਸਮੇਂ ਕੌਮ ਨੂੰ ਚੜ੍ਹਦੀ ਕਲਾ ਵਿਚ ਰੱਖਣ ਵਿਚ ਬੜਾ ਯੋਗਦਾਨ ਪਾਇਆ।

ਕੁਝ ਸਮਾਂ ਦਿੱਲੀ ਦੇ ਮੁਗ਼ਲ ਰਾਜ ਦਾ ਸਿੱਖਾਂ ਵਿਰੁੱਧ ਫ਼ੌਜੀ ਦਬਾਅ ਘਟ ਗਿਆ। ਇਕ ਤਾਂ 1719 ਈਸਵੀ ਵਿਚ ਫ਼ਰਖ਼ਸੀਅਰ ਬਾਦਸ਼ਾਹ ਕਤਲ ਕਰ ਦਿੱਤਾ ਗਿਆ। ਉਹ ਬਹੁਤ ਹੀ ਸਿਖ ਵਿਰੋਧੀ ਸੀ। ਦੂਜਾ ਰਾਜ-ਗੱਦੀ ਲਈ ਮੁਗ਼ਲਾਂ ਵਿਚ ਮੁੜ ਕੇ ਪਹਿਲਾਂ ਵਾਂਗ ਹੀ ਗ੍ਰਹਿ-ਯੁੱਧ ਸ਼ੁਰੂ ਹੋ ਗਿਆ। ਸ਼ਮਸੁਦੀਨ ਤੇ ਰਫ਼ੀ-ਉਦ-ਦੌਲਾ ਦੋ ਬਾਦਸ਼ਾਹ ਛੇ ਮਹੀਨਿਆਂ ਵਿਚ ਰਾਜ-ਗੱਦੀ 'ਤੇ ਬੈਠੇ ਤੇ ਲਾਹ ਦਿੱਤੇ ਗਏ। ਜੇਕਰ ਹਰ ਤੀਜੇ ਮਹੀਨੇ ਰਾਜ-ਗੱਦੀ ਦਾ ਵਾਰਸ ਬਦਲਿਆ ਜਾਣਾ ਹੈ ਤਾਂ ਦੇਸ਼ ਦੀ ਕਿਸੇ ਵੀ ਸਮੱਸਿਆ ਵੱਲ ਕੌਣ ਧਿਆਨ ਦੇ ਸਕਦਾ ਹੈ। ਅਖ਼ੀਰ ਮੁਹੰਮਦ ਸ਼ਾਹ ਰੰਗੀਲਾ ਗੱਦੀ 'ਤੇ ਬੈਠਾ। ਉਹ ਬੜਾ ਐਸ਼-ਪ੍ਰਸਤ ਬੰਦਾ ਸੀ ਤੇ ਆਪਣੀ ਐਸ਼ ਵਿਚ ਇਤਨਾ ਮਸਤ ਸੀ ਕਿ ਉਹਦੇ ਰਾਜ ਵਿਚ ਦੇਸ਼ ਭਰ ਵਿਚ ਮੁਗ਼ਲ ਰਾਜ ਵਿਰੁੱਧ ਬਗ਼ਾਵਤ ਉੱਠਣੀ ਸ਼ੁਰੂ ਹੋ ਗਈ।

ਪੰਜਾਬ ਵਿਚ ਸਿਖ ਲੋਕ-ਲਹਿਰ ਨੇ ਇਸ ਸਮੇਂ ਮੁੜ ਕੇ ਆਪਣੇ ਆਪ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਮਾਝੇ ਵਿਚ ਇਸ ਸਮੇਂ ਸਖ਼ਤੀ ਦਾ ਦੌਰ ਜਾਰੀ ਰਿਹਾ ਕਿਉਂਕਿ ਅਬਦੁਲ ਸਮੱਦ ਖ਼ਾਂ ਹਾਕਮ ਲਾਹੌਰ, ਬੰਦਾ ਸਿੰਘ ਬਹਾਦਰ ਦੀ ਚੜ੍ਹਤ ਦੇ ਦਿਨਾਂ ਤੋਂ ਸਿਖ ਵਿਰੋਧੀ ਜਾਬਰ ਬਣ ਕੇ ਉਭਰਿਆ ਸੀ ਤੇ ਉਹਨੂੰ ਯਕੀਨ ਸੀ ਕਿ ਜਦ ਤਕ ਉਹ ਸਿੱਖਾਂ ਵਿਰੁੱਧ ਮੁਹਿੰਮ ਜਾਰੀ ਰੱਖੇਗਾ, ਉਹਨੂੰ ਲਾਹੌਰ ਦੀ ਹਕੂਮਤ ਤੋਂ ਵੱਖ ਨਹੀਂ ਕੀਤਾ ਜਾਏਗਾ। ਅਬਦੁਲ ਸਮੱਦ ਖ਼ਾਂ ਦੇ ਗੁੱਸੇ ਤੇ ਫ਼ੌਜੀ ਤਾਕਤ ਦਾ ਪ੍ਰਦਰਸ਼ਨ ਬਹੁਤਾ ਮਾਝੇ ਵਿਚ ਸੀ। ਇਸ ਲਈ ਦੁਆਬੇ ਤੇ ਮਾਲਵੇ ਵਿਚ ਸਿੱਖਾਂ ਨੂੰ ਜਥੇਬੰਦੀ ਉਸਾਰਨ ਤੇ ਲੋਕਾਂ ਨਾਲ ਸੰਪਰਕ ਬਣਾਈ ਰੱਖਣ ਦਾ ਸਮਾਂ ਮਿਲ ਗਿਆ। ਜਥੇਦਾਰ ਕਰਮ ਸਿੰਘ ਤੇ ਬਾਬਾ ਦੀਪ ਸਿੰਘ ਨੇ ਇਸ ਸਮੇਂ ਰਾਜਨੀਤਕ ਸੂਝ-ਬੂਝ ਤੇ ਪਰਸਪਰ ਸੰਪਰਕ ਨਾਲ ਕੌਮ ਨੂੰ ਜ਼ੁਲਮੀ ਹਨੇਰੀ ਦੇ ਬਾਵਜੂਦ ਚੜ੍ਹਦੀ ਕਲਾ ਵਿਚ ਰੱਖਿਆ। ਮਾਝੇ ਤੋਂ ਆਉਣ ਵਾਲੇ ਸਿੱਖਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਣ ਦੀ ਸੇਵਾ ਵੀ ਕੀਤੀ।

ਛੋਟੇ ਛੋਟੇ ਸਥਾਨਕ ਹਾਕਮਾਂ ਨਾਲ ਵੀ ਜੰਗਬੰਦੀ ਹੋ ਗਈ। ਜਦ ਸਿੰਘਾਂ ਦੇ ਹਥਿਆਰ-ਬੰਦ ਜਥੇ ਜੰਗਲਾਂ ਤੇ ਪਹਾੜਾਂ ਵਿਚ ਹੀ ਰਹਿੰਦੇ, ਸਥਾਨਕ ਹਾਕਮਾਂ ਨੇ ਵੀ ਸੁਖ ਦਾ ਸਾਹ ਲਿਆ। ਜਦ ਕਦੀ ਕੋਈ ਹਾਕਮ ਜ਼ੁਲਮ ਜਾਂ ਧੱਕਾ ਕਰਦਾ ਤਾਂ ਸਿੱਖਾਂ ਦੇ ਜਥੇ ਟੁੱਟ ਪੈਂਦੇ ਤੇ ਉਹਨੂੰ ਕੀਤੇ ਦੀ ਸਜ਼ਾ ਦੇ ਕੇ ਮੁੜ ਜੰਗਲਾਂ ਵਿਚ ਜਾ ਵੜਦੇ। ਜਥੇਦਾਰ ਕਰਮ ਸਿੰਘ ਨੇ ਇਸ ਸਮੇਂ ਇਹ ਵੀ ਅਨੁਭਵ ਕੀਤਾ ਕਿ ਬੰਦਾ ਸਿੰਘ ਬਹਾਦਰ ਦੇ ਦੋ ਢਾਈ ਸਾਲ ਦੇ ਰਾਜ ਪ੍ਰਬੰਧ ਦਾ ਇਕ ਚੰਗਾ ਫ਼ੈਸਲਾ ਉਨ੍ਹਾਂ ਲਈ ਸਹਾਇਕ ਹੋ ਨਿਬੜਿਆ ਹੈ। ਬੰਦਾ ਸਿੰਘ ਬਹਾਦਰ ਨੇ ਸਰਹੰਦ ਦਾ ਮਾਲਕ ਬਣ ਕੇ ਜ਼ਿਮੀਦਾਰੀ ਖ਼ਤਮ ਕਰ ਦਿੱਤੀ ਤੇ ਐਲਾਨ ਕਰ ਦਿੱਤਾ ਕਿ ਜ਼ਮੀਨ ਤੇ ਖੇਤੀ ਉਸੇ ਦੀ ਹੋਵੇਗੀ ਜੋ ਹਲ ਵਾਹੁੰਦਾ ਹੈ, ਜਿਸ ਨਾਲ ਹਜ਼ਾਰਾਂ ਕਿਸਾਨ ਜ਼ਮੀਨ ਦੇ ਮਾਲਕ ਬਣ ਗਏ ਸਨ। ਇਹ ਸਾਰੇ ਕਿਸਾਨ ਹੁਣ ਸਿੱਖਾਂ ਦੇ ਸਹਾਇਕ ਤੇ ਹਮਦਰਦ ਸਨ। ਹਰ ਤਰ੍ਹਾਂ ਦੀ ਜਿਨਸ ਤੇ ਕਣਕ ਆਦਿ ਲੰਗਰ ਲਈ ਦਿੰਦੇ ਸਨ।

ਇਕ ਦਿਨ ਜਥੇਦਾਰ ਕਰਮ ਸਿੰਘ ਜਦ ਰਾਤ ਨੂੰ ਘਰ ਮੁੜਿਆ ਤਾਂ ਦੀਪੋ ਤੇ ਫ਼ਤਹਿ ਸਿੰਘ ਦੋਵੇਂ ਹੀ ਘਰ ਸਨ। ਬਾਹਰ ਤੋਂ ਹੋਰ ਪ੍ਰਾਹੁਣੇ ਜਾਂ ਸਥਾਨਕ ਸਿਖ ਬੀਬੀਆਂ ਵੀ ਨਹੀਂ ਸਨ। ਆਮ ਤੌਰ 'ਤੇ ਇਨ੍ਹਾਂ ਦੇ ਘਰ ਦੋ ਚਾਰ ਜ਼ਨਾਨੀਆਂ ਜ਼ਰੂਰ ਆਈਆਂ ਰਹਿੰਦੀਆਂ। ਕੋਈ ਦੀਪੋ ਨਾਲ ਆਪਣੀ ਕਿਸੇ ਸਮੱਸਿਆ ਬਾਰੇ ਸਲਾਹ ਕਰਨ ਆ ਜਾਂਦੀ। ਕਿਸੇ ਨੇ ਕੋਈ

ਨਵਾਂ ਚੰਗਾ ਮਾੜਾ ਸਮਾਚਾਰ ਸੁਣਿਆ ਹੁੰਦਾ ਤਾਂ ਉਹ ਤਸਦੀਕ ਕਰਨ ਆ ਜਾਂਦੀ। ਕਦੇ ਕੋਈ ਬਾਹਰੋਂ ਸੁਨੇਹਾ ਲੈ ਕੇ ਆਇਆ ਜਥੇਦਾਰ ਕਰਮ ਸਿੰਘ ਦੀ ਉਡੀਕ ਕਰ ਰਿਹਾ ਹੁੰਦਾ। ਪਹਾੜੀ ਇਲਾਕੇ ਵਿਚ ਵਿਚਰ ਰਹੇ ਸਿੰਘਾਂ ਲਈ ਹਰ ਤਰ੍ਹਾਂ ਦੀ ਜਾਣਕਾਰੀ ਤੇ ਸਹਾਇਤਾ ਦਾ ਕੇਂਦਰ ਅਨੰਦਪੁਰ ਹੀ ਸੀ। ਜਿਹੜਾ ਵੀ ਆਉਂਦਾ, ਦੀਪੋ ਉਸ ਦੀ ਪਹਿਲਾਂ ਜਲ-ਪਾਣੀ ਦੀ ਸੇਵਾ ਕਰਦੀ। ਫਿਰ ਕੰਮ ਪੁੱਛਦੀ ਤੇ ਯਤਨ ਕਰਦੀ ਕਿ ਉਹ ਕਰਮ ਸਿੰਘ ਦੇ ਆਉਣ ਤੋਂ ਪਹਿਲਾਂ ਜੇਕਰ ਆਪ ਸਮੱਸਿਆ ਸੁਲਝਾ ਸਕਦੀ ਤਾਂ ਸੰਕੋਚ ਨਾ ਕਰਦੀ। ਕੁਦਰਤੀ ਤੌਰ 'ਤੇ ਕਰਮ ਸਿੰਘ ਵੀ ਘਰ ਆਉਂਦਿਆਂ ਪਹਿਲਾਂ ਉਨ੍ਹਾਂ ਬਾਹਰੋਂ ਆਏ ਵਿਅਕਤੀਆਂ ਨਾਲ ਹੀ ਗੱਲ-ਬਾਤ ਕਰਦਾ, ਸੁੱਖ-ਸਾਂਦ ਪੁੱਛਦਾ ਤੇ ਫਿਰ ਰੋਟੀ ਖਾ ਕੇ ਝੱਟ ਕੁ ਆਰਾਮ ਕਰਦਾ।

"ਕੀ ਗੱਲ, ਅੱਜ ਘਰ ਵਿਚ ਰੌਣਕ ਨਹੀਂ," ਜਥੇਦਾਰ ਕਰਮ ਸਿੰਘ ਨੇ ਹਰ ਪਾਸੇ ਨਜ਼ਰ ਮਾਰ ਕੇ ਪੁੱਛਿਆ, "ਤੁਸੀਂ ਵੀ ਕੁਝ ਉਦਾਸ ਨਜ਼ਰ ਆ ਰਹੇ ਹੋ। ਫ਼ਤਹਿ ਸਿੰਘ ਅੱਜ ਬਹੁਤ ਛੇਤੀ ਸੌਂ ਗਿਆ ਏ। ਸਿਹਤ ਤਾਂ ਠੀਕ ਏ ਨਾ।"

"ਘਰ ਵਿਚ ਹਰ ਵੇਲੇ ਆਵਾਜਾਈ ਰਹਿਣ ਨਾਲ ਆਦਤ ਜਿਹੀ ਪੈ ਗਈ ਏ," ਦੀਪੋ ਨੇ ਚਿਹਰੇ 'ਤੇ ਮੁਸਕਰਾਹਟ ਲਿਆਉਂਦਿਆਂ ਕਿਹਾ, "ਜਿਵੇਂ ਤੁਸੀਂ ਵੀ ਆਉਂਦਿਆਂ ਪਹਿਲਾਂ ਇਹ ਮਹਿਸੂਸ ਕੀਤਾ ਏ ਕਿ ਘਰ ਵਿਚ ਰੌਣਕ ਨਹੀਂ। ਆਪਣੀ ਵੀ ਅਜੀਬ ਹੀ ਤਬੀਅਤ ਹੋ ਗਈ ਏ। ਕਦੇ ਤਾਂ ਘਰ ਵਿਚ ਬਹੁਤ ਆਵਾਜਾਈ ਤੇ ਭੀੜ-ਭੜੱਕਾ ਚੰਗਾ ਲੱਗਦਾ ਏ ਤੇ ਇਕੱਲ ਖਾਣ ਨੂੰ ਪੈਂਦੀ ਏ। ਕੋਈ ਨਾ ਆਵੇ ਤਾਂ ਵੀ ਉਦਾਸ ਹੋ ਜਾਂਦੀ ਆਂ। ਕਦੇ ਚੰਗਾ ਲੱਗਦਾ ਏ ਕਿ ਤੁਸੀ ਘਰ ਆਉ ਤਾਂ ਹੋਰ ਕੋਈ ਨਾ ਹੋਵੇ ਤੇ ਅੱਜ ਵਾਂਗ ਮੈਨੂੰ ਵੀ ਨੇੜੇ ਬੈਠਣ ਤੇ ਖੁੱਲ੍ਹ ਕੇ ਕੁਝ ਗੱਲਾਂ ਕਰਨ ਦਾ ਮੌਕਾ ਮਿਲ ਜਾਏ।"

ਕਰਮ ਸਿੰਘ ਨੇ ਉਹਨੂੰ ਆਪਣੇ ਕਲਾਵੇ ਵਿਚ ਲੈ ਲਿਆ ਤੇ ਮੰਜੇ 'ਤੇ ਬੈਠ ਕੇ ਉਹਦੇ ਵਾਲਾਂ ਵਿਚ ਆਪਣੀਆਂ ਉਂਗਲੀਆਂ ਫੇਰਦਿਆਂ ਕਹਿਣ ਲੱਗਾ, "ਮੈਂ ਤੇਰੇ 'ਤੇ ਇਸ ਗੱਲੋਂ ਖ਼ੁਸ਼ ਹਾਂ ਕਿ ਤੂੰ ਆਪਣੇ ਦਿਲ ਦੀ ਗੱਲ ਖੁੱਲ੍ਹ ਕੇ ਦੱਸ ਦਿੰਦੀ ਏਂ। ਪਿਆਰ ਤੇ ਫ਼ਰਜ਼ ਦੋਹਾਂ ਦੀ ਵਿਸ਼ੇਸ਼ਤਾ ਸਮਝਦੀ ਏਂ ਤੇ ਦੋਵੇਂ ਪਾਸੇ ਪੂਰੀ ਉਤਰ ਰਹੀ ਏਂ। ਮੈਂ ਕਈ ਵਾਰ ਸੋਚਦਾ ਹਾਂ ਕਿ ਹਟਵਾਣੀਏ ਦੀ ਧੀ, ਹਰ ਵੇਲੇ ਘਰ ਦੀ ਚਾਰ-ਦੀਵਾਰੀ ਵਿਚ ਰਹਿਣ ਵਾਲੀ ਤੇ ਬਾਹਰ ਇਕੱਲੇ ਨਿਕਲਣ ਤੋਂ ਵੀ ਡਰਨ ਵਾਲੀ ਨੇ, ਕਿਸ ਤਰ੍ਹਾਂ ਇਕ ਨਵੇਂ ਮਾਹੌਲ ਵਿਚ ਆਪਣੇ ਆਪ ਨੂੰ ਢਾਲ ਲਿਆ ਏ। ਹੁਣ ਤੇ ਇਉਂ ਲੱਗਦਾ ਏ ਕਿ ਜਨਮ-ਜਨਮਾਂਤਰਾਂ ਤੋਂ ਸਿੱਖੀ ਦੇ ਵਾਤਾਵਰਣ ਵਿਚ ਹੀ ਰਹਿੰਦੀ ਆਈ ਏਂ।"

"ਉਹ ਔਰਤ ਕੀ ਹੋਈ ਜੋ ਆਪਣੇ ਆਪ ਨੂੰ ਸਹੁਰੇ ਘਰ ਆ ਕੇ ਮਾਹੌਲ ਮੁਤਾਬਿਕ ਨਾ ਢਾਲ ਸਕੇ," ਦੀਪੋ ਨੇ ਆਖਿਆ, "ਬੁੱਢੀਆਂ ਕਹਿੰਦੀਆਂ ਹੁੰਦੀਆਂ ਨੇ ਕਿ ਦੁਲਹਨ ਉਹੀ ਜੋ ਪੀਆ ਮਨ ਭਾਏ। ਪਤੀ ਦੀਆਂ ਖ਼ੁਸ਼ੀਆਂ ਵਿਚ ਵਾਧਾ ਕਰਨ ਵਾਲੀ ਔਰਤ ਹੀ ਸੁਖੀ ਤੇ ਸੰਤੁਸ਼ਟ ਰਹਿ ਸਕਦੀ ਏ। ਨਾਲੇ ਮੈਨੂੰ ਤਾਂ ਪਹਿਲਾਂ ਤੋਂ ਹੀ ਸਿੱਖੀ ਜੀਵਨ ਚੰਗਾ ਲੱਗਦਾ ਸੀ।"

"ਅੱਛਾ," ਕਰਮ ਸਿੰਘ ਨੇ ਉਹਨੂੰ ਘੁੱਟ ਕੇ ਆਪਣੇ ਨੇੜੇ ਕਰਦਿਆਂ ਕਿਹਾ।

"ਤਾਹੀਉਂ ਤੇ ਭਾਈਏ ਦੇ ਰਿਸ਼ਤਾ ਤੋੜਨ ਦੀ ਧਮਕੀ ਸਮੇਂ ਤੁਹਾਨੂੰ ਮਿਲਣ ਕਰਤਾਰਪੁਰ ਆ ਗਈ ਸਾਂ," ਦੀਪੋ ਬੋਲੀ, "ਭਾਵੇਂ ਉਸ ਵੇਲੇ ਮੇਰਾ ਕਰਤਾਰਪੁਰ ਆਉਣਾ ਠੀਕ ਨਹੀਂ ਸੀ। ਸਮਾਜਕ ਰਹੁ-ਰੀਤੀ ਦੇ ਉਲਟ ਸੀ ਤੇ ਇਹ ਵੀ ਡਰ ਲੱਗਦਾ ਸੀ ਕਿ ਤੁਸੀਂ ਕਿਧਰੇ ਬੁਰਾ ਨਾ ਮੰਨ ਜਾਓ।"

ਇਸ ਤਰ੍ਹਾਂ ਵਿਆਹ ਤੋਂ ਪੰਦਰਾਂ ਸੋਲਾਂ ਸਾਲਾਂ ਪਿੱਛੋਂ ਵੀ ਉਹ ਅਜੇ ਇਸ ਤਰ੍ਹਾਂ ਪੁਰਾਣੀਆਂ ਪਿਆਰ ਦੀਆਂ ਯਾਦਾਂ ਤੇ ਗੱਲਾਂ ਚੇਤੇ ਕਰ ਕੇ ਤੇ ਉਨ੍ਹਾਂ ਨੂੰ ਦੁਹਰਾ ਕੇ ਆਨੰਦ

ਲੈ ਰਹੇ ਸਨ। ਕੁਆਰੇ ਹੁੰਦੇ ਕਿਵੇਂ ਇਕ ਦੂਜੇ ਬਾਰੇ ਸੋਚਦੇ ਸਨ, ਕਿਸ ਤਰ੍ਹਾਂ ਉਨ੍ਹਾਂ ਦਾ ਵਿਆਹ ਹੋਇਆ ਤੇ ਕਿਸ ਤਰ੍ਹਾਂ ਉਨ੍ਹਾ ਸੁਹਾਗ ਰਾਤ ਮਾਣੀ। ਪਿਆਰ ਦੀਆਂ ਯਾਦਾਂ ਇਉਂ ਕਿਤਨਾ ਚਿਰ ਦੁਹਰਾਂਦੇ ਰਹੇ। ਸੁੱਤੇ ਪਏ ਫ਼ਤਹਿ ਸਿੰਘ ਨੇ ਪਾਸਾ ਪਰਤਿਆ। ਝੱਟ ਦੀਪੋ ਮੰਜੇ ਤੋਂ ਉੱਠ ਪਈ। ਉਹ ਅੱਜ ਤਕ ਕਦੇ ਵੀ ਕਿਸੇ ਸਾਹਮਣੇ ਉਸ ਮੰਜੇ 'ਤੇ ਨਹੀਂ ਸੀ ਬੈਠੀ, ਜਿਥੇ ਕਿ ਕਰਮ ਸਿੰਘ ਬੈਠਾ ਹੋਵੇ। ਇਥੋਂ ਤਕ ਕਿ ਫ਼ਤਹਿ ਸਿੰਘ ਦੇ ਘਰ ਹੁੰਦਿਆਂ ਜਾਂ ਜਾਗਦਿਆਂ ਵੀ ਉਹ ਕਰਮ ਸਿੰਘ ਦੇ ਨੇੜੇ ਨਹੀਂ ਸੀ ਬੈਠਦੀ। ਵਿੱਛੋਂ ਜਾਏ ਦਾ ਵੀ ਉਹਨੂੰ ਝਾਕਾ ਸੀ।

ਕਰਮ ਸਿੰਘ ਨੇ ਵੀ ਗੱਲ-ਬਾਤ ਦਾ ਰੁਖ਼ ਮੋੜਿਆ ਤੇ ਪੁੱਛਿਆ, "ਜ਼ਨਾਨੀਆਂ ਕੀ ਕਹਿੰਦੀਆਂ ਨੇ ਘਰ ਦੀ ਸਭ ਨੂੰ ਯਾਦ ਸਤਾਂਦੀ ਏ? ਘਰਾਂ ਨੂੰ ਤੇ ਆਪਣੇ ਪਿੰਡਾਂ ਨੂੰ ਜਾਣ ਲਈ ਕੌਣ ਕੌਣ ਕਾਹਲੀ ਏ?"

"ਆਪਣਾ ਘਰ ਆਪਣਾ ਹੀ ਹੁੰਦਾ ਹੈ ਤੇ ਉਹ ਕਿਸ ਨੂੰ ਚੰਗਾ ਨਹੀਂ ਲੱਗਦਾ," ਦੀਪੋ ਨੇ ਝੱਟ ਉੱਤਰ ਦਿੱਤਾ, "ਦੂਜਿਆਂ ਦੀ ਕੀ ਗੱਲ ਕਰਾਂ, ਮੇਰਾ ਆਪਣਾ ਜੀਅ ਕਰਦਾ ਏ ਕਿ ਮੁੜ ਕਰਤਾਰਪੁਰ ਜਾ ਕੇ ਰਵ੍ਹਾਂ। ਘਰ ਵਿਚ ਔਰਤ ਨੂੰ ਬਥੇਰੇ ਰੁਝੇਵੇਂ ਹੁੰਦੇ ਨੇ। ਅੰਮ੍ਰਿਤ ਵੇਲੇ ਉੱਠ ਕੇ ਬਹੁਕਰ ਦੇਣੀ, ਘਰ ਵਿਚ ਚੌਂਕਾ ਸਾਂਭਣਾ, ਦੁੱਧ ਰਿੜਕਣਾ, ਗੋਹਾ ਪੱਥਣਾ ਤੇ ਮਾਲ ਡੰਗਰ ਨੂੰ ਸਾਂਭਣਾ, ਘਰ ਦੇ ਇਸ ਕੰਮ ਦਾ ਵੀ ਅਨੰਦ ਆਪਣਾ ਹੀ ਏ, ਜੋ ਇਥੇ ਨਹੀਂ। ਘਰ ਵਿਚ ਜਿਵੇਂ ਜੀਅ ਕਰੇ ਰਹਿ ਲਈਏ। ਜਿਹੋ ਜਿਹੇ ਕੱਪੜੇ ਹੋਏ, ਪਾ ਕੇ ਗੁਜ਼ਾਰਾ ਕਰ ਲਿਆ। ਘਰੋਂ ਬਾਹਰ ਨਿਕਲ ਕੇ ਤਾਂ ਅਜਿਹੀ ਮਨ ਮਰਜ਼ੀ ਨਹੀਂ ਚੱਲਦੀ।"

"ਜਿਹੜੀ ਇਥੇ ਔਖੀ ਏ, ਉਹ ਘਰ ਜਾ ਸਕਦੀ ਏ," ਜਥੇਦਾਰ ਕਰਮ ਸਿੰਘ ਨੇ ਤੁਰਤ ਆਪਣਾ ਪ੍ਰਭਾਵ ਪ੍ਰਗਟ ਕਰ ਦਿੱਤਾ।

"ਇਸ ਤਰ੍ਹਾਂ ਘਰੋਂ ਬੇਘਰ ਹੋ ਕੇ ਰਹਿਣ ਵਿਚ ਵੀ ਤਾਂ ਆਪਣੀ ਕਿਸਮ ਦਾ ਸਵਾਦ ਏ," ਦੀਪੋ ਨੇ ਉਹਦੀ ਗੱਲ ਤੋਂ ਉਹਦੀ ਖਿਝ ਅਨੁਭਵ ਕਰਦਿਆਂ ਸਪੱਸ਼ਟ ਕੀਤਾ, "ਮਰਦ ਕੀ ਜਾਣਨ ਔਰਤ ਦੇ ਮਨ ਦੀ ਦਸ਼ਾ ਨੂੰ। ਜਿਥੇ ਪਿੰਡਾਂ ਵਿਚ ਘਰੀਂ ਰਹਿਣ ਦਾ ਸੁਖ ਤੇ ਸਵਾਦ ਏ, ਉਥੇ ਮਰਦਾਂ ਦੀ ਹਰ ਵੇਲੇ ਉਡੀਕ ਵੀ ਤਾਂ ਔਖਾ ਕਰਦੀ ਏ। ਪਤਾ ਜੇ ਜਦੋਂ ਮਰਦ ਦੱਸੇ ਸਮੇਂ 'ਤੇ ਘਰ ਨਾ ਆਵੇ ਤਾਂ ਔਰਤਾਂ ਕਿਤਨੀਆਂ ਕਿਤਨੀਆਂ ਸੁਖਣਾਂ ਸੁਖਦੀਆਂ ਨੇ। ਹੁਣ ਮਰਦਾਂ ਨਾਲ ਰਹਿਣ ਦਾ ਵੀ ਆਪਣਾ ਹੀ ਅਨੰਦ ਏ।"

ਕਿਤਨੀ ਰਾਤ ਗਈ ਤਕ ਉਹ ਇਉਂ ਗੱਲਾਂ ਕਰਦੇ ਰਹੇ।

58

ਕਰਮ ਸਿੰਘ ਨੂੰ ਯੁੱਧ ਦੇ ਸਮੇਂ ਨਾਲੋਂ ਅਮਨ ਦੇ ਦਿਨਾਂ ਵਿਚ ਕਰਨ ਵਾਲੇ ਕੰਮ ਬਹੁਤੇ ਸਨ। ਉਹ ਕਈ ਵਾਰ ਸੋਚਦਾ ਕਿ ਸੁਖ-ਸਾਂਦ ਦੇ ਦਿਨਾਂ ਵਿਚ ਰੁਝੇਵੇਂ ਕਿਸ ਤਰ੍ਹਾਂ ਵਧ ਜਾਂਦੇ ਹਨ। ਇਕ ਤਾਂ ਸ਼ਹੀਦ ਹੋ ਗਏ ਸਿੰਘਾਂ ਦੇ ਪਰਵਾਰਾਂ ਦੀ ਦੇਖ-ਭਾਲ ਤੇ ਸੇਵਾ-ਸੰਭਾਲ ਦਾ ਕੰਮ ਸੀ। ਦੂਜਾ, ਉਨ੍ਹਾਂ ਪਰਿਵਾਰਾਂ ਦੀਆਂ ਸਮੱਸਿਆਵਾਂ ਸਨ ਜੋ ਹੁਕਮਰਾਨ ਵਰਗ ਦੇ ਜ਼ੁਲਮੀ ਝੱਖੜ ਤੋਂ ਡਰਦੇ ਅਨੰਦਪੁਰ, ਕੀਰਤਪੁਰ ਤੇ ਹੋਰ ਪਹਾੜੀ ਖੇਤਰਾਂ ਵਿਚ ਆ ਗਏ ਸਨ। ਕਈ ਥਾਵਾਂ ਦੇ ਪਹਾੜੀ ਹਾਕਮ ਹਮਦਰਦ ਹੋ ਨਿਬੜਦੇ ਸਨ ਤੇ ਕਈ ਮੁਗ਼ਲਾਂ ਨਾਲੋਂ ਵੀ ਵੱਧ ਦੁਸ਼ਮਣ ਸਾਬਤ ਹੋ ਰਹੇ ਸਨ। ਜੇ ਕੋਈ ਸਥਾਨਕ ਹਾਕਮ ਸਹਿਯੋਗ ਦਿੰਦਾ ਤਾਂ ਸਿੰਘ ਵੀ ਡਟ ਕੇ ਉਹਦੀ ਲੋੜ ਸਮੇਂ ਮਦਦ ਕਰਦੇ। ਇਹ ਕਾਰਜ ਕਰਦਿਆਂ ਕਰਮ ਸਿੰਘ ਨੂੰ ਕਦਮ

ਕਦਮ 'ਤੇ ਹਰ ਹਾਕਮ ਦੇ ਵਤੀਰੇ ਦੀ ਪੂਰੀ ਜਾਣਕਾਰੀ ਲੈ ਕੇ ਉਹਦੇ ਵੱਲ ਨੀਤੀ ਨਿਸਚਿਤ ਕਰਨੀ ਪੈਂਦੀ ਸੀ। ਪਹਾੜਾਂ ਵਿਚ ਆਮ ਕਰਕੇ ਲੁੱਟ-ਮਾਰ ਤੇ ਰਾਹਜ਼ਨੀ ਦੀਆਂ ਘਟਨਾਵਾਂ ਘੱਟ ਹੁੰਦੀਆਂ ਸਨ। ਆਮ ਪਹਾੜੀ ਲੋਕ ਲੋੜ ਤੋਂ ਵਧੇਰੇ ਹੀ ਸਾਊ ਸਨ। ਧੀਆਂ ਭੈਣਾਂ ਦੀ ਇੱਜ਼ਤ ਵੀ ਇਥੇ ਸੁਰੱਖਿਅਤ ਸੀ ਪਰ ਇਕੋ ਗੱਲ ਦਾ ਘਾਟਾ ਸੀ ਕਿ ਕਮਾਈ ਦੇ ਸਾਧਨ ਘੱਟ ਸਨ। ਅੰਨ ਲੋੜ ਅਨੁਸਾਰ ਵੀ ਨਹੀਂ ਸੀ ਹੁੰਦਾ। ਇਸ ਲਈ ਕਰਮ ਸਿੰਘ ਨੇ ਬਿਲਾਸਪੁਰ ਵੱਲ ਦੇ ਪਹਾੜੀ ਖੇਤਰਾਂ ਲਈ ਅੰਨ-ਦਾਣਾ ਪੰਜਾਬ ਤੋਂ ਭੇਜਣਾ ਸ਼ੁਰੂ ਕਰ ਦਿੱਤਾ। ਸਿੱਖਾਂ ਦੇ ਜਥਿਆਂ ਤੇ ਇਸ ਪਾਸੇ ਨਿਕਲ ਗਏ ਸਿਖ ਪਰਵਾਰਾਂ ਲਈ ਜਿਥੇ ਅੰਨ-ਦਾਣਾ ਜਾਂਦਾ, ਉਸ 'ਚੋਂ ਕੁਝ ਹਿੱਸਾ ਸਥਾਨਕ ਲੋਕਾਂ ਨੂੰ ਵੀ ਮਿਲ ਜਾਂਦਾ। ਇਸ ਤਰ੍ਹਾਂ ਆਮ ਲੋਕ ਸਿੱਖਾਂ ਦੇ ਸਹਿਯੋਗੀ ਤੇ ਹਮਦਰਦ ਬਣਦੇ ਗਏ।

ਇਕ ਕੰਮ ਹੋਰ ਜਥੇਦਾਰ ਕਰਮ ਸਿੰਘ ਨੇ ਕੀਤਾ। ਸਥਾਨਕ ਨਿੱਕੇ ਨਿੱਕੇ ਰਾਜਿਆਂ ਤੇ ਜਾਗੀਰਦਾਰਾਂ ਵਿਚ ਹੁੰਦੀਆਂ ਲੜਾਈਆਂ ਤੇ ਵਧਦੇ ਵੈਰ-ਵਿਰੋਧ ਨੂੰ ਵੀ ਠੱਲ੍ਹ ਪਾ ਦਿੱਤੀ। ਜਦ ਵੀ ਕੋਈ ਤਕੜਾ ਮਾੜੇ ਨੂੰ ਮਾਰਨ ਜਾਂ ਇਲਾਕਾ ਖੋਹਣ ਦਾ ਯਤਨ ਕਰਦਾ ਤਾਂ ਸਿੱਖਾਂ ਦੇ ਜਥੇ ਮਾੜੇ ਦੀ ਮਦਦ 'ਤੇ ਪਹੁੰਚ ਜਾਂਦੇ। ਕਈ ਥਾਂ ਇਸ ਤਰ੍ਹਾਂ ਹੋਣ ਨਾਲ ਸਭ ਨੂੰ ਪਤਾ ਲੱਗ ਗਿਆ ਕਿ ਸਿੱਖਾਂ ਦੇ ਜਥੇ ਇਉਂ ਸੱਦੇ 'ਤੇ ਆ ਜਾਂਦੇ ਹਨ, ਇਸ ਪਿੱਛੋਂ ਕਈ ਆਪ ਲੋੜ ਪੈਣ 'ਤੇ ਬੁਲਾਣ ਲੱਗ ਪਏ। ਦਲੀਪ ਚੰਦ ਨੂੰ ਜਦੋਂ ਗੁਆਂਢੀ ਨੇਕ ਰਾਮ ਦੇ ਹਮਲੇ ਤੋਂ ਬਚਾਇਆ ਤਾਂ ਉਹਨੇ ਸਿੰਘ ਸਜਣ ਦਾ ਐਲਾਨ ਕਰ ਦਿੱਤਾ। ਉਚੇਚਾ ਇਕ ਸਮਾਗਮ ਰੱਖਿਆ ਗਿਆ। ਜਥੇਦਾਰ ਕਰਮ ਸਿੰਘ ਪੰਜ ਪਿਆਰਿਆਂ ਸਮੇਤ ਪਹੁੰਚ ਗਿਆ। ਮਰਯਾਦਾ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ। ਜਦ ਦਲੀਪ ਚੰਦ ਅੰਮ੍ਰਿਤ ਛਕਣ ਲਈ ਤਿਆਰ ਹੋਇਆ ਤਾਂ ਉਹਦੇ ਪਰਵਾਰ ਦੇ ਹੋਰ ਕਈ ਜੀਅ ਤੇ ਉਹਦੇ ਦਰਜਨ ਕੁ ਅਹਿਲਕਾਰ ਵੀ ਸਿੰਘ ਸਜ ਗਏ। ਦੇਖਾ ਦੇਖੀ ਤੇ ਆਪਣੇ ਹਾਲਾਤ ਦਾ ਜਾਇਜ਼ਾ ਲੈਣ ਪਿੱਛੋਂ ਛੋਟੇ ਛੋਟੇ ਕਈ ਸਰਦਾਰ ਸਿੰਘ ਸਜ ਗਏ। ਉਨ੍ਹਾਂ ਨੇ ਪੰਜਾਬ ਤੋਂ ਆਏ ਸਿੱਖਾਂ ਨੂੰ ਆਪਣੀ ਰਾਖੀ ਲਈ ਫ਼ੌਜ ਵਿਚ ਭਰਤੀ ਵੀ ਕਰਨਾ ਸ਼ੁਰੂ ਕਰ ਦਿੱਤਾ। ਇਧਰ ਮੁਗ਼ਲ ਫ਼ੌਜਾਂ ਘੱਟ ਆਉਂਦੀਆਂ ਸਨ ਇਸ ਲਈ ਸਿੱਖਾਂ ਵੱਲ ਮੁਗ਼ਲ ਸਰਕਾਰ ਦੇ ਵਤੀਰੇ ਦਾ ਗਿਆਨ ਵੀ ਬਹੁਤਾ ਨਹੀਂ ਸੀ।

ਜਥੇਦਾਰ ਕਰਮ ਸਿੰਘ ਨੇ ਪੰਜ ਜਥੇ ਸਿੱਖੀ ਦੇ ਪ੍ਰਚਾਰ ਲਈ ਦੁਆਬੇ ਵਿਚ ਭੇਜੇ ਹੋਏ ਸਨ ਤੇ ਉਨ੍ਹਾਂ ਵੱਲੋਂ ਹੀ ਹਰ ਹਫ਼ਤੇ ਕਿਧਰੇ ਨਾ ਕਿਧਰੇ ਪ੍ਰਚਾਰ ਪਿੱਛੋਂ ਅੰਮ੍ਰਿਤ ਪ੍ਰਚਾਰ ਦਾ ਪ੍ਰੋਗਰਾਮ ਬਣ ਰਿਹਾ ਸੀ। ਉਸ ਲਈ ਕਿਧਰੇ ਪੰਜ ਪਿਆਰੇ ਭੇਜਣ, ਕਿਧਰੇ ਕਛਹਿਰੇ, ਕੜੇ, ਕੰਘੇ ਤੇ ਕਿਰਪਾਨਾਂ ਭੇਜਣ ਦੀ ਮੰਗ ਆ ਰਹੀ ਸੀ। ਪ੍ਰਚਾਰ ਦੇ ਕੰਮ ਲਈ ਵੀ ਰੋਜ਼ ਹੀ ਰੁਝੇਵੇਂ ਬਣੇ ਰਹਿੰਦੇ ਸਨ। ਕਦੀ ਕਦਾਈਂ ਕਿਧਰੇ ਸਿਖ ਪਰਵਾਰਾਂ ਨਾਲ ਸਥਾਨਕ ਹਾਕਮਾਂ ਦੇ ਅੱਤਿਆਚਾਰਾਂ ਦੇ ਸਮਾਚਾਰ ਆ ਜਾਂਦੇ ਤਾਂ ਉਧਰ ਹਥਿਆਰਬੰਦ ਖ਼ਾਲਸੇ ਦੀਆਂ ਟੁਕੜੀਆਂ ਤੇ ਜਥੇ ਭੇਜਣੇ ਪੈ ਜਾਂਦੇ।

ਜਥੇਦਾਰ ਕਰਮ ਸਿੰਘ ਨੇ ਕੰਮ ਤੇ ਰੁਝੇਵੇਂ ਬਹੁਤ ਵਧ ਜਾਣ 'ਤੇ ਦੁਆਬੇ ਦੇ ਸਾਰੇ ਸਥਾਨਕ ਜਥੇਦਾਰਾਂ ਦੀ ਇਕੱਤਰਤਾ ਅਨੰਦਪੁਰ ਸਾਹਿਬ ਦੇ ਕਿਲ੍ਹਾ ਅਨੰਦਗੜ੍ਹ ਵਿਚ ਬੁਲਾਈ। ਉਸ ਵਿਚ ਸਾਰੀ ਸਥਿਤੀ ਦੀ ਸਮੀਖਿਆ ਕੀਤੀ ਗਈ। ਹਰ ਇਕ ਜਥੇਦਾਰ ਨੇ ਆਪਣੇ ਇਲਾਕੇ ਬਾਰੇ ਪੂਰੀ ਜਾਣਕਾਰੀ ਦਿੱਤੀ। ਇਲਾਕੇ ਦੀਆਂ ਸਮੱਸਿਆਵਾਂ ਤੇ ਵਿਸ਼ੇਸ਼ ਪ੍ਰਸਥਿਤੀਆਂ ਦੀ ਵਿਆਖਿਆ ਕੀਤੀ। ਇਥੇ ਹੀ ਇਹ ਗੱਲ ਨਿੱਖਰ ਕੇ ਸਾਹਮਣੇ ਆ ਗਈ ਕਿ ਕੁਝ ਸਮਾਜ ਵਿਰੋਧੀ ਵਰਗ ਲੁੱਟ-ਮਾਰ ਕਰ ਰਿਹਾ ਹੈ। ਸਿੰਘਾਂ ਦੇ ਭੇਸ ਵਿਚ ਜ਼ਬਰਦਸਤੀ

ਉਗਰਾਹੀਆਂ ਕਰ ਰਿਹਾ ਹੈ। ਲੋਕਾਂ ਨੂੰ ਝੂਠੇ ਲਾਰੇ ਲਾ ਕੇ ਲੁੱਟਿਆ ਜਾ ਰਿਹਾ ਹੈ। ਅਨਾਜ ਮੰਗਵਾ ਕੇ ਦੇਣ ਲਈ ਰਕਮਾਂ ਵਸੂਲ ਕੀਤੀਆਂ ਜਾ ਰਹੀਆਂ ਹਨ। ਸਰਕਾਰ ਨੇ ਵੀ ਕੁਝ ਸਮਾਜ ਵਿਰੋਧੀ ਵਰਗ ਦੀ ਹੌਂਸਲਾ ਵਧਾਈ ਸ਼ੁਰੂ ਕਰ ਦਿੱਤੀ ਹੈ, ਕਿਉਂਕਿ ਇਉਂ ਸਿਖ ਬਦਨਾਮ ਹੁੰਦੇ ਹਨ ਤੇ ਲੋਕਾਂ ਵਿਚ ਸਿਖ-ਲਹਿਰ ਨਾਲ ਵਧ ਰਹੀ ਹਮਦਰਦੀ ਨੂੰ ਠੱਲ੍ਹ ਪੈ ਸਕਦੀ ਹੈ।

ਪੰਜਾਬ ਤੋਂ ਪਹਾੜਾਂ ਵੱਲ ਨਿਕਲ ਗਏ ਸਿੰਘਾਂ ਨੇ ਪੰਜਾਬ ਦੇ ਪਿੰਡਾਂ ਵਿਚ ਜਾ ਕੇ ਪਹਾੜੀ ਖੇਤਰਾਂ ਤੇ ਪਹਾੜੀ ਵਸਨੀਕਾਂ ਦੀਆਂ ਸਿਫ਼ਤਾਂ ਕੀਤੀਆਂ ਹਨ,'ਉਨ੍ਹਾਂ ਦੇ ਨਰਮ-ਦਿਲ ਤੇ ਹਰ ਕਿਸੇ ਨੂੰ ਪਨਾਹ ਦੇਣ ਦੀ ਵਡਿਆਈ ਕੀਤੀ ਹੈ, ਜਿਸ ਦੇ ਫਲਸਰੂਪ ਪਿੰਡ ਦੇ ਸਮਾਜ ਵਿਰੋਧੀ ਵਰਗ ਨੇ ਵੀ ਪਹਾੜਾਂ ਵੱਲ ਜਾ ਕੇ ਆਪਣੀਆਂ ਗ਼ਲਤ ਕਰਤੂਤਾਂ ਤੇ ਲੋਕਾਂ ਤੋਂ ਲੁੱਟ-ਖੋਹ ਕਰਨ ਦੀ ਨੀਤੀ ਸਦਕਾ ਪੰਜਾਬ ਦੇ ਮੈਦਾਨ ਦੇ ਪੰਜਾਬੀਆਂ ਵਿਰੁੱਧ ਪਹਾੜਾਂ ਵਿਚ ਕੁਝ ਨਫ਼ਰਤ ਵੀ ਪੈਦਾ ਹੋਣ ਲੱਗ ਪਈ ਹੈ। ਇਸ ਸਮੱਸਿਆ 'ਤੇ ਕਾਫ਼ੀ ਦੇਰ ਬਹਿਸ ਹੁੰਦੀ ਰਹੀ ਤੇ ਅਖ਼ੀਰ ਫ਼ੈਸਲਾ ਹੋਇਆ ਕਿ ਸਮਾਜ ਵਿਰੋਧੀ ਅਜਿਹੇ ਅਨਸਰਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਜਾਏ। ਜਿਥੇ ਅਜਿਹੇ ਗੰਦੇ ਇਨਸਾਨਾਂ ਦਾ ਪਤਾ ਲੱਗੇ, ਉਨ੍ਹਾਂ ਨੂੰ ਸੋਧ ਦਿੱਤਾ ਜਾਏ। ਜਥੇਦਾਰ ਕਰਮ ਸਿੰਘ ਨੇ ਪੱਕੀ ਕਰ ਦਿੱਤੀ ਕਿ ਅਜਿਹੇ ਵਿਅਕਤੀਆਂ ਨੂੰ ਪਹਿਲਾਂ ਚਿਤਾਵਨੀ ਦਿੱਤੀ ਜਾਏ ਕਿ ਉਹ ਪੰਜਾਬੀਆਂ ਦੀ ਬਦਨਾਮੀ ਦਾ ਕਾਰਨ ਨਾ ਬਣਨ, ਪਰ ਜੇਕਰ ਉਹ ਫਿਰ ਵੀ ਨਾ ਮੁੜਨ ਤਾਂ ਉਨ੍ਹਾਂ ਨੂੰ ਸੋਧ ਦਿੱਤਾ ਜਾਏ। ਅਜਿਹਾ ਸਮਾਜ ਵਿਰੋਧੀ ਵਰਗ ਹਕੂਮਤ ਦੇ ਝੋਲੀ-ਚੁੱਕਾਂ ਤੇ ਚੁਗਲਖ਼ੋਰਾਂ ਨਾਲੋਂ ਵੀ ਮਾੜਾ ਹੈ।

ਇਸੇ ਇਕੱਠ ਵਿਚ ਜਥੇਦਾਰ ਕਰਮ ਸਿੰਘ ਨੇ ਸੁਝਾਅ ਦਿੱਤਾ ਕਿ ਹੁਣ ਸੇਵਾ ਦਾ ਖੇਤਰ ਬਹੁਤ ਵਿਸ਼ਾਲ ਹੋ ਗਿਆ ਹੈ। ਕਈ ਪਾਸੇ ਇਕੋ ਵੇਲੇ ਧਿਆਨ ਦੇਣ ਦੀ ਲੋੜ ਹੈ, ਇਸ ਲਈ ਜੇਕਰ ਇਕੱਠ ਆਗਿਆ ਦੇਵੇ ਤਾਂ ਵੱਖ ਵੱਖ ਮੁਖੀਆਂ ਤੇ ਜਥੇਦਾਰਾਂ ਨੂੰ ਵੱਖੋ ਵੱਖਰਾ ਕੰਮ ਸੌਂਪ ਦਿੱਤਾ ਜਾਏ। ਇਸ ਤਰ੍ਹਾਂ ਸੇਵਾ ਵਧੇਰੇ ਚੰਗੀ ਤਰ੍ਹਾਂ ਹੋ ਸਕੇਗੀ।

"ਤੁਸੀਂ ਮੁਖੀ ਜਥੇਦਾਰ ਹੋ, ਜਿਸ ਨੂੰ ਚਾਹੋ, ਕੋਈ ਵੀ ਸੇਵਾ ਸੌਂਪ ਸਕਦੇ ਹੋ," ਇਕ ਜਥੇਦਾਰ ਨੇ ਤੁਰਤ ਉੱਠ ਕੇ ਆਪਣੀ ਰਾਏ ਪ੍ਰਗਟ ਕਰ ਦਿੱਤੀ।

"ਕੰਮ ਤਾਂ ਆਪਣਾ ਇਕ ਹੀ ਹੈ," ਦੂਜਾ ਜਥੇਦਾਰ ਬੋਲ ਪਿਆ, "ਸੇਵਾ ਕਰਨਾ, ਯੁੱਧ ਦੀ ਸਥਿਤੀ ਵਿਚ ਮਾੜੇ ਤੇ ਕਮਜ਼ੋਰ ਦਾ ਸਾਥ ਦੇਣਾ ਤੇ ਜਾਬਰ ਵਿਰੁੱਧ ਲੜਨਾ। ਅਮਨ ਸ਼ਾਂਤੀ ਦੇ ਦਿਨਾਂ ਵਿਚ ਸਮਾਜ ਸੇਵਾ ਲਈ ਉਪਰਾਲੇ ਕਰਨੇ। ਤੁਸੀਂ ਜ਼ਰਾ ਵਿਸਥਾਰ ਨਾਲ ਸਮਝਾਓ ਕਿ ਕਿਸ ਕਿਸ ਖੇਤਰ ਵਿਚ ਨਿਯੁਕਤੀਆਂ ਕਰਨੀਆਂ ਚਾਹੁੰਦੇ ਹੋ।"

ਪਹਿਲੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਜਥੇਦਾਰ ਕਰਮ ਸਿੰਘ ਨੇ ਕਿਹਾ, "ਖ਼ਾਲਸੇ ਨੇ ਹਰ ਕੰਮ ਪੰਚਾਂ ਦੀ ਸਲਾਹ ਨਾਲ ਕਰਨ ਦੀ ਪ੍ਰਥਾ ਸ਼ੁਰੂ ਕੀਤੀ ਏ, ਇਸੇ ਲਈ ਮੈਂ ਵੀ ਹਰ ਗੱਲ ਦੀ ਤੁਹਾਡੇ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਸਮਝਦਾ ਹਾਂ। ਇਕ ਬੰਦੇ ਦਾ ਵਿਚਾਰ ਗ਼ਲਤ ਵੀ ਹੋ ਸਕਦਾ ਏ, ਸੋਚਣ ਢੰਗ ਵਿਚ ਤਰੁੱਟੀਆਂ ਵੀ ਰਹਿ ਸਕਦੀਆਂ ਹਨ। ਸਲਾਹ ਕੀਤਿਆਂ ਕਈ ਵਾਰ ਕੋਈ ਹੋਰ ਚੰਗੀ ਗੱਲ ਨਿਕਲ ਆਉਂਦੀ ਏ। ਇਸ ਲਈ ਮੈਂ ਬਾਰ ਬਾਰ ਜ਼ੋਰ ਦਿੰਦਾ ਹਾਂ ਕਿ ਕਿਸੇ ਇਕ ਨੂੰ ਵੀ ਸਰਬ-ਅਧਿਕਾਰੀ ਨਾ ਬਣਾਓ। ਇਹ ਹੰਕਾਰ ਪੈਦਾ ਕਰਨ ਦਾ ਕਾਰਨ ਵੀ ਬਣ ਜਾਂਦਾ ਹੈ।"

ਫਿਰ ਦੂਜੇ ਜਥੇਦਾਰ ਦੇ ਪ੍ਰਸ਼ਨ ਬਾਰੇ ਚਰਚਾ ਕਰਦਿਆਂ ਜਥੇਦਾਰ ਕਰਮ ਸਿੰਘ ਨੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਇਕ ਜਥੇਦਾਰ ਪਿੰਡਾਂ ਤੋਂ ਆ ਰਹੇ ਪਰਵਾਰਾਂ ਤੇ ਸ਼ਹੀਦਾਂ ਦੇ ਪਰਵਾਰਾਂ ਦੀ ਦੇਖ-ਭਾਲ ਦਾ ਕੰਮ ਸੰਭਾਲੇ। ਅਸੀਂ ਯੁੱਧ 'ਤੇ ਜਾਈਏ ਜਾਂ ਕਿਸੇ ਹੋਰ ਮੁਹਿੰਮ 'ਤੇ, ਉਹਨੂੰ ਸਿਰਫ਼ ਆਪਣੇ ਕਾਰਜ ਖੇਤਰ ਦਾ ਧਿਆਨ ਹੋਣਾ ਚਾਹੀਦਾ ਏ। ਦੂਜਾ ਜਥੇਦਾਰ ਧਰਮ ਪ੍ਰਚਾਰ ਦੇ

ਕੰਮ ਦਾ ਮੁਖੀ ਹੋਵੇ। ਉਹ ਹੀ ਪ੍ਰਚਾਰ ਲਈ ਗਏ ਜਥਿਆਂ ਨਾਲ ਸੰਪਰਕ ਰੱਖੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭੇ। ਤੀਜਾ ਭੰਡਾਰੀ ਹੋਵੇ, ਜੋ ਅੰਨ ਤੇ ਹੋਰ ਲੋੜ ਦੀਆਂ ਵਸਤਾਂ ਦਾ ਭੰਡਾਰ ਕਰਨ ਤੇ ਲੋੜ ਵਾਲੀ ਥਾਂ ਪਹੁੰਚਾਣ ਦੀ ਸੇਵਾ ਨਿਭਾਏ। ਘੋੜਿਆਂ ਆਦਿ ਦੀ ਖਰੀਦ ਤੇ ਯੁੱਧ ਦਾ ਸਾਮਾਨ ਇਕੱਤਰ ਕਰਨ ਦਾ ਕੰਮ ਕੋਈ ਹੋਰ ਜਥੇਦਾਰ ਸੰਭਾਲ ਲਵੇ।"

"ਤੇ ਤੁਸੀਂ ਆਪ ਕੀ ਸੇਵਾ ਆਪਣੇ ਪਾਸ ਰੱਖਣਾ ਚਾਹੋਗੇ ?" ਇਕ ਨੇ ਪ੍ਰਸ਼ਨ ਕੀਤਾ।

"ਮੈਂ ਯੁੱਧ ਲਈ ਫ਼ੌਜਾਂ ਲਿਜਾਣ ਦੀ ਸੇਵਾ ਆਪ ਕਰਾਂਗਾ," ਜਥੇਦਾਰ ਕਰਮ ਸਿੰਘ ਨੇ ਕਿਹਾ, "ਜਿਥੇ ਲੋੜ ਹੋਵੇਗੀ, ਉਥੇ ਜਥੇ ਲੈ ਕੇ ਜਾਵਾਂਗਾ। ਮੈਂ ਚਾਹੁੰਦਾ ਹਾਂ ਕਿ ਮੈਂ ਹੋਰ ਸਾਰੇ ਪਾਸਿਆਂ ਤੋਂ ਨਿਸਚਿੰਤ ਹੋ ਜਾਵਾਂ।"

ਇਹ ਸੁਝਾਅ ਸਭ ਨੂੰ ਪਸੰਦ ਆਇਆ ਤੇ ਹਾਜ਼ਰ ਜਥੇਦਾਰਾਂ 'ਚੋਂ ਕਈਆਂ ਨੇ ਯੋਗ ਜਥੇਦਾਰਾਂ ਦੇ ਨਾਮ ਵੀ ਪੇਸ਼ ਕੀਤੇ ਤੇ ਵਿਚਾਰ ਕਰ ਕੇ ਸਭ ਖੇਤਰਾਂ ਲਈ ਨਿਯੁਕਤੀਆਂ ਕਰ ਦਿੱਤੀਆਂ ਗਈਆਂ। ਜਥੇਦਾਰ ਇਕੱਤਰਤਾ 'ਚੋਂ ਉੱਠਣ ਹੀ ਲੱਗੇ ਸਨ ਕਿ ਸੇਵਾਦਾਰ ਨੇ ਆ ਕੇ ਦੱਸਿਆ ਕਿ ਸ੍ਰੀ ਅੰਮ੍ਰਿਤਸਰ ਤੋਂ ਸਿੰਘ ਸਾਹਿਬ ਭਾਈ ਮਨੀ ਸਿੰਘ ਜੀ ਦੇ ਭੇਜੇ ਹੋਏ ਦੋ ਸਿੰਘ ਆਏ ਹਨ।

"ਬੁਲਾਓ ਉਨ੍ਹਾਂ ਨੂੰ ਅੰਦਰ," ਜਥੇਦਾਰ ਕਰਮ ਸਿੰਘ ਨੇ ਕਿਹਾ, "ਬੈਠ ਜਾਓ ਜੀ, ਸਾਰੇ। ਨਵਾਂ ਸਮਾਚਾਰ ਸੁਣ ਕੇ ਜਾਓ। ਸੁਖ ਦਾ ਸੁਨੇਹਾ ਹੋਵੇ।"

ਸਾਰੇ ਫਿਰ ਆਪੋ ਆਪਣੀ ਥਾਂ ਬੈਠ ਗਏ। ਸਿੰਘਾਂ ਨੇ ਫ਼ਤਹਿ ਬੁਲਾਈ ਤੇ ਕਿਹਾ, "ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਕਰਮ ਸਿੰਘ ਲਈ ਸੁਨੇਹਾ ਲੈ ਕੇ ਆਏ ਹਾਂ। ਇਕਾਂਤ ਵਿਚ ਗੱਲ ਕਰਨੀ ਏ।"

"ਇਹ ਸਾਰੇ ਦੁਆਬੇ ਦੇ ਮੁਖੀ ਜਥੇਦਾਰ ਹਨ," ਜਥੇਦਾਰ ਕਰਮ ਸਿੰਘ ਨੇ ਕਿਹਾ, "ਇਨ੍ਹਾਂ ਤੋਂ ਕੁਝ ਵੀ ਛੁਪਾਣ ਵਾਲਾ ਨਹੀਂ ਹੋ ਸਕਦਾ। ਦੱਸੋ, ਨਿਸ਼ੰਗ ਹੋ ਕੇ ਕੀ ਸੁਨੇਹਾ ਜਾਂ ਸੰਦੇਸ਼ਾ ਲਿਆਏ ਹੋ।"

"ਤੁਸੀਂ ਸੁਣ ਲਿਆ ਹੋਵੇਗਾ ਕਿ ਮਾਝੇ ਦੇ ਪਰਉਪਕਾਰੀ ਤੇ ਮਹਾਨ ਕਰਨੀ ਵਾਲੇ ਭਾਈ ਤਾਰਾ ਸਿੰਘ ਪਿੰਡ ਵਾਂ ਵਾਲਿਆਂ ਨੂੰ ਹਾਕਮਾਂ ਨੇ ਸ਼ਹੀਦ ਕਰ ਦਿੱਤਾ ਏ," ਇਕ ਸਿੰਘ ਨੇ ਦੱਸਿਆ।

"ਉਹ ਕਿਸ ਤਰ੍ਹਾਂ ?" ਜਥੇਦਾਰ ਕਰਮ ਸਿੰਘ ਨੇ ਪ੍ਰਸ਼ਨ ਕੀਤਾ, "ਉਹ ਤੇ ਲੋਕ ਸੇਵਾ ਲਈ ਪ੍ਰਸਿੱਧ ਸਨ। ਅਸੀਂ ਵੀ ਇਕ ਵਾਰ ਜਥੇ ਸਮੇਤ ਉਨ੍ਹਾਂ ਕੋਲ ਠਹਿਰੇ ਸਾਂ। ਡਲ ਤੇ ਵਾਂ ਦੋ ਪਿੰਡਾਂ ਵਿਚਕਾਰ ਉਨ੍ਹਾਂ ਦਾ ਬੁਰਜ ਸੀ।"

"ਚੌਧਰੀਆਂ ਦੇ ਡੰਗਰ ਲੋਕਾਂ ਦੇ ਖੇਤ ਚਰ ਜਾਂਦੇ ਸਨ," ਦੂਜੇ ਸਿੰਘ ਨੇ ਦੱਸਿਆ, "ਭਾਈ ਜੀ ਨੇ ਰੋਕਿਆ ਤਾਂ ਨੁਸ਼ਹਿਰੇ ਦਾ ਚੌਧਰੀ ਚੜ੍ਹ ਆਇਆ। ਭਾਈ ਤਾਰਾ ਸਿੰਘ ਪਾਸ ਜਥਾ ਠਹਿਰਿਆ ਹੋਇਆ ਸੀ, ਉਨ੍ਹਾਂ ਮਾਰ ਭਜਾਏ। ਫਿਰ ਪੱਟੀ ਦਾ ਫ਼ੌਜਦਾਰ ਲਾਹੌਰੀ ਦਸਤਾ ਨਾਲ ਲੈ ਕੇ ਆ ਗਿਆ। ਭਾਈ ਤਾਰਾ ਸਿੰਘ ਨੇ ਉਨ੍ਹਾਂ ਦੇ ਬੜੇ ਆਹੂ ਲਾਹੇ, ਪਰ ਆਪ ਵੀ ਸ਼ਹੀਦ ਹੋ ਗਏ। ਇਸੇ ਸੰਬੰਧ ਵਿਚ ਪੰਥ ਦਾ ਪ੍ਰਤੀਨਿਧ ਇਕੱਠ ਸੰਗਰਾਂਦ ਦੇ ਦਿਨ ਸ੍ਰੀ ਅਕਾਲ ਤਖ਼ਤ ਸਾਹਮਣੇ ਸੱਦਿਆ ਗਿਆ ਏ। ਅਸੀਂ ਭਾਈ ਮਨੀ ਸਿੰਘ ਜੀ ਵੱਲੋਂ ਸੁਨੇਹਾ ਦੇਣ ਆਏ ਹਾਂ ਕਿ ਤੁਸੀਂ ਦੁਆਬੇ ਦੇ ਸਿੰਘਾਂ ਦਾ ਜਥਾ ਲੈ ਕੇ ਇਸ ਪੰਥਕ ਇਕੱਠ 'ਤੇ ਜ਼ਰੂਰ ਪਹੁੰਚਣਾ। ਪੰਥ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਨੂੰ ਅਜਾਈਂ ਨਹੀਂ ਜਾਣ ਦੇਵੇਗਾ।"

"ਜ਼ਰੂਰ ਪਹੁੰਚਾਂਗੇ," ਜਥੇਦਾਰ ਕਰਮ ਸਿੰਘ ਨੇ ਕਿਹਾ ਤੇ ਫਿਰ ਸਾਥੀਆਂ ਨੂੰ ਸੰਬੋਧਨ ਕਰ ਕੇ ਯਾਦ ਕਰਾਇਆ ਕਿ ਹੁਣੇ ਜੋ ਕੰਮ ਸਭ ਨੇ ਆਪਣੇ ਜ਼ਿੰਮੇ ਲਏ ਹਨ, ਉਨ੍ਹਾਂ ਨੂੰ

ਨਿਭਾਓ, ਆਪਾਂ ਤਾਂ ਹੁਣ ਇਸ ਧਰਮ ਯੁੱਧ ਲਈ ਸ੍ਰੀ ਅੰਮ੍ਰਿਤਸਰ ਜਾ ਰਹੇ ਹਾਂ।"

59

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਅੰਮ੍ਰਿਤਸਰ ਵਿਚ ਕੋਈ ਪੰਥਕ ਇਕੱਠ ਨਹੀਂ ਸੀ ਹੋਇਆ। ਇਕ ਵਾਰ ਦੀਵਾਲੀ ਦਾ ਤਿਉਹਾਰ ਅੰਮ੍ਰਿਤਸਰ ਵਿਚ ਮਨਾਉਣ ਦਾ ਯਤਨ ਹੋਇਆ ਸੀ, ਜਦੋਂ ਬੰਦਈ ਤੇ ਤੱਤ ਖ਼ਾਲਸਾ ਵਿਚਕਾਰ ਝਗੜਾ ਹੋ ਗਿਆ ਸੀ ਤੇ ਆਪਸੀ ਲੜਾਈ ਤੇ ਟਕਰਾਉ ਦੀ ਸਥਿਤੀ ਪੈਦਾ ਹੋ ਗਈ ਸੀ। ਐਨ ਉਸ ਵੇਲੇ ਦਿੱਲੀ ਤੋਂ ਮਾਤਾ ਸੁੰਦਰੀ ਜੀ ਦੇ ਆਦੇਸ਼ ਅਨੁਸਾਰ ਭਾਈ ਮਨੀ ਸਿੰਘ ਅੰਮ੍ਰਿਤਸਰ ਪਹੁੰਚ ਗਏ ਸਨ ਤੇ ਉਨ੍ਹਾਂ ਦੇ ਯਤਨਾਂ ਨਾਲ ਅਤੇ ਦੋਹਾਂ ਪਾਸਿਆਂ ਦੇ ਨੇਤਾਵਾਂ ਦੀ ਸਮਝਦਾਰੀ ਨਾਲ ਝਗੜਾ ਮੁਕਾ ਲਿਆ ਗਿਆ ਸੀ। ਜਦ ਲਾਹੌਰ ਵਿਚ ਇਤਲਾਹ ਪਹੁੰਚੀ ਕਿ ਪੰਥ ਵਿਚ ਮੁੜ ਏਕਤਾ ਹੋ ਗਈ ਏ ਤਾਂ ਹਕੂਮਤ ਨੇ ਮੁੜ ਕੇ ਅੰਮ੍ਰਿਤਸਰ ਵਿਚ ਕਈ ਸਾਲ ਦੀਵਾਲੀ ਤੇ ਪੰਥਕ ਇਕੱਠ ਨਾ ਹੋਣ ਦਿੱਤਾ। ਭਾਈ ਮਨੀ ਸਿੰਘ ਜੀ ਦੇ ਯਤਨਾਂ ਨਾਲ ਆਮ ਸਿੱਖਾਂ ਦੇ ਹਰਿਮੰਦਰ ਸਾਹਿਬ ਆਉਣ ਅਤੇ ਸਰੋਵਰ ਵਿਚ ਇਸ਼ਨਾਨ ਕਰਨ 'ਤੇ ਪਾਬੰਦੀ ਕੁਝ ਨਰਮ ਹੋਈ ਰਹੀ। ਹੁਣ ਜਦੋਂ ਭਾਈ ਤਾਰਾ ਸਿੰਘ 'ਵਾਂ' ਸ਼ਹੀਦ ਕਰ ਦਿੱਤੇ ਗਏ ਤਾਂ ਪੰਥ ਵਿਚ ਹਰ ਪਾਸੇ ਗ਼ਮ ਤੇ ਗੁੱਸੇ ਦੀ ਲਹਿਰ ਦੌੜ ਗਈ। ਕੌਮ ਵਿਚ ਕੋਈ ਇਕ ਆਗੂ ਨਹੀਂ ਸੀ। ਵੱਖ ਵੱਖ ਖੇਤਰਾਂ ਵਿਚ ਵੱਖ ਵੱਖ ਸ਼ਖ਼ਸੀਅਤਾਂ ਕੰਮ ਕਰ ਰਹੀਆਂ ਸਨ। ਮਾਤਾ ਸੁੰਦਰੀ ਜੀ ਪੰਥ ਦੀ ਪਹਿਲੀ ਨਾਰੀ ਨੇਤਾ ਦਿੱਲੀ ਵਿਚ ਬੈਠੀ ਹੋਈ ਸੀ, ਉਹ ਸਲਾਹ ਤਾਂ ਦੇ ਸਕਦੀ ਸੀ ਤੇ ਉਹਦੀ ਸਲਾਹ ਦਾ ਸਤਿਕਾਰ ਵੀ ਸਾਰੇ ਕਰਦੇ ਸਨ ਪਰ ਉਹ ਆਪ ਯੁੱਧ ਖੇਤਰ ਵਿਚ ਮੁਗ਼ਲ ਫ਼ੌਜਾਂ ਨਾਲ ਲੋਹਾ ਨਹੀਂ ਸੀ ਲੈ ਸਕਦੀ। ਪੰਥ ਦੇ ਮੁਖੀ ਜਥੇਦਾਰਾਂ ਨੇ ਸੋਚਿਆ ਕਿ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਨੇ ਇਕ ਅਜਿਹਾ ਅਵਸਰ ਦੇ ਦਿੱਤਾ ਹੈ ਕਿ ਕੌਮ ਇਕ-ਮੁੱਠ ਹੋ ਕੇ ਸੰਘਰਸ਼ ਕਰੇ ਤਾਂ ਜਦੋ-ਜਹਿਦ 'ਚੋਂ ਕੋਈ ਆਗੂ ਵੀ ਨਿਕਲ ਸਕਦਾ ਏ ਤੇ ਕੌਮ ਵਿਚ ਚੜ੍ਹਦੀ ਕਲਾ ਵੀ ਆ ਸਕਦੀ ਏ। ਇਹੀ ਸੋਚ ਕੇ ਸ੍ਰੀ ਅੰਮ੍ਰਿਤਸਰ ਪੰਥਕ ਇਕੱਠ ਰੱਖਿਆ ਗਿਆ, ਜਿਸ ਵਿਚ ਸਾਰੇ ਮੁਖੀ ਸਰਦਾਰਾਂ, ਜਥੇਦਾਰਾਂ ਤੇ ਬੁੱਧੀਜੀਵੀਆਂ ਨੂੰ ਸੱਦਿਆ ਗਿਆ।

ਭਾਈ ਮਨੀ ਸਿੰਘ ਨੂੰ ਸਭ ਤੋਂ ਵੱਧ ਖ਼ੁਸ਼ੀ ਇਸ ਗੱਲ ਦੀ ਸੀ ਕਿ ਕੌਮ ਦੇ ਸਾਰੇ ਜਥੇਦਾਰਾਂ ਨੇ ਇਸ ਇਕੱਤਰਤਾ ਨੂੰ ਇਤਨਾ ਗੁਪਤ ਰੱਖਿਆ ਕਿ ਲਾਹੌਰ ਵਿਚ ਨਵੇਂ ਬਣੇ ਹਾਕਮ ਜ਼ਕਰੀਆ ਖ਼ਾਨ ਨੂੰ ਇਕੱਤਰਤਾ ਦੀ ਖ਼ਬਰ ਹੀ ਨਾ ਮਿਲ ਸਕੀ। ਜ਼ਕਰੀਆ ਖ਼ਾਨ ਬੜਾ ਜ਼ਾਲਮ ਕਿਸਮ ਦਾ ਹਾਕਮ ਸੀ। ਉਹ ਇਤਨਾ ਕਠੋਰ-ਚਿੱਤ ਸੀ ਕਿ ਉਹਨੇ ਆਪਣੇ ਪਿਤਾ ਅਬਦੁਲ ਸਮੱਦ ਖ਼ਾਂ ਵਿਰੁੱਧ ਵੀ ਸਾਜ਼ਸ਼ਾਂ ਕੀਤੀਆਂ ਤੇ ਅਬਦੁਲ ਸਮੱਦ ਖ਼ਾਂ ਨੂੰ ਲਾਹੌਰ ਤੋਂ ਮੁਲਤਾਨ ਤਬਦੀਲ ਕਰਵਾ ਦਿੱਤਾ ਤੇ ਆਪ ਦਿੱਲੀ ਦੇ ਮੁਗ਼ਲ ਬਾਦਸ਼ਾਹ ਤੋਂ ਲਾਹੌਰ ਦਾ ਹਾਕਮ ਬਣ ਕੇ ਆ ਗਿਆ। ਉਹਨੇ ਆਉਂਦਿਆਂ ਮਾਝੇ ਵਿਚ ਸਿੱਖਾਂ ਵਿਰੁੱਧ ਜ਼ੁਲਮੀ ਹਨੇਰੀ ਚਲਾ ਦਿੱਤੀ। ਛੀਨਿਆਂ ਦਾ ਚੌਧਰੀ ਕਰਮਾ, ਤਲਵੰਡੀ ਦਾ ਚੌਧਰੀ ਰਾਮਾ ਰੰਧਾਵਾ, ਜੰਡਿਆਲੇ ਵਾਲਾ ਸਰਨਦਾਸ ਹੰਦਾਲੀਆ, ਨੁਸ਼ਹਿਰੇ ਵਾਲੇ ਦਾ ਚੌਧਰੀ ਸਾਹਿਬ ਰਾਏ ਜ਼ਕਰੀਆ ਖ਼ਾਨ ਨੂੰ ਖ਼ੁਸ਼ ਕਰਨ ਲਈ ਸਿੱਖਾਂ ਨੂੰ ਤੰਗ ਕਰ ਰਹੇ ਸਨ। ਇਨ੍ਹਾਂ ਚੌਧਰੀਆਂ ਦੀਆਂ ਸ਼ਿਕਾਇਤਾਂ ਤੇ ਸਾਜ਼ਸ਼ ਕਾਰਨ ਭਾਈ ਤਾਰਾ ਸਿੰਘ 'ਵਾਂ' ਸ਼ਹੀਦ ਹੋਏ ਤੇ ਕੌਮ ਵਿਚ ਢਹਿੰਦੀ ਕਲਾ ਖ਼ਤਮ ਕਰਨ ਦਾ ਰਾਹ ਨਿਕਲ ਆਇਆ।

ਸ੍ਰੀ ਅੰਮ੍ਰਿਤਸਰ ਵਿਚ ਬੜਾ ਵੱਡਾ ਇਕੱਠ ਹੋਇਆ। ਇਸ ਸਰਬੱਤ ਖ਼ਾਲਸਾ ਇਕੱਠ 'ਤੇ ਦੂਰੋਂ ਦੂਰੋਂ ਆਏ ਮਾਝੇ, ਮਾਲਵੇ ਤੇ ਦੁਆਬੇ ਦੇ ਸਿੰਘ ਪਹੁੰਚੇ ਹੋਏ ਸਨ। ਦੀਵਾਨ ਦਰਬਾਰਾ ਸਿੰਘ ਉਸ ਸਮੇਂ ਮਾਝੇ ਦੇ ਸਭ ਤੋਂ ਵੱਡੇ ਜਥੇ ਦੇ ਜਥੇਦਾਰ ਸਨ। ਅੰਮ੍ਰਿਤਸਰ ਤੋਂ ਲੈ ਕੇ ਤਰਨ ਤਾਰਨ, ਖਡੂਰ ਸਾਹਿਬ ਤੇ ਗੋਇੰਦਵਾਲ ਦੇ ਪੱਤਣ ਤਕ ਦਾ ਇਲਾਕਾ ਇਨ੍ਹਾਂ ਨੂੰ ਨੇਤਾ ਤੇ ਅਸਲ ਆਗੂ ਮੰਨਦਾ ਸੀ, ਇਸ ਲਈ ਇਸ ਇਕੱਤਰਤਾ ਦੀ ਪ੍ਰਧਾਨਗੀ ਜਥੇਦਾਰ ਦਰਬਾਰਾ ਸਿੰਘ ਨੂੰ ਕਰਨ ਲਈ ਆਦੇਸ਼ ਦਿੱਤਾ ਗਿਆ। ਜੈਕਾਰਿਆਂ ਦੀ ਗੂੰਜ ਵਿਚ ਉਨ੍ਹਾਂ ਪ੍ਰਧਾਨਗੀ ਪਦ ਸੰਭਾਲਿਆ ਤੇ ਅਰਦਾਸਾ ਕਰ ਕੇ ਇਕੱਤਰਤਾ ਸ਼ੁਰੂ ਹੋਈ। ਪਹਿਲਾਂ ਜਦ ਗੁਰਵਾਕ ਲਿਆ ਗਿਆ ਤਾਂ ਉਹ ਇਸ ਪ੍ਰਕਾਰ ਸੀ:

> ਰਾਗੁ ਬੈਰਾੜੀ ਮਹਲਾ ੫ ਘਰੁ ੧ ॥
> ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥
> ਕੋਟਿ ਜਨਮ ਕੇ ਦੂਖ ਗਵਾਇਓ ॥ ਰਹਾਉ ॥
> ਜੋ ਚਾਹਤ ਸੋਈ ਮਨਿ ਪਾਇਓ ॥
> ਕਰਿ ਕਿਰਪਾ ਹਰਿਨਾਮੁ ਦਿਵਾਇਓ ॥੧॥
> ਸਰਬ ਸੂਖ ਹਰਿਨਾਮਿ ਵਡਾਈ ॥
> ਗੁਰਪ੍ਰਸਾਦਿ ਨਾਨਕ ਮਤਿ ਪਾਈ ॥੨॥

ਦੀਵਾਨ ਦਰਬਾਰਾ ਸਿੰਘ ਨੇ ਮੁੱਢਲੇ ਭਾਸ਼ਣ ਵਿਚ ਸਾਰੇ ਹਾਲਾਤ ਸੰਖੇਪ ਰੂਪ ਵਿਚ ਦੱਸੇ। ਉਨ੍ਹਾਂ ਜਾਣਕਾਰੀ ਦਿੱਤੀ ਕਿ ਅੰਮ੍ਰਿਤਸਰ ਦੇ ਨੇੜੇ ਨੇੜੇ ਜਿਤਨੇ ਚੌਧਰੀ ਹਨ, ਉਹ ਸਾਰੇ ਜ਼ਕਰੀਆ ਖ਼ਾਨ ਨੂੰ ਖ਼ੁਸ਼ ਕਰਨ ਲਈ ਸਿੱਖਾਂ ਵਿਰੁੱਧ ਗ਼ਲਤ ਮਲਤ ਸੂਚਨਾ ਦੇ ਰਹੇ ਹਨ। ਉਨ੍ਹਾਂ ਸਭ ਨੂੰ ਲਾਹੌਰ ਤੋਂ ਹਦਾਇਤ ਆ ਗਈ ਏ ਕਿ ਸਿੱਖਾਂ ਨੂੰ ਖ਼ਤਮ ਕਰੋ। ਇਨ੍ਹਾਂ ਦੇ ਘਰ-ਬਾਰ ਉਜਾੜ ਦਿਉ ਤੇ ਜਿਹੜਾ ਆਪਣੇ ਇਲਾਕੇ ਨੂੰ ਸਿੱਖਾਂ ਤੋਂ ਖ਼ਾਲੀ ਕਰਵਾ ਲਏਗਾ, ਉਹਨੂੰ ਹਕੂਮਤ ਦੇ ਕਰ ਵਿਚ ਵਿਸ਼ੇਸ਼ ਛੋਟ ਮਿਲ ਜਾਏਗੀ। ਹੁਣ ਕੇਵਲ ਝਬਾਲ ਦਾ ਚੌਧਰੀ ਹੀ ਇਕੋ ਇਕ ਸਾਡਾ ਹਮਦਰਦ ਹੈ, ਉਹ ਗ਼ਲਤ ਸੂਚਨਾ ਨਾ ਭੇਜਦਾ ਹੈ ਤੇ ਨਾ ਹੀ ਤੰਗ ਕਰਦਾ ਹੈ, ਇਸ ਲਈ ਸਾਨੂੰ ਸਾਰੀ ਸਥਿਤੀ ਦਾ ਜਾਇਜ਼ਾ ਲੈ ਕੇ ਅਜਿਹੀ ਕਾਰਵਾਈ ਕਰਨੀ ਚਾਹੀਦੀ ਹੈ ਜਿਸ ਨਾਲ ਜ਼ੁਲਮ ਨੂੰ ਠੱਲ੍ਹ ਪੈ ਜਾਏ। ਅੱਗੋਂ ਕਿਸੇ ਹਾਕਮ ਨੂੰ ਸਿੱਖਾਂ ਨੂੰ ਅਯੋਗ ਤੰਗ ਕਰਨ ਦਾ ਹੌਸਲਾ ਨਾ ਪਵੇ। ਹਕੂਮਤ ਦੇ ਝੋਲੀ-ਚੁੱਕਾਂ ਨੂੰ ਵੀ ਕੰਨ ਹੋ ਜਾਣ ਕਿ ਸਿੱਖਾਂ ਵਿਰੁੱਧ ਸਖ਼ਤੀਆਂ ਦਾ ਉਨ੍ਹਾਂ ਨੂੰ ਹਿਸਾਬ ਦੇਣਾ ਪਵੇਗਾ। ਇਸ ਲਈ ਅੱਜ ਦੀ ਇਕੱਤਰਤਾ ਬੁਲਾਈ ਏ। ਛੇਤੀ ਛੇਤੀ ਸੁਝਾਅ ਪੇਸ਼ ਕਰੋ ਕਿ ਸਾਨੂੰ ਕੀ ਕਰਨਾ ਚਾਹੀਦਾ ਏ। ਵਾਧੂ ਗੱਲਾਂ ਜਾਂ ਫੜ੍ਹਾਂ ਮਾਰਨ ਦਾ ਹੁਣ ਸਮਾਂ ਨਹੀਂ। ਜਦ ਵੀ ਕੌਮ ਵਿਚ ਸ਼ਹੀਦੀਆਂ ਦਾ ਜੁਗ ਸ਼ੁਰੂ ਹੋਵੇ ਤਾਂ ਸ਼ਹੀਦੀਆਂ ਦੇ ਪ੍ਰਭਾਵ ਨਾਲ ਕੌਮ ਵਿਚ ਨਵਾਂ ਖ਼ੂਨ, ਨਵਾਂ ਜੋਸ਼ ਤੇ ਕੁਝ ਕਰਨ ਦਾ ਹੌਸਲਾ ਪੈਦਾ ਹੋ ਜਾਂਦਾ ਹੈ। ਇਸ ਲਈ ਜੋਸ਼ ਨੂੰ, ਇਸ ਸਥਿਤੀ ਨੂੰ ਕਿਵੇਂ ਉਸਾਰੂ ਤੇ ਚੜ੍ਹਦੀ ਕਲਾ ਵਾਲਾ ਮੋੜ ਦਿੱਤਾ ਜਾ ਸਕਦਾ ਹੈ, ਇਹੀ ਅਸੀਂ ਫ਼ੈਸਲਾ ਕਰਨਾ ਹੈ।

ਇਸ ਪਿੱਛੋਂ ਕੌਮ ਦੇ ਹੋਰ ਮੁਖੀ ਜਥੇਦਾਰਾਂ ਸ. ਬੁੱਢਾ ਸਿੰਘ ਢੇਸੀ, ਸ. ਥਰਾਜ ਸਿੰਘ, ਸ. ਜੱਸਾ ਸਿੰਘ, ਜਥੇਦਾਰ ਗਰਜਾ ਸਿੰਘ ਤੇ ਕਰਮ ਸਿੰਘ ਭੋਮਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਇਕ ਸੁਰ ਵਿਚ ਇਹ ਤਾਂ ਆਖਿਆ ਕਿ ਸਾਨੂੰ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਦਾ ਬਦਲਾ ਜ਼ਰੂਰ ਲੈਣਾ ਚਾਹੀਦਾ ਏ ਤੇ ਇਸ ਲਈ ਇਕੱਠੇ ਹੋ ਕੇ ਪਹਿਲਾਂ ਨੁਸ਼ਹਿਰੇ ਦੇ ਚੌਧਰੀ ਨੂੰ ਸੋਧਣਾ ਚਾਹੀਦਾ ਏ ਤੇ ਫਿਰ ਪੱਟੀ ਦੇ ਫ਼ੌਜਦਾਰ ਨੂੰ ਕੀਤੇ ਦੀ ਸਜ਼ਾ ਦੇਣੀ ਚਾਹੀਦੀ ਏ, ਪਰ ਲਾਹੌਰ ਦੀ ਹਕੂਮਤ ਵਿਰੁੱਧ ਕਾਰਵਾਈ ਦਾ ਸੁਝਾਅ ਕੋਈ ਨਾ ਦੇ

ਸਕਿਆ। ਸਭ ਨੇ ਮੰਨਿਆ ਕਿ ਜ਼ਕਰੀਆ ਖ਼ਾਨ ਪਾਸ ਇਤਨੀ ਫ਼ੌਜੀ ਤਾਕਤ ਹੈ ਕਿ ਉਸ ਨਾਲ ਲੋਹਾ ਸਿੱਧਾ ਨਹੀਂ ਲਿਆ ਜਾਣਾ ਚਾਹੀਦਾ। ਉਸ ਦਾ ਮੁਕਾਬਲਾ ਕਰਨ ਲਈ ਕੋਈ ਹੋਰ ਰਾਹ ਲੱਭਣਾ ਪਵੇਗਾ।

ਨੌਜਵਾਨ ਸ. ਕਪੂਰ ਸਿੰਘ ਫ਼ੈਜ਼ਲਪੁਰੀ ਇਹ ਸਾਰੇ ਸੁਝਾਅ ਤੇ ਭਾਸ਼ਣ ਸੁਣ ਰਿਹਾ ਸੀ ਤੇ ਨਾਲੇ ਸੰਗਤ ਵਿਚ ਪੱਖਾ ਫੇਰਨ ਦੀ ਸੇਵਾ ਕਰ ਰਿਹਾ ਸੀ। ਇਸ ਨੌਜਵਾਨ ਨੂੰ ਸੇਵਾ ਦੀ ਬੜੀ ਲਗਨ ਸੀ। ਜਦ ਦਾ ਅੰਮ੍ਰਿਤਸਰ ਆਇਆ, ਕਦੇ ਘੋੜਿਆਂ ਲਈ ਘਾਹ ਆਦਿ ਲਈ ਆ ਰਿਹਾ ਸੀ ਤੇ ਕਦੇ ਸਿੰਘਾਂ ਦੇ ਘੋੜਿਆਂ ਦੀ ਲਿੱਦ ਆਦਿ ਚੁੱਕਣ ਤੇ ਸਫ਼ਾਈ ਕਰਨ ਵਾਲਿਆਂ ਦਾ ਮੋਹਰੀ ਬਣ ਕੇ ਸੇਵਾ 'ਚੋਂ ਆਤਮਕ ਤੇ ਮਾਨਸਿਕ ਖ਼ੁਸ਼ੀ ਪ੍ਰਾਪਤ ਕਰ ਰਿਹਾ ਸੀ। ਉਸ ਤੋਂ ਪਹਿਲਾਂ ਬੋਲਣ ਵਾਲੇ ਸਾਰੇ ਹੀ ਉਸ ਤੋਂ ਵਡੇਰੀ ਉਮਰ ਦੇ ਸਨ ਤੇ ਉਂਝ ਵੀ ਉਹ ਜਥੇਦਾਰ ਸਨ ਤੇ ਇਹ ਪਹਿਲੀ ਵਾਰ ਆਪਣੇ ਪਿੰਡ ਤੇ ਆਸ ਪਾਸ ਦੇ ਨੌਜਵਾਨਾਂ ਨੂੰ ਇਕੱਠੇ ਕਰ ਕੇ ਇਸ ਪੰਥਕ ਇਕੱਠ 'ਤੇ ਲਿਆਇਆ ਸੀ। ਛੇ ਸੱਤ ਮੁਖੀਆਂ ਦੇ ਵਿਚਾਰ ਸੁਣਦਿਆਂ ਅਖੀਰ ਇਹਨੂੰ ਜ਼ਕਰੀਆ ਖ਼ਾਨ ਨਾਲ ਟੱਕਰ ਲੈਣ ਲਈ ਇਕ ਤਰੀਕਾ ਸੁੱਝ ਪਿਆ ਤੇ ਇਹਨੇ ਦੀਵਾਨ ਦਰਬਾਰਾ ਸਿੰਘ ਪਾਸ ਜਾ ਕੇ ਹੋਲੀ ਜਿਹੀ ਉਨ੍ਹਾਂ ਦੇ ਕੰਨ ਵਿਚ ਆਖਿਆ, "ਮੈਨੂੰ ਇਕ ਠੋਸ ਤਰੀਕਾ ਸੁਝਿਆ ਏ, ਜੇਕਰ ਆਗਿਆ ਦਿਉ ਤਾਂ ਵਿਚਾਰ ਲਈ ਪੇਸ਼ ਕਰ ਸਕਦਾ ਹਾਂ।"

ਉਨ੍ਹਾਂ ਪਹਿਲਾਂ ਬੋਲਣ ਵਾਲੇ ਦੇ ਭਾਸ਼ਣ ਸਮਾਪਤ ਕਰਦਿਆਂ ਸ. ਕਪੂਰ ਸਿੰਘ ਨੂੰ ਤੁਰਤ ਸਮਾਂ ਦੇ ਦਿੱਤਾ। ਸ. ਕਪੂਰ ਸਿੰਘ ਨੇ ਉੱਠ ਕੇ ਫ਼ਤਹਿ ਬੁਲਾਈ ਤੇ ਕਿਹਾ, "ਮੈਂ ਅੱਜ ਪਹਿਲੀ ਵਾਰ ਇਤਨੇ ਵੱਡੇ ਪੰਥਕ ਇਕੱਠ ਵਿਚ ਬੋਲਣ ਦਾ ਹੌਂਸਲਾ ਕਰ ਰਿਹਾ ਹਾਂ। ਜਦ ਮੈਂ ਪਹਿਲਾਂ ਬੋਲਣ ਵਾਲਿਆਂ ਦੇ ਵਿਚਾਰ ਸੁਣ ਰਿਹਾ ਸਾਂ ਤਾਂ ਸਭ ਦਾ ਵਿਚਾਰ ਸੀ ਕਿ ਜ਼ਕਰੀਆ ਖ਼ਾਨ ਦੀ ਫ਼ੌਜ ਨਾਲ ਸਿੱਧੀ ਟੱਕਰ ਲਏ ਬਿਨਾ ਅਸੀ ਕਿਵੇਂ ਉਹਦਾ ਮੁਕਾਬਲਾ ਕਰ ਸਕਦੇ ਹਾਂ। ਇਹ ਸੁਣ ਕੇ ਝੱਟ ਮੇਰੇ ਅੰਦਰੋਂ ਫੁਰਨਾ ਫੁਰਿਆ ਕਿ ਅਸੀਂ ਮੁਕਾਬਲਾ ਕਰ ਸਕਦੇ ਹਾਂ। ਮੁਕਾਬਲਾ ਕੇਵਲ ਹਥਿਆਰਾਂ ਦੀ ਲੜਾਈ ਹੀ ਨਹੀਂ ਹੁੰਦਾ, ਹੋਰ ਵੀ ਅਨੇਕਾਂ ਤਰੀਕੇ ਲੜਨ ਦੇ ਹੋ ਸਕਦੇ ਹਨ। ਸਾਨੂੰ ਉਨ੍ਹਾਂ 'ਤੇ ਵਿਚਾਰ ਕਰਨਾ ਚਾਹੀਦਾ ਏ।"

"ਦੱਸੋ, ਹੋਰ ਕਿਹੜਾ ਤਰੀਕਾ ਹੋ ਸਕਦਾ ਏ ?" ਇਕੱਠ ਵਿਚੋਂ ਕਿਸੇ ਜਥੇਦਾਰ ਦੀ ਆਵਾਜ਼ ਆਈ।

"ਮੈਂ ਦੱਸਣ ਲੱਗਾ ਸਾਂ ਪਰ ਤੁਸੀਂ ਪਹਿਲਾਂ ਹੀ ਕਾਹਲੇ ਪੈ ਗਏ ਹੋ," ਸ. ਕਪੂਰ ਸਿੰਘ ਨੇ ਭਾਸ਼ਣ ਜਾਰੀ ਰੱਖਦਿਆਂ ਕਿਹਾ, "ਮੇਰੀ ਤੁੱਛ ਬੁੱਧੀ ਅਨੁਸਾਰ ਹਕੂਮਤ ਪੈਸੇ ਤੇ ਧਨ ਤੋਂ ਬਿਨਾਂ ਨਹੀਂ ਚੱਲ ਸਕਦੀ। ਹਰ ਹਕੂਮਤ ਦੇ ਹਜ਼ਾਰਾਂ ਮੁਲਾਜ਼ਮ ਹੁੰਦੇ ਹਨ ਜਿਨ੍ਹਾਂ ਨੂੰ ਤਨਖ਼ਾਹਾਂ ਦੇਣੀਆਂ ਹੁੰਦੀਆਂ ਹਨ। ਫ਼ੌਜਾਂ ਰੱਖਣ ਲਈ ਭਾਰੀ ਧਨ ਖ਼ਰਚ ਹੁੰਦਾ ਏ ਤੇ ਜੇਕਰ ਫ਼ੌਜੀਆਂ ਨੂੰ ਸਮੇਂ ਸਿਰ ਤਨਖ਼ਾਹਾਂ ਨਾ ਮਿਲਣ ਤਾਂ ਉਹ ਬਾਗ਼ੀ ਵੀ ਹੋ ਜਾਂਦੀਆਂ ਹਨ। ਇਸ ਲਈ ਸਾਨੂੰ ਲਾਹੌਰ ਦੀ ਆਰਥਕ ਨਾਕਾਬੰਦੀ ਕਰਨੀ ਚਾਹੀਦੀ ਏ। ਲਾਹੌਰ ਵਿਚ ਨਾ ਤਾਂ ਧਨ ਦੇ ਭੰਡਾਰ ਹਨ ਤੇ ਨਾ ਹੀ ਅੰਨ। ਸਭ ਕੁਝ ਬਾਹਰੋਂ ਜਾਂਦਾ ਏ। ਜੇ ਅਸੀਂ ਵਿਉਂਤ ਬਣਾ ਕੇ ਲਾਹੌਰ ਦਾ ਸ਼ਾਹੀ ਖ਼ਜ਼ਾਨਾ ਖ਼ਾਲੀ ਕਰਵਾ ਦੇਈਏ ਤੇ ਅੱਗੋਂ ਭਰਨ ਨਾ ਦੇਈਏ ਤਾਂ ਜ਼ਕਰੀਆ ਖ਼ਾਨ ਦੀ ਨਾਸੀਂ ਧੂੰ ਦਿੱਤਾ ਜਾ ਸਕਦਾ ਹੈ।"

"ਇਹ ਵੀ ਕੋਈ ਹਕੂਮਤ ਨਾਲ ਲੜਨ ਦਾ ਤਰੀਕਾ ਏ ?" ਝੱਟ ਹੀ ਇਕੱਠ 'ਚੋਂ ਆਵਾਜ਼ ਆਈ। ਸ. ਕਪੂਰ ਸਿੰਘ ਆਪਣਾ ਵਿਚਾਰ ਪੇਸ਼ ਕਰ ਕੇ ਬੈਠ ਗਏ। ਦੀਵਾਨ ਦਰਬਾਰਾ ਸਿੰਘ ਨੇ ਕਿਹਾ, "ਹਰ ਕਿਸੇ ਦੀ ਗੱਲ ਧਿਆਨ ਨਾਲ ਸੁਣਿਆ ਕਰੋ, ਐਵੇਂ ਨਾ

ਵਿਚੇ ਟੋਕਾ ਟਾਕੀ ਸ਼ੁਰੂ ਕਰ ਦਿੱਤਾ ਕਰੋ। ਹੋਰ ਕਿਸੇ ਨੇ ਲਾਹੌਰ ਦੀ ਹਕੂਮਤ ਨਾਲ ਟੱਕਰ ਲਈ ਕੋਈ ਸੁਝਾਅ ਨਹੀਂ ਪੇਸ਼ ਕੀਤਾ, ਇਸ ਇਕੱਲੇ ਸੁਝਾਅ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਜ਼ਰੂਰੀ ਹੈ।"

ਫਿਰ ਜਥੇਦਾਰ ਕਰਮ ਸਿੰਘ ਅਨੰਦਪੁਰੀ ਦੀ ਵਾਰੀ ਆਈ। ਜਥੇਦਾਰ ਕਰਮ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, "ਮੈਂ ਸ. ਕਪੂਰ ਸਿੰਘ ਦੇ ਸੁਝਾਅ ਦੀ ਪ੍ਰੋੜ੍ਹਤਾ ਕਰਦਾ ਹਾਂ। ਉਨ੍ਹਾਂ ਠੀਕ ਆਖਿਆ ਏ ਕਿ ਜਿਸ ਹਕੂਮਤ ਦਾ ਖ਼ਜ਼ਾਨਾ ਖ਼ਾਲੀ ਹੋ ਜਾਵੇ, ਉਹ ਬਹੁਤੇ ਦਿਨ ਨਹੀਂ ਚੱਲ ਸਕਦੀ। ਹਕੂਮਤ ਦਾ ਹਰ ਕੰਮ ਹੀ ਧਨ ਦਿੱਤਿਆਂ ਹੁੰਦਾ ਹੈ, ਇਸ ਲਈ ਜ਼ਕਰੀਆ ਖ਼ਾਨ ਦਾ ਮੁਕਾਬਲਾ ਉਹਦੀ ਆਰਥਿਕ ਨਾਕਾਬੰਦੀ ਨਾਲ ਹੀ ਕੀਤਾ ਜਾ ਸਕਦਾ ਹੈ। ਬਾਕੀ ਰਹੀ ਆਰਥਿਕ ਨਾਕਾਬੰਦੀ ਦੀ ਯੋਜਨਾ। ਮੇਰੀ ਰਾਇ ਹੈ ਕਿ ਸ. ਕਪੂਰ ਸਿੰਘ ਨੂੰ ਇਹ ਸਾਰਾ ਕੰਮ ਸੌਂਪ ਦਿੱਤਾ ਜਾਏ। ਉਹ ਜ਼ਕਰੀਆ ਖ਼ਾਨ ਦਾ ਖ਼ਜ਼ਾਨਾ ਖ਼ਾਲੀ ਕਰਨ ਦਾ ਤਰੀਕਾ ਸੋਚਣ ਤੇ ਅਸੀਂ ਸਾਰੇ ਆਪਣੇ ਆਪ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਈਏ। ਇਸ ਕੰਮ ਲਈ ਉਹ ਸਾਨੂੰ ਜਿਥੇ ਵੀ ਖੜਾ ਕਰਨ, ਜੋ ਵੀ ਜ਼ਿੰਮੇਵਾਰੀ ਸੌਂਪਣ, ਅਸੀਂ ਉਸ 'ਤੇ ਅਮਲ ਕਰਾਂਗੇ ਤੇ ਉਨ੍ਹਾਂ ਦੇ ਇਸ ਕਾਰਜ ਵਿਚ ਹਰ ਤਰ੍ਹਾਂ ਦੀ ਕੁਰਬਾਨੀ ਕਰਾਂਗੇ।"

ਦੀਵਾਨ ਦਰਬਾਰਾ ਸਿੰਘ ਨੇ ਅਖ਼ੀਰ ਵਿਚ ਮੁੜ ਆਖਿਆ, "ਜਿਸ ਚੰਗੇ ਢੰਗ ਨਾਲ ਸ. ਕਪੂਰ ਸਿੰਘ ਨੇ ਸੁਝਾਅ ਰੱਖਿਆ ਤੇ ਜਿਸ ਢੰਗ ਨਾਲ ਸ. ਕਰਮ ਸਿੰਘ ਨੇ ਉਸ ਦੀ ਪ੍ਰੋੜ੍ਹਤਾ ਕੀਤੀ, ਉਸ ਪਿੱਛੋਂ ਕਿਸੇ ਸ਼ੱਕ ਜਾਂ ਸ਼ੰਕੇ ਦੀ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ। ਪੰਥ ਦੀ ਇਸ ਅਗਲੀ ਮੁਹਿੰਮ ਦੇ ਮੁੱਖ ਜਥੇਦਾਰ ਸ. ਕਪੂਰ ਸਿੰਘ ਹੋਣਗੇ ਤੇ ਸਾਰਾ ਖ਼ਾਲਸਾ ਪੰਥ ਉਨ੍ਹਾਂ ਦੀ ਯੋਜਨਾ ਸਿਰੇ ਚਾੜ੍ਹਨ ਲਈ ਤਨ, ਮਨ ਤੇ ਧਨ ਨਾਲ ਸੇਵਾ ਕਰੇਗਾ।"

60

ਜਥੇਦਾਰ ਕਰਮ ਸਿੰਘ ਵਾਪਸ ਅਨੰਦਪੁਰ ਆਇਆ ਤਾਂ ਆਉਂਦਿਆਂ ਹੀ ਉਹਨੇ ਦੁਆਬੇ ਦੇ ਸਾਰੇ ਮੁਖੀ ਸਿੱਖਾਂ ਦੀ ਤੁਰਤ ਇਕੱਤਰਤਾ ਬੁਲਾ ਲਈ। ਸਾਰੇ ਪਾਸੇ ਬੰਦੇ ਭੇਜ ਦਿੱਤੇ ਤੇ ਘਰ ਜਾਣ ਤੋਂ ਪਹਿਲਾਂ ਇਕੱਤਰਤਾ ਲਈ ਹੋਰ ਲੋੜੀਂਦੇ ਪ੍ਰਬੰਧ ਕਰ ਕੇ ਉਹ ਘਰ ਆਇਆ। ਰਾਹ ਵਿਚ ਉਹਨੂੰ ਆਪਣਾ ਸਪੁੱਤਰ ਫ਼ਤਹਿ ਸਿੰਘ ਵੀ ਮਿਲ ਪਿਆ ਤੇ ਉਹਨੇ ਪਹਿਲਾ ਪ੍ਰਸ਼ਨ ਹੀ ਇਹ ਕੀਤਾ ਕਿ ਸ੍ਰੀ ਅੰਮ੍ਰਿਤਸਰ ਪੰਥਕ ਇਕੱਠ ਵਿਚ ਕੀ ਫ਼ੈਸਲਾ ਕਰ ਕੇ ਆਏ ਹੋ ? ਜਥੇਦਾਰ ਕਰਮ ਸਿੰਘ ਨੇ ਸਮਝਾਇਆ ਕਿ ਰਾਹ ਵਿਚ ਅਜਿਹੀਆਂ ਗੱਲਾਂ ਨਹੀਂ ਕਰੀਦੀਆਂ। ਪਤਾ ਨਹੀਂ ਕਿਥੇ ਕੋਈ ਪੰਥ-ਧਰੋਹੀ ਸੁਣ ਲਵੇ। ਘਰ ਬੈਠ ਕੇ ਹੀ ਸਾਰੀ ਗੱਲ ਦੱਸਾਂਗਾ।"

ਦੀਪੋ ਆਪਣੇ ਸੁਭਾ ਤੇ ਆਦਤ ਅਨੁਸਾਰ ਉੱਠ ਕੇ ਬਾਹਰਲੇ ਦਰਵਾਜ਼ੇ 'ਤੇ ਆ ਕੇ ਪਤੀ ਨੂੰ ਮੁਸਕਰਾਂਦਿਆਂ ਮਿਲੀ। ਉਹ ਹਮੇਸ਼ਾਂ ਕਰਮ ਸਿੰਘ ਨੂੰ ਖਿੜੇ ਮੱਥੇ ਮਿਲਦੀ, ਜਿਸ ਨਾਲ ਜਥੇਦਾਰ ਕਰਮ ਸਿੰਘ ਦੀ ਸਫ਼ਰ ਦੀ ਥਕਾਵਟ ਹਮੇਸ਼ਾਂ ਦੂਰ ਹੋ ਜਾਂਦੀ। ਉਹਦਾ ਨਿਸਚਾ ਸੀ ਕਿ ਮਰਦ ਸਾਰੇ ਅਕੇਵੇਂ ਤੇ ਥਕੇਵੇਂ ਭੁੱਲ ਜਾਂਦਾ ਏ, ਜੇਕਰ ਔਰਤ ਘਰ ਮੁੜਦਿਆਂ ਖਿੜੇ-ਮੱਥੇ 'ਜੀ ਆਇਆਂ' ਆਖੇ। ਉਹਨੂੰ ਉਨ੍ਹਾਂ ਜ਼ਨਾਨੀਆਂ ਨਾਲ ਨਫ਼ਰਤ ਸੀ, ਜੋ ਮਰਦ ਦੇ ਘਰ ਆਉਣ 'ਤੇ ਧਰੇਂਗਾ ਮੰਜਾ ਲੈ ਕੇ ਪੈ ਜਾਂਦੀਆਂ ਨੇ, ਚੰਗੀਆਂ ਭਲੀਆਂ ਪਹਿਲਾਂ

ਹੱਸਦੀਆਂ ਖੇਡਦੀਆਂ ਨੂੰ ਪਤਾ ਨਹੀਂ ਕੀ ਸੱਪ ਸੁੰਘ ਜਾਂਦਾ ਏ ਤੇ 'ਹਾਇ ਹਾਇ' ਕਰਨ ਲੱਗ ਪੈਂਦੀਆਂ ਨੇ।

ਕਰਮ ਸਿੰਘ ਨੇ ਵੀ ਮੁਸਕਰਾਂਦਿਆਂ ਫ਼ਤਹਿ ਬੁਲਾਈ ਤੇ ਫ਼ਤਹਿ ਸਿੰਘ ਦੇ ਮੋਢੇ 'ਤੇ ਬਾਂਹ ਰੱਖ ਕੇ ਉਹਦੇ ਨਾਲ ਅੰਦਰ ਲੰਘ ਗਿਆ। ਦੀਪੋ ਨੂੰ ਇਹ ਵੀ ਚੰਗਾ ਲੱਗਾ। ਹਰ ਮਾਂ ਨੂੰ ਚੰਗਾ ਲੱਗਦਾ ਏ, ਜਦ ਉਹ ਪੁੱਤਰ ਨੂੰ ਪਿਉ ਦੀਆਂ ਬਾਹਵਾਂ ਵਿਚ ਪਿਆਰ ਨਾਲ ਲਿਪਟਿਆ ਦੇਖੇ। ਫਿਰ ਖ਼ਾਸ ਕਰਕੇ ਉਸ ਪੁੱਤਰ ਨੂੰ, ਜੋ ਕੱਦ-ਕਾਠ ਵਿਚ ਪਿਉ ਦੇ ਬਰਾਬਰ ਦਾ ਲੱਗਣ ਲੱਗੇ।

"ਦੁੱਧ ਲਿਆਵਾਂ ਕਿ ਸ਼ਰਬਤ ?" ਦੀਪੋ ਨੇ ਪੁੱਛਿਆ।

"ਮੌਸਮ ਅਨੁਸਾਰ ਸ਼ਰਬਤ ਹੀ ਠੀਕ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਦੋਹਾਂ ਨਾਲੋਂ ਚੰਗਾ ਏ ਕਿ ਜੇ ਲੱਸੀ ਹੋਵੇ ਤਾਂ ਉਹ ਲਿਆ ਦੇ।" ਦੀਪੋ ਝੱਟ ਅੰਦਰ ਗਈ ਤੇ ਲੱਸੀ ਦੇ ਦੋ ਕਟੋਰੇ ਭਰ ਲਿਆਈ। ਪਹਿਲਾਂ ਉਹਨੂੰ ਯਾਦ ਹੀ ਨਹੀਂ ਸੀ ਕਿ ਲੱਸੀ ਵੀ ਅੰਦਰ ਏ ਨਹੀਂ ਤੇ ਉਹ ਸ਼ਰਬਤ ਦਾ ਨਾਮ ਹੀ ਨਾ ਲੈਂਦੀ।

"ਕੱਪੜੇ ਬਦਲ ਲਉ," ਦੀਪੋ ਨੇ ਕਿਹਾ।

"ਹੁਣੇ ਇਸ਼ਨਾਨ ਕਰ ਕੇ ਬਦਲਾਂਗਾ," ਜਥੇਦਾਰ ਕਰਮ ਸਿੰਘ ਨੇ ਕਿਹਾ।

"ਹੁਣ ਤੇ ਸਾਰੀ ਗੱਲ ਦੱਸੋ ?" ਫ਼ਤਹਿ ਸਿੰਘ ਨੇ ਮੁੜ ਉਹੀ ਪ੍ਰਸ਼ਨ ਦੁਹਰਾਇਆ, ਜਿਹੜਾ ਉਹਨੇ ਪਿਤਾ ਨੂੰ ਮਿਲਦੇ ਸਾਰ ਕੀਤਾ ਸੀ।

"ਹਰ ਇਕ ਨੂੰ ਵੱਖਰਾ ਵੱਖਰਾ ਕਿਵੇਂ ਦੱਸਦਾ ਰਹਾਂਗਾ," ਜਥੇਦਾਰ ਕਰਮ ਸਿੰਘ ਨੇ ਉਹਨੂੰ ਮੁੜ ਚੁੱਪ ਕਰਵਾ ਦਿੱਤਾ ਤੇ ਕਿਹਾ, "ਇਸ਼ਨਾਨ ਕਰ ਲਵਾਂ ਫਿਰ ਦੱਸਦਾ ਹਾਂ।"

ਫ਼ਤਹਿ ਸਿੰਘ ਨੂੰ ਸਮਝ ਆ ਗਈ ਕਿ ਮਾਮਲਾ ਗੰਭੀਰ ਏ। ਜਾਣਨ ਦੀ ਉਤਸੁਕਤਾ ਤਾਂ ਹੋਰ ਵਧ ਗਈ ਪਰ ਉਹਨੇ ਆਪਣੇ ਆਪ 'ਤੇ ਕਾਬੂ ਪਾ ਲਿਆ ਤੇ ਮੁੜ ਨਹੀਂ ਪੁੱਛਿਆ। ਕਰਮ ਸਿੰਘ ਨਹਾ ਕੇ ਆਇਆ ਤਾਂ ਉਹਨੇ ਆਪ ਹੀ ਫ਼ਤਹਿ ਸਿੰਘ ਨੂੰ ਪੁੱਛਿਆ, "ਤੁਹਾਡਾ ਕੀ ਹਾਲ ਏ, ਕੋਈ ਨਵੀਂ ਤਾਜ਼ੀ ਖ਼ਬਰ ਹੋਵੇ ਤਾਂ ਦੱਸੋ।"

"ਇਥੇ ਤਾਂ ਸਭ ਸੁੱਖ ਸਾਂਦ ਹੀ ਰਹੀ ਏ," ਫ਼ਤਹਿ ਸਿੰਘ ਨੇ ਦੱਸਣਾ ਸ਼ੁਰੂ ਕੀਤਾ, "ਬਸ, ਇਕ ਹੀ ਖ਼ੁਸ਼ਖ਼ਬਰੀ ਏ, ਅਸੀਂ ਜਿਹੜਾ ਭੁਝੰਗੀ ਜਥਾ ਬਣਾਇਆ ਸੀ, ਉਹਦੇ ਸਾਰੇ ਮੁੰਡੇ ਹੁਣ ਜਵਾਨ ਹੋ ਗਏ ਨੇ। ਬਹੁਤਿਆਂ ਦੇ ਦਾਹੜੀਆਂ ਵੀ ਉਤਰਨ ਲੱਗ ਪਈਆਂ ਨੇ। ਇਸ ਲਈ ਫ਼ੈਸਲਾ ਕੀਤਾ ਏ ਕਿ ਹੁਣ ਨਾਮ ਬਦਲ ਕੇ ਨੌਜਵਾਨ ਸਿਖ ਜਥਾ ਰੱਖ ਦਈਏ। ਬਾਰਾਂ ਸਾਲ ਤਕ ਦੇ ਮੁੰਡੇ ਭੁਝੰਗੀ ਜਥੇ ਵਿਚ ਹੀ ਰਹਿਣਗੇ ਤੇ ਵੱਧ ਉਮਰ ਦੇ ਨੌਜਵਾਨ ਸਿਖ ਜਥੇ ਵਿਚ ਸ਼ਾਮਲ ਹੋ ਜਾਣਗੇ।"

"ਬਹੁਤ ਅੱਛਾ, ਮੇਰੇ ਬੇਟੇ," ਪਿਆਰ ਨਾਲ ਫ਼ਤਹਿ ਸਿੰਘ ਨੂੰ ਗਲਵਕੜੀ ਵਿਚ ਲੈ ਕੇ ਆਪਣੇ ਨਾਲ ਘੁੱਟਦਿਆਂ ਕਰਮ ਸਿੰਘ ਨੇ ਕਿਹਾ, "ਇਹ ਤਾਂ ਤੁਸੀਂ ਕਮਾਲ ਦਾ ਫ਼ੈਸਲਾ ਕੀਤਾ ਏ। ਕੌਮਾਂ ਇਸ ਤਰ੍ਹਾਂ ਚੜ੍ਹਦੀ ਕਲਾ ਵਿਚ ਜਾਂਦੀਆਂ ਹਨ। ਭੁਝੰਗੀ ਜਥੇ ਵਿਚ ਸ਼ਾਮਲ ਬੱਚਿਆਂ ਨੂੰ ਗੁਰਬਾਣੀ ਛੇਤੀ ਕੰਠ ਕਰਵਾਈ ਜਾ ਸਕਦੀ ਏ। ਸਿੱਖੀ ਜੀਵਨ ਤੇ ਰਹਿਣੀ ਬਹਿਣੀ ਨੂੰ ਉਹ ਛੇਤੀ ਅਪਣਾ ਸਕਦੇ ਹਨ। ਵਡੇਰਿਆਂ ਨਾਲੋਂ ਗ੍ਰਹਿਣ ਕਰਨ ਦੀ ਸਮਰੱਥਾ ਬਾਲਾਂ ਵਿਚ ਵਧੇਰੇ ਹੁੰਦੀ ਏ।"

"ਹੁਣ ਤੇ ਤੁਹਾਡੇ ਤੋਂ ਇਹੀ ਸਲਾਹ ਤੇ ਆਸ਼ੀਰਵਾਦ ਲੈਣੀ ਏ ਕਿ ਅਸੀਂ ਨੌਜਵਾਨ ਜਥੇ ਦੇ ਮੈਂਬਰ ਕੀ ਕਰੀਏ ? ਸਾਨੂੰ ਆਪਣੀਆਂ ਸਰਗਰਮੀਆਂ ਦਾ ਖੇਤਰ ਨਿਸ਼ਚਿਤ ਕਰਨਾ ਨਹੀਂ ਆਉਂਦਾ। ਤਾਹੀਓਂ ਮੈਂ ਬੇਸਬਰੀ ਨਾਲ ਸ੍ਰੀ ਅੰਮ੍ਰਿਤਸਰ ਹੋਏ ਫ਼ੈਸਲੇ ਜਾਣਨਾ

ਚਾਹੁੰਦਾ ਸਾਂ।"

"ਤੁਸੀਂ ਕੀ ਕਰਨਾ ਏ, ਇਹ ਤਾਂ ਤੁਹਾਨੂੰ ਪਤਾ ਹੀ ਹੈ। ਇਸ ਵੇਲੇ ਸਾਡੀ ਸਾਰੀ ਕੌਮ ਇਕ ਇਮਤਿਹਾਨ ਵਿਚੋਂ ਲੰਘ ਰਹੀ ਏ। ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਨਾਨਕ-ਜੋਤ ਗੁਰੂਆਂ ਨੇ ਜਿਹੜੀ ਜੀਵਨ-ਜਾਚ ਸਾਨੂੰ ਸਿਖਾਈ ਏ, ਹੁਣ ਸਾਡੇ ਲਈ ਪ੍ਰੀਖਿਆ ਦੀ ਘੜੀ ਏ ਕਿ ਅਸੀਂ ਉਸ 'ਚੋਂ ਪਾਸ ਹੁੰਦੇ ਹਾਂ ਕਿ ਨਹੀਂ। ਮੈਨੂੰ ਤਾਂ ਯਕੀਨ ਏ ਕਿ ਦੁਨੀਆਂ ਦੀ ਕੋਈ ਤਾਕਤ ਸਾਨੂੰ ਉਸ ਰਾਹ ਦੇ ਪਾਂਧੀ ਬਣਨ ਤੋਂ ਨਹੀਂ ਰੋਕ ਸਕਦੀ। ਜੇ ਸਾਡਾ ਨਿਸ਼ਾਨਾ ਸੱਚਾ ਏ, ਜੇ ਅਸੀਂ ਆਪਣੇ ਟੀਚੇ ਵੱਲ ਈਮਾਨਦਾਰ ਹਾਂ, ਜੇ ਇਸ ਸੰਘਰਸ਼ ਵਿਚ ਸਾਡੀ ਨਿੱਜੀ ਖ਼ੁਦਗਰਜ਼ੀ ਨਹੀਂ ਤਾਂ ਅਸੀਂ ਜਿੱਤਾਂਗੇ।"

ਹੁਣ ਦੀਪੋ ਵੀ ਰੋਟੀ ਪਾਣੀ ਤਿਆਰ ਕਰ ਕੇ ਕੋਲ ਆ ਬੈਠੀ। ਉਹਨੂੰ ਕਰਮ ਸਿੰਘ ਨੇ ਤੁਰਤ ਪੁੱਛਿਆ, "ਤੁਸੀਂ ਇਥੇ ਰਹਿਣਾ ਵਧੇਰੇ ਪਸੰਦ ਕਰਦੇ ਹੋ ਜਾਂ ਕਰਤਾਰਪੁਰ। ਜਿਥੇ ਚਾਹੋ, ਉਥੇ ਰਹਿ ਸਕਦੇ ਹੋ, ਉਥੇ ਹੀ ਪ੍ਰਬੰਧ ਹੋ ਸਕਦਾ ਏ।" ਦੀਪੋ ਇਸ ਪ੍ਰਸ਼ਨ ਦਾ ਤੁਰਤ ਉੱਤਰ ਨਾ ਦੇ ਸਕੀ। ਉਹਨੂੰ ਛੇਤੀ ਸਮਝ ਨਾ ਆਈ ਕਿ ਪਤੀ ਨੇ ਇਹ ਬੁਝਾਰਤ ਕਿਉਂ ਪਾਈ ਏ। ਇਕ ਮਿੰਟ ਰੁਕ ਕੇ ਉਹਨੇ ਉੱਤਰ ਦਿੱਤਾ, "ਜਿਥੇ ਤੁਸੀਂ ਰੱਖਣਾ ਚਾਹੋਗੇ। ਮੇਰੇ ਦਿਲ ਦੀ ਗੱਲ ਪੁੱਛਦੇ ਹੋ ਤਾਂ ਮੈਂ ਉਥੇ ਰਹਿਣਾ ਚਾਹੁੰਦੀ ਹਾਂ, ਜਿਥੇ ਤੁਸੀਂ ਰਹੋਗੇ। ਜੇ ਤੁਸੀਂ ਨਾਲ ਨਾ ਰੱਖਣਾ ਚਾਹੋ ਜਾਂ ਕਿਸੇ ਖ਼ਾਸ ਕਾਰਨ ਜਾਂ ਕੰਮ ਕਰਕੇ ਮੈਨੂੰ ਇਨ੍ਹਾਂ ਦੋਹਾਂ ਥਾਵਾਂ ਵਿਚੋਂ ਕਿਸੇ ਇਕ ਥਾਂ ਰੱਖਣਾ ਚਾਹੋ ਤਾਂ ਮੈਂ ਸੇਵਾ ਲਈ ਅਨੰਦਪੁਰ ਰਹਿ ਸਕਦੀ ਹਾਂ ਤੇ ਕਰਤਾਰਪੁਰ ਵੀ। ਤੁਸੀਂ ਦੱਸੋ ਕਿ ਤੁਸੀਂ ਕੀ ਚਾਹੁੰਦੇ ਹੋ?"

"ਗੱਲ ਇਸ ਤਰ੍ਹਾਂ ਏ ਕਿ ਮੈਨੂੰ ਹੁਣ ਟਿਕ ਕੇ ਕਿਧਰੇ ਵੀ ਬੈਠਣਾ ਨਹੀਂ ਮਿਲੇਗਾ," ਜਥੇਦਾਰ ਕਰਮ ਸਿੰਘ ਨੇ ਦੱਸਣਾ ਸ਼ੁਰੂ ਕੀਤਾ, "ਮੁਗ਼ਲ ਹਕੂਮਤ ਨਾਲ ਟੱਕਰ ਨਵੇਂ ਦੌਰ ਵਿਚ ਦਾਖ਼ਲ ਹੋ ਗਈ ਏ। ਅੱਗੇ ਉਹ ਛਾਪੇ ਮਾਰਦੇ ਸੀ ਤੇ ਹੁਣ ਅਸੀਂ ਛਾਪੇ ਮਾਰਾਂਗੇ। ਅੱਗੇ ਅਸੀਂ ਬਚਾਅ ਦੀ ਕਾਰਵਾਈ ਕਰਦੇ ਸਾਂ ਪਰ ਹੁਣ ਹਮਲੇ ਕਰਨੇ ਹਨ।"

"ਕਿਸ ਤਰ੍ਹਾਂ ਦੇ ਹਮਲੇ?" ਦੀਪੋ ਨੇ ਉਤਸੁਕਤਾ ਨਾਲ ਪੁੱਛਿਆ, "ਖੁੱਲ੍ਹ ਕੇ ਗੱਲ ਕਿਉਂ ਨਹੀਂ ਦੱਸਦੇ?"

"ਸ੍ਰੀ ਅੰਮ੍ਰਿਤਸਰ ਦੇ ਪੰਥਕ ਇਕੱਠ ਨੇ ਫ਼ੈਸਲਾ ਕੀਤਾ ਏ ਕਿ ਜ਼ਕਰੀਆ ਖ਼ਾਨ ਦੀ ਆਰਥਕ ਨਾਕਾਬੰਦੀ ਕੀਤੀ ਜਾਏ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਤੇ ਉਸ ਲਈ ਸਾਰੇ ਦੁਆਬੇ ਦੀ ਸੇਵਾ ਸਾਡੇ ਸਪੁਰਦ ਕਰ ਦਿੱਤੀ ਗਈ ਏ। ਉਸ ਲਈ ਮੈਨੂੰ ਬਿਆਸਾ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਵਿਚ ਚੱਕਰ ਕੱਟਣੇ ਪੈਣਗੇ ਤੇ ਥਾਂ ਥਾਂ ਪਹਿਰੇ ਦਾ ਪ੍ਰਬੰਧ ਕਰਨਾ ਹੋਏਗਾ।"

"ਮੈਨੂੰ ਸਮਝ ਨਹੀਂ ਆਈ ਕਿ ਇਹ ਲੜਾਈ ਦਾ ਕਿਹੜਾ ਨਿਰਾਲਾ ਢੰਗ ਏ?" ਫ਼ਤਹਿ ਸਿੰਘ ਕੋਲੋਂ ਬੋਲ ਪਿਆ।

"ਆ ਜਾਏਗੀ ਤੈਨੂੰ ਸਮਝ," ਕਰਮ ਸਿੰਘ ਨੇ ਕਿਹਾ, "ਜਿਹੜੀ ਇਕੱਤਰਤਾ ਕੱਲ੍ਹ ਬੁਲਾਈ ਏ, ਉਸ ਵਿਚ ਤੂੰ ਵੀ ਆ ਜਾਈਂ, ਸਾਰੀ ਗੱਲ ਵਿਸਥਾਰ ਨਾਲ ਸੁਣ ਲਈਂ।"

"ਮਾਂ, ਤੈਨੂੰ ਕੁਝ ਪਿੜ-ਪੱਲੇ ਪਿਆ ਏ?" ਫ਼ਤਹਿ ਸਿੰਘ ਨੇ ਦੀਪੋ ਨੂੰ ਪੁੱਛਿਆ।

"ਕਹਿੰਦੇ ਜੁ ਪਏ ਨੇ ਕਿ ਸਮਝਾ ਦੇਣਗੇ, ਫਿਰ ਕਾਹਲੇ ਪੈਣ ਵਾਲੀ ਕਿਹੜੀ ਗੱਲ ਏ," ਦੀਪੋ ਨੇ ਕਿਹਾ, "ਨਾਲੇ ਇਹ ਫ਼ੈਸਲਾ ਕੋਈ ਇਨ੍ਹਾਂ ਇਕੱਲਿਆਂ ਦਾ ਥੋੜ੍ਹਾ ਏ, ਪੰਥ ਦੇ ਸਾਰੇ ਆਗੂਆਂ ਨੇ ਸੋਚ ਸਮਝ ਕੇ ਹੀ ਕੋਈ ਰਾਹ ਲੱਭਿਆ ਹੋਏਗਾ।"

ਪਹਿਲਾਂ ਪਹਿਲ ਤਾਂ ਦੀਪੋ ਵੀ ਕਈ ਵਾਰ ਘਬਰਾ ਜਾਂਦੀ ਸੀ, ਪਰ ਹੁਣ ਉਹ ਸਹਿੰਦਰ

ਹੋ ਗਈ ਸੀ ਤੇ ਆਪਣੇ ਆਪ ਨੂੰ ਉਸੇ ਮਾਹੌਲ ਵਿਚ ਢਾਲ ਚੁੱਕੀ ਸੀ, ਜਿਸ ਵਿਚ ਕਰਮ ਸਿੰਘ ਵਿਚਰ ਰਿਹਾ ਸੀ। ਜਿਸ ਦ੍ਰਿੜ੍ਹਤਾ ਤੇ ਵਿਸ਼ਵਾਸ ਨਾਲ ਦੀਪੋ ਨੇ ਸਿੱਖੀ ਜੀਵਨ ਧਾਰਨ ਕੀਤਾ ਸੀ, ਉਸ ਤੋਂ ਵੱਧ ਉਤਸ਼ਾਹ ਨਾਲ ਉਹ ਸਿਖ ਧਰਮ ਲਹਿਰ ਵਿਚ ਸ਼ਾਮਲ ਹੋ ਚੁੱਕੀ ਸੀ।

ਦੂਜੇ ਦਿਨ ਸ਼ਾਮ ਨੂੰ ਅਨੰਦਗੜ੍ਹ ਕਿਲ੍ਹੇ ਵਿਚ ਇਕੱਤਰਤਾ ਹੋਈ। ਉਸ ਵਿਚ ਜਥੇਦਾਰ ਕਰਮ ਸਿੰਘ ਨੇ ਬੜੇ ਵਿਸਥਾਰ ਨਾਲ ਸ੍ਰੀ ਅੰਮ੍ਰਿਤਸਰ ਦੀ ਸਾਰੀ ਕਾਰਵਾਈ ਸੁਣਾਈ। ਜਦੋਂ ਆਰਥਕ ਨਾਕਾਬੰਦੀ ਦੀ ਗੱਲ ਦੱਸੀ ਤਾਂ ਸੱਚਮੁੱਚ ਅੰਮ੍ਰਿਤਸਰ ਦੀ ਇਕੱਤਰਤਾ ਵਾਂਗ ਹੀ ਇਥੇ ਵੀ ਕਈਆਂ ਨੇ ਸ਼ੰਕਾ ਪ੍ਰਗਟ ਕੀਤਾ ਕਿ ਇਉਂ ਹਕੂਮਤ ਨੂੰ ਕਿਸ ਤਰ੍ਹਾਂ ਮਾਰ ਲਵਾਂਗੇ। ਜਥੇਦਾਰ ਕਰਮ ਸਿੰਘ ਨੇ ਇਸ ਸਮੇਂ ਬੜੀ ਸਿਆਣਪ ਨਾਲ ਸਾਰੀ ਗੱਲ ਠਰ੍ਹੰਮੇ ਨਾਲ ਸਪੱਸ਼ਟ ਕੀਤੀ ਤੇ ਯਕੀਨ ਦਿਵਾਇਆ ਕਿ ਸ. ਕਪੂਰ ਸਿੰਘ ਦੀ ਅਗਵਾਈ ਹੇਠ ਅਸੀਂ ਅਵੱਸ਼ ਸਫਲ ਹੋਵਾਂਗੇ। ਇਸ ਪਿੱਛੋਂ ਦੁਆਬੇ ਦੇ ਸਿੰਘਾਂ ਦੇ ਕਰਨ ਵਾਲੇ ਕੰਮ ਬਾਰੇ ਦੱਸਿਆ। ਉਨ੍ਹਾਂ ਨੂੰ ਸਮਝਾਇਆ ਕਿ ਸਾਡਾ ਕਰਤੱਵ ਇਹ ਹੋਵੇਗਾ ਕਿ ਲਾਹੌਰ ਨੂੰ ਜਾਂਦੇ ਸਾਰੇ ਰਸਤਿਆਂ ਦੀ ਨਾਕਾਬੰਦੀ ਕਰੀਏ। ਇਸ ਲਈ ਸਾਰੇ ਦੁਆਬੇ ਵਿਚੋਂ ਚਾਰ ਰਸਤੇ ਬਿਆਸ ਦਰਿਆ ਨੂੰ ਪਾਰ ਕਰਨ ਦੇ ਹਨ। ਉਨ੍ਹਾਂ ਚਾਰਾਂ 'ਤੇ ਹੀ ਸੌ ਸੌ ਸਿੰਘਾਂ ਦੀਆਂ ਸੇਵਾਵਾਂ ਲਾਣੀਆਂ ਹਨ। ਇਨ੍ਹਾਂ ਨੇ ਵੱਖ ਵੱਖ ਥਾਵਾਂ 'ਤੇ ਸੂਹੀਏ ਨਿਯੁਕਤ ਕਰਨੇ ਹਨ, ਜਿਨ੍ਹਾਂ ਧਨ ਲੈ ਕੇ ਜਾ ਰਹੇ ਗੱਡਿਆਂ, ਬੈਲ-ਗੱਡੀਆਂ ਤੇ ਘੋੜਿਆਂ ਦਾ ਪਤਾ ਲਾਣਾ ਹੈ। ਉਨ੍ਹਾਂ ਨਾਲ ਰਾਖੀ ਲਈ ਜਾ ਰਹੀ ਫ਼ੌਜੀ ਟੁਕੜੀ ਦੀ ਸ਼ਕਤੀ ਦੀ ਜਾਣਕਾਰੀ ਜਥੇ ਦੇ ਮੁਖੀ ਨੂੰ ਪਹੁੰਚਾਣੀ ਹੈ ਤੇ ਉਹਨੇ ਫਿਰ ਉਹ ਧਨ ਲਾਹੌਰ ਜਾਣ ਤੋਂ ਰੋਕਣਾ ਹੈ। ਉਹ ਜੇ ਮਹਿਸੂਸ ਕਰੇ ਕਿ ਇਹ ਕੰਮ ਉਹ ਇਕੱਲੇ ਨਹੀਂ ਕਰ ਸਕਦਾ ਤਾਂ ਉਹ ਮੈਨੂੰ ਸੁਨੇਹਾ ਭੇਜ ਦੇਵੇ, ਮੈਂ ਹੋਰ ਜਥੇ ਉਸ ਵੱਲ ਭੇਜਣ ਦਾ ਪ੍ਰਬੰਧ ਕਰਾਂਗਾ।

ਸਾਰਿਆਂ ਨੇ ਇਸ ਵਿਉਂਤ ਨੂੰ ਠੀਕ ਸਮਝਿਆ ਤੇ ਆਪਣੀਆਂ ਸੇਵਾਵਾਂ ਸਪੁਰਦ ਕਰ ਦਿੱਤੀਆਂ। ਇਸ ਪਿੱਛੋਂ ਚਾਰ ਜਥਿਆਂ ਲਈ ਜਥੇਦਾਰ ਨਿਯੁਕਤ ਕਰ ਦਿੱਤੇ ਗਏ, ਜਿਨ੍ਹਾਂ ਨੂੰ ਵੱਖਰੇ ਇਕੱਠੇ ਕਰ ਕੇ ਅਗਲੀ ਸਾਰੀ ਗੱਲ ਉਨ੍ਹਾਂ ਨਾਲ ਕਰ ਲਈ ਗਈ। ਫ਼ੈਸਲਾ ਹੋ ਗਿਆ ਕਿ ਜਥੇਦਾਰ ਕਰਮ ਸਿੰਘ ਆਪ ਕਰਤਾਰਪੁਰ ਜਾਂ ਇਸ ਦੇ ਆਸੇ ਪਾਸੇ ਕਿਧਰੇ ਰਹੇ ਤੇ ਇਸ ਪਾਸ ਜਥਾ ਵੀ ਰਹੇ, ਜਿਸ ਨੂੰ ਇਹ ਰਾਮਗੜ੍ਹ, ਦਿਆਲਪੁਰ ਤੇ ਨੂਸੀ ਵਿਚ ਰੱਖੇ। ਜਿਥੇ ਲੋੜ ਹੋਵੇ, ਉਥੇ ਮਦਦ ਭੇਜੇ। ਇਕ ਜਥਾ ਸੁਲਤਾਨਪੁਰ ਲੋਧੀ ਦੇ ਆਸ ਪਾਸ ਪਿੰਡਾਂ ਵਿਚ ਰਹੇ ਤੇ ਇਕ ਜਥਾ ਢਿਲਵਾਂ ਦੇ ਆਸ ਪਾਸ ਦਰਿਆ ਦੇ ਨੇੜੇ ਨਿਗਰਾਨੀ ਕਰੇ।

ਜਦ ਜਥੇਦਾਰ ਕਰਮ ਸਿੰਘ ਇਕੱਤਰਤਾ ਪਿੱਛੋਂ ਘਰ ਪਰਤਿਆ ਤਾਂ ਫ਼ਤਹਿ ਸਿੰਘ ਨੇ ਕਿਹਾ, "ਪਿਤਾ ਜੀ, ਸਾਡਾ ਵੀ ਜਥਾ ਤਿਆਰ ਏ। ਭੁਝੰਗੀ ਹੁਣ ਨੌਜਵਾਨ ਹੋ ਗਏ ਹਨ, ਸਾਨੂੰ ਵੀ ਕਿਧਰੇ ਸੇਵਾ ਸੌਂਪੀ ਜਾਏ।"

"ਬਹੁਤ ਅੱਛਾ," ਕਰਮ ਸਿੰਘ ਨੇ ਥਾਪੜਾ ਦਿੰਦਿਆਂ ਕਿਹਾ, "ਤੁਸੀਂ ਜਥੇ ਦੀ ਸੂਚੀ ਬਣਾਉ। ਤੁਹਾਨੂੰ ਵੀ ਹੁਣ ਇਨ੍ਹਾਂ ਸਰਗਰਮੀਆਂ ਵਿਚ ਹਿੱਸਾ ਲੈਣਾ ਹੋਵੇਗਾ।"

61

ਦੀਪੋ ਨੇ ਵੀ ਮੁੜ ਆ ਕੇ ਕਰਤਾਰਪੁਰ ਰਹਿਣਾ ਸ਼ੁਰੂ ਕਰ ਦਿੱਤਾ। ਉਹ ਅਨੰਦਪੁਰ ਵਿਚ ਸਾਰਾ ਪ੍ਰਬੰਧ ਉਨ੍ਹਾਂ ਬੀਬੀਆਂ ਦੇ ਸਪੁਰਦ ਕਰ ਆਈ ਜੋ ਉਹਨੇ ਆਪਣੇ ਨਾਲ ਸੇਵਾ ਲਈ ਤਿਆਰ ਕੀਤੀਆਂ ਸਨ ਅਤੇ ਜਿਨ੍ਹਾਂ ਦੇ ਮਰਦ, ਪਤੀ, ਪੁੱਤਰ ਜਾਂ ਭਰਾ ਨਹੀਂ ਸਨ

ਤੇ ਜੋ ਇਸ ਕਰਕੇ ਪਿੰਡਾਂ ਵਿਚ ਵਾਪਸ ਜਾਣ ਲਈ ਤਿਆਰ ਨਹੀਂ ਸਨ। ਉਂਝ ਵੀ ਅਨੰਦਪੁਰ ਸਾਹਿਬ ਦੀ ਰਾਖੀ ਲਈ ਜੋ ਜਥਾ ਇਥੇ ਛੱਡਿਆ ਗਿਆ, ਉਸ ਨੂੰ ਵੀ ਲੰਗਰ ਤੇ ਕੱਪੜੇ ਲੱਤੇ ਧਵਾਣ ਲਈ ਮਦਦ ਚਾਹੀਦੀ ਸੀ। ਅਨੰਦਪੁਰ ਸਾਹਿਬ ਹੁਣ ਬਹੁਤ ਹੀ ਸੁਰੱਖਿਅਤ ਸਥਾਨ ਸੀ, ਕਿਉਂਕਿ ਔਰੰਗਜ਼ੇਬ ਦੀ ਮੌਤ ਪਿੱਛੋਂ ਮੁਗ਼ਲ ਰਾਜ ਦਾ ਰੋਹਬ ਕਾਫ਼ੀ ਘਟ ਗਿਆ ਸੀ ਤੇ ਫਿਰ ਦਿੱਲੀ ਦੇ ਤਖ਼ਤ 'ਤੇ ਬੈਠੇ ਉਪਰ-ਥਲੀ ਦੋ ਤਿੰਨ ਬਾਦਸ਼ਾਹਾਂ ਦੇ ਕਤਲ ਪਿੱਛੋਂ ਬਿਲਕੁਲ ਹੀ ਵੱਕਾਰ ਖ਼ਤਮ ਹੋ ਗਿਆ ਸੀ। ਇਸ ਖੇਤਰ ਦੇ ਪਹਾੜੀ ਰਾਜੇ ਹੁਣ ਪਹਿਲਾਂ ਵਾਂਗ ਸਿੱਖਾਂ ਨਾਲ ਟੱਕਰ ਲੈਣ ਦੀ ਨੀਤੀ ਛੱਡ ਚੁੱਕੇ ਸਨ। ਉਹ ਇਹ ਵੀ ਸਮਝ ਗਏ ਸਨ ਕਿ ਜਿਹੜੇ ਸਿਖ, ਦਿੱਲੀ ਦੇ ਤਖ਼ਤ 'ਤੇ ਬੈਠੇ ਜਾਬਰ ਹਾਕਮਾਂ ਦੀ ਪ੍ਰਵਾਹ ਨਹੀਂ ਕਰਦੇ, ਉਹ ਉਨ੍ਹਾਂ ਨੂੰ ਕੀ ਸਮਝਦੇ ਹਨ। ਬੰਦਾ ਸਿੰਘ ਬਹਾਦਰ ਦੇ ਇਸ ਖੇਤਰ ਦੇ ਦੌਰੇ ਤੇ ਕਿਸੇ ਦੇ ਰਾਜ 'ਤੇ ਕਬਜ਼ਾ ਨਾ ਕਰਨ ਦੀ ਨੀਤੀ ਦਾ ਵੀ ਚੰਗਾ ਅਸਰ ਹੋਇਆ ਸੀ। ਜਦ ਚੰਬੇ ਦੇ ਰਾਜੇ ਨੇ ਬੰਦਾ ਸਿੰਘ ਬਹਾਦਰ ਨਾਲ ਆਪਣੀ ਲੜਕੀ ਦਾ ਵਿਆਹ ਕਰ ਦਿੱਤਾ ਤਾਂ ਉਸ ਦਾ ਵੀ ਰਾਜਨੀਤਕ ਅਸਰ ਪਿਆ। ਇਸ ਲਈ ਜਥੇਦਾਰ ਕਰਮ ਸਿੰਘ ਦੀ ਨੀਤੀ ਉਨ੍ਹਾਂ ਪੈੜ-ਚਿੰਨ੍ਹਾਂ 'ਤੇ ਹੋਣ ਕਾਰਨ ਇਨ੍ਹਾਂ ਪਹਾੜੀ ਖੇਤਰਾਂ ਤੋਂ ਹਰ ਲੋੜੀਂਦੀ ਵਸਤ ਵੀ ਆਸਾਨੀ ਨਾਲ ਮਿਲਣ ਲੱਗ ਪਈ।

ਇਕ ਤਬਦੀਲੀ ਹੋਰ ਆ ਗਈ। ਇਸ ਖੇਤਰ ਦੇ ਲੋਕਾਂ ਨੇ ਸਿੰਘਾਂ ਨਾਲ ਰਿਸ਼ਤੇ ਕਰਨੇ ਸ਼ੁਰੂ ਕਰ ਦਿੱਤੇ। ਸਿੰਘਾਂ ਦਾ ਰਹਿਣ ਸਹਿਣ, ਵਧੀਆ ਸਿਹਤਾਂ, ਸੂਰਬੀਰਾਂ ਵਾਲਾ ਪ੍ਰਭਾਵ, ਸ਼ਸਤਰਧਾਰੀ ਹੋਣਾ ਤੇ ਖੁੱਲ੍ਹੇ ਡੁੱਲ੍ਹੇ ਸੁਭਾਅ ਸਭ ਕੁਝ ਖਿੱਚ ਪੈਦਾ ਕਰਨ ਵਾਲਾ ਸੀ। ਪਹਾੜੀਆਂ ਦਾ ਜੀਵਨ ਕਾਫ਼ੀ ਪੱਛੜਿਆ ਹੋਇਆ ਤੇ ਤੰਗੀ ਤੁਰਸ਼ੀ ਨਾਲ ਗੁਜ਼ਾਰਾ ਕਰਨ ਵਾਲਾ ਸੀ। ਉਥੇ ਸਾਧਨ ਘੱਟ ਤੇ ਔਕੜਾਂ ਵਧੇਰੇ ਸਨ, ਇਸ ਲਈ ਸਿੰਘਾਂ ਨੂੰ, ਜੋ ਵਿਆਹ ਕਰਨ ਦੇ ਯੋਗ ਸਨ, ਤੁਰਤ ਰਿਸ਼ਤੇ ਮਿਲਣ ਲੱਗ ਪਏ। ਸਿੰਘਾਂ ਵਿਚ ਇਕ ਹੋਰ ਖੁੱਲ੍ਹ ਸੀ ਕਿ ਕਿਸੇ ਨੂੰ ਵਿਆਹ ਕਰਨ ਤੋਂ ਨਹੀਂ ਸੀ ਰੋਕਿਆ ਜਾਂਦਾ। ਜਥੇਦਾਰ ਕਰਮ ਸਿੰਘ ਨੇ ਇਕ ਵਾਰ ਦੀਪੋ ਨਾਲ ਅਨੰਦਪੁਰ ਛੱਡਣ ਤੋਂ ਪਹਿਲਾਂ ਗੱਲ ਵੀ ਕੀਤੀ ਸੀ ਕਿ ਕਿਧਰੇ ਦੁਸ਼ਮਣ ਸਾਡੇ ਟਿਕਾਣਿਆਂ 'ਤੇ ਜਾਸੂਸੀ ਦਾ ਜਾਲ ਵਿਛਾਣ ਲਈ ਇਨ੍ਹਾਂ ਤੀਵੀਆਂ ਨੂੰ ਨਾ ਵਰਤ ਲਵੇ। ਇਸ ਦਾ ਉਪਾਅ ਇਹ ਲੱਭਿਆ ਗਿਆ ਕਿ ਇਨ੍ਹਾਂ ਸਿੰਘਾਂ ਨਾਲ ਵਿਆਹ ਕਰਾਉਣ ਦੀਆਂ ਚਾਹਵਾਨ ਮੁਟਿਆਰਾਂ ਪਹਿਲਾਂ ਅੰਮ੍ਰਿਤਪਾਨ ਕਰਨ ਤੇ ਇਨ੍ਹਾਂ ਦੇ ਪੇਕੇ ਘਰਾਂ ਵਿਚ ਤੰਮਾਕੂ ਆਦਿ ਦੀ ਵਰਤੋਂ 'ਤੇ ਪਾਬੰਦੀ ਰੱਖਣ ਲਈ ਕਹਿ ਦਿੱਤਾ ਜਾਏ। ਇਸ ਤਰ੍ਹਾਂ ਪਤਾ ਲੱਗ ਜਾਏਗਾ ਕਿ ਕਿਹੜਾ ਪਾਬੰਦੀ ਨਹੀਂ ਰੱਖਦਾ। ਸਿੰਘ ਜਦ ਜਵਾਈ ਦੇ ਰੂਪ ਵਿਚ ਸਹੁਰੇ ਘਰ ਜਾਣ ਲੱਗੇ ਤਾਂ ਉਥੇ ਵੀ ਸਿੱਖੀ ਜੀਵਨ ਦਾ ਅਜਿਹਾ ਪ੍ਰਭਾਵ ਪੈਣ ਲੱਗ ਪਿਆ ਕਿ ਅਨੇਕਾਂ ਪਹਾੜੀਏ ਗੱਭਰੂ ਵੀ ਸਿੱਖੀ ਜੀਵਨ ਵਿਚ ਆਉਣ ਲੱਗ ਪਏ। ਸਿਖ-ਆਚਰਣ ਦੀ ਉੱਚਤਾ, ਮਿੱਠਾ ਤੇ ਮਿਲਵਰਤਨੀ ਸੁਭਾਅ, ਲੋੜਵੰਦਾਂ ਦੀ ਮਦਦ ਤੇ ਜਾਬਰਾਂ ਨਾਲ ਟੱਕਰ ਲੈਣ ਦੀ ਸਮਰੱਥਾ ਸਿੱਖੀ ਦੇ ਪ੍ਰਚਾਰ ਦੇ ਵੱਡੇ ਹਥਿਆਰ ਬਣ ਗਏ। ਜਬਰ ਨਾਲੋਂ ਪਿਆਰ ਵਧੇਰੇ ਪ੍ਰਭਾਵ ਰੱਖਦਾ ਹੈ ਤੇ ਪਿਆਰ ਨਾਲ ਮੋਹਿਆ ਮਨੁੱਖ ਮੁੜ ਕੇ ਪਿੱਛੇ ਨਹੀਂ ਪਰਤਦਾ। ਜਬਰ ਨਾਲ ਮਗਰ ਲਾਏ ਲੋਕ, ਰੋਹਬ ਮੁੱਕਦਿਆਂ ਪਿੱਛੇ ਨੂੰ ਵੀ ਮੁੜ ਜਾਂਦੇ ਹਨ। ਜਦ ਵੀ ਪੰਜ ਦਸ ਨੌਜਵਾਨ ਸਿੱਖੀ ਸਰੂਪ ਧਾਰਨ ਕਰ ਕੇ ਅੰਮ੍ਰਿਤ ਦੀ ਅਭਿਲਾਸ਼ਾ ਪ੍ਰਗਟ ਕਰਦੇ, ਤੁਰਤ ਕੇਸਗੜ੍ਹ ਸਾਹਿਬ ਪੰਜ ਪਿਆਰੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਛਕਾਂਦੇ ਤੇ ਉਨ੍ਹਾਂ ਨੂੰ ਸਿੰਘ ਸਜਾ ਦਿੰਦੇ।

ਜਥੇਦਾਰ ਕਰਮ ਸਿੰਘ ਨੇ ਇਨ੍ਹਾਂ ਨਵੇਂ ਸਜੇ ਸਿੰਘਾਂ ਨੂੰ ਖੁੱਲ੍ਹ ਦੇ ਦਿੱਤੀ ਕਿ ਜੋ ਆਪਣੇ

ਪਿੰਡਾਂ ਵਿਚ ਪਰਵਾਰ ਨਾਲ ਰਹਿ ਕੇ ਘਰ ਦੇ ਕੰਮ-ਕਾਜ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ ਜਾ ਸਕਦੇ ਹਨ, ਪਰ ਜੋ ਵਿਹਲੇ ਹਨ, ਬੇਰੁਜ਼ਗਾਰ ਹਨ ਜਾਂ ਸਵੈ-ਇੱਛਾ ਨਾਲ ਖ਼ਾਲਸੇ ਦੀ ਤਿਆਰ ਹੋ ਰਹੀ ਫ਼ੌਜ ਵਿਚ ਆਉਣਾ ਚਾਹੁਣ, ਉਨ੍ਹਾਂ ਨੂੰ ਘਰ ਦੇ ਗੁਜ਼ਾਰੇ ਲਈ ਤਨਖ਼ਾਹ ਅਥਵਾ ਮਾਇਕ ਸਹਾਇਤਾ ਵੀ ਮਿਲੇਗੀ। ਉਹਨੂੰ ਇਕ ਹੀ ਚਿੰਤਾ ਸੀ ਕਿ ਸਿੰਘ ਸੱਜ ਚੁੱਕਿਆ ਕੋਈ ਗੱਭਰੂ ਬੇਰੁਜ਼ਗਾਰ ਨਾ ਰਹੇ। ਕੋਈ ਕਿਰਤ ਛੱਡ ਕੇ ਵਿਹਲੜ ਨਾ ਬਣੇ ਕਿਉਂਕਿ ਵਿਹਲੜ ਮਨੁੱਖ ਗ਼ਲਤ ਗੱਲਾਂ ਸੋਚਦਾ ਏ। ਮਾੜੇ ਕਰਮਾਂ ਲਈ ਛੇਤੀ ਪ੍ਰੇਰਤ ਹੁੰਦਾ ਹੈ। ਇਸ ਲਈ ਹਰ ਸਿੰਘ ਲਈ ਕਿਰਤ ਜ਼ਰੂਰੀ ਏ। ਗੁਰਮਤਿ ਦੇ ਆਦੇਸ਼ 'ਤੇ ਕਰਮ ਸਿੰਘ ਪੂਰਾ ਅਮਲ ਕਰਨ ਦਾ ਯਤਨ ਕਰ ਰਿਹਾ ਸੀ, ਇਸ ਲਈ ਉਹਨੇ ਆਪਣੇ ਜਥੇ ਦੇ ਮੈਂਬਰਾਂ ਨੂੰ ਵੀ ਕੁਝ ਨਾ ਕੁਝ ਘਰ ਭੇਜਣ ਲਈ ਦੇਣਾ ਸ਼ੁਰੂ ਕਰ ਦਿੱਤਾ।

ਇਕ ਸੂਚਨਾ ਕਰਤਾਰਪੁਰ ਪਹੁੰਚੀ ਕਿ ਸੁਲਤਾਨਪੁਰ ਲੋਧੀ ਦਾ ਨਵਾਬ 'ਕਰ' ਦੀ ਬਣਦੀ ਰਕਮ ਲਾਹੌਰ ਭੇਜ ਰਿਹਾ ਏ ਤੇ ਇਸ ਧਨ ਦੇ ਨਾਲ ਉਸ ਦੇ ਸੌ ਘੋੜ ਸਵਾਰ ਵੀ ਰਾਖੀ ਲਈ ਜਾ ਰਹੇ ਹਨ। ਸਿੱਖਾਂ ਲਈ ਸੁਲਤਾਨਪੁਰ ਲੋਧੀ ਅਤਿ ਪਵਿੱਤਰ ਨਗਰੀ ਸੀ ਕਿਉਂਕਿ ਗੁਰੂ ਨਾਨਕ ਦੇਵ ਜੀ ਇਥੇ ਚੋਖਾ ਸਮਾਂ ਰਹੇ ਸਨ ਤੇ ਬੇਬੇ ਨਾਨਕੀ ਇਥੇ ਵਿਆਹੀ ਹੋਈ ਸੀ। ਇਥੋਂ ਹੀ ਗੁਰੂ ਨਾਨਕ ਨੇ ਜਗਤ ਜਲੰਦੇ ਨੂੰ ਠਾਰਨ ਲਈ ਤੇ ਗੁਰਮਤਿ ਦਾ ਸੁਨੇਹਾ ਦੇਣ ਲਈ ਉਦਾਸੀਆਂ ਸ਼ੁਰੂ ਕੀਤੀਆਂ ਸਨ। ਇਹ ਸਥਾਨ ਮੁਗ਼ਲਾਂ ਲਈ ਵੀ ਮਹੱਤਵਪੂਰਨ ਸੀ ਕਿਉਂਕਿ ਅਕਬਰ ਬਾਦਸ਼ਾਹ ਦੇ ਸਮੇਂ ਇਹਨੂੰ ਮੁਸਲਮ ਯੂਨੀਵਰਸਿਟੀ ਵਿਚ ਬਦਲ ਲਿਆ ਗਿਆ ਸੀ। ਇਸਲਾਮ ਦੇ ਮਹਾਨ ਵਿਦਵਾਨ ਇਥੇ ਸਨ ਤੇ ਆਗਰੇ ਤੇ ਮੁੜ ਦਿੱਲੀ ਤੋਂ ਸਾਰੇ ਮੁਗ਼ਲ ਰਾਜਕੁਮਾਰ ਇਥੇ ਹੀ ਪੜ੍ਹਨ ਲਈ ਭੇਜੇ ਜਾਂਦੇ ਸਨ। ਜਹਾਂਗੀਰ ਤੋਂ ਔਰੰਗਜ਼ੇਬ ਤਕ ਵੀ ਇਥੇ ਰਹਿ ਕੇ ਪੜ੍ਹਦੇ ਹੁੰਦੇ ਸਨ। ਬੰਦਾ ਸਿੰਘ ਬਹਾਦਰ ਦੀ ਚੜ੍ਹਤ ਤੇ ਪੰਜਾਬ ਦਾ ਕੁਝ ਹਿੱਸਾ ਮੁਗ਼ਲਾਂ ਤੋਂ ਆਜ਼ਾਦ ਕਰਾ ਲੈਣ ਪਿੱਛੋਂ ਇਥੇ ਮੁਗ਼ਲਾਂ ਦਾ ਸ਼ਾਹੀ ਵਿਦਿਆਲਾ ਬੰਦ ਹੋ ਗਿਆ। ਉਂਝ ਵੀ ਰਾਜ ਦਰਬਾਰ ਲਈ ਸ਼ੁਰੂ ਹੋਏ ਕਤਲਾਂ ਕਾਰਨ ਕੋਈ ਰਾਜਕੁਮਾਰ ਪੜ੍ਹਨ ਆਉਣ ਲਈ ਤਿਆਰ ਨਹੀਂ ਸੀ। ਜਿੰਨਾ ਚਿਰ ਰਾਜਕੁਮਾਰ ਪੜ੍ਹਨ ਲਈ ਇਥੇ ਆਉਂਦੇ ਰਹੇ, ਉਤਨਾ ਚਿਰ ਇਥੋਂ ਦੇ ਨਵਾਬ ਦਾ ਆਗਰੇ ਤੇ ਦਿੱਲੀ ਨਾਲ ਸਿੱਧਾ ਸੰਪਰਕ ਰਿਹਾ ਤੇ ਉਹ 'ਕਰ' ਭੇਜਣ ਦੀ ਥਾਂ ਰਾਜਕੁਮਾਰਾਂ 'ਤੇ ਖ਼ਰਚ ਕਰਦਾ ਰਿਹਾ। ਫਿਰ ਲਾਹੌਰ ਦੇ ਗਵਰਨਰ ਸੱਯਦ ਖ਼ਾਂ ਤੇ ਜ਼ਕਰੀਆ ਖ਼ਾਨ ਨੇ ਸੁਲਤਾਨਪੁਰ ਲੋਧੀ ਦੇ ਨਵਾਬ ਤੋਂ ਕਰ ਵਸੂਲਣਾ ਸ਼ੁਰੂ ਕਰ ਦਿੱਤਾ। ਕਰਮ ਸਿੰਘ ਨੂੰ ਵੀ ਇਹੀ ਖ਼ਜ਼ਾਨਾ ਲੁੱਟਣ ਦਾ ਪਹਿਲਾ ਅਵਸਰ ਪ੍ਰਾਪਤ ਹੋਇਆ।

ਦਰਿਆ ਬਿਆਸ ਦੇ ਕੰਢੇ ਮੰਡ ਵਿਚ ਸਿੰਘਾਂ ਦਾ ਇਕ ਜਥਾ ਇਸੇ ਕੰਮ ਲਈ ਨਿਯੁਕਤ ਸੀ, ਪਰ ਉਸ ਪਾਸ ਨਾ ਤਾਂ ਇਤਨੇ ਘੋੜੇ ਸਨ ਤੇ ਨਾ ਹੀ ਬੰਦੂਕਾਂ ਤੇ ਹੋਰ ਹਥਿਆਰ। ਵਧੇਰੇ ਜਵਾਨਾਂ ਪਾਸ ਕਿਰਪਾਨਾਂ ਤੇ ਬਰਛੇ ਸਨ, ਇਸੇ ਲਈ ਉਨ੍ਹਾਂ ਮਦਦ ਲਈ ਕਰਤਾਰਪੁਰ ਸੁਨੇਹਾ ਭੇਜਿਆ। ਜਥੇਦਾਰ ਕਰਮ ਸਿੰਘ ਜਾਣਦਾ ਸੀ ਕਿ ਦੁਆਬੇ ਵਿਚ ਜਲੰਧਰ ਦਾ ਫ਼ੌਜਦਾਰ, ਸੁਲਤਾਨਪੁਰ ਦਾ ਨਵਾਬ, ਰਾਹੋਂ ਦਾ ਚੌਧਰੀ ਆਦਿ ਚਾਰ ਪੰਜ ਵੱਡੇ ਮੁਗ਼ਲ ਸਰਕਾਰ ਦੇ ਪ੍ਰਤੀਨਿਧ ਹਨ ਤੇ ਇਨ੍ਹਾਂ ਨੂੰ ਜੇਕਰ ਖ਼ਾਲਸੇ ਨੇ ਹਰਾ ਲਿਆ ਤਾਂ ਇਸ ਨਾਲ ਦੋ ਮੰਤਵ ਪੂਰੇ ਹੋਣਗੇ। ਇਕ ਤਾਂ ਲਾਹੌਰ ਦੇ ਸ਼ਾਹੀ ਖ਼ਜ਼ਾਨੇ ਵਿਚ ਧਨ ਜਾਣ ਤੋਂ ਰੋਕ ਲਿਆ ਜਾਵੇਗਾ ਤੇ ਦੂਜਾ ਜਨ-ਸਾਧਾਰਨ ਤੇ ਖ਼ਾਲਸੇ ਦੀ ਧਾਕ ਬੈਠ ਜਾਏਗੀ। ਇਸ ਲਈ ਵੱਡੀ ਤਿਆਰੀ ਨਾਲ ਇਸ ਪਹਿਲੇ ਯਤਨ ਨੂੰ ਸਫਲ ਬਣਾਉਣ ਲਈ ਬਿਆਸ ਦਰਿਆ ਦੇ ਨਾਲ ਨਾਲ ਫਿਲਵਾਂ ਦੀ ਛਾਉਣੀ ਨੂੰ ਵੀ ਤੁਰਤ ਸੁਲਤਾਨਪੁਰ ਲੋਧੀ ਵੱਲ ਤੋਰ ਦਿੱਤਾ ਤੇ ਕਰਤਾਰਪੁਰ

ਤੋਂ ਕੁਝ ਬੰਦੂਕਾਂ ਤੇ ਘੋੜ ਸਵਾਰ ਵੀ ਭੇਜ ਦਿੱਤੇ।

ਇਸ ਵਿਸ਼ੇਸ਼ ਉਪਰਾਲੇ ਦੀ ਇਕ ਗੱਲ ਵਰਣਨਯੋਗ ਹੈ ਕਿ ਸਿਖ ਨੌਜਵਾਨਾਂ ਦਾ ਉਹ ਜਥਾ ਵੀ ਜੰਗ ਲਈ ਤੋਰ ਦਿੱਤਾ, ਜਿਸ ਦਾ ਆਗੂ ਕਰਮ ਸਿੰਘ ਦਾ ਆਪਣਾ ਪੁੱਤਰ ਸੀ। ਉਹ ਸਹਾਇਕ ਸੀ ਕਿੱਕਰ ਸਿੰਘ ਦੇ ਜਥੇ ਨਾਲ। ਉਨ੍ਹਾਂ ਪਹਿਲਾਂ ਯੁੱਧ ਦੀ ਰਣਨੀਤੀ ਦੀ ਸਿਖਲਾਈ ਲੈਣੀ ਸੀ ਤੇ ਲੜਨ-ਢੰਗ ਸਿੱਖਣਾ ਸੀ। ਜਥਾ ਤੁਰਨ ਤੋਂ ਪਹਿਲਾਂ ਗੁਰਦੁਆਰਾ ਥੰਮ੍ਹ ਸਾਹਿਬ ਮੱਥਾ ਟੇਕਣ ਤੇ ਅਰਦਾਸ ਕਰਨ ਗਿਆ। ਇਸ ਸਮੇਂ ਹੀ ਦੋ ਗੁਆਂਢਣਾਂ ਦੀਪੋ ਪਾਸ ਆਈਆਂ ਤਾਂ ਉਨ੍ਹਾਂ ਸਲਾਹ ਦਿੱਤੀ ਕਿ ਫ਼ਤਹਿ ਸਿੰਘ ਨੂੰ ਅਜੇ ਯੁੱਧ ਲਈ ਨਾ ਭੇਜਿਆ ਜਾਏ ਕਿਉਂਕਿ ਉਹਦੀ ਕੁੜਮਾਈ ਹੋ ਚੁੱਕੀ ਏ ਤੇ ਉਹਦਾ ਛੇਤੀ ਵਿਆਹ ਕਰ ਰਹੇ ਹੋ। ਜਿਸ ਮੁੰਡੇ ਦਾ ਵਿਆਹ ਮਿਥਿਆ ਜਾਏ, ਉਹਨੂੰ ਘਰ ਤੋਂ ਬਾਹਰ ਨਹੀਂ ਭੇਜੀਦਾ। ਇਹ ਅਪਸ਼ਗਨ ਹੁੰਦਾ ਹੈ, ਜੇ ਕਿਧਰੇ ਸੱਟ ਫੇਟ ਲੱਗ ਜਾਏ ਜਾਂ ਲੜਾਈ ਝਗੜਾ ਹੋ ਜਾਏ ਤਾਂ ਖ਼ੁਸ਼ੀਆਂ ਤੇ ਸ਼ਗਨਾਂ ਵਿਚ ਵਿਘਨ ਪੈ ਸਕਦਾ ਹੈ। ਉਹ ਸਮਝਦੀਆਂ ਸਨ ਕਿ ਅਜਿਹਾ ਕਹਿਣ ਨਾਲ ਸ਼ਾਇਦ ਦੀਪੋ ਦੇ ਮਨ ਵਿਚ ਆ ਜਾਏ ਪਰ ਦੀਪੋ ਨੇ ਝੱਟ ਉੱਤਰ ਦਿੱਤਾ, "ਨਾ ਨੀ, ਐਵੇਂ ਦਿਲ ਥੋੜ੍ਹਾ ਕਰਨ ਵਾਲੀਆਂ ਗੱਲਾਂ ਨਾ ਕਰੋ। ਜੋ ਭਾਗਾਂ ਵਿਚ ਲਿਖਿਆ ਏ, ਉਹ ਹੋ ਕੇ ਰਹੇਗਾ। ਅਸੀਂ ਨਹੀਂ ਚੰਗੇ ਕੰਮਾਂ ਲਈ ਜਾਣ ਤੋਂ ਰੋਕਦੇ।"

ਉਹ ਅਜੇ ਗੱਲਾਂ ਹੀ ਕਰ ਰਹੀਆਂ ਸਨ ਕਿ ਫ਼ਤਹਿ ਸਿੰਘ ਗੁਰਦੁਆਰੇ ਅਰਦਾਸ ਕਰ ਕੇ ਮੁੜ ਆਇਆ। ਉਂਝ ਤਾਂ ਉਸ ਨੇ ਗੁਰਦੁਆਰੇ ਤੋਂ ਹੀ ਸਿੱਧਾ ਤੁਰ ਜਾਣਾ ਸੀ ਪਰ ਉਹ ਗੁਰਦੁਆਰੇ ਘੋੜੇ ਚੜ੍ਹ ਕੇ ਨਹੀਂ ਸੀ ਗਿਆ। ਘੋੜਾ ਘਰ ਦੇ ਮੂਹਰੇ ਹੀ ਖੜਾ ਸੀ। ਜਦ ਉਹਨੇ ਮਾਂ ਨੂੰ ਨਮਸਕਾਰ ਕੀਤਾ ਤਾਂ ਦੀਪੋ ਨੇ ਘੁੱਟ ਕੇ ਪੁੱਤਰ ਨੂੰ ਗਲਵਕੜੀ ਪਾ ਲਈ। ਉਹਦੀ ਕੰਡ 'ਤੇ ਪਿਆਰ ਦਿੰਦਿਆਂ ਕਿਹਾ, "ਸਤਿਗੁਰੂ ਤੇਰਾ ਸਹਾਈ ਹੋਵੇ ਤੇ ਤੂੰ ਫ਼ਤਹਿ ਪਾ ਕੇ ਮੁੜੇਂ। ਤੇਰੀ ਜਿੱਤ 'ਤੇ ਮੈਂ ਸਾਰੇ ਨਗਰ ਵਿਚ ਲੱਡੂ ਵੰਡਾਂਗੀ।"

"ਠਹਿਰ ਜ਼ਰਾ," ਇਕ ਜਨਾਨੀ ਨੇ ਫ਼ਤਹਿ ਸਿੰਘ ਨੂੰ ਰੋਕਦਿਆਂ ਕਿਹਾ, "ਆਪਣੇ ਘਰਾਂ ਦਾ ਕੂੜਾ ਗੰਦ ਚੁੱਕਣ ਵਾਲੀ ਨੂੰ ਬੁਲਾਇਆ ਏ, ਉਹ ਅੱਗੇ ਮਿਲੇ ਤਾਂ ਚੰਗਾ ਸ਼ਗਨ ਹੁੰਦਾ ਏ। ਬ੍ਰਾਹਮਣ ਮੱਥੇ ਲੱਗਾ ਚੰਗਾ ਨਹੀਂ ਹੁੰਦਾ।"

"ਇਹ ਵੀ ਤੁਹਾਡਾ ਐਵੇਂ ਵਹਿਮ ਏ," ਫ਼ਤਹਿ ਸਿੰਘ ਮਾਂ ਦੇ ਬੋਲਣ ਤੋਂ ਪਹਿਲਾਂ ਹੀ ਬੋਲ ਪਿਆ, "ਗੁਰੂ ਅੱਗੇ ਕੀਤੀ ਅਰਦਾਸ ਨਾਲੋਂ ਕੋਈ ਵੱਡਾ ਸ਼ਗਨ ਨਹੀਂ। ਐਵੇਂ ਨਾ ਮਨ ਵਿਚ ਭਰਮ ਕਰਿਆ ਕਰੋ।"

"ਜਾਹ ਪੁੱਤਰ, ਦੇਰ ਪਈ ਹੁੰਦੀ ਆ," ਦੀਪੋ ਨੇ ਪੁੱਤਰ ਨੂੰ ਤੋਰਿਆ, ਪਰ ਉਹਦੀਆਂ ਅੱਖਾਂ ਵਿਚ ਗਲੇਡੂ ਭਰ ਆਏ। ਗੱਚ ਭਰੇ ਜਾਣ ਨਾਲ ਉਹਦੀ ਆਵਾਜ਼ ਵਿਚ ਵੀ ਫ਼ਰਕ ਪੈ ਗਿਆ। ਹੱਥ ਜੁੜ ਗਏ ਤੇ ਬਿਨਾਂ ਬੋਲੇ ਆਪ-ਮੁਹਾਰੇ ਉਹਦੇ ਅੰਦਰੋਂ ਅਕਾਲ ਪੁਰਖ ਪਾਸ ਅਰਦਾਸ ਹੋਣ ਲੱਗੀ।

ਫ਼ਤਹਿ ਸਿੰਘ ਨੂੰ ਤੋਰ ਕੇ ਜਦ ਦੀਪੋ ਅੰਦਰ ਮੁੜੀ ਤਾਂ ਉਨ੍ਹਾਂ ਉਪਰਲੀ ਗੱਲ ਕਰਨ ਵਾਲੀਆਂ ਔਰਤਾਂ ਵਿਚੋਂ ਇਕ ਨੇ ਕਿਹਾ, "ਪਹਿਲਾਂ ਤਾਂ ਬੜਾ ਜਿਗਰਾ ਕੀਤਾ ਈ ਪਰ ਪਿੱਛੋਂ ਤੇਰਾ ਗੱਚ ਕਿਉਂ ਭਰ ਗਿਆ ਏ ?"

"ਇਹ ਖ਼ੁਸ਼ੀ ਦੇ ਅੱਥਰੂ ਸਨ," ਦੀਪੋ ਨੇ ਆਪਣਾ ਆਪ ਸੰਭਾਲਦਿਆਂ ਕਿਹਾ, "ਕਦੇ ਇਸ ਤਰ੍ਹਾਂ ਆਪਣੇ ਪਤੀ ਨੂੰ ਤੋਰਦੀ ਸਾਂ। ਅੱਜ ਅਕਾਲ ਪੁਰਖ ਨੇ ਉਹ ਸਮਾਂ ਬਖ਼ਸ਼ ਦਿੱਤਾ ਏ ਕਿ ਪੁੱਤਰ ਨੂੰ ਤੋਰ ਰਹੀ ਆਂ। ਕਦੇ ਵੱਡੇ ਵਡੇਰਿਆਂ ਨੇ ਸਾਡੀ ਪੀੜ੍ਹੀ ਨੂੰ ਕੰਮ ਸੌਂਪਿਆ ਸੀ ਤੇ ਹੁਣ ਅਸੀਂ ਅਗਲੀ ਪੀੜ੍ਹੀ ਨੂੰ ਸੇਵਾ ਸੌਂਪਣ ਦੇ ਯੋਗ ਹੋ ਗਏ ਹਾਂ। ਜੋ ਕੰਮ ਪਿਤਾ

ਕਰਦਾ ਸੀ, ਜੇ ਪੁੱਤਰ ਵੀ ਕਰਨ ਲੱਗ ਪਵੇ ਤਾਂ ਮਾਪਿਆਂ ਲਈ ਉਸ ਤੋਂ ਵੱਧ ਖ਼ੁਸ਼ੀ ਦਾ ਅਵਸਰ ਕਿਹੜਾ ਹੋ ਸਕਦਾ ਏ? ਖ਼ੁਸ਼ੀ ਨਾਲ ਵੀ ਮਨੁੱਖ ਦਾ ਕਈ ਵਾਰ ਗੱਚ ਭਰ ਜਾਂਦਾ ਹੈ। ਇਹ ਕਮਜ਼ੋਰੀ ਨਹੀਂ, ਮਾਨਵੀ ਜਜ਼ਬੇ ਦਾ ਗੁਣ ਹੈ।"

62

ਸੁਲਤਾਨਪੁਰ ਲੋਧੀ ਤੋਂ ਦਰਿਆ ਬਹੁਤੀ ਦੂਰੀ 'ਤੇ ਨਹੀਂ ਸੀ। ਇਸ ਲਈ ਧਨ ਲੈ ਕੇ ਜਾ ਰਹੇ ਫ਼ੌਜੀਆਂ ਨੂੰ ਬਹੁਤਾ ਸਮਾਂ ਦਰਿਆ ਤਕ ਪਹੁੰਚਦਿਆਂ ਨਹੀਂ ਸੀ ਲੱਗਣਾ। ਸਿੰਘਾਂ ਲਈ ਇਹ ਕੁਝ ਔਖੀ ਘੜੀ ਸੀ। ਦਰਿਆ ਤੋਂ ਪਾਰ ਦੁਆਬੇ ਦੇ ਸਿੰਘਾਂ ਦਾ ਪਹਿਰਾ ਨਹੀਂ ਸੀ, ਉਥੇ ਮਾਝੇ ਦੇ ਜਥੇ ਨੇ ਸਥਿਤੀ ਦਾ ਟਾਕਰਾ ਕਰਨਾ ਸੀ। ਭਾਵੇਂ ਵੇਲੇ ਸਿਰ ਮਾਲ ਦੇ ਚੱਲਣ ਦੀ ਤਿਆਰੀ ਵੇਲੇ ਹੀ ਸੂਚਨਾ ਮਿਲ ਗਈ ਸੀ, ਇਸ ਲਈ ਮਾਝੇ ਦੇ ਜਥੇ ਨੂੰ ਵੀ ਸਾਵਧਾਨ ਰਹਿਣ ਲਈ ਕਹਿ ਦਿੱਤਾ ਗਿਆ ਸੀ। ਇਧਰੋਂ ਸਾਰੇ ਜਥਿਆਂ ਨੂੰ ਇਸ ਪਾਸੇ ਭੇਜਣ ਪਿੱਛੋਂ ਵੀ ਜਥੇਦਾਰ ਕਰਮ ਸਿੰਘ ਨੂੰ ਚੈਨ ਨਹੀਂ ਸੀ ਆ ਰਿਹਾ। ਉਹਨੇ ਇਸ ਲਈ ਆਪ ਮੌਕੇ 'ਤੇ ਪਹੁੰਚ ਕੇ ਸਾਰੀ ਕਾਰਵਾਈ ਦੀ ਨਿਗਰਾਨੀ ਕਰਨ ਦਾ ਫ਼ੈਸਲਾ ਕਰ ਲਿਆ ਤੇ ਇਕ ਜਥਾ ਲੈ ਕੇ ਚੱਲ ਪਿਆ।

ਦਰਿਆ ਦੇ ਕੰਢੇ ਦਾ ਸਾਰਾ ਸਰਵੇਖਣ ਪਹਿਲਾਂ ਹੀ ਸਿੰਘ ਕਰ ਚੁੱਕੇ ਸਨ। ਉਹ ਦੇਖ ਗਏ ਸਨ ਕਿ ਕਿਥੋਂ ਫ਼ੌਜੀ ਟੁਕੜੀ ਦਰਿਆ ਪਾਰ ਕਰੇਗੀ, ਬੇੜੀ ਦਾ ਘਾਟ ਕਿਥੇ ਹੈ ਤੇ ਧਨ ਨੂੰ ਖੱਚਰਾਂ 'ਤੇ ਲੱਦ ਕੇ ਦਰਿਆ ਵਿਚ ਠੇਲ੍ਹਣਗੇ ਜਾਂ ਬੇੜੀਆਂ ਰਾਹੀਂ ਪਾਰ ਕਰਨਗੇ। ਫਿਰ ਇਸ ਥਾਂ ਦੇ ਆਸੇ ਪਾਸੇ ਕਿਤਨੀ ਕੁ ਦੂਰੀ 'ਤੇ ਝੱਲ ਅਤੇ ਸਰਕੜਾ ਆਦਿ ਹੈ, ਜਿਥੇ ਘਾਤ ਲਾ ਕੇ ਬੈਠਾ ਜਾ ਸਕਦਾ ਹੈ। ਇਕ ਪਾਸੇ ਦਰਿਆ ਦੇ ਵਹਿਣ ਦੇ ਨਾਲ ਨਾਲ ਜਥਾ ਥਾਵਾਂ ਮੱਲੀ ਬੈਠਿਆ ਸੀ। ਦੂਜੇ ਪਾਸੇ ਦਰਿਆ ਦਾ ਜਿਧਰੋਂ ਪਾਣੀ ਆ ਰਿਹਾ ਸੀ, ਢਿਲਵਾਂ ਦਾ ਜਥਾ ਉਸ ਪਾਸਿਉਂ ਨੇੜਿਉਂ ਆ ਰਿਹਾ ਸੀ। ਕਿੱਕਰ ਸਿੰਘ ਦੇ ਜਥੇ ਨੇ ਮੁਗ਼ਲਈ ਫ਼ੌਜੀ ਟੁਕੜੀ 'ਤੇ ਪਿੱਛੋਂ ਹਮਲਾ ਕਰਨਾ ਸੀ ਤੇ ਯਤਨ ਕਰਨਾ ਸੀ ਕਿ ਜੇਕਰ ਯੁੱਧ ਛਿੜਨ 'ਤੇ ਸੁਲਤਾਨਪੁਰ ਲੋਧੀ ਤੋਂ ਹੋਰ ਫ਼ੌਜ ਮਦਦ ਲਈ ਆਏ, ਤਾਂ ਉਸ ਨੂੰ ਰਾਹ ਵਿਚ ਰੋਕ ਕੇ ਦਰਿਆ ਕੰਢੇ ਨਾ ਪਹੁੰਚਣ ਦਿੱਤਾ ਜਾਏ।

ਜਥੇਦਾਰ ਕਰਮ ਸਿੰਘ ਨੇ ਆਪਣੇ ਜਥੇ ਨੂੰ ਸੁਲਤਾਨਪੁਰ ਤੋਂ ਉਰੇ ਹੀ ਕਰਤਾਰਪੁਰ ਵਾਲੇ ਪਾਸੇ ਇਕ ਸੁਰੱਖਿਅਤ ਥਾਂ 'ਤੇ ਤਿਆਰ ਖੜਾ ਕਰ ਲਿਆ। ਤਿੰਨਾਂ ਜਥਿਆਂ ਤਕ ਸੁਨੇਹੇ ਭੇਜ ਦਿੱਤੇ ਕਿ ਜਦ ਫ਼ੌਜੀ ਟੁਕੜੀ ਦਰਿਆ ਵਿਚ ਠਿੱਲ੍ਹ ਪਏ, ਤਾਂ ਉਸ ਸਮੇਂ ਜੈਕਾਰਿਆਂ ਦੀ ਗੂੰਜ ਨਾਲ ਹਮਲਾ ਕਰਨਾ ਹੈ। ਅਜਿਹਾ ਸਮੇਂ ਸਿਰ ਕਰਨ ਨਾਲ ਉਨ੍ਹਾਂ ਵਿਚ ਘਬਰਾਹਟ ਤੇ ਅਫੜਾ-ਤਫੜੀ ਫੈਲ ਜਾਵੇਗੀ। ਉਹ ਛੇਤੀ ਦਰਿਆ ਤੋਂ ਪਿੱਛੇ ਵੀ ਨਹੀਂ ਮੁੜ ਸਕਣਗੇ ਤੇ ਕੁਝ ਅਗਲੇ ਪਾਸੇ ਵੱਲ ਦੌੜਨਗੇ। ਅਜਿਹੇ ਸਮੇਂ ਉਹ ਧਨ ਦੀ ਰਾਖੀ ਤੇ ਖ਼ਜ਼ਾਨੇ ਦੀ ਚਿੰਤਾ ਭੁੱਲ ਕੇ ਆਪਣੀ ਰਾਖੀ ਲਈ ਹੀ ਹੱਥ ਪੈਰ ਮਾਰਨਗੇ।

ਬਿਲਕੁਲ ਇਸੇ ਤਰ੍ਹਾਂ ਕੀਤਾ ਗਿਆ। ਫ਼ੌਜੀ ਟੁਕੜੀ ਦਾ ਅੱਗੇ ਕਿਸੇ ਨੇ ਇਸ ਤਰ੍ਹਾਂ ਰਾਹ ਨਹੀਂ ਸੀ ਰੋਕਿਆ, ਇਸ ਲਈ ਉਹ ਬਿਨਾਂ ਚਿੰਤਾ ਦੇ, ਖ਼ੁਸ਼ ਤੇ ਐਸ਼ ਕਰਦੇ ਤੁਰੇ ਆ ਰਹੇ ਸਨ। ਦੂਜੀ, ਉਨ੍ਹਾਂ ਨੂੰ ਮਾਰ ਇਹ ਪਈ ਕਿ ਦਿੱਲੀ ਦੀ ਕੇਂਦਰੀ ਮੁਗ਼ਲ ਸਰਕਾਰ ਕਮਜ਼ੋਰ ਹੋਣ ਨਾਲ ਸੂਹੀਏ ਵੀ ਢਿੱਲੇ ਪੈ ਗਏ ਤੇ ਵਿਰੋਧੀਆਂ ਦੀਆਂ ਸਰਗਰਮੀਆਂ ਦਾ ਵੀ ਪਤਾ

ਲੱਗਣਾ ਹਟ ਗਿਆ। ਸਿੰਘਾਂ ਦੀਆਂ ਤਿਆਰੀਆਂ ਤੇ ਛਾਪਾ ਮਾਰਨ ਦੀ ਖ਼ਬਰ ਸੁਲਤਾਨਪੁਰ ਦੇ ਨਵਾਬ ਨੂੰ ਨਾ ਪਹੁੰਚੀ ਤੇ ਉਹ ਪੂਰੀ ਤਰ੍ਹਾਂ ਅਵੇਸਲੇ ਰਹੇ।

ਉਸ ਸਮੇਂ ਰਿਵਾਜ ਸੀ ਕਿ ਲੰਮੇ ਸਫ਼ਰ 'ਤੇ ਜਿਸ ਨੇ ਜਾਣਾ ਹੁੰਦਾ ਸੀ, ਉਹ ਇਕ ਪਹਿਰ ਰਾਤ ਰਹਿੰਦੇ ਭਾਵ ਤੜਕੇ ਮੂੰਹ-ਹਨੇਰੇ ਹੀ ਤੁਰ ਪੈਂਦਾ ਸੀ। ਸਮਝਿਆ ਜਾਂਦਾ ਸੀ ਕਿ ਤੜਕੇ ਪੈਂਡਾ ਛੇਤੀ ਮੁੱਕਦਾ ਏ। ਇਸੇ ਲਈ ਫ਼ੌਜੀ ਟੁਕੜੀ ਧਨ ਲੈ ਕੇ ਚੱਲ ਪਈ। ਦਰਿਆ ਕੰਢੇ ਪਹੁੰਚੇ ਤਾਂ ਦੇਖਿਆ ਕਿ ਦਰਿਆ ਵਿਚ ਪਾਣੀ ਸਾਧਾਰਨ ਦਿਨਾਂ ਨਾਲੋਂ ਵੱਧ ਹੈ। ਉਪਰ ਪਹਾੜਾਂ 'ਤੇ ਦੋ ਤਿੰਨ ਦਿਨ ਪਹਿਲਾਂ ਮੀਂਹ ਵੀ ਚੰਗਾ ਪਿਆ ਸੀ ਤੇ ਦਿਨੇ ਧੁੱਪ ਵੀ ਚੰਗੀ ਕੜਕਵੀਂ ਨਿਕਲੀ ਸੀ, ਜਿਸ ਨਾਲ ਪਾਣੀ ਕਾਫ਼ੀ ਮੈਦਾਨਾਂ ਵੱਲ ਉਤਰ ਆਇਆ ਸੀ। ਫ਼ੌਜ ਨੇ ਦਰਿਆ ਕੰਢੇ ਬੇੜੀਆਂ ਵੀ ਇਕੱਠੀਆਂ ਕੀਤੀਆਂ ਹੋਈਆਂ ਸਨ। ਉਨ੍ਹਾਂ ਫ਼ੈਸਲਾ ਕੀਤਾ ਕਿ ਕੁਝ ਘੋੜ-ਸਵਾਰ ਪਹਿਲਾਂ ਦਰਿਆ ਵਿਚ ਠਿੱਲ੍ਹਣ ਤੇ ਮਲਾਹਾਂ ਦੀ ਮਦਦ ਨਾਲ ਉਸ ਰਸਤੇ ਦਾ ਪਤਾ ਲਾਉਣ ਜਿਥੇ ਪਾਣੀ ਘੱਟ ਹੋਵੇ। ਡੂੰਘਾਣ ਵਧੇਰੇ ਨਾ ਹੋਵੇ ਤੇ ਪਾਣੀ ਦਾ ਵਹਾਉ ਵੀ ਬਹੁਤਾ ਰੋੜ੍ਹਵਾਂ ਨਾ ਹੋਵੇ।

ਸਾਰੇ ਪਾਸੇ ਫੂਕ ਫੂਕ ਕੇ ਕਦਮ ਰੱਖਣ ਦੇ ਬਾਵਜੂਦ ਪਹਿਲਾਂ ਠਿੱਲ੍ਹੇ ਘੋੜ-ਸਵਾਰਾਂ 'ਚੋਂ ਤਿੰਨ ਤਾਂ ਪਾਣੀ ਦੇ ਵਹਾਓ ਨਾਲ ਕਾਫ਼ੀ ਦੂਰ ਤਕ ਥੱਲੇ ਧੱਕੇ ਗਏ ਤੇ ਇਹ ਵੀ ਪਤਾ ਨਾ ਲੱਗ ਸਕਿਆ ਕਿ ਉਹ ਪਾਰਲੇ ਕੰਢੇ ਪਹੁੰਚੇ ਵੀ ਹਨ ਕਿ ਨਹੀਂ? ਜਿਥੋਂ ਤਕ ਨਜ਼ਰ ਜਾਂਦੀ ਸੀ, ਉਹ ਕੰਢੇ ਲੱਗਦੇ ਨਜ਼ਰ ਨਾ ਆਏ। ਇਸ ਲਈ ਫ਼ੌਜੀ ਟੁਕੜੀ ਦੇ ਮੁਖੀ ਨੇ ਹੁਕਮ ਸੁਣਾਇਆ ਕਿ ਧਨ ਕਿਧਰੇ ਰੁੜ੍ਹ ਨਾ ਜਾਏ, ਇਹਨੂੰ ਬੇੜੀਆਂ ਵਿਚ ਰੱਖ ਕੇ ਪਾਰ ਕੀਤਾ ਜਾਏ ਤੇ ਬਾਕੀ ਫ਼ੌਜੀ ਘੋੜਿਆਂ ਸਮੇਤ ਦਰਿਆ ਵਿਚ ਠਿੱਲ੍ਹ ਪੈਣ। ਜਦ ਅੱਧੇ ਕੁ ਫ਼ੌਜੀ ਦਰਿਆ ਵਿਚ ਘੋੜਿਆਂ ਸਮੇਤ ਵੜ ਗਏ ਤਾਂ ਇਕ ਪਾਸਿਉਂ ਸਿੰਘਾਂ ਦੇ ਜੈਕਾਰੇ ਸੁਣਾਈ ਦਿੱਤੇ, 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।'

ਫ਼ੌਜੀਆਂ ਵਿਚ ਘਬਰਾਹਟ ਮੱਚ ਗਈ। ਜਿਹੜੇ ਦਰਿਆ ਵਿਚ ਘੋੜਿਆਂ ਸਮੇਤ ਜਾ ਚੁੱਕੇ ਸਨ, ਉਹ ਵਾਪਸ ਨਹੀਂ ਸਨ ਮੁੜ ਸਕਦੇ। ਬੇੜੀਆਂ ਵਿਚ ਰੱਖੇ ਰੁਪਏ ਤੇ ਅਸ਼ਰਫ਼ੀਆਂ ਵਾਪਸ ਕੰਢੇ ਲਿਆਉਣਾ ਕੋਈ ਸਿਆਣਪ ਨਹੀਂ ਸੀ, ਤੇ ਉਹਨੂੰ ਛੱਡ ਕੇ ਮੁੜਨਾ ਵੀ ਠੀਕ ਨਹੀਂ ਸੀ, ਇਸ ਲਈ ਉਨ੍ਹਾਂ ਬੇੜੀਆਂ ਦੇ ਮਲਾਹਾਂ ਨੂੰ ਲਲਕਾਰਿਆ ਕਿ ਉਹ ਤੇਜ਼ੀ ਨਾਲ ਪਾਰਲੇ ਕੰਢੇ ਜਾ ਲੱਗਣ। ਦਰਿਆ ਕੰਢੇ ਤਿਆਰ ਖੜ੍ਹੇ ਫ਼ੌਜੀ ਆਪਣੇ ਜਮਾਂਦਾਰ ਦਾ ਹੁਕਮ ਉਡੀਕ ਰਹੇ ਸਨ ਤੇ ਨਾਲ ਨੀਝ ਲਾ ਕੇ ਦੇਖ ਰਹੇ ਸਨ ਕਿ ਸਿੰਘਾਂ ਦਾ ਜਥਾ ਕਿਸ ਪਾਸਿਉਂ ਆ ਗਿਆ ਹੈ। ਐਨ ਇਸ ਸਮੇਂ ਦੂਜੇ ਪਾਸਿਉਂ ਉੱਤਰ ਵੱਲੋਂ ਵੀ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਦੀ ਗੂੰਜ ਨਾਲ ਘੋੜ-ਸਵਾਰ ਸਿੰਘ ਆਉਂਦੇ ਨਜ਼ਰ ਆ ਗਏ।

ਆਗੂ-ਰਹਿਤ ਹੋਣ ਕਾਰਨ ਇਸ ਸਮੇਂ ਉਹ ਇਕੱਠੇ ਨਾ ਰਹਿ ਸਕੇ। ਕੁਝ ਤਾਂ ਦੌੜ ਕੇ ਦਰਿਆ ਵਿਚ ਦਾਖ਼ਲ ਹੋ ਗਏ। ਕੁਝ ਘਬਰਾਹਟ ਵਿਚ ਪਿੱਛੇ ਨੂੰ ਦੌੜ ਪਏ। ਜੇ ਕਰ ਇਕ ਫ਼ੌਜੀ ਨੇ ਆਖਿਆ, "ਕਿਉਂ ਭੱਜ ਚੱਲੇ ਹੋ, ਪਿੱਛੇ ਨਾ ਜਾਉ," ਤਾਂ ਪਿੱਛੇ ਮੂੰਹ ਕਰ ਚੁੱਕੇ ਇਕ ਨੇ ਉੱਤਰ ਦਿੱਤਾ, "ਅਸੀਂ ਸੁਲਤਾਨਪੁਰ ਜਾ ਕੇ ਨਵਾਬ ਨੂੰ ਇਸ ਹਮਲੇ ਦੀ ਇਤਲਾਹ ਦੇਣ ਚੱਲੇ ਆਂ। ਪੰਦਰਾਂ ਕੁ ਜਵਾਨਾਂ ਦੀ ਟੁਕੜੀ ਨੇ ਹਮਲਾ ਕਰ ਕੇ ਆ ਰਹੇ ਸਿੰਘਾਂ ਦਾ ਮੁਕਾਬਲਾ ਕਰਨ ਲਈ ਤਿਆਰੀ ਕਰ ਲਈ। ਇਨ੍ਹਾਂ ਪਾਸ ਕੇਵਲ ਇਕ ਹੀ ਬੰਦੂਕ ਸੀ ਤੇ ਬਾਕੀਆਂ ਪਾਸ ਟਕੂਏ ਤੇ ਬਰਛੀਆਂ ਸਨ। ਇਨ੍ਹਾਂ ਦੇ ਚਿਤ ਚੇਤੇ ਵਿਚ ਵੀ ਨਹੀਂ ਸੀ ਕਿ ਇਸ ਤਰ੍ਹਾਂ ਵੀ ਸਿਖ-ਹਮਲਾ ਹੋ ਸਕਦਾ ਏ। ਪਹਿਲੀ ਵਾਰ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਇਕ ਵਾਰ ਬੰਦੂਕ ਚਲਾਈ ਪਰ ਦੂਜੀ ਵਾਰ ਉਹਦੇ ਵਿਚ ਬਾਰੂਦ ਭਰਨ ਤੋਂ ਪਹਿਲਾਂ ਸਿੰਘਾਂ ਦਾ ਜਥਾ ਉਨ੍ਹਾਂ 'ਤੇ ਟੁੱਟ ਪਿਆ। ਤਲਵਾਰ ਨਾਲ ਤਲਵਾਰ ਖੜਕਣ ਲੱਗੀ। ਬਰਛੀਆਂ ਤੇ ਟਕੂਏ ਗੰਡਾਸੇ ਦੀ ਅਤਿ ਨੇੜਿਉਂ ਲੜਾਈ ਵਿਚ ਬੰਦੂਕ ਤਾਂ ਨਕਾਰਾ ਹੋ ਗਈ। ਬੰਦੂਕ ਚੁੱਕਣ ਤੇ ਨਿਸ਼ਾਨਾ ਬੰਨ੍ਹਣ ਦਾ ਮੌਕਾ ਹੀ ਨਹੀਂ ਸੀ ਰਹਿ ਗਿਆ। ਦੋਪਾਸੜ ਹਮਲੇ ਨਾਲ ਉਹ ਬਹੁਤੀ ਦੇਰ ਮੁਕਾਬਲਾ ਨਾ ਕਰ ਸਕੇ। ਦਸ ਕੁ ਬੰਦੇ ਤਾਂ ਥਾਂ 'ਤੇ ਹੀ ਮਰ ਗਏ ਤੇ ਬਾਕੀ ਫੱਟੜ ਹੋ ਗਏ। ਦੋ ਘੋੜੇ ਵੀ ਥਾਂ 'ਤੇ ਦਮ ਤੋੜ ਗਏ। ਇਕ ਸਿੰਘ ਵੀ ਇਸ ਟੱਕਰ ਵਿਚ ਚੜ੍ਹਾਈ ਕਰ ਗਿਆ ਤੇ ਦੋ ਨੂੰ ਫੱਟ ਲੱਗੇ। ਸਿੰਘਾਂ ਨੇ ਤੁਰਤ ਘੋੜਿਆਂ 'ਤੇ ਕਬਜ਼ਾ ਕੀਤਾ ਤੇ ਜਿਹੜੇ ਦੋ ਦੋ ਸਵਾਰ ਇਕ ਇਕ ਘੋੜੇ 'ਤੇ ਸਨ, ਉਨ੍ਹਾਂ ਵਿਚੋਂ ਹੀ ਕੁਝ ਨੂੰ ਘੋੜੇ ਮਿਲ ਗਏ।

ਫਿਰ ਮੈਦਾਨ ਵਿਚ ਜ਼ਖ਼ਮੀ ਪਏ ਪੰਜ ਫ਼ੌਜੀਆਂ ਤੇ ਦੋ ਸਿੰਘਾਂ ਵੱਲ ਧਿਆਨ ਦਿੱਤਾ ਗਿਆ। ਉਨ੍ਹਾਂ ਦੇ ਫੱਟਾਂ 'ਤੇ ਸਫ਼ਾਈ ਕਰ ਕੇ ਮਰ੍ਹਮ ਲਾਈ ਗਈ। ਉਪਰ ਕੱਪੜੇ ਬੰਨ੍ਹੇ ਗਏ। ਉਨ੍ਹਾਂ ਜ਼ਖ਼ਮੀ ਫ਼ੌਜੀਆਂ ਨੂੰ ਸਿੰਘਾਂ ਦੇ ਜਥੇਦਾਰ ਨੇ ਕਿਹਾ, "ਸਾਡਾ ਤੁਹਾਡੇ ਨਾਲ ਕੋਈ ਵੈਰ ਵਿਰੋਧ ਨਹੀਂ। ਅਸੀਂ ਤਾਂ ਹਕੂਮਤ ਨਾਲ ਟੱਕਰ ਲੈ ਰਹੇ ਹਾਂ ਕਿਉਂਕਿ ਹਕੂਮਤ ਜ਼ੁਲਮ ਕਰ ਰਹੀ ਏ। ਸਾਡੇ ਨਿਰਦੋਸ਼ ਬੰਦੇ ਮਾਰੇ ਜਾ ਰਹੇ ਹਨ, ਇਸ ਲਈ ਅਸੀਂ ਸਬਕ ਸਿਖਾਣ ਲਈ ਨਿੱਤਰੇ ਹਾਂ। ਅਸੀਂ ਮੁਸਲਮਾਨਾਂ ਦੇ ਵੈਰੀ ਨਹੀਂ। ਸਾਡਾ ਕਿਸੇ ਨਾਲ ਮਜ਼ਹਬੀ ਝਗੜਾ ਨਹੀਂ। ਇਸ ਲਈ ਤੁਹਾਡੇ ਨਾਲ ਲੜਾਈ ਸਮੇਂ ਭਾਵੇਂ ਕਰੜਾ ਵਤੀਰਾ ਰੱਖ ਲਈਏ, ਉਂਝ ਤਾਂ ਤੁਸੀਂ ਸਾਡੇ ਭਰਾ ਜੇ।" ਇਨ੍ਹਾਂ ਸ਼ਬਦਾਂ ਦਾ ਬੜਾ ਚੰਗਾ ਪ੍ਰਭਾਵ ਪਿਆ।

ਜਿਹੜੇ ਫ਼ੌਜੀ ਪਿੱਛੇ ਨੂੰ ਸੁਲਤਾਨਪੁਰ ਵੱਲ ਦੌੜੇ ਸਨ, ਉਹ ਕਿੱਕਰ ਸਿੰਘ ਦੇ ਜਥੇ ਨੇ ਰੋਕ ਲਏ ਤੇ ਉਨ੍ਹਾਂ ਨੂੰ ਵਾਪਸ ਨਾ ਜਾਣ ਦਿੱਤਾ। ਦਰਿਆ ਤੋਂ ਕੁਝ ਹਟਵਾਂ ਯੁੱਧ ਦਾ ਇਕ ਹੋਰ ਖੇਤਰ ਬਣ ਗਿਆ। ਕੁਝ ਮਿੰਟਾਂ ਦੀ ਝੜਪ ਪਿੱਛੋਂ ਉਨ੍ਹਾਂ ਫ਼ੌਜੀਆਂ ਨੇ ਵੀ ਹਥਿਆਰ ਸੁੱਟ ਦਿੱਤੇ ਕਿਉਂਕਿ ਉਨ੍ਹਾਂ ਨਾਲੋਂ ਤਿੰਨ ਗੁਣਾ ਵਧ ਸਿੰਘ ਟਾਕਰੇ 'ਤੇ ਸਨ। ਇਸੇ ਟੱਕਰ ਵਿਚ ਜਥੇਦਾਰ ਕਰਮ ਸਿੰਘ ਦੇ ਲੜਕੇ ਫ਼ਤਹਿ ਸਿੰਘ ਨੂੰ ਵੀ ਸੱਟਾਂ ਲੱਗੀਆਂ। ਉਹ ਪਹਿਲੀ ਵਾਰ ਅਜਿਹੇ ਯੁੱਧ ਵਿਚ ਆਇਆ ਸੀ। ਇਸ ਲਈ ਜੋਸ਼ ਨਾਲ ਆਪਣੇ ਬਚਾਓ ਦਾ ਧਿਆਨ ਰੱਖੇ ਬਿਨਾਂ ਉਹ ਦੁਸ਼ਮਣਾਂ ਦੇ ਘੇਰੇ ਵਿਚ ਜਾ ਵੜਿਆ। ਗਤਕਾ ਉਹ ਬਹੁਤ ਵਧੀਆ ਖੇਡ ਲੈਂਦਾ ਸੀ, ਪਰ ਜਿਹੜੀ ਸ਼ਸਤਰ ਵਿਦਿਆ ਉਹਨੇ ਹੁਣ ਤਕ ਸਿੱਖੀ ਸੀ, ਉਸ ਵਿਚ ਤਲਵਾਰ ਦੇ ਟਾਕਰੇ ਤਲਵਾਰ ਤੇ ਬਰਛੇ ਦੇ ਟਾਕਰੇ ਬਰਛੇ ਨਾਲ ਮੁਕਾਬਲੇ ਦੇ ਗੁਰ ਸਿੱਖੇ ਸਨ। ਵੱਖੋ ਵੱਖ ਕਿਸਮ ਦੇ ਅਨੇਕਾਂ ਹਥਿਆਰਾਂ ਦੇ ਇਕੋ ਵੇਲੇ ਚੁਫੇਰਿਉਂ ਹਮਲੇ ਦੇ ਇਕ ਹਥਿਆਰ ਨਾਲ ਮੁਕਾਬਲੇ ਦੀ ਮੁਹਾਰਤ ਨਹੀਂ ਸੀ।

ਸਿੰਘਾਂ ਨੇ ਪਹਿਲਾਂ ਹੀ ਗੋਇੰਦਵਾਲ ਇਤਲਾਹ ਕਰ ਦਿੱਤੀ ਸੀ, ਇਸ ਲਈ ਮਾਝੇ ਦੇ ਸਿੰਘ ਦਰਿਆ ਦੇ ਪਾਰ ਤਿਆਰ ਸਨ। ਜਦੋਂ ਉਨ੍ਹਾਂ ਦੇਖਿਆ ਕਿ ਛੇ ਸੱਤ ਫ਼ੌਜੀ ਘੋੜਿਆਂ 'ਤੇ ਕੰਢੇ ਆ ਲੱਗੇ ਹਨ ਤਾਂ ਉਨ੍ਹਾਂ ਵੀ ਜੈਕਾਰੇ ਦੀ ਗੂੰਜ ਨਾਲ ਉਨ੍ਹਾਂ ਨੂੰ ਘੇਰਾ ਪਾ ਲਿਆ। ਇਹ ਸਾਹਮਣੇ ਲੜਾਈ ਸ਼ੁਰੂ ਹੋ ਚੁੱਕੀ ਦੇਖ ਕੇ ਦਰਿਆ ਵਿਚਲੇ ਫ਼ੌਜੀ ਨਵੀਂ ਦੋਚਿੱਤੀ ਵਿਚ ਪੈ ਗਏ। ਨਾ ਪਿੱਛੇ ਮੁੜਨ ਜੋਗੇ ਤੇ ਨਾ ਅੱਗੇ ਕੰਢੇ ਲੱਗਣ ਜੋਗੇ। ਉਨ੍ਹਾਂ ਦੇ ਇਕ ਮੁਖੀ ਨੇ ਬੇੜੀਆਂ ਦੇ ਮਲਾਹਾਂ ਨੂੰ ਆਦੇਸ਼ ਦਿੱਤਾ ਕਿ ਉਹ ਬੇੜੀਆਂ ਕੰਢੇ ਨਾ ਲਾਉਣ ਤੇ ਦਰਿਆ ਵਿਚ ਹੀ ਪਾਣੀ ਦੇ ਵਹਿਣ ਨਾਲ ਤੁਰੇ ਜਾਣ। ਬੇੜੀਆਂ ਝੱਟ-ਪਟ ਚੱਪੂ ਮੋੜ ਕੇ ਖੱਬੇ ਪਾਸੇ ਵੱਲ ਕਰ ਲਈਆਂ ਗਈਆਂ।

ਅੱਗੋਂ ਸਿੰਘਾਂ ਦੀਆਂ ਕੁਝ ਦੂਰੀ 'ਤੇ ਬੇੜੀਆਂ ਸਾਰੀ ਸਥਿਤੀ 'ਤੇ ਨਿਗਰਾਨੀ ਕਰ

ਰਹੀਆਂ ਸਨ। ਉਨ੍ਹਾਂ ਹਕੂਮਤ ਦਾ ਕਰ ਲੈ ਕੇ ਜਾ ਰਹੀਆਂ ਬੇੜੀਆਂ ਨੂੰ ਰੋਕ ਲਿਆ ਤੇ ਕੰਢੇ ਵੱਲ ਮੁੜਨ ਲਈ ਆਖਿਆ। ਮਲਾਹਾਂ ਨੇ ਡਰਦੇ ਮਾਰੇ ਬੇੜੀਆਂ ਯੁੱਧ ਵਾਲੀ ਥਾਂ ਤੋਂ ਇਕ ਮੀਲ ਥੱਲੇ ਵੱਲ ਕੰਢੇ ਆ ਲਾਈਆਂ ਤੇ ਉਸ ਸਾਰੇ ਧਨ 'ਤੇ ਸਿੰਘਾਂ ਦਾ ਕਬਜ਼ਾ ਹੋ ਗਿਆ।

ਲੜਾਈ ਬੰਦ ਹੋ ਚੁੱਕੀ ਸੀ। ਸਿੰਘਾਂ ਦੇ ਸਾਰੇ ਜਥੇ ਇਕ ਥਾਂ ਇਕੱਠੇ ਹੋ ਚੁੱਕੇ ਸਨ। ਜਥੇਦਾਰ ਕਰਮ ਸਿੰਘ ਵੀ ਉਥੇ ਪਹੁੰਚ ਗਿਆ। ਉਹਨੇ ਅਸ਼ਰਫ਼ੀਆਂ, ਮੋਹਰਾਂ ਤੇ ਰੁਪੈ ਸਿੰਘਾਂ ਵਿਚ ਇਕੋ ਜਿੰਨੇ ਵੰਡ ਦਿੱਤੇ। ਜਿਨ੍ਹਾਂ ਪਾਸ ਘੋੜੇ ਨਹੀਂ ਸਨ, ਘੋੜੇ ਦਿਵਾ ਦਿੱਤੇ ਤੇ ਕਿਹਾ ਕਿ ਛੇਤੀ ਨਾਲ ਇਥੋਂ ਕੂਚ ਕਰ ਕੇ ਆਪਣੇ ਪਹਿਲੇ ਟਿਕਾਣਿਆਂ 'ਤੇ ਪਹੁੰਚ ਜਾਈਏ। ਇਹ ਹਕੂਮਤ ਦੀ ਆਰਥਕ ਨਾਕਾਬੰਦੀ ਦਾ ਪਹਿਲਾ ਯਤਨ ਸੀ, ਜੋ ਦੁਆਬੇ ਦੇ ਸੂਰਬੀਰ ਸਿੰਘਾਂ ਨੇ ਸਫਲਤਾ ਪੂਰਵਕ ਤੇ ਬੜੇ ਗੌਰਵ ਨਾਲ ਫ਼ਤਹਿ ਕੀਤਾ। ਜ਼ਖ਼ਮੀ ਫ਼ੌਜੀਆਂ ਨੂੰ ਉਨ੍ਹਾਂ ਦੇ ਘੋੜਿਆਂ ਸਮੇਤ ਤੋਰ ਦਿੱਤਾ। ਕਈ ਸਿੰਘਾਂ ਨੇ ਉਨ੍ਹਾਂ ਦੇ ਘੋੜੇ ਵੀ ਖੋਹ ਲੈਣ ਦੀ ਗੱਲ ਕੀਤੀ, ਪਰ ਜਥੇਦਾਰ ਕਰਮ ਸਿੰਘ ਨਾ ਮੰਨਿਆ ਤੇ ਕਿਹਾ, "ਇਹਦਾ ਵੀ ਚੰਗਾ ਅਸਰ ਹੋਵੇਗਾ।"

63

ਫ਼ਤਹਿ ਸਿੰਘ ਦੀਆਂ ਲੱਤਾਂ 'ਤੇ ਸੱਟ ਵੱਜੀ ਸੀ ਤੇ ਇਸੇ ਕਰਕੇ ਉਹਦੇ ਤੋਂ ਤੁਰਿਆ ਨਹੀਂ ਸੀ ਜਾਂਦਾ। ਫੱਟ-ਬੰਨ੍ਹਾਂ ਨੇ ਚੰਗੀ ਤਰ੍ਹਾਂ ਫੱਟੀਆਂ ਦੋਵੇਂ ਪਾਸੇ ਰੱਖ ਕੇ ਖੱਬੀ ਲੱਤ ਨੂੰ ਬੰਨ੍ਹਿਆ ਹੋਇਆ ਸੀ, ਇਸ ਹਾਲਤ ਵਿਚ ਜਦੋਂ ਉਹਨੂੰ ਸਾਥੀ ਲੈ ਕੇ ਕਰਤਾਰਪੁਰ ਉਨ੍ਹਾਂ ਦੇ ਘਰ ਪਹੁੰਚੇ ਤਾਂ ਇਕ ਵਾਰ ਉਹਨੂੰ ਦੇਖਦਿਆਂ ਦੀਪੋ ਦੇ ਕਾਲਜੇ ਦਾ ਰੁੱਗ ਭਰਿਆ ਗਿਆ। ਉਹ ਦੌੜਦੀ ਬਾਹਰ ਆਈ। ਫ਼ਤਹਿ ਸਿੰਘ ਨੂੰ ਜਿਵੇਂ ਬੰਦਿਆਂ ਨੇ ਘੋੜੇ ਤੋਂ ਉਤਾਰਿਆ, ਉਹ ਸੱਚਮੁੱਚ ਹੀ ਘਬਰਾਹਟ ਵਾਲੀ ਸਥਿਤੀ ਜਾਪਦੀ ਸੀ।

ਨੇੜੇ ਹੋਈ ਤਾਂ ਫ਼ਤਹਿ ਸਿੰਘ ਦੇ ਚਿਹਰੇ 'ਤੇ ਨਜ਼ਰ ਪਈ। ਉਹਨੇ ਵੀ ਅੱਖ ਪੁੱਟ ਕੇ ਮਾਂ ਵੱਲ ਦੇਖਿਆ ਤੇ ਮਾਂ ਦੇ ਮੂੰਹ ਤੋਂ ਘਬਰਾਹਟ ਦੇ ਚਿੰਨ੍ਹ ਝੱਟ ਪੜ੍ਹ ਕੇ ਆਖਿਆ, "ਮਾਂ, ਘਬਰਾਉਣ ਵਾਲੀ ਕੋਈ ਗੱਲ ਨਹੀਂ। ਐਵੇਂ ਮਾਮੂਲੀ ਜਿਹੀ ਸੱਟ ਲੱਗ ਗਈ ਏ।"

"ਕਿਥੇ ਲੱਗੀ ਏ ਮੇਰੇ ਲਾਲ ਨੂੰ ?" ਦੀਪੋ ਨੇ ਉਤਾਵਲਤਾ ਨਾਲ ਪੁੱਛਿਆ।

"ਲੱਤਾਂ 'ਤੇ ਜ਼ਖ਼ਮ ਨੇ ?" ਇਕ ਸਿੰਘ ਨੇ ਦੱਸਿਆ।

"ਲੱਤਾਂ ਉਂਝ ਤਾਂ ਠੀਕ ਨੇ ?" ਉਹਨੇ ਫ਼ਤਹਿ ਸਿੰਘ ਨੂੰ ਚੁੱਕ ਕੇ ਅੰਦਰ ਲਿਆ ਰਹੇ ਜਵਾਨਾਂ ਤੋਂ ਪੁੱਛਿਆ ਤੇ ਉੱਤਰ ਦੀ ਉਡੀਕ ਕੀਤੇ ਬਿਨਾਂ ਝੱਟ ਉਹਦੀਆਂ ਲੱਤਾਂ ਨੂੰ ਪੈਰਾਂ ਵੱਲੋਂ ਦੇਖਿਆ ਤੇ ਫਿਰ ਕਿਹਾ, "ਸ਼ੁਕਰ ਏ ਵਾਹਿਗੁਰੂ ਦਾ। ਅੰਗ ਸਲਾਮਤ ਰਹਿਣ, ਸੱਟਾਂ ਦਾ ਕੀ ਏ, ਉਹ ਤੇ ਬੰਦਾ ਝੱਲ ਗੁਜ਼ਰਦਾ ਏ।"

ਝੱਟ-ਪਟ ਕਾੜ੍ਹਨੀ 'ਚੋਂ ਗਰਮ ਗਰਮ ਦੁੱਧ ਦੇ ਕਟੋਰੇ ਭਰ ਕੇ ਸਭ ਨੂੰ ਦਿੱਤੇ ਤੇ ਨਾਲ ਹੀ ਫ਼ਤਹਿ ਸਿੰਘ ਨੂੰ ਦੁੱਧ ਵਿਚ ਪਹਿਲਾਂ ਹਲਦੀ ਮਿਲਾ ਕੇ ਦਿੱਤੀ। ਸਮਝਿਆ ਜਾਂਦਾ ਸੀ ਕਿ ਹਲਦੀ ਦੁੱਧ ਵਿਚ ਦੇਣ ਨਾਲ ਪੀੜ ਘਟਦੀ ਏ ਤੇ ਜ਼ਖ਼ਮ ਨੂੰ ਅੰਦਰੋਂ ਮੇਲਣ ਦੀ ਸ਼ਕਤੀ ਮਿਲਦੀ ਏ। ਜਦ ਉਹ ਹਜ਼ਮ ਹੋ ਗਿਆ ਤਾਂ ਫਿਰ ਦੁੱਧ ਵਿਚ ਘਿਓ ਪਾ ਕੇ ਦਿੱਤਾ। ਫ਼ਤਹਿ ਸਿੰਘ ਨੇ ਕਿਹਾ, "ਹੁਣੇ ਤੇ ਦੁੱਧ ਪੀਤਾ ਏ, ਹੋਰ ਜੀਅ ਨਹੀਂ ਕਰਦਾ।" ਤਾਂ ਮਾਂ ਨੇ ਕਿਹਾ,

"ਅਜਿਹੀਆਂ ਸੱਟਾਂ ਲੱਗਣ ਨਾਲ ਅੰਦਰ ਕਮਜ਼ੋਰੀ ਪੈਦਾ ਹੁੰਦੀ ਏ ਤੇ ਉਸ ਕਮਜ਼ੋਰੀ ਦਾ ਤੋੜ ਏ ਇਹ ਦੁੱਧ ਘਿਓ। ਲੈ ਪੁੱਤਰ, ਪੀ ਲੈ ਤੇ ਦੇਖੀਂ ਕਿਵੇਂ ਦੋ ਚਾਰ ਦਿਨਾਂ ਵਿਚ ਹੀ ਤੂੰ ਮੁੜ ਦੌੜਨ ਭੱਜਣ ਲੱਗ ਪੈਣਾ ਏਂ।"

ਆਸੇ ਪਾਸੇ ਦੇ ਘਰਾਂ ਦੀਆਂ ਔਰਤਾਂ ਵੀ ਤੁਰਤ ਫ਼ਤਹਿ ਸਿੰਘ ਦੇ ਜ਼ਖ਼ਮੀ ਹੋਣ ਦਾ ਸੁਣ ਕੇ ਆ ਗਈਆਂ। ਕੁਝ ਤਾਂ ਦਿਲੀ ਹਮਦਰਦੀ ਕਾਰਨ ਹਾਲ-ਚਾਲ ਪੁੱਛਣ ਆ ਗਈਆਂ ਤੇ ਕੁਝ ਲੋਕ-ਦਿਖਾਵੇ ਲਈ, ਮੂੰਹ-ਰੱਖਣੀ ਲਈ ਤਾਕਿ ਕੋਈ ਇਹ ਨਾ ਆਖੇ ਕਿ ਉਹ ਨਹੀਂ ਆਈ। ਹਾਲ-ਚਾਲ ਪੁੱਛ ਕੇ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਉਂ ਲੱਗਦਾ ਸੀ ਜਿਵੇਂ ਹਰ ਜ਼ਨਾਨੀ ਵੈਦ ਤੇ ਹਕੀਮ ਹੋਵੇ। ਕਿਸੇ ਨੇ ਫਟਕੜੀ ਫੁੱਲ ਕਰ ਕੇ ਦੇਣ ਲਈ ਸਲਾਹ ਦਿੱਤੀ ਤੇ ਕਿਸੇ ਨੇ ਹੋਰ ਇਲਾਜ ਦੱਸਿਆ। ਹਰ ਕੋਈ ਇਲਾਜ ਦੇ ਨਾਲ ਇਕ ਕਹਾਣੀ ਤੇ ਆਪ-ਬੀਤੀ ਵੀ ਸੁਣਾ ਦਿੰਦੀ, ਕਿਵੇਂ ਉਹਦੇ ਸਹੁਰੇ ਪੇਕੇ ਵਿਚ ਅਜਿਹੇ ਜ਼ਖ਼ਮਾਂ ਦਾ ਇਲਾਜ ਹੋਇਆ ਸੀ।

ਜਥੇਦਾਰ ਕਰਮ ਸਿੰਘ ਵੀ ਦੂਜੇ ਦਿਨ ਘਰ ਪਰਤਿਆ। ਉਹਨੇ ਇਕ ਤਾਂ ਸਾਰੇ ਨਾਕਿਆਂ 'ਤੇ ਪ੍ਰਬੰਧ ਨੂੰ ਮੁੜ ਠੀਕ ਕਰਨਾ ਸੀ। ਜਦ ਸੁਲਤਾਨਪੁਰ ਵੱਲ ਜਾਣ ਲਈ ਆਦੇਸ਼ ਦਿੱਤਾ ਸੀ ਤਾਂ ਇਨ੍ਹਾਂ ਨਾਕਿਆਂ 'ਤੇ ਢਿਲਆਈ ਹੋ ਗਈ ਸੀ। ਉਹਨੇ ਪਹਿਲੇ ਤਜਰਬੇ ਪਿੱਛੋਂ ਕਈ ਤੱਤ ਕੱਢੇ। ਆਪਣੀਆਂ ਤਰੁੱਟੀਆਂ 'ਤੇ ਸਵੈ-ਵਿਚਾਰ ਕੀਤਾ। ਸਾਥੀਆਂ ਨਾਲ ਸਲਾਹ ਕੀਤੀ। ਜਥਿਆਂ ਵਿਚ ਸ਼ਾਮਲ ਸਿੰਘਾਂ ਦੀਆਂ ਸੂਚੀਆਂ ਬਣਾਈਆਂ। ਹਰ ਇਕ ਬਾਰੇ ਵੱਖਰਾ ਖਾਤਾ ਖੋਲ੍ਹਿਆ। ਉਸ ਵਿਚ ਇਹ ਵੀ ਦਰਜ ਕਰਨਾ ਸ਼ੁਰੂ ਕੀਤਾ ਕਿ ਕੋਈ ਸਿੰਘ ਕਦੋਂ ਕਦੋਂ ਤੇ ਕਿਤਨੀ ਦੇਰ ਲਈ ਘਰ ਜਾਂਦਾ ਹੈ। ਦੋ ਗੱਲਾਂ ਤੋਂ ਜਥੇਦਾਰ ਕਰਮ ਸਿੰਘ ਸੁਚੇਤ ਸੀ ਕਿ ਇਕ ਤਾਂ ਧਨ-ਮਾਲ ਦੀ ਵੰਡ ਵਿਚ ਵਿਤਕਰਾ ਨਾ ਹੋਵੇ ਤੇ ਹਰ ਇਕ ਨੂੰ ਘਰ ਜਾਣ ਦੀ ਇਕੋ ਜਿਹੀ ਸੁਵਿਧਾ ਪ੍ਰਾਪਤ ਹੋਵੇ। ਦੂਜੀ ਗੱਲ ਉਹਦੇ ਮਨ ਵਿਚ ਹਮੇਸ਼ਾਂ ਇਹ ਰਹਿੰਦੀ ਕਿ ਕੋਈ ਇਹ ਮਹਿਸੂਸ ਨਾ ਕਰੇ ਕਿ ਮੈਂ ਕਿਸੇ ਹੋਰ ਨੂੰ ਵਧੇਰੇ ਸਲਾਹੁੰਦਾ ਜਾਂ ਲਿਹਾਜ਼ ਕਰਦਾ ਹਾਂ ਤੇ ਕਿਸੇ ਨਾਲ ਘੱਟ। ਉਹ ਜਾਣਦਾ ਸੀ ਕਿ ਜਨ-ਸਾਧਾਰਨ ਸਭ ਤੋਂ ਵਧ ਵਿਤਕਰੇ ਤੋਂ ਦੁਖੀ ਹੁੰਦਾ ਹੈ। ਕੋਈ ਮਨੁੱਖ ਵੀ ਆਪਣੇ ਨਾਲ ਵਿਤਕਰਾ ਹੁੰਦਾ ਬਰਦਾਸ਼ਤ ਨਹੀਂ ਕਰ ਸਕਦਾ। ਫੁੱਟ ਤੇ ਬੇਵਿਸ਼ਵਾਸੀ ਦੀ ਬੀਮਾਰੀ ਇਸੇ ਭਾਵਨਾ ਤੋਂ ਪੈਦਾ ਹੁੰਦੀ ਹੈ। ਜਥੇਦਾਰ ਕਰਮ ਸਿੰਘ ਦਾ ਵਤੀਰਾ ਇਸੇ ਕਰਕੇ ਕਿਸੇ ਵੱਲ ਵੀ ਉਲਾਰ ਨਹੀਂ ਸੀ ਹੁੰਦਾ। ਇਥੋਂ ਤਕ-ਕਿ ਜਦੋਂ ਉਹਨੂੰ ਆਪਣੇ ਸਪੁੱਤਰ ਦੇ ਜ਼ਖ਼ਮੀ ਹੋਣ ਦੀ ਸੂਚਨਾ ਮਿਲੀ ਤਾਂ ਉਹ ਤੁਰਤ ਪੁੱਤਰ ਕੋਲ ਪਹੁੰਚਣ ਲਈ ਉਤਾਵਲਾ ਨਾ ਹੋਇਆ। ਸਾਧਾਰਨ ਪਿਓ ਇਸ ਤਰ੍ਹਾਂ ਕਰੇ ਤਾਂ ਸ਼ਾਇਦ ਉਹ ਕਠੋਰ-ਚਿੱਤ ਸਮਝਿਆ ਜਾਏ। ਕਰਮ ਸਿੰਘ ਨੇ ਪੁੱਤਰ ਵੱਲ ਜਾਂਦਿਆਂ ਵੀ ਰਸਤੇ ਵਿਚ ਦੇਖੇ ਜ਼ਖ਼ਮੀਆਂ ਦੀ ਪਹਿਲਾਂ ਖ਼ਬਰ-ਸੁਰਤ ਲਈ। ਉਨ੍ਹਾਂ ਜ਼ਖ਼ਮੀਆਂ ਨੂੰ ਵੀ ਇਹੀ ਮਹਿਸੂਸ ਹੋਇਆ ਕਿ ਜਥੇਦਾਰ ਸਾਨੂੰ ਆਪਣੇ ਸਪੁੱਤਰ ਵਾਂਗ ਹੀ ਪਿਆਰ ਕਰਦਾ ਹੈ।

ਕਰਮ ਸਿੰਘ ਨੇ ਆ ਕੇ ਪੁੱਤਰ ਦੀ ਘਰ ਵਿਚ ਖ਼ਬਰ-ਸੁਰਤ ਪੂਰੇ ਵਿਸਥਾਰ ਨਾਲ ਲਈ। ਉਹ ਲੱਤਾਂ ਦੇਖ ਕੇ ਹੀ ਸਮਝ ਗਿਆ ਕਿ ਜਿਸ ਲੱਤ 'ਤੇ ਲੱਕੜੀ ਦੀ ਫੱਟੀ ਬੰਨ੍ਹੀ ਹੋਈ ਏ, ਉਥੋਂ ਹੱਡੀ ਟੁੱਟੀ ਹੋਈ ਏ। ਦੂਜੀ ਲੱਤ ਦੇ ਜ਼ਖ਼ਮਾਂ ਦੇ ਡੂੰਘੇ ਹੋਣ ਬਾਰੇ ਜਾਣਕਾਰੀ ਲਈ ਤੇ ਕੀਤੇ ਗਏ ਇਲਾਜ ਬਾਰੇ ਪੁੱਛਿਆ। ਇਨ੍ਹਾਂ ਸਾਰੀਆਂ ਗੱਲਾਂ ਦੇ ਪਿੱਛੋਂ ਦੀਪੋ ਨੂੰ ਸੰਬੋਧਨ ਕਰ ਕੇ ਆਖਿਆ, "ਪੁੱਤਰ ਤੇਰਾ ਸ਼ੇਰ-ਮਰਦ ਏ। ਯੁੱਧ ਵਿਚ ਸੱਟਾਂ ਲੱਗਣ 'ਤੇ ਵੀ ਰੋਇਆ ਜਾਂ ਚੀਕਿਆ ਨਹੀਂ। ਬਹਾਦਰਾਂ ਵਾਂਗ ਇਹਨੇ ਦੁੱਖ ਜਰ ਲਿਆ ਏ।"

"ਇਹਨੂੰ ਪਤਾ ਸੀ ਕਿ ਜੇ ਦੁੱਖ ਨੂੰ ਵਧੇਰੇ ਮਹਿਸੂਸ ਕੀਤਾ ਤਾਂ ਸ਼ਾਇਦ ਮੁੜ ਕੋਈ ਯੁੱਧ ਵਿਚ ਜਾਣ ਹੀ ਨਾ ਦੇਵੇ," ਦੀਪੋ ਨੇ ਅੱਗੋਂ ਆਖਿਆ, "ਸੱਟ ਲੱਗਣ ਦਾ ਦਰਦ ਤੇ

ਦੁੱਖ ਕਿਸ ਨੂੰ ਨਹੀਂ ਹੁੰਦਾ! ਕੋਈ ਸਹਿ ਜਾਂਦਾ ਏ ਤੇ ਕਿਸੇ ਤੋਂ ਸਹਿਣ ਨਹੀਂ ਹੁੰਦਾ।"

"ਪ੍ਰੀਖਿਆ 'ਚੋਂ ਪੁੱਤਰ ਪਾਸ ਹੋ ਗਿਆ ਏ, ਇਹਨੂੰ ਇਨਾਮ ਦੇਣਾ ਚਾਹੀਦਾ ਏ," ਜਥੇਦਾਰ ਕਰਮ ਸਿੰਘ ਨੇ ਮੁਸਕਰਾਹਟ ਚਿਹਰੇ 'ਤੇ ਲਿਆਉਂਦਿਆਂ ਕਿਹਾ।

"ਤੁਸੀਂ ਪਿਤਾ ਜੇ, ਕਰੋ ਫ਼ੈਸਲਾ ਕੀ ਇਨਾਮ ਦੇਣਾ ਚਾਹੋਗੇ?" ਦੀਪੋ ਨੇ ਪ੍ਰਸ਼ਨ ਕੀਤਾ।

"ਯੋਧੇ ਦੇ ਤੌਰ 'ਤੇ ਇਹਨੂੰ ਉਹੀ ਕੁਝ ਮਿਲੇਗਾ, ਜੋ ਇਹਦੇ ਦੂਜੇ ਸਾਥੀਆਂ ਨੂੰ ਮਿਲ ਸਕਦਾ ਏ, ਦਿੱਤਾ ਏ ਜਾਂ ਦਿੱਤਾ ਜਾਏਗਾ, ਪਰ ਇਹਦਾ ਦੂਜਾ ਸਥਾਨ ਹੈ, ਸਾਡਾ ਪੁੱਤਰ ਹੋਣ ਦਾ। ਇਸ ਲਈ ਸਾਨੂੰ ਇਹਦੇ ਉਸ ਦੂਜੇ ਇਨਾਮ ਦੀ ਗੱਲ ਕਰਨੀ ਚਾਹੀਦੀ ਏ। ਇਹ ਜਵਾਨ ਏ, ਇਹਦਾ ਕਿਧਰੇ ਰਿਸ਼ਤਾ ਕਰ ਕੇ ਵਿਆਹ ਦਈਏ।"

"ਹਾਂ, ਮੈਂ ਵੀ ਇਹ ਕੁਝ ਚਿਰ ਤੋਂ ਸੋਚ ਰਹੀ ਸਾਂ," ਦੀਪੋ ਨੇ ਤਜਵੀਜ਼ ਦੀ ਪ੍ਰੋੜ੍ਹਤਾ ਕਰਦਿਆਂ ਆਖਿਆ, "ਪਰ ਮੇਰਾ ਹੀਆ ਨਹੀਂ ਸੀ ਪੈਂਦਾ ਤੁਹਾਡੇ ਨਾਲ ਗੱਲ ਕਰਨ ਦਾ। ਨਾਲੇ ਉਂਝ ਵੀ ਅਸੀਂ ਕਿਧਰੇ ਟਿਕ ਕੇ ਨਹੀਂ ਸੀ ਰਹਿ ਸਕੇ।"

"ਉਹ ਹਾਲਤ ਤਾਂ ਅਜੇ ਵੀ ਨਹੀਂ ਬਦਲੀ," ਕਰਮ ਸਿੰਘ ਨੇ ਗੱਲ ਨੂੰ ਅੱਗੇ ਤੋਰਨ ਲਈ ਆਖਿਆ, "ਹੁਣ ਅਸੀਂ ਹਕੂਮਤ ਨੂੰ ਇਕ ਨਵੀਂ ਚਨੌਤੀ ਦਿੱਤੀ ਏ। ਦੇਖੋ ਇਸ ਦੇ ਪ੍ਰਭਾਵ ਵੱਜੋਂ ਮੁਗ਼ਲ ਸਰਕਾਰ ਕੀ ਨੀਤੀ ਅਪਣਾਂਦੀ ਏ। ਸਾਡੇ ਲਈ ਇਹ ਅਨਿਸਚਤ ਸਥਿਤੀ ਅਜੇ ਹੋਰ ਲੰਮਾ ਸਮਾਂ ਬਣੀ ਰਹਿ ਸਕਦੀ ਏ। ਆਖਰ ਸਰਕਾਰ 'ਤੇ ਕਾਬਜ਼ ਲੋਕ ਵੀ ਛੇਤੀ ਹਾਰ ਮੰਨਣ ਵਾਲੇ ਨਹੀਂ। ਉਨ੍ਹਾਂ ਨੂੰ ਆਪਣੇ ਫ਼ੌਜੀ ਬਲ ਉੱਤੇ ਲੋੜ ਤੋਂ ਵਧੇਰੇ ਮਾਨ ਏ ਤੇ ਸਾਨੂੰ ਲੋਕ-ਸ਼ਕਤੀ ਆਪਣੀ ਕੰਡ ਪਿੱਛੇ ਨਜ਼ਰ ਆ ਰਹੀ ਏ।"

"ਮੇਰੀ ਤਾਂ ਇੱਛਾ ਏ ਕਿ ਛੇਤੀ ਇਹਦਾ ਵਿਆਹ ਕਰੀਏ, ਮੇਰੇ ਵਿਹੜੇ ਵੀ ਰੌਣਕ ਹੋਵੇ," ਦੀਪੋ ਨੇ ਕਿਹਾ, "ਹਰ ਔਰਤ ਇਹੀ ਜਜ਼ਬਾ ਰੱਖਦੀ ਕਿ ਉਹਦਾ ਵਿਹੜਾ ਬਾਲਾਂ ਦੀ ਰੌਣਕ ਨਾਲ ਭਰਿਆ ਰਹੇ। ਇਕ ਤਾਂ ਆਪਣੇ ਹੁਣ ਬਾਲ ਨਿਆਣਾ ਹੋਰ ਕੋਈ ਨਹੀਂ। ਇਸ ਲਈ ਚਾਹੁੰਦੀ ਹਾਂ ਕਿ ਲੰਮੇ ਸਮੇਂ ਤੋਂ ਜੋ ਘਾਟ ਏ, ਉਹ ਫ਼ਤਹਿ ਸਿੰਘ ਦੇ ਵਿਆਹ ਨਾਲ ਪੂਰੀ ਹੋ ਜਾਏ।"

"ਚੰਗਾ ਧਿਆਨ ਰੱਖੀਂ, ਕੋਈ ਢੁਕਦਾ ਘਰ ਮਿਲ ਜਾਏ ਤਾਂ ਵਿਆਹ ਕਰ ਦੇਈਏ," ਕਰਮ ਸਿੰਘ ਨੇ ਗੱਲ ਮੁਕਾਂਦਿਆਂ ਕਹਿ ਦਿੱਤਾ, "ਮੈਨੂੰ ਤਾਂ ਹੁਣ ਆਪੇ ਲਈ ਸੇਵਾ ਤੋਂ ਵਿਹਲ ਨਹੀਂ। ਮੇਰਾ ਹਰ ਸਮੇਂ ਧਿਆਨ ਉਸ ਪਾਸੇ ਲੱਗਾ ਰਹਿੰਦਾ ਏ। ਇਹ ਕੰਮ ਤੁਹਾਨੂੰ ਹੀ ਕਰਨਾ ਪਏਗਾ।"

"ਹਾਂ, ਮੈਨੂੰ ਯਾਦ ਆ ਗਿਆ," ਦੀਪੋ ਨੇ ਕਿਹਾ, "ਪਿਛਲੇ ਦਿਨੀਂ ਮੈਂ ਦਿਆਲਪੁਰ ਗਈ ਸਾਂ ਤੇ ਉਥੇ ਮੈਨੂੰ ਬਚਪਨ ਦੀ ਸਹੇਲੀ ਬੰਤੋ ਮਿਲੀ ਸੀ। ਉਹਦੀ ਕੁੜੀ ਏ, ਆਪਣੇ ਫ਼ਤਹਿ ਸਿੰਘ ਤੋਂ ਦੋ ਕੁ ਸਾਲ ਛੋਟੀ ਹੋਏਗੀ, ਉਹ ਆਪਣੇ ਫ਼ਤਹਿ ਸਿੰਘ ਨਾਲ ਰਿਸ਼ਤੇ ਦੀ ਗੱਲ ਕਰਦੀ ਸੀ।"

"ਉਹ ਕੌਣ ਨੇ? ਕਿੱਥੇ ਰਹਿੰਦੇ ਨੇ? ਕੁੜੀ ਕਿਹੋ ਜਿਹੀ ਏ? ਮੁੰਡੇ ਨਾਲ ਢੁਕਦੀ ਵੀ ਏ ਕਿ ਨਹੀਂ?" ਕਿੰਨੇ ਹੀ ਸਵਾਲ ਇਕੋ ਵਾਰ ਕਰਮ ਸਿੰਘ ਨੇ ਕਰ ਦਿੱਤੇ।

"ਉਹ ਮੈਨੂੰ ਯਾਦ ਆ ਗਿਆ, ਤੁਸੀਂ ਮੇਰੀ ਉਸ ਸਹੇਲੀ ਬੰਤੋ ਨੂੰ ਜਾਣਦੇ ਹੋ," ਸਾਰੀ ਪੁਰਾਣੀ ਯਾਦ ਨੂੰ ਮੁੜ ਦੁਹਰਾਂਦਿਆਂ ਦੀਪੋ ਨੇ ਦੱਸਿਆ, "ਇਹੀ ਬੰਤੋ ਏ ਜਿਹੜੀ ਆਪਣੇ ਵਿਆਹ ਤੋਂ ਪਹਿਲਾਂ ਤੁਹਾਨੂੰ ਕਰਤਾਰਪੁਰ ਮਿਲਣ ਆਈ ਸੀ, ਜਦੋਂ ਬਾਪੂ ਸਾਡਾ ਰਿਸ਼ਤਾ ਤੋੜਨ ਦੀ ਧਮਕੀ ਦੇ ਗਿਆ ਸੀ। ਤੁਹਾਨੂੰ ਯਾਦ ਹੋਏਗਾ, ਇਹੀ ਬੰਤੋ ਸੀ, ਜੋ ਮੇਰੇ ਨਾਲ ਕਰਤਾਰਪੁਰ ਆਈ ਤੇ ਇਥੇ ਚੌਧਰੀਆਂ ਦੇ ਮੁਸ਼ਟੰਡਿਆਂ ਦੇ ਚੱਕਰ ਵਿਚ ਫਸ ਗਈ ਸੀ।

ਤੁਹਾਨੂੰ ਇਹ ਵੀ ਉਦੋਂ ਦਾ ਪਤਾ ਏ ਕਿ ਉਹ ਵੀ ਇਕ ਸਿਖ ਨਾਲ ਵਿਆਹੀ ਗਈ ਸੀ ਤੇ ਉਹਨੇ ਵੀ ਅੰਮ੍ਰਿਤ ਛਕ ਲਿਆ ਸੀ।"

"ਹੁਣ ਯਾਦ ਆ ਗਿਆ," ਕਰਮ ਸਿੰਘ ਬੋਲ ਪਿਆ, "ਇਹ ਤਾਂ ਸੁਭਾਨਪੁਰ ਨਹੀਂ ਸਨ ਰਹਿੰਦੇ? ਮੈਂ ਇਨ੍ਹਾਂ ਦੇ ਘਰ ਵੀ ਹੋ ਆਇਆ ਹਾਂ ਤੇ ਉਹ ਸਾਰਾ ਪਰਵਾਰ ਪੰਥ ਦੇ ਇਸ ਸੰਘਰਸ਼ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਰਿਹਾ ਏ। ਇਹਦੇ ਨਾਲੋਂ ਵਧੀਆ ਘਰ ਸਾਨੂੰ ਨਹੀਂ ਮਿਲ ਸਕਦਾ। ਗੁਰਸਿੱਖਾਂ ਦਾ ਗੁਰਸਿੱਖਾਂ ਨਾਲ ਮੇਲ ਹੋਏ ਤਾਂ ਗੁਰੂ ਦੀ ਅਪਾਰ ਕਿਰਪਾ ਤੇ ਬਖ਼ਸ਼ਸ਼ਾਂ ਹੋਣਗੀਆਂ ਦੋਹਾਂ ਪਰਵਾਰਾਂ 'ਤੇ।"

"ਉਦੋਂ ਤੇ ਮੈਂ ਬੰਤੋ ਦੀ ਗੱਲ 'ਤੇ ਹੁੰਗਾਰਾ ਨਹੀਂ ਸੀ ਭਰਿਆ, ਪਰ ਹੁਣ ਜੇ ਆਖੋ ਤਾਂ ਸੁਭਾਨਪੁਰ ਉਨ੍ਹਾਂ ਵੱਲ ਸੁਨੇਹਾ ਭੇਜ ਦਿੰਦੇ ਹਾਂ," ਦੀਪੋ ਨੇ ਕਰਮ ਸਿੰਘ ਵੱਲੋਂ ਪ੍ਰਵਾਨਗੀ ਮਿਲਣ 'ਤੇ ਆਖਿਆ, "ਫ਼ਤਹਿ ਸਿੰਘ ਦੂਜੇ ਕਮਰੇ ਪਿਆ ਜ਼ਰੂਰ ਸਾਡੀਆਂ ਗੱਲਾਂ ਧਿਆਨ ਨਾਲ ਸੁਣ ਰਿਹਾ ਹੋਣਾ ਏ। ਇਹ ਉਮਰ ਹੀ ਅਜਿਹੀ ਹੁੰਦੀ ਏ, ਜਦੋਂ ਕੁੜੀ ਹੋਵੇ ਜਾਂ ਮੁੰਡਾ, ਆਪਣੇ ਰਿਸ਼ਤੇ ਦੀ ਹੋ ਰਹੀ ਗੱਲ-ਬਾਤ ਬੜੇ ਧਿਆਨ ਨਾਲ ਸੁਣਦਾ ਏ ਤੇ ਕਿਤਨੀ ਵੀ ਹੌਲੀ ਗੱਲ ਕਰ ਲਉ, ਉਹਨੂੰ ਭਿਣਕ ਪੈ ਹੀ ਜਾਂਦੀ ਏ।"

"ਠੀਕ ਏ, ਪੁੱਛ ਲੈਣਾ ਚਾਹੀਦਾ ਏ ਉਹਨੂੰ ਵੀ," ਕਰਮ ਸਿੰਘ ਨੇ ਕਿਹਾ, "ਆਖ਼ਰ ਉਹਦੀ ਸਲਾਹ ਨਾਲ ਹੀ ਉਹਦੇ ਜੀਵਨ ਸਾਥੀ ਦੀ ਚੋਣ ਹੋਣੀ ਚਾਹੀਦੀ ਏ। ਸਾਨੂੰ ਆਪਣਾ ਫ਼ੈਸਲਾ ਠੋਸਣਾ ਨਹੀਂ ਚਾਹੀਦਾ, ਭਾਵੇਂ ਉਹਨੇ ਸਾਡਾ ਆਖਾ ਨਾ ਵੀ ਮੋੜਨਾ ਹੋਵੇ।"

ਦੀਪੋ ਉਸੇ ਵੇਲੇ ਉੱਠ ਕੇ ਫ਼ਤਹਿ ਸਿੰਘ ਦੇ ਕੋਲ ਉਹਦੇ ਮੰਜੇ 'ਤੇ ਬੈਠ ਕੇ ਉਹਦੀ ਪ੍ਰਵਾਨਗੀ ਲੈ ਆਈ। ਉਹ ਪਹਿਲਾਂ ਤਾਂ ਵਿਆਹ ਤੋਂ ਨਾਂਹ-ਨੁੱਕਰ ਕਰਦਾ ਰਿਹਾ ਪਰ ਅਖ਼ੀਰ ਉਹਨੇ ਵੀ ਸਾਰੀ ਗੱਲ ਮਾਂ ਪਿਓ 'ਤੇ ਛੱਡ ਦਿੱਤੀ।

ਸੁਨੇਹਾ ਮਿਲਦਿਆਂ ਬੰਤੋ ਤੇ ਉਸ ਦਾ ਪਤੀ ਝੱਟ ਦੌੜੇ ਆਏ। ਉਨ੍ਹਾਂ ਲਈ ਇਸ ਤੋਂ ਵੱਧ ਸ਼ੁਭ ਗੱਲ ਕਿਹੜੀ ਹੋ ਸਕਦੀ ਸੀ ਕਿ ਦੁਆਬੇ ਵਿਚ ਸਿੰਘਾਂ ਦਾ ਜਥੇਦਾਰ ਤੇ ਗੁਰੂ ਪਰਵਾਰ ਵਿਚੋਂ ਕਰਮ ਸਿੰਘ ਦੇ ਘਰ ਉਨ੍ਹਾਂ ਦੀ ਧੀ ਚਲੀ ਜਾਏ। ਇਕ ਗੁੜ ਦੀ ਭੇਲੀ ਤੇ ਇਕ ਰੁਪਿਆ ਰਿਸ਼ਤੇ ਦੀ ਅਰਦਾਸ ਕਰਨ 'ਤੇ ਗੁਰਵਾਕ ਲੈਣ ਪਿੱਛੋਂ ਉਨ੍ਹਾਂ ਫ਼ਤਹਿ ਸਿੰਘ ਦੀ ਝੋਲੀ ਪਾਇਆ ਤੇ ਇਓਂ ਵਧਾਈਆਂ ਤੇ ਖ਼ੁਸ਼ੀਆਂ ਦੇ ਮਾਹੌਲ ਵਿਚ ਰਿਸ਼ਤਾ ਹੋ ਗਿਆ।

64

ਜ਼ਕਰੀਆ ਖ਼ਾਨ ਨੂੰ ਜਦ ਲਾਹੌਰ ਇਹ ਸਮਾਚਾਰ ਮਿਲਿਆ ਕਿ ਸੁਲਤਾਨਪੁਰ ਲੋਧੀ ਤੋਂ ਆਉਂਦਾ ਸਰਕਾਰੀ ਖ਼ਜ਼ਾਨਾ ਰਾਹ ਵਿਚ ਹੀ ਲੁੱਟਿਆ ਗਿਆ ਏ ਤਾਂ ਉਹਨੇ ਆਪਣੀ ਫ਼ੌਜ ਦੀ ਇਕ ਟੁਕੜੀ ਦਿਲਾਵਰ ਖ਼ਾਂ ਦੀ ਕਮਾਨ ਹੇਠ ਤੁਰਤ ਦੁਆਬੇ ਵਿਚ ਭੇਜੀ ਤੇ ਨਾਲ ਹੀ ਸੁਲਤਾਨਪੁਰ ਦੇ ਹਾਕਮ, ਜਲੰਧਰ ਦੇ ਫ਼ੌਜਦਾਰ ਤੇ ਇਲਾਕੇ ਦੇ ਸਾਰੇ ਚੌਧਰੀਆਂ ਤੇ ਕਿਲ੍ਹੇਦਾਰਾਂ ਆਦਿ ਨੂੰ ਹਦਾਇਤ ਕੀਤੀ ਕਿ ਉਹ ਦਿਲਾਵਰ ਖ਼ਾਂ ਨਾਲ ਆਪਣੀ ਫ਼ੌਜੀ ਤਾਕਤ ਜੋੜ ਕੇ ਪਿੰਡਾਂ ਵਿਚੋਂ ਸਿੱਖਾਂ ਨੂੰ ਫੜ ਲਿਆ ਜਾਏ। ਜੋ ਜੀਊਂਦੇ ਫੜੇ ਜਾਣ, ਉਨ੍ਹਾਂ ਨੂੰ ਕੜੇ ਪਹਿਰੇ ਹੇਠ ਲਾਹੌਰ ਲਿਆਂਦਾ ਜਾਏ ਤੇ ਜੋ ਸਰਕਾਰੀ ਫ਼ੌਜ ਦਾ ਟਾਕਰਾ ਕਰਨ, ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਏ। ਉਨ੍ਹਾਂ ਦੇ ਬੱਚੇ ਤੇ ਔਰਤਾਂ ਫੜ ਲਈਆਂ ਜਾਣ। ਦਿਲਾਵਰ ਖ਼ਾਂ ਦੇ ਸਪੁਰਦ ਖ਼ਜ਼ਾਨਾ ਲੁੱਟੇ ਜਾਣ ਦੀ ਪੂਰੀ ਪੂਰੀ ਪੜਤਾਲ ਕਰਨ ਦਾ ਕੰਮ ਵੀ ਕੀਤਾ ਗਿਆ।

ਦਿਲਾਵਰ ਖ਼ਾਂ ਜਦ ਮਾਝੇ ਵਿਚੋਂ ਲੰਘਦਾ, ਸਿੱਖਾਂ ਨੂੰ ਕਰੜਾਈ ਨਾਲ ਦਬਾਣ ਤੇ ਖ਼ਤਮ ਕਰਨ ਦੀਆਂ ਹਦਾਇਤਾਂ ਦਿੰਦਾ ਦਰਿਆ ਬਿਆਸ ਕੰਢੇ ਪਹੁੰਚਿਆ ਤਾਂ ਰਾਤ ਪੈ ਗਈ। ਰਾਤ ਨੂੰ ਦਰਿਆ ਕੰਢੇ ਫ਼ੌਜ ਦਾ ਠਹਿਰਾਉ ਕੀਤਾ ਗਿਆ। ਆਸ ਪਾਸ ਦੇ ਪਿੰਡਾਂ ਦੇ ਚੌਧਰੀਆਂ ਨੂੰ ਫ਼ੌਜ ਦੀ ਸੇਵਾ-ਸੰਭਾਲ ਲਈ ਬੁਲਾ ਲਿਆ। ਕਿਸੇ ਤੋਂ ਬੱਕਰੇ ਮੰਗਵਾਏ, ਕਿਸੇ ਤੋਂ ਕੜਾਹ ਪੂੜੀ ਤੇ ਖੀਰ ਦੀ ਫ਼ਰਮਾਇਸ਼ ਕੀਤੀ। ਹਰ ਪਿੰਡ ਦੇ ਗ਼ਰੀਬ ਕਿਰਤੀਆਂ-ਮਜ਼ਦੂਰਾਂ ਨੂੰ ਫ਼ੌਜ ਦੇ ਘੋੜਿਆਂ ਲਈ ਪੱਠੇ ਤੇ ਦਾਣਾ ਆਦਿ ਢੋਣ ਲਈ ਹੁਕਮ ਕਰ ਦਿੱਤਾ। ਇਉਂ ਨੇੜੇ ਨੇੜੇ ਦੇ ਬਹੁਤ ਸਾਰੇ ਖੇਤ ਇਕ ਰਾਤ ਦੇ ਠਹਿਰਨ ਸਮੇਂ ਹੀ ਉਜਾੜ ਦਿੱਤੇ ਗਏ। ਹਰ ਤਰ੍ਹਾਂ ਨਾਲ ਲੋਕਾਂ ਨੂੰ ਲੁੱਟਿਆ ਗਿਆ। ਨਾਲ ਹੀ ਹਰ ਕਿਸੇ ਤੋਂ ਪੁੱਛਿਆ ਗਿਆ ਕਿ ਇਨ੍ਹਾਂ ਪਿੰਡਾਂ ਵਿਚ ਕਿੱਥੇ ਕਿੱਥੇ ਸਿਖ ਵੱਸੋਂ ਹੈ। ਖ਼ਜ਼ਾਨਾ ਲੁੱਟ ਲਏ ਜਾਣ ਬਾਰੇ ਵੀ ਪਤਾ ਕੀਤਾ, ਪਰ ਦਰਿਆ ਦੇ ਉਸ ਪਾਸੇ ਨਾ ਖ਼ਜ਼ਾਨਾ ਗਿਆ ਤੇ ਨਾ ਹੀ ਲੁੱਟਿਆ ਜਾਂਦਾ ਕਿਸੇ ਦੇਖਿਆ। ਇਸ ਲਈ ਆਮ ਲੋਕਾਂ ਤੋਂ ਖ਼ਜ਼ਾਨਾ ਲੁੱਟੇ ਜਾਣ ਦੀ ਤਸਦੀਕ ਨਾ ਹੋ ਸਕੀ।

ਮਾਝੇ ਦੇ ਇਸ ਇਲਾਕੇ ਵੱਲ ਸਿੱਖਾਂ ਦਾ ਪ੍ਰਭਾਵ ਬਹੁਤ ਜ਼ਿਆਦਾ ਹੋ ਚੁੱਕਿਆ ਸੀ, ਇਸ ਲਈ ਮੁਗ਼ਲ ਰਾਜ ਦੇ ਅਧੀਨ ਕਈ ਚੌਧਰੀ ਹਕੂਮਤ ਨਾਲੋਂ ਸਿੱਖਾਂ ਤੋਂ ਵਧੇਰੇ ਡਰਦੇ ਸਨ ਤੇ ਉਨ੍ਹਾਂ ਸਥਿਤੀ ਨਾਲ ਸਮਝੌਤਾ ਕਰ ਲਿਆ ਸੀ ਤੇ ਸਿੱਖਾਂ ਵਿਰੁੱਧ ਕੋਈ ਵੀ ਕਾਰਵਾਈ ਕਰਨ ਲਈ ਡਰਦੇ ਮਾਰੇ ਤਿਆਰ ਨਹੀਂ ਸੀ। ਉਨ੍ਹਾਂ ਨੇ ਇਤਨਾ ਕਹਿ ਕੇ ਗੱਲ ਮੁਕਾ ਦਿੱਤੀ ਕਿ ਸਿਖ ਜਥੇ ਅੱਜ-ਕੱਲ੍ਹ ਘਰਾਂ ਦੀ ਥਾਂ ਤੁਰਦੇ ਫਿਰਦੇ ਹੀ ਰਹਿੰਦੇ ਹਨ। ਜਿਥੇ ਫ਼ੌਜ ਨਾਲ ਟਾਕਰਾ ਹੋ ਜਾਏ, ਉਹ ਝੱਟ-ਪਟ ਦੋ ਹੱਥ ਵਿਖਾ ਕੇ ਦੌੜ ਜਾਂਦੇ ਨੇ। ਨਾ ਉਹ ਬਹੁਤਾ ਸਮਾਂ ਲੜਦਿਆਂ ਲਾਂਦੇ ਨੇ ਤੇ ਨਾ ਹੀ ਅਲੋਪ ਹੁੰਦਿਆਂ ਢਿੱਲ ਕਰਦੇ ਨੇ।

ਦੂਜੇ ਦਿਨ ਦਰਿਆ ਪਾਰ ਕਰ ਕੇ ਦਿਲਾਵਰ ਖ਼ਾਂ ਸੁਲਤਾਨਪੁਰ ਲੋਧੀ ਪਹੁੰਚ ਗਿਆ। ਉਹਨੇ ਸੁਲਤਾਨਪੁਰ ਦੇ ਹਾਕਮ ਨੂੰ ਹਾਜ਼ਰ ਹੋਣ ਤੇ ਸਰਕਾਰੀ ਖ਼ਜ਼ਾਨਾ ਲੁੱਟੇ ਜਾਣ ਲਈ ਦੋਸ਼ੀ ਠਹਿਰਾਇਆ ਤੇ ਕਮਜ਼ੋਰ ਹਾਕਮ ਦੱਸਿਆ। ਅੱਗੋਂ ਸ਼ਹਾਬੁਦੀਨ ਨੇ ਆਪਣੇ ਨਿਰਦੋਸ਼ ਹੋਣ ਦਾ ਤਰਲਾ ਲਿਆ ਤੇ ਕਿਹਾ, "ਸਾਰੀ ਪੁੱਛ-ਪੜਤਾਲ ਕਰ ਲਈ ਏ। ਸਿੱਖਾਂ ਦੇ ਜਥੇ ਪਤਾ ਨਹੀਂ ਕਿਧਰੋਂ ਅਚਨਚੇਤ ਆਏ ਤੇ ਖ਼ਜ਼ਾਨਾ ਲੁੱਟ ਕੇ ਅਲੋਪ ਹੋ ਗਏ।"

"ਮੈਂ ਨਹੀਂ ਮੰਨਦਾ, ਇਹ ਸਭ ਤੁਹਾਡੀਆਂ ਮਗਰੋਂ ਘੜੀਆਂ ਦਲੀਲਾਂ ਨੇ," ਦਿਲਾਵਰ ਖ਼ਾਂ ਨੇ ਝਾੜ ਪਾਂਦਿਆਂ ਕਿਹਾ, "ਹਮਲੇ ਦੀ ਸਾਰੀ ਵਿਉਂਤ ਪਹਿਲਾਂ ਬਣੀ ਸੀ। ਉਨ੍ਹਾਂ ਨੂੰ ਤੁਹਾਡੇ ਖ਼ਜ਼ਾਨਾ ਲਾਹੌਰ ਭੇਜਣ ਦੀ ਪੂਰੀ ਪੂਰੀ ਇਤਲਾਹ ਸੀ। ਉਨ੍ਹਾਂ ਨੇ ਸੋਚ ਸਮਝ ਕੇ ਤੁਹਾਡੀ ਫ਼ੌਜੀ ਟੁਕੜੀ ਨੂੰ ਤਿੰਨ ਪਾਸਿਉਂ ਉਸ ਸਮੇਂ ਘੇਰਿਆ, ਜਦੋਂ ਖ਼ਜ਼ਾਨਾ ਦਰਿਆ ਵਿਚ ਬੇੜੀਆਂ ਵਿਚ ਰੱਖ ਦਿੱਤਾ ਗਿਆ ਸੀ ਤੇ ਰਖਵਾਲੇ ਕੁਝ ਅੱਗੇ ਤੇ ਕੁਝ ਪਿੱਛੇ ਸਨ ਤੇ ਵੰਡੇ ਜਾਣ ਕਾਰਨ ਉਹ ਕੁਝ ਵੀ ਨਹੀਂ ਕਰ ਸਕੇ। ਤੁਹਾਡੇ ਸੂਹੀਏ ਕਿੱਥੇ ਸਨ ? ਉਨ੍ਹਾਂ ਕਿਉਂ ਨਹੀਂ ਸਿੱਖਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੀ ? ਅਵੇਸਲੇ ਰਹਿਣ ਵਾਲੇ ਹਾਕਮ ਇਸੇ ਤਰ੍ਹਾਂ ਮਾਰ ਖਾ ਜਾਂਦੇ ਹਨ।"

"ਹੁਣ ਅਸੀਂ ਸੂਹੀਏ ਹਰ ਪਾਸੇ ਖ਼ਬਰਦਾਰ ਕਰ ਕੇ ਲਾਏ ਹਨ ਤੇ ਅੱਗੋਂ ਅਜਿਹੀ ਘਟਨਾ ਦੁਬਾਰਾ ਨਹੀਂ ਹੋਵੇਗੀ," ਸ਼ਹਾਬੁਦੀਨ ਨੇ ਤਸੱਲੀ ਦੁਆਈ, "ਇਸ ਵਾਰੀ ਦਾ 'ਕਰ' ਮਾਫ਼ ਕਰਵਾ ਦਿਉ, ਅੱਗੋਂ ਠੀਕ ਪਹੁੰਚਦਾ ਰਹੇਗਾ। ਸਾਡੇ ਪਾਸ ਤਾਂ ਆਪਣੇ ਖ਼ਰਚੇ ਪੂਰੇ ਕਰਨ ਜੋਗਾ ਵੀ ਧਨ ਨਹੀਂ। ਰਾਜ ਵਿਚ ਸਿੱਖਾਂ ਨੇ ਅਜਿਹੀ ਅਸ਼ਾਂਤੀ ਪੈਦਾ ਕੀਤੀ ਏ ਕਿ ਹਕੂਮਤ ਕਰਨੀ ਔਖੀ ਹੋ ਗਈ ਏ। ਖ਼ਰਚੇ ਵਧ ਗਏ ਹਨ ਤੇ ਆਮਦਨ ਘੱਟਦੀ ਜਾ ਰਹੀ ਏ। ਫ਼ੌਜੀ ਖ਼ਰਚਾ ਵੀ ਦੂਣਾ ਹੋ ਗਿਆ ਏ। ਤੁਸੀਂ ਦੱਸੋ, ਅਸੀਂ ਕਿੱਥੋਂ ਧਨ ਲਿਆਈਏ ?"

"ਲੋਕਾਂ 'ਤੇ ਹੋਰ ਕਰ ਲਾਉ," ਦਿਲਾਵਰ ਖ਼ਾਂ ਨੇ ਕਿਹਾ, "ਜਿਨ੍ਹਾਂ ਪਿੰਡਾਂ ਵਿਚ ਗੜਬੜ ਵਧੇਰੇ ਹੈ, ਉਨ੍ਹਾਂ 'ਤੇ ਸਖ਼ਤੀ ਕਰੋ। ਉਚੇਚੇ ਜੁਰਮਾਨੇ ਕਰ ਕੇ ਵਸੂਲ ਕਰੋ। ਪਿੰਡਾਂ ਵਿਚ ਜਿਹੜੇ ਧਨ ਵਾਲੇ ਹਨ, ਉਨ੍ਹਾਂ ਤੋਂ ਉਗਰਾਹੀ ਕਰੋ।"

"ਲੋਕਾਂ ਦਾ ਲਹੂ ਬਥੇਰਾ ਨਪੀੜ ਬੈਠੇ ਹਾਂ," ਸੁਲਤਾਨਪੁਰ ਦੇ ਹਾਕਮ ਸ਼ਹਾਬੁਦੀਨ ਨੇ ਮੁੜ ਅਰਜ਼ ਕੀਤੀ, "ਲੋਕ ਤਾਂ ਅਤਿ ਦੁਖੀ ਹਨ। ਉਨ੍ਹਾਂ ਦਾ ਜੇਕਰ ਹੋਰ ਗਲਾ ਘੁੱਟਿਆ ਤਾਂ ਉਹ ਇਲਾਕਾ ਛੱਡ ਕੇ ਦੌੜ ਜਾਣਗੇ। ਲੋਕੀਂ ਸਾਫ਼ ਕਹਿੰਦੇ ਹਨ ਕਿ ਜੇਕਰ ਹਾਕਮ ਸਾਡੇ ਜਾਨ ਮਾਲ ਦੀ ਰਾਖੀ ਨਹੀਂ ਕਰ ਸਕਦੇ ਤਾਂ ਇਨ੍ਹਾਂ ਨੂੰ ਸਾਡੇ ਤੋਂ ਕਰ ਵਸੂਲਣ ਦਾ ਕੀ ਹੱਕ ਹੈ ? ਸਾਡੇ ਨਾਲ ਲੋਕਾਂ ਦੀ ਕੋਈ ਹਮਦਰਦੀ ਨਹੀਂ। ਮੈਂ ਤਾਂ ਇਹ ਵੀ ਵੇਖਿਆ ਏ ਕਿ ਸਿੱਖਾਂ ਨਾਲ ਲੋਕਾਂ ਦੀ ਹਮਦਰਦੀ ਵੱਧ ਏ। ਸਿੱਖਾਂ ਦੇ ਜਥੇ ਜਿਸ ਪਿੰਡ ਵਿਚ ਆ ਜਾਣ, ਲੋਕ ਉਨ੍ਹਾਂ ਦੀ ਸੇਵਾ ਕਰਦੇ, ਖ਼ਾਤਰ ਕਰਦੇ ਮਾਲ ਵੀ ਦਿੰਦੇ ਨੇ ਤੇ ਆਪਣੀ ਹਕੂਮਤ ਦੇ ਕਰਮਚਾਰੀਆਂ ਨੂੰ ਕੋਈ ਪਾਣੀ ਵੀ ਨਹੀਂ ਪੁੱਛਦਾ। ਮੈਂ ਪੜਤਾਲ ਕੀਤੀ ਏ ਜਿਹੜੇ ਸਿਖ ਸਾਡਾ ਖ਼ਜ਼ਾਨਾ ਲੁੱਟ ਕੇ ਲੈ ਗਏ, ਉਨ੍ਹਾਂ ਦਾ ਕੋਈ ਪਤਾ ਥਹੁ ਹੀ ਨਹੀਂ ਦੱਸਦਾ। ਹੋਰ ਤੇ ਹੋਰ ਜਿਹੜੇ ਸਾਡੇ ਫ਼ੌਜੀ ਫੱਟੜ ਹੋਏ ਸਨ, ਉਹ ਵੀ ਸਿੱਖਾਂ ਦੀ ਤਾਰੀਫ਼ ਕਰੀ ਜਾਂਦੇ ਨੇ। ਅਖੇ ਉਨ੍ਹਾਂ ਬੜੀ ਸੇਵਾ ਕੀਤੀ। ਫੱਟ ਬੰਨ੍ਹੇ, ਦਵਾ ਦਾਰੂ ਕੀਤਾ ਤੇ ਖਾਣ ਪੀਣ ਦੀਆਂ ਚੀਜ਼ਾਂ ਵੀ ਦਿੱਤੀਆਂ।"

"ਸਾਡੇ ਤੇ ਉਨ੍ਹਾਂ ਵਿਚ ਫ਼ਰਕ ਏ," ਦਿਲਾਵਰ ਖ਼ਾਂ ਨੇ ਮੰਨਿਆ, "ਅਸੀਂ ਹਕੂਮਤ ਕਰਨੀ ਏ। ਸਾਡੇ ਖ਼ਰਚੇ ਕਿੰਨੇ ਨੇ। ਫ਼ੌਜ ਦਾ ਖ਼ਰਚਾ, ਵੱਡੇ ਵੱਡੇ ਅਹੁਦਿਆਂ 'ਤੇ ਲੱਗੇ ਲੋਕਾਂ ਦਾ ਬੋਝ। ਫਿਰ ਇਸ ਕਰ 'ਚੋਂ ਤੁਸੀਂ ਵੀ ਰੱਖਣਾ ਏ, ਲਾਹੌਰ ਵੀ ਭੇਜਣਾ ਏ ਤੇ ਅੱਗੋਂ ਲਾਹੌਰ ਤੋਂ ਦਿੱਲੀ ਨੂੰ ਵੀ ਜਾਣਾ ਏ। ਖ਼ਰਚਾ ਹੀ ਖ਼ਰਚਾ ਏ ਹਰ ਪਾਸੇ। ਸਿੱਖਾਂ ਨੂੰ ਤਾਂ ਨਾ ਫ਼ੌਜ ਦਾ ਖ਼ਰਚਾ ਏ ਤੇ ਨਾ ਹਕੂਮਤ ਦਾ ਹੋਰ ਖ਼ਰਚਾ। ਨਾ ਉਨ੍ਹਾਂ ਅੱਗੋਂ ਕਿਧਰੇ 'ਕਰ' ਦੇਣਾ ਏ। ਮੈਂ ਤਾਂ ਖ਼ਾਨ ਬਹਾਦਰ ਨੂੰ ਸਮਝਾਇਆ ਸੀ ਕਿ ਇਹ ਸਾਜ਼ਸ਼ ਸਰਕਾਰੀ ਖ਼ਜ਼ਾਨਾ ਖ਼ਾਲੀ ਕਰਨ ਦੀ ਏ। ਉਨ੍ਹਾਂ ਕਈ ਪਾਸਿਉਂ ਲਾਹੌਰ ਆਉਂਦਾ ਧਨ ਲੁੱਟ ਲਿਆ ਏ। ਸਾਲ ਹੋ ਚੱਲਿਆ ਏ, ਲਾਹੌਰ ਦੇ ਖ਼ਜ਼ਾਨੇ ਵਿਚ ਕਿਧਰੋਂ 'ਕਰ' ਨਹੀਂ ਆਇਆ।"

"ਇਹ ਗੱਲ ਤੁਸਾਂ ਪਹਿਲਾਂ ਨਹੀਂ ਦੱਸੀ," ਸ਼ਹਾਬੁਦੀਨ ਝੱਟ ਬੋਲ ਪਿਆ, "ਫਿਰ ਮੇਰਾ ਇਕੱਲੇ ਦਾ ਕਸੂਰ ਤਾਂ ਨਹੀਂ। ਮੈਂ ਕਹਿੰਦਾ ਹਾਂ ਕਿ ਸਾਰੇ ਫ਼ੌਜਦਾਰਾਂ ਤੇ ਕਿਲ੍ਹੇਦਾਰਾਂ ਦੀਆਂ ਫ਼ੌਜਾਂ ਇਕੱਠੀਆਂ ਕਰ ਕੇ ਲਾਹੌਰ ਦੀ ਫ਼ੌਜ ਸਮੇਤ ਸਿੱਖਾਂ ਵਿਰੁੱਧ ਕਾਰਵਾਈ ਲਈ ਕਿਉਂ ਨਹੀਂ ਨਿਕਲ ਪੈਂਦੇ ? ਸਾਡੇ ਵਿਚ ਵੀ ਏਕਾ ਨਹੀਂ। ਜਲੰਧਰ ਦਾ ਫ਼ੌਜਦਾਰ ਸਾਨੂੰ ਕੁਝ ਨਹੀਂ ਜਾਣਦਾ। ਹਰ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਣ ਲੱਗੀ ਹੋਈ ਏ। ਹਰ ਵੱਡਾ ਹਾਕਮ ਛੋਟੇ ਨੂੰ ਦਬੱਲੀ ਜਾਂਦਾ ਏ।"

"ਅੱਛਾ, ਮੈਂ ਦੁਆਬੇ ਦੇ ਸਾਰੇ ਫ਼ੌਜਦਾਰਾਂ, ਕਿਲ੍ਹੇਦਾਰਾਂ ਤੇ ਚੌਧਰੀਆਂ ਦਾ ਇਕੱਠ ਜਲੰਧਰ ਬੁਲਾਵਾਂਗਾ ਤੇ ਉਥੇ ਕੋਈ ਢੰਗ ਤਰੀਕਾ ਸੋਚਾਂਗੇ," ਦਿਲਾਵਰ ਖ਼ਾਂ ਨੇ ਕਿਹਾ, "ਤੂੰ ਯਤਨ ਕਰ ਕੇ 'ਕਰ' ਦੀ ਰਕਮ ਦਾ ਅੱਧਾ ਹਿੱਸਾ ਤਾਂ ਇਕੱਠਾ ਕਰ ਕੇ ਦੇ। ਮੈਂ ਜਲੰਧਰ ਇਕੱਠ ਦਾ ਪ੍ਰਬੰਧ ਕਰ ਕੇ ਮੁੜਦੀ ਵਾਰ ਲਈ ਜਾਵਾਂਗਾ। ਖ਼ਾਨ ਬਹਾਦਰ ਦਾ ਹੁਕਮ ਹੈ ਕਿ ਜੋ ਲਾਹੌਰ 'ਕਰ' ਨਹੀਂ ਇਕੱਠਾ ਕਰ ਕੇ ਭੇਜ ਸਕਦਾ, ਉਸ ਨੂੰ ਬਦਲ ਦਿੱਤਾ ਜਾਵੇ। ਉਹੀ ਹਾਕਮ ਰਹਿ ਸਕਦਾ ਏ, ਜੋ ਸਰਕਾਰੀ ਖ਼ਜ਼ਾਨੇ ਵਿਚ ਆਪਣਾ ਹਿੱਸਾ ਅਵੱਸ਼ ਪਹੁੰਚਾਏ।"

"ਯਤਨ ਕਰਾਂਗਾ ਪਰ ਕੰਮ ਬੜਾ ਔਖਾ ਏ। ਲੋਕਾਂ ਕੋਲ ਕਿਹੜਾ ਸਾਰਾ ਧਨ ਪਿਆ ਹੁੰਦਾ ਏ। ਇਹੀ ਹਾੜ੍ਹੀ ਸਾਉਣੀ ਦੀ ਫ਼ਸਲ ਦੇ ਦਿਨਾਂ ਵਿਚ ਹੀ ਰਕਮ ਮਿਲਦੀ ਏ," ਸ਼ਹਾਬੁਦੀਨ ਨੇ ਬੜੀ ਬੇਦਿਲੀ ਨਾਲ ਉੱਤਰ ਦਿੱਤਾ।

"ਖ਼ਜ਼ਾਨਾ ਲੁੱਟ ਕੇ ਸਿਖ ਕਿਧਰ ਨੂੰ ਗਏ ਨੇ ?" ਦਿਲਾਵਰ ਖ਼ਾਂ ਨੇ ਪੁੱਛਿਆ।

"ਦਰਿਆ ਕੰਢੇ ਕੰਢੇ ਗਏ ਦੱਸੇ ਨੇ," ਸ਼ਹਾਬੁਦੀਨ ਨੇ ਦੱਸਿਆ, "ਸੱਚ ਪੁੱਛੋ ਤਾਂ ਉਨ੍ਹਾਂ ਦਾ ਪਿੱਛਾ ਕਰਨ ਨਹੀਂ ਹੋਇਆ ਤੇ ਲੋਕੀਂ ਡਰਦੇ ਮਾਰੇ ਦੱਸ ਨਹੀਂ ਪਾਂਦੇ। ਉਂਝ ਵੀ ਉਨ੍ਹਾਂ ਦਾ ਕੋਈ ਇਕ ਟਿਕਾਣਾ ਨਹੀਂ, ਪਤਾ ਨਹੀਂ ਕਿਧਰ ਜਾ ਛੁਪੇ ਨੇ।"

"ਦੁਆਬੇ ਵਿਚ ਸਿੱਖਾਂ ਦੇ ਟਿਕਾਣੇ ਕਿੱਥੇ ਕਿੱਥੇ ਨੇ ?" ਦਿਲਾਵਰ ਖ਼ਾਂ ਨੇ ਪੁੱਛਿਆ, "ਤੁਹਾਡੇ ਪਿੰਡਾਂ ਵਿਚ ਕੋਈ ਸਿਖ ਨਹੀਂ ਰਹਿਣਾ ਚਾਹੀਦਾ।"

"ਹੁਣ ਪਾਣੀ ਸਿਰੋਂ ਟੱਪ ਚੁੱਕਿਆ ਏ," ਸ਼ਹਾਬੁਦੀਨ ਨੇ ਖੁੱਲ੍ਹ ਕੇ ਗੱਲ ਕਰਨ ਦੀ ਦਲੇਰੀ ਲਿਆਉਂਦਿਆਂ ਆਖਿਆ, "ਹੁਣ ਤਾਂ ਹਰ ਪਿੰਡ ਵਿਚ ਹੀ ਸਿਖ ਹੋ ਗਏ ਨੇ। ਸੱਚ ਪੁੱਛੋ ਤਾਂ ਉਹ ਸਾਡੇ ਨਾਲੋਂ ਵੱਧ ਜਥੇਬੰਦ ਨੇ। ਕੋਈ ਸਥਾਨਕ ਹਾਕਮ ਹੁਣ ਉਨ੍ਹਾਂ ਨਾਲ ਲੋਹਾ ਨਹੀਂ ਲੈ ਸਕਦਾ। ਤੁਸੀਂ ਬਹੁਤੀ ਫ਼ੌਜ ਭੇਜ ਨਹੀਂ ਸਕਦੇ। ਦਿੱਲੀ ਵਾਲੇ ਆਪਣੀਆਂ ਲੜਾਈਆਂ ਤੇ ਝਗੜਿਆਂ ਵਿਚ ਉਲਝੇ ਪਏ ਹਨ। ਜਲੰਧਰ ਦੇ ਫ਼ੌਜਦਾਰ ਨੇ ਟੱਕਰ ਲਈ ਸੀ ਤੇ ਸਿੱਖਾਂ ਨੇ ਉਹਦਾ ਮੂੰਹ ਭੰਨ ਕੇ ਰੱਖ ਦਿੱਤਾ ਸੀ। ਰਾਹੋਂ 'ਤੇ ਕਈ ਵਾਰ ਸਿੱਖਾਂ ਨੇ ਕਬਜ਼ਾ ਕਰ ਲਿਆ। ਜੇ ਜਲੰਧਰ ਦਾ ਫ਼ੌਜਦਾਰ ਬੇਬੱਸ ਹੈ ਤਾਂ ਅਸੀਂ ਕਿਹੜੇ ਬਾਗ਼ ਦੀ ਮੂਲੀ ਹਾਂ। ਤੁਸੀਂ ਇਕੱਠ ਬੁਲਾ ਕੇ ਕੋਈ ਸਾਂਝੀ ਫ਼ੌਜੀ ਸ਼ਕਤੀ ਪੈਦਾ ਕਰੋ। ਇਕੱਲੇ ਦੁਕੱਲੇ ਦਾ ਸਿੱਖਾਂ ਦੇ ਟਾਕਰੇ 'ਤੇ ਆਉਣਾ ਜੇ ਹੁਣ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਏ। ਹੋਰ ਤੇ ਹੋਰ, ਕਰਤਾਰਪੁਰ ਸਿੱਖਾਂ ਦਾ ਵੱਡਾ ਆਗੂ ਕਰਮ ਸਿੰਘ ਰਹਿੰਦਾ ਏ, ਉਹ ਹੀ ਹੁਣ ਤਕ ਕਾਬੂ ਨਹੀਂ ਆਇਆ। ਉਹਦਾ ਹੁਕਮ ਸਤਲੁਜ ਤੋਂ ਬਿਆਸਾ ਵਿਚਕਾਰ ਚੱਲਦਾ ਏ। ਸਾਨੂੰ ਪਤਾ ਏ ਕਿ ਉਹਨੇ ਹੀ ਸਾਡਾ ਖ਼ਜ਼ਾਨਾ ਲੁੱਟਿਆ ਜਾਂ ਲੁਟਾਇਆ ਏ, ਪਰ ਅਸੀਂ ਉਹਦਾ ਕੁਝ ਨਹੀਂ ਵਿਗਾੜ ਸਕਦੇ। ਉਹਨੇ ਹਕੂਮਤ ਦਾ ਵੱਕਾਰ ਮਿੱਟੀ ਵਿਚ ਮਿਲਾ ਰੱਖਿਆ ਏ।"

"ਇਹੀ ਮੈਂ ਪੁੱਛ ਪੜਤਾਲ ਕਰਨ ਆਇਆ ਹਾਂ," ਦਿਲਾਵਰ ਖ਼ਾਂ ਨੇ ਗੱਲ ਫੜ ਲਈ, "ਤੁਸੀਂ ਕਿਉਂ ਨਹੀਂ ਲਾਹੌਰ ਇਸ ਬਾਰੇ ਪਹਿਲਾਂ ਇਤਲਾਹ ਦਿੱਤੀ ?"

"ਕੋਈ ਵੀ ਭੂੰਡਾਂ ਦੀ ਖੱਖਰ ਨੂੰ ਹੱਥ ਐਵੇਂ ਨਹੀਂ ਪਾਂਦਾ," ਸ਼ਹਾਬੁਦੀਨ ਨੇ ਉੱਤਰ ਦਿੱਤਾ, "ਤੁਸੀਂ ਵੀ ਹੁਣ ਤਕ ਸਾਰੇ ਹਾਕਮਾਂ ਦੀ ਮਿਲਵੀਂ ਤਾਕਤ ਨਾਲ ਕੋਈ ਕਾਰਵਾਈ ਕਰਨ ਦੀ ਨਹੀਂ ਸੋਚੀ। ਸਾਡੀਆਂ ਕਮਜ਼ੋਰੀਆਂ, ਹਾਕਮਾਂ ਦੀ ਅੰਦਰਲੀ ਫੁੱਟ, ਲੋਕਾਂ ਵੱਲ ਸਾਡਾ ਗ਼ਲਤ ਵਤੀਰਾ, ਇਨ੍ਹਾਂ ਸਾਰੀਆਂ ਗੱਲਾਂ ਨੇ ਸਿੱਖਾਂ ਨੂੰ ਆਪਣਾ ਅਸਰ-ਰਸੂਖ਼ ਵਧਾਣ ਵਿਚ ਮਦਦ ਕੀਤੀ ਏ।"

"ਮੈਨੂੰ ਜਾਪਦਾ ਏ ਕਿ ਤੁਸੀਂ ਦਿਲ ਛੱਡ ਗਏ ਹੋ," ਦਿਲਾਵਰ ਖ਼ਾਂ ਨੇ ਨਿਰਣੇਜਨਕ ਗੱਲ ਕੀਤੀ।

"ਮੈਂ ਹਕੀਕਤ ਬਿਆਨ ਕੀਤੀ ਏ," ਸ਼ਹਾਬੁਦੀਨ ਦਾ ਉੱਤਰ ਸੀ, "ਜਨਾਬ ਆਪ ਤਫ਼ਤੀਸ਼ ਕਰ ਲੈਣੀ, ਮੇਰੀ ਹਰ ਗੱਲ ਠੀਕ ਨਿਕਲੇਗੀ। ਜਲੰਧਰ ਦੇ ਇਕੱਠ ਵਿਚ ਬਾਕੀਆਂ ਤੋਂ ਵੀ ਪੁੱਛ ਲੈਣਾ।"

65

ਪੰਜਾਬ ਵਿਚ ਬੜੀ ਅਜੀਬ ਤੇ ਦੁਬਿਧਾ ਦੀ ਸਥਿਤੀ ਬਣੀ ਹੋਈ ਸੀ। ਇਕ ਪਾਸੇ ਮੁਗ਼ਲ ਹਕੂਮਤ ਜਿਉਂ ਜਿਉਂ ਕੇਂਦਰ ਵਿਚ ਕਮਜ਼ੋਰ ਹੁੰਦੀ ਜਾ ਰਹੀ ਸੀ, ਤਿਉਂ ਤਿਉਂ ਉਸ

ਦਾ ਜ਼ੁਲਮੀ ਚੱਕਰ ਤੇਜ਼ ਹੁੰਦਾ ਜਾ ਰਿਹਾ ਸੀ। ਹਾਕਮ ਵਰਗ ਨੂੰ ਲੋਕਾਂ ਦੀ ਹਮਦਰਦੀ, ਸਦ-ਭਾਵਨਾ ਤੇ ਪਿਆਰ ਸਤਿਕਾਰ ਦਾ ਕੋਈ ਫ਼ਿਕਰ ਨਹੀਂ ਸੀ। ਉਸ ਨੂੰ ਚਿੰਤਾ ਸੀ ਤਾਂ ਕੇਵਲ ਇਕ, ਆਪਣੀ ਹੋਂਦ ਨੂੰ ਕਾਇਮ ਰੱਖਣ ਦੀ, ਆਪਣੀ ਡਿੱਗਦੀ ਸਾਖ਼ ਨੂੰ ਬਚਾਉਣ ਦੀ ਤੇ ਢਿੱਲੀ ਪੈ ਰਹੀ ਆਪਣੀ ਜਕੜ ਨੂੰ ਹੋਰ ਮਜ਼ਬੂਤ ਕਰਨ ਦੀ। ਇਸੇ ਲਈ ਉਹ ਪਿੰਡਾਂ ਵਿਚੋਂ ਸਿੱਖਾਂ ਨੂੰ ਚੁਣ ਚੁਣ ਕੇ ਖ਼ਤਮ ਕਰਨ ਦੀ ਮੁਹਿੰਮ ਚਲਾ ਰਹੀ ਸੀ। ਜਿਹੜੇ ਵੀ ਸਥਾਨਕ ਹਾਕਮ ਆਪਣੀ ਗੱਦੀ ਖ਼ਤਰੇ ਵਿਚ ਅਨੁਭਵ ਕਰਦੇ, ਉਹ ਜ਼ਕਰੀਆ ਖ਼ਾਨ ਨੂੰ ਖ਼ੁਸ਼ ਕਰਨ ਲਈ ਸਿੱਖਾਂ 'ਤੇ ਵਧੇਰੇ ਅੱਤਿਆਚਾਰ ਕਰਦੇ। ਦੋ ਸਿਖ ਮਾਰ ਕੇ ਲਾਹੌਰ ਵੀਹ ਸਿੱਖਾਂ ਨੂੰ ਖ਼ਤਮ ਕਰਨ ਦੀ ਸੂਚਨਾ ਭੇਜ ਦਿੰਦੇ। ਇਕ ਪਿੰਡ ਸਿੱਖਾਂ ਤੋਂ ਸਾਫ਼ ਕਰ ਕੇ ਦਸ ਪਿੰਡਾਂ ਵਿਚ ਸਿੱਖਾਂ ਦਾ ਸਫ਼ਾਇਆ ਕਰਨ ਦਾ ਢੰਡੋਰਾ ਪਿੱਟਦੇ।

ਹਾਕਮਾਂ ਵਿਚ ਇਕ ਵਰਗ ਉਹ ਵੀ ਸੀ, ਜੋ ਦਿਲੋਂ ਸਮਝਦਾ ਸੀ ਕਿ ਸਿੱਖਾਂ ਦਾ ਇਹ ਸੰਘਰਸ਼ ਹੁਣ ਦਬਾਇਆ ਨਹੀਂ ਜਾ ਸਕਦਾ। ਇਸ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਡੂੰਘੀਆਂ ਚਲੀਆਂ ਗਈਆਂ ਹਨ। ਇਹ ਇਕ ਅਜਿਹਾ ਬਿਰਛ ਬਣ ਗਿਆ ਹੈ, ਇਸ ਨੂੰ ਭਾਵੇਂ ਕਿਤਨਾ ਵੀ ਕੱਟੀ ਜਾਓ, ਇਸ ਦੀਆਂ ਜੜ੍ਹਾਂ ਮੁੜ ਫੁੱਟ ਪੈਣਗੀਆਂ। ਇਹ ਕੁਝ ਹੀ ਸਮੇਂ ਵਿਚ ਮੁੜ ਬਿਰਛ ਬਣ ਜਾਣ ਦੀ ਸਮਰੱਥਾ ਰੱਖਦਾ ਹੈ। ਇਸ ਲਈ ਸਥਾਈ ਸ਼ਾਂਤੀ ਲਈ ਇਸ ਨਾਲ ਸਮਝੌਤਾ ਹੀ ਕਰਨਾ ਠੀਕ ਹੈ। ਟਕਰਾਓ ਨਾਲ ਹਕੂਮਤ ਦੇਸ਼ ਤੇ ਲੋਕਾਂ ਸਭ ਦਾ ਚੋਖਾ ਨੁਕਸਾਨ ਹੋ ਸਕਦਾ ਹੈ। ਕੁਝ ਉਹ ਵੀ ਹਾਕਮ ਸਨ ਜੋ ਹਮੇਸ਼ਾਂ ਤਾਕਤਵਰ ਨਾਲ ਸੁਲਹ ਕਰ ਕੇ ਰਹਿਣਾ ਹੀ ਠੀਕ ਸਮਝਦੇ ਸਨ। ਉਨ੍ਹਾਂ ਦੀ ਦ੍ਰਿਸ਼ਟੀ ਅਨੁਸਾਰ ਸਿਖ ਲੋਕ-ਲਹਿਰ ਹੁਣ ਭਵਿੱਖਤ ਦੀ ਸ਼ਕਤੀ ਹੈ, ਇਸ ਲਈ ਉਹ ਇਸ ਨਾਲ ਵਿਗਾੜ ਨਾ ਪੈਦਾ ਕਰਨ ਦੀ ਨੀਤੀ 'ਤੇ ਚੱਲ ਰਹੇ ਸਨ।

ਲੋਕ ਵੀ ਦੁਬਿਧਾ ਵਿਚ ਸਨ, ਖ਼ਾਸ ਕਰਕੇ ਗ਼ੈਰ-ਸਿਖ ਦੇਸ਼ ਵਾਸੀ। ਉਹ ਮੁਗ਼ਲ ਸਰਕਾਰ ਤੇ ਉਸ ਦੇ ਹਾਕਮ ਵਰਗ ਤੋਂ ਅਤਿ ਦੁਖੀ ਸਨ। 'ਕਰ' ਉਗਰਾਹੁਣ, ਫ਼ਸਲਾਂ ਉਜਾੜਨ ਤੇ ਜਬਰਦਸਤੀ ਜਰ ਤੇ ਜੋਰੂ ਖੋਹਣ ਤਾਂ ਆ ਜਾਂਦੇ ਸਨ, ਪਰ ਉਨ੍ਹਾਂ ਦੇ ਕਿਸੇ ਦੁਖ ਤਕਲੀਫ਼ ਨੂੰ ਦੂਰ ਕਰਨ ਵੱਲ ਧਿਆਨ ਨਹੀਂ ਸਨ ਦਿੰਦੇ। ਉਹ ਦੇਖ ਰਹੇ ਸਨ ਕਿ ਉਨ੍ਹਾਂ ਦੇ ਟਾਕਰੇ ਸਿਖ ਲੋਕ-ਲਹਿਰ ਵਿਚ ਸ਼ਾਮਲ ਲੋਕ ਉਨ੍ਹਾਂ ਦੇ ਹਰ ਦੁੱਖ ਸੁੱਖ ਵਿਚ ਨਾਲ ਖੜੇ ਹੁੰਦੇ ਸਨ। ਉਨ੍ਹਾਂ ਤੋਂ ਧੀਆਂ ਭੈਣਾਂ ਦੀ ਇੱਜ਼ਤ ਨੂੰ ਕੋਈ ਖ਼ਤਰਾ ਨਹੀਂ। ਕੋਈ ਜਬਰੀ ਆ ਕੇ ਉਨ੍ਹਾਂ ਦੀਆਂ ਫ਼ਸਲਾਂ ਨਹੀਂ ਕੱਟ ਕੇ ਲੈ ਜਾਂਦਾ। ਦੂਜੇ ਧਰਮ ਵਿਸ਼ਵਾਸ ਦੇ ਹੋਣ ਦੇ ਬਾਵਜੂਦ ਸਿਖ ਉਨ੍ਹਾਂ ਨੂੰ ਆਪਣੇ ਮਾਂ-ਪਿਓ ਜਾਇਆਂ ਵਰਗੇ ਲੱਗਦੇ ਸਨ। ਇਸ ਲਈ ਉਨ੍ਹਾਂ ਦੀ ਹਮਦਰਦੀ ਸਿੱਖਾਂ ਨਾਲ ਸੀ ਪਰ ਹਕੂਮਤ ਦੇ ਝੋਲੀ-ਚੁੱਕ ਉਨ੍ਹਾਂ ਦੀਆਂ ਸ਼ਿਕਾਇਤਾਂ ਕਰ ਕੇ ਉਨ੍ਹਾਂ ਲਈ ਸੰਕਟ ਖੜੇ ਕਰ ਰਹੇ ਸਨ। ਇਸ ਲਈ ਬਾਹਰੋਂ ਦਿੱਸਦੇ ਉਹ ਹਕੂਮਤ ਦੇ ਨਾਲ ਸਨ ਪਰ ਦਿਲੋਂ ਮਨੋਂ ਉਹ ਸਿੱਖਾਂ ਦੇ ਸਾਥੀ ਤੇ ਹਮਦਰਦ ਸਨ। ਹਕੂਮਤ ਦਾ ਜਬਰ ਖੁੱਲ੍ਹ ਕੇ ਉਨ੍ਹਾਂ ਨੂੰ ਸਿੱਖਾਂ ਦੀ ਹਮਾਇਤ ਨਹੀਂ ਸੀ ਕਰਨ ਦਿੰਦਾ। ਉਂਞ ਵੀ ਉਹ ਦੁਖੀ ਸਨ ਕਿਉਂਕਿ ਅਸ਼ਾਂਤ ਵਾਤਾਵਰਣ ਵਿਚ ਵਿਕਾਸ ਤਾਂ ਕੀ, ਸਾਧਾਰਨ ਜੀਵਨ ਵੀ ਅਸਾਧਾਰਨ ਬਣ ਜਾਂਦਾ ਹੈ।

ਸਿੱਖਾਂ ਲਈ ਇਕ ਪਾਸੇ ਚੜ੍ਹਦੀ ਕਲਾ ਤੇ ਆਪਣੇ ਟੀਚੇ ਨੇੜੇ ਜਾਪਣ ਕਰਕੇ ਸੰਤੋਸ਼ ਸੀ, ਪਰ ਦੂਜੇ ਪਾਸੇ ਹਕੂਮਤ ਦੇ ਅੱਤਿਆਚਾਰਾਂ ਕਾਰਨ ਪਰਵਾਰਕ ਜੀਵਨ ਵਿਚ ਕਾਫ਼ੀ ਔਖਿਆਈਆਂ ਸਨ। ਇਕ ਪਾਸੇ ਫ਼ਤਹਿ ਹੋ ਰਹੀ ਸੀ ਕਿਉਂਕਿ ਲਾਹੌਰ ਦੇ ਖ਼ਜ਼ਾਨੇ ਵਿਚ ਕਿਧਰੋਂ ਵੀ ਧਨ ਨਹੀਂ ਸੀ ਪਹੁੰਚਣ ਦਿੱਤਾ ਜਾ ਰਿਹਾ ਤੇ ਉਸ ਕਾਰਨ ਹਕੂਮਤ ਆਰਥਕ ਸੰਕਟ ਵਿਚ ਫਸ ਕੇ ਡਾਵਾਂ-ਡੋਲ ਹੋ ਰਹੀ ਸੀ। ਦੂਜੇ ਪਾਸੇ ਥਾਂ ਥਾਂ ਸਿੱਖਾਂ ਦੀ ਪਕੜ ਦਕੜ

ਤੇ ਪਰਵਾਰਾਂ 'ਤੇ ਸਖ਼ਤੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਸੀ। ਇਕ ਪਾਸੇ ਆਰਥਕ ਨਾਕਾਬੰਦੀ ਕਰ ਕੇ ਜ਼ਕਰੀਆ ਖ਼ਾਨ ਦਾ ਕਾਫ਼ੀਆ ਤੰਗ ਕੀਤਾ ਜਾ ਰਿਹਾ ਸੀ ਤੇ ਦੂਜੇ ਪਾਸੇ ਸਿਖ ਪਰਵਾਰਾਂ 'ਤੇ ਜ਼ੁਲਮ ਕਰਨ ਵਾਲੇ ਸਥਾਨਕ ਹਾਕਮਾਂ ਨਾਲ ਟੱਕਰ ਚੱਲ ਰਹੀ ਸੀ। ਕਿਧਰੇ ਸਿਖ ਉਨ੍ਹਾਂ ਹਾਕਮਾਂ ਨੂੰ ਸੋਧਣ ਵਿਚ ਸਫਲ ਹੋ ਜਾਂਦੇ ਤੇ ਕਿਧਰੇ ਹਾਕਮ ਸਿੱਖਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਮਾਰਨ ਤੇ ਖੱਜਲ ਕਰਨ ਵਿਚ ਕਾਮਯਾਬ ਹੋ ਜਾਂਦੇ। ਨਿਸਚਿਤ ਰੂਪ ਵਿਚ ਕੋਈ ਨਹੀਂ ਸੀ ਕਹਿ ਸਕਦਾ ਕਿ ਕੌਣ ਜਿੱਤ ਰਿਹਾ ਹੈ ਤੇ ਕੌਣ ਹਾਰ ਰਿਹਾ ਹੈ।

ਪੰਜਾਬ ਦੇ ਸਭਿਆਚਾਰ ਤੇ ਰਸਮੋ-ਰਿਵਾਜਾਂ ਵਿਚੋਂ ਸਿਖ ਬਹੁਤੇ ਅਪਣਾ ਰਹੇ ਸਨ ਤੇ ਕੁਝ ਫ਼ਜ਼ੂਲ ਤੇ ਬੇਲੋੜੀਆਂ ਗੱਲਾਂ ਦਾ ਆਪ ਵੀ ਤਿਆਗ ਕਰ ਰਹੇ ਸਨ ਤੇ ਦੂਜਿਆਂ ਨੂੰ ਵੀ ਪ੍ਰੇਰਨਾ ਕਰ ਰਹੇ ਸਨ। ਸਮੇਂ ਦੀ ਲੋੜ ਵੀ ਸੀ ਤੇ ਸੁਧਾਰ ਦੀ ਭਾਵਨਾ ਵੀ। ਇਸ ਲਈ ਬਹੁਤ ਕੁਝ ਬਦਲ ਰਿਹਾ ਸੀ। ਜਿਨ੍ਹਾਂ ਪਿੰਡਾਂ ਵਿਚ ਪੂਰਨ ਏਕਤਾ ਹੋ ਗਈ ਸੀ, ਉਥੇ ਕੋਈ ਕਿਸੇ ਦੀ ਸ਼ਿਕਾਇਤ ਜਾਂ ਚੁਗਲੀ ਨਿੰਦਾ ਹਾਕਮਾਂ ਤਕ ਨਹੀਂ ਸੀ ਕਰਦਾ। ਜਿਨ੍ਹਾਂ ਪਿੰਡਾਂ ਵਿਚ ਫੁੱਟ ਸੀ, ਧੜੇਬਾਜ਼ੀ ਸੀ ਤੇ ਇਕ ਦੂਜੇ ਲਈ ਮੰਦਭਾਵਨਾ ਸੀ, ਉਥੇ ਨਿੱਤ ਨਵਾਂ ਪੁਆੜਾ ਪਿਆ ਰਹਿੰਦਾ ਸੀ। ਕਦੇ ਹਾਕਮ ਵਰਗ ਦੇ ਚੌਧਰੀ, ਫ਼ੌਜਦਾਰ ਤੇ ਕਿਲ੍ਹੇਦਾਰਾਂ ਦੀਆਂ ਫ਼ੌਜਾਂ ਆ ਜਾਂਦੀਆਂ, ਪਿੰਡ ਨੂੰ ਘੇਰ ਕੇ ਸਿੱਖਾਂ ਨੂੰ ਫੜਨ ਦਾ ਯਤਨ ਕਰਦੀਆਂ ਤੇ ਕਦੇ ਸਿਖ ਜਥੇ ਉਨ੍ਹਾਂ ਲੋਕਾਂ ਨੂੰ ਸੋਧਣ ਲਈ ਪਹੁੰਚ ਜਾਂਦੇ, ਜਿਹੜੇ ਸ਼ਿਕਾਇਤਾਂ ਤੇ ਸੂਚਨਾਵਾਂ ਹਾਕਮਾਂ ਤਕ ਪਹੁੰਚਾਂਦੇ।

ਕਰਤਾਰਪੁਰ ਦੀ ਸਥਿਤੀ ਹੁਣ ਕਾਫ਼ੀ ਬਦਲ ਚੁੱਕੀ ਸੀ। ਇਥੇ ਪਹਿਲਾਂ ਧੀਰ ਮੱਲ ਦੀ ਸੰਤਾਨ ਤੇ ਮਾਤਾ ਗੁਜਰੀ ਦੇ ਪੇਕੇ ਪਰਵਾਰ ਵਿਚ ਕਾਫ਼ੀ ਟਕਰਾਓ ਸੀ। ਸੋਢੀ ਖ਼ਾਨਦਾਨ ਹਕੂਮਤ ਦੇ ਨੇੜੇ ਤੇ ਸਿਖ ਲੋਕ-ਲਹਿਰ ਤੋਂ ਦੂਰ ਸੀ, ਪਰ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਤੇ ਫਿਰ ਸ਼ਹੀਦੀ ਪਿੱਛੋਂ ਇਹ ਸੋਢੀ ਪਰਵਾਰ ਵੀ ਸਿਖ ਲੋਕ-ਲਹਿਰ ਵਿਚ ਸ਼ਾਮਲ ਹੋ ਗਿਆ। ਪਿਛਲੀ ਕੁੜੱਤਣ ਘਟਣ ਲੱਗ ਪਈ। ਇਸ ਕਰਤਾਰਪੁਰੀਏ ਸੋਢੀ ਪਰਵਾਰ ਦਾ ਮੁਖੀਆ ਅੰਮ੍ਰਿਤ ਛਕ ਕੇ ਰਾਮ ਸਿੰਘ ਬਣ ਗਿਆ ਤੇ ਉਹਦੀ ਸੁਪਤਨੀ ਰਾਜ ਕੌਰ ਉਹਦੇ ਲਈ ਵੱਡੀ ਪ੍ਰੇਰਨਾ ਸ੍ਰੋਤ ਬਣ ਗਈ। ਇਨ੍ਹਾਂ ਦੇ ਘਰ 1710 ਈਸਵੀ ਨੂੰ ਜਿਸ ਬਾਲਕ ਨੇ ਜਨਮ ਲਿਆ, ਉਸ ਦਾ ਪਹਿਲਾ ਨਾਮ ਵਡਭਾਗ ਦਾਸ ਰੱਖਿਆ ਗਿਆ, ਪਰ ਜਦੋਂ ਪਰਵਾਰ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦੀ ਇੱਛਾ ਵਧ ਗਈ ਤੇ ਵਡਭਾਗ ਦਾਸ ਵੀ ਵਡਭਾਗ ਸਿੰਘ ਬਣ ਗਿਆ ਤਾਂ ਇਸ ਪਰਵਾਰ ਨੂੰ ਵੀ ਸਿਖ ਮੁਖੀਆਂ ਦੀ ਪਹਿਲੀ ਕਤਾਰ ਵਿਚ ਗਿਣਿਆ ਜਾਣ ਲੱਗਾ। ਇਕ ਤਾਂ ਦੇਸ਼ ਕੌਮ ਦੇ ਹਾਲਾਤ ਨੇ ਸੋਢੀ ਪਰਵਾਰ ਵਿਚ ਇਹ ਤਬਦੀਲੀ ਲੈ ਆਂਦੀ ਤੇ ਦੂਜਾ ਜਥੇਦਾਰ ਕਰਮ ਸਿੰਘ ਦੀ ਪ੍ਰੇਰਨਾ ਤੇ ਮਿਲਾਪੜੇ ਸੁਭਾਅ ਕਾਰਨ ਇਹ ਸਿਖ ਲੋਕ-ਲਹਿਰ ਦਾ ਅੰਗ ਬਣ ਗਏ।

ਜਦੋਂ ਦੋਵੇਂ ਪਰਵਾਰ ਸਾਂਝੇ ਪੰਥਕ ਹਿੱਤਾਂ ਲਈ ਸੋਚਣ ਤੇ ਅਮਲ ਕਰਨ ਲੱਗੇ ਤਾਂ ਕੁਦਰਤੀ ਤੌਰ 'ਤੇ ਪਰਵਾਰਾਂ ਵਿਚਕਾਰ ਵੀ ਸਾਂਝ ਹੁੰਦੀ ਗਈ। ਨਵੀਂ ਪਨੀਰੀ ਦੇ ਦੋਵੇਂ ਬਾਲਕ ਫ਼ਤਹਿ ਸਿੰਘ ਤੇ ਵਡਭਾਗ ਸਿੰਘ ਇਕ ਦੂਜੇ ਦੇ ਮਿੱਤਰ ਤੇ ਦਿਲ ਦੀ ਸਾਂਝ ਵਾਲੇ ਸੱਜਣ ਬਣ ਗਏ। ਦੋਹਾਂ ਦੇ ਸੁਭਾਅ ਤੇ ਆਦਤਾਂ ਵਿਚ ਸਮਾਨਤਾ ਸੀ। ਵਡਭਾਗ ਸਿੰਘ ਵਧੇਰੇ ਸੂਝ-ਬੂਝ ਤੇ ਗਿਆਨ ਦਾ ਮਾਲਕ ਸੀ। ਫ਼ਤਹਿ ਸਿੰਘ ਜੀਵਨ ਦੇ ਅਮਲੀ ਸੰਘਰਸ਼ ਵਿਚ ਪਿਤਾ ਤੇ ਮਾਂ ਦੀ ਅਗਵਾਈ ਕਾਰਨ ਵਧੇਰੇ ਚੇਤੰਨ ਸੀ। ਦੋਵੇਂ ਯੁਵਕ ਅਵਸਥਾ ਵਿਚ ਪਹੁੰਚ ਕੇ ਪੰਥਕ ਸਰਗਰਮੀਆਂ ਵਿਚ ਵੀ ਮਿਲ ਕੇ ਹਿੱਸਾ ਪਾਉਣ ਲੱਗ ਪਏ।

ਜਦੋਂ ਫ਼ਤਹਿ ਸਿੰਘ ਸੁਲਤਾਨਪੁਰ ਲੋਧੀ ਤੋਂ ਲਾਹੌਰ ਜਾਂਦਾ ਖ਼ਜ਼ਾਨਾ ਰਾਹ ਵਿਚ ਲੁੱਟਣ

ਲਈ ਗਿਆ ਤੇ ਜ਼ਖ਼ਮੀ ਹੋ ਕੇ ਘਰ ਕਰਤਾਰਪੁਰ ਆਇਆ ਤਾਂ ਇਸ ਦੀ ਸੂਚਨਾ ਮਿਲਦੇ ਸਾਰ ਵਡਭਾਗ ਸਿੰਘ ਉਹਨੂੰ ਮਿਲਣ ਤੇ ਉਹਦੀ ਹਾਲਤ ਦਾ ਪਤਾ ਲੈਣ ਆਇਆ। ਉਹਦੇ ਤੋਂ ਲੱਗੀਆਂ ਸੱਟਾਂ ਦਾ ਵਿਸਥਾਰ ਤੇ ਹਾਲਤ ਜਾਣਨ ਪਿੱਛੋਂ ਵਡਭਾਗ ਸਿੰਘ ਨੇ ਗਿਲਾ ਕੀਤਾ, "ਮੈਨੂੰ ਕਿਉਂ ਨਹੀਂ ਨਾਲ ਲੈ ਕੇ ਗਏ ? ਯੁਵਕਾਂ ਦੀ ਜੋ ਜਥੇਬੰਦੀ ਬਣਾ ਰਹੇ ਹੋ, ਉਸ ਬਾਰੇ ਮੇਰੇ ਨਾਲ ਗੱਲ ਕਿਉਂ ਨਹੀਂ ਕੀਤੀ ? ਮੈਨੂੰ ਜਾਪਦਾ ਏ ਕਿ ਅਜੇ ਤੁਸੀਂ ਮੇਰੀ ਸੰਜੀਦਗੀ ਨੂੰ ਸੱਚ ਨਹੀਂ ਮੰਨਿਆ।"

"ਇਹ ਗੱਲ ਨਹੀਂ," ਫ਼ਤਹਿ ਸਿੰਘ ਨੇ ਉਹਦਾ ਹੱਥ ਫੜ ਕੇ ਘੁੱਟਦਿਆਂ ਕਿਹਾ, "ਅਸਲ ਵਿਚ ਮੈਂ ਵੀ ਪਹਿਲੀ ਵਾਰ ਯੁੱਧ ਵਿਚ ਗਿਆ ਸਾਂ। ਜਥਾ ਜਾਣ ਲੱਗਾ ਸੀ, ਜਦੋਂ ਮੈਂ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਉਹ ਝੱਟ ਪ੍ਰਵਾਨ ਹੋ ਗਈ ਤੇ ਮੈਂ ਉਸੇ ਵੇਲੇ ਨਾਲ ਚੱਲ ਪਿਆ। ਸਮਾਂ ਹੀ ਨਹੀਂ ਸੀ ਕਿ ਤੁਹਾਨੂੰ ਬੁਲਾ ਲੈਂਦਾ।"

"ਮੈਂ ਨਹੀਂ ਇਸ ਦਲੀਲ ਨੂੰ ਮੰਨਦਾ," ਵਡਭਾਗ ਸਿੰਘ ਨੇ ਕਿਹਾ, "ਤੁਸੀਂ ਨੌਜਵਾਨਾਂ ਦਾ ਜਥਾ ਲੈ ਕੇ ਗਏ ਹੋ, ਤੇ ਕੀ ਮੈਂ ਉਸ ਵਿਚ ਨਹੀਂ ਸਾਂ ਜਾ ਸਕਦਾ।"

"ਚਲੋ ਭੁੱਲ ਹੋ ਗਈ," ਫ਼ਤਹਿ ਸਿੰਘ ਨੇ ਸੁਝਾਅ ਦਿੱਤਾ, "ਇੰਝ ਕਰੋ, ਤੁਸੀਂ ਵੀ ਇਕ ਜਥਾ ਬਣਾ ਲਉ ਤੇ ਅੱਗੋਂ ਤੁਹਾਨੂੰ ਵੀ ਸੰਘਰਸ਼ ਵਿਚ ਸੇਵਾ ਮਿਲ ਜਾਵੇਗੀ। ਸੇਵਾ ਤੇ ਕੁਰਬਾਨੀ ਦੇ ਬਥੇਰੇ ਮੌਕੇ ਆ ਰਹੇ ਹਨ। ਮੈਂ ਤੁਹਾਨੂੰ ਇਕ ਸਿਪਾਹੀ ਨਹੀਂ, ਇਕ ਜਥੇਦਾਰ ਤੇ ਜਰਨੈਲ ਮਹਿਸੂਸ ਕਰਦਾ ਹਾਂ ਤੇ ਚਾਹੁੰਦਾ ਹਾਂ ਕਿ ਤੁਸੀਂ ਇਕ ਸ਼ਕਤੀਸ਼ਾਲੀ ਜਥੇ ਦੇ ਮੁਖੀ ਬਣ ਕੇ ਹਿੱਸਾ ਪਾਉ।"

ਥੋੜ੍ਹੇ ਦਿਨ ਲੰਘੇ ਸਨ ਕਿ ਦੀਪੋ ਨੇ ਉਚੇਚਾ ਸੁਨੇਹਾ ਭੇਜ ਕੇ ਵਡਭਾਗ ਸਿੰਘ ਨੂੰ ਬੁਲਾਇਆ ਤੇ ਫ਼ਤਹਿ ਸਿੰਘ ਦੇ ਸਾਹਮਣੇ ਗੱਲ ਸ਼ੁਰੂ ਕੀਤੀ, "ਫ਼ਤਹਿ ਸਿੰਘ ਦਾ ਵਿਆਹ ਏ ਅਗਲੀ ਪੂਰਨਮਾਸ਼ੀ ਦੇ ਦਿਨ ਤੇ ਤੁਸੀਂ ਜੰਞ ਨਾਲ ਜਾਣ ਦੀ ਤਿਆਰੀ ਕਰਨੀ ਏ।"

"ਵਧਾਈਆਂ ਹੋਣ ਚਾਚੀ," ਵਡਭਾਗ ਸਿੰਘ ਨੇ ਬੜੀ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ, "ਲੈ ਫ਼ਤਹਿ ਸਿੰਘ ਨੇ ਇਹ ਗੱਲ ਵੀ ਮੇਰੇ ਨਾਲ ਨਹੀਂ ਕੀਤੀ। ਕਿਥੇ ਰਿਸ਼ਤਾ ਕੀਤਾ ਏ ? ਸਾਡੀ ਭਰਜਾਈ ਬੜੀ ਖ਼ੁਸ਼ਕਿਸਮਤ ਏ, ਜਿਸ ਨੂੰ ਫ਼ਤਹਿ ਸਿੰਘ ਵਰਗਾ ਪਤੀ ਮਿਲੇਗਾ।"

"ਸਭ ਅਕਾਲ ਪੁਰਖ ਦੀ ਕਿਰਪਾ ਏ!" ਦੀਪੋ ਨੇ ਕਿਹਾ, "ਮੈਂ ਤਾਂ ਦੋਵੇਂ ਵੇਲੇ ਇਹੀ ਅਰਦਾਸ ਕਰਦੀ ਹਾਂ ਕਿ ਵਾਹਿਗੁਰੂ ਸੁਖ ਦਾ ਸਮਾਂ ਲਿਆਏ ਤੇ ਕਾਰਜ ਖ਼ੁਸ਼ੀਆਂ ਨਾਲ ਸਿਰੇ ਚੜ੍ਹੇ। ਕੁੜੀ ਵਾਲਾ ਵੀ ਗੁਰਸਿਖ ਪਰਵਾਰ ਏ ਤੇ ਉਹ ਸੁਭਾਨਪੁਰ ਦੇ ਰਹਿਣ ਵਾਲੇ ਨੇ।"

"ਫਿਰ ਤਾਂ ਚਾਚੇ ਦੇ ਜਥੇ ਵਿਚੋਂ ਹੀ ਰਿਸ਼ਤਾ ਆ ਗਿਆ ਹੋਵੇਗਾ ?" ਵਡਭਾਗ ਸਿੰਘ ਨੇ ਪ੍ਰਸ਼ਨ ਕੀਤਾ।

"ਨਹੀਂ, ਕੁੜੀ ਦੀ ਮਾਂ ਮੇਰੀ ਬਚਪਨ ਦੀ ਸਹੇਲੀ ਏ। ਅਸੀਂ ਦਿਆਲਪੁਰ ਇਕੱਠੀਆਂ ਖੇਡ ਵੱਡੀਆਂ ਹੋਈਆਂ ਸਾਂ," ਦੀਪੋ ਨੇ ਦੱਸਿਆ, "ਅੱਗੋਂ ਦੋਵੇਂ ਗੁਰਸਿਖ ਪਰਵਾਰਾਂ ਵਾਲੀਆਂ ਬਣ ਗਈਆਂ। ਬੜੇ ਚੰਗੇ ਸੁਭਾਅ ਦੀ ਏ ਮੇਰੀ ਸਹੇਲੀ।"

"ਚੰਗੇ ਮਾਪਿਆਂ ਦੇ ਬੱਚੇ ਵੀ ਅੱਗੋਂ ਚੰਗੇ ਹੋ ਨਿਬੜਦੇ ਨੇ," ਵਡਭਾਗ ਸਿੰਘ ਨੇ ਆਪਣੀ ਉਮਰ ਨਾਲੋਂ ਵਡੇਰਿਆਂ ਵਾਂਗ ਗੱਲ ਕੀਤੀ, "ਮੈਨੂੰ ਸੇਵਾ ਦੱਸੋ, ਵਿਆਹ ਦੀ ਤਿਆਰੀ ਲਈ ਮੈਂ ਕੀ ਹੱਥ ਵਟਾ ਸਕਦਾ ਹਾਂ ?"

"ਅਸੀਂ ਬਹੁਤ ਸਾਦਾ ਵਿਆਹ ਕਰਨਾ ਏ," ਦੀਪੋ ਨੇ ਦੱਸਿਆ, "ਇਕ ਤਾਂ ਸਾਡਾ ਪਰਵਾਰ ਐਵੇਂ ਫ਼ਜ਼ੂਲ ਤੇ ਹੋਛਿਆਂ ਵਾਲੀਆਂ ਕੋਈ ਰਸਮਾਂ ਨਹੀਂ ਪਸੰਦ ਕਰਦਾ। ਗਾਉਣ ਵੀ ਇਕ ਦਿਨ ਹੀ ਬਿਠਾਵਾਂਗੇ। ਪਾਠ ਰੱਖ ਕੇ ਉਹਦੀ ਸਮਾਪਤੀ 'ਤੇ ਨਗਰ ਦੇ ਵਿਸ਼ੇਸ਼

ਘਰਾਂ ਦੀ ਰੋਟੀ ਕਰਾਂਗੇ ਤੇ ਲੰਗਰ ਵਿਚ ਹੀ ਸਭ ਨੂੰ ਪ੍ਰਸ਼ਾਦਿ ਛਕਾ ਦਿਆਂਗੇ। ਦੇਸ਼ ਦੇ ਹਾਲਾਤ ਅਜਿਹੇ ਨੇ ਕਿ ਬਹੁਤੇ ਦਿਨ ਨਹੀਂ ਇਸ ਲਈ ਲਾ ਸਕਦੇ। ਅਸੀ ਜੰਞ ਵੀ ਇਕ ਦਿਨ ਲਿਜਾਵਾਂਗੇ ਤੇ ਦੂਜੇ ਦਿਨ ਹੀ ਪਰਤ ਆਵਾਂਗੇ। ਪੰਜ ਸੱਤ ਦਿਨ ਬਾਰਾਤ ਨਹੀਂ ਸੁਭਾਨਪੁਰ ਰੱਖਣੀ।"

"ਇਹ ਬਹੁਤ ਚੰਗਾ ਏ," ਵਡਭਾਗ ਸਿੰਘ ਨੇ ਪ੍ਰੋੜ੍ਹਤਾ ਕੀਤੀ, "ਸੁਧਾਰ ਹਮੇਸ਼ਾਂ ਵੱਡਿਆਂ ਤੋਂ ਹੀ ਸ਼ੁਰੂ ਹੋਵੇ ਤਾਂ ਠੀਕ ਰਹਿੰਦਾ ਏ।"

66

ਦਿਲਾਵਰ ਖ਼ਾਂ ਲਾਹੌਰ ਦਰਬਾਰ ਦਾ ਇਕ ਫ਼ੌਜੀ ਜਰਨੈਲ ਸੀ, ਪਰ ਦੁਆਬੇ ਵਿਚ ਆ ਕੇ ਉਹਨੇ ਆਪਣੀਆਂ ਸਰਗਰਮੀਆਂ ਦੀ ਜੋ ਸੂਚਨਾ ਭੇਜੀ, ਉਸ ਤੋਂ ਖ਼ੁਸ਼ ਹੋ ਕੇ ਜ਼ਕਰੀਆ ਖ਼ਾਨ ਨੇ ਉਹਨੂੰ ਦੁਆਬੇ ਦਾ ਨਵਾਬ ਬਣਾ ਦਿੱਤਾ, ਜੋ ਸਾਰੇ ਫ਼ੌਜਦਾਰਾਂ, ਕਿਲ੍ਹੇਦਾਰਾਂ ਤੇ ਚੌਧਰੀਆਂ ਦੇ ਉਪਰ ਹੋਵੇਗਾ ਤੇ ਸਿੱਖਾਂ ਦੀ ਤਾਕਤ ਖ਼ਤਮ ਕਰਨ ਲਈ ਦੁਆਬੇ ਵਿਚ ਹੀ ਰਹੇਗਾ। ਇਹ ਗੱਲ ਸਥਾਨਕ ਹਾਕਮਾਂ ਨੂੰ ਚੰਗੀ ਨਾ ਲੱਗੀ। ਉਹ ਸਮਝਦੇ ਸਨ ਕਿ ਉਹ ਮਨਮਾਨੀ ਨਹੀਂ ਕਰ ਸਕਣਗੇ। ਉਂਞ ਵੀ ਜੇ ਇਹ ਬਹੁਤਾ ਸਮਾਂ ਰਿਹਾ ਤਾਂ ਕਿਸੇ ਵੇਲੇ ਵੀ ਦੁਆਬੇ ਦਾ ਮਾਲਕ ਬਣ ਜਾਏਗਾ। ਸਮੇਂ ਦੇ ਹਾਲਾਤ ਅਨੁਸਾਰ ਦਿੱਲੀ ਦੇ ਤਖ਼ਤ ਦਾ ਮਾਲਕ ਮੁਹੰਮਦ ਸ਼ਾਹ ਸੀ, ਜੋ ਆਪਣੀ ਐਸ਼-ਪ੍ਰਸਤੀ ਵਿਚ ਇਤਨਾ ਡੁੱਬਿਆ ਹੋਇਆ ਸੀ ਕਿ ਮੁਗ਼ਲ ਰਾਜ ਦਾ ਰੋਹਬ ਖ਼ਤਮ ਹੁੰਦਾ ਜਾ ਰਿਹਾ ਸੀ। ਸਾਰੇ ਵਜ਼ੀਰ ਤੇ ਦਰਬਾਰੀ ਆਪਣੀ ਮਰਜ਼ੀ ਦੇ ਹਾਕਮ, ਫ਼ੌਜਦਾਰ ਤੇ ਕਿਲ੍ਹੇਦਾਰ ਨੀਯਤ ਕਰ ਰਹੇ ਸਨ ਤਾਕਿ ਜੇ ਹਾਲਾਤ ਹੋਰ ਵਿਗੜੇ ਤਾਂ ਉਹ ਕੇਂਦਰੀ ਮੁਗ਼ਲ ਹਕੂਮਤ ਤੋਂ ਆਜ਼ਾਦ ਹੋ ਜਾਣ। ਇਸੇ ਲਈ ਦੁਆਬੇ ਦੇ ਫ਼ੌਜਦਾਰਾਂ ਤੇ ਚੌਧਰੀਆਂ ਨੂੰ ਸ਼ੱਕ ਸੀ ਕਿ ਸਿੱਖਾਂ ਨੂੰ ਦਬਾਣ ਦੇ ਨਾਹਰੇ ਹੇਠ ਜ਼ਕਰੀਆ ਖ਼ਾਨ ਦੁਆਬੇ ਦੇ ਇਲਾਕੇ ਵਿਚ ਆਪਣੀ ਫ਼ੌਜੀ ਟੁਕੜੀ ਰੱਖ ਕੇ ਤੇ ਦਿਲਾਵਰ ਖ਼ਾਂ ਨੂੰ ਭੇਜ ਕੇ ਆਪਣਾ ਕਬਜ਼ਾ ਪੱਕਾ ਕਰਨਾ ਚਾਹੁੰਦਾ ਹੈ।

ਦਿਲਾਵਰ ਖ਼ਾਂ ਨੇ ਨੂਰ ਮਹਿਲ ਵਿਚ ਦੁਆਬੇ ਦੇ ਸਾਰੇ ਸਥਾਨਕ ਹਾਕਮਾਂ ਦੀ ਇਕੱਤਰਤਾ ਬੁਲਾਈ। ਪਹਿਲਾਂ ਉਹ ਜਲੰਧਰ ਬੁਲਾਣਾ ਚਾਹੁੰਦਾ ਸੀ ਪਰ ਜਲੰਧਰ ਦੇ ਫ਼ੌਜਦਾਰ ਨੇ ਕੋਈ ਬਹਾਨਾ ਲਾ ਕੇ ਇਕੱਠ ਜਲੰਧਰ ਦੀ ਥਾਂ ਨੂਰ ਮਹਿਲ ਵਿਚ ਕਰਨ ਲਈ ਰਾਜ਼ੀ ਕਰ ਲਿਆ। ਅਸਲ ਵਿਚ ਜਦੋਂ ਦਾ ਜਲੰਧਰ ਦਾ ਫ਼ੌਜਦਾਰ ਸਿੰਘਾਂ ਦੇ ਟାਕਰੇ ਹਾਰ ਗਿਆ ਸੀ, ਉਸ ਪਿੱਛੋਂ ਉਹ ਸਿੰਘਾਂ ਨਾਲ ਟੱਕਰ ਟਾਲਦਾ ਆ ਰਿਹਾ ਸੀ। ਜਿਹੜਾ ਆਗੂ ਜਾਂ ਹਾਕਮ ਦਿਲੋਂ ਹਾਰ ਮੰਨ ਜਾਏ, ਉਹ ਮੁੜ ਕੇ ਛੇਤੀ ਦੁਸ਼ਮਣ ਦੇ ਟਾਕਰੇ ਲਈ ਡੱਟ ਨਹੀਂ ਸਕਦਾ। ਇਹੀ ਮਾਨਸਿਕ ਦਸ਼ਾ ਇਸ ਦੀ ਸੀ।

ਨੂਰ ਮਹਿਲ ਦੇ ਇਕੱਠ ਵਿਚ ਜ਼ਕਰੀਆ ਖ਼ਾਨ ਤੋਂ ਡਰਦੇ ਬਹੁਤੇ ਸਥਾਨਕ ਹਾਕਮ ਪਹੁੰਚ ਗਏ। ਜਲੰਧਰ ਤੇ ਕਪੂਰਥਲੇ ਵਿਚ ਬਹੁਤੇ ਪਠਾਣ ਚੌਧਰੀ ਸਨ। ਇਥੋਂ ਦੇ ਪੰਜਾਬੀ ਮੁਸਲਮਾਨ ਗ਼ਰੀਬ ਤੇ ਕਿਰਤੀ ਲੋਕ ਹੀ ਸਨ। ਚੌਧਰੀਆਂ ਵਿਚ ਕੇਵਲ ਹੁਸ਼ਿਆਰਪੁਰ ਤੇ ਸ਼ਿਵਾਲਕ ਦੀਆਂ ਪਹਾੜੀਆਂ ਨਾਲ ਲੱਗਦੇ ਦੁਆਬੇ ਦੇ ਕੁਝ ਖੇਤਰਾਂ ਵਿਚ ਹਿੰਦੂ ਵੀ ਸਥਾਨਕ ਹਾਕਮ ਸਨ। ਊਨੇ ਵੱਲ ਗੁਰੂ ਨਾਨਕ ਨਾਮ-ਲੇਵਾ ਬੇਦੀ ਕੁਲ ਦੇ ਕੁਝ ਮੁਖੀਆਂ ਦਾ ਕਬਜ਼ਾ ਸੀ, ਪਰ ਉਹ ਰਾਜਨੀਤਕ ਸਰਗਰਮੀਆਂ ਵਿਚ ਘੱਟ ਹੀ ਹਿੱਸਾ ਲੈਂਦੇ ਸਨ। ਉਂਞ ਵੀ ਉਹ

ਇਲਾਕਾ ਚੋਆਂ ਆਦਿ ਦਾ ਸੀ ਤੇ ਮੁਗ਼ਲ ਰਾਜ ਦੇ ਫ਼ੌਜੀ ਦਸਤੇ ਘੱਟ ਹੀ ਉਧਰ ਆਉਂਦੇ ਸਨ।

ਦਿਲਾਵਰ ਖ਼ਾਂ ਨੇ ਇਥੇ ਚੌਧਰੀਆਂ ਤੇ ਹਾਕਮ ਵਰਗ ਦੇ ਲੋਕਾਂ ਨੂੰ ਡਰਾਇਆ ਕਿ ਜੇਕਰ ਉਨ੍ਹਾਂ ਸਿੱਖਾਂ ਨੂੰ ਇਲਾਕੇ ਵਿਚੋਂ ਖ਼ਤਮ ਨਾ ਕੀਤਾ ਤਾਂ ਉਨ੍ਹਾਂ ਦਾ ਰਾਜ-ਭਾਗ ਜਾਂਦਾ ਰਹੇਗਾ। ਉਹ ਦੋਵੇਂ ਪਾਸਿਉਂ ਮਾਰੇ ਜਾਣਗੇ। ਜੇ ਉਨ੍ਹਾਂ 'ਕਰ' ਤੇ ਹੋਰ ਧਨ ਲਾਹੌਰ ਨਾ ਭੇਜਿਆ ਤਾਂ ਲਾਹੌਰ ਤੋਂ ਹੋਰ ਫ਼ੌਜ ਆ ਜਾਏਗੀ ਤੇ ਕਮਜ਼ੋਰ ਹਾਕਮਾਂ ਦੀ ਥਾਂ ਤਕੜੇ ਤੇ ਯੋਗ ਹਾਕਮ ਨਵੇਂ ਆ ਜਾਣਗੇ। ਦੂਜਾ, ਸਿਖ ਜਦ ਉਨ੍ਹਾਂ ਨੂੰ ਤੰਗ ਕਰਨਗੇ ਤਾਂ ਹਕੂਮਤ ਤੁਹਾਡੀ ਮਦਦ ਨਹੀਂ ਕਰੇਗੀ। ਮੈਂ ਉਤਨਾ ਚਿਰ ਦੁਆਬੇ ਤੋਂ ਨਹੀਂ ਜਾਵਾਂਗਾ ਜਦ ਤਕ ਕਿ ਇਥੋਂ ਸਰਕਾਰੀ ਖ਼ਜ਼ਾਨੇ ਦਾ ਹਿੱਸਾ ਲਾਹੌਰ ਨਹੀਂ ਪਹੁੰਚਦਾ। ਉਹਨੇ ਇਹ ਵੀ ਦੱਸਿਆ ਕਿ ਤਿੰਨ ਚਾਰ ਥਾਂ ਤੋਂ ਖ਼ਜ਼ਾਨਾ ਲਾਹੌਰ ਜਾਂਦਾ ਲੁੱਟਿਆ ਜਾ ਚੁੱਕਿਆ ਹੈ ਤੇ ਖ਼ਾਨ ਬਹਾਦਰ ਹੁਣ ਅਤਿ ਗੁੱਸੇ ਤੇ ਨਾਰਾਜ਼ ਹੈ।

ਉਹਨੇ ਲਾਹੌਰ ਦਰਬਾਰ ਵੱਲੋਂ ਆਇਆ ਐਲਾਨ ਪੜ੍ਹ ਕੇ ਸੁਣਾਇਆ ਕਿ ਹਕੂਮਤ ਸਿੱਖਾਂ ਨੂੰ ਖ਼ਤਮ ਕਰਨ ਲਈ ਤੁਲੀ ਹੋਈ ਏ। ਇਸ ਲਈ ਹਕੂਮਤ ਦਾ ਐਲਾਨ ਹੈ ਕਿ ਜੋ ਸਿੱਖਾਂ ਦਾ ਪਤਾ ਦੇਵੇ, ਉਹਨੂੰ ਦਸ ਰੁਪਏ ਤੇ ਜੋ ਸਿਖ ਨੂੰ ਫੜਾਏ, ਉਸ ਨੂੰ ਵੀਹ ਰੁਪਏ ਸਰਕਾਰੀ ਖ਼ਜ਼ਾਨੇ ਵਿਚੋਂ ਦਿੱਤੇ ਜਾਣਗੇ। ਜੋ ਸਿਖ ਦੇ ਸਿਰ ਦੇ ਵਾਲ ਕੱਟ ਕੇ ਲਿਆਏਗਾ, ਉਸ ਨੂੰ ਇਕ ਕੰਬਲ ਤੇ ਬਿਸਤਰਾ ਮਿਲੇਗਾ। ਇਸ ਐਲਾਨ ਨੂੰ ਸਾਰੇ ਨਗਰਾਂ ਵਿਚ ਮੁਨਾਦੀ ਕਰਾ ਕੇ ਪ੍ਰਚਾਰਿਆ ਜਾਏ ਤਾਕਿ ਸਿੱਖਾਂ ਨੂੰ ਪਿੰਡਾਂ ਵਿਚੋਂ ਖ਼ਤਮ ਕਰਨ ਲਈ ਲੋਕ ਇਨਾਮਾਂ ਦੀ ਖ਼ਾਤਰ ਹਕੂਮਤ ਦਾ ਸਾਥ ਦੇਣ।

"ਠੀਕ ਏ, ਇਸੇ ਤਰ੍ਹਾਂ ਕਰਾਂਗੇ, ਮੁਨਾਦੀ ਕਰਵਾ ਦਿੱਤੀ ਜਾਏਗੀ।" ਇਕੋ ਵੇਲੇ ਕਈ ਚੌਧਰੀ ਬੋਲ ਪਏ, ਪਰ ਕਿਸੇ ਨੇ ਇਹ ਨਾ ਦੱਸਿਆ ਕਿ ਦੁਆਬੇ ਵਿਚ ਕਿਥੇ ਕਿਥੇ ਅੱਜ-ਕੱਲ੍ਹ ਸਿੱਖਾਂ ਦੇ ਕੇਂਦਰ ਹਨ। ਕੁਝ ਸਾਲ ਪਹਿਲਾਂ ਤਕ ਸਾਰੇ ਜਾਣਦੇ ਸਨ ਕਿ ਕਰਤਾਰਪੁਰ, ਪਲਾਹੀ, ਬੰਗਾ, ਰੁੜਕਾ, ਮਾਹਲਪੁਰ, ਰਾਹੋਂ ਆਦਿ ਸਿੱਖਾਂ ਦੇ ਕੇਂਦਰ ਹਨ, ਪਰ ਇਸ ਇਕੱਤਰਤਾ ਵਿਚ ਕਿਸੇ ਨੇ ਵੀ ਕਿਸੇ ਟਿਕਾਣੇ ਦਾ ਨਾਮ ਨਾ ਲਿਆ। ਇਸ ਦੇ ਦੋ ਕਾਰਨ ਸਨ। ਇਕ ਤਾਂ ਛੋਟੇ ਛੋਟੇ ਹੁਕਮਰਾਨਾਂ ਨਾਲ ਸਿੱਖਾਂ ਦਾ ਵਰਤਾਓ ਤੇ ਮਿਲਵਰਤਣ ਚੰਗਾ ਸੀ। ਜਥੇਦਾਰ ਕਰਮ ਸਿੰਘ ਨੇ ਕਈਆਂ ਨਾਲ ਇਹ ਸਮਝੌਤਾ ਕਰ ਲਿਆ ਸੀ ਕਿ ਤੁਸੀਂ ਲੋਕਾਂ ਨਾਲ ਜ਼ੁਲਮ ਨਾ ਕਰੋ ਤੇ ਅਸੀਂ ਤੁਹਾਨੂੰ ਕੁਝ ਨਹੀਂ ਆਖਾਂਗੇ। ਸਿਖ ਜ਼ੁਲਮ ਦੇ ਵਿਰੁੱਧ ਹਨ, ਕਿਸੇ ਹਾਕਮ ਦੇ ਨਹੀਂ। ਜਿਹੜੇ ਆਕੜਖ਼ਾਨ ਤੇ ਫ਼ਿਰਕੂ ਜ਼ਹਿਰ ਪੈਦਾ ਕਰਨ ਵਾਲੇ ਸਨ, ਉਨ੍ਹਾਂ ਨੂੰ ਫ਼ੌਜੀ ਟੱਕਰ ਵਿਚ ਹਰਾ ਕੇ ਉਨ੍ਹਾਂ ਦੇ ਸਾਰੇ ਵੱਟ ਕੱਢ ਚੁੱਕੇ ਸਨ। ਦਿਲੋਂ ਤਾਂ ਅਜੇ ਵੀ ਕਈਆਂ ਦੇ ਮਨ ਵਿਚ ਕੁੜਿੱਤਣ ਸੀ ਪਰ ਉੱਤੋਂ ਉਹ ਵੀ ਡਰਦੇ ਮਾਰੇ ਚੁੱਪ ਸਨ। ਕਈ ਇਹ ਵੀ ਸਮਝਦੇ ਸਨ ਕਿ ਜਦ ਸਿੱਖਾਂ ਨਾਲ ਵਿਗਾੜ ਪਿਆ ਤਾਂ ਕਿਸੇ ਲਾਹੌਰ ਤੋਂ ਮਦਦ ਲਈ ਨਹੀਂ ਆਉਣਾ, ਫਿਰ ਆਪਣੇ ਲਈ ਮੁਸੀਬਤ ਕਿਉਂ ਖੜੀ ਕਰ ਲਈਏ।

"ਮੈਨੂੰ ਪਤਾ ਲੱਗਾ ਏ ਕਿ ਦੁਆਬੇ ਵਿਚ ਸਿੱਖਾਂ ਦਾ ਵੱਡਾ ਮੁਖੀ ਕੋਈ ਕਰਮ ਸਿੰਘ ਹੈ, ਜੋ ਕਰਤਾਰਪੁਰ ਦਾ ਰਹਿਣ ਵਾਲਾ ਹੈ ਤੇ ਉਹੀ ਸਾਰੇ ਪੁਆੜੇ ਦਾ ਮੁੱਢ ਏ," ਦਿਲਾਵਰ ਖ਼ਾਂ ਨੇ ਪੁੱਛਿਆ, "ਤੁਹਾਡੇ ਵਿਚੋਂ ਕਿਸੇ ਨੇ ਵੀ ਉਸ ਬਾਰੇ ਕੋਈ ਇਤਲਾਹ ਹੁਣ ਤਕ ਮੈਨੂੰ ਨਹੀਂ ਦਿੱਤੀ।"

"ਉਹ ਕਰਤਾਰਪੁਰ ਕਦੋਂ ਦਾ ਛੱਡ ਗਿਆ ਏ," ਜਲੰਧਰ ਦੇ ਫ਼ੌਜਦਾਰ ਨੇ ਦੱਸਿਆ, "ਉਹਦਾ ਟੱਬਰ ਵੀ ਉਥੇ ਨਹੀਂ, ਉਹਦਾ ਪਿਤਾ ਅਸੀਂ ਮਾਰ ਦਿੱਤਾ ਸੀ। ਉਹਦਾ ਘਰ ਢਾਹ

ਦਿੱਤਾ ਸੀ। ਕਈ ਸਾਲ ਕਰਤਾਰਪੁਰ ਪਹਿਰਾ ਲਾਈ ਰੱਖਿਆ ਏ, ਉਹ ਕਦੇ ਨਹੀਂ ਆਇਆ। ਪਹਿਲਾਂ ਕਰਤਾਰਪੁਰ 'ਚੋਂ ਉਹਦੇ ਬਾਰੇ ਸਾਨੂੰ ਪਤਾ ਵੀ ਦੇਣ ਲੋਕ ਆ ਜਾਂਦੇ ਸਨ, ਪਰ ਹੁਣ ਕਦੇ ਨਹੀਂ ਆਏ। ਕਰਤਾਰਪੁਰ ਵਿਚ ਦੋ ਧੜੇ ਹਨ। ਉਹਦੇ ਵਿਰੋਧੀ ਸਾਨੂੰ ਸਭ ਕੁਝ ਦੱਸ ਦਿਆ ਕਰਦੇ ਸਨ, ਪਰ ਹੁਣ ਉਨ੍ਹਾਂ ਵਿਚੋਂ ਵੀ ਕੋਈ ਕਦੇ ਨਹੀਂ ਆਇਆ।"

"ਮੇਰੀ ਇਤਲਾਹ ਮੁਤਾਬਿਕ ਸੁਲਤਾਨਪੁਰ ਦਾ ਖ਼ਜ਼ਾਨਾ ਉਹਨੇ ਲੁੱਟਿਆ ਸੀ," ਦਿਲਾਵਰ ਖ਼ਾਂ ਨੇ ਗੁੱਸੇ ਨਾਲ ਆਖਿਆ, "ਲੋਕ ਕਹਿੰਦੇ ਨੇ ਕਿ ਅਸਲ ਰਾਜ ਉਸੇ ਦਾ ਏ। ਉਹਨੂੰ ਲੋਕ ਨਜ਼ਰਾਨੇ ਤੇ ਕਰ ਦੇਣ ਲੱਗ ਪਏ ਨੇ। ਉਹਨੇ ਇਲਾਕੇ ਭਰ ਵਿਚ ਸੂਹੀਏ ਛੱਡੇ ਹੋਏ ਨੇ। ਉਹ ਇਥੇ ਹੀ ਦੁਆਬੇ ਵਿਚ ਫਿਰਦਾ ਏ, ਕਿਧਰੇ ਹੋਰ ਨਹੀਂ ਗਿਆ।"

"ਮੈਂ ਪਤਾ ਕੀਤਾ ਸੀ, ਉਹ ਅੱਜ-ਕੱਲ੍ਹ ਅੰਮ੍ਰਿਤਸਰ ਰਹਿੰਦਾ ਏ, ਬਿਆਸ ਦਰਿਆ ਤੋਂ ਪਾਰ ਹੀ ਕਿਧਰੇ ਫਿਰਦਾ ਏ," ਜਲੰਧਰ ਦੇ ਫ਼ੌਜਦਾਰ ਨੇ ਹੋਰ ਕਹਾਣੀ ਘੜ ਕੇ ਦੱਸਦਿਆਂ ਕਿਹਾ, "ਇਧਰ ਆਇਆ ਵੀ ਹੋਵੇ ਤਾਂ ਮੁੜ ਦਰਿਆ ਟੱਪ ਗਿਆ ਹੋਵੇਗਾ।"

"ਮੈਨੂੰ ਅਫ਼ਸੋਸ ਏ ਕਿ ਤੁਸੀਂ ਠੀਕ ਠੀਕ ਗੱਲ ਨਹੀਂ ਦੱਸ ਰਹੇ," ਦਿਲਾਵਰ ਖ਼ਾਂ ਨੇ ਝਾੜ ਪਾਈ, "ਇਕ ਤਾਂ ਤੁਹਾਡੇ ਆਪਣੇ ਵਿਚ ਏਕਾ ਨਹੀਂ। ਜਦ ਵੱਖੋ ਵੱਖਰੇ ਮਿਲਦੇ ਹੋ ਤਾਂ ਹੋਰ ਗੱਲਾਂ ਕਰਦੇ ਹੋ। ਇਕ ਦੂਜੇ ਵਿਰੁੱਧ ਜ਼ਹਿਰ ਉਗਲਦੇ ਹੋ ਤੇ ਦੂਜੇ ਦੇ ਇਲਾਕੇ ਵਿਚ ਸਿੱਖਾਂ ਦੀਆਂ ਸਰਗਰਮੀਆਂ ਦਾ ਪਤਾ ਦਿੰਦੇ ਹੋ ਪਰ ਆਪਣੇ ਇਲਾਕੇ ਬਾਰੇ ਕੁਝ ਨਹੀਂ ਦੱਸਦੇ। ਮੈਂ ਹੁਣ ਤੁਹਾਡੇ 'ਤੇ ਇਤਬਾਰ ਕਿਸ ਤਰ੍ਹਾਂ ਕਰਾਂ?" ਫਿਰ ਉਹਨੇ ਜਲੰਧਰ ਦੇ ਫ਼ੌਜਦਾਰ ਵੱਲ ਸਿੱਧੀ ਉਂਗਲ ਕਰਦਿਆਂ ਕਿਹਾ, "ਮੈਨੂੰ ਪਤਾ ਲੱਗਾ ਏ ਕਿ ਤੁਹਾਡੀ ਇਕ ਵਾਰ ਕਰਮ ਸਿੰਘ ਨਾਲ ਟੱਕਰ ਹੋਈ ਸੀ ਤੇ ਸਿੱਖਾਂ ਨੇ ਜਲੰਧਰ ਆ ਘੇਰਿਆ ਸੀ। ਤੁਸੀਂ ਉਹਦਾ ਟਾਕਰਾ ਨਹੀਂ ਸੀ ਕਰ ਸਕੇ ਤੇ ਅਖ਼ੀਰ ਉਹਦੇ ਨਾਲ ਫ਼ੈਸਲਾ ਕਰ ਲਿਆ ਸੀ। ਉਹਦੇ ਡਰੋਂ ਕਰਤਾਰਪੁਰ ਵੱਲ ਮੂੰਹ ਹੀ ਨਹੀਂ ਕਰਦੇ।"

ਜਲੰਧਰ ਦੇ ਫ਼ੌਜਦਾਰ ਦਾ ਰੰਗ ਫੱਕ ਹੋ ਗਿਆ। ਉਹਨੇ ਕਈ ਇਧਰ ਉਧਰ ਦੇ ਬਹਾਨੇ ਲਾਏ ਪਰ ਦਿਲਾਵਰ ਖ਼ਾਂ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਸੀ।

ਅਖ਼ੀਰ ਵਿਉਂਤ ਤਿਆਰ ਕੀਤੀ ਗਈ ਕਿ ਦਿਲਾਵਰ ਖ਼ਾਂ ਦੀ ਨਿਗਰਾਨੀ ਹੇਠ ਲਾਹੌਰ ਤੋਂ ਆਈ ਫ਼ੌਜ ਦੋ ਹਿੱਸਿਆਂ ਵਿਚ ਵੰਡ ਕੇ ਤੁਰੇ ਤੇ ਸਥਾਨਕ ਹਾਕਮਾਂ ਦੇ ਫ਼ੌਜੀਆਂ ਨੂੰ ਨਾਲ ਲੈ ਕੇ ਦੁਆਬੇ ਵਿਚੋਂ ਸਿੱਖਾਂ ਦਾ ਸਫ਼ਾਇਆ ਕਰਨ ਦਾ ਯਤਨ ਕੀਤਾ ਜਾਏ। ਇਕ ਟੁਕੜੀ ਨੂੰ ਨੂਰ ਮਹਿਲ ਤੋਂ ਨਕੋਦਰ, ਮਹਿਤਪੁਰ, ਸ਼ਾਹਕੋਟ ਮਲਸੀਆਂ ਆਦਿ ਵੱਲ ਭੇਜਿਆ ਗਿਆ, ਜੋ ਸੁਲਤਾਨਪੁਰ ਪਹੁੰਚ ਕੇ ਮੁੜ ਜਲੰਧਰ ਆ ਜਾਏ। ਦੂਜੀ ਟੁਕੜੀ ਨੂੰ ਬੁੰਡਾਲਾ, ਜੰਡਿਆਲਾ, ਰੁੜਕਾ, ਗੁਰਾਇਆ, ਫਿਲੌਰ ਤੋਂ ਰਾਹੋਂ, ਬੰਗਾ, ਬਹਿਰਾਮ ਤੇ ਫਗਵਾੜੇ ਤੋਂ ਹੁੰਦਿਆਂ ਜਲੰਧਰ ਪਹੁੰਚਣ ਦਾ ਆਦੇਸ਼ ਦਿੱਤਾ ਗਿਆ।

ਜਲੰਧਰ ਦੇ ਫ਼ੌਜਦਾਰ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਆਦਮਪੁਰ, ਸ਼ਾਮ ਚੁਰਾਸੀ, ਹੁਸ਼ਿਆਰਪੁਰ ਤੇ ਭੋਗਪੁਰ, ਟਾਂਡਾ ਤਕ ਦੇ ਪਿੰਡਾਂ ਵਿਚੋਂ ਸਿੱਖਾਂ ਨੂੰ ਜ਼ਿੰਦਾ ਜਾਂ ਮੁਰਦਾ ਫੜੇ ਤੇ ਆ ਕੇ ਸੂਚਿਤ ਕਰੇ ਕਿ ਕਿਹੜੇ ਕਿਹੜੇ ਪਿੰਡ 'ਚੋਂ ਸਿੱਖਾਂ ਨੂੰ ਮੁਕਾ ਦਿੱਤਾ ਗਿਆ ਹੈ। ਦਿਲਾਵਰ ਖ਼ਾਂ ਦੇ ਇਸ ਟੀਚੇ ਦਾ ਹਰ ਸਮਝਦਾਰ ਆਦਮੀ ਅਨੁਮਾਨ ਲਾ ਸਕਦਾ ਸੀ ਕਿ ਸਾਰੀ ਫ਼ੌਜੀ ਤਾਕਤ ਨੂੰ ਜਲੰਧਰ ਮੁੜ ਕੇ ਜੋੜਨ ਦਾ ਭਾਵ ਇਹ ਹੈ ਕਿ ਉਹ ਕਰਤਾਰਪੁਰ 'ਤੇ ਵੱਡਾ ਹਮਲਾ ਕਰਨਾ ਚਾਹੁੰਦਾ ਸੀ ਜਾਂ ਫਿਰ ਅਨੰਦਪੁਰ ਵੱਲ ਉਹ ਧਾਵਾ ਕਰਨ ਦਾ ਮਨ ਬਣਾਈ ਬੈਠਾ ਸੀ।

ਫ਼ੌਜਦਾਰ ਜਲੰਧਰ ਵਾਪਸ ਆ ਗਿਆ। ਉਹ ਕਾਫ਼ੀ ਉਦਾਸ ਤੇ ਚਿੰਤਾਤੁਰ ਸੀ। ਵੱਡੀ

ਚਿੰਤਾ ਇਹ ਸੀ ਕਿ ਸਿੱਖਾਂ ਵਿਰੁੱਧ ਇਹ ਸਖ਼ਤੀ ਉਲਟਾ ਗੜਬੜ ਵਧਾਏਗੀ। ਉਹ ਦੇਖ ਚੁੱਕਿਆ ਸੀ ਕਿ ਪਿਆਰ ਤੇ ਨਿਮਰਤਾ ਨਾਲ ਸਿੱਖਾਂ ਨੂੰ ਜਿੱਤਿਆ ਜਾ ਸਕਦਾ ਹੈ ਪਰ ਸਖ਼ਤੀ ਨਾਲ ਇਹ ਵਧੇਰੇ ਗੁੱਸੇ ਤੇ ਜਲਾਲ ਵਿਚ ਆਉਂਦੇ ਹਨ। ਲੋਕ ਤਾਂ ਮਰਨ ਤੋਂ ਡਰਦੇ ਹਨ ਪਰ ਇਹ ਸਿਖ ਤਾਂ ਮੌਤ ਨੂੰ ਵੀ ਮਖ਼ੌਲਾਂ ਕਰਦੇ ਹਨ। ਦਿਲਾਵਰ ਖ਼ਾਂ ਤਾਂ ਭੂੰਡਾਂ ਦੀ ਖੱਖਰ ਨੂੰ ਛੇੜ ਕੇ ਤੁਰ ਜਾਏਗਾ ਤੇ ਇਹਦੇ ਬੀਜੇ ਕੰਡੇ ਮੁੜ ਸਾਨੂੰ ਪੁਟਣੇ ਪੈਣਗੇ। ਦੂਜਾ, ਉਹਨੂੰ ਡਰ ਸੀ ਕਿ ਜ਼ਕਰੀਆ ਖ਼ਾਨ ਨੂੰ ਖ਼ੁਸ਼ ਕਰ ਕੇ ਕਿਧਰੇ ਇਹ ਪੱਕਾ ਹੀ ਦੁਆਬੇ ਦਾ ਹੁਕਮਰਾਨ ਨਾ ਬਣ ਜਾਏ। ਇਸ ਲਈ ਉਹਦੀ ਇੱਛਾ ਸੀ ਕਿ ਦਿਲਾਵਰ ਖ਼ਾਂ ਫ਼ੇਲ੍ਹ ਹੋ ਕੇ ਮੁੜੇ ਤੇ ਇਹਨੂੰ ਏਥੇ ਪੈਰ ਟਿਕਾਣੇ ਨਾ ਮਿਲਣ। ਅਖ਼ੀਰ ਉਹਨੇ ਇਕ ਦੋ ਭਰੋਸੇ ਵਾਲੇ ਬੰਦਿਆਂ ਨਾਲ ਗੱਲ ਕਰ ਕੇ ਦਿਲਾਵਰ ਖ਼ਾਂ ਦੀ ਸਾਰੀ ਵਿਉਂਤ ਕਰਮ ਸਿੰਘ ਤਕ ਪਹੁੰਚਾਣ ਦਾ ਫ਼ੈਸਲਾ ਕਰ ਲਿਆ ਤੇ ਜਿਹੜੇ ਬੰਦੇ ਕਰਤਾਰਪੁਰ ਭੇਜੇ, ਉਨ੍ਹਾਂ ਰਾਹੀਂ ਇਹ ਵੀ ਸੂਚਿਤ ਕਰ ਦਿੱਤਾ ਕਿ ਕਰਤਾਰਪੁਰ ਵੱਲ ਵੀ ਦਿਲਾਵਰ ਖ਼ਾਂ ਛੇਤੀ ਆਏਗਾ।

67

"ਪਤਾ ਨਹੀਂ ਵਾਹਿਗੁਰੂ ਨੂੰ ਕੀ ਮਨਜ਼ੂਰ ਏ," ਦੀਪੋ ਨੇ ਹਉਕਾ ਲੈ ਕੇ ਆਖਿਆ, "ਜਦ ਵੀ ਘਰ ਵਿਚ ਕੋਈ ਖ਼ੁਸ਼ੀ ਦਾ ਸਮਾਂ ਆਉਂਦਾ ਏ ਤਾਂ ਨਾਲ ਹੀ ਔਖੇ ਦਿਨ ਵੀ ਆ ਜਾਂਦੇ ਨੇ। ਆਪਣੇ ਵਿਆਹ ਵੇਲੇ ਵੀ ਇਸੇ ਤਰ੍ਹਾਂ ਹੋਇਆ ਤੇ ਫ਼ਤਹਿ ਸਿੰਘ ਦੇ ਜਨਮ ਸਮੇਂ ਵੀ। ਹੁਣ ਉਹਦੇ ਵਿਆਹ ਲਈ ਸਮਾਂ ਨਿਸਚਿਤ ਕੀਤਾ ਏ ਤਾਂ ਮੁੜ ਨਾਲ ਹੀ ਉਜਾੜਨ ਦੀਆਂ ਗੱਲਾਂ ਚੱਲ ਪਈਆਂ ਨੇ।"

"ਅਕਾਲ ਪੁਰਖ ਜਿਵੇਂ ਰੱਖੇ, ਉਸੇ ਤਰ੍ਹਾਂ ਰਹੀਏ। ਉਹਦਾ ਭਾਣਾ ਮੰਨਣ ਦਾ ਨਾਮ ਤਾਂ ਸਿੱਖੀ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਜੀਵਨ ਵਿਚ ਇਮਤਿਹਾਨ ਦੀਆਂ ਘੜੀਆਂ ਵੀ ਤਾਂ ਆਉਂਦੀਆਂ ਨੇ, ਸਤਿਗੁਰਾਂ ਨੇ ਚਾਰੇ ਪੁੱਤਰ ਸ਼ਹੀਦ ਕਰਵਾ ਕੇ ਵੀ ਪਛਤਾਵਾ ਨਹੀਂ ਕੀਤਾ। ਅਕਾਲ ਪੁਰਖ ਅੱਗੇ ਸ਼ਿਕਾਇਤ ਨਹੀਂ ਕੀਤੀ, ਸਗੋਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ। ਸਾਨੂੰ ਤਾਂ ਅਕਾਲ ਪੁਰਖ ਕਦਮ ਕਦਮ ਤੇ ਫ਼ਤਹਿ ਤੇ ਚੜ੍ਹਦੀ ਕਲਾ ਬਖ਼ਸ਼ ਰਿਹਾ ਏ। ਕੀ ਸਾਂ ਅਸੀਂ, ਇਕ ਸਾਧਾਰਨ ਜਿਹੇ ਘਰ ਦੇ ਬੰਦੇ, ਪਰ ਕੁਦਰਤ ਨੇ ਕਿਤਨਾ ਮਾਣ ਸਤਿਕਾਰ ਬਖ਼ਸ਼ ਦਿੱਤਾ ਏ। ਹੋਰ ਕੀ ਲੈਣਾ ਏ? ਐਵੇਂ ਮਨ ਨਾ ਮੈਲਾ ਕਰ। ਤੂੰ ਤੇ ਬੜੀ ਹੀ ਦਲੇਰ ਔਰਤ ਏਂ। ਤੂੰ ਤੇ ਹਮੇਸ਼ਾਂ ਮੈਨੂੰ ਹੌਸਲਾ ਤੇ ਹੱਲਾਸ਼ੇਰੀ ਦਿੰਦੀ ਹੁੰਦੀ ਸੈਂ।"

"ਮੋਹ ਮਾਇਆ ਦਾ ਜਾਲ ਏ। ਆਪਣੇ ਵਿਆਹ ਵੇਲੇ ਮੈਂ ਵਧੇਰੇ ਹੌਸਲੇ ਵਿਚ ਸਾਂ ਪਰ ਫ਼ਤਹਿ ਸਿੰਘ ਦੇ ਵਿਆਹ ਵੇਲੇ ਮੇਰਾ ਮਨ ਉਦੋਂ ਨਾਲੋਂ ਕਾਫ਼ੀ ਕਮਜ਼ੋਰ ਹੋ ਗਿਆ ਏ," ਦੀਪੋ ਨੇ ਆਪਣੀ ਹਾਲਤ ਤੇ ਅੰਦਰਲਾ ਟਟੋਲਣ ਪਿੱਛੋਂ ਉੱਤਰ ਦਿੱਤਾ, "ਪਤਾ ਨਹੀਂ ਕਿਉਂ ਮੈਨੂੰ ਘਰ ਆਉਣ ਵਾਲੀ ਨੂੰਹ ਰਾਣੀ ਦਾ ਖ਼ਿਆਲ ਆ ਰਿਹਾ ਹੈ। ਸੁੰਦਰਾਂ ਪਤਾ ਨਹੀਂ ਕੀ ਸੋਚਦੀ ਹੋਵੇਗੀ। ਉਹਦਾ ਵਿਆਹ ਧਰਿਆ ਏ ਤੇ ਉਧਰੋਂ ਹਕੂਮਤ ਵੱਲੋਂ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਣ ਦੇ ਯਤਨ ਹੋ ਰਹੇ ਨੇ। ਅਸੀਂ ਤਾਂ ਸਹੀਂਦੜ ਹੋ ਗਏ ਹਾਂ। ਉਹਨੇ ਅਜੇ ਦੁਨੀਆਂ ਦਾ ਕੀ ਦੇਖਿਆ ਏ। ਮੈਂ ਆਪ ਔਰਤ ਹਾਂ, ਇਸ ਲਈ ਜਾਣਦੀ ਹਾਂ ਕਿ ਜਦ ਕਿਸੇ ਮੁਟਿਆਰ ਦੇ ਵਿਆਹ ਦੀਆਂ ਘਰ ਵਿਚ ਗੱਲਾਂ ਚੱਲਣ ਜਾਂ ਤਿਆਰੀ ਹੋ ਰਹੀ ਹੋਵੇ

ਤਾਂ ਉਸ ਸਮੇਂ ਉਹਦੇ ਜਜ਼ਬਾਤ ਤੇ ਭਵਿੱਖ ਦੇ ਸੁਪਨੇ ਕਿਸ ਤਰ੍ਹਾਂ ਦੇ ਹੁੰਦੇ ਹਨ।"

"ਉਖਲੀ ਵਿਚ ਸਿਰ ਦਿੱਤਾ ਤਾਂ ਮੂੰਗਲੀਆਂ ਦਾ ਕੀ ਡਰ?" ਜਥੇਦਾਰ ਨੇ ਸਮਝਾਇਆ, "ਜਦ ਪੰਥ ਨੇ ਲਾਹੌਰ ਦੀ ਹਕੂਮਤ ਦੀ ਆਰਥਕ ਨਾਕਾਬੰਦੀ ਦਾ ਫ਼ੈਸਲਾ ਕੀਤਾ ਸੀ ਤਾਂ ਉਸ ਸਮੇਂ ਪਤਾ ਹੀ ਸੀ ਕਿ ਅੱਗੋਂ ਕੀ ਉੱਤਰ ਮਿਲੇਗਾ। ਹਕੂਮਤ ਭਾਵੇਂ ਕਿਤਨੀ ਵੀ ਕਮਜ਼ੋਰ ਹੋਵੇ, ਹਾਕਮ ਭਾਵੇਂ ਅੰਦਰੋਂ ਕਿਤਨਾ ਵੀ ਖੋਖਲਾ ਹੋਵੇ, ਉਹ ਅਜਿਹੇ ਵਿਦਰੋਹ ਨੂੰ ਕੁਚਲਣ ਦਾ ਯਤਨ ਕਰਦਾ ਹੈ। ਸੁਭਾਵਕ ਹੈ ਕਿ ਜਦ ਅਸੀਂ ਲਾਹੌਰ ਜਾਂਦਾ ਖ਼ਜ਼ਾਨਾ ਥਾਂ ਥਾਂ ਲੁੱਟ ਰਹੇ ਹਾਂ ਤਾਂ ਮੁਗ਼ਲ ਸਾਨੂੰ ਖ਼ਤਮ ਕਰਨ ਦਾ ਯਤਨ ਕਰਨਗੇ।"

"ਇਹ ਤਾਂ ਮੈਂ ਵੀ ਸਮਝਦੀ ਹਾਂ ਪਰ ਮੇਰੇ ਮਨ ਵਿਚ ਇਹ ਆਇਆ ਸੀ ਕਿ ਵਿਆਹ ਸੁੱਖ-ਸਾਂਦ ਨਾਲ ਹੋ ਜਾਏ ਤੇ ਫਿਰ ਭਾਵੇਂ ਘਰ-ਬਾਰ ਛੱਡਣਾ ਪਏ," ਦੀਪੋ ਬੋਲੀ।

"ਇਹ ਤਾਂ ਖ਼ੁਦਗਰਜ਼ਾਂ ਵਾਲੀ ਸੋਚ ਹੋਈ," ਜਥੇਦਾਰ ਕਰਮ ਸਿੰਘ ਮੁਸਕਰਾਇਆ, "ਫਿਰ ਕਹਾਂਗੇ ਕਿ ਹੁਣ ਫ਼ਤਹਿ ਸਿੰਘ ਦੇ ਘਰ ਬਾਲ ਹੋ ਜਾਏ। ਅਸੀਂ ਕੁਲ ਵਧਦੀ ਦੇਖ ਕੇ ਮਰੀਏ। ਜਦੋਂ ਉਹ ਵੇਲਾ ਆਏਗਾ, ਫਿਰ ਚਾਹਵਾਂਗੇ ਕਿ ਪੋਤਰੇ ਪੋਤਰੀਆਂ ਵਿਆਹ ਲਈਏ। ਇਹ ਤਾਂ ਮਨੁੱਖ ਦੀ ਜੀਵਨ ਅਭਿਲਾਸ਼ਾ ਦੀ ਤੰਦ ਕਦੇ ਮੁੱਕਦੀ ਹੀ ਨਹੀਂ। ਮਨੁੱਖ ਆਪਣੇ ਦੁਆਲੇ ਖ਼ਾਹਿਸ਼ਾਂ ਦਾ ਜਾਲ ਹਮੇਸ਼ਾਂ ਤਾਣੀ ਰੱਖਦਾ ਏ। ਮੈਂ ਇਹਨੂੰ ਗ਼ੈਰ-ਕੁਦਰਤੀ ਨਹੀਂ ਕਹਿੰਦਾ।"

"ਚੱਲੋ ਛੱਡੋ ਇਨ੍ਹਾਂ ਗੱਲਾਂ ਨੂੰ, ਇਹ ਸੁਣਦਿਆਂ ਤਾਂ ਕਈ ਸਾਲ ਹੋ ਗਏ ਨੇ," ਦੀਪੋ ਨੇ ਗੱਲ ਦਾ ਰੁਖ਼ ਮੋੜਨ ਦਾ ਯਤਨ ਕਰਦਿਆਂ ਆਖਿਆ, "ਫ਼ੌਜਦਾਰ ਦਾ ਸੁਨੇਹਾ ਸੱਚਾ ਏ ਕਿ ਐਵੇਂ ਧਰਕਾ ਰਿਹਾ ਏ? ਤੁਸੀਂ ਇਸ ਸੰਕਟ ਬਾਰੇ ਕੀ ਸੋਚਦੇ ਹੋ?"

"ਮੈਂ ਸੋਚਦਾ ਹਾਂ ਕਿ ਸਾਰੇ ਪਾਸੇ ਸੁਨੇਹੇ ਭੇਜ ਦੇਈਏ ਕਿ ਸਭ ਸਿਖ ਪਰਵਾਰ ਸੁਰੱਖਿਅਤ ਥਾਵਾਂ 'ਤੇ ਚਲੇ ਜਾਣ," ਜਥੇਦਾਰ ਕਰਮ ਸਿੰਘ ਨੇ ਦੀਪੋ ਦੀ ਰਾਏ ਜਾਣਨ ਲਈ ਆਖਿਆ, "ਅਸੀਂ ਵੀ ਕਰਤਾਰਪੁਰ ਤੋਂ ਜਾਣ ਲਈ ਤਿਆਰ ਰਹੀਏ ਤੇ ਫ਼ਤਹਿ ਸਿੰਘ ਦੇ ਅਨੰਦ ਕਾਰਜ ਪਿੱਛੋਂ ਅਨੰਦਪੁਰ ਚਲੇ ਜਾਈਏ। ਜਥੇ ਵਿਚ ਸ਼ਾਮਲ ਸਿੰਘਾਂ ਨੂੰ ਤਿਆਰ ਕਰ ਕੇ ਦਿਲਾਵਰ ਖ਼ਾਂ ਨਾਲ ਟੱਕਰ ਲਈ ਜਾਏ। ਉਹ ਜ਼ਰੂਰ ਯਤਨ ਕਰੇਗਾ ਕਿ ਜਬਰੀ 'ਕਰ' ਵਸੂਲ ਕੇ ਆਪ ਲਾਹੌਰ ਲੈ ਕੇ ਜਾਏ। ਹਾਕਮ ਵਰਗ ਬੜਾ ਬੇਤਰਸ ਹੁੰਦਾ ਏ। ਇਨ੍ਹਾਂ ਨੇ ਨਾ ਸਾਡਾ ਲਿਹਾਜ਼ ਕਰਨਾ ਏ ਤੇ ਨਾ ਹੀ ਛੋਟੇ ਤੇ ਅਧੀਨ ਹਾਕਮਾਂ ਦਾ। ਅਸੀਂ ਹਰ ਕੀਮਤ 'ਤੇ ਖ਼ਜ਼ਾਨਾ ਲਾਹੌਰ ਜਾਣ ਤੋਂ ਰੋਕਣਾ ਏ।"

ਇਤਨੇ ਵਿਚ ਵਡਭਾਗ ਸਿੰਘ ਹੋਰੀਂ ਵੀ ਆ ਗਏ ਤੇ ਉਨ੍ਹਾਂ ਨੇ ਕਰਮ ਸਿੰਘ ਦੀ ਗੱਲ ਸੁਣ ਕੇ ਆਖਿਆ, "ਮੈਂ ਕਈ ਦਿਨ ਉਡੀਕਦਾ ਰਿਹਾ ਕਿ ਤੁਸੀਂ ਸੱਦੋਗੇ ਪਰ ਤੁਸੀਂ ਨਹੀਂ ਬੁਲਾਇਆ। ਅੱਜ ਮੈਂ ਆਪ ਹੀ ਪਤਾ ਕਰਨ ਆ ਰਿਹਾ ਸਾਂ ਕਿ ਰਾਹ ਵਿਚ ਤੁਹਾਡਾ ਸੁਨੇਹਾ ਵੀ ਪਹੁੰਚ ਗਿਆ।" ਜਥੇਦਾਰ ਕਰਮ ਸਿੰਘ ਨੇ ਪਿਆਰ ਤੇ ਸਤਿਕਾਰ ਨਾਲ ਬਿਠਾਇਆ। ਭਾਵੇਂ ਵਡਭਾਗ ਸਿੰਘ ਜੀ ਉਨ੍ਹਾਂ ਤੋਂ ਉਮਰ ਵਿਚ ਬਹੁਤ ਛੋਟੇ ਸਨ, ਫ਼ਤਹਿ ਸਿੰਘ ਦੇ ਹਾਣੀ, ਪਰ ਜਥੇਦਾਰ ਕਰਮ ਸਿੰਘ ਦੇ ਮਨ ਵਿਚ ਉਨ੍ਹਾਂ ਲਈ ਬੇਹੱਦ ਸਨੇਹ ਸੀ। ਉਨ੍ਹਾਂ ਨੇ ਆਪਣੇ ਪਰਵਾਰ ਦੀ ਸੋਚ ਹੀ ਬਦਲ ਦਿੱਤੀ ਸੀ ਤੇ ਪੰਥ ਦੀ ਲੋਕ-ਲਹਿਰ ਨਾਲ ਜੋੜਨ ਦਾ ਕੰਮ ਕੀਤਾ ਸੀ।

"ਕਿਸ ਤਰ੍ਹਾਂ ਯਾਦ ਕੀਤਾ ਸੀ?" ਵਡਭਾਗ ਸਿੰਘ ਨੇ ਪੁੱਛਿਆ।

"ਫ਼ਤਹਿ ਸਿੰਘ ਦਾ ਵਿਆਹ ਏ ਪੂਰਨਮਾਸ਼ੀ ਦੇ ਦਿਨ," ਜਥੇਦਾਰ ਕਰਮ ਸਿੰਘ ਨੇ ਦੱਸਿਆ, "ਉਸ ਬਾਰੇ ਸਲਾਹ ਕਰਨੀ ਸੀ। ਇਕ ਤਾਂ ਤੁਸੀਂ ਸਿਆਣੇ ਹੋ, ਠੀਕ ਰਾਏ ਦੇ

ਸਕਦੇ ਹੋ। ਦੂਜਾ ਫ਼ਤਹਿ ਸਿੰਘ ਨਾਲ ਤੁਹਾਡਾ ਜੋੜ ਏ, ਖ਼ਾਸ ਮਿੱਤਰਤਾ ਏ।"

"ਤੁਸੀਂ ਵੱਡੇ ਹੋ, ਅਸੀਂ ਕਿਹੜੀਆਂ ਲੱਥੀਆਂ ਪਾਈਆਂ ਨੇ," ਸ. ਵਡਭਾਗ ਸਿੰਘ ਨੇ ਉੱਤਰ ਦਿੱਤਾ, "ਸਾਨੂੰ ਤਾਂ ਇਹ ਦੱਸੋ ਕਿ ਸਾਡੇ ਜ਼ਿੰਮੇ ਕੀ ਸੇਵਾ ਏ। ਅਸੀਂ ਜੋ ਕਰਨ ਜੋਗ ਹਾਂ, ਉਹ ਅਵੱਸ਼ ਕਰਾਂਗੇ। ਮੈਨੂੰ ਦੱਸੋ ਤਿਆਰੀ ਕੀ ਕਰਨੀ ਏ? ਸਾਡਾ ਹਲਵਾਈ ਬਹੁਤ ਸਿਆਣਾ ਏ, ਹਰ ਤਰ੍ਹਾਂ ਦੀ ਮਠਿਆਈ ਬਣਾ ਦੇਵੇਗਾ।"

"ਤੁਹਾਡੇ ਨਾਲ ਸਲਾਹ ਇਹ ਕਰਨੀ ਸੀ ਕਿ ਵਿਆਹ ਦੀ ਮਠਿਆਈ ਹੁਣੇ ਵੰਡ ਦੇਈਏ ਜਾਂ ਅਨੰਦ ਕਾਰਜ ਤੋਂ ਪਿੱਛੋਂ?" ਜਥੇਦਾਰ ਕਰਮ ਸਿੰਘ ਨੇ ਸਲਾਹ ਪੁੱਛੀ, "ਉਧਰੋਂ ਖ਼ਬਰ ਆਈ ਏ ਕਿ ਲਾਹੌਰ ਤੋਂ ਜ਼ਕਰੀਆ ਖ਼ਾਨ ਨੇ ਦਿਲਾਵਰ ਖ਼ਾਂ ਨੂੰ ਦੁਆਬੇ ਵਿਚ ਸਿੱਖਾਂ ਦਾ ਖ਼ਾਤਮਾ ਕਰਨ ਲਈ ਭੇਜਿਆ ਏ, ਉਹਨੇ ਨੂਰ ਮਹਿਲ ਸਾਰੇ ਹਾਕਮ ਵਰਗ ਨੂੰ ਇਕੱਠੇ ਕਰ ਕੇ ਪਿੰਡਾਂ ਵਿਚੋਂ ਸਿੱਖਾਂ ਨੂੰ ਚੁਣ ਚੁਣ ਕੇ ਸ਼ਹੀਦ ਕਰਨ ਲਈ ਫ਼ੌਜੀ ਟੁਕੜੀਆਂ ਭੇਜ ਦਿੱਤੀਆਂ ਹਨ। ਉਹ ਕਿਸੇ ਦਿਨ ਕਰਤਾਰਪੁਰ ਵੀ ਆ ਸਕਦੇ ਨੇ। ਇਸ ਲਈ ਵਿਆਹ ਦਾ ਰੌਲਾ ਪਾਈਏ ਜਾਂ ਚੁੱਪ ਚੁਪੀਤੇ ਅਨੰਦ ਕਾਰਜ ਕਰ ਕੇ ਡੋਲੀ ਘਰ ਲੈ ਆਈਏ?"

"ਇਹ ਤਾਂ ਤੁਸੀਂ ਹੀ ਫ਼ੈਸਲਾ ਕਰਨਾ ਏ," ਸ. ਵਡਭਾਗ ਸਿੰਘ ਨੇ ਉੱਤਰ ਦਿੱਤਾ, "ਮੈਂ ਤਾਂ ਇਹ ਹੀ ਕਹਿ ਸਕਦਾ ਹਾਂ ਕਿ ਐਤਕੀਂ ਵਿਆਹ ਤਕ ਕਰਤਾਰਪੁਰ ਦੀ ਰਾਖੀ ਦੀ ਸੇਵਾ ਮੇਰੇ ਸਪੁਰਦ ਕਰ ਦਿਉ। ਤੁਸੀਂ ਨਿਸਚਿੰਤ ਹੋ ਕੇ ਵਿਆਹ ਭੁਗਤਾਉ। ਆਪਾਂ ਵਿਆਹ ਪਿੱਛੋਂ ਸਾਰੇ ਨਗਰ ਦੀ ਰੋਟੀ ਵੀ ਕਹਿ ਲਵਾਂਗੇ ਤੇ ਮਠਿਆਈ ਵੀ ਵੰਡ ਲਵਾਂਗੇ।"

"ਫ਼ਤਹਿ ਸਿੰਘ ਕਹਿੰਦਾ ਏ ਕਿ ਵਿਆਹ ਪਿੱਛੇ ਪਾ ਦੇਈਏ," ਕਰਮ ਸਿੰਘ ਨੇ ਅਸਲ ਗੱਲ ਵੱਲ ਆਉਂਦਿਆਂ ਕਿਹਾ, "ਉਹ ਕਹਿੰਦਾ ਏ ਕਿ ਪੰਥ 'ਤੇ ਬਿਪਤਾ ਆਈ ਹੋਈ ਏ। ਵੈਰੀ ਥਾਂ ਥਾਂ ਨਿਰਦੋਸ਼ ਲੋਕਾਂ ਦਾ ਕਤਲ ਕਰ ਰਹੇ ਹਨ। ਅਸੀਂ ਸਰਕਾਰੀ ਖ਼ਜ਼ਾਨਾ ਲਾਹੌਰ ਨਾ ਜਾਣ ਦੇਣ ਵਿਚ ਰੁੱਝੇ ਹੋਏ ਹਾਂ। ਜੇ ਕਿਧਰੇ ਵਿਆਹ ਵੱਲ ਧਿਆਨ ਹੋਣ ਕਾਰਨ ਕਿਧਰੇ ਵੀ ਕੋਈ ਕਮਜ਼ੋਰੀ ਆ ਗਈ ਤਾਂ ਉਹ ਮਾੜੀ ਹੋਵੇਗੀ।"

"ਤੁਸੀਂ ਇਹਦੀ ਚਿੰਤਾ ਹੀ ਨਾ ਕਰੋ," ਸ: ਵਡਭਾਗ ਸਿੰਘ ਨੇ ਕਿਹਾ, "ਮੈਨੂੰ ਜੇਕਰ ਕਹਿ ਦਿਉ ਕਿ ਮੈਂ ਜਲੰਧਰ ਪਹੁੰਚਣ ਵਾਲੀ ਮੁਗ਼ਲ ਫ਼ੌਜ ਨੂੰ ਪਹਿਲਾਂ ਹੀ ਰੋਕ ਲਵਾਂ ਤਾਂ ਉਹਨੂੰ ਵਿਆਹ ਤਕ ਹੋਰ ਪਾਸੇ ਉਲਝਾਈ ਰੱਖਾਂਗਾ। ਮੇਰੀ ਤਾਂ ਇਹ ਸਲਾਹ ਹੈ ਕਿ ਸਾਨੂੰ ਉਨ੍ਹਾਂ ਦਾ ਭਰਮ ਵੀ ਦੂਰ ਕਰ ਦੇਣਾ ਚਾਹੀਦਾ ਏ। ਇਸ ਨਾਲ ਦੁਆਬੇ ਦੇ ਲੋਕਾਂ ਨੂੰ ਵੀ ਪਤਾ ਲੱਗ ਜਾਏਗਾ ਕਿ ਦਿਲਾਵਰ ਖ਼ਾਂ ਦੇ ਦੰਦ ਵੀ ਸਿੰਘ ਖੱਟੇ ਕਰ ਸਕਦੇ ਹਨ। ਇਥੋਂ ਦੇ ਸਾਰੇ ਛੋਟੇ ਮੋਟੇ ਹਾਕਮ ਵੀ ਖ਼ੁਸ਼ ਹੋਣਗੇ ਕਿ ਲਾਹੌਰੀ ਫ਼ੌਜ ਦਾ ਮੂੰਹ ਭੱਜ ਗਿਆ ਏ।"

"ਗੱਲ ਤੁਹਾਡੀ ਠੀਕ ਏ," ਜਥੇਦਾਰ ਕਰਮ ਸਿੰਘ ਨੇ ਕਿਹਾ, "ਵਿਆਹ 'ਤੇ ਤੁਸੀਂ ਵੀ ਚੱਲਣਾ ਏ! ਫ਼ਤਹਿ ਸਿੰਘ ਦੇ ਹਾਣੀਆਂ ਨਾਲ ਤਾਂ ਜੰਞ ਸੋਭੇਗੀ।"

"ਸਾਨੂੰ ਵੀ ਫ਼ਤਹਿ ਸਿੰਘ ਦੇ ਵਿਆਹ ਦਾ ਚਾਅ ਏ ਪਰ ਸਮਾਂ ਵੀ ਤਾਂ ਦੇਖਣਾ ਏ। ਵੈਰੀ ਨੂੰ ਸਥਿਤੀ ਦਾ ਅਯੋਗ ਲਾਭ ਵੀ ਤਾਂ ਨਹੀਂ ਉਠਾਣ ਦੇਣਾ ਚਾਹੀਦਾ," ਸ. ਵਡਭਾਗ ਸਿੰਘ ਜੀ ਨੇ ਵਿਚਾਰ ਲਈ ਯੋਜਨਾ ਰੱਖੀ, "ਅਸੀਂ ਨਕੋਦਰ ਤੇ ਸ਼ਾਹਕੋਟ ਵੱਲ ਜਾ ਕੇ ਮੁਗ਼ਲਈ ਫ਼ੌਜੀ ਟੁਕੜੀ ਨੂੰ ਘੇਰਦੇ ਹਾਂ। ਮੌਕਾ ਦੇਖ ਕੇ ਹਮਲਾ ਕਰਾਂਗੇ ਤੇ ਪੂਰਨਮਾਸ਼ੀ ਤਕ ਉਧਰ ਟੱਕਰ ਜਾਰੀ ਰੱਖਾਂਗੇ। ਤੁਸੀਂ ਅਨੰਦਪੁਰ ਤੇ ਬਲਾਚੌਰ, ਰੋਪੜ ਦੇ ਸਿੰਘਾਂ ਨੂੰ ਆਦੇਸ਼ ਦਿਓ ਕਿ ਉਹ ਰਾਹੋਂ ਤੇ ਬੰਗਾ ਵਿਚਕਾਰ ਜੁੱਧ ਕਰਨ। ਲਾਹੌਰ ਨੂੰ ਜਾਂਦੇ ਰਾਹਾਂ 'ਤੇ ਖ਼ਜ਼ਾਨਾ ਸੰਭਾਲਣ ਵਾਲੇ ਆਪਣੇ ਪਹਿਰੇ 'ਤੇ ਪੱਕੇ ਹੋ ਕੇ ਡਟੇ ਰਹਿਣ। ਤੁਸੀਂ ਵਿਆਹ ਤੋਂ ਵਿਹਲੇ ਹੋ ਕੇ ਫਿਰ ਅਗਲੀ ਕਾਰਵਾਈ ਦਾ ਸੋਚ ਲੈਣਾ।" ਇਹ ਵਿਉਂਤ ਸਭ ਨੂੰ ਪਸੰਦ ਆਈ। ਫ਼ਤਹਿ ਸਿੰਘ ਨੂੰ ਵੀ

ਰਾਜ਼ੀ ਕਰ ਲਿਆ ਗਿਆ। ਇਹ ਵੀ ਨਿਸਚਿਤ ਹੋ ਗਿਆ ਕਿ ਜੰਞ ਵਿਚ ਕੁਝ ਕੁ ਚੋਣਵੇਂ ਬਹੁਤ ਨੇੜੇ ਦੇ ਰਿਸ਼ਤੇਦਾਰ ਹੀ ਜਾਣਗੇ ਤੇ ਸ਼ਾਮ ਨੂੰ ਸੁਭਾਨਪੁਰ ਪਹੁੰਚ ਕੇ ਕੇਵਲ ਰਾਤ ਨੂੰ ਲੰਗਰ ਛਕ ਕੇ ਅੰਮ੍ਰਿਤ ਵੇਲੇ ਅਨੰਦ ਕਾਰਜ ਕਰ ਕੇ ਛੇਤੀ ਪਰਤ ਆਉਣਗੇ। ਸਮੇਂ ਦੇ ਰਿਵਾਜ ਅਨੁਸਾਰ ਬਹੁਤੇ ਦਿਨ ਜੰਞ ਨਹੀਂ ਠਹਿਰੇਗੀ। ਉਂਝ ਤਾਂ ਕੁੜਮ ਵੀ ਇਤਨਾ ਸੰਖੇਪ ਪ੍ਰੋਗਰਾਮ ਨਾ ਮੰਨਦੇ ਪਰ ਉਹ ਵੀ ਸਿੰਘ ਸਨ ਤੇ ਸਮੇਂ ਦੀ ਲੋੜ ਤੇ ਖ਼ਤਰਿਆਂ ਦਾ ਉਨ੍ਹਾਂ ਨੂੰ ਵੀ ਅਹਿਸਾਸ ਸੀ। ਉਂਝ ਵੀ ਉਹ ਸਾਦੇ ਸਮਾਗਮਾਂ ਦੇ ਸਮਰਥਕ ਸਨ। ਉਨ੍ਹਾਂ ਦਾ ਵੀ ਫਿਲਵਾਂ ਤਕ ਬਿਆਸਾ ਦੇ ਕੰਢੇ ਪਹਿਰਾ ਸੀ।

ਸਿੰਘਾਂ ਨੂੰ ਵਿਆਹ ਦੀ ਤਿਆਰੀ ਦਾ ਪਤਾ ਲੱਗਾ। ਉਹ ਵੀ ਜੰਞ ਨਾਲ ਜਾਣ ਲਈ ਤਿਆਰ ਸਨ ਪਰ ਜਥੇਦਾਰ ਕਰਮ ਸਿੰਘ ਨੇ ਇਹ ਕਹਿ ਕੇ ਬਹੁਤਿਆਂ ਨੂੰ ਰੋਕ ਦਿੱਤਾ ਕਿ ਪਿੱਛੋਂ ਕਰਤਾਰਪੁਰ ਦੀ ਰਾਖੀ ਕਿਸ ਨੇ ਕਰਨੀ ਏਂ ? ਦਿਲਾਵਰ ਖ਼ਾਂ ਬੜੇ ਜ਼ਾਲਮ ਕਿਸਮ ਦਾ ਬੰਦਾ ਹੈ। ਉਸ ਨੂੰ ਸੂਹ ਲੱਗੀ ਕਿ ਇਸ ਤਰ੍ਹਾਂ ਅਸੀਂ ਵਿਆਹ ਵਿਚ ਰੁੱਝੇ ਹੋਏ ਹਾਂ ਤਾਂ ਉਹਨੇ ਕੁਪੱਤ ਕਰਨ ਤੋਂ ਪਿੱਛੇ ਨਹੀਂ ਹਟਣਾ।

ਇਧਰ ਵਿਆਹ ਦੀ ਤਿਆਰੀ ਹੋ ਰਹੀ ਸੀ ਤੇ ਉਧਰ ਸਿੰਘਾਂ ਦਾ ਇਕ ਜਥਾ ਲੈ ਕੇ ਸ. ਵਡਭਾਗ ਸਿੰਘ ਜੀ ਸ਼ਾਹਕੋਟ ਦੇ ਇਲਾਕੇ ਵੱਲ ਚੱਲ ਪਏ। ਇਹ ਉਨ੍ਹਾਂ ਦਾ ਪਹਿਲਾ ਮੌਕਾ ਸੀ, ਜਦੋਂ ਉਹ ਮੁਗ਼ਲ ਰਾਜ ਦੀਆਂ ਫ਼ੌਜਾਂ ਨਾਲ ਟੱਕਰ ਲੈਣ ਲਈ ਚੱਲੇ ਸਨ। ਜਥੇਦਾਰ ਕਰਮ ਸਿੰਘ ਨੂੰ ਪਤਾ ਸੀ ਕਿ ਸ. ਵਡਭਾਗ ਸਿੰਘ ਜੀ ਬੜੇ ਤਪੱਸਵੀ ਤੇ ਆਤਮਕ ਬਲ ਵਾਲੇ ਮਨੁੱਖ ਹਨ। ਉਨ੍ਹਾਂ ਦੇ ਅੰਮ੍ਰਿਤਧਾਰੀ ਸਜਣ ਨਾਲ ਪਰਵਾਰ ਦੇ ਪ੍ਰਭਾਵ ਹੇਠ ਆਏ ਤੇ ਸ਼ਰਧਾਲੂ ਲੋਕ ਵੀ ਵੱਡੀ ਗਿਣਤੀ ਵਿਚ ਸਿੰਘ ਸਜ ਗਏ ਸਨ ਪਰ ਫਿਰ ਵੀ ਉਨ੍ਹਾਂ ਦੀ ਮਦਦ ਲਈ ਕਿੱਕਰ ਸਿੰਘ ਤੇ ਕਿਸ਼ਨ ਸਿੰਘ ਦੇ ਜਥੇ ਵੀ ਨਾਲ ਭੇਜੇ ਗਏ ਤਾਕਿ ਕਿਸੇ ਸਮੇਂ ਵੀ ਕਿਸੇ ਪੈਂਤੜੇ 'ਤੇ ਮਾਰ ਨਾ ਖਾਧੀ ਜਾਏ।

ਭਾਵੇਂ ਵਿਆਹ ਦੀ ਤਿਆਰੀ ਲਈ ਬਹੁਤਾ ਰੌਲਾ ਰਪਾ ਨਾ ਪਾਇਆ ਗਿਆ ਪਰ ਫਿਰ ਵੀ ਸਾਕ ਸੰਬੰਧੀ ਤੇ ਨੇੜੇ ਦੀਆਂ ਔਰਤਾਂ ਤੇ ਖ਼ਾਸ ਕਰਕੇ ਮੁਟਿਆਰਾਂ ਨੇ ਇਕ ਦੋ ਦਿਨ ਢੋਲਕੀ ਲੈ ਕੇ ਗੀਤ ਗਾ ਲਏ। ਕੁੜੀਆਂ ਨੂੰ ਵਿਆਹ ਆਦਿ ਢੰਗਾਂ 'ਤੇ ਆਪਣੇ ਮਨ ਦੀ ਹਵਾੜ ਕੱਢਣ ਤੇ ਗੀਤ ਗਾਉਣ ਦਾ ਚਾਅ ਹੁੰਦਾ ਏ। ਉਨ੍ਹਾਂ ਨੂੰ ਪਤਾ ਸੀ ਕਿ ਜਥੇਦਾਰ ਕਰਮ ਸਿੰਘ ਇਨ੍ਹਾਂ ਰਸਮਾਂ ਰਿਵਾਜਾਂ ਵਿਚ ਨਿਸਚਾ ਨਹੀਂ ਰੱਖਦਾ, ਪਰ ਉਨ੍ਹਾਂ ਫਿਰ ਵੀ ਗਾਉਣ ਬਿਠਾ ਲਏ। ਇਕ ਦਿਨ ਪਤਾਸੇ ਤੇ ਇਕ ਦਿਨ ਲੱਡੂ ਮੰਗਵਾ ਕੇ ਗਾਉਣ ਪਿੱਛੋਂ ਵੰਡ ਲਏ। ਦੀਪੋ ਨੇ ਦਿਲ ਖੋਲ੍ਹ ਕੇ ਇਸ ਸਮੇਂ ਹਰ ਖ਼ਰਚ ਕੀਤਾ।

68

ਸ. ਵਡਭਾਗ ਸਿੰਘ ਜੀ ਦੀ ਅਗਵਾਈ ਹੇਠ ਖ਼ਾਲਸੇ ਦਾ ਜਥਾ ਸ਼ਾਹਕੋਟ ਨੇੜੇ ਪਹੁੰਚਿਆ ਤਾਂ ਪਤਾ ਲੱਗਾ ਕਿ ਲਾਹੌਰੀ ਫ਼ੌਜ ਦੀ ਟੁਕੜੀ ਦਰਿਆ ਸਤਲੁਜ ਦੇ ਨਾਲ ਨਾਲ ਦੇ ਪਿੰਡਾਂ ਦੇ ਸਿੱਖਾਂ ਨੂੰ ਫੜਨ ਤੇ ਮਾਰਨ ਲਈ ਤੁਲੀ ਹੋਈ ਹੈ। ਜਿਨ੍ਹਾਂ ਪਿੰਡਾਂ ਦੇ ਸਿੱਖਾਂ ਜਾਂ ਉਨ੍ਹਾਂ ਦੇ ਸਮਰਥਕਾਂ ਨੂੰ ਪਤਾ ਪਹਿਲਾਂ ਲੱਗ ਗਿਆ, ਉਹ ਤਾਂ ਤੁਰਤ ਦਰਿਆ ਪਾਰ ਕਰ ਕੇ ਮਾਲਵੇ ਵੱਲ ਨਿਕਲ ਗਏ। ਕਈ ਪਿੰਡਾਂ ਦੇ ਸਿੰਘਾਂ ਤੇ ਦੂਜੇ ਵਸਨੀਕਾਂ ਨੇ ਡਟ ਕੇ ਟਾਕਰਾ ਕਰਨ ਤੇ ਪਿੰਡ ਛੱਡ ਕੇ ਨਾ ਜਾਣ ਦਾ ਫ਼ੈਸਲਾ ਕਰ ਲਿਆ। ਅਜਿਹਾ ਹੀ ਇਕ

ਪਿੰਡ ਨਿੱਕਾਪੁਰ ਸੀ। ਉਥੋਂ ਦੇ ਵਸਨੀਕਾਂ ਨੂੰ ਕਿਧਰੋਂ ਸੂਹ ਲੱਗੀ ਕਿ ਸਿੰਘਾਂ ਦਾ ਜਥਾ ਇਲਾਕੇ ਵਿਚ ਆਇਆ ਹੋਇਆ ਹੈ। ਉਨ੍ਹਾਂ ਤੁਰਤ ਤੇਜ਼ ਘੋੜ ਸਵਾਰ ਭੇਜ ਕੇ ਬੇਨਤੀ ਕੀਤੀ ਕਿ ਉਨ੍ਹਾਂ ਦੀ ਮਦਦ ਕੀਤੀ ਜਾਏ। ਉਹ ਪਿੰਡ ਛੱਡ ਕੇ ਵੀ ਨਹੀਂ ਭੱਜਣਾ ਚਾਹੁੰਦੇ ਤੇ ਨਾ ਹੀ ਇਕੱਲੇ ਫ਼ੌਜ ਦਾ ਟਾਕਰਾ ਕਰਨ ਦੇ ਸਮਰੱਥ ਹਨ।

ਸਿੰਘਾਂ ਦੇ ਜਥੇ ਦੇ ਜਥੇਦਾਰ ਸ. ਵਡਭਾਗ ਸਿੰਘ ਤੇ ਕਿੱਕਰ ਸਿੰਘ ਨੇ ਸਲਾਹ ਕੀਤੀ ਤੇ ਇਹਨੂੰ ਵਧੀਆ ਅਵਸਰ ਸਮਝਿਆ। ਯੁੱਧ ਲਈ ਇਹ ਇਕ ਵਧੀਆ ਟਿਕਾਣਾ ਸੀ। ਇਕ ਪਾਸੇ ਦਰਿਆ, ਦੂਜੇ ਪਾਸੇ ਪਿੰਡ ਤੇ ਮੁਗ਼ਲ ਫ਼ੌਜ ਦੇ ਇਧਰ ਆਉਣ ਲਈ ਕੇਵਲ ਇਕ ਪਾਸਾ ਹੀ ਬਚਦਾ ਸੀ। ਦੂਜਾ, ਇਹ ਪਹਿਲਾ ਮੌਕਾ ਸੀ ਜਦੋਂ ਪਿੰਡ ਦੀ ਸਾਰੀ ਵੱਸੋਂ, ਜਿਸ ਵਿਚ ਸਿਖ, ਹਿੰਦੂ ਤੇ ਮੁਸਲਮਾਨ ਸਭ ਸਨ, ਇਕ-ਮੁੱਠ ਸੀ ਤੇ ਉਹ ਕਿਸੇ ਵੀ ਬਾਹਰਲੇ ਹਮਲੇ ਦਾ ਮੁਕਾਬਲਾ ਕਰਨ ਲਈ ਤਿਆਰ ਸਨ। ਮੁਸਲਮਾਨਾਂ ਦੀ ਵੱਸੋਂ ਬਹੁਤੀ ਪਠਾਣਾਂ ਦੀ ਸੀ। ਇਹ ਪਠਾਣ ਜਦੋਂ ਵੀ ਬਾਹਰਲੀ ਫ਼ੌਜ ਨਾਲ ਪੰਜਾਬ 'ਤੇ ਹਮਲਾ ਕਰ ਕੇ ਆਏ, ਇਸ ਧਰਤੀ 'ਤੇ ਹਮੇਸ਼ਾਂ ਲਈ ਟਿਕ ਗਏ, ਇਥੋਂ ਦੇ ਪੱਕੇ ਵਸਨੀਕ ਬਣ ਗਏ। ਇਲਾਕੇ ਵਿਚ ਅਨੇਕਾਂ ਪਿੰਡਾਂ ਦੇ ਮਾਲਕ ਬਣ ਗਏ। ਪਿੰਡਾਂ ਦੇ ਨਾਮ ਉਨ੍ਹਾਂ ਦੇ ਨਾਵਾਂ 'ਤੇ ਰੱਖ ਦਿੱਤੇ ਗਏ। ਕਈ ਪਿੰਡ ਉਨ੍ਹਾਂ ਆ ਕੇ ਨਵੇਂ ਵਸਾ ਲਏ। ਨੂਰ ਮਹਿਲ ਦੇ ਨੇੜੇ ਬਾਦਲ ਖ਼ਾਂ ਪਠਾਣ ਨੇ ਬੜਾ ਵੱਡਾ ਪਿੰਡ ਕੋਟ ਬਾਦਲ ਖ਼ਾਂ ਵਸਾ ਲਿਆ। ਉਹਦੇ ਦੂਜੇ ਭਰਾ ਨਿੱਕਾ ਖ਼ਾਨ ਨੇ ਦਰਿਆ ਕੰਢੇ ਮਹਿਤਪੁਰ ਨੇੜੇ ਪਿੰਡ ਨਿੱਕਾਪੁਰ ਆ ਆਬਾਦ ਕੀਤਾ। ਹੁਣ ਨਿੱਕਾ ਖ਼ਾਨ ਤਾਂ ਮਰ ਗਿਆ, ਪਰ ਉਹਦੀ ਸੰਤਾਨ ਪੂਰੀ ਤਰ੍ਹਾਂ ਇਥੋਂ ਦੀ ਜੰਮਪਲ ਹੋਣ ਕਾਰਨ ਪੰਜਾਬੀ ਹੀ ਬਣ ਚੁੱਕੀ ਸੀ।

ਮਹਿਤਪੁਰ ਦੇ ਚੌਧਰੀ ਦਾ ਸੁਨੇਹਾ ਆ ਚੁੱਕਿਆ ਸੀ ਕਿ ਨਿੱਕਾਪੁਰ ਦਾ ਬਣਦਾ 'ਕਰ' ਇਕੱਠਾ ਕਰ ਕੇ ਤੁਰਤ ਮਹਿਤਪੁਰ ਪਹੁੰਚਾਇਆ ਜਾਏ ਤੇ ਜੇਕਰ ਨਿਸਚਿਤ ਸਮੇਂ ਤਕ ਰਕਮ ਨਾ ਪਹੁੰਚੀ ਤਾਂ ਲਾਹੌਰ ਤੋਂ ਆਈ ਹਕੂਮਤ ਦੀ ਫ਼ੌਜ ਜਬਰੀ ਵਸੂਲੀ ਲਈ ਆ ਰਹੀ ਏ। ਪਿੰਡ ਦੇ ਲੋਕਾਂ ਨੇ ਇਕੱਠ ਕਰ ਕੇ ਸੁਨੇਹਾ ਭੇਜ ਦਿੱਤਾ ਕਿ ਇਕ ਵਾਰ ਉਹ 'ਕਰ' ਦੇ ਚੁੱਕੇ ਹਨ ਤੇ ਇਸੇ ਸਾਲ ਦੂਜੀ ਵਾਰ ਨਹੀਂ ਦੇ ਸਕਦੇ। ਉਨ੍ਹਾਂ ਦੀ ਐਤਕੀਂ ਫ਼ਸਲ ਦਰਿਆ ਦੇ ਹੜ੍ਹ ਕਾਰਨ ਮਾਰੀ ਗਈ ਏ, ਇਸ ਲਈ ਉਨ੍ਹਾਂ ਦੀ ਹਾਲਤ ਦੂਜੀ ਵਾਰ 'ਕਰ' ਦੇਣ ਦੀ ਆਗਿਆ ਨਹੀਂ ਦਿੰਦੀ। ਇਸ ਸਥਿਤੀ ਤੋਂ ਉਨ੍ਹਾਂ ਅਨੁਮਾਨ ਲਾ ਲਿਆ ਸੀ ਕਿ ਫ਼ੌਜ ਅਵੱਸ਼ ਉਨ੍ਹਾਂ ਦੇ ਪਿੰਡ ਆਏਗੀ ਤੇ ਉਨ੍ਹਾਂ ਵਿਰੁੱਧ ਸਖ਼ਤੀ ਕਰੇਗੀ। ਇਸੇ ਲਈ ਉਨ੍ਹਾਂ ਸਿੰਘਾਂ ਨੂੰ ਬੁਲਾ ਲਿਆ ਸੀ।

ਸਿੰਘਾਂ ਨੇ ਸਤਲੁਜ ਦਰਿਆ ਦੇ ਕੰਢੇ ਜਾ ਡੇਰੇ ਲਾ ਲਏ। ਉਹ ਥਾਂ ਵਧੀਆ ਸੀ। ਦਰਿਆ ਦਾ ਕੰਢਾ ਇਸ਼ਨਾਨ ਪਾਣੀ ਤੇ ਹੋਰ ਜਲ ਦੀ ਲੋੜ ਪੂਰੀ ਕਰਨ ਵਾਲਾ ਸੀ। ਉਂਝ ਵੀ ਦਰਿਆ ਦੇ ਕੰਢੇ ਰੁੱਖਾਂ ਦੇ ਝੁੰਡ ਹੇਠ ਡੇਰੇ ਲਾਣੇ ਹਰ ਲਿਹਾਜ਼ ਨਾਲ ਸੁਹਾਵਣੇ ਲੱਗਦੇ ਸਨ। ਪਿੰਡ ਦੇ ਲੋਕਾਂ ਨੇ ਲੰਗਰ ਪਾਣੀ ਦੀ ਸੇਵਾ ਆਪ ਕਰਨ ਦੀ ਪੇਸ਼ਕਸ਼ ਕੀਤੀ, ਪਰ ਸਿੰਘਾਂ ਨੇ ਦੱਸਿਆ ਕਿ ਉਹ ਖਾਣ-ਪੀਣ ਦੀਆਂ ਵਸਤਾਂ ਖ਼ਰੀਦ ਸਕਦੇ ਹਨ ਤੇ ਮੁੱਲ ਦੇ ਕੇ ਹੀ ਲੈਣਗੇ। ਲੰਗਰ ਆਪਣਾ ਵੀ ਆਪ ਹੀ ਤਿਆਰ ਕਰਨਗੇ। ਸਗੋਂ ਸਭ ਨੂੰ ਕਹਿ ਦਿੱਤਾ ਕਿ ਜਦ ਸਿੰਘਾਂ ਦਾ ਲੰਗਰ ਤਿਆਰ ਹੋਵੇਗਾ, ਨਗਾਰੇ 'ਤੇ ਚੋਟ ਮਾਰੀ ਜਾਏਗੀ ਤੇ ਜੋ ਵੀ ਲੰਗਰ ਵਿਚ ਆ ਕੇ ਪ੍ਰਸ਼ਾਦਾ ਛਕਣਾ ਚਾਹੇ, ਉਹ ਛਕ ਸਕਦਾ ਹੈ। ਪਿੰਡ ਵਾਲਿਆਂ ਨੇ ਇਹ ਦ੍ਰਿਸ਼ ਵੀ ਵੇਖਿਆ ਕਿ ਲੰਗਰ ਤਿਆਰ ਹੋਣ 'ਤੇ ਅਰਦਾਸ ਕਰਦਿਆਂ ਇਹ ਸ਼ਬਦ ਆਖੇ ਜਾਂਦੇ ਕਿ 'ਅੰਨ ਦਾਣਾ ਗੁਰੂ ਦਾ ਤੇ ਟਹਿਲ ਸੇਵਾ ਸਿੰਘਾਂ ਦੀ'।

ਦਿਲਾਵਰ ਖ਼ਾਂ ਤੋਂ ਡਰਦਿਆਂ ਮਹਿਤਪੁਰ ਦੇ ਚੌਧਰੀ ਨੇ ਬਾਹਰੋਂ ਉਹਦੀ ਵਫ਼ਾਦਾਰੀ ਪ੍ਰਗਟ ਕੀਤੀ ਸੀ, ਪਰ ਵਿਚੋਂ ਉਹ ਵੀ ਦੁਖੀ ਸੀ ਕਿ ਹੁਣ ਜਬਰੀ 'ਕਰ' ਉਹਦੇ ਤੋਂ ਵੀ ਵਸੂਲਿਆ

ਜਾਏਗਾ ਤੇ ਉਹਨੂੰ ਪਿੰਡਾਂ 'ਤੇ ਜ਼ੁਲਮ ਕਰਨ ਲਈ ਨਾਲ ਤੁਰਨਾ ਪਵੇਗਾ। ਇਸ ਲਈ ਉਹ ਦਿਲੋਂ ਚਾਹੁੰਦਾ ਸੀ ਕਿ ਕੋਈ ਇਸ ਲਾਹੌਰੀ ਫ਼ੌਜ ਦੇ ਦੰਦ ਖੱਟੇ ਕਰੇ। ਉਹ ਸਮਝਦਾ ਸੀ ਕਿ ਸਿੱਖਾਂ ਦੇ ਜਥੇ ਹੀ ਇਸ ਸਮੇਂ ਹਕੂਮਤ ਨਾਲ ਲੋਹਾ ਲੈਣ ਦੇ ਸਮਰੱਥ ਹਨ ਤੇ ਉਹੀ ਫ਼ੌਜ ਦੇ ਅੱਤਿਆਚਾਰਾਂ ਦਾ ਹਿਸਾਬ ਚੁਕਤਾ ਕਰ ਸਕਦੇ ਹਨ। ਤਦੇ ਉਹ ਵੀ ਸਿੱਖਾਂ ਦੀਆਂ ਇਲਾਕੇ ਵਿਚ ਸਰਗਰਮੀਆਂ ਦੀ ਪੂਰੀ ਇਤਲਾਹ ਨਹੀਂ ਸੀ ਦਿੰਦਾ। ਸਾਰੇ ਚੌਧਰੀ ਇਸ ਤਰ੍ਹਾਂ ਨਹੀਂ ਸਨ ਸੋਚਦੇ। ਕੁਝ ਕੁ ਨੂੰ ਧਰਮ ਦਾ ਨਾਮ ਤੇ ਵਾਸਤਾ ਪਾ ਕੇ ਭੜਕਾ ਲਿਆ ਗਿਆ ਸੀ। ਉਹ ਤਾਂ ਇਸਲਾਮ ਦੇ ਨਾਮ 'ਤੇ ਹਰ ਗੱਲ ਵਿਚ ਮਿਲਵਰਤਣ ਕਰਨ ਲਈ ਤਿਆਰ ਹੋ ਜਾਂਦੇ ਸਨ, ਪਰ ਮਹਿਤਪੁਰ ਦਾ ਚੌਧਰੀ ਅਜਿਹਾ ਕੱਟੜ ਕਿਸਮ ਦਾ ਵਿਅਕਤੀ ਨਹੀਂ ਸੀ ਜਿਸ ਦੇ ਖੇਤਰ ਵਿਚ ਨਿੱਕਾਪੁਰ ਨਾਮ ਦਾ ਪਿੰਡ ਪੈਂਦਾ ਸੀ।

ਜਦ ਲਾਹੌਰੀ ਫ਼ੌਜ ਉਹਦੇ ਪਾਸ ਮਹਿਤਪੁਰ ਪਹੁੰਚੀ ਤਾਂ ਉਹਨੇ ਸਾਫ਼ ਕਿਹਾ ਕਿ ਪਿੰਡਾਂ ਦੇ ਲੋਕ ਹੋਰ 'ਕਰ' ਦੇਣ ਤੋਂ ਇਨਕਾਰੀ ਹਨ। ਇਸ ਲਈ ਉਹ ਆਪ ਜਾ ਕੇ ਉਗਰਾਹੀ ਕਰ ਲੈਣ। ਉਹ ਵੱਧ ਤੋਂ ਵੱਧ ਇਹੀ ਕਰ ਸਕਦਾ ਹੈ ਕਿ ਆਪਣੇ ਕੁਝ ਜਵਾਨ ਵੀ ਨਾਲ ਭੇਜ ਦੇਵੇ। ਉਨ੍ਹਾਂ ਪਹਿਲਾਂ ਉਨ੍ਹਾਂ ਪਿੰਡਾਂ ਦੀ ਸੂਚੀ ਮੰਗੀ, ਜਿਨ੍ਹਾਂ ਵਿਚ ਸਿਖ ਰਹਿੰਦੇ ਹਨ। ਉਹਨੇ ਡਰਦੇ ਮਾਰੇ ਉਨ੍ਹਾਂ ਪਿੰਡਾਂ ਦੇ ਨਾਮ ਦੱਸ ਦਿੱਤੇ। ਮਹਿਤਪੁਰ ਦੇ ਨੇੜੇ ਪਿੰਡ ਨਿੱਕਾਪੁਰ ਹੀ ਸੀ, ਇਸ ਲਈ ਹਕੂਮਤ ਦੀ ਫ਼ੌਜੀ ਟੁਕੜੀ ਨਿੱਕਾਪੁਰ ਵੱਲ ਚੱਲ ਪਈ। ਪਿੰਡ ਦੇ ਵਿਚਕਾਰ ਚੌਕ ਵਿਚ ਬੋਹੜ ਦੇ ਉਸ ਵੱਡੇ ਰੁੱਖ ਹੇਠ ਜਾ ਪਹੁੰਚੀ, ਜਿਥੇ ਪਿੰਡ ਦੇ ਬਜ਼ੁਰਗ ਤੇ ਬਾਲ ਦੁਪਹਿਰ ਨੂੰ ਇਕੱਠੇ ਹੁੰਦੇ ਸਨ।

ਪਿੰਡ ਦੇ ਬਹੁਤੇ ਨੌਜਵਾਨ ਪਹਿਲਾਂ ਹੀ ਪਿੰਡ ਤੋਂ ਬਾਹਰ ਖੇਤਾਂ ਵਿਚ ਨਿਸਚਿਤ ਨੀਤੀ ਅਨੁਸਾਰ ਇਕੱਠੇ ਹੋ ਚੁੱਕੇ ਸਨ। ਫ਼ੌਜ ਦੇ ਮੁਖੀਏ ਨੇ ਆਉਂਦਿਆਂ ਕਿਹਾ, "ਕੌਣ ਏ ਬਈ ਤੁਹਾਡਾ ਮੁਖੀਆ ? ਬੁਲਾਓ ਉਹਨੂੰ ? ਨਾਲੇ ਦੱਸੋ ਪਿੰਡ ਵਿਚ ਸਿਖ ਕਿਤਨੇ ਕੁ ਨੇ ?"

ਉਥੇ ਬੈਠੇ ਬਜ਼ੁਰਗ ਨੇ ਬੜੀ ਹਲੀਮੀ ਨਾਲ ਉੱਤਰ ਦਿੱਤਾ, "ਸਿਖ ਹੁਣ ਕੋਈ ਵੀ ਇਥੇ ਨਹੀਂ। ਜਦੋਂ ਦਾ ਹਕੂਮਤ ਦੀ ਕਰੜਾਈ ਦਾ ਪਤਾ ਲੱਗੈ, ਉਹ ਪਿੰਡ ਛੱਡ ਕੇ ਤੁਰ ਗਏ ਹਨ।"

"ਕਿਥੇ ਗਏ ਹਨ ?" ਫ਼ੌਜ ਦੇ ਮੁਖੀਏ ਨੇ ਬੜੇ ਰੋਹਬ ਨਾਲ ਪੁੱਛਿਆ।

"ਸਾਨੂੰ ਕੀ ਪਤਾ ? ਸਾਨੂੰ ਕਿਹੜਾ ਦੱਸ ਕੇ ਜਾਂਦੇ ਨੇ ?" ਬੁੱਢਾ ਬੋਲਿਆ।

"ਉਨ੍ਹਾਂ ਦੇ ਟੱਬਰ ਤਾਂ ਇਥੇ ਹੀ ਹੋਣਗੇ ?" ਮੁਖੀਏ ਨੇ ਕੁਝ ਗੁੱਸੇ ਨਾਲ ਬੋਲਦਿਆਂ ਕਿਹਾ।

"ਨਹੀਂ ਜੀ, ਉਹ ਤਾਂ ਪਰਵਾਰਾਂ ਸਮੇਤ ਹੀ ਜਾਂਦੇ ਨੇ," ਬੁੱਢੇ ਨੇ ਹਲੀਮੀ ਨਾਲ ਅਰਜ਼ ਕੀਤੀ, "ਜ਼ਮੀਨਾਂ ਵੇਚ ਗਏ ਨੇ। ਘਰ ਕੋਠੇ ਵੀ ਦੇ ਗਏ ਨੇ।"

"ਹਕੂਮਤ ਨੂੰ ਪਤਾ ਕਿਉਂ ਨਹੀਂ ਦਿੱਤਾ ?" ਅੱਖਾਂ ਲਾਲ ਕਰਦਿਆਂ ਉਹਨੇ ਅਗਲਾ ਸਵਾਲ ਕੀਤਾ।

"ਅਸੀਂ ਕੌਣ ਹੁੰਦੇ ਹਾਂ ਉਨ੍ਹਾਂ ਨੂੰ ਡੱਕਣ ਵਾਲੇ ? ਉਨ੍ਹਾਂ ਦਾ ਨਾ ਜਾਂਦਿਆਂ ਪਤਾ ਲੱਗਦਾ ਏ, ਨਾ ਆਉਂਦਿਆਂ। ਆਪਣੀ ਮੌਜ ਦੇ ਮਾਲਕ ਨੇ," ਬਜ਼ੁਰਗ ਨੇ ਬੜੀ ਬੇਪ੍ਰਵਾਹੀ ਨਾਲ ਗੱਲ ਕੀਤੀ ਤੇ ਉਨ੍ਹਾਂ ਲਈ ਦੁੱਧ ਪਾਣੀ ਲਿਆਉਣ ਲਈ ਨਾਲ ਦੇ ਬੰਦਿਆਂ ਨੂੰ ਤੋਰ ਦਿੱਤਾ ਤੇ ਫਿਰ ਫ਼ੌਜੀ ਮੁਖੀਏ ਨੂੰ ਕਿਹਾ ਕਿ ਤੁਸੀਂ ਝੱਟ ਆਰਾਮ ਕਰੋ। ਘੋੜਿਆਂ ਤੋਂ ਜਵਾਨਾਂ ਨੂੰ ਉਤਾਰੋ, ਤੁਹਾਡੇ ਪਾਣੀ-ਧਾਣੀ ਪੀਂਦਿਆਂ ਤਕ ਪਿੰਡ ਦੇ ਮੁਖੀ ਵੀ ਆ ਜਾਂਦੇ ਨੇ। ਮੈਂ ਖੇਤਾਂ ਵਿਚੋਂ ਉਨ੍ਹਾਂ ਨੂੰ ਬੁਲਾਉਣ ਲਈ ਨਿਆਣੇ ਭੇਜਦਾ ਹਾਂ।"

"ਨਹੀਂ, ਘੋੜ ਸਵਾਰ ਤੁਹਾਡੇ ਨਾਲ ਜਾਣਗੇ ਤੇ ਜੋ ਨਹੀਂ ਆਏਗਾ, ਉਹਨੂੰ ਬੰਨ੍ਹ ਕੇ ਲਿਆਣਗੇ," ਫ਼ੌਜੀ ਮੁਖੀਏ ਨੇ ਹੁਕਮ ਦਿੱਤਾ।

"ਬੰਦੇ ਤਾਂ ਚਾਰ-ਚੁਫੇਰੇ ਖੇਤਾਂ ਵਿਚ ਹੋਣਗੇ, ਕਿਥੇ ਕਿਥੇ ਘੋੜ ਸਵਾਰ ਭੇਜੋਗੇ," ਬੁੱਢੇ ਦਾ ਉੱਤਰ ਸੀ।

"ਤੁਸੀਂ ਤਿੰਨ ਚਾਰ ਬੰਦੇ ਭੇਜੋ ਤੇ ਮੈਂ ਹਰ ਪਾਸੇ ਘੋੜ ਸਵਾਰ ਨਾਲ ਦਿਆਂਗਾ।"

"ਠੀਕ ਏ ਜੀ," ਬਜ਼ੁਰਗ ਨੇ ਕਿਹਾ, "ਅੰਨ ਪਾਣੀ ਲੈਣ ਗਏ ਮੁੜ ਆਉਣ, ਤਾਂ ਨਾਲ ਜਾਣਗੇ?"

"ਨਹੀਂ, ਇਤਨੀ ਦੇਰ ਉਡੀਕ ਨਹੀਂ ਕੀਤੀ ਜਾ ਸਕਦੀ," ਫ਼ੌਜੀ ਮੁਖੀਆ ਬੋਲਿਆ, "ਅਸੀਂ ਹੁਣ ਤਕ ਮੁੜ ਵੀ ਜਾਣਾ ਸੀ। ਮਹਿਤਪੁਰੋਂ ਚੌਧਰੀ ਨਹੀਂ ਪਹੁੰਚਿਆ। ਉਹਨੇ ਆਉਣ ਵਿਚ ਪਤਾ ਨਹੀਂ ਕਿਉਂ ਢਿੱਲ ਕਰ ਦਿੱਤੀ ਏ।"

ਲਾਹੌਰੀ ਫ਼ੌਜ ਦੀ ਟੁਕੜੀ ਪਿੰਡ ਵਿਚਕਾਰ ਅਜਿਹੇ ਚੁਰਾਹੇ 'ਤੇ ਖੜੀ ਸੀ, ਜਿਥੋਂ ਇਸ ਨੂੰ ਚੁਫੇਰਿਉਂ ਘੇਰ ਲਿਆ ਗਿਆ। ਪਿੰਡ ਦੇ ਚੁਰਾਹੇ ਨੇੜੇ ਘਰਾਂ 'ਤੇ ਉਹ ਜਵਾਨ ਚੜ੍ਹ ਗਏ, ਜਿਨ੍ਹਾਂ ਪਾਸ ਤੀਰ ਕਮਾਨ ਸਨ। ਕੁਝ ਤੀਰ ਕਮਾਨ ਸਿੰਘਾਂ ਨੇ ਵੀ ਇਨ੍ਹਾਂ ਨੂੰ ਦਿੱਤੇ ਹੋਏ ਸਨ। ਦੋ ਪਾਸਿਉਂ ਬੰਦੂਕਾਂ ਵਾਲੇ ਆ ਗਏ। ਦੋ ਪਾਸਿਉਂ ਬਰਛਿਆਂ ਤੇ ਕਿਰਪਾਨਾਂ ਵਾਲਿਆਂ ਨੇ ਹਮਲਾ ਕਰ ਦਿੱਤਾ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਉੱਠਿਆ ਤੇ ਦੁਸ਼ਮਣ ਵਿਚ ਘਬਰਾਹਟ ਮੱਚ ਗਈ। ਉਨ੍ਹਾਂ ਦੇ ਖ਼ਾਬੋ-ਖ਼ਿਆਲ ਵਿਚ ਹੀ ਨਹੀਂ ਸੀ ਕਿ ਇਸ ਸਮੇਂ ਹਮਲਾ ਹੋ ਸਕਦਾ ਹੈ। ਜੈਕਾਰਾ ਦਰਅਸਲ ਸਭ ਪਾਸਿਆਂ ਨੂੰ ਇਹ ਸੂਚਨਾ ਦੇਣ ਲਈ ਸੀ ਕਿ ਉਹ ਕਾਰਵਾਈ ਸ਼ੁਰੂ ਕਰਨ।

ਪਹਿਲਾਂ ਇਕ ਪਾਸੇ ਲਾਹੌਰੀ ਫ਼ੌਜ ਦੇ ਜਵਾਨ ਮੁਕਾਬਲੇ ਲਈ ਤੁਰੇ ਤਾਂ ਉਨ੍ਹਾਂ ਦੇ ਮੁਖੀਏ ਨੇ ਦੂਜੇ ਪਾਸਿਉਂ ਵਧਦੇ ਆ ਰਹੇ ਸਿੰਘਾਂ ਨੂੰ ਰੋਕਣ ਲਈ ਕੁਝ ਬੰਦਿਆਂ ਨੂੰ ਮੋੜਿਆ। ਇਉਂ ਕਦੇ ਆਪਣੇ ਬੰਦਿਆਂ ਨੂੰ ਉਹ ਇਕ ਪਾਸੇ ਕਰਦਾ ਤੇ ਕਦੇ ਦੂਜੇ ਪਾਸੇ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਕਿਸ ਤਰ੍ਹਾਂ ਚਾਰੇ ਪਾਸੇ ਇਕੋ ਜਿਹੀ ਤਾਕਤ ਭੇਜੇ। ਜਦੋਂ ਉਹ ਇਕ ਪਾਸੇ ਟਾਕਰਾ ਕਰ ਰਹੇ ਬੰਦਿਆਂ ਨੂੰ ਪਿੱਛੇ ਹਟ ਕੇ ਦੂਜੇ ਪਾਸੇ ਵੱਲ ਤੋਰਦਾ ਤਾਂ ਉਥੇ ਲੜ ਰਹੇ ਜਵਾਨਾਂ ਵਿਚ ਨਿਰਾਸਤਾ ਤੇ ਗੁੱਸਾ ਆ ਜਾਂਦਾ। ਕੋਈ ਵੀ ਨਹੀਂ ਸੀ ਚਾਹੁੰਦਾ ਕਿ ਉਹਦਾ ਪਾਸਾ ਕਮਜ਼ੋਰ ਹੋਵੇ ਤੇ ਲੜਾਈ ਦੇ ਮੈਦਾਨ ਵਿਚੋਂ ਬੰਦੇ ਪਿੱਛੇ ਖਿਸਕਾ ਲਏ ਜਾਣ।

ਕੋਠੇ 'ਤੇ ਚੜ੍ਹ ਕੇ ਕੰਧ ਦੇ ਉਹਲੇ ਖੜੇ ਪਿੰਡ ਦੇ ਇਕ ਗੱਭਰੂ ਨੇ ਤੀਰ ਕਮਾਨ ਦਾ ਨਿਸ਼ਾਨਾ ਬੰਨ੍ਹ ਕੇ ਫ਼ੌਜੀ ਮੁਖੀਏ ਵੱਲ ਤੀਰ ਛੱਡਿਆ। ਉਹ ਸਿੱਧਾ ਜਾ ਕੇ ਉਹਦੇ ਸਿਰ ਵਿਚ ਵੱਜਾ ਤੇ ਖ਼ੂਨ ਦੀ ਨਾੜੀ ਵਿਚ ਅਜਿਹਾ ਲੱਗਾ ਕਿ ਉਹ ਝੱਟ ਮੌਕੇ 'ਤੇ ਹੀ ਡਿੱਗ ਪਿਆ। ਡਿੱਗਦੇ ਨੂੰ ਦੂਜਾ ਤੀਰ ਵੀ ਵੱਜਾ। ਉਹਨੇ ਆਪਣੇ ਨੇੜੇ ਖੜੇ ਫ਼ੌਜੀ ਨੂੰ ਉਸ ਕੋਠੇ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਇਧਰੋਂ ਤੀਰ ਆਇਆ ਸੀ, ਪਰ ਉਸ ਸਮੇਂ ਕਿਸ ਪਾਸ ਵਿਹਲ ਸੀ ਕਿ ਉਹ ਯੁੱਧ ਵਿਚੋਂ ਨਿਕਲ ਕੇ ਉਸ ਕੋਠੇ ਵੱਲ ਜਾਏ ਤੇ ਆਪਣੀ ਜਾਨ ਨੂੰ ਨਵੇਂ ਖ਼ਤਰੇ ਵਿਚ ਪਾ ਲਵੇ।

ਯੁੱਧ ਇਸ ਪਿੱਛੋਂ ਛੇਤੀ ਖ਼ਤਮ ਹੋ ਗਿਆ। ਆਪਣੇ ਆਗੂ ਮੁਖੀਏ ਦੀ ਮੌਤ ਪਿੱਛੋਂ ਕਿਸ ਨੇ ਲੜਾਈ ਲਈ ਹਦਾਇਤਾਂ ਦੇਣੀਆਂ ਸਨ। ਸ. ਵਡਭਾਗ ਸਿੰਘ ਨੇ ਆਪਣੇ ਸਾਥੀਆਂ ਨੂੰ ਆਦੇਸ਼ ਦਿੱਤਾ ਕਿ ਹੁਣ ਕਿਸੇ ਦਾ ਜਾਨੀ ਨੁਕਸਾਨ ਨਾ ਕਰੋ। ਜੋ ਜਾਨ ਬਚਾ ਕੇ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਰਾਹ ਦੇ ਦਿਉ, ਕਿਉਂਕਿ ਅਸੀਂ ਇਨ੍ਹਾਂ ਨੂੰ ਬੰਦੀ ਬਣਾ ਕੇ ਨਹੀਂ ਰੱਖਣਾ ਚਾਹੁੰਦੇ। ਪਰ ਇਕ ਗੱਲ ਹਰ ਕਿਸੇ ਨੂੰ ਕਹਿ ਦਿਉ ਕਿ ਉਹ ਛੇਤੀ ਦੁਆਬੇ ਤੋਂ ਬਾਹਰ ਨਿਕਲ ਜਾਣ।

ਪਿੰਡ ਨੇ ਯੁੱਧ ਵਿਚ ਮਰੇ ਸਿੰਘਾਂ ਦਾ ਸਸਕਾਰ ਕਰ ਦਿੱਤਾ। ਜੋ ਮੁਸਲਮਾਨ ਮਰ ਗਏ, ਉਨ੍ਹਾਂ ਨੂੰ ਇਸਲਾਮੀ ਤੌਰ ਤਰੀਕੇ ਨਾਲ ਦਫ਼ਨਾਇਆ। ਪਿੰਡ ਦੇ ਇਕੱਠ ਨੇ ਉਸੇ ਦਿਨ ਆਪਣੇ ਪਿੰਡ ਦਾ ਨਾਮ ਨਿੱਕਾਪੁਰ ਤੋਂ ਬਦਲ ਕੇ ਸਿੰਘਪੁਰ ਰੱਖ ਦਿੱਤਾ।

ਫ਼ਤਹਿ ਸਿੰਘ ਦਾ ਵਿਆਹ ਹੋ ਗਿਆ। ਪੂਰਨ ਗੁਰ-ਮਰਯਾਦਾ ਅਨੁਸਾਰ ਅਨੰਦ ਕਾਰਜ ਹੋਇਆ। ਵਿਆਹ ਸਮੇਂ ਬਹੁਤੇ ਸਿਖ ਜਥੇ, ਜੋ ਇਲਾਕੇ ਵਿਚ ਵੱਖ ਵੱਖ ਥਾਂ ਪਹਿਰੇ 'ਤੇ ਸਨ, ਪੂਰੀ ਤਰ੍ਹਾਂ ਸਾਵਧਾਨ ਰਹੇ ਤਾਕਿ ਦੁਸ਼ਮਣ ਆ ਕੇ ਖ਼ੁਸ਼ੀਆਂ ਦੇ ਇਸ ਮੇਲ ਵਿਚ ਵਿਘਨ ਨਾ ਪਾਏ। ਸਭ ਥਾਂ ਜਥਿਆਂ ਨੇ ਮਠਿਆਈਆਂ ਵੰਡੀਆਂ। ਆਪਣੇ ਆਪਣੇ ਟਿਕਾਣੇ ਬੈਠਿਆਂ ਅਨੰਦ ਮਾਣਿਆ। ਸੁਭਾਨਪੁਰ ਵਿਚ ਇਲਾਕੇ ਦੇ ਹਿੰਦੂ ਤੇ ਮੁਸਲਮਾਨ ਵਸਨੀਕਾਂ ਨੇ ਵਿਆਹ ਦੀਆਂ ਤਿਆਰੀਆਂ ਵਿਚ ਹੱਥ ਵੰਡਾਇਆ। ਕਈ ਪਿੰਡਾਂ ਨੇ ਉਸ ਦਿਨ ਦੁੱਧ ਇਕੱਠਾ ਕਰ ਕੇ ਵਲਟੋਹੀਆਂ ਭਰ ਕੇ ਸੁਭਾਨਪੁਰ ਪਹੁੰਚਾਇਆ। ਦਿਆਲਪੁਰੀਆਂ ਨੇ ਤਾਂ ਕਮਾਲ ਹੀ ਕਰ ਦਿੱਤਾ। ਦੋਵੇਂ ਪਾਸੇ ਉਨ੍ਹਾਂ ਦੀ ਰਿਸ਼ਤੇਦਾਰੀ ਸੀ। ਇਧਰੋਂ ਜੰਞ ਪਿੰਡ ਦੇ ਦੋਹਤਰੇ ਦੀ ਸੀ ਤੇ ਉਧਰ ਕੁੜੀ ਵੀ ਪਿੰਡ ਦੀ ਦੋਹਤਰੀ ਸੀ। ਇਸ ਲਈ ਜੰਞ ਜਾਂਦਿਆਂ ਤੇ ਡੋਲੀ ਆਉਂਦਿਆਂ ਦੋਵੇਂ ਵਾਰ ਦਿਆਲਪੁਰ ਰੁਕੀ। ਅਨੋਖਾ ਹੀ ਪ੍ਰੇਮ-ਪਿਆਰ ਤੇ ਪਰਸਪਰ ਸਤਿਕਾਰ ਦਾ ਵਾਤਾਵਰਣ ਸੀ। ਫ਼ਤਹਿ ਸਿੰਘ ਤੇ ਸੁੰਦਰਾਂ ਦੋਹਾਂ ਦੇ ਨਾਨਕਿਆਂ ਨੇ ਮਿਲ ਕੇ 'ਜੀ ਆਇਆਂ' ਆਖਿਆ। ਉਹ ਆਪੇ ਜਾਂਜੀ ਵੀ ਸਨ ਤੇ ਮਾਂਜੀ ਵੀ। ਲੋਕ ਇਕ ਦੂਜੇ ਨੂੰ ਮਿਲਦੇ। ਇਕੋ ਵੇਲੇ 'ਸਤਿ ਸ੍ਰੀ ਅਕਾਲ', 'ਰਾਮ ਰਾਮ' ਤੇ 'ਸਲਾਮਾ ਲੇਕਮ' ਦੀਆਂ ਆਵਾਜ਼ਾਂ ਆ ਰਹੀਆਂ ਸਨ।

ਇਥੇ ਹੀ ਸ. ਵਡਭਾਗ ਸਿੰਘ ਕਰਤਾਰਪੁਰ ਤੋਂ ਹੋ ਕੇ ਦਿਆਲਪੁਰ ਵਿਚ ਜਥੇਦਾਰ ਕਰਮ ਸਿੰਘ ਨੂੰ ਆ ਕੇ ਮਿਲ ਪਏ ਤੇ ਉਨ੍ਹਾਂ ਮਹਿਤਪੁਰ ਦੇ ਨੇੜੇ ਲਾਹੌਰੀ ਫ਼ੌਜ ਨਾਲ ਟੱਕਰ ਤੇ ਖ਼ਾਲਸੇ ਦੀ ਜਿੱਤ ਦੇ ਸਮਾਚਾਰ ਆ ਸੁਣਾਏ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਪਿੰਡ ਦੇ ਲੋਕਾਂ ਨੇ ਸਾਥ ਦਿੱਤਾ ਤੇ ਲਾਹੌਰੀ ਫ਼ੌਜ ਨੂੰ ਪਿੰਡ ਦੇ ਚੁਰਾਹੇ ਵਿਚ ਘੇਰ ਕੇ ਉਨ੍ਹਾਂ ਦਾ ਮੁਖੀਆ ਪਿੰਡ ਦੇ ਜਵਾਨਾਂ ਨੇ ਮਾਰਿਆ ਫਿਰ ਕਿਵੇਂ ਦਿਲ ਛੱਡ ਚੁੱਕੀ ਫ਼ੌਜੀ ਟੁਕੜੀ ਦੇ ਜਵਾਨਾਂ ਹਥਿਆਰ ਸੁੱਟੇ। ਉਨ੍ਹਾਂ ਨੂੰ ਬਚ ਕੇ ਨਿਕਲਣ ਲਈ ਰਾਹ ਦੇ ਦਿੱਤਾ ਤੇ ਉਹ ਬਿਆਸਾ ਟੱਪ ਕੇ ਚਲੇ ਗਏ ਹਨ, ਕਿਸੇ ਪਿੱਛੇ ਮੁੜ ਕੇ ਵੀ ਨਹੀਂ ਦੇਖਿਆ।

ਇਹ ਸੁਣ ਕੇ ਜਥੇਦਾਰ ਕਰਮ ਸਿੰਘ ਨੇ ਸ. ਵਡਭਾਗ ਸਿੰਘ ਦਾ ਧੰਨਵਾਦ ਕੀਤਾ। ਜਿੱਤ ਦੀ ਖ਼ੁਸ਼ੀ ਵਿਚ ਹੱਥ ਜੋੜ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਤੇ ਫਿਰ ਕਿਹਾ, "ਹੋ ਸਕਦਾ ਏ ਦਿਲਾਵਰ ਖ਼ਾਂ ਵੀ ਆਪਣੀ ਹਾਰ ਸੁਣ ਕੇ ਉਧਰ ਚਲਾ ਗਿਆ ਹੋਵੇ। ਸਾਨੂੰ ਉਨ੍ਹਾਂ ਪਿੰਡ ਵਾਸੀਆਂ ਨੂੰ ਇਕੱਲੇ ਨਹੀਂ ਛੱਡਣਾ ਚਾਹੀਦਾ।"

"ਕਿੱਕਰ ਸਿੰਘ ਜਥੇ ਸਮੇਤ ਉਥੇ ਹੀ ਹੈ," ਸ. ਵਡਭਾਗ ਸਿੰਘ ਨੇ ਦੱਸਿਆ, "ਮੈਂ ਉਹਨੂੰ ਕਿਹਾ ਸੀ ਕਿ ਮੈਂ ਉਥੇ ਠਹਿਰਦਾ ਹਾਂ ਤੇ ਤੁਸੀਂ ਜਾ ਕੇ ਨਾਲੇ ਸਮਾਚਾਰ ਦੱਸੋ ਤੇ ਨਾਲੇ ਵਿਆਹ ਦੀਆਂ ਖ਼ੁਸ਼ੀਆਂ ਵਿਚ ਸ਼ਾਮਲ ਹੋਵੋ ਪਰ ਉਹਨੇ ਜ਼ਿਦ ਕੀਤੀ ਕਿ ਉਹ ਠਹਿਰੇਗਾ। ਪਿੰਡ ਵਾਲੇ ਚੜ੍ਹਦੀ ਕਲਾ ਵਿਚ ਹਨ ਤੇ ਉਨ੍ਹਾਂ ਪਿੰਡ ਦਾ ਨਾਮ ਸਿੰਘਪੁਰ ਰੱਖ ਲਿਆ ਏ। ਆਸ ਪਾਸ ਦੇ ਪਿੰਡਾਂ ਵਾਲੇ ਵੀ ਆਪਣੇ ਜਥੇ ਨੂੰ ਸੱਦਣ ਲੱਗ ਪਏ ਨੇ।"

"ਮਹਿਤਪੁਰ ਦੇ ਚੌਧਰੀ ਦਾ ਕੀ ਹਾਲ ਹੈ ? ਉਹ ਕਿਸ ਪਾਸੇ ਸੀ ?" ਜਥੇਦਾਰ ਕਰਮ ਸਿੰਘ ਨੇ ਪੁੱਛਿਆ।

"ਉਹ ਦੋਹਾਂ ਪਾਸੇ ਸੀ," ਸ. ਵਡਭਾਗ ਸਿੰਘ ਨੇ ਮਿੰਟ ਕੁ ਅਟਕ ਕੇ ਦੱਸਿਆ, "ਆਪਣੇ ਬੰਦੇ ਉਸ ਨੇ ਲਾਹੌਰੀ ਫ਼ੌਜ ਨਾਲ ਭੇਜੇ ਸਨ ਤੇ ਆਪ ਪਿੱਛੋਂ ਅਪੜਨ ਲਈ ਕਹਿੰਦਾ ਸੀ ਪਰ ਲਾਹੌਰੀ ਫ਼ੌਜ ਦੀ ਮਦਦ 'ਤੇ ਆਪ ਨਹੀਂ ਆਇਆ। ਉਹਨੇ ਹੀ ਲਾਹੌਰੀ ਫ਼ੌਜ ਨੂੰ ਨਿੱਕਾਪੁਰ

ਵੱਲ ਤੋਰਿਆ ਸੀ ਤੇ ਉਹ ਪਿੰਡ ਨੂੰ ਹੱਲਾਸ਼ੇਰੀ ਵੀ ਦੇ ਰਿਹਾ ਸੀ। ਸਾਡੇ ਵਿਰੁੱਧ ਵੀ ਹੈ, ਪਰ ਉਹਨੇ ਲਾਹੌਰੀ ਫ਼ੌਜ ਨੂੰ ਇਹ ਨਹੀਂ ਦੱਸਿਆ ਕਿ ਇਲਾਕੇ ਵਿਚ ਸਿੰਘਾਂ ਦਾ ਜਥਾ ਵੀ ਆ ਗਿਆ ਏ, ਇਸ ਤੋਂ ਆਪ ਹੀ ਅਨੁਮਾਨ ਲਾ ਲਉ ਕਿ ਉਹ ਕਿਧਰ ਸੀ।"

"ਇਹ ਹਾਕਮ ਲੋਕ ਹਮੇਸ਼ਾਂ ਦੁਬਾਜਰੇ ਹੁੰਦੇ ਨੇ," ਕਰਮ ਸਿੰਘ ਦਾ ਪ੍ਰਭਾਵ ਸੀ, "ਉਹ ਚਾਲਾਕ ਬਣਦੇ ਨੇ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ। ਲੋਕ ਵੀ ਵਿਰੁੱਧ ਨਾ ਹੋਣ ਤੇ ਉਪਰਲੇ ਹਾਕਮ ਵੀ ਖ਼ੁਸ਼ ਰਹਿਣ।"

ਡੋਲੀ ਲੈ ਕੇ ਜੰਞ ਵਾਪਸ ਕਰਤਾਰਪੁਰ ਆ ਗਈ। ਭਾਵੇਂ ਦੀਪੋ ਤੇ ਜਥੇਦਾਰ ਕਰਮ ਸਿੰਘ ਬਹੁਤ ਸਾਰੀਆਂ ਫ਼ਜ਼ੂਲ ਰਸਮਾਂ ਰਿਵਾਜਾਂ ਤੇ ਵਹਿਮਾਂ ਦੇ ਵਿਰੁੱਧ ਸਨ ਪਰ ਨਗਰ ਦੀਆਂ ਸਿਆਣੀਆਂ ਤੇ ਬਜ਼ੁਰਗ ਔਰਤਾਂ ਨੇ ਫਿਰ ਵੀ ਆਪਣੀ ਮਨ ਮਰਜ਼ੀ ਦੀਆਂ ਕਈ ਰਸਮਾਂ ਕਰ ਲਈਆਂ। ਦੀਪੋ ਨੂੰ ਵੀ ਮਜਬੂਰ ਕੀਤਾ ਕਿ ਉਹ ਮੁਹਾਠ ਵਿਚ ਖੜੀ ਕੀਤੀ ਨਵ-ਵਿਆਹੀ ਜੋੜੀ ਤੋਂ ਪਾਣੀ ਵਾਰ ਕੇ ਪੀਵੇ। ਭਾਵੇਂ ਕਰਮ ਸਿੰਘ ਨੇ ਸੁੰਦਰਾਂ ਨੂੰਹ ਨੂੰ ਘੁੰਡ ਕੱਢ ਕੇ ਆਪਣਾ ਸੁੰਦਰ ਮੁਖੜਾ ਛੁਪਾਣ ਦੀ ਆਗਿਆ ਨਹੀਂ ਸੀ ਦਿੱਤੀ ਤੇ ਅਨੰਦ ਕਾਰਜ ਸਮੇਂ ਵੀ ਘੁੰਡ ਕੱਢ ਕੇ ਕੁੜੀ ਨੂੰ ਲਾਵਾਂ 'ਤੇ ਬਿਠਾਣ ਨੂੰ ਗੁਰਮਤਿ ਦੇ ਉਲਟ ਦੱਸਿਆ ਸੀ ਪਰ ਫਿਰ ਵੀ ਕਈ ਔਰਤਾਂ ਨੇ ਸੁੰਦਰਾਂ ਦੀ ਚੁੰਨੀ ਦਾ ਪੱਲਾ ਖਿੱਚ ਕੇ ਨੱਕ ਤਕ ਉਹਦਾ ਚਿਹਰਾ ਢੱਕ ਹੀ ਦਿੱਤਾ। ਅੱਖਾਂ ਤਾਂ ਕੁਦਰਤੀ ਤੌਰ 'ਤੇ ਇਸ ਸਮੇਂ ਨੀਵੀਆਂ ਹੀ ਰਹਿੰਦੀਆਂ ਹਨ ਤੇ ਸ਼ਰਮ ਹਯਾ ਵਾਲੀਆਂ ਮੁਟਿਆਰਾਂ ਇਸ ਸਮੇਂ ਬਿਟ ਬਿਟ ਦੇਖਣ ਦਾ ਹੌਂਸਲਾ ਹੀ ਨਹੀਂ ਕਰ ਸਕਦੀਆਂ। ਸੁੰਦਰਾਂ ਅੱਧ-ਕੱਜੇ ਚਿਹਰੇ ਵਿਚੋਂ ਅਤਿ ਸੁੰਦਰ ਤੇ ਪ੍ਰਭਾਵਸ਼ਾਲੀ ਜਾਪਦੀ ਸੀ। ਜੇਕਰ ਔਰਤ ਦੀਆਂ ਅੱਖਾਂ ਤੇ ਤੱਕਣੀ ਤੋਂ ਉਹਦੇ ਵਿਅਕਤਿਤਵ ਦਾ ਅਨੁਮਾਨ ਲੱਗ ਸਕਦਾ ਹੈ ਤਾਂ ਅੱਧ-ਢੱਕੇ ਚਿਹਰੇ ਵਿਚ ਔਰਤ ਦੇ ਹੋਠਾਂ ਤੇ ਉਨ੍ਹਾਂ ਵਿਚਕਾਰ ਚਿੱਟੇ ਦੰਦਾਂ ਦੀ ਝਲਕ ਵੀ ਉਹਦੇ ਬਾਰੇ ਅਨੁਮਾਨ ਲਾਣ ਵਾਲਿਆਂ ਲਈ ਘੱਟ ਮਹੱਤਵਪੂਰਨ ਨਹੀਂ ਹੁੰਦੀ। ਜਿਹੜਾ ਵੀ ਸੁੰਦਰਾਂ ਦੇ ਅੱਧ-ਕੱਜੇ ਮੂੰਹ ਨੂੰ ਦੇਖਦਾ ਉਹੀ ਉਸ ਦੀ ਤਾਰੀਫ਼ ਕਰਦਾ, ਉਸ ਦੀ ਸ਼ਖ਼ਸੀਅਤ ਬਾਰੇ ਅਨੁਮਾਨ ਲਾਂਦਾ।

ਜਥੇਦਾਰ ਕਰਮ ਸਿੰਘ ਨੇ ਜੰਞ ਨਾਲ ਗਏ ਲੋਕਾਂ ਨੂੰ ਧੰਨਵਾਦ ਕਰਦੇ ਵਿਦਾ ਕੀਤਾ ਤੇ ਜਿਹੜੇ ਵਧਾਈ ਦੇਣ ਘਰ ਆਏ, ਉਨ੍ਹਾਂ ਤੋਂ ਹੱਥ ਜੋੜ ਦੇ ਮੁਬਾਰਕਾਂ ਸਵੀਕਾਰ ਕੀਤੀਆਂ। ਦੀਪੋ ਤਾਂ ਨੂੰਹ ਨੂੰ ਅੰਦਰ ਲਿਜਾ ਕੇ ਔਰਤਾਂ ਦੇ ਝੁਰਮਟ ਵਿਚ ਉਹਦਾ ਮੂੰਹ ਦੇਖਣ, ਗਰਾਹੀਆਂ ਦੇਣ ਵਿਚ ਰੁੱਝ ਗਈ। ਕੁਝ ਮਿੰਟ ਫ਼ਤਹਿ ਸਿੰਘ ਨੂੰ ਸੁੰਦਰਾਂ ਦੇ ਨਾਲ ਹੀ ਬਿਠਾਇਆ ਗਿਆ, ਪਰ ਫਿਰ ਉਹਨੂੰ ਉਠਾ ਦਿੱਤਾ ਗਿਆ ਜਾਂ ਉਹਦੇ ਮਿੱਤਰ ਉਹਨੂੰ ਖਿੱਚ ਕੇ ਬਾਹਰ ਲੈ ਗਏ। ਜਥੇਦਾਰ ਕਰਮ ਸਿੰਘ ਬਾਹਰਲੀ ਹਵੇਲੀ ਵੱਲ ਚਲਾ ਗਿਆ। ਰਸਤੇ ਵਿਚ ਸ. ਵਡਭਾਗ ਸਿੰਘ ਨੇ ਸੁਝਾਅ ਦਿੱਤਾ ਕਿ ਕੁਝ ਦਿਨ ਫ਼ਤਹਿ ਸਿੰਘ ਤੇ ਉਹਦੀ ਪਤਨੀ ਨੂੰ ਉਨ੍ਹਾਂ ਦੇ ਕਿਲ੍ਹੇ ਵਿਚ ਭੇਜ ਦਿੱਤਾ ਜਾਏ। ਉਹ ਵਧੇਰੇ ਸੁਰੱਖਿਅਤ ਤੇ ਇਕਾਂਤ ਥਾਂ ਹੈ। ਉਹ ਇਸ ਗੁਰਮੁਖ ਜੋੜੀ ਦੀ ਸੇਵਾ ਕਰਨਾ ਚਾਹੁੰਦੇ ਹਨ। ਫ਼ਤਹਿ ਸਿੰਘ ਨਾਲ ਦਿਲੋਂ ਸ. ਵਡਭਾਗ ਸਿੰਘ ਦਾ ਬਹੁਤ ਪਿਆਰ ਸੀ ਤੇ ਉਸੇ ਜਜ਼ਬੇ ਅਧੀਨ ਉਨ੍ਹਾਂ ਨੇ ਉੱਪਰ ਦਿੱਤੀ ਪੇਸ਼ਕਸ਼ ਕਰ ਦਿੱਤੀ।

"ਮੈਨੂੰ ਤਾਂ ਕੋਈ ਇਤਰਾਜ਼ ਨਹੀਂ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਇਕ ਤਾਂ ਫ਼ਤਹਿ ਸਿੰਘ ਦੀ ਮਾਂ ਸ਼ਾਇਦ ਨੂੰਹ ਨੂੰ ਆਪਣੇ ਤੋਂ ਵੱਖ ਰੱਖਣਾ ਨਾ ਸਵੀਕਾਰ ਕਰੇ। ਦੂਜਾ ਇਸ ਮਾਮਲੇ ਵਿਚ ਫ਼ਤਹਿ ਸਿੰਘ ਦੀ ਮਰਜ਼ੀ ਵੀ ਚੱਲੇਗੀ। ਤੁਸੀਂ ਉਹਦੇ ਨਾਲ ਸਿੱਧੀ ਗੱਲ ਕਰ ਲਉ, ਪਰ ਜਿਥੋਂ ਤਕ ਸੁਰੱਖਿਅਤ ਥਾਂ ਦਾ ਸੰਬੰਧ ਹੈ, ਉਹ ਤਾਂ ਕਰਤਾਰਪੁਰ ਵਿਚ ਸਭ ਥਾਵਾਂ ਹੀ ਹਨ ਤੇ ਕੋਈ ਵੀ ਨਹੀਂ। ਜਦੋਂ ਤਕ ਤੁਸੀਂ ਪੰਥ ਤੋਂ ਵੱਖਰੇ ਸੀ, ਉਦੋਂ ਤਕ ਹਕੂਮਤ

ਤੁਹਾਡੇ ਵੱਲ ਹੋਰ ਨਜ਼ਰਾਂ ਨਾਲ ਦੇਖਦੀ ਸੀ ਪਰ ਜਦੋਂ ਦੇ ਤੁਸੀਂ ਅੰਮ੍ਰਿਤਧਾਰੀ ਖ਼ਾਲਸੇ ਵਿਚ ਸ਼ਾਮਲ ਹੋ ਗਏ ਹੋ, ਹੁਣ ਹਕੂਮਤ ਦੀਆਂ ਨਜ਼ਰਾਂ ਵਿਚ ਤੁਸੀਂ ਵੀ ਸਾਡੇ ਵਰਗੇ ਹੋ। ਫਿਰ ਜਦ ਸਿੰਘਪੁਰ ਦੀ ਲੜਾਈ ਦੇ ਸਮਾਚਾਰ ਹਕੂਮਤ ਤਕ ਪਹੁੰਚੇ ਤਾਂ ਤੁਸੀਂ ਵੀ ਉਸੇ ਤਰ੍ਹਾਂ ਬਾਗ਼ੀ ਸਮਝੇ ਜਾਓਗੇ। ਹੁਣ ਆਪਾਂ ਇਕੋ ਜਿਹੇ ਹੋ ਗਏ ਹਾਂ।"

ਹਵੇਲੀ ਵਿਚ ਪਹੁੰਚੇ ਤਾਂ ਉਥੇ ਬਹੁਤ ਸਾਰੇ ਸਿੰਘ ਆਏ ਹੋਏ ਸਨ। ਉਥੇ ਹੀ ਇਹ ਵੀ ਸੂਚਨਾ ਪਹੁੰਚ ਗਈ ਕਿ ਰਾਹੋਂ ਨੇੜੇ ਲਾਹੌਰ ਫ਼ੌਜ ਦੀ ਦੂਜੀ ਟੁਕੜੀ ਨਾਲ ਵੀ ਸਿੰਘਾਂ ਦੀ ਟੱਕਰ ਹੋ ਗਈ ਏ ਪਰ ਉਥੇ ਲਾਹੌਰੀ ਫ਼ੌਜ ਦਾ ਜਿਥੇ ਜਾਨੀ ਨੁਕਸਾਨ ਹੋ ਗਿਆ ਏ, ਉਥੇ ਸਿੰਘਾਂ ਦਾ ਇਕ ਜਥਾ ਪੂਰੇ ਦਾ ਪੂਰਾ ਸ਼ਹੀਦ ਹੋ ਗਿਆ ਏ। ਜਿਹੜੇ ਸਿੰਘ ਰਾਹੋਂ ਦੇ ਕਿਲ੍ਹੇ 'ਤੇ ਕਾਬਜ਼ ਸਨ, ਉਨ੍ਹਾਂ ਡਟ ਕੇ ਮੁਕਾਬਲਾ ਕੀਤਾ ਏ ਪਰ ਬਾਹਰੋਂ ਉਨ੍ਹਾਂ ਨੂੰ ਸਮੇਂ ਸਿਰ ਮਦਦ ਨਹੀਂ ਮਿਲ ਸਕੀ। ਬਲਾਚੌਰ ਤੋਂ ਜਥਾ ਸਮੇਂ ਸਿਰ ਉਥੇ ਨਹੀਂ ਪਹੁੰਚ ਸਕਿਆ। ਰਾਹੋਂ ਦੇ ਕਿਲ੍ਹੇ 'ਤੇ ਮੁੜ ਕੇ ਲਾਹੌਰੀ ਫ਼ੌਜ ਕਾਬਜ਼ ਹੋ ਗਈ ਏ ਤੇ ਉਹਨੇ ਇਲਾਕੇ ਵਿਚ ਭੈ ਦਾ ਵਾਤਾਵਰਣ ਪੈਦਾ ਕਰ ਦਿੱਤਾ ਏ।

"ਸਾਨੂੰ ਹੁਣੇ ਰਾਹੋਂ ਵੱਲ ਕੂਚ ਕਰਨਾ ਚਾਹੀਦਾ ਏ," ਜਥੇਦਾਰ ਕਰਮ ਸਿੰਘ ਨੇ ਸਾਰੀ ਵਿਥਿਆ ਸੁਣਨ ਪਿੱਛੋਂ ਤੁਰਤ ਫ਼ੈਸਲਾ ਦੇ ਦਿੱਤਾ, "ਮੈਂ ਆਪ ਇਸ ਮੁਹਿੰਮ 'ਤੇ ਨਾਲ ਜਾਵਾਂਗਾ," ਸ. ਵਡਭਾਗ ਸਿੰਘ ਵੀ ਇਸ ਸਮੇਂ ਨਾਲ ਜਾਣ ਲਈ ਤਿਆਰ ਹੋ ਗਏ ਪਰ ਜਥੇਦਾਰ ਕਰਮ ਸਿੰਘ ਨੇ ਉਨ੍ਹਾਂ ਨੂੰ ਰੋਕ ਦਿੱਤਾ ਤੇ ਸਮਝਾਇਆ, "ਹੁਣ ਕਰਤਾਰਪੁਰ ਦੀ ਰਾਖੀ ਦਾ ਕੰਮ ਤੁਸੀਂ ਕਰਨਾ ਏ। ਦੂਜਾ ਕੰਮ ਤੁਹਾਡੇ ਸਪੁਰਦ ਉਹੀ ਹੈ ਕਿ ਕਿਸੇ ਪਾਸਿਉਂ ਖ਼ਜ਼ਾਨਾ ਲਾਹੌਰ ਨਾ ਪਹੁੰਚ ਪਾਏ। ਸਾਰੇ ਰਸਤਿਆਂ 'ਤੇ ਜਥੇ ਲਾਏ ਹੋਏ ਹਨ, ਤੁਸੀਂ ਉਨ੍ਹਾਂ ਨਾਲ ਸੰਪਰਕ ਰੱਖਣਾ। ਹਾਂ, ਸੱਚੀ ਕਿੱਕਰ ਸਿੰਘ ਦੀ ਵੀ ਖ਼ਬਰ-ਸੁਰਤ ਲੈਂਦੇ ਰਹਿਣਾ। ਜ਼ਖ਼ਮੀ ਸ਼ੇਰ ਬੜਾ ਗੁੱਸੇ ਵਿਚ ਹਮਲਾ ਕਰਦਾ ਏ। ਹੋ ਸਕਦਾ ਹੈ ਕਿ ਹਕੂਮਤ ਆਪਣੀ ਹਾਰ ਤੋਂ ਖਿੱਝ ਕੇ ਕੋਈ ਕਰੜੀ ਕਾਰਵਾਈ ਕਰੇ। ਸਾਡਾ ਕਰਤੱਵ ਹੈ ਕਿ ਖ਼ਾਲਸੇ ਦੀ ਕਿਧਰੇ ਕੰਡ ਨਾ ਲੱਗੇ। ਜਿਹੜੀ ਲੋਕ-ਲਹਿਰ ਉੱਠ ਪਈ ਏ, ਇਹਨੂੰ ਧੱਕਾ ਨਾ ਲੱਗੇ। ਸਾਡਾ ਹਰ ਕਦਮ, ਹਰ ਕਾਰਵਾਈ ਤੇ ਹਰ ਸੋਚਣੀ ਲੋਕਾਂ ਦੀ ਜਿੱਤ ਵਾਲੀ ਹੋਣੀ ਚਾਹੀਦੀ ਏ।"

"ਮੈਂ ਵੀ ਤੁਹਾਡੇ ਨਾਲ ਜਾਵਾਂਗਾ," ਫ਼ਤਹਿ ਸਿੰਘ ਨੇ ਹਵੇਲੀ ਵਿਚ ਪਹੁੰਚ ਕੇ ਸਾਰੀ ਗੱਲ ਸੁਣਨ ਪਿੱਛੋਂ ਆਖਿਆ, "ਮੈਂ ਰਾਹੋਂ ਦੇ ਕਿਲ੍ਹੇ ਦਾ ਮੁੜ ਕੇ ਕਬਜ਼ਾ ਲਵਾਂਗਾ।"

"ਨਹੀਂ, ਤੂੰ ਨਹੀਂ ਜਾ ਸਕਦਾ," ਜਥੇਦਾਰ ਕਰਮ ਸਿੰਘ ਨੇ ਝੱਟ ਆਖਿਆ, "ਤੂੰ ਅਜੇ ਕਰਤਾਰਪੁਰ ਹੀ ਠਹਿਰ ਤੇ ਸ. ਵਡਭਾਗ ਸਿੰਘ ਨਾਲ ਸਹਿਯੋਗ ਕਰ। ਤੁਸੀਂ ਦੋਵੇਂ ਮਿੱਤਰ ਹੋ ਤੇ ਤੁਸੀਂ ਅੱਗੋਂ ਇਕੱਠਿਆਂ ਹੀ ਚੱਲਣਾ ਏ। ਇਹ ਬੜੇ ਨਾਮ ਸਿਮਰਨ ਵਾਲੇ ਮਨੁੱਖ ਨੇ। ਤੂੰ ਇਨ੍ਹਾਂ ਤੋਂ ਆਤਮਕ ਗਿਆਨ ਦੀਆਂ ਗੱਲਾਂ ਸਿੱਖਣੀਆਂ ਹਨ। ਇਨ੍ਹਾਂ ਤੇਰੇ ਤੋਂ ਸਿਖ ਰਵਾਇਤਾਂ ਤੇ ਯੁੱਧ ਦੇ ਉਹ ਪੈਂਤੜੇ ਜਾਣਨੇ ਹਨ, ਜੋ ਤੂੰ ਜਵਾਨ ਹੋਣ ਤਕ ਘਰ ਵਿਚ ਦੇਖਦਾ, ਸੁਣਦਾ ਤੇ ਗ੍ਰਹਿਣ ਕਰਦਾ ਰਿਹਾ ਏਂ।"

ਗੱਲ ਇਥੇ ਹੀ ਖ਼ਤਮ ਹੋ ਗਈ। ਜਥੇਦਾਰ ਕਰਮ ਸਿੰਘ ਨੇ ਆਸੇ ਪਾਸੇ ਦੇ ਸਿੰਘਾਂ ਨੂੰ ਇਕੱਠੇ ਕਰ ਲਿਆ ਤੇ ਰਾਤ ਨੂੰ ਹੀ, ਦਿਨ ਢੁੱਬਣ ਪਿੱਛੋਂ, ਜਥੇ ਨੇ ਅਰਦਾਸ ਕਰ ਕੇ ਉਸੇ ਵੇਲੇ ਚਾਲੇ ਪਾ ਦਿੱਤੇ। ਸ. ਵਡਭਾਗ ਸਿੰਘ ਤੇ ਫ਼ਤਹਿ ਸਿੰਘ ਜਥੇ ਨੂੰ ਛੱਡਣ ਲਈ ਦੂਰ ਤਕ ਨਗਰ ਤੋਂ ਬਾਹਰ ਆਏ ਤੇ ਵਾਪਸੀ 'ਤੇ ਸ. ਵਡਭਾਗ ਸਿੰਘ ਨੇ ਉਹ ਪੇਸ਼ਕਸ਼ ਮੁੜ ਦੁਹਰਾਈ ਕਿ ਉਹ ਕਿਲ੍ਹੇ ਵਿਚ ਆ ਜਾਣ ਤੇ ਇਥੇ ਹੀ ਸੁਹਾਗ ਰਾਤ ਮਨਾਣ, ਪਰ ਫ਼ਤਹਿ ਸਿੰਘ ਨਾ ਮੰਨਿਆ। ਉਹਨੇ ਸਾਫ਼ ਕਿਹਾ ਕਿ ਉਹ ਘਰ ਹੀ ਰਹੇਗਾ, ਪਤਾ ਨਹੀਂ ਕਿਸ ਵੇਲੇ ਤੇ ਕਿਹੜੇ

ਪਾਸਉਂ ਸੱਦਾ ਆ ਜਾਏ। ਜੇ ਲੋੜ ਪਈ ਤਾਂ ਮੈਂ ਸੁਨੇਹਾ ਭੇਜ ਕੇ ਤੁਹਾਨੂੰ ਬੁਲਾ ਲਵਾਂਗਾ ਜਾਂ ਆਪ ਆ ਜਾਵਾਂਗਾ।

ਫ਼ਤਹਿ ਸਿੰਘ ਘਰ ਆਇਆ। ਔਰਤਾਂ ਨੇ ਉਸ ਦੇ ਆਉਣ ਤੋਂ ਪਹਿਲਾਂ ਹੀ ਸੁੰਦਰਾਂ ਨੂੰ ਤਿਆਰ ਕਰ ਕੇ ਉਹਦੇ ਕਮਰੇ ਵਿਚ ਪਹੁੰਚਾ ਦਿੱਤਾ ਸੀ ਤੇ ਉਹਦੇ ਕੋਲ ਬੈਠੀਆਂ ਕਈ ਤਰ੍ਹਾਂ ਦੀਆਂ ਹਾਸੇ ਮਖ਼ੌਲ ਦੀਆਂ ਗੱਲਾਂ ਕਰ ਰਹੀਆਂ ਸਨ। ਜਦ ਹੀ ਉਨ੍ਹਾਂ ਫ਼ਤਹਿ ਸਿੰਘ ਨੂੰ ਡਿਉਢੀ ਵਿਚ ਦੇਖਿਆ, ਇਕ ਇਕ ਕਰ ਕੇ ਸਾਰੀਆਂ ਉੱਠ ਗਈਆਂ। ਕਈਆਂ ਨੇ ਜਾਂਦਿਆਂ ਸੁੰਦਰਾਂ ਦੇ ਕੰਨ ਵਿਚ ਕੁਝ ਆਖਿਆ ਤੇ ਹੱਸ ਕੇ ਉਹਨੂੰ ਚੂੰਢੀ ਵੱਢਦੀਆਂ ਬਾਹਰ ਨਿਕਲ ਗਈਆਂ।

ਸੁੰਦਰਾਂ ਦਿਨੇ ਤਾਂ ਵਧੇਰੇ ਖ਼ੁਸ਼ ਨਜ਼ਰ ਆ ਰਹੀ ਸੀ, ਭਾਵੇਂ ਉਸ ਸਮੇਂ ਸ਼ਰਮ ਨਾਲ ਉਹਦਾ ਚਿਹਰਾ ਵਧੇਰੇ ਲਾਲ ਹੋ ਗਿਆ ਸੀ, ਪਰ ਜਦੋਂ ਦੀ ਉਹਨੇ ਇਹ ਗੱਲ ਸੁਣੀ ਕਿ ਉਹਦੇ ਸਹੁਰਾ ਜੀ ਜਥਾ ਲੈ ਕੇ ਹੁਣੇ ਜਾ ਰਹੇ ਹਨ ਤਾਂ ਉਹਨੂੰ ਵੀ ਚਿੰਤਾ ਹੋਣ ਲੱਗ ਪਈ। ਸ਼ਗਨਾਂ ਦੇ ਇਸ ਸਮੇਂ ਅਜਿਹੀਆਂ ਗੱਲਾਂ ਮਾੜੀਆਂ ਲੱਗਦੀਆਂ ਹਨ। ਉਹਦਾ ਦਿਲ ਧੁੜਕੂ-ਧੁੜਕੂ ਕਰਨ ਲੱਗਾ, ਜਦ ਉਹਨੇ ਸੁਣਿਆ ਕਿ ਫ਼ਤਹਿ ਸਿੰਘ ਵੀ ਹੁਣੇ ਯੁੱਧ ਲਈ ਜਾਣਾ ਚਾਹੁੰਦਾ ਹੈ ਪਰ ਉਹਨੂੰ ਇਸ ਖ਼ਬਰ ਨੇ ਕੁਝ ਸ਼ਾਂਤੀ ਬਖ਼ਸ਼ੀ ਕਿ ਫ਼ਤਹਿ ਸਿੰਘ, ਉਹਦਾ ਸੁਹਾਗ ਅੱਜ ਤੇ ਹੁਣੇ ਯੁੱਧ ਲਈ ਨਹੀਂ ਜਾ ਰਿਹਾ।

70

ਲਾਹੌਰ ਕਿਲ੍ਹੇ ਵਿਚ ਜ਼ਕਰੀਆ ਖ਼ਾਨ ਨੇ ਪੰਜਾਬ ਭਰ ਦੇ ਆਪਣੇ ਅਧੀਨ ਫ਼ੌਜਦਾਰਾਂ, ਕਿਲ੍ਹੇਦਾਰਾਂ ਤੇ ਵੱਡੇ ਵੱਡੇ ਚੌਧਰੀਆਂ ਦੀ ਇਕੱਤਰਤਾ ਬੁਲਾਈ। ਉਹਨੇ ਤੁਰਤ ਲਾਹੌਰ ਪਹੁੰਚਣ ਲਈ ਜੋ ਆਦੇਸ਼ ਦਿੱਤਾ, ਉਸ ਵਿਚ ਸਾਫ਼ ਹੁਕਮ ਦਿੱਤਾ ਕਿ ਉਹ ਆਪਣੇ ਖੇਤਰਾਂ ਵਿਚ ਸਿੱਖਾਂ ਵਿਰੁੱਧ ਕੀਤੀ ਕਾਰਵਾਈ ਦੀ ਸੂਚਨਾ ਵੀ ਇਕੱਤਰ ਕਰ ਕੇ ਲਿਆਉਣ ਤੇ ਇਹ ਵੀ ਦੱਸਣ ਕਿ ਕਈ ਸਾਲਾਂ ਤੋਂ ਉਨ੍ਹਾਂ ਦਾ 'ਕਰ' ਕਿਉਂ ਨਹੀਂ ਪਹੁੰਚਿਆ। ਇਸ ਲਈ ਸਭ ਫ਼ੌਜਦਾਰਾਂ ਤੇ ਕਿਲ੍ਹੇਦਾਰਾਂ ਨੂੰ ਪਤਾ ਸੀ ਕਿ ਉਨ੍ਹਾਂ ਦੀ ਜਵਾਬ-ਤਲਬੀ ਹੋ ਰਹੀ ਏ ਤੇ ਜ਼ਕਰੀਆ ਖ਼ਾਨ ਅਤਿ ਗੁੱਸੇ ਵਿਚ ਹੈ। ਇਸ ਲਈ ਸਭ ਹੀ ਕੁਝ ਨਾ ਕੁਝ ਕਾਰਨ ਢੂੰਡ ਕੇ ਪਹੁੰਚੇ।

ਜਦੋਂ ਕਦੇ ਵੀ ਲਾਹੌਰ ਦਰਬਾਰ ਅਜਿਹਾ ਇਕੱਠ ਬੁਲਾਂਦਾ ਤਾਂ ਸਾਰੇ ਫ਼ੌਜਦਾਰ ਤੇ ਹਾਕਮ ਵਰਗ ਦੇ ਲੋਕ ਬੜੀ ਠਾਠ-ਬਾਠ ਤੇ ਚੜ੍ਹਤ ਨਾਲ ਲਾਹੌਰ ਆਉਂਦੇ। ਹਾਕਮਾਂ ਵਾਲੀ ਹੈਂਕੜ ਤੇ ਰੋਹਬ ਉਨ੍ਹਾਂ ਦੀ ਹਰ ਗੱਲ ਤੇ ਹਰ ਹਰਕਤ ਤੋਂ ਪ੍ਰਗਟ ਹੁੰਦਾ ਸੀ, ਪਰ ਐਤਕੀਂ ਉਹ ਗੱਲ ਨਹੀਂ ਸੀ। ਬਹੁਤੇ ਹਾਕਮ ਕਈ ਸਾਲਾਂ ਤੋਂ 'ਕਰ' ਲਾਹੌਰ ਨਹੀਂ ਸਨ ਪਹੁੰਚਾ ਸਕੇ। ਕਈ ਕਈ ਵਾਰ ਉਨ੍ਹਾਂ ਦਾ ਭੇਜਿਆ ਖ਼ਜ਼ਾਨਾ ਰਾਹ ਵਿਚ ਹੀ ਲੁੱਟਿਆ ਗਿਆ ਸੀ। ਸਿੱਖਾਂ ਦੇ ਮੁਕਾਬਲੇ ਉਹ ਮਾਰ ਖਾ ਚੁੱਕੇ ਸਨ। ਭਾਵੇਂ ਉਨ੍ਹਾਂ ਵੀ ਕਈ ਪਿੰਡਾਂ 'ਚੋਂ ਸਿਖ ਤੇ ਉਨ੍ਹਾਂ ਦੇ ਪਰਵਾਰ ਮਾਰ ਦਿੱਤੇ ਸਨ, ਪਰ ਜਦ ਵੀ ਸਿਖ ਇਕੱਠੇ ਹੋ ਕੇ ਹਮਲਾ ਕਰਦੇ ਤਾਂ ਹਾਕਮ ਵਰਗ ਦੀ ਪੇਸ਼ ਨਾ ਜਾਂਦੀ। ਕਈ ਬੀਮਾਰੀ ਦਾ ਬਹਾਨਾ ਕਰ ਕੇ ਨਾ ਆਏ ਤੇ ਆਪਣੀ ਥਾਂ ਕਿਸੇ ਹੋਰ ਅਧਿਕਾਰੀ ਨੂੰ ਭੇਜ ਦਿੱਤਾ।

ਜ਼ਕਰੀਆ ਖ਼ਾਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਪਿਛਲੇ ਛੇ ਸਾਲਾਂ ਤੋਂ ਸਰਕਾਰੀ ਖ਼ਜ਼ਾਨੇ ਵਿਚ 'ਕਰ' ਨਹੀਂ ਪਹੁੰਚਿਆ। ਹਰ ਵਾਰੀ ਤੁਹਾਡੇ 'ਚੋਂ ਬਹੁਤੇ ਇਹ ਕਹਿ ਕੇ ਬਚ ਨਿਕਲਦੇ ਹਨ ਕਿ ਸਿੱਖਾਂ ਨੇ ਖ਼ਜ਼ਾਨਾ ਲੁੱਟ ਲਿਆ ਹੈ। ਮੈਂ ਪੁੱਛਦਾ ਹਾਂ ਕਿ ਹਾਕਮ

ਤੁਸੀਂ ਹੋ ਜਾਂ ਇਹ ਬਾਗੀ ਸਿਖ ? ਫ਼ੌਜ ਤੁਹਾਡੇ ਪਾਸ ਹੈ, ਮੈਨੂੰ ਜਦ ਵੀ ਤੁਹਾਡੇ ਵਿਚੋਂ ਕਿਸੇ ਦਾ ਸੁਨੇਹਾ ਮਿਲਿਆ, ਮੈਂ ਤੁਰਤ ਤੁਹਾਡੀ ਮਦਦ ਲਈ ਲਾਹੌਰ ਤੋਂ ਫ਼ੌਜ ਭੇਜੀ ਪਰ ਫਿਰ ਵੀ ਲਾਹੌਰ ਤਕ ਤੁਹਾਡਾ ਖ਼ਜ਼ਾਨਾ ਨਹੀਂ ਆਇਆ। ਮੈਂ ਕਿਹੜੇ ਪਾਸੇ ਫ਼ੌਜ ਨਹੀਂ ਭੇਜੀ ? ਦੇਖ ਲਉ, ਦਿਲਾਵਰ ਖ਼ਾਂ ਦੁਆਬੇ ਵਿਚ ਭੇਜਿਆ ਸੀ, ਉਹ ਸ਼ੁਰੂ ਸ਼ੁਰੂ ਵਿਚ ਇਤਲਾਹ ਭੇਜਦਾ ਰਿਹਾ ਕਿ ਉਹ ਸਿੱਖਾਂ ਨੂੰ ਖ਼ਤਮ ਕਰ ਦੇਵੇਗਾ ਤੇ ਦੁਆਬੇ 'ਚੋਂ ਸਰਕਾਰੀ ਖ਼ਜ਼ਾਨਾ ਸੁਰੱਖਿਅਤ ਲਾਹੌਰ ਆਏਗਾ ਪਰ ਇਕ ਵਾਰ ਵੀ ਉਹ ਨਹੀਂ ਭੇਜ ਸਕਿਆ। ਉਲਟਾ ਨਾਲ ਗਈ ਫ਼ੌਜ ਵੀ ਮਾਰ ਖਾ ਕੇ ਮੁੜ ਆਈ ਤੇ ਤਨਖ਼ਾਹਾਂ ਨਾ ਮਿਲਣ ਕਾਰਣ ਫ਼ੌਜੀ ਨੌਕਰੀਆਂ ਛੱਡ ਕੇ ਭੱਜ ਗਏ ਹਨ। ਜੇ ਤੁਸੀਂ ਖ਼ਜ਼ਾਨਾ ਨਹੀਂ ਭਰੋਗੇ ਤਾਂ ਮੈਂ ਫ਼ੌਜ ਨੂੰ ਤਨਖ਼ਾਹਾਂ ਕਿਥੋਂ ਦਿਆਂਗਾ। ਤੁਹਾਨੂੰ ਪਤਾ ਹੈ ਕਿ ਮੈਨੂੰ ਦਿੱਲੀ ਤੋਂ ਕਿਤਨੀ ਵਾਰ ਚਿਤਾਵਨੀ ਆ ਚੁੱਕੀ ਏ ਕਿ ਉਥੇ ਬਣਦਾ ਹਿੱਸਾ ਕਿਉਂ ਨਹੀਂ ਭੇਜਿਆ। ਜੇ ਉਹ ਮੈਨੂੰ ਮਾਫ਼ ਨਹੀਂ ਕਰਨਗੇ ਤਾਂ ਮੈਂ ਤੁਹਾਨੂੰ ਕਿਵੇਂ ਮਾਫ਼ ਕਰ ਸਕਦਾ ਹਾਂ। ਇਹ ਮਾਝੇ ਦੇ ਕਿਤਨੇ ਹੀ ਚੌਧਰੀ ਬੈਠੇ ਨੇ, ਇਹ ਵੀ ਟਾਹਰਾਂ ਮਾਰਦੇ ਸਨ ਕਿ ਉਹ ਦਿਨਾਂ ਵਿਚ ਹੀ ਸਿੱਖਾਂ ਨੂੰ ਮਾਰ ਮੁਕਾ ਦੇਣਗੇ ਤੇ ਇਨ੍ਹਾਂ ਵੀ ਕਈ ਵਾਰ ਸੁਨੇਹੇ ਭੇਜੇ ਹਨ ਕਿ ਹੁਣ ਇਲਾਕੇ ਵਿਚ ਕੋਈ ਟਾਵਾਂ ਟਾਵਾਂ ਹੀ ਸਿਖ ਰਹਿ ਗਿਆ ਏ, ਪਰ ਸਰਕਾਰੀ ਖ਼ਜ਼ਾਨੇ ਦੀਆਂ ਮੋਹਰਾਂ ਤੇ ਅਸ਼ਰਫ਼ੀਆਂ ਇਹ ਵੀ ਨਹੀਂ ਭੇਜ ਪਾਏ। ਮੈਂ ਕੀ ਸਮਝਾਂ ਇਨ੍ਹਾਂ ਦੀਆਂ ਖ਼ਬਰਾਂ ਗਲਤ ਸਨ ਜਾਂ ਇਹ ਜਾਣ ਬੁੱਝ ਕੇ ਖ਼ਜ਼ਾਨਾ ਹੜੱਪ ਕਰਨ ਲਈ ਬਹਾਨੇ ਬਣਾ ਰਹੇ ਹਨ। ਮੈਂ ਕਿਦਾਰ ਬਖ਼ਸ਼ ਨੂੰ ਸਿਆਲਕੋਟ ਤੇ ਪਠਾਨਕੋਟ ਵੱਲ ਭੇਜਿਆ ਸੀ, ਪਰ ਉਹ ਵੀ ਸਫਲ ਨਹੀਂ ਹੋਇਆ, ਮੈਨੂੰ ਦੱਸੋ, ਆਖ਼ਰ ਗੱਲ ਕੀ ਏ ਤੇ ਅਸੀਂ ਕਿਉਂ ਫ਼ੇਲ੍ਹ ਹੋ ਰਹੇ ਹਾਂ ?"

ਬਹੁਤੇ ਸਰਦਾਰ, ਫ਼ੌਜਦਾਰ ਤੇ ਕਿਲ੍ਹੇਦਾਰ ਤਾਂ ਚੁੱਪ ਰਹੇ, ਅੱਖਾਂ ਨੀਵੀਆਂ ਪਾ ਰੱਖੀਆਂ ਸਨ, ਪਰ ਝਬਾਲ ਦਾ ਚੌਧਰੀ ਉੱਠ ਖਲੋਤਾ ਤੇ ਉਹਨੇ ਕਿਹਾ, "ਮੈਂ ਜਨਾਬ ਨੂੰ ਅੱਗੇ ਵੀ ਕਈ ਵਾਰ ਬੇਨਤੀ ਕਰ ਚੁੱਕਿਆ ਹਾਂ ਕਿ ਇਨ੍ਹਾਂ ਨੂੰ ਪਿਆਰ ਨਾਲ ਜਿੱਤਿਆ ਜਾ ਸਕਦਾ ਹੈ। ਹਕੂਮਤ ਦਾ ਧੌਂਸ ਇਨ੍ਹਾਂ ਨੂੰ ਵਧੇਰੇ ਗੁੱਸੇ ਕਰਦਾ ਹੈ, ਦੁਸ਼ਮਣ ਬਣਾਂਦਾ ਹੈ। ਮੈਂ ਜਦ ਵੀ ਇਨ੍ਹਾਂ ਨਾਲ ਗੱਲ-ਬਾਤ ਕਰ ਕੇ ਮਸਲਾ ਨਿਬੇੜਨ ਦੀ ਗੱਲ ਕਰਦਾ ਹਾਂ, ਝੱਟ ਮੇਰੇ ਨਾਲ ਈਰਖਾ ਖਾਣ ਵਾਲੇ ਮੈਨੂੰ ਹਕੂਮਤ ਦਾ ਦੁਸ਼ਮਣ ਤੇ ਇਨ੍ਹਾਂ ਕਾਫ਼ਰਾਂ ਦਾ ਸਾਥੀ ਕਹਿ ਕੇ ਭੰਡਣ ਲੱਗ ਪੈਂਦੇ ਹਨ। ਲਾਹੌਰ ਦਰਬਾਰ ਵੱਲੋਂ ਮੈਨੂੰ ਵੀ ਤਾੜਨਾ ਹੋਣ ਲੱਗ ਪੈਂਦੀ ਏ। ਮੈਂ ਸੱਚਾ ਹਾਂ, ਦੇਸ਼ ਦੇ ਹਿੱਤ ਦੀ ਗੱਲ ਕਰਨ ਤੋਂ ਰਹਿ ਨਹੀਂ ਸਕਦਾ। ਹਕੂਮਤ ਨੂੰ ਕਿਹੜੀ ਗੱਲ ਵਿਚ ਫ਼ਾਇਦਾ ਏ ? ਇਹ ਮੇਰੇ ਸਾਹਮਣੇ ਏ। ਮੈਂ ਫਿਰ ਕਹਿੰਦਾ ਹਾਂ ਕਿ ਤੁਹਾਡੀਆਂ ਸਖ਼ਤੀਆਂ ਕਦੇ ਇਨ੍ਹਾਂ ਨੂੰ ਜਿੱਤ ਨਹੀਂ ਸਕਦੀਆਂ। ਤੁਸੀਂ ਪੰਜਾਹ ਸਾਲ ਲੜ ਕੇ ਦੇਖ ਲਉ। ਇਹ ਸਾਰੇ ਵੀ ਹਕੂਮਤ ਦੇ ਟਾਕਰੇ ਮਰ ਖੱਪ ਜਾਣ ਪਰ ਇਨ੍ਹਾਂ ਦੇ ਪੁੱਤਰਾਂ ਤੇ ਪੋਤਰਿਆਂ ਨੇ ਵੀ ਹਾਰ ਨਹੀਂ ਮੰਨਣੀ। ਇਹ ਕੋਈ ਤੁਹਾਡੇ ਤੋਂ ਰਾਜ ਮੰਗਦੇ ਨੇ ? ਇਨ੍ਹਾਂ ਨੂੰ ਕੁਝ ਨਹੀਂ ਚਾਹੀਦਾ। ਆਪ ਆਜ਼ਾਦ ਜੀਊਣਾ ਚਾਹੁੰਦੇ ਹਨ ਤੇ ਕਿਸੇ ਦੇ ਹੱਕ 'ਤੇ ਛਾਪਾ ਨਹੀਂ ਪੈਣ ਦੇਣਾ ਚਾਹੁੰਦੇ। ਇਨ੍ਹਾਂ ਨਾਲ ਗੱਲ ਕਰ ਕੇ ਤੁਸੀਂ ਪਹਿਲਾਂ ਵਾਂਗ ਹੀ ਸਰਕਾਰ ਚਲਾ ਸਕਦੇ ਹੋ। ਬੰਦਾ ਬਹਾਦਰ ਦੀ ਮੌਤ ਪਿੱਛੋਂ ਜੇ ਹਕੂਮਤ ਨੇ ਕੁਝ ਨਹੀਂ ਕਿਹਾ ਤਾਂ ਇਨ੍ਹਾਂ ਵੀ ਕੋਈ ਉਪੱਦਰ ਖੜਾ ਨਹੀਂ ਕੀਤਾ। ਇਹ ਪਿਆਰ ਦੀ ਬੋਲੀ ਸਮਝਦੇ ਨੇ, ਹੈਂਕੜ ਦੀ ਨਹੀਂ....."

ਅਜੇ ਝਬਾਲ ਦੇ ਚੌਧਰੀ ਨੇ ਆਪਣੀ ਗੱਲ ਖ਼ਤਮ ਵੀ ਨਹੀਂ ਸੀ ਕੀਤੀ ਕਿ ਝੱਟ ਛੀਨਿਆਂ ਦਾ ਚੌਧਰੀ ਕਰਮਾਂ, ਜੰਡਿਆਲੇ ਵਾਲੇ ਸਰਨ ਦਾਸ ਤੇ ਨੁਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਏ ਇਕੱਠੇ ਬੋਲ ਪਏ, "ਸਾਡੇ ਮਾਝੇ ਵਿਚ ਤਾਂ ਅਸੀਂ ਸਿੱਖਾਂ ਨੂੰ ਚੁਣ ਚੁਣ ਕੇ ਖ਼ਤਮ ਕਰ ਰਹੇ ਹਾਂ ਪਰ ਇਹੀ ਚੌਧਰੀ ਉਨ੍ਹਾਂ ਨੂੰ ਪਨਾਹ ਦਿੰਦਾ ਏ, ਉਨ੍ਹਾਂ ਦੀ ਮਦਦ ਕਰਦਾ ਏ। ਇਹ ਤਾਂ ਹਕੂਮਤ

ਦਾ ਗ਼ੱਦਾਰ ਏ।"

"ਮੈਨੂੰ ਪਤਾ ਸੀ ਕਿ ਤੁਹਾਨੂੰ ਮੇਰੀਆਂ ਸੱਚੀਆਂ ਗੱਲਾਂ ਚੁਭਣੀਆਂ ਨੇ," ਚੌਧਰੀ ਭਬਾਲੀਏ ਨੇ ਮੂੰਹ ਤੋੜਵਾਂ ਉੱਤਰ ਦਿੱਤਾ, "ਜੋ ਹਕੂਮਤ ਨੂੰ ਗ਼ਲਤ ਇਤਲਾਹਾਂ ਦਿੰਦੇ ਨੇ, ਉਹ ਅਸਲ ਗ਼ੱਦਾਰ ਨੇ। ਹਕੂਮਤ ਨੂੰ ਠੀਕ ਠੀਕ ਹਾਲਤ ਦੱਸਣੀ ਚਾਹੀਦੀ ਹੈ, ਅੱਗੋਂ ਫ਼ੈਸਲਾ ਕਰਨਾ ਖ਼ਾਨ ਬਹਾਦਰ ਦਾ ਕੰਮ ਏ। ਜੇ ਤੁਸੀਂ ਆਪਣੇ ਇਲਾਕੇ 'ਚੋਂ ਸਿਖ ਚੁਣ ਚੁਣ ਕੇ ਖ਼ਤਮ ਕਰ ਦਿੱਤੇ ਹਨ, ਫਿਰ ਉਹ ਤੁਹਾਡਾ ਖ਼ਜ਼ਾਨਾ ਕਿਥੋਂ ਆ ਕੇ ਲੁੱਟ ਲਿਜਾਂਦੇ ਹਨ। ਮੈਨੂੰ ਪਤਾ ਏ ਕਿ ਤੁਸੀਂ ਮੇਰੇ ਵਿਰੁੱਧ ਸਾਜ਼ਸ਼ਾਂ ਕਰ ਰਹੇ ਹੋ, ਪਰ ਇਲਾਕਾ ਮੇਰੇ ਨਾਲ ਏ। ਮੈਂ ਸੱਚੀ ਗੱਲ ਕਹਿ ਸਕਦਾ ਹਾਂ, ਇਸ ਲਈ ਮੈਨੂੰ ਪ੍ਰਵਾਹ ਨਹੀਂ। ਮੈਨੂੰ ਰਾਏ ਦੇਣ ਦਾ ਹੱਕ ਹੈ। ਅੱਗੋਂ ਜੋ ਫ਼ੈਸਲਾ ਹਕੂਮਤ ਕਰੇਗੀ, ਉਸ 'ਤੇ ਅਮਲ ਹੋਏਗਾ।"

ਜ਼ਕਰੀਆ ਖ਼ਾਨ ਨੂੰ ਪਹਿਲਾਂ ਤਾਂ ਭਬਾਲੀਏ ਚੌਧਰੀ ਦੀ ਗੱਲ ਦਾ ਗੁੱਸਾ ਲੱਗਾ ਤੇ ਉਹ ਝਾੜ ਕੇ ਬਿਠਾਣ ਹੀ ਲੱਗਾ ਸੀ ਪਰ ਫਿਰ ਉਸ ਨੂੰ ਆਪਣੇ ਅੰਦਰੋਂ ਹੀ ਮਹਿਸੂਸ ਹੋਇਆ ਕਿ ਇਹ ਠੀਕ ਆਖਦਾ ਹੈ। ਇਹਦੀ ਹਰ ਇਤਲਾਹ ਠੀਕ ਹੀ ਨਿਕਲਦੀ ਰਹੀ ਏ ਤੇ ਇਸ ਦੇ ਇਲਾਕੇ ਵਿਚ ਕਦੀ ਵੀ ਸਿੱਖਾਂ ਨੇ ਆ ਕੇ ਖ਼ਜ਼ਾਨਾ ਨਹੀਂ ਲੁੱਟਿਆ। ਬਹੁਤੀ ਗੜਬੜ ਉਨ੍ਹਾਂ ਚੌਧਰੀਆਂ ਦੇ ਇਲਾਕੇ ਵਿਚ ਹੀ ਹੁੰਦੀ ਏ ਜੋ ਦਾਅਵਾ ਕਰਦੇ ਨੇ ਕਿ ਸਿੱਖਾਂ ਨੂੰ ਉਹ ਖ਼ਤਮ ਕਰ ਚੁੱਕੇ ਹਨ। ਜਦ ਵੀ ਸੁਨੇਹਾ ਆਉਂਦਾ ਹੈ ਕਿ ਹੁਣ ਸਿਖ ਉਨ੍ਹਾਂ ਦੇ ਪਿੰਡਾਂ ਵਿਚ ਨਹੀਂ ਰਹੇ ਤਾਂ ਦੂਜੇ ਚੌਥੇ ਦਿਨ ਹੀ ਕਿਧਰੇ ਨਾ ਕਿਧਰੇ ਸਿਖ ਆ ਕੇ ਹਕੂਮਤ ਦਾ ਨੁਕਸਾਨ ਕਰ ਜਾਂਦੇ ਹਨ। ਜ਼ਕਰੀਆ ਖ਼ਾਨ ਨੇ ਉਹਨੂੰ ਕਿਹਾ, "ਤੂੰ ਹੀ ਸਿੱਖਾਂ ਨਾਲ ਗੱਲ-ਬਾਤ ਕਰ ਕੇ ਦੇਖ ਲੈ। ਜੇਕਰ ਪਿਆਰ ਨਾਲ ਕਾਬੂ ਕਰ ਸਕਦਾ ਏਂ ਤਾਂ ਇਹ ਤਰੀਕਾ ਵੀ ਅਜ਼ਮਾ ਕੇ ਵੇਖ ਲੈ। ਅਸੀਂ ਤੈਨੂੰ ਹਕੂਮਤ ਵੱਲੋਂ ਖੁੱਲ੍ਹੀ ਛੁੱਟੀ ਦਿੰਦੇ ਹਾਂ।"

"ਮੈਂ ਬਹੁਤ ਛੋਟਾ ਹਾਂ, ਇਹ ਕੰਮ ਤੁਸੀਂ ਲਾਹੌਰ ਦਰਬਾਰ ਵੱਲੋਂ ਹੀ ਕਰ ਸਕਦੇ ਹੋ," ਚੌਧਰੀ ਨੇ ਝੱਟ ਉੱਤਰ ਦਿੱਤਾ, "ਮੇਰੇ 'ਤੇ ਕੌਣ ਇਤਬਾਰ ਕਰੇਗਾ। ਨਾ ਸਿਖ ਹੀ ਮੈਨੂੰ ਕੋਈ ਭਰੋਸੇ ਯੋਗ ਹਾਕਮ ਸਮਝਦੇ ਨੇ ਤੇ ਨਾ ਹੀ ਮੇਰੀ ਉਨ੍ਹਾਂ ਦੇ ਮੁਖੀਆਂ ਤਕ ਕੋਈ ਪਹੁੰਚ ਹੈ। ਇਹ ਜਿਹੜੇ ਮੇਰੇ ਸਾਥੀ ਚੌਧਰੀ ਮੇਰੀ ਗੱਲ ਸੁਣਨ ਲਈ ਤਿਆਰ ਨਹੀਂ, ਇਹ ਵੀ ਸੁਲਹ-ਸਫ਼ਾਈ ਦੀ ਗੱਲ ਵਿਚ ਰੋਕ ਪਾਉਣਗੇ। ਇਸ ਲਈ ਤੁਸੀਂ ਆਪ ਹੀ ਆਪਣੇ ਕਿਸੇ ਖ਼ਾਸ ਭਰੋਸੇ ਵਾਲੇ ਨੂੰ ਇਹ ਕੰਮ ਸੌਂਪੋ। ਫਿਰ ਕੋਈ ਦੂਜਾ ਉਹਦੇ ਰਾਹ ਵਿਚ ਕੰਡੇ ਨਹੀਂ ਬੀਜ ਸਕੇਗਾ। ਜਿਨ੍ਹਾਂ ਦਾ ਹਲਵਾ ਮੰਡਾ ਸੰਕਟ ਬਣਾਈ ਰੱਖਣ ਨਾਲ ਚੱਲਦਾ ਏ, ਉਹ ਕਿਉਂ ਮਸਲਾ ਹੱਲ ਹੋਣ ਦੇਣਗੇ।"

"ਕਿਉਂ ਬਈ, ਹੋਰ ਕਿਸੇ ਪਾਸ ਮਸਲੇ ਦੇ ਹੱਲ ਲਈ ਕੋਈ ਤਜਵੀਜ਼ ਹੈ?" ਜ਼ਕਰੀਆ ਖ਼ਾਨ ਨੇ ਫਿਰ ਸਾਰਿਆਂ ਨੂੰ ਸੰਬੋਧਨ ਕਰਦਿਆਂ ਪੁੱਛਿਆ, "ਮੈਂ ਤੁਹਾਨੂੰ ਆਖ਼ਰੀ ਵਾਰ ਕਹਿ ਰਿਹਾ ਹਾਂ ਜੇਕਰ ਹਕੂਮਤ ਦਾ ਖ਼ਜ਼ਾਨਾ ਇਸੇ ਤਰ੍ਹਾਂ ਲੁੱਟਿਆ ਜਾਂਦਾ ਰਿਹਾ ਤਾਂ ਨਾ ਤੁਹਾਡੀ ਗੱਲ ਚੱਲੇਗੀ ਤੇ ਨਾ ਹੀ ਮੇਰੀ ਹਕੂਮਤ ਕਾਮਯਾਬ ਹੋਏਗੀ। ਇਸ ਲਈ ਕੁਝ ਕਰੋ, ਕੁਝ ਦੱਸੋ ਤੇ ਹਕੂਮਤ ਦੇ ਖ਼ਜ਼ਾਨੇ ਨੂੰ ਭਰੋ। ਮੈਂ ਵੀ ਹੁਣ ਬਹੁਤੀ ਦੇਰ ਨਹੀਂ ਇਸੇ ਤਰ੍ਹਾਂ ਰਹਿ ਸਕਦਾ, ਮੈਨੂੰ ਕੁਝ ਕਰਨਾ ਪਵੇਗਾ।"

"ਸਾਨੂੰ ਹੁਕਮ ਕਰੋ, ਅਸੀਂ ਕੀ ਕਰ ਸਕਦੇ ਹਾਂ," ਇਕ ਚੌਧਰੀ ਬੋਲਿਆ, "ਅਸੀਂ ਤੇ ਪਿੰਡ ਪਿੰਡ ਸਿੱਖਾਂ ਨੂੰ ਭਾਲਦੇ ਫਿਰਦੇ ਹਾਂ। ਅਸੀਂ ਤੇ ਉਨ੍ਹਾਂ ਦੇ ਟੱਬਰਾਂ ਨੂੰ ਵੀ ਨਹੀਂ ਬਖ਼ਸ਼ਦੇ। ਪਤਾ ਨਹੀਂ ਉਹ ਕਿਹੜੀ ਮਿੱਟੀ ਦੇ ਬਣੇ ਹੋਏ ਨੇ ਕਿ ਇਤਨੀ ਮਾਰ ਖਾ ਕੇ, ਤਬਾਹੀ ਕਰਵਾ ਕੇ ਵੀ ਉਹ ਹਾਰ ਨਹੀਂ ਮੰਨਦੇ। ਲਚਕ ਤਾਂ ਇਨ੍ਹਾਂ ਵਿਚ ਹੈ ਹੀ ਨਹੀਂ।"

"ਮੈਨੂੰ ਠੀਕ ਠੀਕ ਇਤਲਾਹਾਂ ਭੇਜਿਆ ਕਰੋ," ਜ਼ਕਰੀਆ ਖ਼ਾਨ ਨੇ ਅਖ਼ੀਰ ਤਾੜਨਾ ਕੀਤੀ, "ਕਾਬੂ ਪਾਉ ਇਨ੍ਹਾਂ 'ਤੇ, ਜੇ ਤੁਸੀਂ ਢਿੱਲ ਦਿਖਾਈ ਤਾਂ ਇਹ ਤੁਹਾਨੂੰ ਵੀ ਖਾ ਜਾਣਗੇ, ਤੁਹਾਡਾ ਰਾਜ ਵੀ ਨਹੀਂ ਰਹਿਣ ਦੇਣਗੇ।" ਇਸ ਚਿਤਾਵਨੀ ਪਿੱਛੋਂ ਇਹ ਇਕੱਤਰਤਾ ਖ਼ਤਮ ਹੋ ਗਈ। ਸਾਰੇ ਚੌਧਰੀ ਉੱਠ ਕੇ ਵਾਰੋ ਵਾਰੀ ਸਲਾਮਾਂ ਕਰਦੇ ਤੇ ਵਫ਼ਾਦਾਰੀ ਦਾ ਯਕੀਨ ਦਿਵਾਂਦੇ ਤੁਰਦੇ ਗਏ। ਝਬਾਲ ਦੇ ਚੌਧਰੀ ਨੂੰ ਜ਼ਕਰੀਆ ਖ਼ਾਨ ਨੇ ਰੁਕ ਜਾਣ ਦਾ ਇਸ਼ਾਰਾ ਕੀਤਾ। ਚੌਧਰੀ ਦੇ ਖਾਨਿਉਂ ਗਈ ਕਿ ਇਹ ਕੀ ਸੰਕਟ ਆਉਣ ਲੱਗਾ ਹੈ। ਮੇਰੀਆਂ ਖਰੀਆਂ ਖਰੀਆਂ ਗੱਲਾਂ ਦਾ ਉਲਟਾ ਅਸਰ ਹੋ ਗਿਆ ਹੈ।

ਜਦ ਸਾਰੇ ਚਲੇ ਗਏ ਤਾਂ ਜ਼ਕਰੀਆ ਖ਼ਾਨ ਨੇ ਚੌਧਰੀ ਨੂੰ ਆਪਣੇ ਨੇੜੇ ਬੁਲਾ ਕੇ ਬੜੀ ਧੀਮੀ ਆਵਾਜ਼ ਵਿਚ ਆਖਿਆ, "ਤੇਰੀ ਹਰ ਗੱਲ ਠੀਕ ਏ, ਮੈਨੂੰ ਇਹ ਵੀ ਪਤਾ ਏ ਕਿ ਤੂੰ ਦੂਜਿਆਂ ਵਾਂਗ ਗਲਤ ਖ਼ਬਰਾਂ ਨਹੀਂ ਭੇਜਦਾ। ਇਹ ਵੀ ਮੈਂ ਪੜਤਾਲ ਕਰਵਾ ਚੁੱਕਿਆ ਹਾਂ ਕਿ ਤੇਰਾ ਸਿੱਖਾਂ ਨਾਲ ਕੋਈ ਗੱਠਜੋੜ ਨਹੀਂ, ਪਰ ਇਹ ਦੱਸ ਕਿ ਸਿਖ ਤੇਰਾ ਇਲਾਕਾ ਕਿਉਂ ਛੱਡ ਦਿੰਦੇ ਹਨ। ਉਥੇ ਲੁੱਟ-ਮਾਰ ਕਿਉਂ ਨਹੀਂ ਕਰਦੇ ?"

"ਗੱਲ ਸਾਫ਼ ਹੈ ਕਿ ਮੈਂ ਉਨ੍ਹਾਂ ਦੀ ਸੋਚ ਤੇ ਸੁਭਾਅ ਨੂੰ ਸਮਝ ਲਿਆ ਹੈ। ਇਨ੍ਹਾਂ ਨੂੰ ਜਿਤਨਾ ਦਬਾਉ, ਇਹ ਵੱਧ ਭੁੜਕਣਗੇ। ਜਿਤਨਾ ਨਰਮੀ ਨਾਲ ਤੇ ਪਿਆਰ ਨਾਲ ਕਾਬੂ ਕਰਨ ਦਾ ਯਤਨ ਕਰੋ, ਇਹ ਉਤਨਾ ਹੀ ਲਿਫ਼ ਜਾਂਦੇ ਹਨ," ਚੌਧਰੀ ਨੇ ਸਮਝਾਇਆ, "ਜੇ ਆਖੋ ਕਿ ਮੈਂ ਲੰਘਣ ਨਹੀਂ ਦਿਆਂਗਾ ਤਾਂ ਇਹ ਜ਼ਰੂਰ ਲੰਘਣਗੇ ਤੇ ਜੈਕਾਰੇ ਲਾਂਦੇ ਲੰਘਣਗੇ। ਜੇ ਕੁਝ ਨਾ ਆਖੋ ਤਾਂ ਚੁੱਪ ਕਰ ਕੇ ਲੰਘ ਜਾਂਦੇ ਹਨ। ਜੇ ਇਨ੍ਹਾਂ ਦੇ ਟੱਬਰ ਜਾਂ ਬੱਚੇ ਫੜ ਕੇ ਮਾਰ ਦਿਉ, ਇਹ ਫ਼ੌਜ ਦੀ ਨੀਂਦਰ ਹਰਾਮ ਕਰਨ ਦਾ ਯਤਨ ਕਰਨਗੇ।"

"ਪਰ ਤੈਨੂੰ ਇਹ ਗੱਲ ਸਭ ਦੇ ਸਾਹਮਣੇ ਇਉਂ ਨਹੀਂ ਸੀ ਕਹਿਣੀ ਚਾਹੀਦੀ," ਜ਼ਕਰੀਆ ਖ਼ਾਨ ਨੇ ਹੁਣ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ, "ਹਾਕਮ ਵਰਗ ਆਪਣੇ ਰੋਹਬ ਨਾਲ ਹੀ ਜ਼ਿੰਦਾ ਰਹਿ ਸਕਦਾ ਹੈ। ਜੇ ਰੋਹਬ ਮੁੱਕ ਜਾਏ ਤਾਂ ਉਹਦੀ ਕੋਈ ਕੀਮਤ ਨਹੀਂ, ਅਜਿਹੀਆਂ ਗੱਲਾਂ ਅੰਦਰ ਵੜ ਕੇ ਕਰਨੀਆਂ ਚਾਹੀਦੀਆਂ ਹਨ।"

"ਮੈਨੂੰ ਅਫ਼ਸੋਸ ਏ, ਮੈਂ ਹਜ਼ੂਰ ਤੋਂ ਮਾਫ਼ੀ ਮੰਗਦਾ ਹਾਂ," ਚੌਧਰੀ ਨੇ ਉੱਤਰ ਦਿੱਤਾ, "ਮੇਰੇ ਸੁਭਾਅ ਵਿਚ ਏ ਕਿ ਸੱਚੀ ਗੱਲ ਮੇਰੇ ਮੂੰਹ ਤੋਂ ਝੱਟ ਨਿਕਲ ਜਾਂਦੀ ਏ। ਮੈਂ ਕਈ ਵਾਰ ਇਸ ਸੁਭਾਅ ਕਾਰਨ ਮਾਰ ਵੀ ਖਾ ਚੁੱਕਿਆ ਹਾਂ। ਅੱਗੋਂ ਮੈਂ ਕਦੇ ਇਕੱਠ ਵਿਚ ਅਜਿਹਾ ਸੱਚ ਪ੍ਰਗਟ ਨਹੀਂ ਕਰਾਂਗਾ। ਮੈਂ ਹਕੂਮਤ ਦੇ ਹਿੱਤ ਦੀ ਗੱਲ ਕੀਤੀ ਸੀ, ਕੀ ਪਤਾ ਉਹ ਪੁੱਠੀ ਪੈ ਜਾਏਗੀ।"

71

ਸ. ਕਪੂਰ ਸਿੰਘ ਨੇ ਕੁਝ ਮੁਖੀ ਜਥੇਦਾਰਾਂ ਦੀ ਇਕ ਵਿਸ਼ੇਸ਼ ਇਕੱਤਰਤਾ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਗੋਇੰਦਵਾਲ ਦੇ ਨੇੜੇ ਦਰਿਆ ਬਿਆਸ ਦੇ ਕੰਢੇ ਇਕ ਸੁਰੱਖਿਅਤ ਥਾਂ 'ਤੇ ਬੁਲਾਈ, ਜਿਸ ਵਿਚ ਮਾਝੇ, ਮਾਲਵੇ ਤੇ ਦੁਆਬੇ ਦੇ ਕੁਝ ਚੋਣਵੇਂ ਜਥੇਦਾਰਾਂ ਨੂੰ ਸੱਦਿਆ। ਭੇਜੇ ਸੁਨੇਹੇ ਵਿਚ ਇਹ ਤਾਕੀਦ ਕੀਤੀ ਕਿ ਆਰਥਕ ਨਾਕਾਬੰਦੀ ਦੇ ਕੰਮ ਵਿਚ ਬਿਨਾਂ ਕਿਸੇ ਢਿੱਲ ਦੇ ਹੀ ਉਹ ਆਉਣ। ਜਿੱਥੇ ਉਨ੍ਹਾਂ ਦੀ ਹਾਜ਼ਰੀ ਜ਼ਰੂਰੀ ਹੋਵੇ, ਉਹ ਬੇਸ਼ੱਕ ਨਾ ਆਉਣ ਤੇ ਕਿਸੇ ਹੋਰ ਜ਼ਿੰਮੇਵਾਰ ਨੂੰ ਭੇਜ ਦੇਣ, ਜੋ ਗੱਲ-ਬਾਤ ਵਿਚ ਹਿੱਸਾ ਲੈਣ ਤੇ ਤੁਹਾਡੇ ਤਕ ਫ਼ੈਸਲੇ ਪਹੁੰਚਾਣ ਦੇ ਯੋਗ ਹੋਵੇ। ਤਿੰਨਾਂ ਖਿੱਤਿਆਂ ਦੇ ਮੁੱਖ ਜਥੇਦਾਰਾਂ ਦਾ ਆਉਣਾ ਜ਼ਰੂਰੀ ਹੈ।

ਅਜਿਹਾ ਇਕੱਠ ਸਾਲ ਵਿਚ ਇਕ ਵਾਰ ਜ਼ਰੂਰ ਹੀ ਬੁਲਾਇਆ ਜਾਂਦਾ ਸੀ ਤਾਕਿ ਸਾਰਿਆਂ ਨੂੰ ਹਾਲਾਤ ਦੀ ਠੀਕ ਠੀਕ ਜਾਣਕਾਰੀ ਦਿੱਤੀ ਜਾ ਸਕੇ। ਇਹੋ ਜਿਹੇ ਮਾਹੌਲ ਵਿਚ ਅਫ਼ਵਾਹਾਂ ਬਹੁਤ ਫੈਲਦੀਆਂ ਹਨ ਤੇ ਉਨ੍ਹਾਂ ਦਾ ਕਈ ਵਾਰ ਚੰਗਾ ਤੇ ਕਈ ਵਾਰ ਮਾੜਾ ਪ੍ਰਭਾਵ ਵੀ ਪੈਂਦਾ ਸੀ। ਹਕੂਮਤ ਦਾ ਯਤਨ ਸੀ ਕਿ ਇਨ੍ਹਾਂ ਬਾਗ਼ੀ ਸਿੱਖਾਂ ਨੂੰ ਲੁਟੇਰੇ, ਜਰਾਇਮ-ਪੇਸ਼ਾ ਤੇ ਲੋਕ-ਦੁਸ਼ਮਣ ਸਾਬਤ ਕੀਤਾ ਜਾਏ। ਦੂਜੇ ਪਾਸੇ ਸਿੱਖਾਂ ਦੇ ਜਥਿਆਂ ਦਾ ਆਪਣੇ ਸੰਘਰਸ਼ ਲਈ ਲੋਕਾਂ ਦੀ ਹਮਦਰਦੀ ਤੇ ਪਿਆਰ ਸਤਿਕਾਰ ਜਿੱਤਣ ਦਾ ਉਪਰਾਲਾ ਸੀ। ਜਿਉਂ ਜਿਉਂ ਸਿਖ ਆਗੂ ਹਕੂਮਤ ਦੀ ਲੋਕ-ਵਿਰੋਧੀ ਨੀਤੀ ਨੂੰ ਨੰਗਿਆਂ ਕਰਦੇ, ਹਾਕਮ ਉਨ੍ਹਾਂ ਵਿਰੁੱਧ ਚਿੜ ਕੇ ਹੋਰ ਸਖ਼ਤੀ ਕਰਦੇ। ਇਕ ਪਾਸੇ ਹਾਕਮ ਵਰਗ ਦਾ ਤਸ਼ੱਦਦ ਵਧ ਰਿਹਾ ਸੀ ਤੇ ਦੂਜੇ ਪਾਸੇ ਸਿਖ ਸੰਘਰਸ਼ ਕੁਰਬਾਨੀਆਂ ਦੀ ਸਿਖਰ ਛੂਹ ਰਿਹਾ ਸੀ।

ਦਰਿਆ ਕੰਢੇ ਜੰਗਲ ਵਿਚ ਵਧੀਆ ਥਾਂ 'ਤੇ ਇਕੱਤਰਤਾ ਸ਼ੁਰੂ ਹੋਈ। ਜਥੇਦਾਰਾਂ ਨੂੰ ਨਾ ਕੋਈ ਤੌਖ਼ਲਾ ਸੀ ਤੇ ਨਾ ਹੀ ਘਬਰਾਹਟ। ਉਨ੍ਹਾਂ ਸਾਰਿਆਂ ਦੇ ਚਿਹਰੇ ਤੋਂ ਜਾਪਦਾ ਸੀ ਕਿ ਉਨ੍ਹਾਂ ਨੂੰ ਆਪਣੀ ਸਫਲਤਾ ਵਿਚ ਹਰ ਸਾਲ ਅੱਗੇ ਨਾਲੋਂ ਵਧੇਰੇ ਵਿਸ਼ਵਾਸ ਹੁੰਦਾ ਜਾ ਰਿਹਾ ਸੀ ਤੇ ਉਹ ਬੜੀ ਚੜ੍ਹਦੀ ਕਲਾ ਵਿਚ ਸਨ। ਉਸ ਸਮੇਂ ਤਕ ਸਿਖ ਸਭਿਆਚਾਰ ਦੀ ਇਹ ਨਿਵੇਕਲੀ ਪਛਾਣ ਬਣ ਚੁੱਕੀ ਸੀ ਕਿ ਉਹ ਜਿਥੇ ਵੀ ਇਕੱਠੇ ਹੁੰਦੇ, ਅਰਦਾਸ ਕਰ ਕੇ ਗੁਰਵਾਕ ਪਿੱਛੋਂ ਆਪਣੀ ਕਾਰਵਾਈ ਸ਼ੁਰੂ ਕਰਦੇ। ਘਰੋਂ ਤੁਰਨ ਸਮੇਂ, ਕਿਸੇ ਮੁਹਿੰਮ 'ਤੇ ਜਾਣ ਸਮੇਂ ਜਾਂ ਸਫ਼ਰ 'ਤੇ ਰਵਾਨਾ ਹੋਣ ਸਮੇਂ ਵੀ ਸਿਖ ਪਹਿਲਾਂ ਅਕਾਲ ਪੁਰਖ ਦਾ ਨਾਮ ਲੈ ਕੇ ਅਰਦਾਸ ਕਰਦੇ, ਫਿਰ ਸ਼ੁਭ ਕੰਮ, ਸਫ਼ਰ ਤੇ ਆਦਰਸ਼ ਦੀ ਕਾਮਯਾਬੀ ਲਈ ਵਚਨ ਕਰ ਕੇ ਅਗਲੀ ਗੱਲ ਕਰਦੇ। ਇਥੇ ਵੀ ਇਸੇ ਤਰ੍ਹਾਂ ਹੋਇਆ। ਕੁਝ ਮੁਖੀ ਪਹਿਲੀ ਵਾਰ ਆਏ ਸਨ, ਇਸ ਲਈ ਸਭ ਦੀ ਜਾਣ-ਪਛਾਣ ਕਰਵਾਣੀ ਜ਼ਰੂਰੀ ਸੀ, ਸੋ ਇਹ ਕੰਮ ਵੀ ਪਹਿਲਾਂ ਕਰ ਲਿਆ ਗਿਆ।

ਸ. ਕਪੂਰ ਸਿੰਘ ਨੇ ਸਭ ਤੋਂ ਪਹਿਲਾਂ ਆਰਥਕ ਨਾਕਾਬੰਦੀ ਦੀ ਛੇ ਸਾਲ ਦੀ ਪ੍ਰਗਤੀ 'ਤੇ ਚਾਨਣਾ ਪਾਇਆ ਤੇ ਦੱਸਿਆ ਕਿ ਸਰਕਾਰੀ ਖ਼ਜ਼ਾਨਾ ਦਰਜਨਾਂ ਵਾਰ ਲੁੱਟੇ ਜਾਣ ਨਾਲ ਸਰਕਾਰ ਇਤਨੀ ਕਮਜ਼ੋਰ ਹੋ ਗਈ ਏ ਕਿ ਹੁਣ ਉਹਦੇ ਲਈ ਆਪਣੇ ਆਪ ਨੂੰ ਕਾਇਮ ਰੱਖਣਾ ਔਖਾ ਹੋ ਗਿਆ ਹੈ। ਜ਼ਕਰੀਆ ਖ਼ਾਨ ਅਤਿ ਘਬਰਾਇਆ ਫਿਰਦਾ ਏ ਤੇ ਉਹਨੂੰ ਦਿੱਲੀ ਤੋਂ ਕਰੜੀ ਤਾੜਨਾ ਹੋਈ ਏ ਕਿ ਜੇਕਰ ਉਹ 'ਕਰ' ਦੀ ਬਣਦੀ ਰਕਮ ਇਸ ਸਾਲ ਵੀ ਨਾ ਭੇਜ ਸਕਿਆ ਤਾਂ ਉਹਨੂੰ ਹਟਾ ਦਿੱਤਾ ਜਾਏਗਾ। ਹੁਣ ਤੇ ਦਿੱਲੀ ਦਰਬਾਰ ਵਿਚ ਉਹਦੀ ਮਦੱਦ ਕਰਨ ਵਾਲਿਆਂ ਨੇ ਵੀ ਕਹਿ ਦਿੱਤਾ ਏ ਕਿ ਮਸਲਾ ਹੱਲ ਕਰੇ, ਨਹੀਂ ਤੇ ਉਹ ਅੱਗੋਂ ਕੁਝ ਵੀ ਸਹਾਇਤਾ ਲਈ ਨਹੀਂ ਕਰ ਸਕਣਗੇ।

ਸ. ਕਪੂਰ ਸਿੰਘ ਨੇ ਇਸ ਪਿੱਛੋਂ ਲਾਹੌਰ ਵਿਚ ਜ਼ਕਰੀਆ ਖ਼ਾਨ ਦੀ ਬੁਲਾਈ ਇਕੱਤਰਤਾ ਦੀ ਸਾਰੀ ਸੂਚਨਾ ਇਉਂ ਵਿਸਥਾਰ ਨਾਲ ਬਿਆਨ ਕੀਤੀ ਜਿਵੇਂ ਉਹ ਸੱਚਮੁੱਚ ਉਥੋਂ ਆਪ ਆਏ ਹੋਣ ਤੇ ਅੱਖੀਂ ਦੇਖੀ ਸਾਰੀ ਗੱਲ ਦੱਸ ਰਹੇ ਹੋਣ। ਇਕ ਜਥੇਦਾਰ ਨੇ, ਜੋ ਪਹਿਲੀ ਵਾਰ ਅਜਿਹੀ ਇਕੱਤਰਤਾ ਵਿਚ ਆਇਆ ਸੀ, ਝੱਟ ਬੋਲ ਪਿਆ, "ਤੁਹਾਨੂੰ ਇਹ ਸਾਰਾ ਕੁਝ ਕਿਵੇਂ ਪਤਾ ਲੱਗਾ ਏ ? ਕੀ ਤੁਸੀਂ ਉਥੇ ਕਿਸੇ ਨੂੰ ਭੇਜਿਆ ਸੀ ?" ਜਥੇਦਾਰ ਕਪੂਰ ਸਿੰਘ ਨੇ ਤੁਰਤ ਉਸ ਨੌਜਵਾਨ ਨੂੰ ਬੜੇ ਪਿਆਰ ਨਾਲ ਸਮਝਾਇਆ, "ਅਜਿਹੀ ਸੂਚਨਾ ਦਾ ਤੁਹਾਨੂੰ ਸਰੋਤ ਨਹੀਂ ਪੁੱਛਣਾ ਚਾਹੀਦਾ ਤੇ ਨਾ ਹੀ ਮੈਂ ਦੱਸ ਸਕਦਾ ਹਾਂ। ਇਕ ਗੱਲ ਸਾਫ਼ ਸਮਝ ਲਉ ਕਿ ਹਰ ਸੰਘਰਸ਼ ਕਈ ਮੁਹਾਜ਼ਾਂ 'ਤੇ ਲੜਿਆ ਜਾਂਦਾ ਹੈ। ਕੇਵਲ ਤਲਵਾਰਾਂ ਜਾਂ ਹਥਿਆਰਾਂ ਦਾ ਟਾਕਰਾ ਹੀ ਸੰਘਰਸ਼ ਦਾ ਇਕੋ ਰਾਹ ਨਹੀਂ, ਕਿਧਰੇ ਪਿਆਰ ਨਾਲ ਦੁਸ਼ਮਣ ਜਿੱਤਿਆ ਜਾ ਸਕਦਾ ਏ, ਕਿਧਰੇ ਜ਼ਬਾਨ ਦੇ ਮਿੱਠੇ ਬੋਲ ਹੀ ਤੁਹਾਡੀ ਕਾਮਯਾਬੀ ਲਈ ਕਾਫ਼ੀ ਹੋ ਸਕਦੇ ਹਨ।

ਇਸੇ ਤਰ੍ਹਾਂ ਦੁਸ਼ਮਣ ਦੀਆਂ ਸਫ਼ਾਂ ਵਿਚ ਤੇ ਉਹਦੇ ਆਲੇ-ਦੁਆਲੇ ਤੁਹਾਡਾ ਅਜਿਹਾ ਜਾਲ ਹੋਣਾ ਵੀ ਜ਼ਰੂਰੀ ਹੈ, ਜਿਸ ਤੋਂ ਤੁਹਾਨੂੰ ਹਰ ਕਾਰਵਾਈ, ਹਰ ਗੱਲ ਤੇ ਹਰ ਕਦਮ 'ਤੇ ਇਤਲਾਹ ਮਿਲਦੀ ਰਹੇ। ਜਾਸੂਸੀ ਦਾ ਜਾਲ ਵੀ ਇਕ ਸਫਲ ਮੋਰਚਾ ਸਾਬਤ ਹੋ ਸਕਦਾ ਹੈ। ਜਿਵੇਂ ਸਾਡੀ ਇਸ ਪਿੜ ਵਿਚ ਸਾਵਧਾਨੀ ਨਾਲ ਅਸੀਂ ਹਕੂਮਤ ਦਾ ਖ਼ਜ਼ਾਨਾ ਲਾਹੌਰ ਨਾ ਪਹੁੰਚਣ ਦੇਣ ਵਿਚ ਸਫਲ ਹੋਏ ਹਾਂ, ਇਸੇ ਤਰ੍ਹਾਂ ਹਕੂਮਤ ਨਾਲ ਨਿਪਟਣ ਵਿਚ ਸਾਨੂੰ ਉਹਦੀ ਮਾਨਸਿਕਤਾ ਤੇ ਸੋਚ-ਕਾਰਵਾਈ ਦਾ ਵੀ ਕਦਮ ਕਦਮ 'ਤੇ ਗਿਆਨ ਜ਼ਰੂਰੀ ਹੈ ਤੇ ਅਸੀਂ ਅਜਿਹੀ ਕਾਰਵਾਈ ਲਈ ਪ੍ਰਬੰਧ ਕੀਤਾ ਹੋਇਆ ਹੈ।"

ਇਸ ਪਿੱਛੋਂ ਤਿੰਨਾਂ ਖਿੱਤਿਆਂ ਦੇ ਜਥੇਦਾਰਾਂ ਨੇ ਆਪਣੇ ਆਪਣੇ ਮੋਰਚੇ ਦਾ ਵਿਸਥਾਰ ਬਿਆਨ ਕੀਤਾ ਤੇ ਦੱਸਿਆ ਕਿ ਕਿਥੇ ਕਿਥੇ ਕਿਤਨੀ ਵਾਰ ਸ਼ਾਹੀ ਖ਼ਜ਼ਾਨਾ ਰੋਕਿਆ ਤੇ ਪ੍ਰਾਪਤ ਕੀਤਾ ਤੇ ਉਸ ਰਕਮ ਨੂੰ ਮੁੱਖ ਰੂਪ ਵਿਚ ਕਿਸ ਥਾਂ ਖ਼ਰਚ ਕੀਤਾ ਹੈ। ਇਸ 'ਤੇ ਪ੍ਰਸੰਸਾ ਪ੍ਰਗਟ ਕਰਦਿਆਂ ਜਥੇਦਾਰ ਕਪੂਰ ਸਿੰਘ ਨੇ ਕਿਹਾ, "ਇਹਦੇ ਬਾਰੇ ਮੇਰੇ ਪਾਸ ਸਿੱਧੀ ਸੂਚਨਾ ਵੀ ਆਉਂਦੀ ਰਹੀ ਹੈ। ਦੁਆਬੇ ਦੇ ਸੂਰਬੀਰਾਂ ਨੇ ਉਸ ਪਾਸਿਉਂ ਇਕ ਵਾਰ ਵੀ ਸਰਕਾਰੀ ਖ਼ਜ਼ਾਨਾ ਦਰਿਆ ਪਾਰ ਨਹੀਂ ਹੋਣ ਦਿੱਤਾ। ਇਸ ਮੋਰਚੇ 'ਤੇ ਮਾਝੇ ਤੇ ਮਾਲਵੇ ਦੇ ਟਾਕਰੇ 'ਤੇ ਦੁਆਬੇ ਦੇ ਜਥਿਆਂ ਦੀ ਜਿਤਨੀ ਵੀ ਪ੍ਰਸੰਸਾ ਕੀਤੀ ਜਾਏ, ਥੋੜ੍ਹੀ ਹੈ। ਇਸ ਕੰਮ ਵਿਚ ਜਥੇਦਾਰ ਕਰਮ ਸਿੰਘ ਦੀ ਸੁਚੱਜੀ ਅਗਵਾਈ ਤੇ ਨਿੱਜੀ ਲਾਭਾਂ ਦੀ ਕੁਰਬਾਨੀ ਦਾ ਵੱਡਾ ਹਿੱਸਾ ਹੈ। ਇਸ ਲਈ ਅੱਜ ਇਨ੍ਹਾਂ ਨੂੰ ਪੰਥ ਵੱਲੋਂ ਸਿਰੋਪਾ ਦੀ ਬਖ਼ਸ਼ਿਸ਼ ਕੀਤੀ ਜਾਏਗੀ।"

"ਪੰਥ ਦੀ ਖ਼ੁਸ਼ੀ ਪ੍ਰਾਪਤ ਕਰ ਲੈਣ ਤੋਂ ਵਡੇਰਾ ਹੋਰ ਕੋਈ ਸਿਰੋਪਾ ਨਹੀਂ," ਜਥੇਦਾਰ ਕਰਮ ਸਿੰਘ ਨੇ ਹੱਥ ਜੋੜ ਕੇ ਆਖਿਆ, "ਅਸੀਂ ਸਿਰੋਪਾ ਦੇ ਹੱਕਦਾਰ ਉਸ ਦਿਨ ਹੋਵਾਂਗੇ, ਜਦੋਂ ਜਾਬਰ ਹਕੂਮਤ ਦੇ ਜ਼ੁਲਮ ਨੂੰ ਠੱਲ੍ਹ ਪਾ ਲਈ। ਉਹ ਦਿਨ ਸਾਡੇ ਸਾਰਿਆਂ ਲਈ ਵਧਾਈ ਦਾ ਦਿਹਾੜਾ ਹੋਏਗਾ, ਜਦੋਂ ਪਿੰਡਾਂ ਵਿਚ ਸਿੱਖਾਂ ਦੇ ਪਰਵਾਰ ਸੁੱਖ ਤੇ ਸ਼ਾਂਤੀ ਨਾਲ ਰਹਿ ਸਕਣਗੇ। ਜਦੋਂ ਸਾਡੀਆਂ ਭੈਣਾਂ ਆਪਣੀਆਂ ਜਵਾਨੀਆਂ ਮਰਦਾਂ ਸੰਗ ਰਹਿ ਕੇ ਬਿਤਾਣ ਦੇ ਸਮਰੱਥ ਹੋਣਗੀਆਂ। ਰੋਜ਼ ਕਿਧਰੋਂ ਨਾ ਕਿਧਰੋਂ ਸਾਡੇ ਪਰਵਾਰਾਂ ਦੇ ਉਜਾੜੇ ਤੇ ਤਬਾਹੀ ਦੀਆਂ ਗੱਲਾਂ ਸੁਣ ਰਹੇ ਹਾਂ। ਸਾਡਾ ਕਰਤੱਵ ਸਮੁੱਚੇ ਸਮਾਜ ਦੇ ਹਿੱਤਾਂ ਦੀ ਰਾਖੀ ਕਰਨ ਦਾ ਹੈ ਪਰ ਅਸੀਂ ਆਪਣੀਆਂ ਬੇਟੀਆਂ ਤੇ ਭੈਣਾਂ ਦੇ ਸੁਹਾਗ ਵੀ ਅਜੇ ਸੁਰੱਖਿਅਤ ਨਹੀਂ ਰੱਖ ਰਹੇ। ਮੇਰੀ ਬੇਨਤੀ ਹੈ ਕਿ ਪਹਿਲਾਂ ਆਪਣੇ ਉਜਾੜੇ ਤੇ ਉਜੜ ਰਹੇ ਪਰਵਾਰਾਂ ਦੀ ਸਮੱਸਿਆ 'ਤੇ ਵਿਚਾਰ ਕਰੀਏ।"

ਮਾਲਵੇ ਤੋਂ ਆਏ ਜਥੇਦਾਰ ਧਰਮ ਸਿੰਘ ਨੇ, ਜੋ ਬਾਬਾ ਦੀਪ ਸਿੰਘ ਜੀ ਦੇ ਵਿਸ਼ੇਸ਼ ਪ੍ਰਤੀਨਿਧ ਦੇ ਰੂਪ ਵਿਚ ਆਏ ਸਨ, ਉੱਠ ਕੇ ਫ਼ਤਹਿ ਬੁਲਾਈ ਤੇ ਜਥੇਦਾਰ ਕਰਮ ਸਿੰਘ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ ਤੇ ਸੁਝਾਅ ਰੱਖਿਆ ਕਿ ਇਸ ਵੇਲੇ ਮਾਲਵੇ ਦਾ ਇਲਾਕਾ ਸਾਡੇ ਲਈ ਸਭ ਤੋਂ ਵੱਧ ਸੁਰੱਖਿਅਤ ਖੇਤਰ ਹੈ, ਇਸ ਲਈ ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਬਾਬਾ ਦੀਪ ਸਿੰਘ ਜੀ ਦਾ ਸੁਨੇਹਾ ਹੈ ਕਿ ਉਹ ਮਾਲਵੇ ਵੱਲ ਆ ਜਾਣ। ਇਥੋਂ ਦੇ ਵਸਨੀਕ ਤੇ ਨਾਨਕ ਨਾਮ-ਲੇਵਾ ਸੰਗਤ ਆਪਣੇ ਧਰਮ ਭਰਾਵਾਂ ਦੇ ਮੁੜ ਵਸੇਬੇ, ਦੁਖੀ ਪਰਵਾਰਾਂ ਦੀ ਸੇਵਾ-ਸੰਭਾਲ ਤੇ ਸੰਕਟ ਵਿਚ ਮਦਦ ਪਹੁੰਚਾਣ ਲਈ ਤਿਆਰ ਹੈ। ਸਾਨੂੰ ਤਾਂ ਅੱਜ ਦੀ ਇਕੱਤਰਤਾ ਵਿਚ ਇਹ ਜਾਣਨ ਵਿਚ ਦਿਲਚਸਪੀ ਹੈ ਕਿ ਛੇ ਸਾਲ ਦੀ ਆਰਥਕ ਨਾਕਾਬੰਦੀ ਦਾ ਅਸਰ ਕੀ ਹੋਇਆ ਹੈ ? ਹਕੂਮਤ ਦੇ ਜ਼ੁਲਮ ਨੂੰ ਕੋਈ ਠੱਲ੍ਹ ਪੈਂਦੀ ਨਜ਼ਰ ਆ ਰਹੀ ਏ ਕਿ ਨਹੀਂ, ਮਾਝੇ ਵਾਲਿਆਂ ਨੂੰ ਤਾਂ ਲਾਹੌਰ ਨੇੜੇ ਹੋਣ ਕਾਰਨ ਸਾਰੀ ਖ਼ਬਰ ਰਹਿੰਦੀ ਏ, ਪਰ ਸਾਡੇ ਮਾਲਵੇ ਵੱਲ ਘੱਟ ਹੀ ਇਤਲਾਹ ਜਾਂਦੀ ਏ। ਤੁਸੀਂ ਜੋ ਸੂਚਨਾ ਭੇਜੇ, ਉਹ ਠੀਕ ਹੁੰਦੀ ਏ, ਬਾਕੀ ਸਭ ਅਫ਼ਵਾਹਾਂ ਜਾਪਦੀਆਂ ਹਨ।

ਸ. ਕਪੂਰ ਸਿੰਘ ਨੇ ਫਿਰ ਇਕੱਤਰਤਾ ਨੂੰ ਦੱਸਿਆ ਕਿ ਲਾਹੌਰ ਵਿਚ ਜ਼ਕਰੀਆ ਖ਼ਾਨ ਨੇ ਜੋ ਇਕੱਤਰਤਾ ਬੁਲਾਈ ਸੀ, ਉਸ ਵਿਚ ਚੌਧਰੀਆਂ ਦੀਆਂ ਗੱਲਾਂ ਤਾਂ ਮੈਂ ਦੱਸ ਦਿੱਤੀਆਂ ਸਨ। ਉਹਦੇ ਵਿਚ ਝਬਾਲ ਦੇ ਚੌਧਰੀ ਦੀ ਗੱਲ ਵੀ ਬਿਆਨ ਕੀਤੀ ਸੀ। ਮੇਰੀ ਇਤਲਾਹ ਅਨੁਸਾਰ ਜ਼ਕਰੀਆ ਖ਼ਾਨ ਨੇ ਦਿੱਲੀ ਨਾਲ ਸੰਪਰਕ ਬਣਾਇਆ ਹੈ ਤੇ ਉਹ ਆਪ ਵੀ ਦਿੱਲੀ ਜਾ ਰਿਹਾ ਹੈ। ਉਥੇ ਉਹ ਤਜਵੀਜ਼ ਰੱਖੇਗਾ ਕਿ ਸਿੱਖਾਂ ਨਾਲ ਸੁਲਹ ਕੁਲ ਲਈ ਜਾਏ। ਇਹ ਸਿਖ ਕੌਮ ਮਿੱਠਾ ਜ਼ਹਿਰ ਦਿੱਤਿਆਂ ਮਰ ਸਕਦੀ ਏ, ਤਸ਼ੱਦਦ ਨਾਲ ਨਹੀਂ ਖ਼ਤਮ ਕੀਤੀ ਜਾ ਸਕਦੀ। ਇਸ ਲਈ ਆਗਿਆ ਮੰਗੇਗਾ ਕਿ ਸਾਡੇ ਨਾਲ ਸੁਲਹ ਦਾ ਕੋਈ ਰਾਹ ਨਿਕਲ ਆਏ। ਅੱਗੋਂ ਦੇਖੋ ਦਿੱਲੀ ਦਰਬਾਰ ਉਸ ਦੀ ਤਜਵੀਜ਼ 'ਤੇ ਕਿਸ ਤਰ੍ਹਾਂ ਦਾ ਵਤੀਰਾ ਅਪਣਾਂਦਾ ਹੈ।

"ਜ਼ਕਰੀਆ ਖ਼ਾਨ ਬੜਾ ਆਕੜ ਖਾਂ, ਹੰਕਾਰਿਆ ਤੇ ਜ਼ਾਲਮ ਕਿਸਮ ਦਾ ਹਾਕਮ ਹੈ। ਉਸ ਤੋਂ ਨਰਮੀ ਜਾਂ ਸਮਝੌਤੇ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ," ਜਥੇਦਾਰ ਲੱਧਾ ਸਿੰਘ ਬੋਲ ਪਿਆ, ਜੋ ਲਾਹੌਰ ਤੇ ਅੰਮ੍ਰਿਤਸਰ ਵਿਚਕਾਰਲੇ ਇਲਾਕੇ ਦਾ ਜਥੇਦਾਰ ਸੀ।

"ਰਾਜਨੀਤੀ ਵਿਚ ਕੁਝ ਵੀ ਅਸੰਭਵ ਨਹੀਂ," ਜਥੇਦਾਰ ਕਪੂਰ ਸਿੰਘ ਨੇ ਉੱਤਰ ਦਿੱਤਾ, "ਅੱਜ ਦਾ ਦੁਸ਼ਮਣ ਕੱਲ੍ਹ ਦਾ ਮਿੱਤਰ ਤੇ ਅੱਜ ਦਾ ਯਾਰ ਕੱਲ੍ਹ ਵੈਰੀ ਹੋ ਸਕਦਾ ਏ। ਤੁਸੀਂ ਦੇਖਿਆ ਨਹੀਂ, ਇਹ ਹਾਕਮ ਲੋਕ ਕਿਤਨੇ ਬੇਦੀਨੇ ਹੁੰਦੇ ਨੇ। ਧਰਮ ਦੀਆਂ ਕਸਮਾਂ ਖਾ ਕੇ ਮੁੜ ਮੁਕਰ ਸਕਦੇ ਹਨ। ਵਚਨ ਕਰ ਕੇ ਮੁੜ ਝੂਠ ਬੋਲ ਸਕਦੇ ਹਨ। ਤੁਹਾਡੇ ਨਾਲ ਸੰਧੀ ਕਰ ਕੇ ਮੁੜ ਉਸ ਦੀ ਉਲੰਘਣਾ ਕਰ ਸਕਦੇ ਹਨ।"

"ਫਿਰ ਕੀ ਤੁਸੀਂ ਅਜਿਹੇ ਬੰਦੇ ਨਾਲ ਸਮਝੌਤਾ ਕਰਨ ਲਈ ਤਿਆਰ ਹੋ ਸਕਦੇ ਹੋ? ਕੌਮ ਦੀਆਂ ਕੁਰਬਾਨੀਆਂ ਵੇਚੀਆਂ ਜਾ ਸਕਦੀਆਂ ਹਨ? ਮੇਰੀ ਤਾਂ ਰਾਏ ਹੈ ਕਿ ਸਾਨੂੰ ਖ਼ਾਨ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ।" ਜਥੇਦਾਰ ਲੱਧਾ ਸਿੰਘ ਆਪਣੇ ਵਿਚਾਰ ਤੇ ਰਾਏ ਪ੍ਰਗਟ ਕਰਦਿਆਂ ਕਾਫ਼ੀ ਹੱਦ ਤਕ ਜਜ਼ਬਾਤੀ ਹੋ ਗਿਆ ਪ੍ਰਤੀਤ ਹੁੰਦਾ ਸੀ। ਉਹ ਆਪਣੇ ਜਜ਼ਬਾਤ 'ਤੇ ਕਾਬੂ ਨਹੀਂ ਸੀ ਰੱਖ ਸਕਿਆ।

"ਅਜੇ ਤਾਂ ਸਮਝੌਤੇ ਦਾ ਕੋਈ ਮੌਕਾ ਹੀ ਨਹੀਂ, ਮੈਂ ਤੇ ਤੁਹਾਨੂੰ ਲਾਹੌਰ ਦਰਬਾਰ ਦੀ ਸੋਚਣੀ ਤੋਂ ਜਾਣੂ ਕਰਾਇਆ ਹੈ। ਤੁਸੀਂ ਐਵੇਂ ਜਜ਼ਬਾਤੀ ਹੋ ਗਏ ਹੋ," ਜਥੇਦਾਰ ਕਪੂਰ ਸਿੰਘ ਨੇ ਸਮਝਾਇਆ, "ਜਿਥੋਂ ਤਕ ਸਮਝੌਤੇ ਦਾ ਅਸੂਲੀ ਤੌਰ 'ਤੇ ਸਵਾਲ ਹੈ, ਉਹ ਕਿਸੇ ਨਾਲ ਵੀ ਹੋ ਸਕਦਾ ਏ। ਜੇ ਸਾਡਾ ਨਿਸ਼ਾਨਾ ਇਉਂ ਪੂਰਾ ਹੁੰਦਾ ਹੋਵੇ, ਜੇਕਰ ਲੋਕਾਂ ਦੇ ਨਿਰਦੋਸ਼ ਕਤਲ ਤੇ ਤਬਾਹੀ ਬੰਦ ਹੁੰਦੀ ਹੋਵੇ ਤਾਂ ਕਿਉਂ ਨਾ ਗੱਲ-ਬਾਤ ਕੀਤੀ ਜਾਏ। ਮੈਂ ਦੋ ਗੱਲਾਂ ਸਪੱਸ਼ਟ ਕਰ ਦਿਆਂ। ਸਾਡੀ ਜਦੋ-ਜਹਿਦ ਆਪਣੇ ਨਿਸ਼ਾਨੇ ਤਕ ਪਹੁੰਚਣ ਤੋਂ ਪਹਿਲਾਂ ਬੰਦ ਨਹੀਂ ਹੋਵੇਗੀ ਤੇ ਨਾ ਹੀ ਕੋਈ ਕਰ ਸਕਦਾ ਏ। ਜੋ ਜਦੋ-ਜਹਿਦ ਨਾਲ ਗ਼ੱਦਾਰੀ ਕਰ ਕੇ ਸਮਝੌਤਾ ਕਰੇਗਾ, ਨਾ ਉਹ ਰਹੇਗਾ ਤੇ ਨਾ ਹੀ ਉਹਦਾ ਕੀਤਾ ਸਮਝੌਤਾ। ਦੂਜੀ ਗੱਲ ਇਹ ਹੈ ਕਿ ਸਮਝੌਤਾ ਕਰਨ ਦਾ ਅਧਿਕਾਰ ਪੰਥ ਨੂੰ ਹੀ ਹੈ, ਕਿਸੇ ਇਕ ਆਗੂ ਨੂੰ ਨਹੀਂ।" ਫਿਰ ਉਨ੍ਹਾਂ ਇਸ ਬਹਿਸ ਨੂੰ ਇਥੇ ਹੀ ਛੱਡ ਕੇ ਹੋਰ ਮਸਲਿਆਂ 'ਤੇ ਵਿਚਾਰ ਸ਼ੁਰੂ ਕਰ ਲਿਆ।

ਜਥੇਦਾਰ ਕਰਮ ਸਿੰਘ ਨੇ ਸੁਝਾਅ ਦਿੱਤਾ ਕਿ ਕੁਝ ਲੁਟੇਰਾ ਵਰਗ ਤੇ ਸਮਾਜ ਵਿਰੋਧੀ ਅੰਸ਼ ਸਾਡੀ ਲਹਿਰ ਵਿਚ ਸ਼ਾਮਲ ਹੋਣ ਦਾ ਯਤਨ ਕਰ ਰਿਹਾ ਹੈ, ਸਾਨੂੰ ਉਹਦੀ ਪਛਾਣ ਤੁਰਤ ਕਰ ਕੇ ਉਹਨੂੰ ਇਕ ਪਾਸੇ ਕਰਨਾ ਹੋਵੇਗਾ, ਜਿਵੇਂ ਕਿ ਕਰਤਾਰਪੁਰ, ਰਾਵੀ ਤੇ ਸਿਆਲਕੋਟ ਵਿਚਕਾਰਲੇ ਇਲਾਕੇ ਵਿਚ ਦੋ ਥਾਂ ਲੋਕਾਂ ਦੇ ਘਰਾਂ 'ਚੋਂ ਲੁੱਟ-ਮਾਰ ਦੀਆਂ ਖ਼ਬਰਾਂ ਆਈਆਂ ਹਨ। ਕੋਈ ਕਲਗੀਧਰ ਪਾਤਿਸ਼ਾਹ ਦਾ ਸਿਖ ਨਿਰਦੋਸ਼ ਲੋਕਾਂ ਨੂੰ ਕਤਲ ਨਹੀਂ ਕਰ ਸਕਦਾ।

ਇਹ ਬਹੁ-ਰੂਪੀਏ ਸਾਡੇ ਦੁਸ਼ਮਣ ਦੇ ਭੇਜੇ ਹੋਏ ਹਨ ਜੋ ਸਿੱਖਾਂ ਨੂੰ ਬਦਨਾਮ ਕਰਨ ਲਈ ਅਜਿਹੀਆਂ ਗ਼ਲਤ ਗੱਲਾਂ ਕਰ ਰਹੇ ਹਨ।

72

ਜਥੇਦਾਰ ਕਰਮ ਸਿੰਘ ਦੇ ਪਰਿਵਾਰਕ ਜੀਵਨ ਦੀ ਇਕ ਵੱਡੀ ਸਮੱਸਿਆ ਸੀ ਕਿ ਉਹ ਜਦੋਂ ਵੀ ਕਿਧਰੋਂ ਬਾਹਰੋਂ ਆਉਂਦਾ ਤਾਂ ਉਸ ਨੂੰ ਪਰਵਾਰ ਨਾਲ ਝੱਟ ਵੱਖਰਿਆਂ ਗੱਲ-ਬਾਤ ਕਰਨ ਤੇ ਪਰਿਵਾਰਕ ਮਸਲਿਆਂ 'ਤੇ ਗੱਲ-ਬਾਤ ਕਰਨ ਦਾ ਮੌਕਾ ਨਾ ਮਿਲਦਾ। ਕੋਈ ਨਾ ਕੋਈ ਮਿਲਣ ਵਾਲਾ ਆਇਆ ਹੀ ਰਹਿੰਦਾ। ਕਈ ਤਾਂ ਨਗਰ ਵਾਸੀ ਦੇਸ਼ ਕੌਮ ਦੇ ਸਮਾਚਾਰ ਸੁਣਨ ਲਈ ਉਤਾਵਲੇ ਹੋ ਜਾਂਦੇ ਤੇ ਉਹ ਕਿੰਨਾ ਕਿੰਨਾ ਚਿਰ ਆ ਕੇ ਬੈਠੇ ਰਹਿੰਦੇ। ਕਈਆਂ ਨੂੰ ਬੜਾ ਵਧੀਆ ਬਹਾਨਾ ਮਿਲ ਜਾਂਦਾ ਤੇ ਆਉਂਦਿਆਂ ਕੋਈ ਸੇਵਾ ਜਾਂ ਕੰਮ ਪੁੱਛਣ ਦੀ ਕਰਦੇ ਤੇ ਫਿਰ ਪਹਿਰ ਪਹਿਰ ਉਥੇ ਹੀ ਗੁਜ਼ਾਰ ਦਿੰਦੇ। ਇਸੇ ਤਰ੍ਹਾਂ ਐਤਕੀਂ ਗੋਇੰਦਵਾਲ ਦੇ ਨੇੜੇ ਦਰਿਆ ਦੀ ਝੱਲ ਵਿਚ ਹੋਈ ਇਕੱਤਰਤਾ ਪਿੱਛੋਂ ਜਦ ਕਰਮ ਸਿੰਘ ਮੁੜਿਆ ਤਾਂ ਦੀਪੋ ਉਹਨੂੰ ਉਖੜੀ ਉਖੜੀ ਤੇ ਕੁਝ ਉਦਾਸ ਦਿਸੀ। ਉਹਨੇ ਕਈ ਵਾਰ ਯਤਨ ਕੀਤਾ ਕਿ ਦਿਨ ਵਿਚ ਉਹਨੂੰ ਵੱਖਰਿਆਂ ਗੱਲ ਕਰਨ ਦਾ ਮੌਕਾ ਮਿਲ ਜਾਏ ਪਰ ਕਰਮ ਸਿੰਘ ਵਿਹਲਾ ਹੀ ਨਾ ਹੋਇਆ। ਉਹ ਇਤਨਾ ਰੁੱਝਿਆ ਹੋਇਆ ਸੀ ਕਿ ਉਹਨੂੰ ਆਪਣੀ ਨੂੰਹ ਸੁੰਦਰਾਂ ਦਾ ਹਾਲ-ਚਾਲ ਵੀ ਪੁੱਛਣਾ ਯਾਦ ਨਹੀਂ ਸੀ, ਹਾਲਾਂ ਕਿ ਅੱਗੇ ਉਹ ਆਉਂਦਿਆਂ ਪਹਿਲਾਂ ਉਸ ਬਾਰੇ ਪਤਾ ਕੀਤਾ ਕਰਦਾ ਸੀ।

ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਪਿੱਛੋਂ ਜਥੇਦਾਰ ਕਰਮ ਸਿੰਘ ਸਭ ਨੂੰ ਵਿਦਾ ਕਰ ਕੇ ਜਦ ਘਰ ਅੰਦਰ ਆਇਆ ਤਾਂ ਦੀਪੋ ਨੂੰ ਪੁੱਛਣ ਲੱਗਾ, "ਤੇਰੀ ਤਬੀਅਤ ਤਾਂ ਠੀਕ ਏ? ਅੱਜ ਤੇਰੇ ਚਿਹਰੇ 'ਤੇ ਪਹਿਲਾਂ ਵਰਗੀ ਰੌਣਕ ਨਹੀਂ। ਮਾਮਲਾ ਕੀ ਏ?"

"ਕੋਈ ਗੱਲ ਨਹੀਂ। ਐਵੇਂ ਤੁਹਾਨੂੰ ਲੱਗਦਾ ਏ?" ਦੀਪੋ ਨੇ ਆਪਣੇ ਹੋਠਾਂ 'ਤੇ ਮੁਸਕਰਾਹਟ ਲਿਆਉਂਦਿਆਂ ਆਖਿਆ, "ਘਰਾਂ ਵਿਚ ਨਿੱਤ ਹੀ ਕਈ ਨਿੱਕੀਆਂ ਮੋਟੀਆਂ ਗੱਲਾਂ ਹੋ ਜਾਂਦੀਆਂ ਨੇ, ਜਿਨ੍ਹਾਂ ਦਾ ਮਨੁੱਖ ਦੇ ਮਨ 'ਤੇ ਝੱਟ ਪਲ ਲਈ ਪ੍ਰਭਾਵ ਹੋ ਜਾਂਦਾ ਏ।"

"ਆਖ਼ਰ ਗੱਲ ਕੀ ਏ?" ਜਥੇਦਾਰ ਕਰਮ ਸਿੰਘ ਨੇ ਸਹਿਜ ਸੁਭਾਏ ਹੀ ਕਹਿ ਦਿੱਤਾ।

"ਔਰਤਾਂ ਲਈ ਇਹ ਬੜੀ ਔਖੀ ਘੜੀ ਹੁੰਦੀ ਏ," ਦੀਪੋ ਨੇ ਸਮਝਾਇਆ, "ਹਰ ਔਰਤ ਚਾਹੁੰਦੀ ਏ ਕਿ ਇਸ ਸਮੇਂ ਉਹਦਾ ਪਤੀ ਘਰ ਵਿਚ ਹੋਵੇ। ਮੈਂ ਇਹ ਸਮਾਂ ਆਪ ਲੰਘਾਇਆ ਏ, ਮੈਨੂੰ ਪਤਾ ਏ ਕਿ ਤੁਹਾਡੀ ਗ਼ੈਰ-ਮੌਜੂਦਗੀ ਵਿਚ ਮੈਨੂੰ ਕਿਤਨਾ ਔਖਾ ਲੱਗਦਾ ਸੀ, ਹਾਲਾਂ ਕਿ ਮਾਂ ਜੀ ਇਸ ਸਮੇਂ ਮੇਰਾ ਪੂਰਾ ਪੂਰਾ ਖ਼ਿਆਲ ਰੱਖਦੇ ਸਨ ਤੇ ਉਨ੍ਹਾਂ ਸੇਵਾ ਵਿਚ ਕੋਈ ਕਸਰ ਨਹੀਂ ਸੀ ਛੱਡੀ।"

"ਫਿਰ ਇਹਦਾ ਫ਼ੈਸਲਾ ਮੁੰਡੇ ਕੁੜੀ 'ਤੇ ਛੱਡ ਦਿਉ। ਉਹ ਜਿਥੇ ਠੀਕ ਸਮਝਣ ਇਹ ਮੌਕਾ ਬਿਤਾ ਲੈਣ," ਜਥੇਦਾਰ ਕਰਮ ਸਿੰਘ ਨੇ ਆਪਣੇ ਵੱਲੋਂ ਗੱਲ ਇਤਨਾ ਕੁ ਕਹਿ ਕੇ ਮੁਕਾ ਦਿੱਤੀ। ਦੀਪੋ ਉਸ ਨੂੰ ਅਸਲ ਗੁੰਝਲ ਦੱਸਣ ਲਈ ਪਹਿਲਾਂ ਤਾਂ ਰਾਜ਼ੀ ਨਹੀਂ ਸੀ ਪਰ ਉਹਨੂੰ ਦੱਸਣਾ ਪਿਆ, "ਸੁੰਦਰਾਂ ਨੇ ਫ਼ਤਹਿ ਸਿੰਘ ਨੂੰ ਪੁੱਛਿਆ ਸੀ ਪਰ ਉਹਨੇ ਅੱਗੋਂ ਝੱਟ ਕਹਿ ਦਿੱਤਾ ਕਿ ਮਾਂ ਨਾਲ ਗੱਲ ਕਰ ਲੈ। ਜਿਵੇਂ ਮਾਂ ਚਾਹੁੰਦੀ ਏ, ਉਵੇਂ ਹੀ ਕਰਨਾ ਪਵੇਗਾ।"

"ਫਿਰ ਤਾਂ ਫ਼ੈਸਲਾ ਕਰਨ ਦਾ ਅਧਿਕਾਰ ਤੈਨੂੰ ਮਿਲ ਗਿਆ। ਤੂੰ ਦੋਹਾਂ ਦੇ ਵਿਚਾਰ

ਸੁਣਾ ਕੇ ਫ਼ੈਸਲਾ ਸੁਣਾ ਦੇ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ।

"ਸੁੰਦਰਾਂ ਤਾਂ ਚਾਹੇਗੀ ਕਿ ਉਹਦੀ ਮਾਂ ਵੀ ਕੋਲ ਹੋਵੇ ਤੇ ਮੈਂ ਵੀ। ਤੀਜਾ ਫ਼ਤਹਿ ਸਿੰਘ ਵੀ ਉਥੇ ਹੀ ਰਹੇ," ਦੀਪੋ ਨੇ ਗੱਲ ਖੋਲ੍ਹਣੀ ਸ਼ੁਰੂ ਕੀਤੀ।

"ਫਿਰ ਤਾਂ ਹੋਰ ਵੀ ਸੌਖਾ ਹੱਲ ਏ," ਜਥੇਦਾਰ ਕਰਮ ਸਿੰਘ ਬੋਲਿਆ, "ਤੂੰ ਕੁੜੀ ਦੀ ਮਾਂ ਨੂੰ ਇਥੇ ਸੱਦ ਲੈ ਤੇ ਤੁਸੀਂ ਤਿੰਨੇ ਇਕੇ ਉਹਦੇ ਕੋਲ ਰਹਿ ਸਕਦੇ ਹੋ। ਇਕ ਤਾਂ ਤੇਰਾ ਸੁਭਾਨਪੁਰ ਜਾਣਾ ਔਖਾ ਏ। ਮੈਂ ਘਰ ਘੱਟ ਰਹਿੰਦਾ ਹਾਂ। ਆਵਾਜਾਈ ਬਹੁਤ ਏ। ਤੇਰੇ ਬਿਨਾਂ ਕੌਣ ਸੰਭਾਲੇਗਾ। ਦੂਜਾ ਫ਼ਤਹਿ ਸਿੰਘ ਸਹੁਰੇ ਘਰ ਵਧੇਰੇ ਦਿਨ ਰੁਕਣਾ ਪਸੰਦ ਨਹੀਂ ਕਰੇਗਾ। ਆਖ਼ਰ ਇਸ ਜ਼ਨਾਨੇ ਕੰਮ ਸਮੇਂ ਉਹ ਹਰ ਵੇਲੇ ਘਰ ਕਿਵੇਂ ਵੜਿਆ ਰਹਿ ਸਕਦਾ ਏ। ਕਰਤਾਰਪੁਰ ਉਹਦਾ ਆਪਣਾ ਘਰ ਏ।"

"ਇਕ ਗੱਲ ਹੋਰ ਵੀ ਤੁਹਾਡੇ ਨਾਲ ਕਰਨੀ ਸੀ," ਦੀਪੋ ਨੇ ਗੱਲ ਟੁੱਕ ਕੇ ਯਾਦ ਆਈ ਗੱਲ ਤੁਰਤ ਮੂੰਹ 'ਤੇ ਲੈ ਆਂਦੀ। ਉਹ ਕਹਿਣ ਲੱਗੀ, "ਪਿਆਰੀ ਦਾਈ ਨੂੰ ਦਿਖਾਇਆ ਸੀ, ਉਹ ਕਹਿੰਦੀ ਏ ਕਿ ਹੋ ਸਕਦਾ ਏ ਕਿ ਦੋ ਬੱਚੇ ਹੋਣ। ਕਹਿੰਦੀ ਸੀ ਕਿ ਉਹਦਾ ਅਨੁਮਾਨ ਵੀ ਇਸੇ ਤਰ੍ਹਾਂ ਦਾ ਏ।"

"ਤਾਂ ਕੀ ਹੋਇਆ," ਜਥੇਦਾਰ ਕਰਮ ਸਿੰਘ ਨੇ ਫਿਰ ਇਹਨੂੰ ਹਲਕੇ ਫੁਲਕੇ ਢੰਗ ਨਾਲ ਲੈਂਦਿਆਂ ਆਖਿਆ, "ਅੱਗੇ ਨਹੀਂ ਲੋਕਾਂ ਦੇ ਦੋ ਦੋ ਬੱਚੇ ਇਕੱਠੇ ਹੁੰਦੇ, ਇਹ ਕੋਈ ਨਵੀਂ ਜਾਂ ਅਲੋਕਾਰ ਗੱਲ ਤਾਂ ਨਹੀਂ। ਅਰਦਾਸ ਕਰਿਆ ਕਰ ਕਿ ਬੱਚੇ ਤੇ ਸੁੰਦਰਾਂ ਦੀ ਸਿਹਤ ਠੀਕ ਹੋਵੇ। ਨਰੋਏ ਮਨੁੱਖ ਹੀ ਚੰਗੇ ਲੱਗਦੇ ਨੇ।"

"ਤੁਸੀਂ ਫਿਰ ਫ਼ਤਹਿ ਸਿੰਘ ਨੂੰ ਅੱਜ-ਕੱਲ੍ਹ ਘੱਟ ਹੀ ਬਾਹਰ ਭੇਜਿਆ ਕਰੋ," ਦੀਪੋ ਨੇ ਸੁਝਾਅ ਦਿੱਤਾ।

"ਦੇਖ ਬਈ, ਜੇਕਰ ਪੰਥਕ ਕਾਰਜਾਂ ਲਈ ਉਹਦੀ ਲੋੜ ਹੋਵੇਗੀ ਤਾਂ ਮੈਂ ਜਾਣ ਬੁੱਝ ਕੇ ਨਹੀਂ ਰੋਕਾਂਗਾ," ਕਰਮ ਸਿੰਘ ਨੇ ਸਾਫ਼ ਕਿਹਾ, "ਜਿਥੇ ਉਹਦੇ ਬਿਨਾਂ ਸਰੇਗਾ ਉਥੇ ਨਹੀਂ ਜਾਣ ਦਿਆਂਗਾ। ਤੈਨੂੰ ਚੰਗਾ ਭਲਾ ਪਤਾ ਏ ਕਿ ਸਾਡੇ ਜੀਵਨ ਦੇ ਰੁਝੇਵੇਂ ਕੋਈ ਪਹਿਲਾਂ ਮਿਥੇ ਨਹੀਂ ਹੁੰਦੇ। ਹੁਣ ਕਿਸੇ ਪਾਸਿਉਂ ਹਮਲੇ ਦੀ ਖ਼ਬਰ ਆ ਜਾਏ ਤਾਂ ਸਾਨੂੰ ਤੁਰਤ ਉਧਰ ਜਾਣਾ ਪਵੇਗਾ। ਰਾਤ ਘਰ ਸੁੱਤੇ ਪਿਆਂ ਵੀ ਉੱਠ ਕੇ ਭੱਜਣਾ ਪੈ ਸਕਦਾ ਏ। ਹਾਂ, ਇਕ ਗੱਲ ਹੋ ਸਕਦੀ ਏ, ਫ਼ਤਹਿ ਸਿੰਘ ਨੂੰ ਅਨੰਦਪੁਰ ਸਾਹਿਬ ਭੇਜ ਦੇਈਏ ਤੇ ਤੁਸੀਂ ਵੀ ਉਥੇ ਹੀ ਜਾ ਕੇ ਰਹਿ ਪਵੋਂ।"

"ਮੈਂ ਹੁਣ ਤੁਹਾਨੂੰ ਵੀ ਛੱਡ ਕੇ ਨਹੀਂ ਜਾ ਸਕਦੀ," ਦੀਪੋ ਨੇ ਕਿਹਾ, "ਤੁਸੀਂ ਆਪਣੇ ਖਾਣ-ਪੀਣ ਤੇ ਸਰੀਰ ਦੀਆਂ ਲੋੜਾਂ ਤੋਂ ਇਤਨੇ ਬੇਪਰਵਾਹ ਹੋ ਕਿ ਰਹੇ ਰੱਬ ਦਾ ਨਾਂ ? ਮੇਰੇ ਪਿੱਛੋਂ ਤੁਸੀਂ ਕਈ ਕਈ ਡੰਗ ਰੋਟੀ ਹੀ ਨਹੀਂ ਖਾਂਦੇ। ਇਸ ਲਈ ਮੈਂ ਕਰਤਾਰਪੁਰ ਹੀ ਰਹਿਣਾ ਚਾਹੁੰਦੀ ਹਾਂ।"

"ਮੈਂ ਸਮਝ ਗਿਆ ਹਾਂ, ਇਹ ਕੋਈ ਬਾਹਰੀ ਜਾਂ ਕਿਸੇ ਦੂਜੇ ਦੀ ਪੈਦਾ ਕੀਤੀ ਸਮੱਸਿਆ ਨਹੀਂ। ਇਹ ਤਾਂ ਤੇਰੇ ਆਪਣੇ ਮਨ ਦੀ ਇੱਛਾ ਦੀ ਗੁੰਝਲ ਹੈ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਤੇਰੇ ਵੱਸ ਨਹੀਂ, ਇਹ ਉਮਰ ਹੀ ਅਜਿਹੀ ਹੁੰਦੀ ਏ ਜਦੋਂ ਇਨਸਾਨ ਨੂੰ ਇਕ ਪਾਸੇ ਆਪਣੇ ਦੋਹਾਂ ਜੀਆਂ ਪ੍ਰਤੀ ਪਿਆਰ ਤੇ ਚਿੰਤਾ ਹੁੰਦੀ ਏ, ਦੂਜੇ ਪਾਸੇ ਮੋਹ, ਮਾਇਆ ਦਾ ਜਾਲ ਧੀਆਂ ਪੁੱਤਰਾਂ ਦੀ ਹਰ ਵੇਲੇ ਫ਼ਿਕਰ ਪਈ ਰਹਿੰਦੀ ਏ। ਤੀਜੇ ਪਾਸੇ ਅਗਲੀ ਪੀੜ੍ਹੀ ਪੋਤਰੇ ਪੋਤਰੀਆਂ ਦੇਖਣ ਤੇ ਪਾਲਣ ਦਾ ਜਜ਼ਬਾ ਹੁੰਦਾ ਏ। ਔਰਤ ਇਕ ਤੇ ਕੁਰਬਾਨ ਤਿੰਨ ਪਾਸੇ ਹੋਣਾ ਪੈਂਦਾ ਏ।"

ਪਲ ਕੁ ਰੁਕ ਕੇ ਫਿਰ ਕਰਮ ਸਿੰਘ ਨੇ ਕਿਹਾ, "ਵਾਹਿਗੁਰੂ 'ਤੇ ਭਰੋਸਾ ਰੱਖ। ਉਹ ਸਾਰੇ

ਕਾਰਜ ਰਾਸ ਕਰੇਗਾ। ਹਾਲਾਤ ਦੇ ਥਪੇੜੇ ਪਤਾ ਨਹੀਂ ਕੀ ਕਰਨ। ਚੜ੍ਹਦੀ ਕਲਾ ਵਿਚ ਰਹਿਣ ਨਾਲ ਹੀ ਸਾਰੇ ਸੰਕਟ ਦੂਰ ਹੋਣਗੇ। ਢਹਿੰਦੀ ਕਲਾ ਨਾਲ ਅੱਜ ਤਕ ਕੋਈ ਮਸਲਾ ਹੱਲ ਨਹੀਂ ਹੋਇਆ।"

"ਤੁਹਾਡੇ ਨਾਲ ਰਹਿ ਕੇ ਮੈਂ ਵੀ ਉੱਚੀਆਂ ਹਵਾਵਾਂ ਵਿਚ ਰਹਿਣ ਦੀ ਆਦੀ ਹੋ ਗਈ ਹਾਂ," ਦੀਪੋ ਨੇ ਆਖਿਆ, "ਪਰ ਇਹ ਵੀ ਸੱਚ ਏ ਕਿ ਮੈਂ ਇਕ ਔਰਤ ਹਾਂ, ਮਾਂ ਹਾਂ ਤੇ ਇਕ ਮੁਟਿਆਰ ਦੀ ਸੱਸ ਵੀ ਹਾਂ। ਪਹਿਲਾਂ ਸਮਝ ਨਹੀਂ ਆਉਂਦੀ, ਨੂੰਹ ਸਾਂ ਤਾਂ ਮੇਰੇ ਵਿਚਾਰ ਤੇ ਵਤੀਰਾ ਹੋਰ ਸੀ। ਮਾਂ ਬਣ ਕੇ ਕਾਫ਼ੀ ਤਬਦੀਲੀ ਆਈ ਤੇ ਹੁਣ ਨੂੰਹ ਨੂੰ ਘਰ ਲਿਆ ਕੇ ਜੀਵਨ ਦਾ ਹੋਰ ਹੀ ਤਜਰਬਾ ਸਾਹਮਣੇ ਆ ਰਿਹਾ ਹੈ।"

"ਹਰ ਪੀੜ੍ਹੀ ਪਹਿਲੀ ਨਾਲੋਂ ਸੁਚੇਤ ਤੇ ਅਗਾਂਹ-ਵਧੂ ਖ਼ਿਆਲਾਂ ਦੀ ਹੁੰਦੀ ਏ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਇਹ ਸਮਾਜਕ ਵਿਕਾਸ ਦਾ ਨਿਯਮ ਹੈ। ਸਾਡੇ ਚੰਗੇ ਮਾੜੇ ਤਜਰਬੇ ਅਗਲੀ ਪੀੜ੍ਹੀ ਲਈ ਆਪਣਾ ਰਾਹ ਚੁਣਨ ਵਿਚ ਸਹਾਇਕ ਹੁੰਦੇ ਹਨ। ਘਰਾਂ ਵਿਚ ਨੂੰਹ ਸੱਸ ਦੇ ਰਿਸ਼ਤੇ ਵਿਚ ਉਦੋਂ ਹੀ ਤਰੇੜ ਆਉਂਦੀ ਏ, ਜਦੋਂ ਸੱਸਾਂ ਸਮਝਣ ਕਿ ਅਸੀਂ ਮਾਲਕ ਹਾਂ ਤੇ ਨੂੰਹ ਸਾਡੇ ਅਧੀਨ। ਜਾਂ ਨੂੰਹਾਂ ਆਪਣੇ ਆਪ ਨੂੰ ਲੋੜ ਤੋਂ ਵਧੇਰੇ ਹੀ ਸਿਆਣੀਆਂ ਸਮਝਣ ਲੱਗ ਪੈਣ। ਰਿਸ਼ਤੇ ਵਿਚ ਸੰਤੁਲਨ ਬਣਾਈ ਰੱਖਣ ਨਾਲ ਹੀ ਪਰਿਵਾਰਕ ਜੀਵਨ ਠੀਕ ਤਰ੍ਹਾਂ ਚੱਲਦਾ ਏ। ਤੂੰ ਤੇ ਲੋਕਾਂ ਨੂੰ ਮੱਤਾਂ ਦਿੰਦੀ ਰਹੀ ਏਂ, ਹੁਣ ਆਪ ਕਿਉਂ ਭਾਵੁਕ ਹੋਣ ਲੱਗ ਪਈ ਏਂ।"

ਇਉਂ ਗੱਲਾਂ ਕਰਦੇ, ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਸੌਂ ਗਏ। ਸੁੰਦਰਾਂ ਕੰਧ ਉਹਲੇ ਖੜੀ ਕਾਫ਼ੀ ਦੇਰ ਗੱਲਾਂ ਸੁਣਦੀ ਰਹੀ। ਉਹਦਾ ਜੀਅ ਵੀ ਕੀਤਾ ਕਿ ਸੱਸ ਸਹੁਰੇ ਲਈ ਦੁੱਧ ਦੇ ਛੰਨੇ ਭਰ ਕੇ ਦੇ ਆਵੇ ਪਰ ਉਹਨੂੰ ਝਾਕਾ ਆ ਗਿਆ। ਫਿਰ ਇਹ ਸੋਚ ਕੇ ਮੁੜ ਆਪਣੇ ਕਮਰੇ ਵਿਚ ਚਲੀ ਗਈ ਕਿ ਸੱਸ ਉੱਠ ਕੇ ਬਾਹਰ ਆਏਗੀ ਤੇ ਭੜੋਲੀ ਵਿਚ ਗੋਹੇ ਦੀ ਨਿੰਮੀ ਨਿੰਮੀ ਅੱਗ ਤੋਂ ਦੁੱਧ ਚੁੱਕ ਕੇ ਲੈ ਜਾਏਗੀ, ਪਰ ਦੀਪੋ ਨੂੰ ਰੱਜ ਕੇ ਗੱਲਾਂ ਕਰਨ ਦਾ ਅੱਜ ਇਤਨਾ ਤੀਖਣ ਖ਼ਿਆਲ ਸੀ ਕਿ ਉਹ ਵੀ ਜਥੇਦਾਰ ਕਰਮ ਸਿੰਘ ਲਈ ਦੁੱਧ ਲਿਆਉਣਾ ਭੁੱਲ ਗਈ।

ਸਵੇਰੇ ਸਵੇਰੇ ਸ. ਵਡਭਾਗ ਸਿੰਘ ਜੀ ਆ ਗਏ ਤੇ ਉਨ੍ਹਾਂ ਦੱਸਿਆ ਕਿ ਕਰਤਾਰਪੁਰ 'ਤੇ ਦਿਲਾਵਰ ਖ਼ਾਂ ਦਾ ਵੱਡਾ ਹਮਲਾ ਹੋਣ ਵਾਲਾ ਹੈ। ਇਸ ਲਈ ਜ਼ੋਰ ਸ਼ੋਰ ਨਾਲ ਤਿਆਰੀ ਹੋ ਰਹੀ ਏ। ਇਸ ਲਈ ਸਾਨੂੰ ਵੀ ਸਿੰਘ ਇਕੱਠੇ ਕਰਨੇ ਚਾਹੀਦੇ ਹਨ। ਉਨ੍ਹਾਂ ਪਹਿਲਾਂ ਫ਼ਤਹਿ ਸਿੰਘ ਨਾਲ ਗੱਲ ਕੀਤੀ ਤੇ ਫਿਰ ਜਥੇਦਾਰ ਕਰਮ ਸਿੰਘ ਨੂੰ ਦੱਸਿਆ। ਉਨ੍ਹਾਂ ਤੁਰਤ ਆਸੇ-ਪਾਸੇ ਦੇ ਸਿੰਘਾਂ ਦੇ ਟਿਕਾਣਿਆਂ 'ਤੇ ਘੋੜ ਸਵਾਰ ਭੇਜ ਦਿੱਤੇ ਤਾਕਿ ਵੱਧ ਤੋਂ ਵੱਧ ਸਿੰਘ ਕਰਤਾਰਪੁਰ ਪਹੁੰਚ ਜਾਣ। ਕਦੀ ਵੀ ਅਜੇਹੀ ਸਥਿਤੀ ਵਿਚ ਨਿਰਾਸ਼ ਨਾ ਹੋਣ ਵਾਲੀ ਦੀਪੋ ਵੀ ਅੱਜ ਕੁਝ ਮਾਯੂਸ ਹੋ ਗਈ। ਉਹ ਚਾਹੁੰਦੀ ਸੀ ਕਿ ਬੱਚਾ ਹੋਣ ਤਕ ਸੁੰਦਰਾਂ ਸ਼ਾਂਤੀ ਵਿਚ ਸਮਾਂ ਕੱਟ ਲਏ। ਉਹਨੂੰ ਆਪਣੇ ਮਨ ਵਿਚ ਡਰ ਮਹਿਸੂਸ ਹੋਇਆ ਕਿ ਜੇ ਸੁੰਦਰਾਂ ਨੇ ਚਿੰਤਾ ਕੀਤੀ, ਉਹਨੂੰ ਹੌਲ ਪਿਆ ਤਾਂ ਇਨ੍ਹਾਂ ਦਿਨਾਂ ਵਿਚ ਕੋਈ ਅਣਹੋਣੀ ਹੋ ਸਕਦੀ ਏ। ਬੱਚਾ ਤੇ ਜੱਚਾ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਉਹਨੇ ਆਪਣੇ ਪਤੀ ਨੂੰ ਆਪਣੇ ਮਨ ਦੀ ਗੱਲ ਦੱਸੀ ਤੇ ਉਨ੍ਹਾਂ ਸਲਾਹ ਦਿੱਤੀ ਕਿ ਇਹਨੂੰ ਅਨੰਦਪੁਰ ਭੇਜ ਦਿਉ ਜਾਂ ਕੁਝ ਦਿਨਾਂ ਲਈ ਸੁਭਾਨਪੁਰ ਭੇਜ ਦਿਉ। ਮੁੜ ਹਾਲਾਤ ਠੀਕ ਹੋਣ 'ਤੇ ਵਾਪਸ ਲੈ ਆਵਾਂਗੇ।

ਫ਼ਤਹਿ ਸਿੰਘ ਆਪਣੇ ਬਾਪੂ ਨਾਲ ਤਾਂ ਇਸ ਮਸਲੇ 'ਤੇ ਗੱਲ ਨਹੀਂ ਸੀ ਕਰ ਸਕਦਾ। ਉਹਨੇ ਸ. ਵਡਭਾਗ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਸਲਾਹ ਦਿੱਤੀ ਕਿ ਸਾਰੇ ਪਰਵਾਰ ਨੂੰ ਕਿਲ੍ਹੇ ਵਿਚ ਭੇਜ ਦਿਉ। ਉਥੇ ਸੁਰੱਖਿਅਤ ਰਹਿਣਗੇ। ਫ਼ਤਹਿ ਸਿੰਘ ਨੇ ਆਖਿਆ, "ਜੇ

ਤਾਂ ਦੁਸ਼ਮਣ ਨੂੰ ਅਸੀਂ ਕਰਤਾਰਪੁਰ ਦੇ ਬਾਹਰ ਹੀ ਭਜਾ ਲਿਆ ਤਾਂ ਇਹ ਘਰ ਵਾਲੀ ਥਾਂ ਵੀ ਸੁਰੱਖਿਅਤ ਹੈ, ਪਰ ਜੇਕਰ ਵੈਰੀ ਸਾਡੀਆਂ ਲਾਸ਼ਾਂ ਤੋਂ ਲੰਘ ਕੇ ਨਗਰ ਦੇ ਅੰਦਰ ਆ ਵੜਿਆ ਤਾਂ ਉਹਦਾ ਸਭ ਤੋਂ ਪਹਿਲਾ ਨਿਸ਼ਾਨਾ ਗੁਰਦੁਆਰਾ ਥੰਮ੍ਹ ਸਾਹਿਬ ਹੋਏਗਾ ਤੇ ਫਿਰ ਉਹ ਕਿਲ੍ਹੇ 'ਤੇ ਕਾਬਜ਼ ਹੋਏਗਾ।"

"ਅਸੀਂ ਇਸ ਤਰ੍ਹਾਂ ਕਿਉਂ ਸੋਚਦੇ ਹਾਂ," ਸ. ਵਡਭਾਗ ਸਿੰਘ ਦੀ ਰਾਏ ਸੀ, "ਖ਼ਾਲਸੇ ਦੀ ਇਸ ਸਮੇਂ ਚੜ੍ਹਤ ਹੈ। ਜੇ ਅਸੀਂ ਲਾਹੌਰ ਦੇ ਜ਼ਕਰੀਆ ਖ਼ਾਨ ਨੂੰ ਸੱਤ ਸਾਲਾਂ ਤੋਂ ਲੋਹੇ ਦੇ ਚਣੇ ਚਬਾ ਸਕਦੇ ਹਾਂ ਤਾਂ ਇਹ ਦਿਲਾਵਰ ਖ਼ਾਂ ਕੌਣ ਹੁੰਦਾ ਏ। ਜੇ ਮੁਗ਼ਲ ਸਰਕਾਰ ਦੀਆਂ ਗੋਡੀਆਂ ਲੱਗ ਗਈਆਂ ਤਾਂ ਇਹ ਪਹਿਲਾਂ ਭੱਜ ਕੇ ਸਾਡੇ ਨਾਲ ਸੁਲਹ ਕਰਨ ਦਾ ਯਤਨ ਕਰਨਗੇ।"

ਦੋਵੇਂ ਇਸ ਪਿੱਛੋਂ ਸਾਰਾ ਹਿਸਾਬ-ਕਿਤਾਬ ਕਰਨ ਲੱਗ ਪਏ ਕਿ ਦੁਸ਼ਮਣ ਦੀ ਕਿਤਨੀ ਤਾਕਤ ਹੋ ਸਕਦੀ ਏ ਤੇ ਸਾਨੂੰ ਉਹਦੇ ਟਾਕਰੇ ਲਈ ਕਿਤਨੇ ਸਿੰਘ ਚਾਹੀਦੇ ਹਨ।

73

ਦਿਲਾਵਰ ਖ਼ਾਂ ਨੇ ਚੋਖੀ ਫ਼ੌਜ ਇਕੱਠੀ ਕਰ ਲਈ ਸੀ ਤੇ ਉਹ ਸੋਚਦਾ ਸੀ ਕਿ ਜੇਕਰ ਉਹ ਦੁਆਬੇ ਦੇ ਸਿਖ ਜਰਨੈਲ ਕਰਮ ਸਿੰਘ ਨੂੰ ਹਰਾ ਲਏ ਜਾਂ ਕਰਤਾਰਪੁਰ ਦੀ ਇੱਟ ਨਾਲ ਇੱਟ ਵਜਾ ਲਏ ਤਾਂ ਉਹਦੀਆਂ ਪਿਛਲੀਆਂ ਅਸਫਲਤਾਵਾਂ 'ਤੇ ਵੀ ਪਰਦਾ ਪੈ ਜਾਏਗਾ। ਇਸ ਲਈ ਕਈ ਦਿਨ ਜਲੰਧਰ ਬੈਠ ਕੇ ਉਹ ਤਿਆਰੀ ਕਰਦਾ ਰਿਹਾ। ਚੌਧਰੀਆਂ ਨੂੰ ਕਿਲ੍ਹੇਦਾਰ ਤੇ ਕਿਲ੍ਹੇਦਾਰਾਂ ਨੂੰ ਫ਼ੌਜਦਾਰ ਬਣਾਣ ਦੇ ਲਾਰੇ ਲਾ ਕੇ ਉਹਨੇ ਆਪਣੇ ਨਾਲ ਗੰਢਣ ਦੀ ਰਾਜਨੀਤਕ ਚਾਲ ਦੀ ਪੂਰੀ ਸ਼ਕਤੀ ਨਾਲ ਵਰਤੋਂ ਕੀਤੀ। ਇਧਰ ਜਥੇਦਾਰ ਕਰਮ ਸਿੰਘ ਤੋਂ ਥਾਪੜਾ ਲੈ ਕੇ ਸ. ਵਡਭਾਗ ਸਿੰਘ ਤੇ ਫ਼ਤਹਿ ਸਿੰਘ ਟਾਕਰੇ ਦੀ ਤਿਆਰੀ ਕਰਨ ਲੱਗੇ। ਜਥੇਦਾਰ ਕਰਮ ਸਿੰਘ ਨੇ ਉਨ੍ਹਾਂ ਨੂੰ ਸਮਝਾ ਦਿੱਤਾ ਸੀ ਕਿ ਸੂਰਾਂ ਤੇ ਨੱਸੀ ਪਿੰਡਾਂ ਦੇ ਕੋਲ ਜੰਗਲ ਵਧੀਆ ਟਿਕਾਣਾ ਹੈ। ਦੁਸ਼ਮਣ ਨੂੰ ਉਥੇ ਤੁਹਾਡੀ ਤਾਕਤ ਦਾ ਹਿਸਾਬ ਨਹੀਂ ਲੱਗ ਸਕੇਗਾ ਤੇ ਤੁਸੀਂ ਸਭ ਕੁਝ ਦੇਖ ਸਕਦੇ ਹੋ। ਰੁੱਖਾਂ ਦੇ ਝੁੰਡ ਅਜਿਹੇ ਨੇ, ਉਨ੍ਹਾਂ ਵਿਚਕਾਰੋਂ ਲੰਘਦਾ ਰਾਹ ਤੇ ਫ਼ੌਜੀ ਤਿੰਨ ਪਾਸਿਉਂ ਘੇਰੇ ਜਾ ਸਕਦੇ ਹਨ। ਜੇਕਰ ਖੱਬੇ ਸੱਜੇ ਦੇ ਜਥੇ ਉਨ੍ਹਾਂ ਤੇ ਇਕੋ ਵੇਲੇ ਹਮਲਾ ਕਰ ਕੇ ਪਿਛਲਾ ਪਾਸਾ ਘੇਰ ਲੈਣ ਤਾਂ ਹਕੂਮਤ ਦੀਆਂ ਫ਼ੌਜਾਂ ਨੂੰ ਪਿੱਛੋਂ ਆਉਂਦੀ ਮਦਦ ਰੁਕ ਸਕਦੀ ਏ। ਇਧਰੋਂ ਪਿੱਛੋਂ ਤੁਹਾਨੂੰ ਅਸਲਾ ਬਾਰੂਦ ਤੇ ਖਾਣ ਪੀਣ ਦੀਆਂ ਵਸਤਾਂ ਪਹੁੰਚਾਣ ਦਾ ਕੰਮ ਸਾਡੇ ਸਪੁਰਦ ਰਹੇਗਾ। ਉਂਝ ਇਹ ਵੀ ਸਮਝ ਲਉ ਕਿ ਸ਼ਾਹੀ ਫ਼ੌਜਾਂ ਦੋ ਦਿਨ ਵੀ ਭੁੱਖ ਨਹੀਂ ਕੱਟ ਸਕਦੀਆਂ ਜਦ ਕਿ ਸਿੰਘਾਂ ਨੂੰ ਕਈ ਕਈ ਕੜਾਕੇ ਕੱਟਣ ਦੀ ਆਦਤ ਹੋ ਗਈ ਏ।

ਫ਼ੌਜਾਂ ਦੇ ਜਲੰਧਰ ਤੋਂ ਤੁਰਨ ਦੀ ਸੂਹੀਆਂ ਨੇ ਅਗਾਊਂ ਸੂਚਨਾ ਦੇ ਦਿੱਤੀ ਸੀ। ਇਸ ਲਈ ਸਿੰਘਾਂ ਨੇ ਆਪੋ ਆਪਣੇ ਮੋਰਚੇ ਸੰਭਾਲ ਲਏ। ਇਲਾਕੇ ਦੇ ਹਿੰਦੂ ਸਿੱਖਾਂ ਤੋਂ ਛੁੱਟ ਬਹੁਤੇ ਮੁਸਲਮਾਨ ਵੀ ਸਿੰਘਾਂ ਦੇ ਹਮਦਰਦ ਤੇ ਇਨ੍ਹਾਂ ਲਈ ਕੁਝ ਵੀ ਕਰਨ ਲਈ ਤਿਆਰ ਸਨ। ਸੂਹੀਆਂ ਦਾ ਬਹੁਤਾ ਕੰਮ ਮੁਸਲਮਾਨ ਵੀਰ ਹੀ ਕਰ ਰਹੇ ਸਨ। ਦੂਜੇ ਪਾਸੇ ਹਕੂਮਤ ਦੇ ਸੂਹੀਏ ਸਿੰਘਾਂ ਦੇ ਕੈਂਪ ਦੇ ਨੇੜੇ ਵੀ ਨਹੀਂ ਸਨ ਆਉਂਦੇ। ਇਕ ਦੋ ਵਾਰ ਉਨ੍ਹਾਂ ਨੇ ਕਰਤਾਰਪੁਰ ਆ ਕੇ ਕੁਝ ਸੂਹ ਕੱਢਣ ਦਾ ਯਤਨ ਕੀਤਾ ਪਰ ਉਹ ਫੜੇ ਗਏ। ਉਨ੍ਹਾਂ ਨਾਲ ਉਹੀ ਸਲੂਕ ਹੋਇਆ,

ਜੋ ਅਜਿਹੇ ਲੋਕਾਂ ਨਾਲ ਹੁੰਦਾ ਸੀ।

ਸਿੰਘਾਂ ਦਾ ਇਕ ਸੂਹੀਆ ਝੁੰਡ ਦੇ ਨੇੜੇ ਆਇਆ ਤੇ ਉਹਨੇ ਦੂਰੋਂ ਨਿਸ਼ਾਨੀ ਵੱਜੋਂ ਇਕ ਚਿੱਟਾ ਕੱਪੜਾ ਹਿਲਾ ਕੇ ਸੰਕੇਤ ਕਰ ਦਿੱਤਾ ਤਾਕਿ ਉਹਦੇ 'ਤੇ ਅਣਜਾਣੇ ਵਿਚ ਕੋਈ ਹਮਲਾ ਨਾ ਕਰ ਦੇਵੇ। ਉਹਨੇ ਆ ਕੇ ਦੱਸਿਆ ਕਿ ਸ਼ਹਿਰ ਦੇ ਬਾਹਰ ਫਗਵਾੜਾ ਦਰਵਾਜ਼ੇ ਦੇ ਸਾਹਮਣੇ ਮੈਦਾਨ ਤੋਂ ਫ਼ੌਜਾਂ ਤੁਰੀਆਂ ਸਨ, ਪਰ ਅਮਾਮ ਨਾਸਰ ਮਸਜਦ ਦੇ ਨੇੜੇ ਆ ਕੇ ਉਨ੍ਹਾਂ ਨੂੰ ਪਤਾ ਨਹੀਂ ਕੀ ਹੋਇਆ, ਉਹ ਰੁਕ ਗਈਆਂ। ਦਿਲਾਵਰ ਖ਼ਾਂ ਨਾਲ ਕੁਝ ਲੋਕ ਨੇੜੇ ਹੋ ਕੇ ਗੱਲਾਂ ਕਰਦੇ ਰਹੇ। ਆਪਸ ਵਿਚ ਬਹਿਸ ਵੀ ਹੋਈ ਪਰ ਅਸੀਂ ਦੂਰ ਸਾਂ, ਕੁਝ ਸੁਣ ਨਹੀਂ ਸਕੇ। ਇਸ ਪਿੱਛੋਂ ਉਹ ਕਰਤਾਰਪੁਰ ਵੱਲ ਆਉਣ ਦੀ ਥਾਂ ਸੁਲਤਾਨਪੁਰ ਲੋਧੀ ਵੱਲ ਜਾਂਦੀ ਜਰਨੈਲੀ ਸੜਕ 'ਤੇ ਚੱਲ ਪਏ। ਮੈਨੂੰ ਅਲੀ ਹੈਦਰ ਨੇ ਇਹ ਸੂਚਨਾ ਦੇਣ ਲਈ ਭੇਜ ਦਿੱਤਾ ਏ ਤੇ ਉਹ ਆਪ ਉਥੇ ਹੀ ਰੁਕ ਗਿਆ ਏ ਤਾਕਿ ਪਤਾ ਕਰ ਸਕੇ ਕਿ ਫ਼ੌਜਾਂ ਨੇ ਰਾਹ ਕਿਉਂ ਬਦਲ ਲਿਆ ਏ ਤੇ ਹੁਣ ਉਹ ਕਿਧਰ ਜਾ ਪੈਣਗੀਆਂ। ਇਕ ਬੰਦਾ ਫ਼ੌਜਾਂ ਦੇ ਪਿੱਛੇ ਪਿੱਛੇ ਜਾ ਰਿਹਾ ਏ ਜੋ ਰਾਤ ਦੇ ਟਿਕਾਣੇ ਤਕ ਜਾਏਗਾ ਤੇ ਉਥੋਂ ਉਹ ਕਰਤਾਰਪੁਰ ਆਏਗਾ।

ਫ਼ਤਹਿ ਸਿੰਘ ਤੇ ਵਡਭਾਗ ਸਿੰਘ ਨੇ ਤੁਰਤ ਜਥੇਦਾਰਾਂ ਦੀ ਇਕੱਤਰਤਾ ਇਕ ਥਾਂ ਬੁਲਾਈ ਤੇ ਸੂਹੀਏ ਦੀ ਸਾਰੀ ਖ਼ਬਰ ਦੱਸ ਕੇ ਇਸ ਸਥਿਤੀ 'ਤੇ ਵਿਚਾਰਾਂ ਸ਼ੁਰੂ ਹੋ ਗਈਆਂ। ਹਰ ਇਕ ਨੇ ਇਸ ਬਾਰੇ ਆਪਣੇ ਅਨੁਮਾਨ ਬਿਆਨ ਕੀਤੇ, ਜੋ ਵੱਖੋ ਵੱਖਰੇ ਸਨ। ਪਰ ਇਕ ਗੱਲ ਲਈ ਸਾਰੇ ਸਹਿਮਤ ਸਨ ਕਿ ਸੁਲਤਾਨਪੁਰ ਲੋਧੀ ਨੇੜੇ ਆਪਣਾ ਮੋਰਚਾ ਪੱਕਾ ਕਰਨਾ ਚਾਹੀਦਾ ਏ। ਜੇ ਉਹ ਦਰਿਆ ਟੱਪ ਗਿਆ ਤਾਂ ਸਮਝ ਲਉ ਕਿ ਉਹ ਦੁਆਬੇ 'ਚੋਂ ਨਿਕਲ ਕੇ ਲਾਹੌਰ ਜਾ ਰਿਹਾ ਏ ਤੇ ਜੇਕਰ ਉਹ ਕਿਧਰੇ ਹੋਰ ਹਮਲਾ ਕਰਨ ਜਾ ਰਿਹਾ ਏ ਤਾਂ ਉਹ ਸਥਾਨਕ ਫ਼ੌਜ ਨੂੰ ਅਜੇ ਵਾਪਸ ਨਹੀਂ ਭੇਜੇਗਾ। ਜਦ ਤਕ ਮਾਮਲਾ ਸਾਫ਼ ਨਾ ਹੋ ਜਾਏ, ਇਥੋਂ ਮੋਰਚੇ ਖ਼ਾਲੀ ਨਹੀਂ ਕਰਨੇ। ਦੂਜਾ ਫ਼ੈਸਲਾ ਹੋ ਗਿਆ ਕਿ ਜਥੇਦਾਰ ਕਰਮ ਸਿੰਘ ਨੂੰ ਖ਼ਬਰ ਕਰ ਦਿੱਤੀ ਜਾਏ ਤੇ ਉਹ ਸੁਲਤਾਨਪੁਰ ਲੋਧੀ ਤੇ ਸਿੰਘਪੁਰ ਵੱਲ ਕੁਝ ਜਥੇ ਭੇਜ ਦੇਣ ਤੇ ਨਾਲੇ ਉਥੋਂ ਦੇ ਸਿੰਘਾਂ ਨੂੰ ਖ਼ਬਰਦਾਰ ਕਰ ਦੇਣ।

ਸ਼ਾਮ ਨੂੰ ਅਲੀ ਹੈਦਰ ਵੀ ਪਹੁੰਚ ਗਿਆ, ਉਹ ਖ਼ਬਰ ਲਿਆਇਆ ਕਿ ਦਿਲਾਵਰ ਖ਼ਾਂ ਨੂੰ ਲਾਹੌਰ ਤੋਂ ਹਦਾਇਤ ਆਈ ਹੈ ਕਿ ਉਹ ਕਰਤਾਰਪੁਰ 'ਤੇ ਹਮਲਾ ਨਾ ਕਰੇ ਤੇ ਤੁਰਤ ਆਪਣੀ ਫ਼ੌਜ ਲੈ ਕੇ ਲਾਹੌਰ ਆ ਜਾਏ। ਇਸ ਹਦਾਇਤ ਦਾ ਸੁਨੇਹਾ ਫ਼ੌਜਦਾਰ ਜਲੰਧਰ ਦੇ ਨਾਮ ਵੀ ਸੀ। ਇਹ ਹੁਕਮ ਉਨ੍ਹਾਂ ਨੂੰ ਅਮਾਮ ਨਾਸਰ ਮਸੀਤ ਦੇ ਕੋਲ ਹੀ ਪਹੁੰਚਿਆ ਤੇ ਉਥੇ ਇਸ ਬਾਰੇ ਹੀ ਉਹ ਕਾਫ਼ੀ ਵਿਚਾਰਾਂ ਕਰਦੇ ਰਹੇ ਹਨ। ਕਰਤਾਰਪੁਰ 'ਤੇ ਹਮਲੇ ਦਾ ਹੁਣ ਫ਼ੌਰੀ ਤੌਰ 'ਤੇ ਕੋਈ ਖ਼ਤਰਾ ਨਹੀਂ।

ਫਿਰ ਇਹ ਸੂਚਨਾ ਵੀ ਕਰਤਾਰਪੁਰ ਭੇਜੀ ਗਈ, ਜਿਥੋਂ ਜਥੇਦਾਰ ਕਰਮ ਸਿੰਘ ਪਹਿਲਾਂ ਹੀ ਇਧਰ ਚੱਲ ਪਏ ਸਨ। ਉਹ ਤੁਰਤ ਨੱਸੀ ਪਹੁੰਚ ਗਏ। ਉਹ ਅੱਗੇ ਵੀ ਕਈ ਵਾਰ ਇਥੇ ਮੋਰਚੇ ਬਣਾ ਚੁੱਕੇ ਸਨ। ਉਨ੍ਹਾਂ ਸਲਾਹ ਕਰ ਕੇ ਫ਼ੈਸਲਾ ਕੀਤਾ ਕਿ ਕੁਝ ਜਥੇ ਵਾਪਸ ਕਰਤਾਰਪੁਰ ਚਲੇ ਜਾਣ ਤੇ ਦੀਨ ਮੁਹੰਮਦ ਦੇ ਮੁੜਨ ਤਕ ਇਥੇ ਵੀ ਰਹੀਏ। ਪਤਾ ਲੱਗ ਜਾਏ ਕਿ ਉਨ੍ਹਾਂ ਦਾ ਅੱਗੋਂ ਕੀ ਵਿਚਾਰ ਹੈ ਤੇ ਇਸ ਦੁਆਬੇ ਦੇ ਚੌਧਰੀਆਂ ਦੀ ਫ਼ੌਜ ਨੂੰ ਉਹ ਵਾਪਸ ਪਿੰਡਾਂ ਵਿਚ ਭੇਜਦੇ ਨੇ ਜਾਂ ਇਕੱਠੇ ਇਕ ਥਾਂ ਨੇ।

"ਮੈਂ ਇਥੇ ਹੀ ਅਖ਼ੀਰ ਤਕ ਟਿਕਾਂਗਾ," ਸ. ਵਡਭਾਗ ਸਿੰਘ ਨੇ ਸੁਝਾਅ ਪੇਸ਼ ਕੀਤਾ, "ਫ਼ਤਹਿ ਸਿੰਘ ਨੂੰ ਕਰਤਾਰਪੁਰ ਭੇਜ ਦਿੱਤਾ ਜਾਏ, ਇਹ ਉਥੇ ਹੀ ਅਗਲੇ ਆਦੇਸ਼ ਤਕ ਰਹਿਣ।"

ਫ਼ਤਹਿ ਸਿੰਘ ਨੇ ਕੂਹਣੀ ਮਾਰੀ ਤੇ ਹੌਲੀ ਜਿਹੀ ਕੰਨ ਵਿਚ ਆਖਿਆ, "ਮੇਰਾ ਕਿਉਂ ਮੌਜੂ ਬਣਾ ਰਹੇ ਹੋ ?"

ਮਸਖਰੀ ਭਰੀ ਹਾਸੀ ਹੱਸਦਿਆਂ ਉਸੇ ਧੀਮੀ ਸੁਰ ਵਿਚ ਵਡਭਾਗ ਸਿੰਘ ਨੇ ਉੱਤਰ ਦਿੱਤਾ, "ਭਰਜਾਈ ਖ਼ੁਸ਼ ਹੋ ਜਾਏਗੀ। ਇਨ੍ਹਾਂ ਦਿਨਾਂ ਵਿਚ ਉਹਨੂੰ ਖ਼ੁਸ਼ ਰੱਖਣਾ ਸਾਡੀ ਸਭ ਦੀ ਜ਼ਿੰਮੇਵਾਰੀ ਏ।"

"ਤੁਸੀਂ ਦੋਵੇਂ ਇਥੇ ਹੀ ਰਹੋ," ਜਥੇਦਾਰ ਕਰਮ ਸਿੰਘ ਨੇ ਆਦੇਸ਼ ਦਿੱਤਾ, "ਬਾਕੀ ਸਭ ਜਥਿਆਂ ਨੂੰ ਉਥੇ ਭੇਜੋ। ਇਹ ਥਾਂ ਕਿਹੜੀ ਕਰਤਾਰਪੁਰ ਤੋਂ ਦੂਰ ਏ। ਝੱਟ ਹੀ ਬੰਦਾ ਆ ਜਾ ਸਕਦਾ ਏ। ਮੈਂ ਤਾਂ ਕਹਿੰਦਾ ਹਾਂ ਕਿ ਅਸੀਂ ਇਹ ਥਾਂ ਆਪਣਾ ਪੱਕਾ ਟਿਕਾਣਾ ਬਣਾਈਏ। ਖੁੱਲ੍ਹੀ ਥਾਂ ਹੈ। ਪਾਣੀ ਦਾ ਸੁੱਖ ਵੀ ਮੌਜੂਦ ਹੈ ਤੇ ਆਸ-ਪਾਸ ਦੇ ਪਿੰਡ ਵੀ ਸਾਡੇ ਸਹਿਯੋਗੀ ਤੇ ਹਮਦਰਦ ਹਨ। ਖ਼ੁਸ਼ੀ ਖ਼ੁਸ਼ੀ ਸਾਡੀ ਹਰ ਲੋੜ ਪੂਰੀ ਕਰਨਗੇ।"

ਜਥੇਦਾਰ ਕਰਮ ਸਿੰਘ ਚਲੇ ਗਏ। ਪਿੱਛੋਂ ਸ. ਵਡਭਾਗ ਸਿੰਘ ਨੇ ਮੁੜ ਕੇ ਆਪਣੇ ਬਚਪਨ ਦੇ ਯਾਰ ਫ਼ਤਹਿ ਸਿੰਘ ਨਾਲ ਹਾਸਾ ਮਖ਼ੌਲ ਸ਼ੁਰੂ ਕਰ ਲਿਆ ਤੇ ਆਖਿਆ, "ਸੁਣਿਆ ਏ ਬਾਪੂ ਦੀ ਗੱਲ ਦਾ ਕੀ ਅਰਥ ਹੈ, ਤੁਸੀਂ ਦਿਨ ਨੂੰ ਇਥੇ ਆਇਆ ਕਰੋਗੇ ਤੇ ਰਾਤ ਨੂੰ ਕਰਤਾਰਪੁਰ ਜਾ ਕੇ ਰਹਿ ਸਕਦੇ ਹੋ।"

"ਇਉਂ ਸ਼ਰਮ ਨਹੀਂ ਆਏਗੀ," ਫ਼ਤਹਿ ਸਿੰਘ ਨੇ ਕਿਹਾ, "ਤੁਹਾਡਾ ਘਰ ਵੀ ਤਾਂ ਕਰਤਾਰਪੁਰ ਹੈ, ਤੁਸੀਂ ਕਿਉਂ ਨਹੀਂ ਰਾਤ ਨੂੰ ਘਰ ਚਲੇ ਜਾਂਦੇ ?"

"ਜਦੋਂ ਮੇਰੀ ਘਰ ਲੋੜ ਮਹਿਸੂਸ ਹੋਈ ਤਾਂ ਮੈਂ ਆਪੇ ਕਹਿ ਦਿਆਂਗਾ। ਤੁਹਾਡੇ ਵਾਂਗ ਸ਼ਰਮਾਂਦਾ ਨਹੀਂ ਰਹਾਂਗਾ," ਸ. ਵਡਭਾਗ ਸਿੰਘ ਨੇ ਕਿਹਾ।

"ਮੈਨੂੰ ਤੇ ਤੁਹਾਡੇ ਨਾਲ ਇਥੇ ਰਹਿਣਾ ਵਧੇਰੇ ਚੰਗਾ ਲੱਗ ਰਿਹਾ ਏ," ਫ਼ਤਹਿ ਸਿੰਘ ਨੇ ਬੜੀ ਸੰਜੀਦਗੀ ਨਾਲ ਗੱਲ ਕੀਤੀ, "ਘਰ ਰਹਿੰਦਿਆਂ ਇਸ ਤਰ੍ਹਾਂ ਦੋਸਤਾਂ ਮਿੱਤਰਾਂ ਦਾ ਸਾਥ ਪਹਿਰਾਂ ਬੱਧੀ ਕਿਥੇ ਮਿਲਦਾ ਏ ?"

ਦੂਜੇ ਦਿਨ ਕਰਤਾਰਪੁਰ ਸੂਚਨਾ ਪਹੁੰਚ ਗਈ ਕਿ ਕਾਂਜਲੀ ਨੇੜੇ ਪਹੁੰਚ ਕੇ ਦਿਲਾਵਰ ਖ਼ਾਂ ਨੇ ਸਾਰੇ ਸਥਾਨਕ ਚੌਧਰੀਆਂ ਦੇ ਫ਼ੌਜੀ ਜਵਾਨਾਂ ਨੂੰ ਆਪਣੇ ਆਪਣੇ ਪਿੰਡਾਂ ਨੂੰ ਵਿਦਾ ਕਰ ਦਿੱਤਾ ਤੇ ਹਦਾਇਤ ਕੀਤੀ ਕਿ ਉਹ ਲਾਹੌਰ ਤੋਂ ਮੁੜ ਕੇ ਉਨ੍ਹਾਂ ਦੀ ਸੇਵਾ ਹਾਸਲ ਕਰੇਗਾ। ਅਜੇ ਹਕੂਮਤ ਦੇ ਕਿਸੇ ਖ਼ਾਸ ਕੰਮ ਲਈ ਉਹਨੂੰ ਤੁਰਤ ਲਾਹੌਰ ਪਹੁੰਚਣ ਲਈ ਹੁਕਮ ਆ ਗਿਆ ਏ। ਫ਼ੌਜੀ ਟੁਕੜੀਆਂ ਨੂੰ ਵਿਦਾ ਕਰ ਕੇ ਉਹ ਲਾਹੌਰੀ ਫ਼ੌਜ ਸਮੇਤ ਦਰਿਆ ਬਿਆਸ ਟੱਪ ਗਿਆ ਹੈ।

"ਸਰਕਾਰੀ ਖ਼ਜ਼ਾਨਾ ਤਾਂ ਨਹੀਂ ਨਾਲ ਲੈ ਕੇ ਗਿਆ ?" ਜਥੇਦਾਰ ਕਰਮ ਸਿੰਘ ਦਾ ਝੱਟ ਪਹਿਲਾ ਪ੍ਰਸ਼ਨ ਸੀ।

"ਨਹੀਂ ਜੀ," ਸੂਹੀਏ ਨੇ ਇਤਨੇ ਭਰੋਸੇ ਨਾਲ ਉੱਤਰ ਦਿੱਤਾ, ਜਿਵੇਂ ਉਹਨੂੰ ਪੂਰਾ ਯਕੀਨ ਹੋਵੇ, "ਜੇ ਉਹ ਧਨ ਲਿਜਾ ਰਿਹਾ ਹੁੰਦਾ ਤਾਂ ਤੁਹਾਡੇ ਜਥੇ ਨੇ ਘੇਰਨ ਤੋਂ ਢਿੱਲ ਨਹੀਂ ਸੀ ਕਰਨੀ। ਮੈਨੂੰ ਪਤਾ ਏ ਕਿ ਉਹ ਵੀ ਪੂਰੀ ਨਿਗਰਾਨੀ ਰੱਖ ਰਹੇ ਸਨ।"

"ਦਿਲਾਵਰ ਖ਼ਾਂ ਦੇ ਵਾਪਸ ਚਲੇ ਜਾਣ ਦਾ ਕਾਰਨ ਕੀ ਹੋ ਸਕਦਾ ਏ ?" ਜਥੇਦਾਰ ਕਰਮ ਸਿੰਘ ਨੇ ਕੁਝ ਘੋਖਣ ਲਈ ਪੁੱਛਿਆ।

"ਇਹਦਾ ਤਾਂ ਪਤਾ ਨਹੀਂ ਲੱਗ ਸਕਿਆ," ਸੂਹੀਏ ਦਾ ਕਹਿਣਾ ਸੀ, "ਦਿਲਾਵਰ ਖ਼ਾਂ ਦੇ ਐਲਾਨ ਨਾਲ ਸੰਨਾਟਾ ਛਾ ਗਿਆ। ਕਿਤਨਾ ਚਿਰ ਤਾਂ ਕੋਈ ਟਿੱਪਣੀ ਨਹੀਂ ਕਰ ਸਕਿਆ। ਜਦੋਂ ਦਿਲਾਵਰ ਖ਼ਾਂ ਤੁਰ ਗਿਆ ਤਾਂ ਘਰਾਂ ਨੂੰ ਜਾਂਦੇ ਫ਼ੌਜੀ ਵੰਨ-ਸੁਵੰਨੀਆਂ ਗੱਲਾਂ ਕਰ ਰਹੇ ਸਨ। ਕੋਈ ਕਹਿੰਦਾ ਸੀ ਕਿ ਦਿਲਾਵਰ ਖ਼ਾਂ ਦੁਆਬੇ ਵਿਚ ਨਾਕਾਮ ਹੋ ਗਿਆ ਏ, ਇਸੇ ਲਈ

ਉਹਨੂੰ ਵਾਪਸ ਬੁਲਾ ਲਿਆ ਗਿਆ ਏ। ਕੋਈ ਕਹਿੰਦਾ ਸੀ ਕਿ ਲਾਹੌਰ ਦੀ ਹਕੂਮਤ 'ਤੇ ਕਬਜ਼ੇ ਲਈ ਕੋਈ ਉੱਠ ਖਲੋਤਾ ਹੋਏਗਾ, ਇਸ ਲਈ ਦਿਲਾਵਰ ਖ਼ਾਂ ਛੇਤੀ ਮੁੜ ਗਿਆ ਹੈ। ਜਿਤਨੇ ਮੂੰਹ ਉਤਨੀਆਂ ਗੱਲਾਂ। ਸਭ ਦਾ ਆਪੋ ਆਪਣਾ ਅਨੁਮਾਨ ਸੀ। ਸੱਚੀ ਗੱਲ ਦਾ ਤਾਂ ਕਿਸੇ ਨੂੰ ਪਤਾ ਨਹੀਂ ਸੀ।"

ਜਥੇਦਾਰ ਕਰਮ ਸਿੰਘ ਨੇ ਤੁਰਤ ਇਹ ਸੂਚਨਾ ਨੁਸ਼ੀ ਭੇਜ ਦਿੱਤੀ ਤੇ ਉਥੋਂ ਸ. ਵਡਭਾਗ ਸਿੰਘ ਤੇ ਫ਼ਤਹਿ ਸਿੰਘ ਨੂੰ ਜ਼ਰੂਰੀ ਸਲਾਹ ਮਸ਼ਵਰੇ ਲਈ ਕਰਤਾਰਪੁਰ ਬੁਲਾ ਲਿਆ। ਜਥੇਦਾਰ ਕਰਮ ਸਿੰਘ ਦੀ ਨੀਤੀ ਸੀ ਕਿ ਉਹ ਹਰ ਅਜਿਹੇ ਮੌਕੇ 'ਤੇ ਸਭ ਜਥੇਦਾਰਾਂ ਨੂੰ ਇਕੱਠਰ ਕਰਦਾ, ਉਨ੍ਹਾਂ ਨੂੰ ਬੁਲਾ ਕੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਪ੍ਰੇਰਦਾ। ਉਹਦਾ ਵਿਸ਼ਵਾਸ ਸੀ ਕਿ ਇਉਂ ਸਾਂਝ ਵਧਦੀ ਏ, ਪਿਆਰ ਪੈਦਾ ਹੁੰਦਾ ਏ ਤੇ ਹਰ ਕੋਈ ਪੰਥਕ ਜਦੋ-ਜਹਿਦ ਵਿਚ ਆਪਣੇ ਆਪ ਨੂੰ ਭਾਈਵਾਲ ਸਮਝਦਾ ਹੈ। ਆਗੂ ਤੇ ਸਾਧਾਰਨ ਜਥੇਦਾਰਾਂ ਵਿਚ ਰਿਸ਼ਤਾ ਮਜ਼ਬੂਤ ਹੁੰਦਾ ਹੈ।

ਇਕੱਤਰਤਾ ਵਿਚ ਵਿਚਾਰ ਅਧੀਨ ਗੱਲ ਇਹੀ ਸੀ ਕਿ ਦਿਲਾਵਰ ਖ਼ਾਂ ਕਿਉਂ ਲਾਹੌਰ ਪਰਤ ਗਿਆ ਹੈ ? ਉਹ ਤਾਂ ਜਲੰਧਰ ਤੋਂ ਕਰਤਾਰਪੁਰ ਵੱਲ ਚਲਿਆ ਸੀ ਪਰ ਸ਼ਹਿਰ ਤੋਂ ਬਾਹਰ ਨਿਕਲਦਿਆਂ ਕਿਉਂ ਉਹਨੇ ਰਾਹ ਬਦਲ ਲਿਆ। ਇਸ ਬਾਰੇ ਸਭ ਨੇ ਆਪੋ ਆਪਣੇ ਅਨੁਮਾਨ ਪੇਸ਼ ਕੀਤੇ। ਇਕ ਨਵਾਂ ਵਿਚਾਰ ਇਹ ਉਭਰਿਆ ਕਿ ਜ਼ਕਰੀਆ ਖ਼ਾਨ ਆਰਥਕ ਨਾਕਾਬੰਦੀ ਤੋਂ ਅਤਿ ਦੁਖੀ ਹੈ ਤੇ ਉਹ ਇਸ ਤੋਂ ਨਿਕਲਣਾ ਚਾਹੁੰਦਾ ਹੈ, ਇਸ ਲਈ ਉਹਨੇ ਨੀਤੀ ਵਿਚ ਕੁਝ ਤਬਦੀਲੀ ਲੈ ਆਂਦੀ ਹੋਵੇ। ਕਾਫ਼ੀ ਗੰਭੀਰ ਵਿਚਾਰਾਂ ਪਿੱਛੋਂ ਅਖ਼ੀਰ ਨਿਰਣਾ ਲਿਆ ਗਿਆ ਕਿ ਬਦਲ ਰਹੇ ਹਾਲਾਤ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਜਾਏ। ਕਿਸੇ ਨੇ ਕਿਹਾ ਕਿ ਸ. ਕਪੂਰ ਸਿੰਘ ਤੋਂ ਹੀ ਪਤਾ ਲੱਗੇਗਾ, ਪਰ ਜਥੇਦਾਰ ਕਰਮ ਸਿੰਘ ਨੇ ਸਪੱਸ਼ਟ ਕੀਤਾ ਕਿ ਸ. ਕਪੂਰ ਸਿੰਘ ਸਵਾਏ ਨਾਕਾਬੰਦੀ ਦੇ ਹੋਰ ਕਿਸੇ ਮਾਮਲੇ 'ਤੇ ਗੱਲ ਨਹੀਂ ਕਰਦੇ। ਉਹ ਸਾਫ਼ ਕਹਿ ਦਿੰਦੇ ਹਨ ਕਿ ਮੈਂ ਜਥੇਦਾਰ ਮੁਖੀ ਨਹੀਂ, ਇਕ ਸੇਵਾਦਾਰ ਹਾਂ ਤੇ ਪੰਥ ਨੇ ਜੋ ਸੇਵਾ ਬਖ਼ਸ਼ੀ ਹੈ, ਉਸ ਤੋਂ ਇਧਰ ਉਧਰ ਨਹੀਂ ਜਾ ਸਕਦਾ। ਫਿਰ ਫ਼ੈਸਲਾ ਹੋ ਗਿਆ ਕਿ ਦੀਵਾਨ ਦਰਬਾਰਾ ਸਿੰਘ ਪਾਸ ਪ੍ਰਤੀਨਿਧ ਭੇਜੇ ਜਾਣ ਤੇ ਉਨ੍ਹਾਂ ਤੋਂ ਸਾਰੇ ਹਾਲਾਤ ਦੀ ਜਾਣਕਾਰੀ ਪ੍ਰਾਪਤ ਕੀਤੀ ਜਾਏ।

74

ਲਾਹੌਰ ਦੇ ਕਿਲ੍ਹੇ ਅੰਦਰ, ਉਸ ਕਮਰੇ ਵਿਚ ਜ਼ਕਰੀਆ ਖ਼ਾਨ ਨੇ ਆਪਣੇ ਚੋਣਵੇਂ ਜਰਨੈਲਾਂ ਤੇ ਰਾਜ-ਕਾਜ ਦੇ ਸਲਾਹਕਾਰਾਂ ਦੀ ਇਕੱਤਰਤਾ ਬੁਲਾਈ, ਜੋ ਅਤਿ ਗੁਪਤ ਮਸਲੇ 'ਤੇ ਵਿਚਾਰ ਲਈ ਚੁਣਿਆ ਜਾਂਦਾ ਸੀ। ਮੁੱਖ ਦਵਾਰ ਤੋਂ ਦਾਖ਼ਲ ਹੁੰਦਿਆਂ ਹੀ ਉਚੇਚੇ ਸੱਦੇ ਗਏ ਮੁਖੀਆਂ ਨੂੰ ਉਸ ਵੱਡੇ ਕਮਰੇ ਤਕ ਪਹੁੰਚਾਣ ਲਈ ਪਹਿਰੇਦਾਰ ਖੜੇ ਸਨ। ਇਸ ਵੱਡੇ ਕਮਰੇ ਦੀ ਵਿਸ਼ੇਸ਼ਤਾ ਇਹ ਸੀ ਕਿ ਦਰਵਾਜ਼ਾ ਬੰਦ ਕਰ ਦਿੱਤਾ ਜਾਏ ਤਾਂ ਕੋਈ ਵੀ ਪਹਿਰੇਦਾਰ ਅੰਦਰ ਹੋ ਰਹੀ ਗੱਲ ਨਹੀਂ ਸੀ ਸੁਣ ਸਕਦਾ। ਹਵਾ ਤੇ ਚਾਨਣ ਲਈ ਰੌਸ਼ਨਦਾਨ ਸਨ ਤੇ ਉਹ ਦਰਿਆ ਵੱਲ ਲੱਗਦੀ ਕੰਧ ਨਾਲ। ਕੋਈ ਉਸ ਪਾਸਿਉਂ ਝਿਕ ਵੀ ਨਹੀਂ ਲੈ ਸਕਦਾ। ਉਧਰ ਦਰਿਆ ਵਿਚ ਕੌਣ ਖੜਾ ਹੋ ਸਕਦਾ ਸੀ।

ਜ਼ਕਰੀਆ ਖ਼ਾਨ ਕੁਝ ਦੇਰ ਨਾਲ ਕਮਰੇ ਵਿਚ ਆਇਆ। ਇਹ ਰਾਜਿਆਂ ਤੇ ਨਵਾਬਾਂ

ਦਾ ਦਸਤੂਰ ਸੀ ਕਿ ਉਹ ਉਦੋਂ ਦਰਬਾਰ ਵਿਚ ਆਉਂਦੇ, ਜਦੋਂ ਸਾਰੇ ਪਹੁੰਚ ਚੁੱਕੇ ਹੁੰਦੇ ਤੇ ਉਨ੍ਹਾਂ ਦੇ ਸੁਆਗਤ ਲਈ ਤਿਆਰ ਹੁੰਦੇ। ਇਸ ਲਈ ਜ਼ਕਰੀਆ ਖ਼ਾਨ ਦੇ ਆਉਣ ਤੋਂ ਪਹਿਲਾਂ ਇਕੱਠ ਵਿਚ ਹਾਜ਼ਰ ਲੋਕਾਂ ਵਿਚ ਕਿਆਸ ਅਰਾਈਆਂ ਹੋਣ ਲੱਗ ਪਈਆਂ ਕਿ ਅੱਜ ਕਿਹੜਾ ਖ਼ਾਸ ਫ਼ੈਸਲਾ ਹੋਣ ਵਾਲਾ ਹੈ। ਇਕੱਠ ਵਿਚ ਸ਼ਾਮਲ ਜਰਨੈਲ ਆਪਣੇ ਭਰੋਸੇ ਯੋਗ ਤੇ ਮਿੱਤਰਾਂ ਸਾਥੀਆਂ ਨਾਲ ਹੀ ਖੁੱਲ੍ਹ ਕੇ ਗੱਲ ਕਰ ਸਕਦੇ ਸਨ। ਦੂਜਿਆਂ ਤੇ ਖ਼ਾਸ ਕਰਕੇ ਪੂਰਨ ਵਿਰੋਧੀਆਂ ਨਾਲ ਤਾਂ ਕੋਈ ਵੀ ਵਿਚਾਰ ਸਾਂਝਾ ਨਹੀਂ ਸੀ ਕਰ ਸਕਦਾ ਕਿਉਂਕਿ ਉਹ ਜਾ ਕੇ ਖ਼ਾਨ ਬਹਾਦਰ ਨੂੰ ਕੁਝ ਵੀ ਦੱਸ ਸਕਦਾ ਏ ਤੇ ਵੱਡੀ ਤੋਂ ਵੱਡੀ ਮੁਸੀਬਤ ਖੜੀ ਹੋ ਸਕਦੀ ਏ, ਇਸ ਲਈ ਚਰਚਾ ਉਨ੍ਹਾਂ ਤਕ ਹੀ ਸੀਮਤ ਸੀ, ਜੋ ਯਾਰ ਸਨ ਤੇ ਜਿਨ੍ਹਾਂ ਨੇ ਅੱਗੇ ਜਾ ਕੇ ਚੁਗਲੀ ਨਹੀਂ ਸੀ ਕਰਨੀ।

"ਅੱਜ ਕਿਉਂ ਖ਼ਾਸ ਤੌਰ 'ਤੇ ਇਥੇ ਸੱਦਿਆ ਏ ?" ਇਸਮਾਈਲ ਖ਼ਾਂ ਨੇ ਆਪਣੇ ਨਾਲ ਬੈਠੇ ਦਿਲਾਵਰ ਖ਼ਾਂ ਨੂੰ ਪੁੱਛਿਆ, "ਇਕ ਤਾਂ ਇਹ ਕਮਰਾ ਖ਼ੁਸੂਸੀ ਏ। ਦੂਜਾ ਖ਼ਾਨ ਬਹਾਦਰ ਆਪ ਦਿੱਲੀ ਜਾ ਕੇ ਆਇਆ ਏ।"

"ਆਪ ਦਿੱਲੀ ਨਹੀਂ ਗਿਆ, ਬੰਦੇ ਭੇਜੇ ਸਨ," ਦਿਲਾਵਰ ਖ਼ਾਂ ਨੇ ਦੱਸਿਆ, "ਆਪ ਜਾਂਦਾ ਤਾਂ ਦੁਆਬੇ ਵਿਚੋਂ ਲੰਘਦਾ ਮੈਨੂੰ ਜ਼ਰੂਰ ਮਿਲ ਕੇ ਜਾਂਦਾ। ਸਮਝ ਵਿਚ ਨਹੀਂ ਆਇਆ ਕਿ ਮਾਮਲਾ ਕੀ ਏ ? ਮੈਂ ਕਰਤਾਰਪੁਰ 'ਤੇ ਪੂਰੀ ਤਿਆਰੀ ਨਾਲ ਹਮਲਾ ਕਰਨ ਲੱਗਾ ਸਾਂ, ਜਦੋਂ ਹੁਕਮ ਪਹੁੰਚ ਗਿਆ ਕਿ ਛੇਤੀ ਲਾਹੌਰ ਆ ਜਾਉ। ਸਿੱਖਾਂ ਵਿਰੁੱਧ ਮੁਹਿੰਮ ਨੂੰ ਇਉਂ ਅਚਾਨਕ ਬੰਦ ਕਰਵਾਉਣ ਪਿੱਛੇ ਕੋਈ ਵੱਡਾ ਸਿਆਸੀ ਫ਼ੈਸਲਾ ਹੋ ਸਕਦਾ ਏ। ਹੁਣੇ ਪਤਾ ਲੱਗ ਜਾਏਗਾ ਕਿ ਊਠ ਕਿਸ ਕਰਵੱਟ ਬੈਠਦਾ ਏ।"

"ਸਾਡੀ ਵੀ ਤਾਂ ਮੁਸੀਬਤ ਏ। ਇਸਮਾਈਲ ਖ਼ਾਂ ਨੇ ਦਿਲ ਦੀ ਗੱਲ ਸਾਂਝੀ ਕਰਦਿਆਂ ਆਖਿਆ, "ਜੇ ਖ਼ਾਨ ਬਹਾਦਰ ਦੀ ਥਾਂ ਕੋਈ ਹੋਰ ਹਾਕਮ ਆ ਗਿਆ ਤਾਂ ਉਹਨੇ ਝੱਟ ਨਵੇਂ ਹੀ ਆਪਣੇ ਵਿਸ਼ਵਾਸ ਵਾਲੇ ਜਰਨੈਲ ਅੱਗੇ ਲੈ ਆਉਣੇ ਹਨ। ਖ਼ਾਨ ਬਹਾਦਰ ਦੇ ਸਾਥੀਆਂ 'ਤੇ ਨਵਾਂ ਨਜ਼ਲਾ ਡਿੱਗ ਸਕਦਾ ਹੈ, ਇਸ ਲਈ ਫ਼ਿਕਰਮੰਦ ਹਾਂ।"

"ਅਜਿਹੀ ਗੱਲ ਨਹੀਂ ਹੋ ਸਕਦੀ," ਦਿਲਾਵਰ ਖ਼ਾਂ ਨੇ ਵਿਸ਼ਵਾਸ ਨਾਲ ਆਖਿਆ, "ਕਦੇ ਦਿੱਲੀ ਦਰਬਾਰ ਨੇ ਪੰਜਾਬ ਦਾ ਨਵਾਂ ਹਾਕਮ ਮੁਕੱਰਰ ਕੀਤਾ ਤਾਂ ਉਹ ਪਹਿਲੇ ਨੂੰ ਹਟਾਉਣ ਦੇ ਹੁਕਮ ਲੈ ਕੇ ਤੇ ਫ਼ੌਜੀ ਤਾਕਤ ਨਾਲ ਕਬਜ਼ਾ ਕਰਨ ਲਈ ਆਏਗਾ। ਖ਼ਾਨ ਬਹਾਦਰ ਦੀ ਹਕੂਮਤ ਨੂੰ ਖ਼ਤਰਾ ਹੁੰਦਾ ਤਾਂ ਉਹ ਦਿੱਲੀ ਨਾਲ ਗੰਢ-ਸੰਢ ਕਰਦਾ, ਬੰਦੇ ਦਿੱਲੀ ਭੇਜਦਾ। ਸਾਡਾ ਇਕੱਠ ਬੁਲਾਣ ਦੀ ਕੀ ਲੋੜ ਸੀ ? ਜੇ ਹਾਕਮ ਬਦਲਣਾ ਹੁੰਦਾ ਤਾਂ ਸਾਨੂੰ ਨਵੇਂ ਹਾਕਮ ਨੇ ਸਲਾਹ ਮਸ਼ਵਰੇ ਲਈ ਬੁਲਾਣਾ ਸੀ।"

ਜ਼ਕਰੀਆ ਖ਼ਾਨ ਅੰਦਰ ਦਾਖ਼ਲ ਹੋਇਆ। ਸਾਰਿਆਂ ਨੇ ਉੱਠ ਕੇ ਸਲਾਮ ਕੀਤਾ ਤੇ ਫਿਰ ਉਹ ਸਿੰਘਾਸਨ 'ਤੇ ਜਾ ਪਹੁੰਚਿਆ। ਉਹ ਬੜਾ ਹੀ ਹੁਸ਼ਿਆਰ ਤੇ ਰਾਜਨੀਤਕ ਤੌਰ 'ਤੇ ਦੂਰ-ਦ੍ਰਿਸ਼ਟੀ ਵਾਲਾ ਹਾਕਮ ਸੀ। ਉਹ ਪਹਿਲਾਂ ਹੀ ਸਾਰਿਆਂ ਦੇ ਵਿਚਾਰਾਂ ਬਾਰੇ ਸੂਚਨਾ ਪ੍ਰਾਪਤ ਕਰ ਚੁੱਕਾ ਸੀ। ਉਹਨੂੰ ਪਤਾ ਸੀ ਕਿ ਕੌਣ ਕੌਣ ਇਸ ਸਮੇਂ ਸਿੱਖਾਂ ਨਾਲ ਸਮਝੌਤੇ ਦੇ ਹੱਕ ਵਿਚ ਹੈ ਤੇ ਕੌਣ ਕੌਣ ਇਸ ਦੇ ਵਿਰੁੱਧ ਹੈ। ਇਸ ਲਈ ਉਹਨੇ ਗੱਲ-ਬਾਤ ਸ਼ੁਰੂ ਕਰਦਿਆਂ ਕਿਹਾ, "ਅੱਜ ਤੁਹਾਨੂੰ ਸਾਰਿਆਂ ਨੂੰ ਇਸ ਲਈ ਸੱਦਿਆ ਹੈ ਤਾਕਿ ਸਿਖ ਬਾਗ਼ੀਆਂ ਨਾਲ ਨਿਪਟਣ ਦੀ ਮੁਹਿੰਮ ਦਾ ਜਾਇਜ਼ਾ ਲਿਆ ਜਾਏ ਤੇ ਉਹਦੀ ਰੌਸ਼ਨੀ ਵਿਚ ਨਵੀਂ ਨੀਤੀ ਬਣਾਈ ਜਾਏ। ਅਸੀਂ ਅੱਜ ਦੇਖਣਾ ਹੈ ਕਿ ਪਿਛਲੇ ਸੱਤ ਸਾਲ ਤੋਂ ਜਿਸ ਤਰ੍ਹਾਂ ਉਨ੍ਹਾਂ ਨੇ ਖ਼ਜ਼ਾਨਾ ਲੁੱਟਣ ਤੇ ਹਕੂਮਤ 'ਤੇ ਹਮਲੇ ਕਰਨ ਦਾ ਯਤਨ ਕੀਤਾ ਹੈ, ਉਸ ਵਿਚ ਅਸੀਂ ਕਿਸ ਹੱਦ ਤਕ ਸਫਲ ਹੋਏ ਹਾਂ। ਹਕੀਕਤ ਇਹ ਹੈ ਕਿ ਉਨ੍ਹਾਂ ਸਾਡੇ ਖ਼ਜ਼ਾਨੇ ਵਿਚ ਧਨ ਨਹੀਂ ਆਉਣ ਦਿੱਤਾ। ਅਸੀਂ ਇਸ

ਮੁਹਾਜ਼ 'ਤੇ ਸਫਲ ਨਹੀਂ ਹੋਏ। ਸਾਨੂੰ ਅੱਗੋਂ ਕੀ ਕਰਨਾ ਚਾਹੀਦਾ ਏ। ਪਿੱਛੇ ਜਿਹੇ ਚੌਧਰੀਆਂ ਤੇ ਕਿਲ੍ਹੇਦਾਰਾਂ ਦਾ ਇਕੱਠ ਬੁਲਾਇਆ ਸੀ, ਉਹਦੇ ਵਿਚ ਵੀ ਡੀਂਗਾਂ ਮਾਰਨ ਵਾਲੇ ਤਾਂ ਕਈ ਸਨ ਪਰ ਕਰ ਕੁਝ ਨਹੀਂ ਸਕੇ। ਝਬਾਲੀਏ ਚੌਧਰੀ ਦਾ ਵਿਚਾਰ ਸੀ ਕਿ ਸਾਨੂੰ ਇਨ੍ਹਾਂ ਸਿਖ ਬਾਗੀਆਂ ਨਾਲ ਸੁਲਹ ਕਰ ਲੈਣੀ ਚਾਹੀਦੀ ਏ। ਤੁਸੀਂ ਸਾਰੇ ਨਿਧੜਕ ਹੋ ਕੇ ਆਪੋ ਆਪਣੇ ਦਿਲ ਦੀ ਗੱਲ ਕਰੋ ਕਿ ਸਾਨੂੰ ਕੀ ਕਰਨਾ ਚਾਹੀਦਾ ਏ। ਮੈਨੂੰ ਖ਼ੁਸ਼ ਕਰਨ ਲਈ ਬੇਲੋੜੀਆਂ ਗੱਲਾਂ ਦਾ ਹੁਣ ਸਮਾਂ ਨਹੀਂ। ਉਹ ਸੁਝਾਅ ਦਿਉ ਜਿਸ ਨਾਲ ਹਕੂਮਤ ਦਾ ਵੱਕਾਰ ਬਚ ਜਾਏ ਅਤੇ ਸਿਖ ਬਾਗੀਆਂ ਦੀ ਤਾਕਤ ਤੇ ਏਕਤਾ ਖ਼ਤਮ ਕੀਤੀ ਜਾ ਸਕੇ।"

ਸਭ ਤੋਂ ਪਹਿਲਾਂ ਇਸਮਾਈਲ ਖ਼ਾਂ ਵੱਲ ਧਿਆਨ ਗਿਆ ਤੇ ਜ਼ਕਰੀਆ ਖ਼ਾਨ ਨੇ ਉਹਨੂੰ ਹੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਹਿ ਦਿੱਤਾ। ਉਹ ਆਪਣੀ ਗੱਲ ਕਹਿਣ ਤੋਂ ਝਿਜਕਦਾ ਸੀ, ਇਸ ਲਈ ਉਹਨੇ ਆਪਣੀ ਰਾਏ ਦੇਣ ਦੀ ਥਾਂ ਤੇ ਦੋ ਤਿੰਨ ਸਵਾਲ ਰੱਖ ਕੇ ਉਨ੍ਹਾਂ ਦਾ ਪਹਿਲਾਂ ਸਪੱਸ਼ਟੀਕਰਨ ਮੰਗ ਲਿਆ ਤਾਕਿ ਉਸ ਬਾਰੇ ਚਰਚਾ ਹੋ ਸਕੇ। ਉਸ ਨੇ ਪੁੱਛਿਆ, "ਜਨਾਬ ਸਾਡੇ ਸਾਹਮਣੇ ਸਪੱਸ਼ਟ ਨਹੀਂ ਕਿ ਹਾਲਾਤ ਕੀ ਹਨ ? ਇਸ ਲਈ ਹਕੂਮਤ ਦਾ ਨਜ਼ਰੀਆ ਪਹਿਲਾਂ ਸਾਫ਼ ਹੋਣਾ ਚਾਹੀਦਾ ਏ। ਤੁਸੀਂ ਦਿੱਲੀ ਦਰਬਾਰ ਤਕ ਸਾਰੀ ਹਾਲਤ ਲਿਖ ਭੇਜੀ ਏ ਤੇ ਉਸ ਵਿਚ ਕੀ ਸੁਝਾਅ ਦਿੱਤੇ ਹਨ। ਦੂਜਾ, ਦਿੱਲੀ ਦਰਬਾਰ ਦਾ ਅੱਗੋਂ ਕੀ ਵਤੀਰਾ ਏ ? ਉਹ ਸਿੱਖਾਂ ਨਾਲ ਲੜਾਈ ਜਾਰੀ ਰੱਖਣ ਦੇ ਹੱਕ ਵਿਚ ਹੈ ਜਾਂ ਸਮਝੌਤੇ ਲਈ ਖ਼ਾਹਸ਼ਮੰਦ ਹੈ। ਕੀ ਤੁਸੀਂ ਸਮਝਦੇ ਹੋ ਕਿ ਸਿੱਖਾਂ ਨਾਲ ਸੁਲਹ ਕਰ ਕੇ ਉਨ੍ਹਾਂ ਨੂੰ ਕਮਜ਼ੋਰ ਕੀਤਾ ਜਾ ਸਕਦਾ ਹੈ ਜਾਂ ਉਹ ਪਹਿਲਾਂ ਨਾਲੋਂ ਵੱਧ ਤਾਕਤਵਰ ਹੋ ਜਾਣਗੇ ? ਲਾਹੌਰ ਦਰਬਾਰ ਕੀ ਮਹਿਸੂਸ ਕਰਦਾ ਏ ਕਿ ਅਸੀਂ ਅਸਫਲ ਹਾਂ ਤੇ ਸਾਨੂੰ ਇਸ ਬਾਰੇ ਸਿਆਸੀ ਚਾਲ ਨਾਲ ਕਾਮਯਾਬ ਹੋਣਾ ਠੀਕ ਰਹੇਗਾ। ਇਨ੍ਹਾਂ ਗੱਲਾਂ 'ਤੇ ਚਾਨਣਾ ਪਾਉ, ਫਿਰ ਸਾਡੀ ਰਾਏ ਲਈ ਜਾਣੀ ਚਾਹੀਦੀ ਏ।"

"ਅਸੀਂ ਫੇਲ੍ਹ ਨਹੀਂ ਹੋਏ," ਜ਼ਕਰੀਆ ਖ਼ਾਨ ਨੇ ਜਵਾਬ ਦਿੱਤਾ, "ਉਹ ਕਾਮਯਾਬ ਹੋਏ ਹਨ। ਸਾਡੇ ਵਿਚ ਏਕਤਾ ਨਹੀਂ ਸੀ। ਹਰ ਸਥਾਨਕ ਹਾਕਮ ਦੂਜੇ ਨਾਲ ਲੱਗਦਾ ਏ, ਉਹਨੂੰ ਹਾਰਦਾ ਦੇਖ ਕੇ ਖ਼ੁਸ਼ ਹੁੰਦਾ ਏ। ਸਿਖ ਪੂਰੀ ਤਰ੍ਹਾਂ ਇਕ-ਮੁੱਠ ਹਨ। ਕਿਧਰੋਂ ਵੀ ਸੱਦਾ ਆ ਜਾਏ, ਉਹ ਜਾਨਾਂ ਵਾਰਨ ਲਈ ਤੇ ਆਪਣੇ ਧਰਮ-ਭਰਾਵਾਂ ਲਈ ਕੁਝ ਵੀ ਕਰਨ ਲਈ ਤਿਆਰ ਹਨ। ਉਨ੍ਹਾਂ ਦੀ ਏਕਤਾ ਹੀ ਅਸਲ ਤੇ ਵੱਡੀ ਤਾਕਤ ਏ। ਇਸ ਲਈ ਅਸੀਂ ਸੋਚਦੇ ਹਾਂ ਕਿ ਉਨ੍ਹਾਂ ਨਾਲ ਸੁਲਹ ਕਰ ਕੇ ਉਨ੍ਹਾਂ ਨੂੰ ਦੌਲਤ ਵਾਲੇ ਬਣਾ ਦੇਈਏ। ਫਿਰ ਦੌਲਤ ਤੇ ਜਾਗੀਰ ਤੋਂ ਉਹ ਅਵੱਸ਼ ਲੜ ਪੈਣਗੇ। ਹੁਣ ਉਨ੍ਹਾਂ ਪਾਸ ਆਪਣੀ ਫੁੱਟ ਤੇ ਲੜਾਈ ਲਈ ਕੋਈ ਸਮਾਨ ਤੇ ਕਾਰਨ ਨਹੀਂ। ਦਿੱਲੀ ਦੀ ਹਕੂਮਤ ਵੀ ਸਹਿਮਤ ਹੈ ਕਿ ਜੇ ਗੁੜ ਦਿਤਿਆਂ ਮਰਦਾ ਹੋਏ, ਉਹਨੂੰ ਜ਼ਹਿਰ ਨਾ ਦਿੱਤਾ ਜਾਏ। ਉਹ ਜ਼ਹਿਰ ਨਹੀਂ ਖਾਏਗਾ ਜਾਂ ਕੱਢ ਦੇਵੇਗਾ। ਇਹ ਸਿੱਖਾਂ ਨਾਲ ਸਮਝੌਤਾ ਮਿੱਠੇ ਨਾਲ ਲਪੇਟਿਆ ਜ਼ਹਿਰ ਹੀ ਹੋਵੇਗਾ।"

"ਤਾਹੀਉਂ ਸਾਨੂੰ ਸਿੱਖਾਂ ਵਿਰੁੱਧ ਮੁਹਿਮ ਵਿਚੇ ਛੱਡ ਕੇ ਲਾਹੌਰ ਪਹੁੰਚਣ ਦਾ ਹੁਕਮ ਦਿੱਤਾ ਗਿਆ ਸੀ ?" ਦਿਲਾਵਰ ਖ਼ਾਂ ਬੋਲ ਪਿਆ, "ਮੈਂ ਦੁਆਬੇ ਵਿਚ ਸਿੱਖਾਂ ਦੀ ਤਾਕਤ ਦਾ ਲੱਕ ਤੋੜ ਕੇ ਰੱਖਣ ਵਾਲਾ ਸਾਂ ਕਿ ਤੁਸੀਂ ਲਾਹੌਰ ਬੁਲਾ ਲਿਆ। ਮੁੜ ਕੇ ਉਸ ਤਰ੍ਹਾਂ ਦਾ ਜੋਸ਼ ਤੇ ਜਜ਼ਬਾ ਉਭਾਰਨਾ ਔਖਾ ਹੋਵੇਗਾ।" ਜ਼ਕਰੀਆ ਖ਼ਾਨ ਦੇ ਵਿਚਾਰਾਂ ਤੋਂ ਸਾਰੇ ਸਮਝ ਚੁੱਕੇ ਸਨ ਕਿ ਉਹ ਸਿੱਖਾਂ ਨਾਲ ਲੜਦਾ ਥੱਕ ਗਿਆ ਹੈ, ਇਸ ਲਈ ਹੁਣ ਉਹ ਸਮਝੌਤੇ ਦੀ ਨੀਤੀ ਨੂੰ ਵਧੇਰੇ ਚੰਗੀ ਤੇ ਲਾਭਵੰਦੀ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ ਦਿਲਾਵਰ ਖ਼ਾਂ ਤੋਂ ਪਿੱਛੋਂ ਬਹੁਤਿਆਂ ਨੇ ਸਮਝੌਤੇ ਦੇ ਹੱਕ ਵਿਚ ਹੀ ਗੱਲ ਕੀਤੀ, ਸਿਵਾਏ ਉਨ੍ਹਾਂ ਦੇ ਜਿਨ੍ਹਾਂ ਦਾ ਨਿੱਜੀ ਲਾਭ ਲੜਾਈ ਜਾਰੀ ਰੱਖਣ ਵਿਚ ਸੀ। ਕਈਆਂ ਦੀ ਤਰੱਕੀ ਇਸੇ ਕਰਕੇ ਸੀ ਕਿ

ਉਹ ਬਾਗ਼ੀ ਦਸਤੇ ਲੈ ਕੇ ਸਿੱਖਾਂ ਦਾ ਕਤਲ ਕਰਦੇ ਫਿਰਦੇ ਸਨ। ਕਈਆਂ ਨੂੰ ਡਰ ਸੀ ਕਿ ਉਨ੍ਹਾਂ ਨੇ ਸਿੱਖਾਂ ਦੀ ਜਿਤਨੀ ਤਬਾਹੀ ਕੀਤੀ ਏ, ਉਹਦਾ ਹਿਸਾਬ ਜ਼ਰੂਰ ਸਿਖ ਚੁਕਤਾ ਕਰਨਗੇ। ਇਕ ਗੱਲ ਸਮਝੌਤੇ ਦੀ ਹਮਾਇਤ ਕਰਨ ਵਾਲਿਆਂ ਨੇ ਵੀ ਜ਼ੋਰ ਦੇ ਕੇ ਕੀਤੀ ਕਿ ਸਿੱਖਾਂ ਵਿਚ ਫੁੱਟ ਪਾਉਣ ਲਈ ਉੱਤੋਂ ਉੱਤੋਂ ਸਮਝੌਤਾ ਭਾਵੇਂ ਕਰ ਲਿਆ ਜਾਵੇ ਪਰ ਇਨ੍ਹਾਂ ਵਿਚ ਫੁੱਟ ਜ਼ਰੂਰ ਪੁਆਈ ਜਾਏ। ਅਜਿਹੀ ਚਾਲ ਚੱਲੀ ਜਾਏ ਕਿ ਇਨ੍ਹਾਂ ਨੂੰ ਪਤਾ ਵੀ ਨੀਂ ਲੱਗੇ ਤੇ ਇਹ ਇਕ ਦੂਜੇ ਦੇ ਲਹੂ ਦੇ ਪਿਆਸੇ ਬਣ ਜਾਣ। ਆਪਸ ਵਿਚ ਜਦੋਂ ਇਹ ਲੜ ਪਏ, ਫਿਰ ਹਕੂਮਤ ਇਨ੍ਹਾਂ ਨੂੰ ਖ਼ਤਮ ਕਰਨ ਵਿਚ ਅਵੱਸ਼ ਕਾਮਯਾਬ ਹੋ ਜਾਏਗੀ।

"ਇਹ ਗੱਲ ਤੁਸੀਂ ਪੱਕੀ ਸਮਝੋ ਕਿ ਅਸੀਂ ਚਾਲ ਚੱਲਣ ਲੱਗੇ ਹਾਂ। ਅਜਿਹਾ ਫੰਦਾ ਤੇ ਜਾਲ ਵਿਛਾਣ ਲੱਗੇ ਹਾਂ ਕਿ ਸਿਖ ਆਗੂ ਇਸ ਵਿਚ ਫਸ ਜਾਣ ਤੇ ਉਨ੍ਹਾਂ ਦੀ ਤਾਕਤ 'ਤੇ ਕਰਾਰੀ ਸੱਟ ਵੱਜੇ," ਜ਼ਕਰੀਆ ਖ਼ਾਨ ਨੇ ਸਭ ਨੂੰ ਯਕੀਨ ਦਿਵਾਇਆ।

"ਤੁਸੀਂ ਠੀਕ ਕਹਿੰਦੇ ਹੋ। ਜਿਵੇਂ ਠੀਕ ਸਮਝੋ ਕਰ ਲਓ, ਇਕ ਜਰਨੈਲ ਬੋਲ ਪਿਆ, "ਪਰ ਇਹ ਪਹਿਲਾਂ ਦੇਖ ਲਓ ਕਿ ਬਾਗ਼ੀ ਸਿਖ ਵੀ ਹਕੂਮਤ ਨਾਲ ਸੁਲਹ ਲਈ ਤਿਆਰ ਹਨ ? ਜੇ ਉਹ ਹੀ ਨਾ ਮੰਨੇ ਤਾਂ ਫਿਰ ਆਪਣਾ ਵਤੀਰਾ ਕੀ ਹੋਵੇਗਾ ?"

"ਮੈਂ ਇਸ ਬਾਰੇ ਵੀ ਕਾਫ਼ੀ ਕੰਮ ਕਰ ਲਿਆ ਏ। ਕੱਚੀਆਂ ਗੋਲੀਆਂ ਨਹੀਂ ਖੇਡਦਾ ਰਿਹਾ," ਜ਼ਕਰੀਆ ਖ਼ਾਨ ਨੇ ਉੱਤਰ ਦਿੱਤਾ, "ਕਈ ਸਿਖ ਸਰਦਾਰਾਂ ਤੇ ਮੁਖੀਆਂ ਨਾਲ ਮੇਰੇ ਭੇਜੇ ਬੰਦੇ ਗੱਲ ਕਰ ਚੁੱਕੇ ਹਨ। ਉਨ੍ਹਾਂ ਵਿਚੋਂ ਬਹੁਤੇ ਸਮਝੌਤੇ ਦੇ ਹੱਕ ਵਿਚ ਹਨ ਪਰ ਉਨ੍ਹਾਂ ਦੀ ਇਕੋ ਮੁਸ਼ਕਲ ਏ ਕਿ ਉਹ ਇਕੱਲੇ ਜਾਂ ਦੋ ਚਾਰ ਮਿਲ ਕੇ ਸਮਝੌਤਾ ਨਹੀਂ ਕਰ ਸਕਦੇ। ਉਹ ਤਾਂ ਅੰਮ੍ਰਿਤਸਰ ਆਪਣਾ ਇਕੱਠ ਕਰ ਕੇ ਹੀ ਕੋਈ ਸਾਂਝਾ ਨਿਰਣਾ ਲੈਣ ਦੀ ਗੱਲ ਕਰਦੇ ਹਨ।"

"ਆਪਣੇ ਪਾਸ ਕਿਹੜੇ ਬੰਦੇ ਹਨ, ਜੋ ਸਮਝੌਤੇ ਦੀ ਗੱਲ ਸਿਰੇ ਚੜ੍ਹਾ ਸਕਦੇ ਹਨ ?" ਇਸਮਾਈਲ ਖ਼ਾਂ ਨੇ ਪੁੱਛਿਆ, "ਆਖ਼ਰ ਸੁਲਹ ਕਰਾਉਣ ਵਾਲਾ ਵੀ ਤਾਂ ਅਕਲਮੰਦ ਚਾਹੀਦਾ ਏ। ਗੱਲ ਕਈ ਵਾਰ ਨਿੱਕੀ ਜਿਹੀ ਅੜਿੱਚਣ ਨਾਲ ਟੁੱਟ ਜਾਂਦੀ ਏ ਤੇ ਕਈ ਵਾਰ ਵਿਚੋਲੇ ਵੱਡੀਆਂ ਰੁਕਾਵਟਾਂ ਵੀ ਦੂਰ ਕਰਵਾ ਲੈਂਦੇ ਹਨ।"

"ਹਕੂਮਤ ਪਾਸ ਅਜਿਹੇ ਬੰਦੇ ਹਨ, ਪਰ ਉਨ੍ਹਾਂ ਦੇ ਨਾਮ ਸਾਹਮਣੇ ਨਹੀਂ ਆਉਣੇ ਚਾਹੀਦੇ," ਜ਼ਕਰੀਆ ਖ਼ਾਨ ਨੇ ਸਮਝਾਇਆ, "ਗੱਲ ਸਿਰੇ ਲੱਗ ਜਾਏ ਤਾਂ ਹੀ ਉਨ੍ਹਾਂ ਬੰਦਿਆਂ ਦਾ ਚਰਚਾ ਹੋਣਾ ਚਾਹੀਦਾ ਏ।"

"ਠੀਕ ਏ, ਫਿਰ ਇਹ ਨੁਸਖ਼ਾ ਵੀ ਅਜ਼ਮਾ ਕੇ ਦੇਖ ਲਿਆ ਜਾਏ," ਦਿਲਾਵਰ ਖ਼ਾਂ ਨੇ ਵੀ ਪਹਿਲੇ ਵਤੀਰੇ ਵਿਚ ਤਬਦੀਲੀ ਪ੍ਰਗਟ ਕਰਦਿਆਂ ਕਿਹਾ। ਇਕੱਤਰਤਾ ਇਸੇ ਨਿਰਣੇ ਨਾਲ ਉੱਠ ਗਈ ਕਿ ਅਜੇ ਸਾਰੇ ਫ਼ੌਜੀ ਜਰਨੈਲ ਸਿੱਖਾਂ ਵਿਰੁੱਧ ਆਪਣੀ ਮੁਹਿੰਮ ਮੁਅੱਤਲ ਕਰ ਦੇਣ ਤੇ ਸਮਝੌਤੇ ਦਾ ਵਾਤਾਵਰਣ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਏ, ਪਰ ਲੋਕਾਂ ਵਿਚ ਇਹ ਪ੍ਰਭਾਵ ਨਾ ਜਾਣ ਦਿੱਤਾ ਜਾਏ ਕਿ ਸਿੱਖਾਂ ਦੇ ਟਾਕਰੇ ਹਕੂਮਤ ਆਪਣੇ ਆਪ ਨੂੰ ਕਮਜ਼ੋਰ ਸਮਝਦੀ ਏ।

75

ਜ਼ਕਰੀਆ ਖ਼ਾਨ ਨੇ ਹਕੂਮਤ ਨਾਲ ਮਿਲਵਰਤਨ ਕਰਨ ਵਾਲੇ ਸਿੱਖਾਂ ਦੀ ਸੂਚੀ ਦੇਖੀ। ਭਾਵੇਂ ਉਨ੍ਹਾਂ ਦੀ ਗਿਣਤੀ ਹੱਥਾਂ ਦੀਆਂ ਉਂਗਲੀਆਂ 'ਤੇ ਗਿਣਨ ਜੋਗੀ ਹੀ ਸੀ, ਪਰ ਉਹੀ ਲੋਕ ਸਿਖ ਜਥਿਆਂ ਤਕ ਜਾ ਸਕਦੇ ਸਨ। ਝਬਾਲੀਏ ਚੌਧਰੀ ਨੂੰ ਸਿੱਖਾਂ ਵੱਲ ਭੇਜਣ ਦਾ ਵੀ ਸੋਚਿਆ

ਗਿਆ ਪਰ ਉਹਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮੇਰੇ 'ਤੇ ਸਿਖ ਇਤਬਾਰ ਨਹੀਂ ਕਰਨਗੇ ਤੇ ਨਾ ਹੀ ਮੈਨੂੰ ਉਨ੍ਹਾਂ ਦੇ ਟਿਕਾਣਿਆਂ ਜਾਂ ਅਸਲ ਆਗੂਆਂ ਦਾ ਪਤਾ ਹੈ, ਪਰ ਉਹਨੇ ਵਚਨ ਕੀਤਾ ਕਿ ਉਹ ਸਿੱਖਾਂ ਨਾਲ ਸਮਝੌਤੇ ਦੀਆਂ ਸ਼ਰਤਾਂ ਤਿਆਰ ਕਰਨ ਵਿਚ ਮਦਦ ਕਰੇਗਾ। ਉਹ ਪੜਤਾਲ ਕਰ ਕੇ ਦੱਸੇਗਾ ਕਿ ਸਿਖ ਚਾਹੁੰਦੇ ਕੀ ਹਨ ? ਘੱਟੋ ਘੱਟ ਕਿਨ੍ਹਾਂ ਗੱਲਾਂ 'ਤੇ ਉਹ ਮੰਨ ਸਕਦੇ ਹਨ। ਇਸ ਲਈ ਜ਼ਕਰੀਆ ਖ਼ਾਨ ਨੇ ਕਾਫ਼ੀ ਵਿਚਾਰ ਪਿੱਛੋਂ ਸੁਬੇਗ ਸਿੰਘ ਨੂੰ ਬੁਲਾਇਆ, ਜੋ ਉਸ ਵੇਲੇ ਚੰਗਾ ਮੰਨਿਆ ਪ੍ਰਮੰਨਿਆ ਠੇਕੇਦਾਰ ਸੀ। ਹਕੂਮਤ ਨੂੰ ਜਦੋਂ ਅੰਨ-ਦਾਣਾ ਜਾਂ ਹੋਰ ਕਿਸਾਨੀ ਜਿਨਸਾਂ ਦੀ ਲੋੜ ਹੁੰਦੀ ਤਾਂ ਉਹ ਲਿਆ ਕੇ ਦਿੰਦਾ ਸੀ। ਉਹ ਘੋੜਿਆਂ ਦਾ ਵਪਾਰੀ ਸੀ। ਸਿੱਖਾਂ ਦੀ ਉਹ ਦਿਲੋਂ ਮਦਦ ਵੀ ਕਰਦਾ ਤੇ ਆਪਣੇ ਕਾਰੋਬਾਰ ਲਈ ਹਕੂਮਤ ਨਾਲ ਵੀ ਸੰਪਰਕ ਰੱਖਦਾ। ਜਦ ਕਦੇ ਲਾਹੌਰ ਦਰਬਾਰ ਵਿਚ ਹੋਰ ਮੁਸਲਮਾਨ ਵਪਾਰੀਆਂ ਦੇ ਯਾਰ ਬੇਲੀ ਉਹਦੇ ਨਾਲ ਵਪਾਰਕ ਦੁਸ਼ਮਣੀ ਨਾਲ ਉਹਦੇ 'ਤੇ ਝੂਠੇ ਇਲਜ਼ਾਮ ਲਾਂਦੇ, ਉਹ ਫ਼ੇਲ੍ਹ ਹੋ ਜਾਂਦੇ। ਜਦ ਵੀ ਹਕੂਮਤ ਨੇ ਪੜਤਾਲ ਕਰਾਈ, ਉਸ ਵਿਰੁੱਧ ਇਲਜ਼ਾਮ ਝੂਠੇ ਸਾਬਤ ਹੋਏ। ਹਕੂਮਤ ਨੂੰ ਉਹਦਾ ਫ਼ਾਇਦਾ ਸੀ, ਇਸ ਲਈ ਉਸ ਨੂੰ ਸਿੱਖਾਂ ਵਿਰੁੱਧ ਮੁਹਿੰਮ ਵਿਚ ਵੀ ਕੁਝ ਨਾ ਆਖਿਆ ਗਿਆ।

ਜ਼ਕਰੀਆ ਖ਼ਾਨ ਨੇ ਉਹਨੂੰ ਬੁਲਾ ਭੇਜਿਆ। ਅੱਗੇ ਵੀ ਕਈ ਵਾਰ ਉਹਨੂੰ ਸੱਦ ਕੇ ਉਹਦੀ ਰਾਏ ਲਈ ਜਾਂਦੀ ਰਹੀ। ਹਕੂਮਤ ਦੀਆਂ ਕਈ ਲੋੜਾਂ ਉਹ ਪੂਰੀਆਂ ਕਰਨ ਦੇ ਸਮਰੱਥ ਸੀ। ਜਦ ਸੁਬੇਗ ਸਿੰਘ ਆਇਆ ਤਾਂ ਜ਼ਕਰੀਆ ਖ਼ਾਨ ਨੇ ਕਿਹਾ, "ਤੇਰੇ ਲਈ ਇਕ ਖ਼ੁਸ਼ਖ਼ਬਰੀ ਏ। ਦਿੱਲੀ ਦੀ ਹਕੂਮਤ ਨੇ ਸਿੱਖਾਂ ਨਾਲ ਸਮਝੌਤਾ ਕਰਨ ਦਾ ਫ਼ੈਸਲਾ ਕਰ ਲਿਆ ਏ। ਤੂੰ ਕਹਿੰਦਾ ਹੁੰਦਾ ਸੀ ਕਿ ਸਿਖ ਸਖ਼ਤੀ ਨਾਲ ਨਹੀਂ ਦਬਾਏ ਜਾ ਸਕਦੇ। ਇਨ੍ਹਾਂ ਨੂੰ ਪ੍ਰੇਮ, ਸਤਿਕਾਰ ਤੇ ਇਨਸਾਫ਼ ਨਾਲ ਜਿੱਤਿਆ ਜਾ ਸਕਦਾ ਏ। ਮੈਂ ਤੇਰੇ ਸੁਝਾਅ ਦਿੱਲੀ ਭੇਜਦਾ ਰਿਹਾ ਹਾਂ ਤੇ ਹੁਣ ਹਕੂਮਤ ਨੇ ਉਹ ਮਨਜ਼ੂਰ ਕਰ ਲਏ ਹਨ, ਇਸ ਲਈ ਅੱਗੇ ਲੱਗ ਕੇ ਸਿੱਖਾਂ ਤੇ ਹਕੂਮਤ ਦਾ ਸਮਝੌਤਾ ਕਰਵਾ ਦੇ। ਪਹਿਲਾਂ ਇਹ ਪਤਾ ਕਰਕੇ ਦੱਸ ਕਿ ਸਿਖ ਚਾਹੁੰਦੇ ਕੀ ਹਨ ? ਉਹ ਕਿਨ੍ਹਾਂ ਸ਼ਰਤਾਂ 'ਤੇ ਸੁਲਹ ਕਰਨਗੇ।"

"ਮੈਂ ਸਿਖ ਹਾਂ, ਭਾਵੇਂ ਮੈਂ ਜਦੋ-ਜਹਿਦ ਵਿਚ ਉਸ ਤਰ੍ਹਾਂ ਸ਼ਾਮਲ ਨਹੀਂ ਤੇ ਹਕੂਮਤ ਦੇ ਕਈ ਥਾਂ ਕੰਮ ਵੀ ਆਇਆ ਹਾਂ ਪਰ ਮੈਂ ਸਮਝਦਾ ਹਾਂ ਕਿ ਸਿੱਖਾਂ ਦੀ ਸਭ ਤੋਂ ਵੱਡੀ ਮੰਗ ਤਾਂ ਇਹ ਹੈ ਕਿ ਉਨ੍ਹਾਂ ਦੇ ਗੁਰਦੁਆਰਿਆਂ ਦੁਆਲਿਉਂ ਫ਼ੌਜ ਦਾ ਘੇਰਾ ਚੁੱਕ ਲਿਆ ਜਾਏ ਤੇ ਉਨ੍ਹਾਂ ਨੂੰ ਗੁਰ-ਅਸਥਾਨਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਤੇ ਸੇਵਾ-ਸੰਭਾਲ ਕਰਨ ਦਿੱਤੀ ਜਾਏ। ਹਕੂਮਤ ਦਾ ਗੁਰਦੁਆਰਿਆਂ ਵਿਚ ਦਖ਼ਲ ਸਿਖ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ," ਸ: ਸੁਬੇਗ ਸਿੰਘ ਨੇ ਸਿੱਖਾਂ ਦੀ ਮਾਨਸਿਕਤਾ ਦਾ ਵਰਣਨ ਕਰਦਿਆਂ ਦੱਸਿਆ, "ਦੂਜੀ ਗੱਲ ਜੋ ਇਸ ਸਮੇਂ ਸਿਖ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਬਰਾਬਰ ਦੇ ਦੇਸ਼ ਵਾਸੀ ਮੰਨਿਆ ਤੇ ਸਮਝਿਆ ਜਾਏ। ਸਿੱਖਾਂ ਨੂੰ ਹਕੂਮਤ ਵਿਰੁੱਧ ਵੱਡੀ ਸ਼ਿਕਾਇਤ ਏ ਕਿ ਉਨ੍ਹਾਂ ਦੇ ਬਹਾਦਰੀ ਤੇ ਸੱਚ ਬੋਲਣ ਦੇ ਗੁਣਾਂ ਦੇ ਉਲਟੇ ਅਰਥ ਲੈ ਕੇ ਉਨ੍ਹਾਂ ਨੂੰ ਗ਼ੱਦਾਰ ਤੇ ਕਾਫ਼ਰ ਆਖਿਆ ਜਾਂਦਾ ਏ। ਇਹ ਸਿੱਖਾਂ ਵਿਰੁੱਧ ਭੰਡੀ ਪ੍ਰਚਾਰ ਤੁਰਤ ਬੰਦ ਹੋਣਾ ਚਾਹੀਦਾ ਏ। ਜਿਤਨਾ ਹਕੂਮਤ ਸਿੱਖਾਂ ਨੂੰ ਬਦਨਾਮ ਕਰਨ ਤੇ ਗ਼ੈਰ-ਸਿੱਖਾਂ ਦੀਆਂ ਨਜ਼ਰਾਂ ਵਿਚ ਡੇਗਣ ਦਾ ਯਤਨ ਕਰਦੀ ਰਹੇਗੀ, ਉਤਨਾ ਹੀ ਸਿੱਖਾਂ ਵਿਚ ਗੁੱਸਾ ਤੇ ਨਾਰਾਜ਼ਗੀ ਵਧਦੀ ਰਹੇਗੀ।"

"ਹੋਰ ਕੁਝ ?" ਜ਼ਕਰੀਆ ਖ਼ਾਨ ਨੇ ਗੱਲ ਟੋਕ ਕੇ ਪੁੱਛਿਆ, "ਇਹ ਤਾਂ ਕੋਈ ਗੱਲ ਨਹੀਂ। ਹਕੂਮਤ ਨਾਲ ਸਮਝੌਤਾ ਹੁੰਦਿਆਂ ਹੀ ਗੁਰਦੁਆਰਿਆਂ ਦੁਆਲਿਉਂ ਚੌਕੀਆਂ ਵੀ ਹਟ ਜਾਣਗੀਆਂ ਤੇ ਸਿੱਖਾਂ ਵਿਰੁੱਧ ਭੰਡੀ ਪ੍ਰਚਾਰ ਵੀ ਖ਼ਤਮ ਹੋ ਜਾਏਗਾ। ਹਕੂਮਤ ਤਾਂ ਇਸ ਤੋਂ

ਵੱਧ ਕੁਝ ਦੇਣ ਲਈ ਤਿਆਰ ਹੈ।"

"ਸਾਡੀ ਕੌਮ ਮੰਗ ਕੇ ਖਾਣ ਜਾਂ ਬਿਨਾ ਕਿਰਤ ਕੀਤੇ ਦੂਜੇ ਦੇ ਹੱਕ 'ਤੇ ਛਾਪਾ ਮਾਰ ਕੇ ਜਾਂ ਖੋਹ ਕੇ ਖਾਣ ਦੇ ਵਿਰੁੱਧ ਏ," ਸ. ਸੁਬੇਗ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ, "ਸਿਖ ਚਾਹੁੰਦੇ ਹਨ ਕਿ ਉਹ ਪਿੰਡਾਂ ਵਿਚ ਰਹਿਣ, ਖੇਤੀ ਬਾੜੀ ਦਾ ਕੰਮ ਕਰਨ। ਜਿਹੜੇ ਵਪਾਰ ਵਿਚ ਦਿਲਚਸਪੀ ਰੱਖਦੇ ਹਨ, ਉਹ ਖੁੱਲ੍ਹ ਕੇ ਆਪਣਾ ਵਪਾਰ ਕਰਨ। ਕਿਸੇ ਨਾਲ ਧੱਕਾ ਤੇ ਜ਼ੁਲਮ ਨਹੀਂ ਹੋਣਾ ਚਾਹੀਦਾ। ਸਿਖ ਨਾ ਤਾਂ ਆਪ ਦੂਜੇ 'ਤੇ ਕਿਸੇ ਤਰ੍ਹਾਂ ਅੱਤਿਆਚਾਰ ਕਰਨਾ ਚਾਹੁੰਦੇ ਹਨ ਤੇ ਨਾ ਹੀ ਕਿਸੇ ਦਾ ਜ਼ੁਲਮ ਬਰਦਾਸ਼ਤ ਕਰਨ ਲਈ ਤਿਆਰ ਹਨ। ਸਾਡੇ ਗੁਰੂਆਂ ਨੇ ਸਾਨੂੰ ਇਹੀ ਸਿਖਾਇਆ ਏ ਤੇ ਤੁਸੀਂ ਇਤਿਹਾਸ ਦੇਖ ਲਉ, ਗੁਰੂ ਤੇਗ ਬਹਾਦਰ ਨੇ ਤਿਲਕ ਤੇ ਜੰਞੂ ਦੀ ਆਜ਼ਾਦੀ ਲਈ ਦਿੱਲੀ ਜਾ ਕੇ ਸ਼ਹੀਦੀ ਪਾਈ, ਹਾਲਾਂਕਿ ਨਾ ਉਹ ਤਿਲਕ ਲਾਂਦੇ ਸਨ ਤੇ ਨਾ ਹੀ ਜਨੇਊ ਪਹਿਨਦੇ ਸਨ। ਧਰਮ ਵਿਸ਼ਵਾਸ ਦੀ ਆਜ਼ਾਦੀ ਲਈ ਉਨ੍ਹਾਂ ਜੀਵਨ ਕੁਰਬਾਨ ਕਰ ਦਿੱਤਾ। ਇਸ ਲਈ ਧਰਮ ਵਿਸ਼ਵਾਸ ਦੀ ਆਜ਼ਾਦੀ ਵੀ ਹਰ ਕਿਸੇ ਲਈ ਹੋਣੀ ਚਾਹੀਦੀ ਏ।"

"ਤੁਸੀਂ ਫਿਰ ਵੀ ਇਕ ਵਾਰ ਸਿਖ ਆਗੂਆਂ ਨੂੰ ਮਿਲ ਕੇ ਗੱਲ ਕਰ ਲਉ," ਜ਼ਕਰੀਆ ਖ਼ਾਨ ਨੇ ਕਿਹਾ, "ਗੱਲ ਠੀਕ ਹੋਵੇ ਤੇ ਹਕੂਮਤ ਦੇ ਫ਼ੈਸਲੇ ਤੇ ਅੱਗੋਂ ਕਾਰਵਾਈ ਛੇਤੀ ਸ਼ੁਰੂ ਕਰੀਏ। ਸਰਕਾਰੀ ਖ਼ਜ਼ਾਨੇ ਦੀ ਲੁੱਟ ਛੇਤੀ ਖ਼ਤਮ ਹੋਣੀ ਚਾਹੀਦੀ ਏ।"

ਸ. ਸੁਬੇਗ ਸਿੰਘ ਚਲਾ ਗਿਆ ਤੇ ਦੋ ਦਿਨਾਂ ਪਿੱਛੋਂ ਮੁੜ ਆ ਕੇ ਉਹਨੇ ਜ਼ਕਰੀਆ ਖ਼ਾਨ ਨੂੰ ਦੱਸਿਆ ਕਿ ਸਮਝੌਤਾ ਹੋ ਸਕਦਾ ਏ ਪਰ ਕੋਈ ਸਿਖ ਆਗੂ ਇਕੱਲੇ ਤੌਰ 'ਤੇ ਹਕੂਮਤ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ। ਸਿੱਖਾਂ ਦਾ ਅੰਮ੍ਰਿਤਸਰ ਵਿਚ 'ਸਰਬੱਤ ਖ਼ਾਲਸਾ' ਇਕੱਠ ਹੋਣ ਵਾਲਾ ਏ, ਉਥੇ ਹੀ ਵਿਚਾਰ ਕੇ ਨਿਰਣਾ ਲਿਆ ਜਾ ਸਕਦਾ ਏ। ਤੁਸੀਂ ਅੰਮ੍ਰਿਤਸਰ ਦਾ ਘੇਰਾ ਬਿਲਕੁਲ ਖ਼ਤਮ ਕਰ ਦਿਉ, ਸਿੱਖਾਂ 'ਤੇ ਇਹਦਾ ਚੰਗਾ ਅਸਰ ਹੋਏਗਾ।

ਜ਼ਕਰੀਆ ਖ਼ਾਨ ਤਾਂ ਸੁਲਹ ਲਈ ਬਹੁਤ ਹੀ ਉਤਾਵਲਾ ਸੀ। ਭਾਵੇਂ ਮਨ ਵਿਚ ਖੋਟ ਸੀ ਪਰ ਉਦੋਂ ਉਹ ਇਸੇ ਤਰ੍ਹਾਂ ਪ੍ਰਗਟ ਕਰ ਰਿਹਾ ਸੀ। ਉਹਨੇ ਸ. ਸੁਬੇਗ ਸਿੰਘ ਨੂੰ ਅਧਿਕਾਰ ਦੇ ਕੇ ਤੋਰਿਆ ਤੇ ਹਕੂਮਤ ਵੱਲੋਂ ਹੋਰ ਵੀ ਕਈ ਪੇਸ਼ਕਸ਼ਾਂ ਭੇਜੀਆਂ। ਅੰਮ੍ਰਿਤਸਰ ਦੇ ਫ਼ੌਜਦਾਰ ਨੂੰ ਹਦਾਇਤ ਭੇਜ ਦਿੱਤੀ ਕਿ ਉਹ ਸਿੱਖਾਂ 'ਤੇ ਸਖ਼ਤੀ ਬਿਲਕੁਲ ਬੰਦ ਕਰ ਦੇਵੇ ਤੇ ਸ. ਸੁਬੇਗ ਸਿੰਘ ਦੇ ਕੰਮ ਵਿਚ ਕਿਸੇ ਕਿਸਮ ਦੀ ਰੁਕਾਵਟ ਨਾ ਪਾਈ ਜਾਵੇ।

ਨਿਸਚਿਤ ਸਮੇਂ 'ਤੇ ਪੰਥ ਦਾ ਪ੍ਰਤੀਨਿਧ ਇਕੱਠ ਅੰਮ੍ਰਿਤਸਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹੋਇਆ। ਭਾਈ ਮਨੀ ਸਿੰਘ ਜੀ ਨੇ ਇਕੱਠ ਦੀ ਅਗਵਾਈ ਕਰਨੀ ਸੀ ਪਰ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਆਪ ਹਾਜ਼ਰ ਨਾ ਹੋ ਸਕੇ। ਕਾਫ਼ੀ ਸਰੀਰ ਢਿੱਲਾ ਹੋਣ ਕਾਰਨ ਉਨ੍ਹਾਂ ਦੀਵਾਨ ਦਰਬਾਰਾ ਸਿੰਘ ਨੂੰ ਹੀ ਆਖਿਆ ਕਿ ਉਹ ਪੰਥਕ ਇਕੱਠ ਦੀ ਪ੍ਰਧਾਨਗੀ ਕਰਨ। ਉਸ ਸਮੇਂ ਸਾਰੇ ਆਗੂਆਂ ਨੂੰ ਇਹ ਯਕੀਨ ਸੀ ਕਿ ਕੋਈ ਵੀ ਸਿਖ ਕੌਮ ਦੇ ਹਿੱਤਾਂ ਨਾਲ ਗ਼ੱਦਾਰੀ ਨਹੀਂ ਕਰੇਗਾ। ਨਿੱਜੀ ਹਿੱਤਾਂ ਜਾਂ ਆਪਣੇ ਧੜੇ ਦੇ ਹਿੱਤਾਂ ਨਾਲੋਂ ਹਰ ਕਿਸੇ ਨੂੰ ਕੌਮ ਦੇ ਹਿੱਤ ਪਿਆਰੇ ਹਨ। ਇਸ ਲਈ ਪਰਸਪਰ ਵਾਦ-ਵਿਵਾਦ ਜਾਂ ਝਗੜੇ ਦੀ ਕੋਈ ਸੰਭਾਵਨਾ ਨਹੀਂ ਸੀ।

ਇਕੱਤਰਤਾ ਸ਼ੁਰੂ ਹੀ ਹੋਈ ਸੀ ਕਿ ਇਕ ਸੇਵਾਦਾਰ ਨੇ ਆ ਕੇ ਦੀਵਾਨ ਦਰਬਾਰਾ ਸਿੰਘ ਦੇ ਕੰਨਾਂ ਵਿਚ ਦੱਸਿਆ ਕਿ ਸ. ਸੁਬੇਗ ਸਿੰਘ ਲਾਹੌਰ ਤੋਂ ਆਏ ਹਨ ਤੇ ਉਹ ਹਕੂਮਤ ਦੀ ਕੋਈ ਪੇਸ਼ਕਸ਼ ਪੰਥ ਸਾਹਮਣੇ ਰੱਖਣਾ ਚਾਹੁੰਦੇ ਹਨ, ਜੇ ਆਗਿਆ ਹੋਵੇ ਤਾਂ ਉਹ ਇਕੱਠ ਵਿਚ ਆ ਜਾਣ। ਦੀਵਾਨ ਦਰਬਾਰਾ ਸਿੰਘ ਨੇ ਤੁਰਤ ਦੂਜੇ ਆਗੂਆਂ ਨਾਲ ਸਲਾਹ ਕੀਤੀ ਤੇ ਫ਼ੈਸਲਾ ਹੋ ਗਿਆ ਕਿ ਸੁਬੇਗ ਸਿੰਘ ਤਨਖ਼ਾਹੀਆ ਹੈ। ਉਹ ਹਕੂਮਤ ਨਾਲ ਉਦੋਂ ਦੀ ਸਾਂਝ ਬਣਾਈ

ਬੈਠਾ ਹੈ ਜਦੋਂ ਦਾ ਸਾਰਾ ਪੰਥ ਹਕੂਮਤ ਦੀ ਕਰੋਪੀ ਤੇ ਜ਼ੁਲਮ ਦਾ ਸ਼ਿਕਾਰ ਹੋ ਰਿਹਾ ਹੈ। ਇਸ ਲਈ ਸੁਬੇਗ ਸਿੰਘ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਮੁਆਫ਼ੀ ਮੰਗੇ ਤੇ ਤਨਖ਼ਾਹ ਲੁਆਏ, ਫਿਰ ਉਹ ਪੰਥਕ ਇਕੱਠ ਵਿਚ ਆ ਸਕਦਾ ਹੈ। ਸਿਖ ਰਵਾਇਤਾਂ ਅਨੁਸਾਰ ਸ. ਸੁਬੇਗ ਸਿੰਘ ਨੇ ਪੰਥ ਤੋਂ ਭੁੱਲ ਬਖ਼ਸ਼ਾਈ ਤੇ ਤਨਖ਼ਾਹ ਭੁਗਤ ਕੇ ਉਸ ਪੰਥਕ ਇਕੱਠ ਵਿਚ ਆਇਆ।

ਇਤਨੇ ਵਿਚ ਹਰ ਪਾਸੇ ਚਰਚਾ ਹੋ ਗਈ ਕਿ ਸ. ਸੁਬੇਗ ਸਿੰਘ ਹਕੂਮਤ ਵੱਲੋਂ ਸਮਝੌਤੇ ਦੀਆਂ ਗੱਲਾਂ ਕਰਨ ਆਇਆ ਏ। ਇਸ ਲਈ ਹਰ ਕਿਸੇ ਦੀ ਉਤਸੁਕਤਾ ਉਹ ਜਾਣਨ ਦੀ ਸੀ। ਸ. ਸੁਬੇਗ ਸਿੰਘ ਨੂੰ ਪੰਥ ਦੇ ਸਾਰੇ ਨੇਤਾ ਜਾਣਦੇ ਸਨ ਤੇ ਉਹ ਵੀ ਪੰਥਕ ਆਗੂਆਂ ਨਾਲ ਸੰਪਰਕ ਬਣਾਈ ਰੱਖਦਾ ਸੀ। ਇਸ ਲਈ ਦੀਵਾਨ ਦਰਬਾਰਾ ਸਿੰਘ ਨੇ ਇਕੱਠ ਨੂੰ ਦੱਸਿਆ ਕਿ ਸ. ਸੁਬੇਗ ਸਿੰਘ ਗੱਲ-ਬਾਤ ਲਈ ਜੋ ਸੁਝਾਅ ਲਿਆਏ ਹਨ, ਉਹ ਆਪ ਹੀ ਤੁਹਾਡੇ ਸਾਹਮਣੇ ਪੇਸ਼ ਕਰਨਗੇ। ਸਾਨੂੰ ਕੋਈ ਸੁਝਾਅ ਪਸੰਦ ਆਵੇ ਜਾਂ ਨਾ, ਅਸੀਂ ਮਨਜ਼ੂਰ ਕਰੀਏ ਜਾਂ ਰੱਦ ਪਰ ਸਾਨੂੰ ਉਨ੍ਹਾਂ ਦੀ ਸਾਰੀ ਗੱਲ ਪਹਿਲਾਂ ਸੁਣਨੀ ਚਾਹੀਦੀ ਏ। ਉਸ 'ਤੇ ਗੰਭੀਰਤਾ ਨਾਲ ਵਿਚਾਰ ਕੇ, ਫ਼ੈਸਲਾ ਕਰਨ ਦਾ ਹੱਕ ਹੈ। ਉਹ ਆਪ ਹੀ ਸਾਰੀ ਗੱਲ ਵਿਸਥਾਰ ਨਾਲ ਕਰਨਗੇ।

ਸ. ਸੁਬੇਗ ਸਿੰਘ ਨੇ ਉੱਠ ਕੇ ਪਹਿਲਾਂ ਫ਼ਤਹਿ ਬੁਲਾਈ ਤੇ ਸਾਰੇ ਪੰਥ ਤੋਂ ਖਿਮਾ ਮੰਗੀ ਕਿ ਉਹ ਹਕੂਮਤ ਨਾਲ ਮਿਲਵਰਤਣ ਕਰਨ ਵਾਲਿਆਂ ਵਿਚੋਂ ਹਨ। ਪਹਿਲਾਂ ਤਾਂ ਇਸ ਬਾਰੇ ਦੱਸਿਆ ਕਿ ਉਨ੍ਹਾਂ ਦੀਆਂ ਮਜਬੂਰੀਆਂ ਕੀ ਹਨ ਤੇ ਕਿਸ ਕਾਰਨ ਉਹ ਹਕੂਮਤ ਦੇ ਨੇੜੇ ਹਨ। ਉਨ੍ਹਾਂ ਆਖਿਆ, "ਮੈਂ ਪੰਥ ਦੇ ਹਿੱਤਾਂ ਨਾਲ ਕਦੇ ਗ਼ੱਦਾਰੀ ਨਹੀਂ ਕੀਤੀ ਤੇ ਕਦੇ ਸਿਖ ਆਚਰਣ ਵਿਚ ਕਮਜ਼ੋਰੀ ਨਹੀਂ ਆਉਣ ਦਿੱਤੀ, ਮੈਂ ਹਮੇਸ਼ਾਂ ਪੰਥਕ ਹਿੱਤ ਲਈ ਸੋਚਦਾ ਰਿਹਾ ਹਾਂ ਤੇ ਹਕੂਮਤ ਨੂੰ ਸਾਫ਼ ਕਹਿੰਦਾ ਰਿਹਾ ਹਾਂ ਕਿ ਜ਼ੁਲਮ ਅੱਗੇ ਕਦੇ ਨਾ ਝੁਕਣ ਵਾਲੀ ਇਸ ਕੌਮ ਨੂੰ ਕਦੇ ਵੀ ਉਹ ਖ਼ਤਮ ਨਹੀਂ ਕਰ ਸਕਦੀ। ਹੁਣ ਹਕੂਮਤ ਨੇ ਫ਼ੈਸਲਾ ਕਰ ਲਿਆ ਏ ਕਿ ਸਿੱਖਾਂ ਨਾਲ ਸਮਝੌਤਾ ਕਰ ਲਿਆ ਜਾਏ ਤੇ ਮੈਂ ਹਕੂਮਤ ਦੀ ਇਹ ਪੇਸ਼ਕਸ਼ ਲੈ ਕੇ ਪੰਥ ਸਾਹਮਣੇ ਹਾਜ਼ਰ ਹੋਇਆ ਹਾਂ। ਇਸ ਤੋਂ ਪਹਿਲਾਂ ਕਿ ਮੈਂ ਸਮਝੌਤੇ ਦੀਆਂ ਸ਼ਰਤਾਂ ਦਾ ਚਰਚਾ ਕਰਾਂ, ਮੈਂ ਚਾਹਵਾਂਗਾ ਕਿ ਤੁਸੀਂ ਇਸ ਬਾਰੇ ਪੰਥ ਦੇ ਫ਼ੈਸਲੇ ਨੂੰ ਸਪੱਸ਼ਟ ਕਰ ਲਉ।"

"ਇਸ ਹਕੂਮਤ ਨਾਲ ਸਾਡਾ ਕੋਈ ਸਮਝੌਤਾ ਕਦੇ ਨਹੀਂ ਹੋ ਸਕਦਾ," ਇਕ ਜਥੇਦਾਰ ਨੇ ਬੜੇ ਗੁੱਸੇ ਤੇ ਜੋਸ਼ ਨਾਲ ਤੁਰਤ ਆਪਣਾ ਪ੍ਰਭਾਵ ਪ੍ਰਗਟ ਕੀਤਾ, "ਇਸ ਹਕੂਮਤ ਨੇ ਸਾਡੇ ਸੈਂਕੜੇ ਗੱਭਰੂ ਸ਼ਹੀਦ ਕੀਤੇ ਹਨ। ਸਾਡੇ ਪਰਵਾਰਾਂ ਨੂੰ ਉਜਾੜਿਆ ਤੇ ਬੇਇੱਜ਼ਤ ਕਰਨ ਦਾ ਯਤਨ ਕੀਤਾ ਏ। ਅਸੀਂ ਸ਼ਹੀਦ ਹੋ ਜਾਵਾਂਗੇ ਪਰ ਸੁਲਹ ਨਹੀਂ ਕਰਨ ਦਿਆਂਗੇ।"

"ਇਸ ਤਰ੍ਹਾਂ ਜਜ਼ਬਾਤੀ ਗੱਲਾਂ ਕਰਨ ਨਾਲ ਪੰਥ ਨੂੰ ਲਾਭ ਨਹੀਂ ਹੋਵੇਗਾ, ਹੋ ਸਕਦਾ ਏ ਕਿ ਨੁਕਸਾਨ ਹੋ ਜਾਏ," ਦੀਵਾਨ ਦਰਬਾਰਾ ਸਿੰਘ ਨੇ ਗੱਲ ਵਿਗੜਨ ਤੋਂ ਬਚਾਉਣ ਲਈ ਦਖ਼ਲ ਦੇਂਦਿਆਂ ਕਿਹਾ, "ਸੁਲਹ ਤੇ ਲੜਾਈ ਰਾਜਨੀਤਕ ਜੀਵਨ ਦੇ ਦੋ ਪਹਿਲੂ ਹਨ। ਨਾ ਕਦੇ ਪੱਕਾ ਸਮਝੌਤਾ ਹੁੰਦਾ ਏ ਤੇ ਨਾ ਹੀ ਹਮੇਸ਼ਾਂ ਕੌਮ ਲੜਦੀ ਰੱਖੀ ਜਾ ਸਕਦੀ ਏ।"

"ਇਹ ਸੁਲਹ ਦੀ ਗੱਲ ਹੀ ਸਿਖ ਪਰੰਪਰਾ ਦੇ ਉਲਟ ਹੈ," ਇਕ ਹੋਰ ਜਥੇਦਾਰ ਬੋਲ ਪਿਆ।

"ਇਹ ਵਿਚਾਰ ਠੀਕ ਨਹੀਂ," ਜਥੇਦਾਰ ਕਰਮ ਸਿੰਘ ਨੇ ਉਸ ਵੇਲੇ ਆਪਣੇ ਵਿਚਾਰ ਪ੍ਰਗਟ ਕੀਤੇ, "ਜਿਸ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ, ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ, ਉਸੇ ਜਹਾਂਗੀਰ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੋਸਤੀ ਹੋਈ ਤੇ ਉਹ ਸ੍ਰੀ ਅੰਮ੍ਰਿਤਸਰ ਆ ਕੇ ਸ੍ਰੀ ਅਕਾਲ ਤਖ਼ਤ

ਦੀ ਉਸਾਰੀ ਵਿਚ ਹਿੱਸਾ ਪਾਣ ਦਾ ਚਾਹਵਾਨ ਹੋ ਗਿਆ। ਔਰੰਗਜ਼ੇਬ ਦੇ ਜ਼ੁਲਮ ਕਿਸ ਨੂੰ ਭੁੱਲੇ ਹਨ, ਪਰ ਉਸ ਨਾਲ ਵੀ ਅਖ਼ੀਰ ਸਮਝੌਤੇ ਦੀ ਗੱਲ-ਬਾਤ ਚੱਲ ਪਈ ਸੀ।"

76

ਵਿਚਾਰ ਕਾਫ਼ੀ ਦੇਰ ਤਕ ਚੱਲਦੇ ਰਹੇ। ਹਰ ਕਿਸੇ ਨੂੰ ਆਪਣੇ ਮਨ ਦੀ ਗੱਲ ਕਹਿਣ ਦੀ ਖੁੱਲ੍ਹ ਸੀ। ਇਕ ਸਿੰਘ ਨੇ ਉੱਠ ਕੇ ਨੁਕਤਾ ਉਠਾਇਆ, "ਸਾਨੂੰ ਤਾਂ ਇਸ ਸਰਕਾਰ 'ਤੇ ਕੋਈ ਇਤਬਾਰ ਨਹੀਂ। ਕਦੇ ਵੀ ਇਹਨੇ ਸਿੱਖਾਂ ਨਾਲ ਦਿਲੋਂ ਸਮਝੌਤਾ ਨਹੀਂ ਕੀਤਾ। ਇਹਨੂੰ ਜਦ ਵੀ ਮੌਕਾ ਮਿਲਿਆ, ਸਿੱਖਾਂ ਨੂੰ ਖ਼ਤਮ ਕਰਨ ਦੀ ਗੱਲ ਹੀ ਸੋਚੀ ਏ। ਹੋਰ ਤੇ ਹੋਰ ਜਿਹੜੀ ਮੁਗ਼ਲ ਸਰਕਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛੱਡਣ ਲਈ ਆਪ ਹੀ ਸ਼ਰਤਾਂ ਰੱਖ ਰਹੀ ਸੀ, ਉਹਨੇ ਗੁਰੂ ਜੀ ਦੇ ਅਨੰਦਪੁਰ ਤੋਂ ਨਿਕਲਦਿਆਂ ਕੁਰਾਨ ਦੀਆਂ ਖਾਧੀਆਂ ਕਸਮਾਂ ਤੋੜ ਕੇ ਹਮਲਾ ਕਰ ਦਿੱਤਾ, ਉਹ ਹਕੂਮਤ ਹੁਣ ਸਮਝੌਤਾ ਕਰ ਕੇ ਕੀ ਕੁਝ ਨਹੀਂ ਕਰ ਸਕਦੀ। ਪੰਥ ਵਿਚਾਰ ਲਵੇ, ਕਿਧਰੇ ਇਸ ਵਿਚ ਧੋਖਾ ਨਾ ਹੋਵੇ।"

"ਤੁਹਾਡਾ ਇਤਰਾਜ਼ ਬਿਲਕੁਲ ਠੀਕ ਏ," ਸ. ਸੁਬੇਗ ਸਿੰਘ ਨੇ ਉੱਤਰ ਦਿੱਤਾ, "ਪਰ ਦੇਖਣਾ ਇਹ ਹੈ ਕਿ ਹਕੂਮਤ ਸਾਨੂੰ ਇਸ ਸਮਝੌਤੇ ਨਾਲ ਦਿੰਦੀ ਕੀ ਏ ਤੇ ਬਦਲੇ ਵਿਚ ਸਾਡੇ ਤੋਂ ਮੰਗਦੀ ਕੀ ਏ। ਜੇਕਰ ਉਹ, ਬਹੁਤਾ ਕੁਝ ਦੇ ਰਹੀ ਹੋਵੇ ਤਾਂ ਸਾਡਾ ਕੀ ਹਰਜ਼ ਏ। ਇਕ ਗੱਲ ਤਾਂ ਸਾਨੂੰ ਵੀ ਵਿਚਾਰਨੀ ਹੋਵੇਗੀ ਕਿ ਸਦਾ ਲੜਾਈ ਜਾਰੀ ਰੱਖਣ ਵਿਚ ਆਪਣਾ ਵੀ ਨੁਕਸਾਨ ਏ। ਸਾਡਾ ਪਰਿਵਾਰਕ ਜੀਵਨ ਵੀ ਤਬਾਹ ਹੋ ਰਿਹਾ ਏ। ਜੇ ਹਕੂਮਤ ਜ਼ੁਲਮ ਤੋਂ ਕੁਝ ਸਮੇਂ ਲਈ ਵੀ ਹਟ ਜਾਏ ਤਾਂ ਕੀ ਅਸੀਂ ਅਮਨ ਦੇ ਦਿਨਾਂ ਵਿਚ ਆਪਣੇ ਆਪ ਨੂੰ ਹੋਰ ਮਜ਼ਬੂਤ ਨਹੀਂ ਕਰ ਲਵਾਂਗੇ। ਜਿਹੜਾ ਸਮਾਂ ਜਥੇਬੰਦੀ ਮਜ਼ਬੂਤ ਕਰਨ ਦਾ ਮਿਲ ਗਿਆ, ਉਹੀ ਸਹੀ, ਬਾਕੀ ਤੁਹਾਨੂੰ ਹਕੂਮਤ ਦੀ ਪੇਸ਼ਕਸ਼ ਤੋਂ ਬਹੁਤ ਕੁਝ ਪਤਾ ਲੱਗ ਜਾਏਗਾ।"

"ਹਾਂ, ਦੱਸੋ ਹਕੂਮਤ ਵੱਲੋਂ ਕੀ ਪੇਸ਼ਕਸ਼ ਲਿਆਏ ਹੋ ?" ਇਕ ਜਥੇਦਾਰ ਨੇ ਉਤਾਵਲਤਾ ਪ੍ਰਗਟ ਕਰਦਿਆਂ ਉੱਠ ਕੇ ਆਖਿਆ।

"ਇਸ ਤਰ੍ਹਾਂ ਨਹੀਂ," ਸ. ਸੁਬੇਗ ਸਿੰਘ ਮੁੜ ਬੋਲ ਪਏ, "ਇਸ ਸਾਰੀ ਗੱਲ ਵਿਚ ਦੋ ਪੱਖ ਹਨ। ਇਕ ਤਾਂ ਇਹ ਕਿ ਹਕੂਮਤ ਨਾਲ ਸਮਝੌਤਾ ਕਰਨਾ ਵੀ ਹੈ ਕਿ ਨਹੀਂ। ਇਹ ਪਹਿਲੀ ਤੇ ਅਹਿਮ ਗੱਲ ਏ। ਇਸ ਪਿੱਛੋਂ ਸਮਝੌਤੇ ਦੀਆਂ ਸ਼ਰਤਾਂ 'ਤੇ ਵਿਚਾਰ ਕਰਨਾ ਹੋਵੇਗਾ। ਜੇ ਸਮਝੌਤਾ ਕਰਨਾ ਹੀ ਨਹੀਂ, ਪੰਥਕ ਇਕੱਠ ਇਹੀ ਫ਼ੈਸਲਾ ਕਰ ਲਵੇ ਤਾਂ ਫਿਰ ਸ਼ਰਤਾਂ ਰੱਖਣ ਦੀ ਲੋੜ ਹੀ ਨਹੀਂ।"

"ਤੁਸੀਂ ਤੇ ਧਾਰ ਕੇ ਆਏ ਹੋ ਕਿ ਹਕੂਮਤ ਤੇ ਸਿੱਖਾਂ ਵਿਚ ਸੁਲਹ ਕਰਵਾ ਹੀ ਦੇਣੀ ਏ, ਫਿਰ ਤੁਸੀਂ ਗੱਲ ਸਿੱਧੀ ਕਿਉਂ ਨਹੀਂ ਕਰਦੇ।"

"ਇਹ ਵੀ ਤੁਸੀਂ ਮੇਰੇ ਨਾਲ ਨਿਆਂ ਨਹੀਂ ਕਰ ਰਹੇ," ਸ. ਸੁਬੇਗ ਸਿੰਘ ਨੇ ਮਿੱਠੇ ਜਿਹੇ ਤਰੀਕੇ ਨਾਲ ਰੋਸ ਪ੍ਰਗਟ ਕਰਦਿਆਂ ਆਖਿਆ, "ਮੈਂ ਪੰਥ ਨੂੰ ਸਭ ਤੋਂ ਵੱਡਾ ਮੰਨਦਾ ਹਾਂ ਤੇ ਪੰਥ ਦੇ ਹਰ ਫ਼ੈਸਲੇ ਅੱਗੇ ਸਿਰ ਝੁਕਾਵਾਂਗਾ। ਜੇ ਪੰਥਕ ਇਕੱਠ ਇਹ ਨਿਰਣਾ ਲਵੇ ਕਿ ਸਮਝੌਤਾ ਨਹੀਂ ਕਰਨਾ ਤਾਂ ਮੈਂ ਹੁਣੇ ਉਸੇ ਵੇਲੇ ਗੱਲ-ਬਾਤ ਖ਼ਤਮ ਕਰ ਦਿਆਂਗਾ। ਮੈਂ ਕੁਝ ਵੀ ਲੁਕਾਇਆ ਨਹੀਂ, ਹਕੂਮਤ ਨੇ ਮੈਨੂੰ ਭੇਜਿਆ ਏ ਤੇ ਤੁਸੀਂ ਅੱਗੋਂ ਜਿਵੇਂ ਫ਼ੈਸਲਾ ਕਰੋਗੇ, ਮੈਂ ਲੈ ਕੇ ਚਲਾ ਜਾਵਾਂਗਾ।"

ਕਈ ਹੋਰ ਆਗੂਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਖੁੱਲ੍ਹੀਆਂ ਗੱਲਾਂ ਹੋਈਆਂ, ਕਿਸੇ ਦੇ ਮਨ ਵਿਚ ਇਹ ਗੱਲ ਨਹੀਂ ਆਈ ਕਿ ਹਕੂਮਤ ਨਾਲ ਸੁਬੇਗ ਸਿੰਘ ਕਿਉਂ ਸੁਲਹ ਕਰਵਾ ਰਿਹਾ ਹੈ, ਇਹਦੇ ਵਿਚ ਇਹਦਾ ਜ਼ਾਤੀ ਲਾਭ ਕੀ ਹੋਵੇਗਾ। ਕਿਸੇ ਨੇ ਸੁਬੇਗ ਸਿੰਘ ਦੇ ਕਿਰਦਾਰ 'ਤੇ ਉਂਗਲੀ ਨਾ ਉਠਾਈ। ਸ. ਕਪੂਰ ਸਿੰਘ, ਜਥੇਦਾਰ ਕਰਮ ਸਿੰਘ ਤੇ ਹੋਰ ਕਈ ਨੇਤਾ ਵੀ ਬੋਲੇ। ਅਖ਼ੀਰ ਇਹ ਫ਼ੈਸਲਾ ਹੋ ਗਿਆ ਕਿ ਸਮਝੌਤਾ ਕਰਨ ਵਿਚ ਕੋਈ ਹਰਜ਼ ਨਹੀਂ, ਜੇਕਰ ਸ਼ਰਤਾਂ ਤੇ ਸਮਝੌਤੇ ਦੀਆਂ ਮੱਦਾਂ ਠੀਕ ਹੋਣ। ਇਸ ਲਈ ਸਭ ਨੇ ਸ. ਸੁਬੇਗ ਸਿੰਘ ਨੂੰ ਪ੍ਰੇਰਿਆ ਕਿ ਉਹ ਸਮਝੌਤੇ ਦੀਆਂ ਗੱਲਾਂ ਇਕ ਇਕ ਕਰਕੇ ਦੱਸੇ ਤੇ ਹਕੂਮਤ ਵੱਲੋਂ ਉਹਨੂੰ ਮਿਲੇ ਅਧਿਕਾਰਾਂ ਤੇ ਸਮਝੌਤੇ ਦੀ ਗੱਲ ਬਾਰੇ ਅੰਤਮ ਨਿਰਨਾ ਲੈਣ ਦੇ ਸਬੂਤ ਦੇਵੇ। ਸ. ਸੁਬੇਗ ਸਿੰਘ ਨੇ ਆਪਣੇ ਨਾਮ ਲਿਆਂਦਾ ਮੁਖ਼ਤਾਰਨਾਮਾ ਪੇਸ਼ ਕਰ ਦਿੱਤਾ। ਫਿਰ ਹਕੂਮਤ ਦੀ ਪੇਸ਼ਕਸ਼ ਦੱਸਣੀ ਸ਼ੁਰੂ ਕੀਤੀ, "ਹਕੂਮਤ ਤੁਹਾਡੀ ਜਦੋ-ਜਹਿਦ ਤੇ ਕੁਰਬਾਨੀ ਨੂੰ ਦੇਖ ਕੇ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਦੇਸ਼ ਵਿਚ ਗੜਬੜੀ ਦਾ ਮਾਹੌਲ ਖ਼ਤਮ ਕਰਨ ਲਈ ਖ਼ਾਲਸਾ ਪੰਥ ਨਾਲ ਸੁਲਹ ਸਫ਼ਾਈ ਕਰ ਲਵੇ। ਹਕੂਮਤ ਨੇ ਆਪਣੇ ਵਸੀਲਿਆਂ ਰਾਹੀਂ ਇਹ ਅਨੁਮਾਨ ਲਾ ਲਿਆ ਹੈ ਕਿ ਪੰਥ ਕੀ ਚਾਹੁੰਦਾ ਹੈ। ਉਸ ਮੁਤਾਬਿਕ ਹਕੂਮਤ ਨੇ ਸੁਲਹ ਲਈ ਮੇਰੀ ਸਲਾਹ ਨਾਲ ਸ਼ਰਤਾਂ ਨਿਸਚਿਤ ਕੀਤੀਆਂ ਹਨ। ਪਹਿਲੀ ਸਮਝੌਤੇ ਦੀ ਧਾਰਾ ਇਹ ਰੱਖੀ ਗਈ ਹੈ ਕਿ ਸਾਰੇ ਦੇਸ਼ ਵਿਚ ਸਿੱਖਾਂ ਦੇ ਗੁਰ-ਅਸਥਾਨਾਂ ਵਿਚ ਦਰਸ਼ਨ-ਦੀਦਾਰੇ ਤੇ ਸੇਵਾ-ਸੰਭਾਲ ਦੀ ਖੁੱਲ੍ਹ ਹੋਵੇਗੀ। ਹਕੂਮਤ ਸਿੱਖਾਂ ਦੇ ਧਾਰਮਕ ਮਾਮਲਿਆਂ ਵਿਚ ਦਖ਼ਲ ਨਹੀਂ ਦੇਵੇਗੀ। ਦੂਜੀ ਪੇਸ਼ਕਸ਼ ਇਹ ਹੈ ਕਿ ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧ ਆਦਿ ਖ਼ਰਚੇ ਲਈ ਪੰਥ ਨੂੰ ਇਲਾਕਾ ਝਬਾਲ ਜਾਗੀਰ ਵੱਜੋਂ ਮਿਲ ਜਾਏਗਾ। ਇਥੋਂ ਦੀ ਹਕੂਮਤ ਦੀ ਆਮਦਨ ਖ਼ਾਲਸਾ ਪੰਥ ਵਸੂਲਿਆ ਕਰੇਗਾ। ਤੀਜੀ ਪੇਸ਼ਕਸ਼ ਇਹ ਹੈ ਕਿ ਸਿੱਖਾਂ ਦੇ ਕਿਸੇ ਇਕ ਆਗੂ ਨੂੰ ਨਵਾਬ ਦੀ ਪਦਵੀ ਤੇ ਉਪਾਧੀ ਦਿੱਤੀ ਜਾਏਗੀ। ਕਿਸ ਨੂੰ ਨਵਾਬੀ ਮਿਲੇ, ਇਹਦਾ ਫ਼ੈਸਲਾ ਹਕੂਮਤ ਨੇ ਨਹੀਂ, ਪੰਥ ਨੇ ਆਪ ਕਰਨਾ ਹੈ।"

"ਹਕੂਮਤ ਇਹਦੇ ਬਦਲੇ ਸਾਡੇ ਤੋਂ ਕੀ ਸ਼ਰਤਾਂ ਮੰਨਵਾਏਗੀ ?" ਇਕ ਜਥੇਦਾਰ ਨੇ ਤੁਰਤ ਪ੍ਰਸ਼ਨ ਕਰ ਦਿੱਤਾ, "ਹਕੂਮਤ ਸਾਨੂੰ ਲਾਲਚ ਦੇ ਕੇ ਫਸਾਣਾ ਚਾਹੁੰਦੀ ਏ, ਜ਼ਰਾ ਸੋਚ ਵਿਚਾਰ ਕੇ ਸਮਝੌਤਾ ਕਰਨਾ।"

"ਸਾਨੂੰ ਮੁਗ਼ਲੀਆ ਰਾਜ ਦੇ ਮੁਖੀ ਸਿਆਸੀ ਚਾਲ ਨਾਲ ਮਾਰਨਾ ਚਾਹੁੰਦੇ ਹਨ," ਦੂਜੇ ਜਥੇਦਾਰ ਦਾ ਪ੍ਰਤੀਕਰਮ ਸੀ, "ਲੜ ਕੇ ਤਾਂ ਖ਼ਤਮ ਨਹੀਂ ਕਰ ਸਕੇ, ਹੁਣ ਲੂੰਬੜ ਚਾਲਾਂ ਨਾਲ ਧੋਖਾ ਦੇਣ ਦਾ ਯਤਨ ਕਰਨਗੇ।"

"ਸਾਡੇ ਵਿਚ ਫੁੱਟ ਪਾਣ ਦੀ ਕੋਸ਼ਿਸ਼ ਵੀ ਹੋ ਸਕਦੀ ਏ," ਤੀਜੇ ਮੁਖੀ ਨੇ ਆਪਣੀ ਰਾਏ ਦਿੱਤੀ, "ਹਕੂਮਤ ਚਾਹੁੰਦੀ ਏ, ਜਾਗੀਰ ਦੇ ਪ੍ਰਬੰਧ ਤੋਂ ਅਸੀਂ ਲੜ ਪਈਏ। ਅਸੀਂ ਜੱਟ ਜ਼ਿਮੀਂਦਾਰ ਜ਼ਮੀਨ ਤੋਂ ਝੱਟ ਲੜ ਪੈਂਦੇ ਹਾਂ। ਦੂਜੀ ਚਾਲ ਨਵਾਬੀ ਦੀ ਲੜਾਈ ਕਰਵਾਣ ਦੀ ਵੀ ਹੋ ਸਕਦੀ ਏ। ਮਾਮਲਾ ਜਿਤਨਾ ਉੱਤੋਂ ਸਿੱਧਾ ਨਜ਼ਰ ਆਉਂਦਾ ਏ, ਉਤਨਾ ਹੀ ਅੰਦਰੋਂ ਟੇਢਾ ਏ। ਹੱਥੀਂ ਦਿੱਤੀਆਂ ਗੰਢਾਂ ਮੁੜ ਦੰਦਾਂ ਨਾਲ ਨਾ ਖੋਲ੍ਹਣੀਆਂ ਪੈਣ।"

ਸ. ਸੁਬੇਗ ਸਿੰਘ ਨੇ ਫਿਰ ਸਮਝਾਇਆ, "ਤੁਹਾਡਾ ਸ਼ੱਕ ਤੇ ਵਿਚਾਰ ਠੀਕ ਏ। ਹੁਣ ਤਕ ਜਿਹੜੀ ਟੱਕਰ ਤੇ ਨਫ਼ਰਤ ਪੈਦਾ ਹੋ ਚੁੱਕੀ ਏ, ਉਹ ਛੇਤੀ ਖ਼ਤਮ ਨਹੀਂ ਹੋ ਸਕਦੀ। ਤੁਹਾਡੇ ਸਾਡੇ 'ਤੇ ਜੋ ਜ਼ੁਲਮ ਪਿਛਲੇ ਸਮੇਂ ਵਿਚ ਹੋਇਆ ਏ, ਇਹ ਉਸੇ ਦਾ ਨਤੀਜਾ ਬੇ-ਭਰੋਸਗੀ ਏ, ਪਰ ਮੈਂ ਕਹਿੰਦਾ ਹਾਂ ਕਿ ਤੁਸੀਂ ਜਿਵੇਂ ਸੱਤ ਸਾਲ ਏਕਤਾ ਤੇ ਵਿਉਂਤ ਨਾਲ ਹਕੂਮਤ ਦੇ ਜ਼ੁਲਮ ਦਾ ਟਾਕਰਾ ਕੀਤਾ ਏ, ਉਸੇ ਏਕਤਾ ਤੇ ਪਰਸਪਰ ਸਹਿਯੋਗ ਨਾਲ ਅੱਗੋਂ ਵੀ ਕੌਮ ਵਿਰੁੱਧ ਕਿਸੇ ਵੀ ਸਾਜ਼ਸ਼ ਨੂੰ ਫ਼ੇਲ੍ਹ ਕਰ ਸਕਦੇ ਹੋ। ਅੱਜ ਜੋ ਟਕਰਾਓ ਦੀ ਸਥਿਤੀ ਏ, ਇਹਦੇ ਨਾਲੋਂ ਭੈੜਾ

ਸਮਾਂ ਹੋਰ ਕਿਹੜਾ ਹੋਏਗਾ। ਜੇ ਸਮਝੌਤਾ ਬਹੁਤੀ ਦੇਰ ਨਾ ਵੀ ਚੱਲਿਆ ਤਾਂ ਵੀ ਅਮਨ ਚੈਨ ਦੇ ਦਿਨਾਂ ਦਾ ਲਾਭ ਸਾਨੂੰ ਹੀ ਹੋਵੇਗਾ। ਇਕ ਜਥੇਦਾਰ ਜੀ ਨੇ ਪੁੱਛਿਆ ਸੀ ਕਿ ਹਕੂਮਤ ਸਾਡੇ ਤੋਂ ਇਹਦੇ ਬਦਲੇ ਕੀ ਮੰਗ ਕਰਦੀ ਏ। ਮੈਂ ਦੱਸ ਦਿਆਂ ਕਿ ਹਕੂਮਤ ਸਿਰਫ਼ ਅਮਨ ਚਾਹੁੰਦੀ ਏ ਤੇ ਆਪਣੇ ਖ਼ਜ਼ਾਨੇ ਦੀ ਲੁੱਟ ਨੂੰ ਬੰਦ ਕਰਨਾ ਚਾਹੁੰਦੀ ਏ। ਇਹੀ ਤੁਹਾਡੇ ਤੋਂ ਮੰਗ ਏ, ਹੋਰ ਕੁਝ ਨਹੀਂ।"

ਇਸ ਪਿੱਛੋਂ ਸਮਝੌਤੇ ਦੀਆਂ ਸ਼ਰਤਾਂ ਉਤੇ ਖੁੱਲ੍ਹੀ ਬਹਿਸ ਹੋਈ। ਹਰ ਕਿਸੇ ਨੇ ਆਪਣੀ ਸੋਚ ਅਨੁਸਾਰ ਇਸ ਦੇ ਹੱਕ ਵਿਚ ਜਾਂ ਵਿਰੁੱਧ ਰਾਏ ਦਿੱਤੀ। ਅਖ਼ੀਰ ਦੀਵਾਨ ਦਰਬਾਰਾ ਸਿੰਘ ਜੀ ਨੇ ਵਿਚਾਰ-ਵਟਾਂਦਰੇ ਦਾ ਨਿਚੋੜ ਪੇਸ਼ ਕੀਤਾ ਤੇ ਸਮਝੌਤੇ ਨੂੰ ਪ੍ਰਵਾਨਗੀ ਦੇਣ ਦਾ ਸੁਝਾਅ ਰੱਖਿਆ। ਜੈਕਾਰਿਆਂ ਦੀ ਗੂੰਜ ਨਾਲ ਸਰਬੱਤ ਇਕੱਠ ਨੇ ਪ੍ਰਵਾਨਗੀ 'ਤੇ ਮੋਹਰ ਲਾ ਦਿੱਤੀ। ਸ. ਸੁਬੇਗ ਸਿੰਘ ਨੇ ਕਿਹਾ ਕਿ ਉਹ ਨਵਾਬੀ ਦੀ ਖ਼ਿਲਤ ਲੈ ਕੇ ਹੁਣੇ ਮੁੜ ਹਾਜ਼ਰ ਹੁੰਦੇ ਹਨ, ਤੁਸੀਂ ਇਤਨੀ ਦੇਰ ਫ਼ੈਸਲਾ ਕਰ ਲਉ ਕਿ ਨਵਾਬੀ ਦੀ ਖ਼ਿਲਤ ਤੇ ਪਦਵੀ ਕਿਸ ਨੇਤਾ ਨੂੰ ਪੰਥ ਦੇਣੀ ਚਾਹੇਗਾ। ਉਸੇ ਨੇਤਾ ਦੇ ਨਾਮ ਜ਼ਮੀਨ ਦਾ ਪੱਟਾ ਵੀ ਹੋ ਜਾਏਗਾ ਤੇ ਸੰਧੀ 'ਤੇ ਦਸਖ਼ਤ ਵੀ ਹੋ ਜਾਣਗੇ।

ਸ. ਸੁਬੇਗ ਸਿੰਘ ਦੀਵਾਨ 'ਚੋਂ ਚਲੇ ਗਏ। ਕਹਿ ਗਏ ਕਿ ਉਹ ਛੇਤੀ ਮੁੜ ਕੇ ਆ ਰਹੇ ਹਨ। ਉਨ੍ਹਾਂ ਪਿੱਛੋਂ ਇਕੱਠ ਵਿਚ ਇਸ ਗੱਲ 'ਤੇ ਚਰਚਾ ਸ਼ੁਰੂ ਹੋ ਗਈ ਕਿ ਨਵਾਬੀ ਦਾ ਪਦ ਕਿਸ ਆਗੂ ਨੂੰ ਦਿੱਤਾ ਜਾਏ। ਇਕ ਜਥੇਦਾਰ ਨੇ ਝੱਟ ਉੱਠ ਕੇ ਨਾਮ ਤਜਵੀਜ਼ ਕਰ ਦਿੱਤਾ ਕਿ ਅੱਠ ਨੌਂ ਸਾਲ ਤੋਂ ਅਗਵਾਈ ਦੀਵਾਨ ਦਰਬਾਰਾ ਸਿੰਘ ਕਰ ਰਹੇ ਹਨ, ਇਨ੍ਹਾਂ ਨੂੰ ਹੀ ਨਵਾਬੀ ਦਾ ਸਨਮਾਨ ਮਿਲਣਾ ਚਾਹੀਦਾ ਏ। ਝੱਟ ਦੂਜੇ ਨੇ ਤਾਈਦ ਤੇ ਤੀਜੇ ਨੇ ਤਾਈਦ ਮਜ਼ੀਦ ਕਰ ਦਿੱਤੀ। ਕੋਈ ਹੋਰ ਦੂਜਾ ਨਾਮ ਪੇਸ਼ ਹੀ ਨਾ ਹੋਇਆ, ਪਰ ਦੀਵਾਨ ਦਰਬਾਰਾ ਸਿੰਘ ਨੇ ਤੁਰਤ ਉੱਠ ਕੇ ਆਖਿਆ ਕਿ ਮੈਂ ਇਸ ਦਾ ਹੱਕਦਾਰ ਨਹੀਂ। ਇਥੋਂ ਤਕ ਸੰਘਰਸ਼ ਨੂੰ ਪਹੁੰਚਾਣ ਦਾ ਸਿਹਰਾ ਨੌਜਵਾਨ ਕਪੂਰ ਸਿੰਘ ਦੇ ਸਿਰ ਹੈ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਸੱਤ ਸਾਲ ਪਹਿਲਾਂ ਆਪਾਂ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਪਿੱਛੋਂ ਇਕੱਠੇ ਹੋਏ ਸਾਂ ਤਾਂ ਸਾਡੇ ਵਿਚੋਂ ਕਿਸੇ ਨੂੰ ਵੀ ਜਦੋ-ਜਹਿਦ ਦਾ ਤਰੀਕਾ ਨਹੀਂ ਸੀ ਸੁਝਿਆ। ਨੌਜਵਾਨ ਕਪੂਰ ਸਿੰਘ ਨੇ ਉਸ ਵੇਲੇ ਹਕੂਮਤ ਦੀ ਆਰਥਕ ਨਾਕਾਬੰਦੀ ਦਾ ਸੁਝਾਅ ਦਿੱਤਾ ਤੇ ਫਿਰ ਜਦੋਂ ਇਸ ਵਿਉਂਤ ਨੂੰ ਸਿਰੇ ਚਾੜ੍ਹਨ ਦੀ ਜ਼ਿੰਮੇਵਾਰੀ ਪੰਥ ਨੇ ਇਨ੍ਹਾਂ ਨੂੰ ਸੌਂਪ ਦਿੱਤੀ ਤਾਂ ਇਨ੍ਹਾਂ ਨੇ ਕਮਾਲ ਸੂਝ-ਬੂਝ ਨਾਲ ਮੋਰਚਾ ਅਜਿਹਾ ਜਥੇਬੰਦ ਕੀਤਾ ਕਿ ਹਕੂਮਤ ਦੀਆਂ ਗੋਡੀਆਂ ਲਵਾ ਦਿੱਤੀਆਂ, ਇਸ ਲਈ ਨਵਾਬੀ ਦਾ ਹੱਕਦਾਰ ਕਪੂਰ ਸਿੰਘ ਹੀ ਹੈ।

ਸ. ਕਪੂਰ ਸਿੰਘ ਇਸ ਸਮੇਂ ਪੰਥਕ ਇਕੱਠ ਵਿਚ ਪੱਖਾ ਝੱਲਣ ਦੀ ਸੇਵਾ ਕਰ ਰਹੇ ਸਨ। ਭਾਵੇਂ ਉਹ ਸੱਤ ਸਾਲ ਦੀ ਜਦੋ-ਜਹਿਦ ਵਿਚ ਪੰਥ ਦੇ ਮੁਖੀ ਜਰਨੈਲ ਬਣ ਚੁੱਕੇ ਸਨ, ਪਰ ਉਨ੍ਹਾਂ ਅੰਦਰ ਨਿਮਰਤਾ ਤੇ ਸੇਵਾ-ਭਾਵ ਪਹਿਲਾਂ ਵਰਗਾ ਹੀ ਸੀ। ਮੁਖੀ ਜਥੇਦਾਰ ਹੁੰਦਿਆਂ ਵੀ ਉਹ ਘੋੜਿਆਂ ਦੇ ਅਸਤਬਲ ਵਿਚ ਜਾ ਕੇ ਆਪ ਸਫ਼ਾਈ ਕਰਨ ਲੱਗ ਪੈਂਦੇ। ਘੋੜਿਆਂ ਦੀ ਸੇਵਾ-ਸੰਭਾਲ ਹੱਥੀਂ ਕਰਦਿਆਂ ਉਹ ਆਖਿਆ ਕਰਦੇ ਸਨ ਕਿ ਇਹ ਤਾਂ ਯੁੱਧ ਦੇ ਮੈਦਾਨ ਵਿਚ ਸਵਾਰਾਂ ਦੇ ਅਸਲ ਸਾਥੀ ਹਨ। ਇਨ੍ਹਾਂ ਨੇ ਕਈ ਪਿੜਾਂ ਵਿਚ ਸਾਡੀ ਜਿੱਤ ਕਰਵਾਈ ਏ। ਸ. ਕਪੂਰ ਸਿੰਘ ਨੇ ਹੱਥ ਜੋੜ ਕੇ ਆਖਿਆ, "ਮੈਂ ਸੇਵਾਦਾਰ ਹਾਂ, ਮੈਨੂੰ ਸੇਵਾਦਾਰ ਹੀ ਰਹਿਣ ਦਿਉ।" ਪਰ ਦੀਵਾਨ ਦਰਬਾਰਾ ਸਿੰਘ ਨੇ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਇਹ ਵੀ ਪੰਥ ਦੀ ਸੇਵਾ ਹੀ ਏ। ਅਸੀਂ ਬੁੱਢੇ ਹੋ ਗਏ ਹਾਂ ਤੇ ਨੌਜਵਾਨਾਂ ਨੂੰ ਹੁਣ ਵਾਗਡੋਰ ਸੰਭਾਲਣੀ ਚਾਹੀਦੀ ਏ।

ਸ. ਸੁਬੇਗ ਸਿੰਘ ਨਵਾਬੀ ਦੀ ਖ਼ਿਲਤ ਤੇ ਪੱਟਾ ਆਦਿ ਦੇ ਕਾਗ਼ਜ਼ ਲੈ ਕੇ ਆ ਗਏ।

ਸ. ਕਪੂਰ ਸਿੰਘ ਨੂੰ ਜੈਕਾਰਿਆਂ ਦੀ ਗੂੰਜ ਵਿਚ ਆ ਕੇ ਖ਼ਿੱਲਤ ਸਵੀਕਾਰ ਕਰਨ ਲਈ ਆਦੇਸ਼ ਦਿੱਤਾ ਗਿਆ। ਸ. ਕਪੂਰ ਸਿੰਘ ਨੇ ਇਉਂ ਖ਼ਿੱਲਤ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਆਖਿਆ ਕਿ ਮੈਂ ਇਕੱਲਾ ਇਸ ਦਾ ਹੱਕਦਾਰ ਨਹੀਂ। ਮਾਝੇ, ਮਾਲਵੇ, ਦੁਆਬੇ, ਬਾਰ ਦੇ ਇਲਾਕੇ ਤੇ ਸਿਆਲਕੋਟ ਵੱਲ ਦੇ ਖੇਤਰੀ ਪੰਜ ਜਥੇਦਾਰਾਂ ਦੇ ਸਹਿਯੋਗ ਤੇ ਉੱਦਮ ਨਾਲ ਅੱਜ ਪੰਥ ਨੂੰ ਇਹ ਸਫਲਤਾ ਮਿਲੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇਹ ਪੰਜੇ ਜਥੇਦਾਰ ਪੰਜ ਪਿਆਰਿਆਂ ਦੇ ਰੂਪ ਵਿਚ ਪ੍ਰਗਟ ਹੋਣ ਤੇ ਇਹ ਖ਼ਿੱਲਤ ਪਹਿਲਾਂ ਉਨ੍ਹਾਂ ਦੇ ਚਰਨਾਂ ਨਾਲ ਛੁਹਾਈ ਜਾਏ ਤੇ ਹਕੂਮਤ ਦੀਆਂ ਭੇਜੀਆਂ ਵਸਤਾਂ ਨੂੰ ਉਨ੍ਹਾਂ ਦੀ ਚਰਨ ਛੋਹ ਨਾਲ ਪਵਿੱਤਰ ਕੀਤਾ ਜਾਏ। ਫਿਰ ਉਹ ਇਸ ਨੂੰ ਸਵੀਕਾਰ ਕਰਨਗੇ।

ਹਕੂਮਤ ਦੀ ਹੇਠੀ ਕਰਾਣ ਵਾਲੀ ਇਸ ਤੋਂ ਵੱਧ ਕਿਹੜੀ ਗੱਲ ਹੋ ਸਕਦੀ ਸੀ। ਲੋਕ ਇਹ ਖ਼ਿੱਲਤ ਆਪਣੇ ਸਿਰ 'ਤੇ ਰੱਖ ਕੇ ਸਵੀਕਾਰਦੇ ਹਨ ਪਰ ਸ. ਕਪੂਰ ਸਿੰਘ ਪੰਜ ਪਿਆਰਿਆਂ ਦੇ ਚਰਨਾਂ ਵਿਚ ਇਸ ਨੂੰ ਰੱਖ ਕੇ ਮੁੜ ਪ੍ਰਵਾਨ ਕਰਨ ਲਈ ਰਾਜ਼ੀ ਹੋਏ। ਇਸ ਲਈ ਇਸੇ ਤਰ੍ਹਾਂ ਕੀਤਾ ਗਿਆ। ਇਸ ਇਕੱਠ ਵਿਚ ਸ. ਕਪੂਰ ਸਿੰਘ ਨਵਾਬ ਬਣ ਗਏ ਤੇ ਉਨ੍ਹਾਂ ਪਹਿਲਾ ਐਲਾਨ ਇਹ ਕੀਤਾ ਕਿ ਹਰ ਥਾਂ ਸਿਖ ਸੰਗਤਾਂ ਆਪਣੇ ਇਤਿਹਾਸਕ ਗੁਰ-ਅਸਥਾਨਾਂ ਦੀ ਉਸਾਰੀ, ਮੁਰੰਮਤ ਤੇ ਸੇਵਾ-ਸੰਭਾਲ ਵਿਚ ਜੁੱਟ ਜਾਣ। ਸਾਡੇ ਧਰਮ ਦੇ ਸੋਮੇਂ ਗੁਰਦੁਆਰੇ ਹਨ ਤੇ ਇਨ੍ਹਾਂ ਦੀ ਸ਼ਾਨ ਸੰਸਾਰ ਵਿਚ ਅਲੌਕਿਕ ਹੀ ਹੋਣੀ ਚਾਹੀਦੀ ਏ। ਬੜੀ ਚੜ੍ਹਦੀ ਕਲਾ ਦੇ ਜਜ਼ਬੇ ਨਾਲ ਇਕੱਠ ਤੋਂ ਸਿੰਘ ਮੁੜੇ।

77

ਸਾਰੇ ਦੇਸ਼ ਵਿਚ ਇਹ ਗੱਲ ਅੱਗ ਵਾਂਗ ਫੈਲ ਗਈ ਕਿ ਮੁਗ਼ਲ ਹਕੂਮਤ ਨੇ ਸਿੱਖਾਂ ਅੱਗੇ ਗੋਡੇ ਟੇਕ ਦਿੱਤੇ ਹਨ ਤੇ ਸਿੱਖਾਂ ਨੂੰ ਹਕੂਮਤ ਸੌਂਪਣ ਵੱਲ ਪਹਿਲਾ ਕਦਮ ਇਹ ਉਠਾਇਆ ਗਿਆ ਹੈ ਕਿ ਉਨ੍ਹਾਂ ਦੇ ਉਸ ਜਥੇਦਾਰ ਨੂੰ ਨਵਾਬ ਦੀ ਪਦਵੀ ਦੇ ਦਿੱਤੀ ਗਈ ਹੈ, ਜਿਸ ਨੇ ਸੱਤ ਸਾਲ ਸ਼ਾਹੀ ਖ਼ਜ਼ਾਨੇ ਵਿਚ ਪੈਸਾ ਨਹੀਂ ਜਾਣ ਦਿੱਤਾ। ਜੋ ਸਰਕਾਰੀ ਖ਼ਜ਼ਾਨੇ ਨੂੰ ਲੁੱਟਦਾ ਰਿਹਾ ਹੈ, ਉਸ ਨੂੰ ਹਕੂਮਤ ਨੇ ਸਨਮਾਨਤ ਕਰ ਦਿੱਤਾ ਹੈ। ਇਸ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਚੌਧਰੀਆਂ 'ਤੇ ਪਿਆ ਜੋ ਪਿਛਲੇ ਸਾਲਾਂ ਵਿਚ ਜ਼ਕਰੀਆ ਖ਼ਾਨ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਸਿੱਖਾਂ 'ਤੇ ਜ਼ੁਲਮ ਕਰਦੇ ਰਹੇ ਸਨ। ਉਨ੍ਹਾਂ ਨੂੰ ਡਰ ਭਾਸਣ ਲੱਗਾ ਕਿ ਉਨ੍ਹਾਂ ਨੂੰ ਆਪਣੇ ਕੀਤੇ ਕੁਕਰਮਾਂ ਦੀ ਸਜ਼ਾ ਭੁਗਤਣੀ ਪਵੇਗੀ। ਇਸ ਨਾਲ ਸਾਰੇ ਸਥਾਨਕ ਹਾਕਮਾਂ ਦਾ ਵਤੀਰਾ ਸਿੱਖਾਂ ਵੱਲ ਬਦਲਣ ਲੱਗਾ। ਜਿਸ ਤਰ੍ਹਾਂ ਬੰਦਾ ਸਿੰਘ ਬਹਾਦਰ ਦੇ ਸਰਹੰਦ ਫ਼ਤਹਿ ਕਰਨ ਤੇ ਆਪਣਾ ਰਾਜ ਸਥਾਪਤ ਕਰਨ ਪਿੱਛੋਂ ਹੋਇਆ ਸੀ, ਉਸੇ ਤਰ੍ਹਾਂ ਸਿਖ ਜਥੇਦਾਰਾਂ ਦੁਆਲੇ ਚੌਧਰੀ ਚੱਕਰ ਕੱਟਣ ਲੱਗ ਪਏ। ਸਿੱਖਾਂ ਵਿਚ ਖ਼ੁਸ਼ੀ, ਸੰਤੁਸ਼ਟਤਾ ਤੇ ਚੜ੍ਹਦੀ ਕਲਾ ਦਾ ਆਉਣਾ ਕੁਦਰਤੀ ਸੀ।

ਅੰਮ੍ਰਿਤਸਰ ਵਿਚ ਅਸਲ ਗੱਲ ਕਿਸ ਤਰ੍ਹਾਂ ਹੋਈ, ਕਿਵੇਂ ਹਕੂਮਤ ਨੇ ਸਮਝੌਤਾ ਕੀਤਾ। ਕੀ ਕੀ ਗੱਲ ਹੋਈ ਸੀ, ਇਹ ਸੁਣਨ ਲਈ ਬਹੁਤੇ ਲੋਕ ਉਤਾਵਲੇ ਸਨ। ਜਥੇਦਾਰ ਕਰਮ ਸਿੰਘ ਨੇ ਪੰਥ ਦੀ ਇਸ ਜਿੱਤ 'ਤੇ ਕਰਤਾਰਪੁਰ ਵਿਚ ਦੁਆਬੇ ਦੇ ਸਾਰੇ ਸਿੰਘਾਂ ਦੇ ਜਥਿਆਂ ਦੇ ਮੁਖੀਆਂ ਦੀ ਇਕ ਇਕੱਤਰਤਾ ਬੁਲਾਈ। ਘੋੜ ਸਵਾਰ ਜਿਥੇ ਜਿਥੇ ਵੀ ਪਹੁੰਚੇ, ਸਿੰਘ ਪਹਿਲਾਂ ਹੀ ਤਿਆਰ ਬੈਠੇ ਸਨ। ਦੋ ਦਿਨਾਂ ਵਿਚ ਹੀ ਵੱਡੇ ਇਕੱਠ ਵਰਗੀ ਰੌਣਕ ਹੋ ਗਈ। ਲੋਕ ਵਧਾਈ ਦੇਣ ਘਰ ਵੀ ਆਉਣ ਲੱਗ ਪਏ। ਦੀਪੋ ਸਭ ਦੀ ਆਓ-ਭਗਤ ਕਰਦੀ। ਨਗਰ ਦੀਆਂ ਕਈ ਔਰਤਾਂ

ਉਹਦਾ ਹੱਥ ਵਟਾਉਣ ਲਈ ਉਹਦੇ ਘਰ ਆ ਗਈਆਂ। ਦੁੱਧ, ਦਹੀਂ, ਲੱਸੀ ਤੇ ਲੰਗਰ ਹਰ ਵੇਲੇ ਹੀ ਤਿਆਰ ਮਿਲਦਾ। ਸਾਰਿਆਂ ਨੂੰ ਖ਼ੁਸ਼ੀ ਸੀ ਕਿਉਂਕਿ ਕਈ ਸਾਲਾਂ ਪਿੱਛੋਂ ਲੋਕਾਂ ਨੂੰ, ਖ਼ਾਸ ਕਰਕੇ ਸਿੱਖਾਂ ਨੂੰ ਸੁੱਖ ਦਾ ਸਾਹ ਆਇਆ। ਘਰਾਂ ਵਿਚ ਰਹਿਣ ਦੀ ਖੁੱਲ੍ਹ ਸੀ। ਬਾਹਰ ਜੰਗਲ ਪਹਾੜ ਵੱਲ ਭੱਜ ਗਏ ਮਰਦਾਂ ਦੇ ਮੁੜ ਪਰਵਾਰਾਂ ਵਿਚ ਮੁੜਨ ਦੀ ਆਸ ਬੱਝ ਗਈ ਸੀ।

ਜਥੇਦਾਰ ਕਰਮ ਸਿੰਘ ਨੇ ਇਕੱਠ ਨੂੰ ਪਹਿਲਾਂ ਤਾਂ ਅੰਮ੍ਰਿਤਸਰ ਵਿਚ ਵਾਪਰੀ ਸਾਰੀ ਗੱਲ ਦਾ ਵਿਸਥਾਰ ਪੂਰਵਕ ਹਾਲ ਦੱਸਿਆ। ਇਹ ਵੀ ਦੱਸ ਦਿੱਤਾ ਕਿ ਉਹ ਉਨ੍ਹਾਂ ਪੰਜ ਪਿਆਰਿਆਂ ਵਿਚ ਸ਼ਾਮਲ ਸਨ, ਜਿਨ੍ਹਾਂ ਦੇ ਪੈਰਾਂ 'ਤੇ ਪਹਿਲਾਂ ਹਕੂਮਤ ਵੱਲੋਂ ਆਈ ਖਿੱਲਤ ਰੱਖੀ ਗਈ ਤੇ ਫਿਰ ਜਥੇਦਾਰ ਕਪੂਰ ਸਿੰਘ ਨੇ ਨਵਾਬੀ ਦਾ ਉਹ ਸਨਮਾਨ ਸਵੀਕਾਰ ਕੀਤਾ। ਇਕੱਤਰਤਾ ਵਿਚ ਝੱਟ-ਪਟ ਪਿੱਛੋਂ ਸਿੰਘ ਜੈਕਾਰੇ ਲਾ ਕੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਰਹੇ।

"ਤੁਸੀਂ ਉਥੋਂ ਦੇ ਸਾਰੇ ਹਾਲਾਤ ਤਾਂ ਦੱਸ ਦਿੱਤੇ ਹਨ ਪਰ ਆਪਣੀ ਰਾਏ ਨਹੀਂ ਦਿੱਤੀ ਕਿ ਇਹ ਠੀਕ ਹੋਇਆ ਏ ? ਹਕੂਮਤ ਨਾਲ ਸਮਝੌਤੇ ਵਿਚ ਅਸੀਂ ਕਿਧਰੇ ਘਾਟੇ ਵਿਚ ਤਾਂ ਨਹੀਂ ਰਹਾਂਗੇ। ਇਸ ਬਾਰੇ ਵੀ ਚਾਨਣਾ ਪਾਉ," ਇਕ ਸਿੰਘ ਨੇ ਗੱਲ ਮੁੱਕਦੇ ਸਾਰ ਹੀ ਪ੍ਰਸ਼ਨ ਕਰ ਦਿੱਤਾ।

"ਇਹ ਫ਼ੈਸਲਾ ਪੰਥ ਦਾ ਏ, ਕਿਸੇ ਇਕ ਦਾ ਨਹੀਂ," ਜਥੇਦਾਰ ਕਰਮ ਸਿੰਘ ਨੇ ਸਮਝਾਇਆ, "ਪੰਥਕ ਫ਼ੈਸਲੇ 'ਤੇ ਕੋਈ ਸਿਖ ਕਿਸ ਤਰ੍ਹਾਂ ਕਿੰਤੂ ਕਰ ਸਕਦਾ ਹੈ। ਫਿਰ ਮੇਰੇ ਵਰਗਾ ਸੇਵਾਦਾਰ ਜੋ ਆਪ ਉਸ ਗੁਰਮਤੇ ਵਿਚ ਸ਼ਾਮਲ ਹੋਵੇ। ਮੱਤਭੇਦ ਕੋਈ ਨਹੀਂ ਸੀ। ਸਮੁੱਚਾ ਪੰਥ ਇਕ ਵਿਚਾਰ ਦਾ ਸੀ ਕਿ ਹਕੂਮਤ ਜੇਕਰ ਸੁਲਹ ਕਰਨਾ ਚਾਹੁੰਦੀ ਏ ਤਾਂ ਸਾਨੂੰ ਇਹ ਮੌਕਾ ਹੱਥੋਂ ਨਹੀਂ ਗੁਆਣਾ ਚਾਹੀਦਾ। ਇਸ ਦਾ ਲਾਭ ਵੱਧ ਤੋਂ ਵੱਧ ਪ੍ਰਾਪਤ ਕਰਨਾ ਚਾਹੀਦਾ ਏ। ਸ. ਕਪੂਰ ਸਿੰਘ ਤਾਂ ਨਵਾਬੀ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ, ਉਨ੍ਹਾਂ ਨੂੰ ਤਾਂ ਪੰਥ ਦੇ ਫ਼ੈਸਲੇ ਅੱਗੇ ਝੁਕਣਾ ਪਿਆ। ਬਾਕੀ ਫ਼ੈਸਲੇ ਦੀਆਂ ਸ਼ਰਤਾਂ ਖੋਲ੍ਹ ਕੇ ਸਮਝ ਲਉ ਕਿ ਅਸੀਂ ਕੁਝ ਵੀ ਗੁਆਇਆ ਨਹੀਂ, ਪ੍ਰਾਪਤ ਹੀ ਕੀਤਾ ਹੈ।"

"ਤੁਸੀਂ ਕੀ ਸਮਝਦੇ ਹੋ ਕਿ ਹਕੂਮਤ ਦਿਲੋਂ ਈਮਾਨਦਾਰੀ ਨਾਲ ਸੁਲਹ ਕਰ ਰਹੀ ਏ," ਇਕ ਹੋਰ ਸਿੰਘ ਨੇ ਸਵਾਲ ਕੀਤਾ।

"ਮੈਂ ਇਸ ਬਾਰੇ ਅਜੇ ਕੁਝ ਨਹੀਂ ਕਹਿ ਸਕਦਾ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਨਾ ਹੀ ਮੈਨੂੰ ਇਸ ਬਾਰੇ ਕੁਝ ਕਹਿਣਾ ਚਾਹੀਦਾ ਏ। ਅਸੀਂ ਈਮਾਨਦਾਰੀ ਨਾਲ ਹਕੂਮਤ ਦੀ ਪੇਸ਼ਕਸ਼ ਨੂੰ ਸਵੀਕਾਰ ਕੀਤਾ ਏ ਤੇ ਈਮਾਨਦਾਰੀ ਨਾਲ ਇਸ 'ਤੇ ਡਟੇ ਰਹਾਂਗੇ। ਜਦ ਤਕ ਹਕੂਮਤ ਆਪਣੇ ਇਸ ਫ਼ੈਸਲੇ ਦਾ ਆਪ ਹੀ ਵਿਰੋਧ ਨਹੀਂ ਕਰਦੀ ਜਾਂ ਇਸ ਸਮਝੌਤੇ ਤੋਂ ਪਿੱਛੇ ਨਹੀਂ ਹਟਦੀ, ਅਸੀਂ ਉਹਨੂੰ ਬਦਨੀਅਤ ਕਿਸ ਤਰ੍ਹਾਂ ਕਹਿ ਸਕਦੇ ਹਾਂ। ਮੈਂ ਸਿਰਫ਼ ਤੁਹਾਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹਾਲਾਤ ਬਦਲੇ ਹਨ, ਸਾਨੂੰ ਵਧੇਰੇ ਸਾਵਧਾਨ ਰਹਿਣਾ ਪਵੇਗਾ। ਲੋਕਾਂ ਦੀ ਹਮਦਰਦੀ ਤੇ ਪਿਆਰ ਜਿੱਤਣਾ ਹੋਵੇਗਾ। ਹਾਕਮ ਲੋਕਾਂ ਤੇ ਸਾਡੇ ਵਿਚਕਾਰ ਇਹੀ ਵੱਡਾ ਫ਼ਰਕ ਹੈ। ਅਜਿਹੀ ਜਿੱਤ ਦੀ ਹਾਲਤ ਵਿਚ ਉਹ ਵਧੇਰੇ ਹੰਕਾਰੇ ਜਾਂਦੇ ਹਨ ਤੇ ਸਾਨੂੰ ਪਹਿਲਾਂ ਨਾਲੋਂ ਵੱਧ ਨਿਮਰਤਾ ਤੇ ਧੀਰਜ ਦਿਖਾਣਾ ਹੋਵੇਗਾ।"

"ਹਕੂਮਤ ਨਾਲ ਟੱਕਰ ਤਾਂ ਅਜੇ ਰੁਕ ਗਈ ਜਾਂ ਮੁੱਕ ਗਈ, ਪਰ ਸਾਨੂੰ ਅੱਗੋਂ ਕੀ ਕਰਨਾ ਹੋਵੇਗਾ ?" ਇਕ ਜਥੇਦਾਰ ਨੇ ਪ੍ਰਸ਼ਨ ਕੀਤਾ, "ਇਸ ਸਮਝੌਤੇ ਨਾਲ ਤਾਂ ਇਉਂ ਲੱਗਦਾ ਏ ਕਿ ਸਾਡਾ ਕੰਮ ਹੀ ਮੁੱਕ ਗਿਆ ਏ।"

"ਇਸ ਭੁਲੇਖੇ ਵਿਚ ਨਾ ਰਹੋ। ਸਾਡਾ ਕੰਮ ਕਦੇ ਨਹੀਂ ਮੁੱਕ ਸਕਦਾ," ਜਥੇਦਾਰ ਕਰਮ ਸਿੰਘ ਨੇ ਉੱਤਰ ਦਿੱਤਾ, "ਯੁੱਧ ਦੇ ਦਿਨਾਂ ਨਾਲੋਂ ਅਮਨ ਸ਼ਾਂਤੀ ਦੇ ਦਿਨਾਂ ਵਿਚ ਕੰਮ ਵਧ ਜਾਂਦਾ

ਏ, ਉਸਾਰੀ ਤੇ ਮਜ਼ਬੂਤੀ ਲਈ ਹੋਰ ਵਧੇਰੇ ਘਾਲਣਾ ਘਾਲਣੀ ਪੈਂਦੀ ਏ। ਹਕੂਮਤ ਨਾਲ ਹੋਏ ਸਮਝੌਤੇ ਦੀ ਪਹਿਲੀ ਮੱਦ ਇਹ ਹੈ ਕਿ ਸਿੱਖਾਂ ਨੂੰ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਤੇ ਦਰਸ਼ਨ-ਦੀਦਾਰੇ ਦੀ ਖੁੱਲ੍ਹ ਹੋ ਗਈ ਏ। ਇਸ ਲਈ ਅਸੀਂ ਇਹ ਹੌਸਲਾ ਕਰ ਕੇ ਆਏ ਹਾਂ ਕਿ ਸਭ ਤੋਂ ਪਹਿਲਾਂ ਆਪਣੇ ਖੇਤਰ ਦੇ ਇਤਿਹਾਸਕ ਗੁਰ-ਅਸਥਾਨਾਂ ਦੀ ਸੇਵਾ-ਸੰਭਾਲ ਕਰਾਂਗੇ। ਜਿਥੇ ਜਿਥੇ ਗੁਰਦੁਆਰੇ ਨਹੀਂ ਬਣ ਸਕੇ, ਉਥੇ ਬਣਾਵਾਂਗੇ। ਜਿਥੇ ਕੱਖਾਂ ਕਾਨਿਆਂ ਜਾਂ ਘਾਹ ਫੂਸ ਦੇ ਝੌਂਪੜੇ ਹਨ, ਕੱਚੀ ਮਿੱਟੀ ਦੇ ਉਸਾਰੇ ਅਸਥਾਨ ਹਨ, ਉਨ੍ਹਾਂ ਨੂੰ ਪੱਕਿਆਂ ਕਰਨਾ ਹੈ। ਇਹ ਅਮਨ ਦਾ ਸਮਾਂ ਸਿੱਖੀ ਦੀਆਂ ਜੜ੍ਹਾਂ ਪਾਤਾਲ ਤਕ ਲਿਜਾਣ ਲਈ ਵਰਤਣਾ ਚਾਹੀਦਾ ਏ।"

"ਦੱਸੋ ਫਿਰ ਕਿਸ ਤਰ੍ਹਾਂ ਇਹ ਸੇਵਾ ਸ਼ੁਰੂ ਕਰੀਏ," ਜਥੇਦਾਰ ਕਰਮ ਸਿੰਘ ਨਾਲ ਸਹਿਮਤੀ ਪ੍ਰਗਟ ਕਰਦਿਆਂ ਇਕ ਜਥੇ ਦੇ ਮੁਖੀ ਨੇ ਪੁੱਛਿਆ।

"ਮੈਂ ਅੰਮ੍ਰਿਤਸਰ ਤੋਂ ਆਉਂਦਿਆਂ ਹੀ ਸ. ਵਡਭਾਗ ਸਿੰਘ ਤੇ ਫ਼ਤਹਿ ਸਿੰਘ ਨੂੰ ਇਹ ਕੰਮ ਸੌਂਪ ਦਿੱਤਾ ਹੈ ਕਿ ਸਾਰੇ ਦੁਆਬੇ ਵਿਚ ਗੁਰ-ਅਸਥਾਨਾਂ ਦੀ ਸੂਚੀ ਤਿਆਰ ਕਰਨ। ਸੁਲਤਾਨਪੁਰ ਲੋਧੀ ਤੋਂ ਲੈ ਕੇ ਜਲੰਧਰ, ਫਿਲੌਰ, ਫਗਵਾੜਾ, ਬੰਗਾ ਤੇ ਅਨੰਦਪੁਰ ਤਕ ਦੇ ਸਾਰੇ ਗੁਰ-ਅਸਥਾਨਾਂ ਦੀ ਸੂਚੀ ਤਿਆਰ ਕਰਨ। ਉਹ ਹੁਣੇ ਤੁਹਾਡੇ ਇਥੇ ਬੈਠਿਆਂ ਹੀ ਆਉਣ ਵਾਲੇ ਹੋਣਗੇ। ਮੈਂ ਚਾਹੁੰਦਾ ਹਾਂ ਕਿ ਅਸੀਂ ਸਾਰੇ ਜਥੇ ਇਕ ਇਕ ਗੁਰਦੁਆਰਾ ਸਾਹਿਬ ਦੀ ਸੇਵਾ ਆਪਣੇ ਜ਼ਿੰਮੇ ਲੈ ਲਈਏ। ਇਉਂ ਪਤਾ ਵੀ ਲੱਗ ਜਾਏਗਾ ਕਿ ਕਿਹੜੇ ਜਥੇ ਨੇ ਕਿਤਨੀ ਕੁ ਸੇਵਾ ਅੱਗੇ ਵਧਾਈ ਏ।"

"ਇਹ ਠੀਕ ਏ," ਪਲਾਹੀ ਦੇ ਜਥੇਦਾਰ ਸੁਚੇਤ ਸਿੰਘ ਨੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਪੇਸ਼ਕਸ਼ ਕੀਤੀ, "ਸਾਡੇ ਜਥੇ ਨੂੰ ਪਲਾਹੀ ਦੇ ਗੁਰਦੁਆਰੇ ਤੇ ਸੁਖਚੈਨਆਣਾ ਸਾਹਿਬ ਦੀ ਸੇਵਾ-ਸੰਭਾਲ ਸੌਂਪ ਦਿਉ, ਅਸੀਂ ਵੱਧ ਤੋਂ ਵੱਧ ਧਨ ਤੇ ਸਮੱਗਰੀ ਇਕੱਠੀ ਕਰ ਕੇ ਦੋ ਤਿੰਨ ਮਹੀਨਿਆਂ ਵਿਚ ਹੀ ਦੋਵੇਂ ਗੁਰ-ਅਸਥਾਨ ਸ਼ਾਨਦਾਰ ਉਸਾਰ ਦਿਆਂਗੇ। ਗੁਰੂ ਨੇ ਚਾਹਿਆ ਤੇ ਉਹਦੀ ਮਿਹਰ ਹੋ ਗਈ ਤਾਂ ਇਹ ਅਸਥਾਨ ਇਲਾਕੇ ਵਿਚ ਅਤਿ ਵਧੀਆ ਤੇ ਪ੍ਰਭਾਵਸ਼ਾਲੀ ਬਣ ਜਾਣਗੇ।"

"ਮਾਉ ਸਾਹਿਬ ਵਿਚ ਅਸੀਂ ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਉਸਾਰਨ ਦੀ ਸੇਵਾ ਲੈਂਦੇ ਹਾਂ, ਜਿਥੇ ਗੁਰੂ ਅਰਜਨ ਦੇਵ ਜੀ ਦਾ ਵਿਆਹ ਹੋਇਆ ਸੀ," ਜਥੇਦਾਰ ਬਿਸ਼ਨ ਸਿੰਘ ਨੇ ਆਪਣੇ ਜਥੇ ਵੱਲੋਂ ਮੰਗ ਕੀਤੀ। ਇਸੇ ਤਰ੍ਹਾਂ ਦੁਆਬੇ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਇਸ ਇਕੋ ਇਕੱਤਰਤਾ ਵਿਚ ਵੰਡਿਆ ਗਿਆ। ਸ. ਵਡਭਾਗ ਸਿੰਘ ਤੇ ਸ. ਫ਼ਤਹਿ ਸਿੰਘ ਦੋਵੇਂ ਦੁਆਬੇ ਦੇ ਗੁਰ-ਅਸਥਾਨਾਂ ਦੀ ਸੂਚੀ ਤਿਆਰ ਕਰ ਕੇ ਲੈ ਆਏ। ਉਨ੍ਹਾਂ ਨੇ ਸੁਣਾ ਦਿੱਤੀ ਤੇ ਉਸ ਅਨੁਸਾਰ ਸਭ ਜਥਿਆਂ ਨੇ ਸੇਵਾ ਲੈ ਲਈ।

"ਸ. ਵਡਭਾਗ ਸਿੰਘ ਜੀ, ਤੁਸੀਂ ਕਰਤਾਰਪੁਰ ਦੇ ਗੁਰ-ਅਸਥਾਨਾਂ ਦੀ ਸੰਭਾਲ ਕਰਨੀ ਏ। ਤੁਸੀਂ ਅੱਗੇ ਹੀ ਗੁਰਦੁਆਰਾ ਥੰਮ੍ਹ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਹੋ। ਨਗਰ ਵਿਚ ਹੋਰ ਵੀ ਕਈ ਇਤਿਹਾਸਕ ਅਸਥਾਨ ਹਨ, ਜਿਨ੍ਹਾਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਗੁਰੂ ਤੇਗ ਬਹਾਦਰ ਜੀ ਦਾ ਵਿਆਹ ਇਥੇ ਹੋਇਆ ਸੀ। ਉਸ ਅਸਥਾਨ 'ਤੇ ਯਾਦਗਾਰ ਬਣਾ ਦਿਉ, ਗੁਰੂ ਹਰਿਗੋਬਿੰਦ ਜੀ ਇਥੇ ਕੁਝ ਸਮਾਂ ਰਹੇ ਹਨ। ਅੱਗੇ ਅਸੀਂ ਆਪ ਭੱਜੇ ਫਿਰਦੇ ਸਾਂ ਤੇ ਇਨ੍ਹਾਂ ਅਸਥਾਨਾਂ ਨੂੰ ਸੰਭਾਲਣ ਵੱਲ ਧਿਆਨ ਨਹੀਂ ਸੀ ਦਿੱਤਾ, ਹੁਣ ਮੌਕਾ ਆ ਗਿਆ ਹੈ ਕਿ ਇਸ ਕਾਰਜ ਨੂੰ ਪਹਿਲ ਦੇਈਏ," ਜਥੇਦਾਰ ਕਰਮ ਸਿੰਘ ਨੇ ਆਦੇਸ਼ ਦਿੱਤਾ।

"ਫ਼ਤਹਿ ਸਿੰਘ ਤੁਸੀਂ ਸੁਲਤਾਨਪੁਰ ਚਲੇ ਜਾਉ ਤੇ ਨਗਰ ਵਿਚ ਜਿਤਨੇ ਵੀ ਅਸਥਾਨ

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹਨ, ਉਨ੍ਹਾਂ ਦੀ ਸੰਭਾਲ ਕਰੋ। ਇਕ ਖ਼ਿਆਲ ਰੱਖਿਆ ਜੇ, ਜੇਕਰ ਕੋਈ ਵਸਤ ਜਾਂ ਨਿਸ਼ਾਨੀ ਗੁਰੂ ਜੀ ਦੇ ਸਮੇਂ ਦੀ ਹੋਵੇ ਤਾਂ ਉਸ ਦੀ ਉਚੇਚੀ ਸੰਭਾਲ ਕਰਨੀ। ਮੋਦੀ-ਖਾਨੇ ਵਿਚ ਜਿਨ੍ਹਾਂ ਵੱਟਿਆਂ ਨਾਲ ਮੋਦੀ ਬਣ ਕੇ ਗੁਰੂ ਜੀ ਤੋਲਿਆ ਕਰਦੇ ਸਨ, ਉਨ੍ਹਾਂ ਦੀ ਸੰਭਾਲ ਕਰਨੀ," ਆਪਣੇ ਸਪੁੱਤਰ ਦੇ ਜ਼ਿੰਮੇ ਇਉਂ ਆਖ ਕੇ ਜਥੇਦਾਰ ਕਰਮ ਸਿੰਘ ਨੇ ਸੇਵਾ ਲਾਈ।

ਫਿਰ ਸਾਰਿਆਂ ਨੂੰ ਸਮਝਾਇਆ ਕਿ ਜਿਥੇ ਜਿਥੇ ਕੋਈ ਨਿਸ਼ਾਨੀ ਜਾਂ ਉਸ ਸਮੇਂ ਦੀ ਗੁਰੂ ਸਾਹਿਬਾਨ ਨਾਲ ਸੰਬੰਧਤ ਕੋਈ ਚੀਜ਼ ਹੈ, ਉਸ ਨੂੰ ਸਭ ਤੋਂ ਪਹਿਲਾਂ ਸੰਭਾਲੋ। ਉਹ ਇਤਿਹਾਸਕ ਵਸਤਾਂ ਆਉਂਦੀਆਂ ਨਸਲਾਂ ਲਈ ਉਤਸ਼ਾਹ ਤੇ ਪ੍ਰੇਮ-ਭਾਵ ਜਗਾਣ ਵਿਚ ਸਹਾਇਕ ਹੋਣਗੀਆਂ। ਸਾਰੇ ਜਥਿਆਂ ਨੂੰ ਕਿਸੇ ਨਾ ਕਿਸੇ ਗੁਰ-ਅਸਥਾਨ ਦੀ ਸੇਵਾ ਸੌਂਪਣ ਪਿੱਛੋਂ ਸਭ ਨੂੰ ਹਦਾਇਤ ਕੀਤੀ, "ਜੋ ਪ੍ਰੇਮ ਤੇ ਸ਼ਰਧਾ ਨਾਲ ਸੇਵਾ ਕਰਨ ਆਏ, ਉਹਨੂੰ ਸੇਵਾ 'ਤੇ ਜ਼ਰੂਰ ਲਾ ਲਉ। ਕਿਸੇ ਦੀ ਸ਼ਰਧਾ ਤੇ ਦਿਲੀ ਖ਼ਾਹਿਸ਼ ਨੂੰ ਠੇਸ ਨਹੀਂ ਪਹੁੰਚਾਣੀ ਚਾਹੀਦੀ, ਪਰ ਕਿਸੇ ਨੂੰ ਜ਼ਬਰਦਸਤੀ ਵਗਾਰ 'ਤੇ ਇਸ ਕੰਮ ਲਈ ਨਹੀਂ ਲਾਣਾ। ਗਰੀਬਾਂ ਤੇ ਆਰਥਕ ਤੌਰ 'ਤੇ ਮਾੜੇ ਲੋਕਾਂ ਦੀ ਕਮਜ਼ੋਰੀ ਦਾ ਅਯੋਗ ਲਾਭ ਨਹੀਂ ਉਠਾਣਾ। ਜੇਕਰ ਕਿਧਰੇ ਅਜਿਹੇ ਵਰਗ ਨੂੰ ਲਾਣਾ ਵੀ ਪਵੇ ਤਾਂ ਉਹਨੂੰ ਯੋਗ ਮਜ਼ਦੂਰੀ ਜ਼ਰੂਰ ਦੇਣੀ। ਕਿਸੇ ਨਾਲ ਧੱਕਾ ਕਰੋਗੇ, ਉਹ ਬਦ-ਅਸੀਸਾਂ ਦਏਗਾ। ਕਿਸੇ ਨਾਲ ਨਿਆਂ ਕਰੋਗੇ, ਗਰੀਬ ਦੀ ਮਦਦ ਕਰੋਗੇ ਤਾਂ ਉਹ ਅਸੀਸਾਂ ਦੇਵੇਗਾ।"

"ਜਿਹੜੇ ਧਨਵਾਨ ਤੇ ਧਨਾਢ ਹਨ, ਉਨ੍ਹਾਂ ਤੋਂ ਤਾਂ ਮਾਇਆ ਲਈ ਜਾ ਸਕਦੀ ਏ," ਇਕ ਸਿੰਘ ਨੇ ਸਪੱਸ਼ਟ ਕਰਨ ਲਈ ਪੁੱਛਿਆ।

"ਮੈਂ ਇਕੋ ਗੱਲ ਕਹਿੰਦਾ ਹਾਂ ਕਿ ਗੁਰਦੁਆਰਿਆਂ ਦੀ ਉਸਾਰੀ ਵਿਚ ਕਿਰਤ ਕਰਨ ਵਾਲੇ ਸਿੱਖਾਂ ਦਾ ਧਨ ਲੱਗਣਾ ਚਾਹੀਦਾ ਏ। ਕਿਰਤ ਕਮਾਈ ਦੀ ਦੌਲਤ ਵਿਚੋਂ ਸ਼ਰਧਾ ਨਾਲ ਦਿੱਤੀ ਰਕਮ ਦੀ ਖ਼ੁਸ਼ਬੂ ਹੀ ਕੁਝ ਹੋਰ ਹੈ," ਜਥੇਦਾਰ ਕਰਮ ਸਿੰਘ ਨੇ ਇਹ ਵੀ ਸਪੱਸ਼ਟ ਕੀਤਾ, "ਜਿਸ ਪਿੰਡ ਵਿਚ ਮੁਸਲਮਾਨ ਮੰਗ ਕਰਨ ਕਿ ਮਸਜਦ ਚਾਹੀਦੀ ਏ, ਉਹ ਆਪ ਨਹੀਂ ਬਣਾ ਸਕਦੇ ਤਾਂ ਉਨ੍ਹਾਂ ਦੀ ਮਦਦ ਵੀ ਕਰਨੀ। ਆਖ਼ਰ ਮਸਜਦ ਵੀ ਰੱਬ ਦਾ ਘਰ ਹੈ। ਇਸੇ ਤਰ੍ਹਾਂ ਮੰਦਰ ਵੀ ਬਣਾਣ ਵਿਚ ਕੋਈ ਮਦਦ ਮੰਗੇ ਤਾਂ ਫ਼ਰਕ ਨਾ ਕਰਨਾ। ਇਨਸਾਨੀਅਤ ਇਸੇ ਗੱਲ ਦੀ ਮੰਗ ਕਰਦੀ ਹੈ।"

ਫਿਰ ਜਥੇਦਾਰ ਕਰਮ ਸਿੰਘ ਨੇ ਮੁਖੀਆਂ ਨਾਲ ਸਲਾਹ ਕਰ ਕੇ ਹੋਰ ਚਾਰ ਜਥੇ ਬਣਾਏ, ਜਿਨ੍ਹਾਂ ਜ਼ਿੰਮੇ ਕੰਮ ਲਾ ਦਿੱਤਾ ਕਿ ਜਿਨ੍ਹਾਂ ਪਿੰਡਾਂ ਤੋਂ ਸਿਖ ਪਰਵਾਰ ਉੱਠ ਕੇ ਕਿਧਰੇ ਤੁਰ ਗਏ ਸਨ, ਉਨ੍ਹਾਂ ਨੂੰ ਮੁੜ ਕੇ ਆਪਣੇ ਪਿੰਡਾਂ ਵਿਚ ਲਿਆਉਣ ਲਈ ਪ੍ਰੇਰਿਆ ਜਾਏ। ਕਿੱਕਰ ਸਿੰਘ ਤੇ ਕਸ਼ਮੀਰਾ ਸਿੰਘ ਲਈ ਇਹ ਕੰਮ ਚੁਣਿਆ ਏ ਕਿ ਉਹ ਫ਼ੌਜਦਾਰ ਤੇ ਚੌਧਰੀਆਂ ਦੀਆਂ ਸਰਗਰਮੀਆਂ 'ਤੇ ਨਿਗਰਾਨੀ ਰੱਖਣ।

78

"ਇਕ ਸਾਲ ਪੂਰਾ ਬੀਤ ਗਿਆ ਏ, ਇਸ ਲਈ ਹੁਣ ਸਾਨੂੰ ਸਿੱਖਾਂ ਨਾਲ ਕੀਤੇ ਸਮਝੌਤੇ 'ਤੇ ਨਵੇਂ ਸਿਰਿਉਂ ਵਿਚਾਰ ਕਰਨੀ ਚਾਹੀਦੀ ਏ," ਜ਼ਕਰੀਆ ਖ਼ਾਨ ਨੇ ਆਪਣੇ ਨੇੜੇ ਦੇ ਭਰੋਸੇਯੋਗ ਸਾਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ, "ਜਿਸ ਮਕਸਦ ਲਈ ਸਿੱਖਾਂ ਨੂੰ

ਰਿਆਇਤਾਂ ਦਿੱਤੀਆਂ ਤੇ ਉਨ੍ਹਾਂ ਵਿਰੁੱਧ ਕਾਰਵਾਈ ਬੰਦ ਕੀਤੀ ਸੀ, ਉਸ ਦਾ ਕੋਈ ਚੰਗਾ ਨਤੀਜਾ ਵੀ ਨਿਕਲਿਆ ਹੈ ਕਿ ਨਹੀਂ ?"

"ਮੇਰੇ ਖ਼ਿਆਲ ਵਿਚ ਤਾਂ ਕੋਈ ਫ਼ਾਇਦਾ ਨਹੀਂ ਹੋਇਆ," ਦਿਲਾਵਰ ਖ਼ਾਂ ਨੇ ਆਪਣਾ ਪ੍ਰਭਾਵ ਪ੍ਰਗਟ ਕਰਦਿਆਂ ਆਖਿਆ, "ਨਾ ਤਾਂ ਸਿੱਖਾਂ 'ਚ ਫੁੱਟ ਪਈ ਏ ਤੇ ਨਾ ਹੀ ਉਨ੍ਹਾਂ ਨੇ ਭਰਾ ਮਾਰੂ ਨੀਤੀ 'ਤੇ ਚੱਲਣ ਦਾ ਯਤਨ ਕੀਤਾ ਏ। ਤੁਸੀਂ ਉਨ੍ਹਾਂ ਦੇ ਇਕ ਆਗੂ ਨੂੰ ਨਵਾਬੀ ਦੇ ਦਿੱਤੀ ਤੇ ਕੋਈ ਦੂਜਾ ਉਹਦੇ ਤੋਂ ਨਵਾਬੀ ਖੋਹਣ ਲਈ ਨਹੀਂ ਨਿਕਲਿਆ। ਸਗੋਂ ਹੁਣ ਤਾਂ ਉਹ ਸਾਰੀ ਕੌਮ ਦਾ ਵਾਹਿਦ ਆਗੂ ਬਣ ਗਿਆ ਏ। ਉਹਨੇ ਨਿੱਕੇ ਨਿੱਕੇ ਜਥਿਆਂ ਨੂੰ ਇਕੱਠੇ ਕਰ ਕੇ ਇਕ ਫ਼ੌਜੀ ਦਲ ਬਣਾਨਾ ਸ਼ੁਰੂ ਕਰ ਦਿੱਤਾ ਏ। ਰਾਜ ਸਾਡਾ ਹੋਵੇ ਤੇ ਫ਼ੌਜ ਉਹ ਵਧਾਈ ਜਾਵੇ, ਕਿਸੇ ਦਿਨ ਉਹ ਲਾਹੌਰ 'ਤੇ ਕਬਜ਼ਾ ਕਰ ਸਕਦਾ ਏ।"

"ਮੇਰੀ ਰਾਏ ਵਿਚ ਅਸੀਂ ਸਮਝੌਤਾ ਕਰ ਕੇ ਗ਼ਲਤੀ ਕੀਤੀ ਏ," ਇਕ ਹੋਰ ਜਰਨੈਲ ਨੇ ਬੜਾ ਦੁੱਖ ਪ੍ਰਗਟ ਕਰਦਿਆਂ ਰਾਏ ਦਿੱਤੀ, "ਸਮਝੌਤੇ ਪਿੱਛੋਂ ਸਿਖ ਤਾਂ ਸ਼ੇਰ ਹੋ ਗਏ ਨੇ ਤੇ ਸਾਡੇ ਵਫ਼ਾਦਾਰ ਚੌਧਰੀ ਤੇ ਕਿਲ੍ਹੇਦਾਰਾਂ ਦੇ ਹੌਂਸਲੇ ਟੁੱਟ ਗਏ ਹਨ। ਮੁਲਕ ਵਿਚ ਇਹ ਚਰਚਾ ਹੋ ਰਹੀ ਏ ਕਿ ਹਕੂਮਤ ਬਾਗ਼ੀਆਂ ਅੱਗੇ ਗੋਡੇ ਟੇਕ ਕੇ ਉਨ੍ਹਾਂ ਨੂੰ ਰਾਜ ਸੌਂਪਣ ਲੱਗੀ ਏ। ਕੀ ਪਤਾ ਜੇ, ਕਈ ਕਮਜ਼ੋਰ ਚੌਧਰੀ ਹੁਣ ਤੋਂ ਹੀ ਸਿੱਖਾਂ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਉਨ੍ਹਾਂ ਦੀ ਮਦਦ ਕਰਨ ਲੱਗ ਪਏ ਹਨ। ਜਿਨ੍ਹਾਂ ਸਾਡੇ ਆਖੇ ਸਿੱਖਾਂ ਨੂੰ ਰਗੜੇ ਲਾਏ, ਉਹ ਘਬਰਾਏ ਫਿਰਦੇ ਹਨ ਤੇ ਆਪਣੇ ਮੁਸਤਕਬਿਲ ਬਾਰੇ ਫ਼ਿਕਰਮੰਦ ਹਨ। ਇਸ ਲਈ ਸਿੱਖਾਂ ਨਾਲ ਸਮਝੌਤਾ ਛੇਤੀ ਖ਼ਤਮ ਕਰਨਾ ਚਾਹੀਦਾ ਏ।"

ਸਭ ਨੇ ਇਸੇ ਤਰ੍ਹਾਂ ਰਾਏ ਪ੍ਰਗਟ ਕੀਤੀ। ਇਕ ਤਾਂ ਉਨ੍ਹਾਂ ਤੋਂ ਸਿੱਖਾਂ ਦੀ ਚੜ੍ਹਦੀ ਕਲਾ ਬਰਦਾਸ਼ਤ ਨਹੀਂ ਸੀ ਹੁੰਦੀ ਤੇ ਦੂਜਾ ਸਿੱਖਾਂ ਵਿਰੁੱਧ ਮੁਹਿੰਮ ਚੱਲਦੀ ਰੱਖਣ ਵਿਚ ਉਨ੍ਹਾਂ ਦਾ ਲਾਭ ਸੀ। ਉਹ ਲਾਹੌਰ ਤੋਂ ਬਾਹਰ ਫ਼ੌਜ ਲੈ ਕੇ ਤੁਰੇ ਫਿਰਦੇ। ਆਪਣੇ ਹੱਥ ਰੰਗਦੇ, ਲੁੱਟ-ਮਾਰ ਕਰਦੇ ਤੇ ਅੱਯਾਸ਼ ਬਣ ਕੇ ਲੋਕਾਂ ਦੀ ਪੱਤ ਲੁੱਟਦੇ। ਇਸ ਸਮਝੌਤੇ ਨਾਲ ਉਨ੍ਹਾਂ ਦਾ ਧੰਦਾ ਬੰਦ ਹੋ ਗਿਆ। ਜ਼ਕਰੀਆ ਖ਼ਾਨ ਵੀ ਅਸਲ ਵਿਚ ਇਸੇ ਰਾਏ ਦਾ ਸੀ। ਇਸ ਲਈ ਫ਼ੈਸਲਾ ਹੋ ਗਿਆ ਕਿ ਪਿਛਲੇ ਸਾਲ ਸਿੱਖਾਂ ਨਾਲ ਕੀਤਾ ਸਮਝੌਤਾ ਖ਼ਤਮ ਕਰ ਦਿੱਤਾ ਜਾਏ ਤੇ ਸਿੱਖਾਂ ਨੂੰ ਦਿੱਤੀ ਜਾਗੀਰ 'ਤੇ ਹਕੂਮਤ ਕਬਜ਼ਾ ਕਰ ਲਵੇ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਿੱਖਾਂ ਦਾ ਦਾਖ਼ਲਾ ਬੰਦ ਕਰ ਦਿੱਤਾ ਜਾਏ ਤੇ ਉਥੇ ਕਿਸੇ ਤਕੜੇ ਜਰਨੈਲ ਨੂੰ ਫ਼ੌਜਦਾਰ ਬਣਾ ਦਿੱਤਾ ਜਾਏ। ਇਹ ਵੀ ਫ਼ੈਸਲਾ ਹੋ ਗਿਆ ਕਿ ਪਹਿਲਾਂ ਸਿੱਖਾਂ ਦੇ ਟਿਕਾਣਿਆਂ 'ਤੇ ਹਮਲਾ ਕੀਤਾ ਜਾਏ, ਪਿੱਛੋਂ ਪ੍ਰਚਾਰ ਕੀਤਾ ਜਾਏ ਕਿ ਸਿੱਖਾਂ ਨੇ ਸਮਝੌਤਾ ਤੋੜਿਆ ਹੈ, ਹਕੂਮਤ ਨੂੰ ਮਜਬੂਰ ਹੋ ਕੇ ਮੁੜ ਕਰੜੀ ਕਾਰਵਾਈ ਕਰਨੀ ਪਈ ਏ। ਇਕ ਇਕ ਜਰਨੈਲ ਤੇ ਫ਼ੌਜਦਾਰ ਨੂੰ ਅੱਡ ਅੱਡ ਬੁਲਾ ਕੇ ਜ਼ਕਰੀਆ ਖ਼ਾਨ ਨੇ ਹਦਾਇਤਾਂ ਦਿੱਤੀਆਂ ਤੇ ਤੁਰਤ ਆਪਣੇ ਟਿਕਾਣਿਆਂ 'ਤੇ ਜਾ ਕੇ ਜੁੰਮੇ ਦੀ ਨਿਮਾਜ਼ ਪਿੱਛੋਂ ਇਕੋ ਵੇਲੇ ਹਰ ਥਾਂ ਹਮਲਾ ਕਰਨ ਦੀ ਵਿਉਂਤ ਸਮਝਾ ਦਿੱਤੀ।

ਜਰਨੈਲਾਂ ਤੇ ਫ਼ੌਜਦਾਰਾਂ ਨੂੰ ਬਾਹਰ ਨਿਕਲਦਿਆਂ ਮੁੜ ਕੇ ਵਾਪਸ ਬੁਲਾ ਲਿਆ ਤੇ ਜ਼ਕਰੀਆ ਖ਼ਾਨ ਨੇ ਐਲਾਨ ਕੀਤਾ ਕਿ ਜਿਹੜਾ ਜਰਨੈਲ ਹਿੰਮਤ ਕਰ ਕੇ ਨਵਾਬੀ ਦੀ ਖਿੱਲਤ ਲੈਣ ਵਾਲੇ ਕਪੂਰ ਸਿੰਘ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਮੇਰੇ ਪੇਸ਼ ਕਰੇ, ਉਹਨੂੰ ਹਕੂਮਤ ਪੰਜਾਬ ਦੀ ਫ਼ੌਜ ਦਾ ਮੁਖੀ ਜਰਨੈਲ ਬਣਾ ਦੇਵੇਗੀ ਤੇ ਉਹਨੂੰ ਜਰਨੈਲਿ-ਆਜ਼ਮ ਦਾ ਰੁਤਬਾ ਮਿਲੇਗਾ।

ਭਾਵੇਂ ਇਹ ਇਕੱਤਰਤਾ ਤੇ ਇਹਦੇ ਫ਼ੈਸਲੇ ਖ਼ੁਫ਼ੀਆ ਰੱਖਣ ਦੀ ਹਦਾਇਤ ਹੋਈ ਸੀ, ਪਰ ਨਵਾਬ ਕਪੂਰ ਸਿੰਘ ਜੀ ਨੂੰ ਸਾਰੀ ਸੂਚਨਾ ਤੁਰਤ ਪਹੁੰਚ ਗਈ। ਉਨ੍ਹਾਂ ਦੀ ਸਫਲਤਾ ਦਾ ਵੱਡਾ ਰਾਜ਼ ਇਸੇ ਵਿਚ ਸੀ ਕਿ ਉਨ੍ਹਾਂ ਦਾ ਖ਼ੁਫ਼ੀਆ ਤੇ ਸੂਹੀਆ ਵਿਭਾਗ ਬੜਾ ਤਕੜਾ ਸੀ। ਮੁਸਲਮਾਨ

ਜਨਤਾ ਨਾਲ ਭਰਾਵਾਂ ਵਾਲੇ ਵਰਤਾਉ ਦੇ ਫਲਸਰੂਪ ਅਜਿਹੇ ਅਨੇਕਾਂ ਮੁਸਲਮਾਨ ਨੌਜਵਾਨ ਸਿੱਖਾਂ ਦੇ ਹਮਦਰਦ ਤੇ ਅਤਿ ਨਿਕਟਵਰਤੀ ਬਣ ਚੁੱਕੇ ਸਨ। ਇਹ ਸਿਖ ਸੰਘਰਸ਼ ਦੇ ਮੋਢੇ ਨਾਲ ਮੋਢਾ ਜੋੜ ਕੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਨਿੱਤਰ ਪੈਂਦੇ ਸਨ। ਮੁਗ਼ਲ ਰਾਜ ਦੇ ਕਈ ਜਰਨੈਲਾਂ ਤੇ ਫ਼ੌਜਦਾਰਾਂ ਦੇ ਪਰਵਾਰਾਂ ਵਿਚ ਵੀ ਸਿੱਖਾਂ ਦੇ ਹਮਦਰਦ ਸਨ ਤੇ ਇਉਂ ਹਰ ਫ਼ੈਸਲੇ ਦੀ ਖ਼ਬਰ ਸਿਖ ਆਗੂਆਂ ਤਕ ਪਹੁੰਚ ਜਾਂਦੀ ਸੀ।

ਨਵਾਬ ਕਪੂਰ ਸਿੰਘ ਨੇ ਤੁਰਤ ਅੰਮ੍ਰਿਤਸਰ ਦੇ ਆਲੇ ਦੁਆਲੇ ਦੇ ਸਿਖ ਜਥਿਆਂ ਨੂੰ ਨਗਰ ਤੇ ਗੁਰ-ਅਸਥਾਨਾਂ ਦੀ ਰਾਖੀ ਲਈ ਸਾਵਧਾਨ ਕਰ ਦਿੱਤਾ ਤੇ ਪੰਜਾਬ ਭਰ ਦੇ ਮੁਖੀ ਜਥੇਦਾਰਾਂ ਦੀ ਗੋਇੰਦਵਾਲ ਵਿਚ ਇਕੱਤਰਤਾ ਬੁਲਾ ਲਈ। ਘੋੜ ਸਵਾਰ ਹਰ ਪਾਸੇ ਭੇਜ ਦਿੱਤੇ ਤੇ ਸਭ ਨੂੰ ਸੂਚਿਤ ਕਰ ਦਿੱਤਾ ਕਿ ਹਕੂਮਤ ਪਿਛਲੇ ਸਾਲ ਕੀਤੇ ਸਮਝੌਤੇ ਤੋਂ ਪਿੱਛੇ ਹਟ ਗਈ ਏ ਤੇ ਮੁੜ ਕੇ ਸਿੱਖਾਂ 'ਤੇ ਹਮਲੇ ਸ਼ੁਰੂ ਹੋਣ ਲੱਗੇ ਹਨ। ਇਸ ਲਈ ਫ਼ੌਜੀ ਜਥੇਬੰਦੀ ਤੇ ਹਥਿਆਰ ਘੋੜੇ ਹਾਲਾਤ ਦੇ ਟਾਕਰੇ ਲਈ ਮੁੜ ਇਕੱਠੇ ਕਰ ਲਏ ਜਾਣ।

ਜਥੇਦਾਰ ਕਰਮ ਸਿੰਘ ਨੂੰ ਨਵਾਬ ਕਪੂਰ ਸਿੰਘ ਦਾ ਸੁਨੇਹਾ ਮਿਲਿਆ। ਉਨ੍ਹਾਂ ਤੁਰਤ ਵਡਭਾਗ ਸਿੰਘ ਤੇ ਫ਼ਤਹਿ ਸਿੰਘ ਨੂੰ ਸਾਰੀ ਸਥਿਤੀ ਸਮਝਾ ਦਿੱਤੀ ਤੇ ਆਪ ਕੁਝ ਕੁ ਸਵਾਰਾਂ ਸਮੇਤ ਗੋਇੰਦਵਾਲ ਲਈ ਚੱਲ ਪਏ।

ਗੋਇੰਦਵਾਲ ਵਿਚ ਜਥੇਦਾਰ ਕਰਮ ਸਿੰਘ ਦੇ ਪਹੁੰਚਣ ਤੋਂ ਪਹਿਲਾਂ ਹੀ ਮਾਝੇ ਦੇ ਬਹੁਤ ਸਾਰੇ ਜਥਿਆਂ ਦੇ ਮੁਖੀ ਪਹੁੰਚੇ ਹੋਏ ਸਨ। ਮਾਲਵੇ ਤੋਂ ਜਥੇਦਾਰ ਦੂਜੇ ਦਿਨ ਪਹੁੰਚੇ। ਇਸੇ ਤਰ੍ਹਾਂ ਸਿਆਲਕੋਟ ਵੱਲ ਦੇ ਮੁਖੀ ਵੀ ਦੇਰ ਨਾਲ ਪਹੁੰਚ ਸਕੇ। ਸਭ ਨੇ ਪਹਿਲਾਂ ਸਥਾਨਕ ਪ੍ਰਬੰਧ ਕੀਤੇ। ਇਕੱਤਰਤਾ ਵਿਚ ਪਹਿਲਾਂ ਜਾਇਜ਼ਾ ਲਿਆ ਗਿਆ ਕਿ ਕਿਹੜਾ ਕਿਹੜਾ ਚੌਧਰੀ ਹੁਣ ਤਕ ਸਿੱਖਾਂ ਨਾਲ ਮਿਲ ਕੇ ਰਹਿਣ ਲਈ ਤਿਆਰ ਹੋਇਆ ਸੀ ਤੇ ਕਿਸ ਕਿਸ ਦੇ ਮਨ ਤੋਂ ਪਹਿਲਾਂ ਵਾਲਾ ਵਿਰੋਧੀ ਜਜ਼ਬਾ ਨਹੀਂ ਮਿਟਿਆ। ਫਿਰ ਨਵਾਬ ਕਪੂਰ ਸਿੰਘ ਜੀ ਨੇ ਲਾਹੌਰ ਦਰਬਾਰ ਦੀ ਵਿਉਂਤ ਦੱਸ ਕੇ ਉਹਦੇ ਟਾਕਰੇ ਲਈ ਤਿਆਰੀ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਹਕੂਮਤ ਜ਼ਖ਼ਮੀ ਬਘਿਆੜ ਵਾਂਗ ਇਕ ਵਾਰ ਮੁੜ ਕੇ ਸਾਰੀ ਕੌਮ ਨੂੰ ਖ਼ਤਮ ਕਰਨ ਬਾਰੇ ਯਤਨ ਕਰੇਗੀ। ਪਹਿਲਾਂ ਨਾਲੋਂ ਵੱਧ ਸਖ਼ਤੀ ਹੋਵੇਗੀ, ਪਰ ਜੇਕਰ ਅਸੀਂ ਚੜ੍ਹਦੀ ਕਲਾ ਦੇ ਜਜ਼ਬੇ ਨਾਲ ਇਕ-ਮੁੱਠ ਹੋ ਕੇ ਡਟੇ ਰਹੇ ਤਾਂ ਜ਼ਰੂਰ ਕਾਮਯਾਬ ਹੋਵਾਂਗੇ। ਜੇ ਘਬਰਾ ਗਏ ਜਾਂ ਹਕੂਮਤ ਦੀਆਂ ਚਾਲਾਂ ਤੇ ਭੰਡੀ ਪ੍ਰਚਾਰ ਵਿਚ ਫਸ ਗਏ ਤਾਂ ਖੁਆਰ ਹੋਵਾਂਗੇ। ਇਸ ਲਈ ਜ਼ਿੰਦਗੀ ਮੌਤ ਦੀ ਲੜਾਈ ਮੁੜ ਸ਼ੁਰੂ ਹੋਣ ਲੱਗੀ ਹੈ। ਇਕ ਵਾਰ ਮੁੜ ਕੇ ਹਰ ਸਿਖ ਦੀ ਜ਼ਬਾਨ ਤੋਂ ਇਹੋ ਨਿਕਲਣਾ ਚਾਹੀਦਾ ਏ :

"ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।"

ਨਵਾਬ ਕਪੂਰ ਸਿੰਘ ਨੇ ਸਥਿਤੀ ਦੀ ਵਿਆਖਿਆ ਕਰਦਿਆਂ ਕਿਹਾ, "ਪਹਿਲਾਂ ਨਾਲੋਂ ਅਸੀਂ ਹੁਣ ਤਕੜੇ ਹਾਂ। ਇਹ ਮੈਂ ਤੁਹਾਡਾ ਦਿਲ ਰੱਖਣ ਲਈ ਨਹੀਂ ਕਹਿੰਦਾ, ਸਗੋਂ ਸੱਚੀ ਗੱਲ ਇਹ ਹੈ ਕਿ ਤੁਸੀਂ ਇਕ ਸਾਲ ਵਿਚ ਜਿਵੇਂ ਗੁਰ-ਅਸਥਾਨਾਂ ਦੀ ਸੇਵਾ-ਸੰਭਾਲ ਕਰ ਲਈ ਏ, ਉਹ ਤੁਹਾਡੇ ਲਈ ਅੱਗੋਂ ਬੇਹੱਦ ਲਾਹੇਵੰਦ ਹੋਵੇਗੀ। ਤੁਸੀਂ ਜਿਸ ਏਕਤਾ ਦਾ ਪ੍ਰਗਟਾਵਾ ਕੀਤਾ ਹੈ, ਉਹਦੇ ਤੋਂ ਹਕੂਮਤ ਘਬਰਾ ਗਈ ਏ। ਇਹੀ ਏਕਤਾ ਅੱਗੋਂ ਤੁਹਾਡੀ ਜਿੱਤ ਦਾ ਕਾਰਨ ਬਣੇਗੀ। ਇਸ ਤੋਂ ਵੱਡੀ ਗੱਲ ਏ ਕਿ ਤੁਸੀਂ ਬੀਤੇ ਸਾਲ ਵਿਚ ਜਿਵੇਂ ਲੋਕਾਂ ਨਾਲ ਸੰਪਰਕ ਬਣਾਇਆ ਏ, ਆਪਣੇ ਸਿੱਖੀ ਇਖ਼ਲਾਕ ਦਾ ਪ੍ਰਗਟਾਵਾ ਕੀਤਾ ਹੈ, ਉਸ ਨਾਲ ਲੋਕ-ਸ਼ਕਤੀ ਤੁਹਾਡੇ ਨਾਲ ਜੁੜੀ ਹੈ। ਇਹ ਅਗਲੇ ਸੰਘਰਸ਼ ਵਿਚ ਤੁਹਾਡੇ ਕੰਮ ਆਵੇਗੀ।"

ਇਕੱਤਰਤਾ ਚੱਲ ਹੀ ਰਹੀ ਸੀ ਕਿ ਦੋ ਘੋੜ ਸਵਾਰ ਸਿੰਘ ਆਏ। ਸਾਹੋ ਸਾਹੀ ਹੋਏ ਉਨ੍ਹਾਂ

ਘੋੜੇ ਬਾਹਰ ਖੜੇ ਕੀਤੇ ਤੇ ਇਕੱਤਰਤਾ ਵਿਚ ਆ ਕੇ ਦੱਸਿਆ ਕਿ ਅੰਮ੍ਰਿਤਸਰ 'ਤੇ ਲਾਹੌਰ ਦੀ ਫ਼ੌਜ ਦਾ ਹਮਲਾ ਹੋ ਗਿਆ ਏ। ਉਨ੍ਹਾਂ ਨਗਰ ਨੂੰ ਘੇਰ ਲਿਆ ਏ। ਰਾਖੀ ਕਰ ਰਹੇ ਸਿੰਘਾਂ ਨੇ ਨਗਰ ਅੰਦਰ ਵੜਨ ਵਾਲੇ ਸਾਰੇ ਰਾਹ ਤੇ ਦਰਵਾਜ਼ੇ ਬੰਦ ਕਰ ਦਿੱਤੇ ਹਨ ਤੇ ਸਾਨੂੰ ਭੇਜਿਆ ਏ ਕਿ ਤੁਹਾਨੂੰ ਖ਼ਬਰ ਕਰੀਏ, ਅਸੀਂ ਘੇਰਾ ਪੈਣ ਤੋਂ ਪਹਿਲਾਂ ਹੀ ਆਦੇਸ਼ ਅਨੁਸਾਰ ਨਿਕਲ ਆਏ ਹਾਂ।

ਇਕੱਤਰਤਾ ਦਾ ਮਾਹੌਲ ਇਕ ਦਮ ਬਦਲ ਗਿਆ। ਹਰ ਕਿਸੇ ਦੀ ਜ਼ਬਾਨ 'ਤੇ ਸੀ ਕਿ ਸਾਨੂੰ ਤੁਰਤ ਅੰਮ੍ਰਿਤਸਰ ਵੱਲ ਕੂਚ ਕਰ ਦੇਣਾ ਚਾਹੀਦਾ ਹੈ। ਅੰਦਰੋਂ ਸਿੰਘ ਮੁਕਾਬਲਾ ਕਰ ਰਹੇ ਹਨ ਤੇ ਸਾਨੂੰ ਬਾਹਰੋਂ ਦੁਸ਼ਮਣ ਨੂੰ ਘੇਰ ਲੈਣਾ ਚਾਹੀਦਾ ਏ। ਇਕ ਤਾਂ ਹਕੂਮਤ ਦੀਆਂ ਫ਼ੌਜਾਂ ਵਿਚ ਹਫੜਾ ਦਫੜੀ ਮਚੇਗੀ ਤੇ ਅੰਦਰ ਨਗਰ ਵਿਚੋਂ ਲੜ ਰਹੇ ਸਿੰਘਾਂ ਦੇ ਹੌਸਲੇ ਵਧ ਜਾਣਗੇ। ਹਜ਼ਾਰ ਕੁ ਸਿੰਘ ਗੋਇੰਦਵਾਲ ਵਿਚ ਹਥਿਆਰਬੰਦ ਸਨ। ਇਨ੍ਹਾਂ ਸਭ ਨੇ ਅੰਮ੍ਰਿਤਸਰ ਜਾਣ ਦਾ ਫ਼ੈਸਲਾ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕਰ ਲਿਆ। ਅਰਦਾਸਾ ਸੋਧਿਆ ਗਿਆ ਤੇ ਗੁਰਵਾਕ ਪਿੱਛੋਂ ਸਿੱਧੇ ਅੰਮ੍ਰਿਤਸਰ ਨੂੰ ਚੱਲ ਪਏ। ਸਭ ਜਥੇਦਾਰਾਂ ਨੇ ਇਕ ਇਕ ਸਿੰਘ ਆਪਣੇ ਖੇਤਰ ਵਿਚ ਸੂਚਨਾ ਦੇਣ ਲਈ ਭੇਜਿਆ। ਜਥੇਦਾਰ ਕਰਮ ਸਿੰਘ ਨੇ ਸ. ਵਡਭਾਗ ਸਿੰਘ ਤੇ ਫ਼ਤਹਿ ਸਿੰਘ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਦੁਆਬੇ ਵਿਚ ਪੂਰੀ ਤਰ੍ਹਾਂ ਸੁਚੇਤ ਰਹਿਣ। ਫ਼ੌਜਦਾਰ ਜਲੰਧਰ ਦੀਆਂ ਸਰਗਰਮੀਆਂ 'ਤੇ ਨਿਗਰਾਨੀ ਰੱਖਣ ਤੇ ਅਨੰਦਪੁਰ ਤਕ ਸਭ ਥਾਂ ਤਿਆਰੀ ਲਈ ਸੁਨੇਹੇ ਭੇਜ ਦੇਣ। ਸੰਘਰਸ਼ ਨਵੇਂ ਦੌਰ ਵਿਚ ਦਾਖ਼ਲ ਹੋ ਰਿਹਾ ਏ ਤੇ ਜਥਿਆਂ ਵਿਚ ਹੋਰ ਸੂਰਬੀਰ ਸ਼ਾਮਲ ਕਰਨ।

ਤਰਨ ਤਾਰਨ ਤੇ ਖਡੂਰ ਸਾਹਿਬ ਵਿਚ ਵੀ ਸਿਖ ਜਥੇ ਸਨ। ਉਨ੍ਹਾਂ ਨੂੰ ਵੀ ਨਾਲ ਲੈ ਲਿਆ। ਤਰਨ ਤਾਰਨ ਤੋਂ ਸੂਹੀਏ ਅਗਾਊਂ ਭੇਜ ਦਿੱਤੇ ਤਾਕਿ ਉਹ ਸਥਿਤੀ ਦੀ ਸਹੀ ਜਾਣਕਾਰੀ ਲਿਆ ਕੇ ਦੇਣ। ਨਵਾਬ ਕਪੂਰ ਸਿੰਘ ਜੀ ਨੇ ਫ਼ੈਸਲਾ ਕੀਤਾ ਕਿ ਹਕੂਮਤ ਦੀ ਫ਼ੌਜ 'ਤੇ ਇਹ ਹਮਲਾ ਦਿਨ ਡੁੱਬਦੇ ਸਾਰ ਕੀਤਾ ਜਾਏ ਤੇ ਅੰਮ੍ਰਿਤਸਰ ਸ਼ਹਿਰ ਤੋਂ ਦੋ ਮੀਲ ਪਰੇ ਹਟ ਕੇ ਚਾਰ-ਚੁਫੇਰੇ ਜਥੇ ਖਿਲਾਰ ਦਿੱਤੇ ਜਾਣ। ਜਥਿਆਂ ਵਿਚਕਾਰ ਵਿਥ ਇਤਨੀ ਕੁ ਰੱਖੀ ਜਾਏ ਕਿ ਜਦ ਜੈਕਾਰਾ ਗੂੰਜੇ ਤਾਂ ਚਾਰ-ਚੁਫੇਰੇ ਜੈਕਾਰੇ ਦੀ ਗੂੰਜ ਸੁਣਾਈ ਦੇਵੇ। ਮੁਗ਼ਲ ਫ਼ੌਜ ਘਬਰਾ ਜਾਏ ਤੇ ਉਹਨੂੰ ਇਹ ਵੀ ਪਤਾ ਨਾ ਲੱਗੇ ਕਿ ਸਿੰਘਾਂ ਦੀ ਗਿਣਤੀ ਕਿਤਨੀ ਕੁ ਹੈ।

ਇਸੇ ਤਰ੍ਹਾਂ ਹੋਇਆ। ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ। ਸ਼ਹਿਰ ਅੰਦਰ ਸਿੰਘਾਂ ਨੂੰ ਵੀ ਪਤਾ ਲੱਗ ਗਿਆ ਕਿ ਖ਼ਾਲਸਾ ਫ਼ੌਜ ਪਹੁੰਚ ਗਈ ਏ। ਉਨ੍ਹਾਂ ਦੇ ਹੌਸਲੇ ਵਧ ਗਏ। ਮੁਗ਼ਲ ਫ਼ੌਜ ਨੇ ਬਾਹਰਲੇ ਹਮਲੇ ਨੂੰ ਵਧੇਰੇ ਖ਼ਤਰਨਾਕ ਸਮਝ ਕੇ ਆਪਣੀਆਂ ਤੋਪਾਂ ਤੇ ਬੰਦੂਕਾਂ ਦੇ ਮੂੰਹ ਬਾਹਰਲੇ ਹਮਲੇ ਵੱਲ ਕਰ ਦਿੱਤੇ। ਇਸ ਪਿੱਛੋਂ ਫ਼ੌਜਾਂ ਦੀ ਵਿੱਥ ਘਟਦੀ ਗਈ ਤੇ ਹੱਥੋ ਹੱਥੀ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਆਪਣੇ ਜਥੇ ਦੀ ਅਗਵਾਈ ਕਰਦਿਆਂ ਜਥੇਦਾਰ ਕਰਮ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ। ਰਾਤ ਸਾਰੀ ਉਹ ਜ਼ਖ਼ਮੀ ਪਿਆ ਰਿਹਾ ਤੇ ਸਵੇਰੇ ਫਟ-ਬੰਨ੍ਹਾਂ ਦੇ ਪਹੁੰਚਣ ਤਕ ਉਹਦਾ ਭੌਰ ਸਰੀਰ ਛੱਡ ਕੇ ਉਡਾਰੀ ਮਾਰ ਗਿਆ। ਨਵਾਬ ਕਪੂਰ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਜਥੇਦਾਰ ਕਰਮ ਸਿੰਘ ਦੀ ਦੇਹ ਨੂੰ ਅਰਦਾਸ ਕਰ ਕੇ ਕਰਤਾਰਪੁਰ ਭੇਜਣ ਦਾ ਪ੍ਰਬੰਧ ਕਰ ਦਿੱਤਾ।

•

